# A COMPARATIVE STUDY OF THE PROSE OF BHAI VIR SINGH AND Prof. PURAN SINGH

# ਭਾਈ ਵੀਰ ਸਿੰਘ ਤੇ ਪ੍ਰੋ੦ ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਦਾ ਤੁਲਨਾਤਮਕ ਅਧਿਐਨ

**A THESIS**

SUBMITTED TO THE PANJAB UNIVERSITY, CHANDIGARH
FOR THE AWARD OF THE DEGREE OF

DOCTOR OF PHILOSOPHY

IN THE FACULTY OF LANGUAGES

**1991**

Submitted by

**Jaswinder Kaur**

# ਤ_ਤ_ਕ_ਰ_ਾ


**ਭੂਮਿਕਾ** — ਪੰਨਾ ਨੰ :

1. ਪੰਜਾਬੀ ਵਾਰਤਕ : ਜਨਮ ਤੇ ਵਿਕਾਸ — 1-10
2. ਮੁੱਢਲੀ ਪੰਜਾਬੀ ਵਾਰਤਕ — 11-17
3. ਪੰਜਾਬੀ ਵਾਰਤਕ ਰਚਨਾ ਵਿਚ ਭਾਈ ਵੀਰ ਸਿੰਘ ਦਾ ਸਥਾਨ — 19-24
4. ਪੰਜਾਬੀ ਵਾਰਤਕ ਰਚਨਾ ਵਿਚ ਪ੍ਰੋ. ਪੂਰਨ ਸਿੰਘ ਦਾ ਸਥਾਨ — 25-31
5. ਤੁਲਨਾਤਮਕ ਅਧਿਐਨ ਦੀਆਂ ਸੀਮਾਵਾਂ — 32-36

**ਅਧਿਆਇ ਪਹਿਲਾ :**

ਰਚਨਾਵਾਂ ਦੇ ਮੁੱਢਲੇ-ਸਰੋਤ

1. ਭਾਈ ਵੀਰ ਸਿੰਘ : ਸੰਖੇਪ ਜੀਵਨੀ — 37-42
2. ਪ੍ਰੋ. ਪੂਰਨ ਸਿੰਘ : ਸੰਖੇਪ ਜੀਵਨੀ — 43-49
3. ਪਿਛੋਕੜ — 50-62

ਦੋਹਾਂ ਦਾ ਪ੍ਰੇਰਨਾ ਸਰੋਤ : ਈਸਾਈ ਮਿਸ਼ਨਰੀ ਲਹਿਰ, ਕੂਕਾ ਲਹਿਰ, ਸਿੰਘ ਸਭਾ ਤੇ ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ, ਗਦਰ ਪਾਰਟੀ ਲਹਿਰ, ਆਰੀਆ ਸਮਾਜ ਲਹਿਰ ।

ਇਨ੍ਹਾਂ ਦਾ ਪ੍ਰਭਾਵ - ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਤੇ

**ਅਧਿਆਇ ਦੂਜਾ :**

ਪ੍ਰਵਿਰਤੀਗਤ ਅਧਿਐਨ

1. ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ । — 63-86
   (ੳ) ਅਧਿਆਤਮਵਾਦ (ਅ) ਰਹੱਸਵਾਦ (ੲ) ਰੋਮਾਂਸਵਾਦ — 86-100
   (ਸ) ਸਮਾਜਵਾਦ (ਹ) ਆਦਰਸ਼ਵਾਦ (ਕ) ਮਾਨਵਤਾਵਾਦ
2. ਸਮਾਨਤਾਵਾਂ ਤੇ ਵੱਖਰਤਾਵਾਂ — 101-119

## ਅਧਿਆਇ ਤੀਜਾ :

### ਵਿਸ਼ਾ - ਪੱਖ

ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀ ਕਾਵਿਤਕ ਦਾ ਵਿਸ਼ੇਸ਼ਗਤ ਅਧਿਐਨ


1. ਅਧਿਆਤਮਕ - ਪੱਖ 120 - 133
2. ਆਦਰਸ਼ਵਾਦੀ ਵਿਚਾਰ 133 - 142
3. ਮਾਨਵਤਾਵਾਦ 143 - 152
4. ਸਮਾਜ ਸੁਧਾਰ ਪੱਖ 152 - 159
5. ਮਹਾਂ ਪੁਰਖਾਂ ਦੀਆਂ ਜੀਵਨੀਆਂ 159 - 162


## ਅਧਿਆਇ ਚੌਥਾ :


### ਜੀਵਨ ਦਰਸ਼ਨ 163 - 208

1. ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਆਜ਼ਾਦ ਮਨੁੱਖ ਤੇ ਆਦਰਸ਼ ਮਨੁੱਖ ਦਾ ਸੰਕਲਪ ।
2. ਦੋਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਸ੍ਰਿਸ਼ਟੀ, ਪਰਮਾਤਮਾ ਤੇ ਜੀਵ ਦਾ ਸੰਕਲਪ ।
3. ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਆਤਮਾ - ਪਰਮਾਤਮਾ ਤੇ ਜੀਵ - ਜਗਤ ਦਾ ਸੰਕਲਪ ।
4. ਦੋਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਜੀਵਨ ਤੇ ਮੌਤ ਦਾ ਸੰਕਲਪ ।


## ਅਧਿਆਇ ਪੰਜਵਾਂ :

### ਭਾਸ਼ਾ - ਸ਼ੈਲੀ


1. ਭਾਈ ਵੀਰ ਸਿੰਘ ਦੀ ਭਾਸ਼ਾ ਅਤੇ ਸ਼ੈਲੀ 209 - 225
2. ਪ੍ਰੋ. ਪੂਰਨ ਸਿੰਘ ਦੀ ਭਾਸ਼ਾ ਅਤੇ ਸ਼ੈਲੀ 225 - 230

3. ਦੋਹਾਂ ਵਾਰਤਕਕਾਰਾਂ ਦੀ ਭਾਸ਼ਾ ਵਿਚ ਸ਼ਬਦ - ਪ੍ਰਯੋਗ : ਤਤਸਮ ਸ਼ਬਦ, ਤਦਭਵ ਸ਼ਬਦ, ਤੁਰਕੀ - ਫ਼ਾਰਸੀ ਸ਼ਬਦ, ਅੰਗਰੇਜ਼ੀ ਸ਼ਬਦ, ਹੋਰਨਾਂ ਭਾਸ਼ਾਵਾਂ ਦੇ ਸ਼ਬਦ । 230-246

4. ਦੋਹਾਂ ਵਾਰਤਕਕਾਰਾਂ ਦੀ ਵਾਕ ਰਚਨਾ 247-251

5. ਦੋਹਾਂ ਵਾਰਤਕਕਾਰਾਂ ਦੀ ਸ਼ੈਲੀ ਦਾ ਪਾਠਕ ਤੇ ਪ੍ਰਭਾਵ 251-256

**ਅਧਿਆਇ ਛੇਵਾਂ :**

**ਨਿਸ਼ਕਰਸ਼** 257-268

**ਪੁਸਤਕ ਸੂਚੀ** 269-277

## ਮੁਖਬੰਧ :-

ਕਾਫੀ ਸਮੇਂ ਤੋਂ ਮੈਂ ਇਹ ਅਨੁਭਵ ਕਰ ਰਹੀ ਸੀ ਕਿ ਕਵਿਤਾ ਦੇ ਮੁਕਾਬਲੇ ਪੰਜਾਬੀ ਵਾਰਤਕ ਤੇ ਖੋਜ ਕਾਰਜ ਬਹੁਤ ਘੱਟ ਹੋਇਆ ਹੈ । ਹੋ ਸਕਦਾ ਹੈ ਕਿ ਇਸਦਾ ਕਾਰਨ ਇਹ ਹੋਵੇ ਕਿ ਮੁੱਢਲੀ ਵਾਰਤਕ ਵਧੇਰੇ ਕਰਕੇ ਧਾਰਮਿਕ ਹੈ ਤੇ ਖੋਜ ਦੇ ਵਿਦਿਆਰਥੀ ਦੀ ਰੁਚੀ ਇਸ ਪਾਸੇ ਉਲਾਰ ਨਹੀਂ ਹੈ । ਪਰ ਜਿਹਨਾਂ ਲੇਖਕਾਂ ਦੀਆਂ ਵਾਰਤਕ ਰਚਨਾਵਾਂ ਨਾਲ ਆਧੁਨਿਕ ਵਾਰਤਕ ਦਾ ਜਨਮ ਵੀ ਸਵੀਕਾਰ ਕੀਤਾ ਜਾਂਦਾ ਹੈ, ਖੋਜ ਕਾਰਜ ਦੁਆਰਾ ਉਹਨਾਂ ਦਾ ਮੁਲਾਂਕਣ ਕਰਨ ਦਾ ਯਤਨ ਅਵਸ਼ ਹੋਣਾ ਚਾਹੀਦਾ ਹੈ । ਇਹ ਸੋਚ ਕੇ ਮੈਂ ਆਪਣੇ ਖੋਜ ਕਾਰਜ ਲਈ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਦਾ ਖੋਜ ਕਾਰਜ ਦੁਆਰਾ ਮੁਲੰਕਣ ਕਰਨ ਦਾ ਸੰਕਲਪ ਧਾਰਿਆ । ਵੈਸੇ ਵੀ ਇਹ ਵਿਚਾਰ ਮੇਰੇ ਵਿਦਿਆਰਥੀ ਜੀਵਨ ਨੂੰ ਕਿਸੇ ਨਾ ਕਿਸੇ ਰੂਪ ਵਿਚ ਟੁੰਬਦਾ ਰਿਹਾ ਹੈ । ਐਮ. ਏ. ਦੀ ਪੜ੍ਹਾਈ ਪੂਰੀ ਕਰਨ ਉਪਰੰਤ ਇਸ ਸੰਕਲਪ ਨੂੰ ਲੈ ਕੇ ਜਦੋਂ ਮੈਂ ਭਾਈ ਵੀਰ ਸਿੰਘ ਚੇਅਰ ਦੇ ਚੇਅਰਮੈਨ ਡਾ. ਨਰੇਸ਼ ਨੂੰ ਮਿਲੀ ਤਾਂ ਉਨ੍ਹਾਂ ਨੇ ਮੇਰੇ ਵਿਚਾਰਾਂ ਨੂੰ ਸਲਾਹਿਆ । ਉਹ ਮੇਰੇ ਇਸ ਵਿਚਾਰ ਨਾਲ ਸਹਿਮਤ ਹੋਏ ਕਿ ਪੰਜਾਬੀ ਕਵਿਤਾ, ਨਾਵਲ, ਕਹਾਣੀ ਤੇ ਨਾਟਕ ਦੇ ਬਣ ਚੁੱਕੇ ਮਿਆਰ ਤੋਂ ਪੰਜਾਬੀ ਵਾਰਤਕ ਸਾਹਿਤ ਬਹੁਤ ਪਿੱਛੇ ਰਹਿ ਚੁੱਕਾ ਹੈ । ਜਿਸ ਕਰਕੇ ਮੈਂ ਆਪਣੇ ਖੋਜ ਕਾਰਜ ਲਈ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਵਾਰਤਕ ਸਾਹਿਤ ਨੂੰ ਚੁਣਿਆ । ਇਸ ਤਰ੍ਹਾਂ ਡਾ. ਨਰੇਸ਼ ਨੇ ਵੀ ਮੇਰੇ ਇਸ ਖੋਜ ਕਾਰਜ ਦੇ ਵਿਸ਼ੇ ਨੂੰ ਯੋਗ ਸਮਝਿਆ ਅਤੇ ਜਿਨ੍ਹਾਂ ਨੇ ਮੇਰੇ ਮਨਭਾਉਂਦੇ ਵਿਸ਼ੇ ਤੇ ਖੋਜ ਕਾਰਜ ਕਰਨ ਦੀ ਪ੍ਰਵਾਨਗੀ ਦਿੱਤੀ ।

ਮੈਂ ਆਪਣੇ ਨਿਗਰਾਨ ਭਾਈ ਵੀਰ ਸਿੰਘ ਚੇਅਰ ਦੇ ਚੇਅਰਮੈਨ ਡਾ. ਨਰੇਸ਼ ਦੀ ਅਤੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਆਪਣੇ ਖੋਜ ਕਾਰਜ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕਰੀ ਰੱਖਿਆ, ਜਿਨ੍ਹਾਂ ਤੋਂ ਹਰ ਸਮੇਂ ਵਿਸ਼ੇ ਨਾਲ ਸੰਬੰਧਿਤ ਅਨੇਕ ਪੁਸਤਕਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਰਹੀ ਹੈ । ਇਸ ਖੋਜ ਪ੍ਰਬੰਧ ਨੂੰ ਲਿਖਣ ਸਮੇਂ ਉਨ੍ਹਾਂ ਨੇ ਆਪਣੇ ਸਮੇਂ ਦਾ ਖਿਆਲ ਨਾ ਕਰਦਿਆਂ ਹੋਇਆਂ ਮੇਰੀ ਯੋਗ ਅਗਵਾਈ ਕੀਤੀ ਹੈ । ਇਹ ਖੋਜ ਪ੍ਰਬੰਧ ਜੋ ਵਰਤਮਾਨ ਰੂਪ ਵਿਚ ਪੇਸ਼ ਹੈ, ਉਨ੍ਹਾਂ ਦੀ ਯੋਗ ਅਗਵਾਈ ਦਾ ਹੀ ਸਿੱਟਾ ਹੈ ।

ਇਸ ਖੋਜ ਪ੍ਰਬੰਧ ਨੂੰ ਪੂਰਣ ਰੂਪ ਵਿਚ ਪੇਸ਼ ਕਰਨ ਵਿਚ ਆਪਣੇ ਪਿਤਾ ਸ੍ਰੀ.ਨਰਿੰਜਨ ਸਿੰਘ ਤੋਂ ਮਿਲੀ ਸਮੇਂ ਦੀ ਛੁੱਟੀ ਤੇ ਆਰਥਿਕ ਸਹਾਇਤਾ ਦੇ ਲਈ ਵੀ ਧੰਨਵਾਦੀ ਹਾਂ ।

ਮੈਂ ਆਪਣੀਆਂ ਸਹੇਲੀਆਂ ਮਿਸ ਨਮਿਤਾ ਕਾਲੜਾ ਅਤੇ ਹਰਵਿੰਦਰ ਤੋਂ ਮਿਲੇ ਸਨੇਹਮਈ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ ।

ਮੈਂ ਉਨ੍ਹਾਂ ਸਾਰੇ ਵਿਦਵਾਨਾਂ ਦਾ ਧੰਨਵਾਦ ਕਰਨਾ ਵੀ ਆਪਣਾ ਫਰਜ਼ ਸਮਝਦੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਤੋਂ ਖੋਜ ਕਾਰਜ ਦੀ ਸੰਪੂਰਨਤਾ ਲਈ ਲਾਭ ਉਠਾਇਆ ਹੈ ।

***** ਜਸਵਿੰਦਰ ਕੌਰ

## ਭੂਮਿਕਾ

1. ਪੰਜਾਬੀ ਵਾਰਤਕ : ਜਨਮ ਤੇ ਵਿਕਾਸ
2. ਮੁੱਢਲੀ ਪੰਜਾਬੀ ਵਾਰਤਕ
3. ਪੰਜਾਬੀ ਵਾਰਤਕ ਰਚਨਾ ਵਿਚ ਭਾਈ ਵੀਰ ਸਿੰਘ ਦਾ ਸਥਾਨ
4. ਪੰਜਾਬੀ ਵਾਰਤਕ ਰਚਨਾ ਵਿਚ ਪ੍ਰੋ. ਪੂਰਨ ਸਿੰਘ ਦਾ ਸਥਾਨ
5. ਤੁਲਨਾਤਮਕ ਅਧਿਐਨ ਦੀਆਂ ਸਮੱਸਿਆਵਾਂ

# ਭੂਮਿਕਾ

## ਪੰਜਾਬੀ ਵਾਰਤਕ : ਜਨਮ ਤੇ ਵਿਕਾਸ

ਕਵਿਤਾ ਤੇ ਵਾਰਤਕ ਸਾਹਿਤ ਦੇ ਦੋ ਪ੍ਰਮੁੱਖ ਰੂਪ ਹਨ । ਵਾਰਤਕ ਦਿਮਾਗ ਦੀ ਕਾਢ ਹੈ ਜਦੋਂ ਕਿ ਕਵਿਤਾ ਦਿਲ ਦੀ ਅਵਾਜ਼ । ਜਦੋਂ ਆਦਮੀ ਭਾਵੁਕ ਹੁੰਦਾ ਹੈ ਉਦੋਂ ਕਵਿਤਾ ਦੀ ਰਚਨਾ ਹੁੰਦੀ ਹੈ, ਜਦੋਂ ਬੌਧਿਕ ਉਦੋਂ ਵਾਰਤਕ ਦੀ । ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਭਾਵੁਕ ਵਿਅਕਤੀ ਚੰਗੀ ਕਵਿਤਾ ਤੇ ਬੌਧਿਕ ਵਿਅਕਤੀ ਵਧੀਆ ਵਾਰਤਕ ਦੀ ਰਚਨਾ ਕਰ ਸਕਦਾ ਹੈ । ਡਾ. ਨਰੇਸ਼ ਦੇ ਅਨੁਸਾਰ, " ਗੱਦ ਦਿਲ ਦੀ ਥਾਵੇਂ ਦਿਮਾਗ ਤੋਂ ਉਪਜਦਾ ਹੈ । ਗੱਦ ਵਿਚ ਕਿਉਂਕਿ ਜਜ਼ਬੇ ਦੀ ਘਾਟ ਅਤੇ ਬੌਧਿਕਤਾ ਦੀ ਬਹੁਤਾਤ ਹੁੰਦੀ ਹੈ, ਇਸ ਲਈ ਗੱਦ ਵਿਚ ਸ਼ਬਦਾਂ ਦਾ ਸਹਿਜ ਪ੍ਰਵਾਹ ਨਹੀਂ ਹੁੰਦਾ । ਸਗੋਂ ਸ਼ਬਦਾਂ ਦੀ ਸੋਚੀ ਸਮਝੀ ਯੋਜਨਾ ਹੁੰਦੀ ਹੈ ।"[1]

ਭਾਰਤੀ ਪਰੰਪਰਾ ਅਨੁਸਾਰ ਵਾਰਤਕ ਸੰਸਕ੍ਰਿਤ ਦੇ ' ਵ੍ਰਿਤਿ ' ਧਾਤੂ ਤੋਂ ਬਣਿਆ ਸ਼ਬਦ ਹੈ । ਜਿਸ ਦੇ ਅਰਥ ਟੀਕਾ ਦੇ ਹਨ । ਇਸ ਨੂੰ ' ਗਦਯ - ਕਾਵਯ ' ਵੀ ਕਿਹਾ ਗਿਆ ਹੈ ।[2]

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ ਮਨੁੱਖ ਦੇ ਉਨ੍ਹਾਂ ਸਾਰੇ ਤੇ ਸਿੱਧੇ ਕਥਨਾਂ ਨੂੰ ਪਰੋਜ਼ ਕਿਹਾ ਗਿਆ ਹੈ, ਜਿਨ੍ਹਾਂ ਨੂੰ ਸਿਰਜਣ ਤੇ ਅੰਕਿਤ ਕਰਨ ਲਈ ਕਵਿਤਾ ਦੇ ਨਿਯਮਾਂ ਦੀ ਲੋੜ ਨਾ ਪਵੇ । ਇਸ ਤਰ੍ਹਾਂ ਉਸ ਦੇ ਅਨੁਸਾਰ ਵਾਰਤਕ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਹੋਵੇਗੀ, " ਵਾਰਤਕ ਸਾਹਿਤਕ ਪ੍ਰਗਟਾਅ ਦੇ ਉਨ੍ਹਾਂ ਸਭ ਰੂਪਾਂ ਨੂੰ ਕਹਾਂਗੇ ਜਿਹੜੇ ਛੰਦਾ - ਬੰਦੀ ਦੀ ਕੈਦ ਵਿਚ ਨਾ ਆਉਣ ਤੇ ਸਿੱਧੇ ਕਥਨ ਹੋਣ ਅਰਥਾਤ ਉਹ ਲੈਅਦਾਰ ਜਿਹੜੀ ਵਜ਼ਨ ਜਾਂ ਤੋਲ ਦੇ ਆਧਾਰ ਤੇ ਸੌਖੀ ਅਤੇ ਸਾਫ਼ ਹੋਵੇ ।"[3]

---

1. ਡਾ. ਨਰੇਸ਼: ਗਲਪ ਦਾ ਰਚਨਾ ਵਿਧਾਨ; ਪੰਨਾ 38
2. ਡਾ. ਜੀਤ ਸਿੰਘ ਸੀਤਲ; ਵਾਰਤਕ ਤੇ ਵਾਰਤਕ ਸ਼ੈਲੀ; ਪੰਨਾ 1
3. ਐਨਸਾਈਕਲੋਪੀਡੀਆ ਬ੍ਰਿਟੈਨਿਕਾ; ਪੰਨਾ 591; ਭਾਗ 18

ਹਰਬਰਟ ਰੀਡ ਨੇ ਆਪਣੀ ਪੁਸਤਕ ਅੰਗਰੇਜ਼ੀ ਵਾਰਤਕ ਸ਼ੈਲੀ ' ਇੰਗਲਿਸ਼ ਪਰੋਜ਼ ਸਟਾਈਲ ) ਦੀ ਭੂਮਿਕਾ ਵਿਚ ਵਾਰਤਕ ਤੇ ਕਾਵਿ ਦੇ ਭੇਦ ਨੂੰ ਸਪਸ਼ਟ ਕਰਦਿਆਂ ਆਖਿਆ ਹੈ :

> " ਕਾਵਿ ਇਕ ਅਜਿਹੀ ਅਭਿਵਿਅੰਜਨਾ ਹੈ ਜਿਸ ਵਿਚ ਤੋਲ ਦਾ ਠੀਕ ਨਿਭਾਉਣਾ ਜ਼ਰੂਰੀ ਹੈ, ਜਦੋਂ ਕਿ ਵਾਰਤਕ ਵਿਚ ਇਸ ਤਰ੍ਹਾਂ ਦੇ ਕਿਸੇ ਵੀ ਬੰਧਨ ਦੀ ਲੋੜ ਨਹੀਂ ਪੈਂਦੀ । ਵਾਰਤਕ ਤਾਂ ਸਿੱਧੇ ਸਾਦੇ ਬੋਲਾਂ ਨੂੰ ਸਿੱਧੇ ਸਾਦੇ ਢੰਗ ਨਾਲ ਕਹਿਣਾ ਹੈ । ਇਕ ਭੇਦ ਇਨ੍ਹਾਂ ਵਿਚ ਹੋਰ ਵੀ ਹੈ ਕਿ ਕਾਵਿ ਇਕ ਕ੍ਰਿਆਤਮਕ ਅਭਿਵਿਅੰਜਨਾ ਹੈ ਤੇ ਵਾਰਤਕ ਸਿਰਜਨਾਤਮਕ ।"[1]

ਕਵਿਤਾ ਤੇ ਵਾਰਤਕ ਦੇ ਅੰਤਰ ਨੂੰ ਗਿਣਤੀ ਮਿਣਤੀ ਦੇ ਫਰਕ ਨਾਲੋਂ ਇਕ ਗੁਣਾਤਮਕ ਅੰਤਰ ਆਖਣਾ ਵਧੇਰੇ ਯੋਗ ਹੈ ।

ਦੁਨੀਆਂ ਦੀਆਂ ਸਾਰੀਆਂ ਬੋਲੀਆਂ ਦੇ ਇਤਿਹਾਸ ਵਿਚ ਵਾਰਤਕ ਨੇ ਕਵਿਤਾ ਦੇ ਪਿਛੋਂ ਜਨਮ ਲਿਆ । ਇਸ ਦਾ ਕਾਰਨ ਇਹ ਹੈ ਕਿ ਗੱਦ ਅਥਵਾ ਵਾਰਤਕ ਸਭਿਅਤਾ ਦੀ ਉਪਜ ਹੈ, ਪਦ ਅਥਵਾ ਕਵਿਤਾ ਮਨੁੱਖ ਦੀ ਸਹਿਜ ਸੁਭਾਵਿਕ ਅਭਿਵਿਅਕਤੀ ਹੈ । ਇਹੋ ਕਾਰਨ ਹੈ ਕਿ ਗੱਦ ਵਿਚ ਸਿੱਧੀਆਂ - ਸਾਦੀਆਂ ਗੱਲਾਂ ਹੋਣ ਕਰਕੇ ਬਹੁਤੇ ਅਲੰਕਾਰ ਨਹੀਂ ਵਰਤੇ ਜਾਂਦੇ ਤੇ ਕਵਿਤਾ ਵਿਚ ਕਈ ਵੇਰ ਅਤਿ - ਉਕਤੀਆਂ ਕਰਕੇ ਉਹੋ ਵਰਨਨ ਅਜਿਹਾ ਬਣਾ ਦਿੱਤਾ ਜਾਂਦਾ ਹੈ ਜੋ ਯਥਾਰਥ ਵਿਚ ਕਲਪਨਾਂ ਦਾ ਮਿਸ਼ਰਣ ਕਰ ਦਿੰਦਾ ਹੈ ।

ਸ਼ਾਇਦ ਇਸੇ ਲਈ ਲੋਕ - ਕਾਵਿ ਕਵਿਤਾ ਵਿਚ ਹੁੰਦਾ ਹੈ ਜਿਸ ਦੀ ਰਚਨਾ ਸਧਾਰਨ ਮਨੁੱਖ ਕਰਦਾ ਹੈ । ਵਾਰਤਕ ਦੇ ਕਵਿਤਾ ਨਾਲੋਂ ਪਿਛੋਂ ਜਨਮ ਲੈਣ ਦਾ ਇਕ ਕਾਰਨ ਇਹ ਹੈ ਕਿ ਇਸ ਵਿਚਲੇ ਵਿਚਾਰਾਂ ਨੂੰ ਭਾਵੇਂ ਕਹਿਣਾ ਤਾਂ ਸਿੱਧੇ ਸਾਦੇ ਢੰਗ ਨਾਲ ਹੀ ਹੁੰਦਾ ਹੈ, ਪਰ ਉਨ੍ਹਾਂ ਵਿਚਾਰਾਂ ਨੂੰ ਦਲੀਲ ਦੀ ਕਸਵੱਟੀ ਤੇ ਪਰਖਣਾ ਪੈਂਦਾ ਹੈ ਜੋ ਕਿ ਸਧਾਰਣ ਮਨੁੱਖ ਲਈ ਸੌਖਾ ਨਹੀਂ ਹੁੰਦਾ । ਕਵਿਤਾ ਸੁਭਾਵਿਕ ਹੋਣ ਕਰਕੇ ਤੇ ਮਨੁੱਖ ਦੀਆਂ ਅੰਤਰੀਵ ਭਾਵਨਾਵਾਂ ਨਾਲ ਜੁੜੀ ਹੋਣ ਕਰਕੇ ਵਾਰਤਕ ਨਾਲੋਂ ਪਹਿਲਾਂ ਹੋਂਦ ਵਿਚ ਆਈ । ਇਹੋ ਸਥਿਤੀ ਪੰਜਾਬੀ ਵਾਰਤਕ ਦੀ ਹੈ । ਇਸ ਬਾਰੇ ਡਾ. ਮੋਹਨ ਸਿੰਘ ਲਿਖਦੇ ਹਨ ਕਿ ਸਾਡੇ ਕੋਲ ਮੱਧ ਕਾਲ ਦੀ ਕੋਈ ਬਹੁਤੀ ਵਾਰਤਕ ਭੀ ਲੱਭੀ ਹੈ ਪਰ ਇਸ ਤੋਂ ਪਹਿਲਾਂ ਵੀ ਇਹ ਜ਼ਰੂਰ ਕਿਸੇ ਨਾ ਕਿਸੇ ਰੂਪ ਵਿਚ ਲਿਖੀ

---

"Prose is a mode of expression which is strictly related to a regular measure of metre. Prose as a mode of expression which avoids regularity of metre and seeks the utmost varity of rythm ".

1. H.Read: English Prose Style: P-IX

ਜਾਂਦੀ ਰਹੀ ਹੋਵੇਗੀ । ਆਪ ਲਿਖਦੇ ਹਨ :

> "ਟੁੱਟ - ਖੁੱਟ ਵਾਲੀ ਥੋੜੀ ਬਹੁਤੀ ਵਾਰਤਕ ਹੀ ਸਾਡੇ ਹੱਥ ਲੱਗੀ ਹੈ । ਪਰੰਤੂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਇਹ ਜ਼ਰੂਰ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ ਅਤੇ ਪਰਸ਼ੀਅਨ ਦੇ ਰੂਪ ਵਿਚ ਪਹਿਲਾਂ ਵੀ ਲਿਖੀ ਜਾਂਦੀ ਰਹੀ ਹੈ ।" [1]

ਵਾਰਤਕ ਦੇ ਕਵਿਤਾ ਨਾਲੋਂ ਘੱਟ ਉੰਨਤ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਪੁਰਾਤਨ ਮਨੁੱਖ ਕੋਲ ਜੇ ਕੋਈ ਮਨੋਰੰਜਨ ਦਾ ਸਾਧਨ ਹੈ ਵੀ ਸੀ ਤਾਂ ਉਹ ਕਵਿਤਾ ਹੀ ਸੀ । ਇਸ ਤਰ੍ਹਾਂ ਸਮੇਂ ਦੀ ਮੰਗ ਵੀ ਇਹੋ ਸੀ ਕਿ ਲੋਕਾਂ ਦੇ ਦਿਲ ਪਰਚਾਵੇ ਲਈ ਕਵਿਤਾ ਦੀ ਰਚਨਾ ਕੀਤੀ ਜਾਵੇ । ਜਿਸ ਨਾਲ ਮਨੁੱਖ ਇੱਕਠੇ ਹੋ ਕੇ ਆਪਣਾ ਦਿਲਪਰਚਾਵਾ ਕਰਦੇ ਸਨ । ਪਹਿਲਾਂ ਪਹਿਲ ਕਵਿਤਾ ਧਾਰਮਿਕ ਗਾਥਾ - ਕਾਵਿ, ਬੀਰ ਰਸੀ ਕਾਵਿ ਅਤੇ ਲੋਕ - ਕਾਵਿ ਦੇ ਰੂਪ ਵਿਚ ਰੂਪਮਾਨ ਹੋਈ । ਜਿਸ ਬਾਰੇ ਡਾ. ਜੀਤ ਸਿੰਘ ਸੀਤਲ ਲਿਖਦੇ ਹਨ :

> "ਵਾਰਤਕ ਦੇ ਘੱਟ ਉੰਨਤ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਪੁਰਾਤਨ ਮਨੁੱਖ ਅੰਧ - ਵਿਸ਼ਵਾਸੀ ਜਿਆਦਾ ਸੀ । ਉਹ ਦੇਵੀ ਦੇਵਤਿਆਂ ਵਿਚ ਅੰਧਾ - ਧੁੰਦ ਵਿਸ਼ਵਾਸ ਰਖਦਾ ਸੀ । ਇਕ ਕਾਰਨ ਹੋਰ, ਪੁਰਾਤਨ ਸਮੇਂ ਵਿਚ ਮਨੁੱਖ ਲਈ ਮਨੋਰੰਜਨ ਜਾਂ ਦਿਲਪਰਚਾਵੇ ਦਾ ਕੋਈ ਸਾਧਨ ਸੀ ਤੇ ਉਹ ਕਵਿਤਾ ਹੀ ਸੀ, ਜਿਸ ਨੂੰ ਉਹ ਆਮਤੌਰ ਤੇ ਜਲਸਿਆਂ ਅਖਾੜੇ ਜਾਂ ਧਾਰਮਿਕ ਇੱਕਠਾਂ ਵਿਚ ਸਮੂਹਿਕ ਤੌਰ ਤੇ ਗਾ ਲੈਂਦੇ ਸਨ । ਉਂਜ ਵੀ ਪੁਰਾਤਨ ਮਨੁੱਖ ਭਾਵੁਕ ਵਧੇਰੇ ਸੀ ਤੇ ਬੌਧਿਕ ਘੱਟ । ਇਸ ਲਈ ਉਹ ਜਿਆਦਾ ਭਾਵੁਕ ਰਹਿਣ ਕਰਕੇ ਕਵਿਤਾ ਦੀ ਹੀ ਰਚਨਾ ਕਰਦਾ ਸੀ । ਇਹੋ ਕਾਰਨ ਹੈ ਕਿ ਮੱਧਕਾਲੀ ਸਾਹਿਤ ਵਿਚ ਕਵਿਤਾ ਦੀ ਪ੍ਰਮੁੱਖਤਾ ਪਾਈ ਰਹੀ, ਵਾਰਤਕ ਵਿਰਲੀ ਵਿਰਲੀ ਹੀ ਮਿਲਦੀ ਹੈ ।"[2]

---

" No prose has come down to us, spared from the hands of depredition, but we can presume that it must have been written in the forms it assumed it Sanskrit, Prakrit, Pali and also in Persian."

1. Dr.Mohan Singh, An Introduction to Punjabi Literature,P-1

2. ਡਾ. ਜੀਤ ਸਿੰਘ ਸੀਤਲ; ਵਾਰਤਕ ਤੇ ਵਾਰਤਕ ਸ਼ੈਲੀ; ਪੰਨਾ _ 5,

ਅੰਗਰੇਜ਼ੀ ਦੇ ਇਕ ਹੋਰ ਚਿੰਤਕ ਜੇਮਜ਼ ਆਰ ਸੁਦਰਲੈਂਡ ਨੇ ਆਪਣੀ ਰਚਨਾ " ਅੰਗਰੇਜ਼ੀ ਵਾਰਤਕ ਬਾਰੇ " ( ਆਨ ਇੰਗਲਿਸ਼ ਪਰੋਜ਼ ) ਵਿਚ ਆਖਿਆ ਹੈ । :

" ਸਾਹਿਤ ਦੇ ਇਤਿਹਾਸ ਤੇ ਵਿਅਕਤੀਗਤ ਕੌਮਾਂ ਦੇ ਇਤਿਹਾਸ ਵਿਚ ਵੀ ਕਾਵਿ ਦਾ ਵਿਕਾਸ ਪਹਿਲਾਂ ਹੁੰਦਾ ਹੈ ਤੇ ਵਾਰਤਕ ਦਾ ਪਿਛੋਂ । ਜਦੋਂ ਅਸੀਂ ਕਿਸੇ ਵੀ ਕੌਮ ਦੇ ਇਤਿਹਾਸ ਉਪਰ ਨਜ਼ਰ ਮਾਰਦੇ ਹਾਂ ਤਾਂ ਪਹਿਲਾਂ ਕਾਵਿ ਸਾਹਿਤ ਦੀ ਉਪਜ ਦੇ ਹੀ ਦਰਸ਼ਨ ਹੁੰਦੇ ਹਨ, ਤਾਂ ਕਿਤੇ ਜਾ ਕੇ ਵਾਰਤਕ ਨਜ਼ਰੀ ਪੈਂਦੀ ਹੈ । ਪਰ ਕਲਾਤਮਕ ਵਾਰਤਕ ਤਾਂ ਇਸ ਤੋਂ ਦੇਰ ਕਿਤੇ ਪਿਛੋਂ ਹੋਂਦ ਵਿਚ ਆਉਂਦੀ ਹੈ, ਜਦੋਂ ਆਉਂਦੀ ਵੀ ਹੈ ਤਾਂ ਕ੍ਰਮ ਕ੍ਰਮੇ ਹੀ ਟੋਰ ਟੁਰਦੀ ਵਿਖਾਈ ਦਿੰਦੀ ਹੈ । ਪ੍ਰਚਲਿਤ ਕਾਵਿ ਸਾਹਿਤ ਇਸ ਨੂੰ ਪ੍ਰਫੁੱਲਤ ਨਹੀਂ ਹੋਣ ਦਿੰਦਾ । ਲੋਕ ਮਨਾਂ ਨੂੰ ਕਵਿਤਾ ਦਿਲਕਸ਼ ਤੇ ਵਾਰਤਕ ਨੀਰਸ ਲੱਗਦੀ ਹੈ । ਇਹੋ ਕਾਰਨ ਹੈ ਕਿ ਪ੍ਰਾਚੀਨ ਵਾਰਤਕ ਨੀਰਸ ਲੱਗਦੀ ਹੈ । ਇਹੋ ਕਾਰਨ ਹੈ ਕਿ ਪ੍ਰਾਚੀਨ ਸਾਰੀ ਕਿਸਮ ਦਾ ਸਾਹਿਤ ਸਿਰਫ ਕਾਵਿ - ਸਾਹਿਤ ਹੀ ਹੈ ।"[1]

ਪੰਜਾਬੀ ਵਾਰਤਕ ਵੀ ਕਵਿਤਾ ਤੋਂ ਪਿਛੋਂ ਹੋਂਦ ਵਿਚ ਆਈ । ਪਹਿਲਾਂ ਦਾ ਸਾਰਾ ਸਾਹਿਤ ਪੱਦ - ਬੱਧ ਮਿਲਦਾ ਹੈ । ਪੰਜਾਬੀ ਵਿਚ ਪੁਰਾਤਨ ਵਾਰਤਕ ਦਾ ਆਰੰਭ ਨਾਥਾਂ - ਜੋਗੀਆਂ ਤੇ ਮੁਸਲਮਾਨ ਸੂਫੀਆਂ ਦੀਆਂ ਗੋਸ਼ਟੀਆਂ, ਬੋਲਾਂ, ਸੁਖਨਾਂ ਨਾਲ ਹੋਇਆ । ਸਿੱਧਾਂ - ਜੋਗੀਆਂ ਦਾ ਸਮਾਂ ਈਸਾ ਦੀ ਨੌਵੀਂ ਸਦੀ ਤੋਂ ਬਾਰ੍ਹਵੀਂ ਸਦੀ ਤੱਕ ਹੈ । ਇਸ ਸਮੇਂ ਵਿਚ ਗੱਦ ਰਚਨਾ ਦੇ ਨਮੂਨੇ ਸਿੱਧਾਂ ਦੀਆਂ ਗੱਦ ਰਚਨਾਵਾਂ ਵਿਚੋਂ ਗੋਰਖ ਨਾਥ ਦੀ " ਪ੍ਰਾਣ - ਸੰਗਲੀ " ਤੇ ਪਰਬਤ " ਗੋਰਖ - ਪੁਰਾਣ " ਵਿਚ ਮਿਲਦੇ ਹਨ । ਇਨ੍ਹਾਂ ਦੀ ਗੱਦ ਰਚਨਾ ਦੇ ਨਮੂਨੇ ਕ੍ਰਮਵਾਰ ਇਹ ਹਨ :

1. " ਸਵਾ ਨਾਥ ਉਪਦੇਸ਼, ਬਣਿਵ ਕੰਧ ਕੀ ਵਾਤਿ ਕਿਨ,
ਬ੍ਰਿਥ ਕੁਸ਼ਲਿ, ਅਘਟ ਕੁਲ ਪਰਚਰ ।"[2]

---

1.James R.Southerland : On English Prose : P-3

2.ਨਾਥ ਸਿਧੋ ਕੀ ਬਾਣਿਯਾਂ : ਪ੍ਰਾਣ ਸਾਂਗਲੀ : ਸਫਾ 38

> 2. " ਸੁਮੇਰ ਪਰਬਤਿ ਉਪਰਿ ਚਾਰ ਦਿਸ਼ਾ ਪੁਰੀਆ ਹੈਨਿ । ਕਉਣ ਕਉਣ ਪੁਰੀ ਕਉਣ ਕਉਣ ਦਿਸ਼ਾ ਹੈ । ਪੂਰਬਿ ਦਿਸ਼ਾ ਆਗੈ ਉਪਰਿ - ਪ੍ਰਿਥਵੀ ਉਪਰਿ ਚਉਰਾਸਿ ਸਹੰਸ੍ਰ ਜੋਜਨ ਅੰਮ੍ਰਿਤਪੁਰੀ ਉਚੀ ਹੈ ।" [1]

ਇਸੇ ਤਰ੍ਹਾਂ ਪੂਰਵ ਨਾਨਕ ਕਾਲ ਦੀ ਇਕ ਹੋਰ ਪ੍ਰਕਰਣਿਕ ਰਚਨਾ " ਏਕਾਦਸ਼ੀ ਮਹਾਤਮ " ਡਾ. ਤਰਲੋਚਨ ਸਿੰਘ ਬੇਦੀ ਨੇ ਲੱਭੀ ਹੈ । ਇਸ ਹੱਥ ਲਿਖਤ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪੂਰਵ ਨਾਨਕ ਕਾਲ ਵਿਚ ਵਾਰਤਕ ਹੋਂਦ ਵਿਚ ਆ ਚੁੱਕੀ ਸੀ । ਡਾ. ਤਰਲੋਚਨ ਸਿੰਘ ਬੇਦੀ ਆਪਣੇ ਸ਼ੋਧ - ਪ੍ਰਬੰਧ " ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ " ਵਿਚ ਦਸਦੇ ਹਨ ਕਿ " ਏਕਾਦਸ਼ੀ ਮਹਾਤਮ " ਨਾਂ ਦੀ ਰਚਨਾ ਪੰਜਾਬੀ ਵਾਰਤਕ ਦੀ ਹਾਲੇ ਤੀਕ ਮਿਲੀ ਸਭ ਤੋਂ ਪੁਰਾਤਨ ਰਚਨਾ ਹੈ ।"[2]

ਗੁਰੂ ਨਾਨਕ ਕਾਲ ਵਿਚ ਪੁਰਾਤਨ ਵਾਰਤਕ ਦੇ ਲਿਖਤੀ ਨਮੂਨੇ ਸਾਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖਾਂ ਦੇ ਰੂਪ ਵਿਚ ਮਿਲਦੇ ਹਨ । ਜਿਵੇਂ " ਸਿਰੀ ਰਾਗ ਬਾਣੀ ਭਗਤ ਬੇਣੀ ਜੀਉਕੀ, ਪਹਰਿਆ ਕੈ ਘਰ ਗਾਵਣਾ ", " ਰਾਗ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ " ਆਦਿ ਪੰਦਰਵੀਂ ਸਦੀ ਦੀ ਹੋਂਦ ਦੇ ਸੂਚਕ ਹਨ ।[3]

ਇਸੇ ਕਾਲ ਦੀ ਇਕ ਹੋਰ ਗੱਦ ਰਚਨਾ " ਪ੍ਰਾਣ ਸੰਗਲੀ " ਮਿਲਦੀ ਹੈ । ਜਿਸ ਦੇ ਲੇਖਕ ਗੁਰੂ ਨਾਨਕ ਦੇਵ ਜੀ ਮੰਨੇ ਗਏ ਹਨ । ਪ੍ਰਾਣ ਸੰਗਲੀ ਵਿਚ ਸਮੁੱਚੇ ਤੌਰ ਤੇ ਪੰਜਾਬੀ ਗੱਦ ਦੇ ਨਮੂਨੇ ਦੋ ਕਿਸਮ ਦੇ ਮਿਲਦੇ ਹਨ :-

(1) ਸਿਰਲੇਖਾਂ ਦੇ ਰੂਪ ਵਿਚ ਤੇ (2) ਕਥਨ - ਉਪ - ਕਥਨ ਦੇ ਰੂਪ ਵਿਚ । ਇਨ੍ਹਾਂ ਦੇ ਉਦਾਹਰਣ ਕ੍ਰਮ ਵਾਰ ਇਸ ਤਰ੍ਹਾਂ ਹਨ :-

> " ਅਬ ਪ੍ਰਾਣ ਸੰਗਲੀ ਕਾ ਲੇਖਾ ਲਿਖਾਉ, ਗੁਰਮੁਖ ਸ੍ਰੀ ਬਾਬੇ ਜੀ ਕਾ ਬੋਲਣਾ । ਰਾਜੇ ਸਿਵਨਾਭ ਬੇਨਤੀ ਕੀਤੀ, " ਗੁਰੂ ਜੀ ! ਪੰਚ ਤੱਤ ਕਿਸ ਨੂੰ ਆਖੀਐ ?" [4]

---

1. ਨਾਥ ਸਿਧੋ ਕੀ ਬਾਣਿਯਾਂ : ਭੋਰਨ ਪੁਰਾਣ : ਸਫਾ 3
2. ਡਾ. ਤਰਲੋਚਨ ਸਿੰਘ ਬੇਦੀ : ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ : ਪੰਨਾ 21
3. ਸ੍ਰੀ ਗੁਰੂ ਗ੍ਰੰਥ ਸਾਹਿਬ : ਪੰਨਾ 93, 354, 1278
4. ਪ੍ਰਾਣ ਸੰਗਲੀ : ਪੰਨਾ 38

ਪਰ ਭਾਵੇਂ ਅਸੀਂ " ਪ੍ਰਾਣ - ਸੰਗਲੀ " ਤੇ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਬਾਣੀ ਦੇ ਸਿਰਲੇਖਾਂ ਵਿਚੋਂ ਵਾਰਤਕ ਅੰਸ਼ ਲੱਭ ਵੀ ਲਈਏ ਪਰ ਵਾਸਤਵ ਵਿਚ ਇਸ ਦਾ ਰਵਾਇਤੀ ਮੁੱਢ ਸਾਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਸਾਖੀਆਂ ਨਾਲ ਹੀ ਬੱਝਾ ਮੰਨਣਾ ਪੈਂਦਾ ਹੈ, ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਜੀਵਨ ਨੂੰ ਨਿੱਕੀਆਂ ਨਿੱਕੀਆਂ ਸਾਖੀਆਂ ਰਾਹੀਂ ਬਿਆਨ ਕੀਤਾ ਗਿਆ ਹੈ । ਇਸ ਦਾ ਸਮਾਂ ਸੋਲ੍ਹਵੀਂ ਸਦੀ ਹੈ ।

ਉਸ ਸਮੇਂ ਵਾਰਤਕ ਦੇ ਵਿਕਾਸ ਨੂੰ ਅਸੀਂ ਪੂਰਨ ਸਿੰਘ ਦੀ ਇਕ ਪੁਸਤਕ ਨਾਲ ਵੀ ਸਿੱਧ ਕਰ ਸਕਦੇ ਹਾਂ -

> " ਪੰਜਾਬੀ ਦਾ ਸਾਹਿਤਕ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਦੁਆਲੇ ਘਿਰੀਆਂ ਹੋਈਆਂ ਥਾਵਾਂ ਵਿਚ ਪਲਿਆ । ਨਸਰ ( ਵਾਰਤਕ ) ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਦਿਲ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਜੇ ਗੁਲਾਬ ਹੋਇਆਂ ਪੱਤੀਆਂ ਵਾਂਗ ਸਿਫ਼ਤ ਸਮੇਤ ਨਾਲ ਖਿਲਦੇ ਸਨ ।" [1]

ਪ੍ਰੋ. ਪੂਰਨ ਸਿੰਘ ਦੇ ਇਸ ਕਥਨ ਨੂੰ ਅਸੀਂ ਪੰਜਾਬੀ ਵਾਰਤਕ ਦੇ ਇਤਿਹਾਸ ਦੇ ਤੌਰ ਤੇ ਪੇਸ਼ ਕਰ ਸਕਦੇ ਹਾਂ ਅਤੇ ਇਹ ਸਿੱਟਾ ਕੱਢ ਸਕਦੇ ਹਾਂ ਕਿ ਸੋਲ੍ਹਵੀਂ ਸਦੀ ਤੱਕ ਪੰਜਾਬੀ ਵਾਰਤਕ ਦਾ ਰੂਪ ਬੱਝਣਾ ਸ਼ੁਰੂ ਹੋ ਗਿਆ ਸੀ ।

ਪੰਜਾਬੀ ਸਾਹਿਤ ਵਿਚ ਪੁਰਾਤਨ ਵਾਰਤਕ ਦੀ ਨੌਕਰਵਾਰ ਲਿਖਤ ਜੋ ਸਭ ਤੋਂ ਪੁਰਾਣੀ ਹੈ " ਪੁਰਾਤਨ ਜਨਮ ਸਾਖੀ " ਹੀ ਹੈ । ਇਸ ਦੀ ਰਚਨਾ ਸ਼ੈਲੀ ਤੋਂ ਪਤਾ ਚਲਦਾ ਹੈ ਕਿ ਅਜਿਹੀ ਸੁਲਝੀ ਹੋਈ ਵਾਰਤਕ ਹੋਂਦ ਵਿਚ ਆਉਣ ਤੋਂ ਪਹਿਲਾਂ ਵੀ ਵਾਰਤਕ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮੌਜੂਦ ਰਹੀ ਹੋਵੇਗੀ ।

ਕਲਾਤਮਕ ਤੌਰ ਤੇ ਸਾਖੀ ਸਾਹਿਤ ਵਾਰਤਕ, ਕਵਿਤਾ, ਸੰਵਾਦ, ਪਾਤਰ - ਚਿਤਰਣ, ਕਹਾਣੀ, ਕਲਪਨਾ, ਨਾਟਕ, ਇਤਿਹਾਸਕਾਰੀ, ਆਦਿ ਦਾ ਮਿਸ਼ਰਣ ਹੁੰਦਾ ਹੈ । ਹੁਣ ਤੱਕ ਪੁਰਾਤਨ ਵਾਰਤਕ ਦੇ ਰੂਪ ਵਿਚ ਮਿਲਦੀਆਂ ਜਨਮਸਾਖੀਆਂ ਇਸ ਪ੍ਰਕਾਰ ਹਨ ।

---

1. ਪ੍ਰੋ. ਪੂਰਨ ਸਿੰਘ, : ਖੁੱਲ੍ਹੇ ਲੇਖ : ਪੰਨਾ 182

1. ਜਨਮਸਾਖੀ ( ਪੋਠੋਹਾਰੀ ਵਿਚ ) ਜਿਸ ਦਾ ਸੰਕੇਤ ( ਮੈਕਾਲਿਫ ਸਿਖ ਰਿਲੀਜਨ - ਜਿਲਦ ) ਨੇ ਕੀਤਾ ਹੈ । ਇਸ ਦਾ ਰਚਨਾ ਕਾਲ 1588 ਈ. ਹੈ ।

2. ਇੰਡੀਆ ਆਫਿਸ ਵਾਲੀ ਜਨਮਸਾਖੀ । ਜਿਹੜੀ 1635 ਈ. ਤੋਂ ਪਹਿਲਾਂ ਰਚੀ ਗਈ । ਇਹ ਮਿਤੀ ' ਜੁਗਾਵਲੀ ' ਸਾਖੀ ਵਿਚੋਂ ਮਿਲਦੀ ਹੈ । ਇਹ ਛਪ ਚੁਕੀ ਹੈ ।

3. ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਜਿਹੜੀ 1619 ਈ. ਤੋਂ 1650 ਈ. ਵਿਚਕਾਰ ਰਚੀ ਗਈ ਹੈ ।

4. ਆਦਿ ਸਾਖੀਆਂ ( 30 ) ਗੁਰੂ ਨਾਨਕ ਕੀਆਂ । ਇਸ ਦੇ ਉਤਾਰੇ 1701 ਈ. ਤੋਂ 1704 ਈ. ਵਿਚ ਕੀਤੇ ਗਏ । ਹੁਣ ਇਹ ਡਾ. ਪਿਆਰਾ ਸਿੰਘ ਨੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤੀ ਹੈ ।

ਕਾਫ਼ੀ ਪ੍ਰਸਿੱਧ ਸਾਖੀਆਂ ਇਹ ਮੰਨੀਆਂ ਗਈਆਂ ਹਨ ।

(ੳ) ਪੁਰਾਤਨ ਜਨਮਸਾਖੀ 157 ਸਾਖੀਆਂ ( ਸੰ. ਭਾਈ ਵੀਰ ਸਿੰਘ ) ਸਤ੍ਹਾਰਵੀਂ ਸਦੀ ਦੇ ਅੰਤ ਵਿਚ ਰਚੀ ਗਈ ।

(ਅ) ਸੋਢੀ ਮਿਹਰਬਾਨ ਵਾਲੀ ਜਨਮਸਾਖੀ 575 ਸਾਖੀਆਂ ( ਸੰ. ਡਾ. ਕ੍ਰਿਪਾਲ ਸਿੰਘ ) 1629 ਈ. ਤੋਂ ਪਹਿਲਾਂ ਰਚੀ ਗਈ ।

(ੲ) ਭਾਈ ਬਾਲੇ ਵਾਲੀ ਜਨਮਸਾਖੀ ( ਸੰ. ਐਸ . ਐਸ ਅਸ਼ੋਕ ) 72 ਸਾਖੀਆਂ

(ਸ) ਜਨਮਸਾਖੀ ਭਾਈ ਬਿਧੀ ਚੰਦ ਵਾਲੀ, 1640 ਈ. ਵਿਚ ਰਚੀ ਗਈ ।

ਇਨ੍ਹਾਂ ਜਨਮਸਾਖੀਆਂ ਦੀ ਬੋਲੀ ਸਾਧ ਭਾਖਾ ਹੈ । ਕਿਸੇ ਕਿਸੇ ਵਿਚ ਲਹਿੰਦੀ ਜਾਂ ਪੋਠੋਹਾਰੀ ਪ੍ਰਧਾਨ ਹੈ ਤੇ ਕਈਆਂ ਉਤੇ ਅਰਬੀ ਫਾਰਸੀ ਦੀ ਰੰਗਤ ਹੈ ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਆਉਂਦਾ ਹੈ । ਇਸ ਕਾਲ ਵਿਚ ਵਾਰਤਕ ਜਿਆਦਾ ਲਿਖੇ ਜਾਣ ਦੀ ਗੁੰਜਾਇਸ਼ ਸੀ ਕਿਉਂਕਿ ਜਦੋਂ ਕਿਸੇ ਜਾਤੀ ਦਾ ਰਾਜ ਭਾਗ ਆਪਣਾ ਹੋ ਜਾਂਦਾ ਹੈ ਤਾਂ ਜੀਵਨ ਦੇ ਅਨੇਕ ਪੱਖਾਂ ਤੇ ਸਾਹਿਤ ਰਚਨ ਦੀ ਲੋੜ ਪੈਂਦੀ ਹੈ । ਪਰ ਇਨ੍ਹਾਂ ਪੰਜਾਹ ਸਾਲਾਂ ਵਿਚ ਮੌਲਿਕ ਵਾਰਤਕ ਬਹੁਤ ਘੱਟ ਲਿਖੀ ਗਈ ਮਿਲਦੀ ਹੈ ਜਿਆਦਾ ਅਨੁਵਾਦ ਹੀ ਕੀਤੇ ਗਏ ਅਤੇ ਮੌਲਿਕ ਵਾਰਤਕ ਦੀ ਰਚਨਾ ਲਈ ਕੋਈ ਖਾਸ ਕਦਮ ਨਹੀਂ ਪੁੱਟੇ ਗਏ । ਅਤੇ ਇਸ ਕਾਲ ਦੀ ਬੋਲੀ ਨੂੰ ਅਸੀਂ ਉੱਤਮ ਬੋਲੀ ਨਹੀਂ ਕਹਿ ਸਕਦੇ ।

ਇਸ ਕਾਲ ਦੀ ਵਾਰਤਕ ਦਾ ਸਭ ਤੋਂ ਵੱਡਾ ਲੱਛਣ ਇਹ ਹੈ ਕਿ ਵਾਰਤਕ ਤੇ ਕਵਿਤਾ ਦਾ ਪ੍ਰਭਾਵ ਬਹੁਤ ਘਟਿਆ ਹੈ । ਇਸ ਲਈ ਅਸਲੀ ਤੇ ਟਕਸਾਲੀ ਵਾਰਤਕ ਦਾ ਆਰੰਭ 1860 ਈ. ਤੋਂ ਬਾਅਦ ਅੰਗਰੇਜ਼ੀ ਰਾਜ ਦੇ ਪ੍ਰਭਾਵ ਅਧੀਨ ਹੋਇਆ ਹੀ ਮੰਨਣਾ ਪੈਂਦਾ ਹੈ ।

ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਈਸਾਈ ਮਿਸ਼ਨਰੀ ਪੰਜਾਬ ਵਿਚ ਆਏ ਅਤੇ ਇਨ੍ਹਾਂ ਨੇ ਆਪਣੀਆਂ ਧਾਰਮਿਕ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕਰਵਾਉਣਾ ਅਰੰਭਿਆ । ਛਾਪੇਖਾਨੇ ਹੋਂਦ ਵਿਚ ਆਏ । ਪੰਜਾਬੀ ਗੁਰਦੁਆਰਿਆਂ ਅਤੇ ਧਰਮਸਾਲਾਂ ਵਿਚ ਪੜ੍ਹਾਏ ਜਾਣ ਦੀ ਥਾਂ ਸਕੂਲਾਂ ਵਿਚ ਆ ਗਈ । ਇਨ੍ਹਾਂ ਆਪਣੇ ਧਰਮ ਦੇ ਵਿਕਾਸ ਲਈ ਕੌਂਪਤਰੀਆਂ ਰਿਸਾਲਾ ਟੋਰਿਆ ਜਿਸ ਨੇ ਵਾਰਤਕ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ । ਸ਼ਰਧਾ ਰਾਮ ਫਿਲੌਰੀ ਵਰਗੇ ਵਿਦਵਾਨਾਂ ਨੇ ਅੰਗਰੇਜ਼ ਹਾਕਮਾਂ ਨੂੰ ਇਥੋਂ ਦੀ ਬੋਲੀ, ਸਭਿਆਚਾਰ, ਰਸਮਾਂ - ਰਿਵਾਜਾਂ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ " ਸਿੱਖਾਂ ਦੇ ਰਾਜ ਦੀ ਵਿਥਿਆ " ਤੇ " ਪੰਜਾਬੀ ਬਾਤ ਚੀਤ " ਵਰਗੀਆਂ ਪੁਸਤਕਾਂ ਪੰਜਾਬੀ ਵਾਰਤਕ ਵਿਚ ਲਿਖੀਆਂ । ਜਿਨ੍ਹਾਂ ਨਾਲ ਪੰਜਾਬੀ ਵਾਰਤਕ ਵਿਚ ਇਕ ਨਵਾਂ ਮੋੜ ਆਇਆ । ਪੰਡਿਤ ਸ਼ਰਧਾ ਰਾਮ ਫਿਲੌਰੀ ਜਿਥੇ ਆਧੁਨਿਕ ਵਾਰਤਕ ਦਾ ਮੋਢੀ ਹੈ ਉਥੇ ਉਸ ਵਿਚੋਂ ਪੁਰਾਤਨ ਵਾਰਤਕ ਦੇ ਅੰਸ਼ ਵੀ ਅਲੋਪ ਨਾ ਹੋ ਸਕੇ । ਜਿਉਂ ਜਿਉਂ ਆਪ ਲਿਖਦੇ ਗਏ ਤਿਉਂ ਤਿਉਂ ਆਪ ਦੀ ਵਾਰਤਕ ਵਰਨਾਂ ਵਿਰਨੀ ਬੋਲੀ ਲਿਖਦੀ ਗਈ । " ਪੰਜਾਬੀ ਬਾਤ ਚੀਤ " ਵਿਚ ਉਸ ਨੇ ਤਿੰਨ ਭਾਗਾਂ ਵਿਚ ਵੱਖ ਵੱਖ ਇਲਾਕਿਆਂ ਦੀਆਂ ਉਪ - ਬੋਲੀਆਂ ਵਿਚ ਕਥਾਵਾਂ ਤੇ ਰਸਮਾਂ - ਰੀਤਾਂ ਦਿੱਤੀਆਂ ਗਈਆਂ ਹਨ ।

ਇਸੇ ਕਾਲ ਦਾ ਇਕ ਹੋਰ ਪ੍ਰਸਿੱਧ ਲੇਖਕ ਗਿਆਨੀ ਸਿੰਘ ਪੰਜਾਬੀ ਵਾਰਤਕ ਦੇ ਪ੍ਰਸਿੱਧ ਤੇ ਮੋਢੀ ਲਿਖਾਰੀਆਂ ਵਿਚੋਂ ਹੈ । ਆਪ ਦੀਆਂ ਵਾਰਤਕ ਰਚਨਾਵਾਂ ਵਿਚ ਆਧੁਨਿਕਤਾ ਦੇ ਅੰਸ਼ ਸ਼ਰਧਾ ਰਾਮ ਨਾਲੋਂ ਵੀ ਵਧੇਰੇ ਹਨ । ਇਸੇ ਤਰ੍ਹਾਂ ਹੀ ਬਿਹਾਰੀ ਲਾਲ ਪੁਰੀ ਵੀ ਆਪ ਦੇ ਹੀ ਸਮਕਾਲੀ ਵਾਰਤਕ ਲੇਖਕ ਹਨ । ਇਨ੍ਹਾਂ ਦੀ ਵਾਰਤਕ ਬੜੀ ਸਰਲ ਤੇ ਸਪਸ਼ਟ ਹੈ । ਆਪ ਦੀ ਵਾਰਤਕ ਵਿਚ ਆਧੁਨਿਕਤਾ ਦਾ ਅੰਸ਼ ਸ਼ਰਧਾ ਰਾਮ ਤੇ ਗਿਆਨੀ ਜੀ ਹੋਰਾਂ ਲੇਖਕਾਂ ਦੀ ਰਚਨਾਵਾਂ ਨਾਲੋਂ ਵੱਧ ਹੈ । ਆਪ ਜੀ ਦੀਆਂ ਵਾਰਤਕ ਰਚਨਾਵਾਂ ਦੀਆਂ ਪੁਸਤਕਾਂ ਵਿਚੋਂ ਕੁਝ ਦੇ ਨਾਮ ਇਹ ਹਨ :-

" ਵਿਦਿਆ ਰਤਨਾਕਰ " ਚਰਿਤ੍ਰਾਵਲੀ ਤੇ ਅਨੇਕ ਦਰਸ਼ਨ " ਆਦਿ । ਇਸੇ ਪ੍ਰਕਾਰ ਇਸ ਕਾਲ ਦੇ ਹੋਰ ਪ੍ਰਸਿੱਧ ਲੇਖਕ ਭਾਈ ਦਿੱਤ ਸਿੰਘ ਹਨ । ਭਾਈ ਸਾਹਿਬ ਦੀ ਲਿਖਤਾਂ ਉਤੇ ਸਿੰਘ ਸਭਾ ਲਹਿਰ ਦਾ ਡੂੰਘਾ ਪ੍ਰਭਾਵ ਹੈ । ਚਰਨ ਸਿੰਘ ਨੇ ਵੀ ਪੰਜਾਬੀ ਵਾਰਤਕ ਦੀ ਚੰਗੀ ਸੇਵਾ ਕੀਤੀ । ਆਪ ਜੀ ਦੀਆਂ ਬਹੁਤੀਆਂ ਮੌਲਿਕ ਰਚਨਾਵਾਂ ਦਾ ਆਸ਼ਾ ਸਮਾਜ ਸੁਧਾਰ ਹੈ । ਬਾਕੀ

ਸਮਕਾਲੀ ਸਾਹਿਤਕਾਰਾਂ ਵਾਂਗੂੰ ਆਪ ਦੀ ਵਾਰਤਕ ਸ਼ੈਲੀ ਤੇ ਵੀ ਪੁਰਾਤਨ ਵਾਰਤਕ ਸ਼ੈਲੀ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ । ਇਸ ਕਾਲ ਦੇ ਹੋਰ ਵੀ ਕੁਝ ਕੁ ਉਘੇ ਵਾਰਤਕ ਲਿਖਾਰੀ ਹਨ, ਜਿਨ੍ਹਾਂ ਵਿਚ ਕਰਨਲ ਭੋਲਾ ਨਾਥ, ਗਿ. ਹਜ਼ਾਰਾ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਆਦਿ ਵਰਣਨ ਯੋਗ ਹਨ ।

ਉਪਰੋਕਤ ਵਰਣਨ ਤੋਂ ਸਿੱਧ ਹੁੰਦਾ ਹੈ ਕਿ ਪੰਜਾਬੀ ਵਾਰਤਕ ਦਾ ਵਿਹੜਾ ਇਸ ਕਾਲ ਤੱਕ ਬਹੁਤ ਜ਼ਿਆਦਾ, ਭਾਵ ਚੜ੍ਹਦੇ ਸੂਰਜ ਦੀ ਰੋਸ਼ਨੀ ਵਾਂਗ , ਨਿਖਰ ਚੁੱਕਾ ਸੀ । ਜਿਸ ਪ੍ਰਕਾਰ ਪਹੁ-ਫੁਟਾਲੇ ਤੋਂ ਬਾਅਦ ਚੜ੍ਹਦੇ ਸੂਰਜ ਦੀ ਰੋਸ਼ਨੀ ਚਾਰੇ ਪਾਸੇ ਨਿਖਾਰ ਲੈ ਆਉਂਦੀ ਹੈ ਇਹੋ ਹਾਲ ਸਾਡੀ ਇਸ ਕਾਲ ਦੀ ਵਾਰਤਕ ਦਾ ਸੀ ।

ਆਧੁਨਿਕ ਵਾਰਤਕ ਨੂੰ ਹੋਰ ਵੀ ਚੰਗੀ ਤਰ੍ਹਾਂ ਨਿਖਾਰਨ ਤੇ ਇਸ ਨੂੰ ਦੂਸਰੀਆਂ ਭਾਸ਼ਾਵਾਂ ਦੀ ਵਾਰਤਕ ਦੇ ਮੁਕਾਬਲੇ ਵਿਚ ਖੜੀ ਕਰਨ ਲਈ ਭਾਈ ਵੀਰ ਸਿੰਘ ਪੰਜਾਬੀ ਦੇ ਸ਼੍ਰੋਮਣੀ ਗੱਦ ਲੇਖਕਾਂ ਵਿਚੋਂ ਹਨ । ਆਪ ਦੀ ਗੱਦ ਰਚਨਾ ਦਾ ਅਕਾਰ ਤੇ ਮਿਆਰ ਉਸ ਸਮੇਂ ਦੇ ਸਾਰੇ ਗੱਦ ਲੇਖਕਾਂ ਨਾਲੋਂ ਵੱਧ ਹੈ । ਆਪ ਪਹਿਲੇ ਗੱਦ ਲੇਖਕ ਹਨ ਜਿਨ੍ਹਾਂ ਦਾ ਲਿਖਣ ਢੰਗ ਏਨਾ ਸੁਲਝਿਆ ਹੋਇਆ, ਰਸਾਂ-ਪੂਰਣ, ਬਹੁ-ਭਾਂਤੀ ਤੇ ਵਿਸ਼ੇ ਅਨੁਸਾਰ ਬਦਲਣ ਵਾਲਾ ਹੈ ।

ਭਾਈ ਵੀਰ ਸਿੰਘ ਤੋਂ ਪਿਛੋਂ ਭਾਈ ਮੋਹਨ ਸਿੰਘ ਵੈਦ, ਭਾਈ ਕਾਨ੍ਹ ਸਿੰਘ ਨਾਭਾ, ਸ੍ਰ. ਲਾਲ ਸਿੰਘ ਕਮਲਾ ਅਕਾਲੀ, ਪ੍ਰੋ. ਪੂਰਨ ਸਿੰਘ, ਬਲਬੀਰ ਸਿੰਘ ਤੇ ਗੁਰਬਖਸ਼ ਸਿੰਘ ਦਾ ਬਹੁਤ ਯੋਗਦਾਨ ਹੈ ।

ਗੁਰਬਖਸ਼ ਸਿੰਘ ਦੇ ਨਾਲ ਨਾਲ ਪੰਜਾਬੀ ਵਾਰਤਕ ਨੂੰ ਸੰਗਠਿਤ ਕਰਨ ਵਾਲੇ ਸਾਹਿਤਕਾਰਾਂ ਵਿਚ ਅੰਮ੍ਰਿਤਾ-ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਦੇਵਿੰਦਰ ਸਤਿਆਰਥੀ ਤੇ ਹੋਰ ਬਹੁਤ ਸਾਰੇ ਲੇਖਕ ਸ਼ਾਮਿਲ ਹਨ ।

ਵਾਰਤਕ ਦੇ ਵਿਕਾਸ ਵਿਚ ਜਿਥੇ ਅਖਬਾਰਾਂ,ਰਸਾਲਿਆਂ ਆਦਿ ਨੇ ਚੋਖਾ ਯੋਗਦਾਨ ਦਿੱਤਾ, ਉਥੇ ਗੱਦ ਰਚਨਾ ਨੂੰ ਵਿਕਸਤ ਕਰਨ ਵਿਚ ਆਲੋਚਨਾ ਵੀ ਆਪਣਾ ਯੋਗਦਾਨ ਪਾ ਰਹੀ ਹੈ । ਸਮਾਲੋਚਨਾ ਹੀ ਸਾਹਿਤ ਦੀ ਧਾਰਾ ਨੂੰ ਨਿਖਾਰਦੀ ਤੇ ਨਿਗਰ ਬਣਾਉਂਦੀ ਹੈ । ਜਿਉਂ ਜਿਉਂ ਸਾਹਿਤ ਵਧਦਾ ਫੁੱਲਦਾ ਹੈ ਉਸ ਨੂੰ ਨਿਗਰ ਤੇ ਪ੍ਰਮਾਣਿਕ ਬਣਾਉਣ ਲਈ ਪਰਖ ਦੇ ਕਰੜੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ । ਇਹੋ ਕਾਰਨ ਹੈ ਜਿਉਂ ਜਿਉਂ ਸਾਡੇ ਵਾਰਤਕ ਸਾਹਿਤ ਵਿਚ ਵਾਧਾ ਹੁੰਦਾ ਗਿਆ ਤਾਂ ਇਸ ਨੂੰ ਹੋਰ ਸੁੰਦਰ ਤੇ ਸੁਚੱਜੀ ਬਣਾਉਣ ਲਈ ਇਸ ਦੇ ਵਿਕਾਸ

ਵਿਚ ਸਮਾਲੋਚਨਾ ਤੱਤਾਂ ਨੇ ਆਪਣਾ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ । ਇਸ ਬਾਰੇ ਡਾ. ਰੋਸ਼ਨ ਲਾਲ ਆਹੂਜਾ ਦਾ ਕਹਿਣਾ ਹੈ :-

> " ਗੱਦ ਰਚਨਾ ਨੂੰ ਵਿਕਸਤ ਕਰਨ ਵਿਚ ਆਲੋਚਨਾ ਤੱਤਾਂ ਦਾ ਯੋਗਦਾਨ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਇਸ ਤੋਂ ਪੰਜਾਬੀ ਵਾਰਤਕ ਦੇ ਪ੍ਰਫੁੱਲਤ ਹੋਣ ਦੀਆਂ ਸੰਭਾਵਨਾਵਾਂ ਹੋਰ ਵੀ ਵੱਧ ਜਾਂਦੀਆਂ ਹਨ ।"[1]

---

1. ਡਾ. ਰੋਸ਼ਨ ਲਾਲ ਆਹੂਜਾ, ਆਧੁਨਿਕ ਵਾਰਤਕ, ਪੰਜਾਬੀ ਦੁਨੀਆਂ 1982

## ਮੁੱਢਲੀ ਪੰਜਾਬੀ ਵਾਰਤਕ

ਪੰਜਾਬੀ ਵਾਰਤਕ ਸਾਹਿਤ ਦੇ ਇਤਿਹਾਸ ਬਾਰੇ ਮਤਭੇਦ ਹੈ । ਪੰਜਾਬੀ ਸਾਹਿਤ ਇਤਿਹਾਸ ਦਾ ਸਮਾਂ ਅਸੀਂ ਨੌਵੀਂ ਦਸਵੀਂ ਸਦੀ ਤੋਂ ਨਾਥਾਂ ਜੋਗੀਆਂ ਦੇ ਸਾਹਿਤ ਨਾਲ ਮਿਥ ਸਕਦੇ ਹਾਂ । ਇਹ ਨਾਥਾਂ ਜੋਗੀਆਂ ਦਾ ਸਾਰਾ ਸਾਹਿਤ ਸਾਨੂੰ ਕੇਵਲ ਕਵਿਤਾ ਵਿਚ ਹੀ ਉਪਲਬਧ ਹੁੰਦਾ ਹੈ । ਪਰ ਵਾਰਤਕ ਦਾ ਸਮਾਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਿਸ਼ਚਤ ਕਰਨ ਲਈ ਬਹੁਤ ਹੀ ਮੁਸ਼ਕਲ ਜਾਪਦੀ ਹੈ, ਜਾਂ ਇੰਜ ਕਹਿ ਲਉ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਾਰਤਕ ਦਾ ਜਨਮ ਕਦੋਂ ਤੇ ਕਿਵੇਂ ਤੇ ਕਿਨ੍ਹਾਂ ਕਾਰਨਾਂ ਅਧੀਨ ਹੋਇਆ, ਇਸ ਬਾਰੇ ਨਿਸ਼ਚਤ ਰੂਪ ਵਿਚ ਕੁਝ ਪਤਾ ਨਹੀਂ ਚੱਲਦਾ । ਪਰ ਹੁਣ ਤੱਕ ਦੀ ਖੋਜ ਮੁਤਾਬਿਕ ਭਾਵ ਪੂਰਵ ਨਾਨਕ ਕਾਲ ਵਿਚ ( 950 ਈ. ਤੋਂ 1500 ਈ. ਤੱਕ ) ਵਿਦਵਾਨਾਂ ਨੇ ਜਿਹੜੀਆਂ ਵਾਰਤਕ ਰਚਨਾਵਾਂ ਪੰਜਾਬੀ ਵਾਰਤਕ ਦੇ ਤੌਰ ਤੇ ਪੇਸ਼ ਕੀਤੀਆਂ ਹਨ ਉਨ੍ਹਾਂ ਵਿਚ ਵੀ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਹਨ । ਜਿਵੇਂ " ਗੋਰਖ ਉਪਨਿਸ਼ਦ " ਦਾ ਜ਼ਿਕਰ ਨਰਿੰਦਰ ਧੀਰ ਨੇ ਪੰਜਾਬੀ ਵਾਰਤਕ ਦੇ ਤੌਰ ਤੇ ਕੀਤਾ ਹੈ । ਇਸੇ ਤਰ੍ਹਾਂ ਪ੍ਰਿ. ਪ੍ਰੀਤਮ ਸਿੰਘ ਨੇ " ਬਾਬਾ ਫ਼ਰੀਦ ਜੀ ਦਾ ਪੰਦਨਾਮਾ " ਪੰਜਾਬੀ ਵਾਰਤਕ ਦੇ ਤੌਰ ਤੇ ਪੇਸ਼ ਕੀਤਾ ਹੈ ।

ਇਨ੍ਹਾਂ ਰਚਨਾਵਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹ ਪੰਜਾਬੀ ਵਾਰਤਕ ਨਾਲੋਂ ਹਿੰਦੀ ਦੇ ਜ਼ਿਆਦਾ ਨੇੜੇ ਜਾਪਦੀਆਂ ਹਨ । ਪੰਜਾਬੀ ਦਾ ਤਾਂ ਇਨ੍ਹਾਂ ਵਿਚ ਕੋਈ ਕੋਈ ਸ਼ਬਦ ਹੀ ਹੈ । ਮੂਲ ਰੂਪ ਵਿਚ ਇਹ ਆਪਣੇ ਹਿੰਦੀ ਰੂਪ ਵਿਚ ਹੀ ਪ੍ਰਗਟ ਹੋਈਆਂ ਹਨ । ਇਸੇ ਤਰ੍ਹਾਂ ਇਨ੍ਹਾਂ ਤੇ ਅਰਬੀ ਤੇ ਫ਼ਾਰਸੀ ਦਾ ਪ੍ਰਭਾਵ ਵੀ ਪ੍ਰਤੱਖ ਨਜ਼ਰੀ ਪੈਂਦਾ ਹੈ, ਜਿਸ ਦੀਆਂ ਉਦਾਹਰਣਾਂ ਇਥੇ ਪੇਸ਼ ਕੀਤੀਆਂ ਜਾ ਰਹੀਆਂ ਹਨ ।

> " ਸ੍ਰੀ ਨਾਥ ਪਰਮਾਨੰਦ ਹੈ, ਵਿਸ਼ਵ ਗੁਰੂ ਹੈ, ਨਿਰੰਜਨ ਹੈ, ਵਿਸ਼ਵ ਵਿਆਪਕ ਹੈ, ਮਹਾਂ ਸਿਧਨ ਕੇ ਨਰਸਿੰਘਾਂ ਹੈ ਤਿਨ ਪ੍ਰਤੀ ਹਮਾਰੇ ਆਦੇਸ਼ ਹੋਵ ਇਹਾਂ ਅਧੀ ਆਵਰਤਨ, ਏਕ ਸਮੇਂ ਵਿਮਨਾਂ ਨਾਮ ਮਹਾਂ - ਦੇਵੀ ਕਿੰਚਿਤ ਵਿਸ਼ਵਾਸ਼ ਯੁਕਤ ਭਈ । ਸ੍ਰੀ ਮਨ ਮਹਾਂ ਗੋਰਖ ਨਾਥ ਤਿਨ ਸੋਂ ਪੂਛਤ ਹੈ । ਤਾਂ ਕੋ ਵਿਸਮਯ ਰੂਪ ਕਹਿਏ ਮੈਂ ਤਾਤਪਰਜ ਹੈ ।

> ਨੇਤਨ ਕੇ ਮੋਚਨ ਕਰਿਕੈ ਚੇਤ ਕ੍ਰਿਪਾਲ । ਤਾਂਸੋ ਮਹਾਂ ਜੋਗ ਵਿਦਿਆ ਪ੍ਰਗਟ ਕਰਿ ਕੈ ਤਿਨ ਕੇ ਸੋਸੇ ਸ੍ਰੀ ਨਾਥ ਸਨਮੁਖ ਸੋ ਉਪਨਿਸ਼ਦ ਪ੍ਰਗਟ ਕਰੀ ਹੈ ।" [1]

ਇਸੇ ਤਰ੍ਹਾਂ ਇਕ ਹੋਰ ਉਦਾਹਰਣ ਦੇਖੋ :-

> " ਫ਼ਰੀਦ ਕੁਤਬ ਏਕ ਘੜੀ ਨਹੀਂ ਗੁਜਰੀ ਮੁਝ ਪਹਿ ਹਜੂਰਿ ਬਿਨ ਬੈਠਣੀ ਭੀ ਏਕ ਘੜੀ ਨਹੀ ਗੁਜਰੀ । ਯਾ ਨਿਸ਼ਚੇ ਜਾਨਿ । ਇਨ ਨਫਸ ਨੇ ਮੇਰਾ ਸਾਹਿਬ ਨਾ ਰਾਹ ਮਾਲਮ ਹੈ । ਨਫਸ ਇੰਦ੍ਰ ਸਯਾਣਾ ਸੋਈ ਜੋ ਹਰ ਹਵਾਲ ਸ਼ੁਕਰ ਕਰੈ । ਹਰ ਹਵਾਲ ਸ਼ੁਕਰ ਕਰੇਗਾ । ਤਬਿ ਆਪ ਨੇ ਨਫ਼ਸ ਪਰਿ ਕਾਬੂ ਹੋਇਗਾ । ਜਿਨਿ ਆਪਣਾ ਰਾਹਾ ਖਾਏ ਥੈ ਜਵਾਨ । ਸੋਈ ਸੰਸਾਰ ਮੇਂ ਛੁਟਦਾ ਹੈ । ਸਭ ਸੰਸਾਰ ਮੇ ਆਦਮੀ ਸੋ ਹੈ ਜੋ ਇੰਦਰ ਕੇ ਪੀਛੇ ਬਾਵਰਾ ਫਿਰੈ । ਤਿਸ ਨੂੰ ਅਤਿ ਸਾਹਿਬ ਨਾ ਪਾਵੇਗਾ ।" [2]

ਭਾਵ ਇਹ ਹੈ ਕਿ ਇਹ ਪੰਜਾਬੀ, ਵਾਰਤਕ ਨਾਲੋਂ ਹਿੰਦੀ ਜਾਂ ਉਰਦੂ ਦੇ ਜਿਆਦਾ ਨੇੜੇ ਜਾਪਦੀ ਹੈ ।

ਪੂਰਵ ਨਾਨਕ ਕਾਲ ਦੇ ਸਾਹਿਤ ਵਿਚ ਸਾਨੂੰ ਪੰਜਾਬੀ ਸਾਹਿਤ ਦੀਆਂ ਕਈ ਕਿਸਮ ਦੀਆਂ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ । ਉਨ੍ਹਾਂ ਵਿਚ ਵਾਰਤਕ ਕਿਧਰੇ ਵੀ ਨਜ਼ਰ ਨਹੀਂ ਆਉਂਦੀ । ਜਿਵੇਂ :-

ਲੋਕ ਕਾਵਿਧਾਰਾ

ਨਾਥ ਜੋਗੀ ਕਾਵਿਧਾਰਾ

ਸੂਫੀ ਕਾਵਿਧਾਰਾ

ਇਸਲਾਮੀ ਕਾਵਿਧਾਰਾ

ਬੀਰਰਸੀ ਕਾਵਿਧਾਰਾ

---

1. ਨਾਥ ਜੋਗੀਆਂ ਦਾ ਸਾਹਿਤ : ਨਰਿੰਦਰ ਧੀਰ : ਪੰਜਾਬੀ ਸਾਹਿਤ ਦਾ ਇਤਿਹਾਸ : ਭਾਸ਼ਾ ਵਿਭਾਗ, ਦੂਜਾ ਸੰਸਕਰਣ, ਪੰਨਾ 8
2. ਸੂਫ਼ੀ ਸਾਹਿਤ - ਬਾਬਾ ਫ਼ਰੀਦ : ਪ੍ਰਿੰ. ਪ੍ਰੀਤਮ ਸਿੰਘ . ਪੰਜਾਬੀ ਸਾਹਿਤ ਦਾ ਇਤਿਹਾਸ : ਭਾਸ਼ਾ ਵਿਭਾਗ, ਦੂਜਾ ਸੰਸਕਰਣ, ਭਾਗ 1, ਪੰਨਾ 362

ਇਸ ਤਰਾਂ ਪੂਰਬ ਨਾਨਕ ਕਾਲ, ਵਿਚ ਸਾਨੂੰ ਵਾਰਤਕ ਦੀ ਵੰਨਗੀ ਕਿਧਰੇ ਵੀ ਨਜ਼ਰ ਨਹੀਂ ਆਉਂਦੀ ।

ਇਕ ਹੋਰ ਲਿਖਤ ਜਿਹੜੀ ਤੇਰਵੀਂ ਚੌਧਵੀਂ ਸਦੀ ਦੀ ਦੱਸੀ ਜਾਂਦੀ ਹੈ, ਡਾ. ਤਰਲੋਚਨ ਸਿੰਘ ਬੇਦੀ ਪਾਸ " ਏਕਾਦਸੀ ਮਹਾਤਮ " ਹੈ । ਇਸ ਦੀ ਵੀ ਬੋਲੀ ਬਹੁਤ ਪੁਰਾਤਨ ਹੈ । ਇਸ ਦੀ ਬੋਲੀ ਅਸਲ ਵਿਚ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਿਜ ਆਦਿ ਭਾਸ਼ਾਵਾਂ ਦਾ ਮਿਸ਼ਰਤ ਰੂਪ ਜਾਪਦੀ ਹੈ । ਉਦਾਹਰਣ ਵੇਖੋ :-

> " ( [illegible] ) ਤੇ ਜਿ ਪੂਜਾ ਕਰਹਿ, ਸੋ ਤੁਮੇ ਜਪਾ ਕਰੀ ਬੋਲੀ ਹੋਣਾ, ਤਬ ਸ੍ਰੀ ਕ੍ਰਿਸ਼ਨ ਜੀ ਨਾਰਦਾ ਜੀ ਬੋਲਦਾ ਹੋਨ ਹੇ ਪ੍ਰਭੂ ਜੀ ਤੁਮੇ ਏਹਿ ਵਡਿ ਪਵਿਤ੍ਰ ਕਥਾ ਪੂਛੀ ਅਜ ਤਿਨ ਅਸੇ ਕੌਤਿ ਪਾਸ ਨਹੀ ਦਸਿ, ਏਹੀ ਜੋ ਕਥਾ ਹੋਨ ਸੋ ਮਹਾਂ ਗੁਪਤ ਵਾਰਤਾ ਹਨ । ਅਸੇ ਏਹੇ ਕਥਾ ਕੋਇਸਿ ਪਾਸ ਨਹੀਂ ਦਸਿ, ਏਹੀ ਜੋ ਕਥਾ ਹੋਨ ਸੋ ਮਹਾਂ ਗੁਪਤਿ ਵਾਰਤਾ ਹਨ । ਅਤੁ ਹੋਰ ਸੋ ਵਡਿ ਸ੍ਰੇਸ਼ਟ ਹਨ । ਹਰਿ ਕੌਤਕਾ ਜੋ ਕੀ ਪੂਜਾ ਕਰਹਿ । ਏਹਿ ਇਸ ਏਕਾਦਸਿ ਕਾ ਹੋਵਤਾ ਹਨ । ਤਾਂ ਉਹ ਸ੍ਰੀ ਕ੍ਰਿਸ਼ਨ ਜੀ ਕਥਾ ਬੋਲਦਾ ਹੋਨ ।" [1]

ਇਸ ਪ੍ਰਕਾਰ ਜਦੋਂ ਅਸੀਂ ਇਸ ਤੇ ਝਾਤੀ ਮਾਰਦੇ ਹਾਂ ਜਾਂ ਇਸ ਦੀਆਂ ਵਿਸ਼ੇਸ਼-ਤਾਈਆਂ ਵੇਖਦੇ ਹਾਂ ਤਾਂ ਇਹ ਰਚਨਾ ਵੀ ਅਸਲ ਵਿਚ ਪੰਜਾਬੀ ਦੀ ਨਹੀਂ ਜਾਪਦੀ । [illegible] ਤੌਰ ਦੇ ਅਧਿਐਨ ਅਨੁਸਾਰ ਪੂਰਬ ਨਾਨਕ ਕਾਲ ਵਿਚ ਪੰਜਾਬੀ ਵਿਚ ਹੋਈ ਵਾਰਤਕ ਆਪਣੇ ਅਸਲੀ ਰੂਪ ਵਿਚ ਪ੍ਰਾਪਤ ਨਹੀਂ ਹੁੰਦੀ । ਜਦ ਰਚਨਾ ਅਸਲ ਵਿਚ ਅਰਬੀ, ਫਾਰਸੀ, ਹਿੰਦੀ ਆਦਿ ਭਾਸ਼ਾਵਾਂ ਵਿਚ ਹੀ ਪ੍ਰਾਪਤ ਹੁੰਦੀ ਹੈ । ਪੰਜਾਬੀ ਦਾ ਤਾਂ ਉਸ ਵਿਚ ਟਾਂਵਾਂ ਟਾਂਵਾਂ ਹੀ ਕੋਈ ਵਾਕ ਹੈ ।

ਪਰ ਜੇ ਅਸੀਂ ਪ੍ਰੋ. ਪੂਰਨ ਸਿੰਘ ਦੀ ਇਸ ਉਕਤੀ ਦਾ ਹੀ ਅਧਿਐਨ ਕਰੀਏ " ਪੰਜਾਬੀ ਗੁਰੂ ਨਾਨਕ ਦੇਵ ਜੀ ਦੇ ਮੰਗਲਾਂ ਭਰਪੂਰ ਪ੍ਰਿਤਾਂ ਦੀਆਂ ਛਾਵਾਂ ਵਿਚ ਪਲਿਆ । ਕਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੱਥ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੱਖੇ

1. ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਪੰਜਾਬੀ ਦਾ ਆਲੋਚਨਾਤਮਕ ਅਧਿਐਨ, ਡਾ. ਤਰਲੋਚਨ ਸਿੰਘ ਬੇਦੀ, ਪੰਨਾ 30

ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੇਤ ਨਾਲ ਖਿਲਰੇ ਸਨ ।"[1] ਤਾਂ ਕੁਝ ਹੋਰ ਤੱਥ ਵੀ ਸਾਡੇ ਸਾਹਮਣੇ ਆਉਂਦੇ ਹਨ ।

ਇਸ ਕਥਨ ਦੇ ਆਧਾਰ ਤੇ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਾਰਤਕ ਦਾ ਜਨਮ ਕਾਲ ਸਹਿਜੇ ਹੀ ਮਿਥ ਸਕਦੇ ਹਾਂ । ਵਾਰਤਕ ਰਚਨਾ ਆਪਣੇ ਅਸਲੀ ਰੂਪ ਵਿਚ ਅਸਲ ਵਿਚ ਲਿਖੀ ਹੀ ਗੁਰੂ ਨਾਨਕ ਕਾਲ ਵਿਚ ਗਈ । ਕਿਉਂਕਿ ਉਸ ਤੋਂ ਪਹਿਲਾਂ ਕਵਿਤਾ ਵਿਚ ਰਚਨਾ ਕਰਨੀ ਹੀ ਪ੍ਰਚਲਿਤ ਸੀ । ਗੁਰੂ ਨਾਨਕ ਕਾਲ ਵਿਚ ਵਾਰਤਕ ਰਚਨਾ ਕਰਨ ਦੀ ਲੋੜ ਇਸ ਲਈ ਮਹਿਸੂਸ ਹੋਈ ਕਿ ਇਕ ਤਾਂ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂਆਂ ਦੀਆਂ ਸਾਖੀਆਂ, ਬਚਨਾਂ ਆਦਿ ਨੂੰ ਸਾਂਭਣ ਦੀ ਲੋੜ ਸੀ, ਜੋ ਕਿ ਵਾਰਤਕ ਵਿਚ ਹੀ ਸੰਭਵ ਹੋ ਸਕਦੀ ਹੈ । ਦੂਜੇ ਦਾਰਸ਼ਨਿਕ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਕਵਿਤਾ ਨਾਲੋਂ ਵਾਰਤਕ ਜਿਆਦਾ ਮੇਚ ਹੁੰਦੀ ਹੈ ।

ਇਸ ਦੇ ਨਾਲ ਹੀ ਜਿਉਂ ਬੌਧਿਕ ਤੇ ਤਰਕਸ਼ੀਲ ਯੁੱਗ ਆਉਂਦਾ ਹੈ, ਵਾਰਤਕ ਹੋਂਦ ਵਿਚ ਆਉਂਦੀ ਹੈ । ਇਸ ਤਰ੍ਹਾਂ ਵਾਰਤਕ ਦਾ ਆਰੰਭਕ ਯੁੱਗ ਜੋ ਗੁਰੂ ਨਾਨਕ ਕਾਲ ਬਣਦਾ ਹੈ ਭਾਵੇਂ ਪੂਰੀ ਤਰ੍ਹਾਂ ਤਰਕ ਦਾ ਯੁੱਗ ਨਹੀਂ ਸੀ, ਪਰ ਇਹ ਸ਼ਰਧਾ ਭਰਿਆ ਕਾਲ ਜ਼ਰੂਰ ਸੀ । ਜਿਸ ਵਿਚ ਕਿ ਆਪਣੇ ਧਰਮ ਦੇ ਆਗੂਆਂ ਦੀਆਂ ਜੀਵਨੀਆਂ ਨੂੰ ਦੂਜੇ ਧਰਮ ਦੇ ਆਗੂਆਂ ਨਾਲੋਂ ਸ੍ਰੇਸ਼ਟ ਪੇਸ਼ ਕਰਨ ਲਈ ਥੋੜ੍ਹੇ ਬਹੁਤੇ ਤਰਕ ਦੀ ਜ਼ਰੂਰ ਲੋੜ ਹੁੰਦੀ ਹੈ, ਜੋ ਕਿ ਵਾਰਤਕ ਵਿਚ ਹੀ ਸੰਭਵ ਹੋ ਸਕਦਾ ਹੈ । ਵੈਸੇ ਤਾਂ ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਪੰਜਾਬੀ ਸਾਹਿਤ ਵਿਚ ਕਵਿਤਾ ਪ੍ਰਾਚੀਨ ਕਾਲ ਤੋਂ ਹੀ ਆਪਣੇ ਅਮੀਰ ਰੂਪ ਵਿਚ ਮਿਲਦੀ ਹੈ । ਪਰ ਵਾਰਤਕ ਦਾ ਵਿਕਾਸ ਗੁਰੂ ਨਾਨਕ ਸਾਹਿਬ ਦੇ ਵਿਕਾਸ ਤੇ ਪ੍ਰਕਾਸ਼ ਨਾਲ ਹੋਇਆ । ਇਸ ਕਾਲ ਵਿਚ ਹੀ ਵਾਰਤਕ ਵਿਚ ਗੁਰੂਆਂ ਦੀਆਂ ਸਾਖੀਆਂ ਲਿਖੀਆਂ ਗਈਆਂ । ਗੁਰੂਆਂ ਦੇ ਸ਼ਬਦਾਂ ਦੀ ਵਿਆਖਿਆ ਕੀਤੀ ਗਈ ਤੇ ਉਨ੍ਹਾਂ ਦੀ ਬਾਣੀ ਦੇ ਟੀਕੇ ਕੀਤੇ ਗਏ । ਅਸਲ ਵਿਚ ਪੰਜਾਬੀ ਵਾਰਤਕ ਸਾਹਿਤ ਦੀ ਵੰਨਗੀ ਵੀ ਇਸ ਕਾਲ ਤੋਂ ਸ਼ੁਰੂ ਹੋਈ ਜੋ ਕਿ ਬਾਕੀ ਪੰਜਾਬੀ ਸਾਹਿਤ ਦੀਆਂ ਵੰਨਗੀਆਂ ਦਾ ਇਕ ਤਰ੍ਹਾਂ ਦਾ ਮੱਧ ਕਾਲ ਬਣਦਾ ਹੈ ।

---

1. ਪ੍ਰੋ. ਪੂਰਨ ਸਿੰਘ, ਖੁੱਲ੍ਹੇ ਲੇਖ, ਪੰਨਾ 182

ਇਹ ਹੀ ਕਾਰਨ ਹੈ ਕਿ ਪੰਜਾਬੀ ਗੈਰ ਸਾਹਿਤ ਦਾ ਪ੍ਰਾਚੀਨ ਕਾਲ ਮਿਥਣ ਸਮੇਂ ਅਸਲ ਵਿਚ ਇਹ ਪੰਜਾਬੀ ਸਾਹਿਤ ਦੇ ਮੱਧ ਕਾਲ ਤੱਕ ਪਹੁੰਚ ਜਾਂਦਾ ਹੈ । ਅਸਲ ਵਿਚ ਵਾਰਤਕ ਲਿਖੀ ਹੀ ਮੱਧ ਕਾਲ ਵਿਚ ਗਈ ।

ਪ੍ਰੋ. ਪੂਰਨ ਸਿੰਘ ਦਾ ਇਹ ਕਥਨ ਪੰਜਾਬੀ ਵਾਰਤਕ ਦੇ ਇਤਿਹਾਸ ਤੇ ਪੂਰੀ ਤਰ੍ਹਾਂ ਢੁੱਕਦਾ ਹੈ ਜਿਸ ਵਿਚ ਉਸ ਅਨੁਸਾਰ, " ਨਸਰ ਪੰਜਾਬ ਦੇ ਫਕੀਰਾਂ ਖਾਸ ਕਰਕੇ ਸਿੱਖ ਫਕੀਰਾਂ ਦੇ ਹੱਥਾਂ ਵਿਚ ਪਲੀ ਤੇ ਵੱਡੀ ਹੋਈ "।[1] ਇਸ ਕਥਨ ਨੂੰ ਅਸੀਂ ਪੰਜਾਬੀ ਵਾਰਤਕ ਦਾ ਇਤਿਹਾਸ ਮਿਥਣ ਲਈ ਪੇਸ਼ ਕਰ ਸਕਦੇ ਹਾਂ ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬੀ ਵਾਰਤਕ ਅਸਲ ਸ਼ਬਦਾਂ ਵਿਚ ਲਿਖੀ ਹੀ ਗੁਰੂ ਨਾਨਕ ਕਾਲ ਵਿਚ ਗਈ । ਇਸ ਤਰ੍ਹਾਂ ਪੁਰਾਤਨ ਵਾਰਤਕ ਦੇ ਲਿਖਤੀ ਨਮੂਨੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦੇਸ਼ਾਂ ਤੇ ਸਿਰਲੇਖਾਂ ਦੇ ਰੂਪ ਵਿਚ ਉਪਲਬਧ ਹੁੰਦੇ ਹਨ । ਇਹ ਗੁਰੂਆਂ ਵਲੋਂ ਬਾਣੀ ਪੜ੍ਹਨ ਲਈ ਕੀਤੇ ਗਏ ਆਦੇਸ਼ ਹਨ । ਜਿਨ੍ਹਾਂ ਦੇ ਨਮੂਨੇ ਇਸ ਪ੍ਰਕਾਰ ਹਨ ।

(1) " ਵਡਹੰਸ ਦੀ ਵਾਰ ਮਹਲ ਲਲਾਂ ਬਹਿਲੀਮਾਂ ਕੀ ਧੁਨਿ ਗਾਵਣੀ ।"[2]

ਉਕਤ ਵਿਸ਼ਲੇਸ਼ਣ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਨਾਨਕ ਕਾਲ ( ਜੋ ਕਿ ਮੱਧ ਕਾਲ ਬਣਦਾ ਹੈ ) ਹੀ ਵਾਰਤਕ ਰਚਨਾ ਦਾ ਜਨਮ ਕਾਲ ਹੈ । ਗੁਰੂ ਗ੍ਰੰਥ ਸਾਹਿਬ ਦੀਆਂ ਸਾਖੀਆਂ, ਗੋਸ਼ਟਾਂ, ਟੀਕੇ, ਪਰਮਾਰਥ ਆਦਿ ਲਿਖਣ ਤੋਂ ਪਹਿਲਾਂ ਵੀ ਵਾਰਤਕ ਆਪਣੇ ਪੰਜਾਬੀ ਰੂਪ ਵਿਚ ਮੌਜੂਦ ਸੀ, ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਹੀ ਆਦੇਸ਼ਾਂ ਤੇ ਸਿਰਲੇਖਾਂ ਦੇ ਰੂਪ ਵਿਚ ਉਪਲਬਧ ਹੁੰਦੀ ਹੈ । ਭਾਵੇਂ ਇਹ ਕਵਿਤਾ ਵਾਂਗ ਅਜੇ ਪੂਰੀ ਤਰ੍ਹਾਂ ਪ੍ਰਫੁੱਲਿਤ ਨਹੀਂ ਸੀ ਹੋਈ ।

ਇਸ ਤੋਂ ਇਲਾਵਾ ਗੁਰੂ ਨਾਨਕ ਕਾਲ ਵਿਚ ਜਿਹੜੀ ਵਾਰਤਕ ਲਿਖੀ ਗਈ ਵਧੇਰੇ ਧਾਰਮਿਕ ਵਿਸ਼ਿਆਂ ਉੱਤੇ ਲਿਖੀ ਗਈ । ਇਸ ਤੋਂ ਪਹਿਲਾਂ ਵਾਰਤਕ ਵਿਚ ਰਚਨਾ ਕਰਨ ਦੀ ਕਿਸੇ ਨੇ ਵੀ ਕੋਸ਼ਿਸ਼ ਨਹੀਂ ਕੀਤੀ, ਕਿਉਂਕਿ ਸਮੇਂ ਦੀ ਲੋੜ ਹੀ ਅਜਿਹੀ ਸੀ ਕਿ ਵਿਦਵਾਨਾਂ ਦਾ ਇਸ ਪਾਸੇ ਖਿਆਲ ਨਹੀਂ ਗਿਆ । ਪਰ ਹੁਣ ਇਸ ਪਾਸੇ ਪਹੁੰਚ ਕੇ ਸਮੇਂ ਦੀ ਮੰਗ ਨੇ ਥੋੜ੍ਹਾ

---

1. ਪ੍ਰੋ. ਪੂਰਨ ਸਿੰਘ , ਖੁੱਲ੍ਹੇ ਲੇਖ, ਪੰਨਾ 182
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 585

ਪਾਸਾ ਪਲਟਿਆ । ਹੁਣ ਜਦ ਸਾਹਿਤ ਰਚਨਾ ਕਵਿਤਾ ਵਿਚ ਲਿਖੇ ਜਾਣ ਦੀ ਥਾਂ ਵਾਰਤਕ ਵਿਚ ਲਿਖੇ ਜਾਣ ਦੀ ਲੋੜ ਮਹਿਸੂਸ ਹੋਣ ਲੱਗੀ, ਕਿਉਂਕਿ ਸਾਖੀਆਂ, ਗੋਸ਼ਟਾਂ, ਟੀਕਿਆਂ ਤੇ ਧਾਰਮਿਕ ਵਿਸ਼ਿਆਂ ਆਦਿ ਨੂੰ ਕਵਿਤਾ ਨਾਲੋਂ ਵਾਰਤਕ ਵਿਚ ਵਧੇਰੇ ਚੰਗੀ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ । ਜੁਗ ਵੀ ਜਿਉਂ ਜਿਉਂ ਸਮਾਂ ਉੱਨਤੀ ਕਰਦਾ ਜਾਂਦਾ ਹੈ ਅਤੇ ਤਰਕ ਦਾ ਯੁੱਗ ਆਉਂਦਾ ਜਾਂਦਾ ਹੈ ਤਿਉਂ ਤਿਉਂ ਸਾਹਿਤ ਵਿਚ ਵਾਰਤਕ ਦੀ ਲੋੜ ਅਨੁਭਵ ਹੋਣ ਲੱਗਦੀ ਹੈ । ਇਹ ਇਕ ਹਕੀਕਤ ਹੈ । ਇਸ ਕਾਲ ਦੀਆਂ ਵਾਰਤਕ ਵਿਚ ਲਿਖੀਆਂ ਪ੍ਰਸਿੱਧ ਸਾਖੀਆਂ ਇਹ ਹਨ ।

1. ਪੁਰਾਤਨ ਜਨਮਸਾਖੀ
2. ਭਾਈ ਬਾਲੇ ਵਾਲੀ ਜਨਮਸਾਖੀ
3. ਭਾਈ ਮਿਹਰਬਾਨ ਵਾਲੀ ਜਨਮਸਾਖੀ ।

ਇਹ ਸਾਖੀਆਂ ਅਸਲ ਵਿਚ ਇਕ ਹੀ ਸਾਖੀ ਦਾ ਬਦਲਿਆ ਹੋਇਆ ਰੂਪ ਹਨ ।

ਭਾਈ ਬਾਲੇ ਵਾਲੀ ਜਨਮਸਾਖੀ ਦੇ ਆਦਿ ਵਿਚ ਆਦਿ ਕਾਲ ( 1535 ਈ.) ਦਿੱਤਾ ਹੋਇਆ ਹੈ । ਪਰ ਇਹ ਠੀਕ ਨਹੀਂ ਦਿਖਾਈ ਦਿੰਦਾ । ਪੁਰਾਤਨ ਜਨਮਸਾਖੀ ਦਾ ਅਧਿਐਨ ਕਰਨ ਤੋਂ ਇਹ 1625 ਈ. ਤੋਂ ਪਹਿਲਾਂ ਦੀ ਰਚੀ ਗਈ ਜਾਪਦੀ ਹੈ । ਮਿਹਰਬਾਨ ਵਾਲੀ ਜਨਮਸਾਖੀ ਦਾ ਰਚਨਾ ਕਾਲ 1619 ਈ. ਤੋਂ 1829 ਈ. ਦੇ ਵਿਚਕਾਰ ਮੰਨਿਆ ਜਾ ਸਕਦਾ ਹੈ ।

ਜਨਮ ਸਾਖੀਆਂ ਦੇ ਨਾਲ ਨਾਲ ਗੋਸ਼ਟੀਆਂ ਤੇ ਟੀਕੇ ਆਦਿ ਵੀ ਰਚੇ ਗਏ ਹਨ । ਗੋਸ਼ਟਿਆਂ ਵਿਚੋਂ ਪ੍ਰਸਿੱਧ ਇਹ ਹਨ ।

1. ਮੱਕੇ ਦੀ ਗੋਸ਼ਟਿ
2. ਗੋਸ਼ਟਿ ਜਿਤੇ ਰੰਧਾਵੇ ਦੀ
3. ਗੋਸ਼ਟਿ ਜਨਕ ਨਾਲ
4. ਨਿਰੰਜਨ ਨਾਲ ਗੋਸ਼ਟਿ
5. ਗੋਸ਼ਟਿ ਰੁੱਕਣ ਨਾਲ
6. ਕਲਜੁੱਗ ਨਾਲ ਗੋਸ਼ਟਿ
7. ਬਾਬਾ ਨਾਲ ਨਾਲ ਗੋਸ਼ਟਿ

8. ਗੋਰਖ ਨਾਲ ਗੋਸ਼ਟਿ
9. ਗੋਸ਼ਟਿ ਗੋਰਖ ਭਰਥਰੀ ਨਾਲ
10. ਗੋਸ਼ਟਿ ਸ੍ਰੀ ਕ੍ਰਿਸ਼ਨ ।

ਸਿੱਖ ਗੁਰੂ ਸਾਹਿਬਾਨਾਂ ਦੇ ਹੁਕਮਨਾਮੇ ਵੀ ਇਸ ਸਮੇਂ ਦੀ ਵਾਰਤਕ ਵਿੱਚ ਸ਼ਾਮਿਲ ਕੀਤੇ ਜਾ ਸਕਦੇ ਹਨ । ਭਾਵੇਂ ਇਹ ਕਿਸੇ ਸਾਹਿਤਕ ਦ੍ਰਿਸ਼ਟੀਕੋਨ ਤੋਂ ਨਹੀਂ ਲਿਖੇ ਗਏ ਤਾਂ ਵੀ ਇਹ ਵਾਰਤਕ ਦੇ ਵਿਕਾਸ ਵਿੱਚ ਇਕ ਪੜਾਅ ਜ਼ਰੂਰ ਹਨ ।

ਪੁਰਾਤਨ ਵਾਰਤਕ ਦਾ ਸਮਾਂ ਗੁਰੂ ਨਾਨਕ ਕਾਲ ਤੱਕ ਚਲਦਾ ਰਿਹਾ । ਇਸ ਕਾਲ ਵਿੱਚ ਸਾਖੀਆਂ, ਗੋਸ਼ਟਾਂ, ਟੀਕਿਆਂ ਆਦਿ ਦੇ ਰੂਪ ਵਿੱਚ ਵਾਰਤਕ ਨੇ ਸਫ਼ਰ ਕੀਤਾ ਅਤੇ ਵਾਰਤਕ ਆਪਣੀ ਅਸਲੀ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਵਧਣ ਲੱਗੀ ।

## ਪੰਜਾਬੀ ਵਾਰਤਕ ਰਚਨਾ ਵਿਚ ਭਾਈ ਵੀਰ ਸਿੰਘ ਦਾ ਸਥਾਨ :

ਜਨਮਸਾਖੀਆਂ ਵਰਗੀਆਂ ਰਚਨਾਵਾਂ ਨਾਲ ਵਾਰਤਕ ਰਚਨਾ ਦਾ ਜਨਮ ਤਾਂ ਇਕ ਤਰ੍ਹਾਂ ਨਾਲ ਹੋ ਚੁਕਿਆ ਸੀ, ਪਰ ਇਸ ਦਾ ਵਿਕਾਸ ਤੇ ਸ਼ੁੱਧ ਮੁਹਾਂਦਰਾ ਮੁੱਖ ਰੂਪ ਵਿਚ ਭਾਈ ਵੀਰ ਸਿੰਘ ਦੀਆਂ ਵਾਰਤਕ ਰਚਨਾਵਾਂ ਨਾਲ ਹੀ ਨਿਖਰਨ ਲੱਗਾ । ਡਾ. ਗੁਰਚਰਨ ਸਿੰਘ ਅਨੁਸਾਰ,

> "ਪੰਜਾਬੀ ਦੇ ਵਰਤਮਾਨ ਸਾਹਿਤ ਦੇ ਮੋਢੀ ਹੋਣ ਕਰਕੇ ਭਾਈ ਵੀਰ ਸਿੰਘ ਨਵੀਨ ਪੰਜਾਬੀ ਵਾਰਤਕ ਦੇ ਵੀ ਮੋਢੀ ਹਨ । ਆਪ ਪਹਿਲੇ ਵਾਰਤਕ ਦੇ ਲਿਖਾਰੀ ਹਨ ਜਿਨ੍ਹਾਂ ਦੀ ਵਾਰਤਕ ਸ਼ੈਲੀ ਵਿਚ ਪੁਰਾਣੀ ਪੰਜਾਬੀ ਵਾਰਤਕ ਸ਼ੈਲੀ ਦਾ ਅੰਸ਼ ਕੇਵਲ ਨਾਂ ਮਾਤਰ ਹੀ ਰਹਿ ਗਿਆ ਹੈ ।"[1]

ਆਧੁਨਿਕ ਪੰਜਾਬੀ ਕਵਿਤਾ ਵਾਂਗ ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਵੀ ਭਾਈ ਵੀਰ ਸਿੰਘ ਤੋਂ ਹੋਇਆ ਹੀ ਮੰਨਿਆ ਜਾਂਦਾ ਹੈ । ਅੱਜ ਕੱਲ੍ਹ ਭਾਵੇਂ ਭਾਈ ਵੀਰ ਸਿੰਘ ਜੀ ਵਾਰਤਕ ਲੇਖਕ ਨਾਲੋਂ ਕਵੀ ਦੇ ਤੌਰ ਤੇ ਜ਼ਿਆਦਾ ਚੰਗੀ ਤਰ੍ਹਾਂ ਜਾਣੇ ਜਾਂਦੇ ਹਨ, ਪਰ ਆਪ ਦੇ ਜੀਵਨ ਤੋਂ ਪਤਾ ਲਗਦਾ ਹੈ ਕਿ ਆਪ ਕਵੀ ਤੋਂ ਪਹਿਲਾਂ ਵਾਰਤਕ ਲੇਖਕ ਹਨ । ਆਪ ਨੇ ਆਪਣੇ ਸਾਹਿਤਕ ਜੀਵਨ ਦਾ ਆਰੰਭ ਵਾਰਤਕ ਰਚਨਾ ਤੋਂ ਹੀ ਸ਼ੁਰੂ ਕੀਤਾ ।

ਭਾਈ ਵੀਰ ਸਿੰਘ ਨੇ ਬੇ-ਹਿਸਾਬ ਤੇ ਬੇ-ਸ਼ੁਮਾਰ ਵਾਰਤਕ ਰਚਨਾ ਕੀਤੀ । ਡਾ. ਕ੍ਰਿਪਾਲ ਸਿੰਘ ਅਨੁਸਾਰ,

> "ਪੰਜਾਬੀ ਸਾਹਿਤ ਦੇ ਸਾਰੇ ਇਤਿਹਾਸ ਵਿਚ ਭਾਈ ਵੀਰ ਸਿੰਘ ਜਿਨਾਂ ਕਿਸੇ ਨੇ ਨਹੀਂ ਲਿਖਿਆ ਹੋਵੇਗਾ । ਏਨਾ ਯਾਦਗਾਰੀ ਵਾਲਾ ਕੰਮ ਜੋ ਸਾਹਿਤ ਦੀਆਂ ਨਿੱਕਰ ਨੁੱਕਰਾਂ ਵਿਚ ਫੈਲਾਅ ਦਾ ਕੰਮ ਕੀਤਾ ਹੈ ਕਿਸੇ ਹੋਰ ਨਹੀਂ ਕੀਤਾ । ਉਨ੍ਹਾਂ ਕਵਿਤਾ ਵਿਚ ਮਹਾਂ-ਕਾਵਿ,

---

1. ਡਾ. ਗੁਰਚਰਨ ਸਿੰਘ, ਸਾਹਿਤ ਸਮਾਚਾਰ ਦਾ ਭਾਈ ਵੀਰ ਸਿੰਘ ਅੰਕ, ਪੰਨਾ 294

ਗੀਤ, ਸਰੋਦੀ ਰਚਨਾ, ਬਿਰਤਾਂਤੀ ਕਾਵਿ ਆਦਿ ਰੂਪ ਏਨ-ਸਗੋਂ ਪੁਰਾਤਨ ਤੇ ਨਵੇਂ ਢੰਗਾਂ ਵਿਚ ਰਚੇ। ਗੱਦ ਸਾਹਿਤ ਦੀ ਵੀ ਬੇਸ਼ੁਮਾਰ ਵੰਨਗੀ ਮਿਲਦੀ ਹੈ। ਨਾਵਲ, ਲੇਖ, ਇਤਿਹਾਸਕ ਬਿਰਤਾਂਤ, ਨਾਟਕ, ਜੀਵਨੀ, ਵਿਆਖਿਆ, ਸੰਪਾਦਨਾ, ਕੋਸ਼ਕਾਰੀ, ਸਮਾਲੋਚਨਾ ਆਦਿ ਕੋਈ ਵਾਰਤਕ ਰੂਪ ਨਹੀਂ ਛੱਡਿਆ, ਜਿਸ ਨੂੰ ਭਾਈ ਸਾਹਿਬ ਨੇ ਆਪਣੀ ਕਲਮ ਦੀ ਛੋਹ ਦਾ ਮਾਣ ਨਾ ਬਖਸ਼ਿਆ ਹੋਵੇ।"[1]

ਆਧੁਨਿਕ ਪੰਜਾਬੀ ਗੱਦ ਦੇ ਉਸਾਰੂਆਂ ਵਿਚ ਭਾਈ ਸਾਹਿਬ ਦਾ ਕੀ ਸਥਾਨ ਹੈ? ਇਸ ਗੱਲ ਦਾ ਨਿਰਣੇ ਕਰਨ ਲਈ ਸਾਨੂੰ ਆਪਦੇ ਪੂਰਬ ਅਧਿਕਾਰੀਆਂ, ਸਮਕਾਲੀਨ ਅਧਿਕਾਰੀਆਂ, ਭਾਈ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਆਦਿ ਦੀ ਰਚਨਾ ਨੂੰ ਵਿਚਾਰਨ ਤੋਂ ਹੀ ਹੋ ਸਕਦਾ ਹੈ। ਭਾਈ ਵੀਰ ਸਿੰਘ ਦੇ ਸਮੇਂ ਦੇ ਹੋਰ ਗੱਦ ਲੇਖਕ ਭਾਈ ਮੋਹਨ ਸਿੰਘ ਵੈਦ, ਪ੍ਰਿੰ. ਜੋਧ ਸਿੰਘ, ਆਦਿ ਇਕ ਤਰ੍ਹਾਂ ਆਪ ਦੇ ਹੀ ਉੱਤਰ ਅਧਿਕਾਰੀ ਹਨ। ਇਹ ਭਾਈ ਵੀਰ ਸਿੰਘ ਦੀ ਹੀ ਵੱਡੀ ਘਾਲ ਹੈ ਕਿ ਆਪਣੇ ਪੰਜਾਬੀ ਗੱਦ ਨੂੰ ਧਰਮ-ਭਾਸ਼ਾ ਜਾਂ ਸੰਤ-ਭਾਸ਼ਾ ਦੀ ਕੈਦ ਵਿਚੋਂ ਛੁਡਾ ਕੇ ਪੰਜਾਬ ਦੇ ਖੁਲ੍ਹੇ ਮੈਦਾਨਾਂ ਵਿਚ ਲਿਆ ਖਿਲਾਰਿਆ। ਆਪ ਨੇ ਇਸ ਦੀ ਮਰਿਆਦਾ ਕਾਇਮ ਰੱਖਣੇ ਨਵੀਂ ਨੀਂਹ ਧਰੀ ਹੈ। ਸੰਤ ਸਿੰਘ ਸੇਖੋਂ ਅਨੁਸਾਰ:

> "ਭਾਈ ਸਾਹਿਬ ਦੀ ਗੱਦ ਵਿਚ ਤੁਹਾਨੂੰ ਅਸ਼ੁੱਧ ਸ਼ਬਦ ਰੂਪ ਬਹੁਤ ਘੱਟ ਮਿਲਣਗੇ। ਇਸ ਪੱਖ ਤੋਂ ਮੈਨੂੰ ਆਪ ਦੀ ਰਚਨਾ ਨੂੰ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਦੀ ਗੱਦ ਰਚਨਾ ਨਾਲੋਂ ਵਧੀਆ ਆਖਣ ਵਿਚ ਕੋਈ ਸੰਕੋਚ ਨਹੀਂ।"[2]

ਇਸੇ ਤਰ੍ਹਾਂ ਲੰਮੀ ਗੱਦ ਰਚਨਾ ਦਾ ਰੂਪ ਵੀ ਆਪ ਨੇ ਉਹ ਚੁਣਿਆ ਜੋ ਕਿਸੇ ਨਵੇਂ ਸਾਹਿਤ ਲਈ ਮੋੜ ਹੁੰਦਾ ਹੈ ਜਿਵੇਂ ਇਤਿਹਾਸਕ ਰੋਮਾਂਟਿਕ ਨਾਵਲ।

ਭਾਈ ਵੀਰ ਸਿੰਘ ਨੇ ਪੰਜਾਬੀ ਵਿਚ ਵਾਰਤਕ ਦੀਆਂ ਢੇਰ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਆਪ ਨੇ ਆਪਣੇ ਸਾਹਿਤਕ ਜੀਵਨ ਦਾ ਆਰੰਭ ਵਾਰਤਕ ਤੋਂ ਹੀ ਕੀਤਾ। ਕਵੀ

---

1. ਕਿਰਪਾਲ ਸਿੰਘ ਕਸੇਲ, ਆਧੁਨਿਕ ਗੱਦਕਾਰ, ਪੰਨਾ 67
2. ਪ੍ਰਿੰ. ਸੰਤ ਸਿੰਘ ਸੇਖੋਂ, ਸਾਹਿਤ ਸਮਾਚਾਰ ਦਾ ਭਾਈ ਵੀਰ ਸਿੰਘ ਅੰਕ, ਪੰਨਾ 81

ਰੂਪ ਵਿਚ ਤਾਂ ਆਪ 1905 ਵਿਚ ਸਾਮ੍ਹਣੇ ਆਏ ਜਦੋਂ ਆਪ ਦਾ ਮਹਾਂ ਕਾਵਿ ਰਾਣਾ ਸੂਰਤ ਸਿੰਘ ਪ੍ਰਕਾਸ਼ਿਤ ਹੋ ਗਿਆ ਸੀ ਪਰ ਵਾਰਤਕ ਵਿਚ ਆਪ ਦੀ ਰਚਨਾ ਸੁੰਦਰੀ 1898 ਈ. ਵਿਚ ਹੀ ਛਪ ਚੁਕੀ ਸੀ। ਆਪ ਦੀਆਂ ਸਿੱਖ ਗੁਰੂਆਂ ਬਾਰੇ ਲਿਖੀਆਂ ਜੀਵਨੀਆਂ ਦੀਆਂ ਪੁਸਤਕਾਂ ਨੂੰ ਪ੍ਰਮਾਣਿਕ ਮੰਨਿਆ ਗਿਆ ਹੈ। ਆਪ ਦੀਆਂ ਮਹਾਨ ਵਾਰਤਕ ਰਚਨਾਵਾਂ ਦਾ ਕਾਲ-ਕ੍ਰਮ ਹੇਠ ਲਿਖੇ ਅਨੁਸਾਰ ਹੈ।

| | |
|---|---|
| 1898 | "ਸੁੰਦਰੀ" ਜਿਹੜਾ ਪੰਜਾਬੀ ਦਾ ਪਹਿਲਾ ਨਾਵਲ ਮੰਨਿਆ ਗਿਆ ਹੈ। ਜੋ ਅਠਾਰ੍ਹਵੀਂ ਸਦੀ ਦੇ ਸਿੱਖਾਂ ਦੀ ਜ਼ਿੰਦਗੀ ਨੂੰ ਚਿਤਰਦਾ ਹੈ। |
| 1899 - 1900 | ਬਿਜੈ ਸਿੰਘ ਅਤੇ ਸਤਵੰਤ ਕੌਰ, ਭਾਗ - 1 |
| 1910 | ਰਾਜਾ ਲਖਦਾਤਾ ਸਿੰਘ |
| 1916 | ਭਰਥਰੀ ਹਰੀ ਤੇ ਨੀਤੀਸ਼ਤਕ |
| 1921 | ਬਾਬਾ ਨੌਧ ਸਿੰਘ |
| 1925 | ਕਲਗੀਧਰ ਚਮਤਕਾਰ, ਗੁਰੂ ਗੋਬਿੰਦ ਸਿੰਘ ਦੀ ਜੀਵਨੀ। |
| 1926-35 | ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਵਿਆਖਿਆ। |
| 1927 | ਗੁਰੂ ਗ੍ਰੰਥ ਕੋਸ਼ - ਏ ਡਿਕਸ਼ਨਰੀ ਆਫ਼ ਗੁਰੂ ਗ੍ਰੰਥ ਕੋਸ਼। ਸਤਵੰਤ ਕੌਰ, ਭਾਗ 2 |
| 1928 | ਗੁਰੂ ਨਾਨਕ ਚਮਤਕਾਰ, ਗੁਰੂ ਨਾਨਕ ਦੇਵ ਦੀ ਜੀਵਨੀ। |
| 1944 | ਭਾਈ ਗੁਰਦਾਸ, ਉਨ੍ਹਾਂ ਦਾ ਜੀਵਨ ਅਤੇ ਵਿਆਖਿਆ। |
| 1951 | ਅਸ਼ਟ ਗੁਰ ਚਮਤਕਾਰ, ਭਾਗ 2 |
| 1953 | ਗੁਰੂ ਗ੍ਰੰਥ ਸਾਹਿਬ ਦੇ ਵਿਚਾਰਾਂ ਦੀ ਲੜੀ ਜਿਹੜੀ ਉਨ੍ਹਾਂ ਦੀ ਮੌਤ ਤੋਂ ਬਾਅਦ ਪ੍ਰਕਾਸ਼ਿਤ ਹੋਈ। |
| 1893 - 1957 | ਤਕ ਲਗਭਗ 1200 ਟ੍ਰੈਕਟ, ਨਿਰਗੁਣਿਆਰਾ ਨਾਂ ਥੱਲੇ ਲਿਖੇ। ਖ਼ਾਲਸਾ ਸਮਾਚਾਰ ਵਿਚ ਅਨੇਕਾਂ ਲੇਖ ਤੇ ਰਚਨਾਵਾਂ ਛਪੀਆਂ, ਉਨ੍ਹਾਂ ਵਿਚ ਕਈ ਲੇਖ ਦੀ ਸ਼ਕਲ ਵਿਚ ਹਨ ਜੋ ਵਾਰਤਕ ਦਾ ਅਦੁੱਟ ਭੰਡਾਰ ਹਨ। |

ਉਪਰੋਕਤ ਵਰਣਿਤ ਸਾਰੀਆਂ ਰਚਨਾਵਾਂ ਭਾਈ ਵੀਰ ਸਿੰਘ ਦੁਆਰਾ ਰਚੀ ਗਈ ਵਾਰਤਕ ਦੀ ਸ਼ਕਲ ਵਿਚ ਮਿਲਦੀਆਂ ਹਨ ।

ਜਿਸ ਤਰ੍ਹਾਂ ਉਪਰ ਵਰਨਨ ਕੀਤਾ ਗਿਆ ਹੈ ਕਿ ਭਾਈ ਸਾਹਿਬ ਨੂੰ ਆਮ ਤੌਰ ਤੇ ਆਧੁਨਿਕ ਵਾਰਤਕ ਦਾ ਮੋਢੀ ਲੇਖਕ ਖਿਆਲ ਕੀਤਾ ਜਾਂਦਾ ਹੈ, ਪਰ ਆਪ ਤੋਂ ਪਹਿਲਾਂ ਦੀ ਰਚੀ ਗਈ ਵਾਰਤਕ ਪੜਤਾਲਣ ਤੇ ਇਹ ਕਥਨ ਸਹੀ ਸਿੱਧ ਨਹੀਂ ਹੁੰਦਾ । ਆਧੁਨਿਕ ਵਾਰਤਕ ਦਾ ਆਰੰਭ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਹੋ ਚੁੱਕਾ ਸੀ, ਜਦੋਂ ਲੁਧਿਆਣੇ ਦੇ ਈਸਾਈ ਮਿਸ਼ਨਰੀਆਂ ਨੇ ਪੰਜਾਬੀ ਦਾ ਪਹਿਲਾ ਵਿਆਕਰਣ ਅਤੇ ਸ਼ਬਦ ਕੋਸ਼ ਤਿਆਰ ਕੀਤਾ ਸੀ । ਵਿਆਕਰਣ ਤੇ ਕੋਸ਼ ਕਿਸੇ ਵੀ ਵਾਰਤਕ ਦੇ ਵਿਕਾਸ ਲਈ ਮੁੱਢਲੀ ਲੋੜ ਹੁੰਦੀ ਹੈ । ਇਹ ਸਹਿਜੀ ਤੇ ਸਾਧਨ ਆਧੁਨਿਕ ਵਾਰਤਕ ਦੀ ਉਪਜ ਤੇ ਪ੍ਰਫੁੱਲਤਾ ਲਈ ਸਹਾਇਕ ਸਨ । ਇਸ ਦੇ ਨਾਲ ਹੀ ਪੰਜਾਬੀ ਦੇ ਸਭ ਤੋਂ ਪਹਿਲੇ ਆਧੁਨਿਕ ਵਾਰਤਕ ਲੇਖਕ ਪੰਡਿਤ ਸ਼ਰਧਾ ਰਾਮ ਨੇ ਵੀ ਦੋ ਪੁਸਤਕਾਂ ਲਿਖ ਦਿੱਤੀਆਂ ਸਨ " ਸਿੱਖਾਂ ਦੇ ਰਾਜ ਦੀ ਵਿਥਿਆ " (1866 ਈ. ) ਅਤੇ " ਪੰਜਾਬੀ ਬਾਤ ਚੀਤ " ( 1875 ਈ. )

ਇਸ ਦੇ ਨਾਲ ਹੀ ਭਾਈ ਵੀਰ ਸਿੰਘ ਤੋਂ ਪਹਿਲਾਂ ਹੇਠ ਲਿਖੇ ਵਾਰਤਕ ਲੇਖਕ ਆਧੁਨਿਕ ਢੰਗ ਦੀ ਵਾਰਤਕ ਲਿਖਣ ਵਿਚ ਆਪਣੀ ਕਲਾ ਅਜ਼ਮਾ ਚੁੱਕੇ ਸਨ ।

(1) ਬਿਹਾਰੀ ਲਾਲ ਪੁਰੀ ਜਿਸ ਨੇ ਡਾ. ਚਰਨ ਸਿੰਘ ਨਾਲ ਰਲਕੇ ਸਭ ਤੋਂ ਪਹਿਲੀ ਪਾਠ ਪੁਸਤਕ " ਵਿਦਿਆ ਰਤਨਾਕਰ " ਲਿਖੀ । ਇਹ ਵਾਰਤਕ ਆਧੁਨਿਕ ਢੰਗ ਦੀ ਆਰੰਭਿਕ ਉਦਾਹਰਣ ਹੈ ।

(2) ਗਿ. ਦਿੱਤ ਸਿੰਘ ਨੇ ਪੱਤਰਕਾਰੀ ਢੰਗ ਦੀ ਵਾਰਤਕ ਤੋਂ ਬਿਨ੍ਹਾਂ ਬਹੁਤ ਸਾਰੇ ਟ੍ਰੈਕਟ ਵੀ ਲਿਖੇ ਸਨ ।

(3) ਓਰੀਐਂਟਲ ਕਾਲਜ ਦੇ ਸਭ ਤੋਂ ਪਹਿਲੇ ਪ੍ਰੋ. ਗੁਰਮੁਖ ਸਿੰਘ ਨੇ ਟ੍ਰੈਕਟ ਰੂਪ ਅਤੇ ਸੰਪਾਦਕੀ ਢੰਗ ਦੀ ਵਾਰਤਕ ਰਚਨਾ ਕੀਤੀ ।

(4) ਗਿ. ਗਿਆਨ ਸਿੰਘ ਨੇ ਸਿੱਖ ਇਤਿਹਾਸ ਨੂੰ ਪਹਿਲੀ ਵਾਰ ਵਿਸਥਾਰ ਸਹਿਤ ਵਾਰਤਕ ਵਿਚ ਲਿਖਿਆ ।

(5) ਡਾ. ਚਰਨ ਸਿੰਘ ਨੇ " ਮਹਾਰਾਣੀ ਸ਼ਰਣਕੌਰ " ਵਿਚ ਸਮਾਜਿਕ ਵਿਸ਼ੇ ਵਾਲੀ ਕਹਾਣੀ ਅਤੇ ਟਕਸਾਲੀ ਮੁਹਾਵਰੇ ਵਾਲੀ ਵਾਰਤਕ ਰਚਨਾ ਕੀਤੀ ।

ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ 1893 - 94 ਵਿਚ ਜਦੋਂ ਅਜੇ ਭਾਈ ਸਾਹਿਬ ਨੇ ਵਾਰਤਕ ਰਚਨਾ ਲਿਖਣੀ ਆਰੰਭ ਕੀਤੀ, ਉਸ ਤੋਂ ਪਹਿਲਾਂ ਵੀ ਆਧੁਨਿਕ-ਪੰਜਾਬੀ

ਵਾਰਤਕ ਦਾ ਆਰੰਭ ਹੋ ਚੁੱਕਾ ਸੀ । ਇਸ ਦੇ ਬਾਵਜੂਦ ਇਹ ਸੱਚ ਹੈ ਕਿ ਭਾਈ ਸਾਹਿਬ ਨੇ ਆਧੁਨਿਕ ਰੂਪ ਵਿਚ ਸ਼ੁਰੂ ਹੋਈ ਵਾਰਤਕ ਨੂੰ ਵਿਕਾਸ ਤੇ ਪ੍ਰਫੁੱਲਤ ਕਰਨ ਵਿਚ ਇਕ ਮੋਢੀ ਪੰਥਕ ਦਾ ਕੰਮ ਕੀਤਾ । ਭਾਈ ਵੀਰ ਸਿੰਘ ਤੋਂ ਪਹਿਲਾਂ ਵਧੇਰੀ ਵਾਰਤਕ ਕਿਉਂਕਿ ਅਜੇ ਵਾਰਤਕ ਦੇ ਮੁੱਢਲੇ ਦਿਨ੍ਹਾਂ ਵਿਚ ਹੀ ਸੀ । ਭਾਈ ਵੀਰ ਸਿੰਘ ਨੇ ਇਸ ਨੂੰ ਹਰ ਤਰ੍ਹਾਂ ਦਾ ਸਾਹਿਤਕ ਰੂਪ, ਵਿਆਖਿਆ-ਮਈ, ਬਿਰਤਾਂਤਕ, ਕਾਰ-ਵਿਹਾਰੀ ਸ਼ੈਲੀ ਆਦਿ ਗੁਣ ਬਖਸ਼ੇ, ਜਿਨ੍ਹਾਂ ਸਦਕਾ ਇਹ ਸਫਲ ਹੋਈ ਹੈ ।

ਭਾਵ ਇਹ ਹੈ ਕਿ ਭਾਈ ਵੀਰ ਸਿੰਘ ਨੇ ਵਾਰਤਕ ਦੀਆਂ ਆਧੁਨਿਕ ਤੇ ਪੁਰਾਣੀਆਂ ਕੜੀਆਂ ਨੂੰ ਜੋੜਨ ਦਾ ਇਤਿਹਾਸਕ ਕੰਮ ਸਿਰੇ ਚਾੜ੍ਹਿਆ ਸੀ । ਕਿਰਪਾਲ ਸਿੰਘ ਕਸੇਲ ਅਨੁਸਾਰ,

> " ਭਾਈ ਵੀਰ ਸਿੰਘ ਹੀ ਇਕ ਅਜਿਹਾ ਨਾਂ ਹੈ ਜੋ ਪੰਜਾਬੀ ਬੋਲੀ ਤੇ ਸਾਹਿਤ ਦੀਆਂ ਪੁਰਾਣੀਆਂ ਕੜੀਆਂ ਨੂੰ ਨਵੀਆਂ ਨਾਲ ਜੋੜਦਾ ਹੈ, ਜਿਸ ਵਿਚ ਸਦੀਆਂ ਪਹਿਲਾਂ ਦੀਆਂ ਰਵਾਇਤਾਂ ਬੋਲਦੀਆਂ ਤੇ ਨਵਾਂ ਰੂਪ ਧਾਰਦੀਆਂ ਹਨ "। [1]

ਭਾਈ ਵੀਰ ਸਿੰਘ ਦੀ ਆਧੁਨਿਕ ਪੰਜਾਬੀ ਵਾਰਤਕ ਨੂੰ ਦੇਣ ਇਹ ਹੈ ਕਿ ਉਨ੍ਹਾਂ ਆਧੁਨਿਕ ਵਾਰਤਕ ਨੂੰ ਮੁੱਢਲੀ ਅਵਸਥਾ ਤੋਂ ਚੁਕ ਕੇ ਪ੍ਰੋੜ ਅਵਸਥਾ ਤੱਕ ਪਹੁੰਚਾਇਆ । ਇਸ ਨੂੰ ਮਾਂਜਿਆ, ਸਵਾਰਿਆ, ਅਮੁੱਲ ਸ਼ਬਦਾਂ ਅਤੇ ਸਮਾਸਾਂ ਨਾਲ ਭਰਪੂਰ ਕੀਤਾ । ਟਕਸਾਲੀ ਰੂਪ ਅਤੇ ਕੋਮਲ ਛੋਹਾਂ ਬਖਸ਼ੀਆਂ । ਵਿਆਕਰਣਿਕ, ਸਿੱਖਿਆਮਈ ਤੇ ਕਲਾਮਈ ਸ਼ੈਲੀ ਪ੍ਰਦਾਨ ਕੀਤੀ । ਇਸ ਤੋਂ ਬਿਨ੍ਹਾਂ ਆਪਣੇ ਆਧੁਨਿਕ ਪੱਛਮੀ ਵਾਰਤਕ ਦੇ ਨਵੇਂ ਰੂਪ ਪੰਜਾਬੀ ਵਿਚ ਲਿਆਂਦੇ । ਜਿਵੇਂ – ਨਾਵਲ, ਲੇਖ, ਜੀਵਨੀ, ਨਾਟਕ, ਸਮਾਲੋਚਨਾਂ ਆਦਿ ।

ਭਾਈ ਵੀਰ ਸਿੰਘ ਦੀ ਵਾਰਤਕ ਰਚਨਾ ਕਲਾ ਕਲਾ ਨਹੀਂ ਸੀ ਸਗੋਂ ਉਸ ਦਾ ਇਕ ਉਦੇਸ਼ ਵੀ ਸੀ । ਉਨ੍ਹਾਂ ਨੇ ਆਪਣੀ ਸਾਰੀ ਰਚਨਾ ਨੂੰ ਸਿੱਖ ਇਤਿਹਾਸ ਸਾਂਭਣ, ਨਵੇਂ ਸਿਰਿਉਂ ਸੁਚੱਜੀ ਤਰਤੀਬ ਦੇਣ, ਤੇ ਪੰਜਾਬੀ ਬੋਲੀ ਨੂੰ ਉਚਿਆਉਣ ਲਈ ਵਰਤਿਆ ਹੈ । ਆਪ ਦੁਆਰਾ ਕੀਤੀ ਗਈ ਘਾਲਣਾ ਨੂੰ ਵੇਖਦਿਆਂ ਹੋਇਆਂ ਇਹ ਪਤਾ ਲਗਦਾ ਹੈ ਕਿ ਆਪ ਨੇ ਇਸ ਮਹਾਨ ਕੰਮ ਲਈ ਸਾਰਾ ਜੀਵਨ ਲਾ ਦਿੱਤਾ । ਇਹੋ ਕਾਰਨ ਹੈ ਕਿ ਉਨ੍ਹਾਂ ਨੂੰ ਪੰਜਾਬ ਦਾ ਛੇਵਾਂ ਦਰਿਆ ਆਖਿਆ ਜਾਂਦਾ ਹੈ ।" [2]

---

1. ਕਿਰਪਾਲ ਸਿੰਘ ਕਸੇਲ, ਆਧੁਨਿਕ ਵੰਨਰਾਗ, ਪੰਨਾ 66
2. J.S.Guleria : Bhai Vir Singh, A Literary portrait, P-14

ਭਾਈ ਸਾਹਿਬ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਾਡੇ ਸਮੇਂ ਦੇ ਭਾਈ ਗੁਰਦਾਸ ਸਨ । ਡਾ. ਰਤਨ ਸਿੰਘ ਜੱਗੀ ਅਨੁਸਾਰ,

> "ਗੁਰਬਾਣੀ ਦੀ ਕਵਿਤਾ ਰਾਹੀਂ ਵਿਆਖਿਆ ਦਾ ਜੋ ਬੀੜਾ ਭਾਈ ਗੁਰਦਾਸ ਨੇ 17 ਵੀਂ ਸਦੀ ਵਿਚ ਚੁਕਿਆ, ਭਾਈ ਵੀਰ ਸਿੰਘ ਨੇ ਉਸ ਘਾੜੇ ਨੂੰ ਵਾਰਤਕ ਦੇ ਮਾਧਿਅਮ ਦੁਆਰਾ ਬੜੇ ਵਿਸਥਾਰ ਨਾਲ 20 ਵੀਂ ਸਦੀ ਵਿਚ ਸਿਰੇ ਚਾੜ੍ਹਿਆ । ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਭਾਈ ਵੀਰ ਸਿੰਘ ਭਾਈ ਗੁਰਦਾਸ ਦਾ ਆਧੁਨਿਕ ਸੰਸਕਰਣ ਹਨ ।" [1]

ਭਾਈ ਸਾਹਿਬ ਦੀਆਂ ਰਚਨਾਵਾਂ ਦਾ ਵਿਸ਼ਾ ਸਿੱਖੀ ਅਸੂਲਾਂ ਦਾ ਪ੍ਰਚਾਰ, ਸਿੱਖੀ ਨੂੰ ਬਾਕੀ ਧਰਮਾਂ ਨਾਲੋਂ ਉਚਾ ਕਰਨ ਲਈ ਆਦਰਸ਼ਕ ਸਿੱਖੀ ਆਚਰਨ ਪੇਸ਼ ਕਰਨੇ, ਸਿੱਖੀ ਧਰਮ ਤੇ ਸਿੱਖੀ ਅਸੂਲਾਂ ਬਾਰੇ ਬਾਕੀ ਧਰਮਾਂ ਪ੍ਰਤੱਖ ਤੌਰ ਤੇ ਆਰੀਆ ਸਮਾਜ ਵਲੋਂ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕਰਨਾ ਸੀ । ਆਪ ਨੇ ਆਪਣੀਆਂ ਰਚਨਾਵਾਂ ਨੂੰ ਵੀ ਸਿੱਖ ਇਤਿਹਾਸ ਤੇ ਗੁਰਬਾਣੀ ਵਿਚੋਂ ਵੱਧ ਤੋਂ ਵੱਧ ਉਦਾਹਰਣਾਂ ਲੈ ਕੇ ਇਸ ਉਦੇਸ਼ ਨੂੰ ਪ੍ਰਗਟ ਕੀਤਾ ।

ਆਪ ਦਾ ਕੋਈ ਟ੍ਰੈਕਟ ਲੈ ਲਉ, ਕੋਈ ਕਿਤਾਬ ਲੈ ਲਉ, ਇਸ ਘਾੜੇ ਤੋਂ ਬਾਹਰ ਨਹੀਂ ਹੋਵੇਗੀ । ਉਸ ਵਕਤ ਸਮੇਂ ਦੀ ਮੰਗ ਵੀ ਇਹੋ ਸੀ । ਪੰਜਾਬ ਵਿਚ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਕਾਰਨ ਸਿੱਖਾਂ ਦੇ ਫਟਾ ਫਟ ਈਸਾਈ ਬਣਨ ਕਾਰਨ ਧਾਰਮਿਕ ਸਿੱਖ ਸੰਸਥਾਵਾਂ ਵਿਚ ਕਾਫੀ ਹਲਚਲ ਮਚੀ ਹੋਈ ਸੀ । ਸਿੱਖੀ ਦੇ ਪ੍ਰਚਾਰ ਤੇ ਵੱਧ ਤੋਂ ਵੱਧ ਜ਼ੋਰ ਦਿੱਤਾ ਜਾ ਰਿਹਾ ਸੀ । ਡਾ. ਹਰਚਰਨ ਸਿੰਘ ਅਨੁਸਾਰ,

> "ਵਸਤੂ ਦੇ ਪੱਖ ਤੋਂ ਭਾਈ ਸਾਹਿਬ ਦੀ ਵਾਰਤਕ ਧਾਰਮਿਕ, ਇਤਿਹਾਸਕ, ਵਰਣਨੀ ਅਤੇ ਪੱਤਰਕਾਰੀ ਰੰਗ ਦੀ ਹੈ । ਘਾੜੇ ਦੇ ਨੁਕਤੇ ਤੋਂ ਅਸੀਂ ਇਸ ਨੂੰ ਪ੍ਰਚਾਰਮਈ ਤੇ ਵਿਆਖਿਆਮਈ ਕਹਿ ਸਕਦੇ ਹਾਂ ।" [2]

ਭਾਈ ਸਾਹਿਬ ਪਹਿਲੇ ਵਾਰਤਕ ਲਿਖਾਰੀ ਹਨ ਜਿਨ੍ਹਾਂ ਦੀ ਰਚਨਾ ਵਿਚ ਪਹਿਲੀ ਵਾਰੀ ਸੁਲਝੀ ਹੋਈ, ਸਿੱਖਿਆਮਈ, ਕਲਾ ਪੂਰਤ, ਬਹੁ-ਭਾਂਤੀ ਸ਼ੈਲੀ ਦੀ ਵਰਤੋਂ ਮਿਲਦੀ ਹੈ । ਆਪ

1. ਡਾ. ਰਤਨ ਸਿੰਘ ਜੱਗੀ, ਸਾਹਿਤ ਸੋਰਭ, ਪੰਨਾ 52
2. ਡਾ. ਹਰਚਰਨ ਸਿੰਘ, ਭਾਈ ਵੀਰ ਸਿੰਘ ਸਰਬ ਪੱਖੀ ਅਧਿਐਨ, ਪੰਨਾ 65

ਪਹਿਲੇ ਵਾਰਤਕ ਦੇ ਲੇਖਕ ਹਨ ਜਿਨ੍ਹਾਂ ਦੀ ਵਾਰਤਕ ਵਿਚ ਕਾਵਿ ਮਈ ਚੀਜ਼ਾਂ ਦੀ ਪ੍ਰਧਾਨਤਾ ਅਤੇ ਅਲੰਕਾਰਾਂ ਦੀ ਅਧਿਕ ਵਰਤੋਂ ਮਿਲਦੀ ਹੈ । ਇਸ ਤੋਂ ਬਿਨ੍ਹਾਂ ਸੁਹੱਜੀ ਵਾਕ ਰਚਨਾ ਦੀ ਸੂਝ ਅਤੇ ਥੋੜ੍ਹਾਂ ਵੀਚ ਦੀ ਸੁਚੇਤ ਵਰਤੋਂ ਵੀ ਮਿਲਦੀ ਹੈ । ਢੰਗ ਕੀ ਭਾਈ ਸਾਹਿਬ ਦਾ ਲਿਖਣ ਢੰਗ ਸਪਸ਼ਟ, ਸਰਲ ਤੇ ਸਿੱਖਿਆਮਈ ਹੈ । ਨਿੱਕੇ ਨਿੱਕੇ ਫ਼ੁਕਰੇ ਤੇ ਟੁਕੜੇ ਵਾਕ ਆਪ ਦੀ ਵਾਰਤਕ ਦਾ ਸ਼ਿੰਗਾਰ ਹਨ । ਕਈ ਥਾਵਾਂ ਤੇ ਭਾਈ ਸਾਹਿਬ ਦੀ ਵਾਰਤਕ ਵਿਚ ਇੰਨੀ ਲੈ ਤੇ ਰਵਾਨੀ ਆ ਜਾਂਦੀ ਹੈ ਕਿ ਉਹ ਕਾਵਿਮਈ ਹੋ ਜਾਂਦੀ ਹੈ । ਆਪ ਦੀ ਵਾਰਤਕ ਕਵਿਤਾ ਦੇ ਰੂਪ ਵਿਚ ਵਧੇਰੇ ਨਿਖਰ ਆਉਂਦੀ ਹੈ । ਜਿਸ ਦੀ ਇਕ ਉਦਾਹਰਣ ਇਹ ਹੈ । ਜਿਵੇਂ - ਕੀਰਤਨ ਦਾ ਰਸ ਇਕ ਥਾਂ ਤੇ ਏਉਂ ਬਿਆਨ ਕਰਦੇ ਹਨ ।

> " ਕੀਰਤਨ ਵਾਹਿਗੁਰੂ ਦਾ ਕੀਰਤਨ, ਧਾਂ, ਸੁਰ, ਤਾਲ, ਸ਼ਬਦ, ਉੱਚਾ ਕਰਕੇ ਤੇ ਪਿਆਰ ਨਾਲ ਕੀਤੇ ਮਨ ਦਾ ਕੀਰਤਨ, ਇਕ ਜਾਦੂ ਹੈ ਜੋ ਮਨ ਨੂੰ ਮਨ ਤੋਂ ਚੁਕ ਕੇ ਰਸ ਵਿਚ ਇਉਂ ਜਿਉਂ ਲਿਜਾਂਦਾ ਹੈ ਤੇ ਇਕ ਦੇ ਮੰਡਲਾਂ ਵਿਚ ਉਡਾਰੀ ਲਵਾ ਦੇਂਦਾ ਹੈ ।" [1]

ਮੁੱਕਦੀ ਗੱਲ ਇਹ ਹੈ ਕਿ ਭਾਈ ਸਾਹਿਬ ਦੀ ਵਾਰਤਕ ਅਕਾਰ ਤੇ ਮਿਆਰ ਵਿਚ ਏਨੀ ਵਧੇਰੇ ਤੇ ਬੰਨ-ਸੁਵੰਨੀ ਹੈ ਕਿ ਇਸ ਦਾ ਸਹੀ ਅਧਿਐਨ ਕੀਤਿਆਂ ਸਾਡਾ ਸਿਰ ਭਾਈ ਸਾਹਿਬ ਪ੍ਰਤਿ ਸਤਿਕਾਰ ਵਜੋਂ ਝੁਕ ਜਾਂਦਾ ਹੈ ।

ਆਪ ਨੇ ਨਾ ਸਿਰਫ਼ ਆਪਣੀ ਵਾਰਤਕ ਰਚਨਾ ਰਾਹੀਂ ਪੰਜਾਬੀ ਨੂੰ ਅਮੀਰ ਕੀਤਾ ਸਗੋਂ ਆਪ ਦੀ ਵਾਰਤਕ ਨੇ ਆਪ ਤੋਂ ਪਿੱਛੋਂ ਆਉਣ ਵਾਲੀ ਇਕ ਪੂਰੀ ਪੀੜ੍ਹੀ ਨੂੰ ਵੀ ਪ੍ਰਭਾਵਿਤ ਕੀਤਾ ਹੈ ।

---

1. ਖਾਲਸਾ ਟ੍ਰੈਕਟ ਸੋਸਾਇਟੀ, ਟ੍ਰੈਕਟ ਨੰ : 84, ਸੰਨ 1898

## ਪੰਜਾਬੀ ਵਾਰਤਕ ਰਚਨਾ ਵਿਚ ਪ੍ਰੋ. ਪੂਰਨ ਸਿੰਘ ਦਾ ਸਥਾਨ :

ਉਨ੍ਹੀਵੀਂ ਸਦੀ ਤੋਂ ਪਹਿਲਾਂ ਪੰਜਾਬੀ ਵਾਰਤਕ ਸਿਰਫ ਧਾਰਮਿਕ ਵਿਸ਼ਿਆਂ ਤੱਕ ਹੀ ਸੀਮਤ ਸੀ । ਇਹ ਅਧਿਆਤਮਕ ਵਿਸ਼ੇ ਆਮ ਕਰਕੇ ਗੁਰਬਾਣੀ ਦੀ ਵਿਆਖਿਆਵਾਂ ਸਨ । ਜਿਸ ਦੇ ਪ੍ਰਚਲਿਤ ਰੂਪ ਟੀਕੇ, ਪਰਮਾਰਥ, ਗੋਸ਼ਟਾਂ ਦੇ ਰੂਪ ਵਿਚ ਮਿਲਦੇ ਹਨ । ਉਨੀਵੀਂ ਸਦੀ ਦੇ ਅੰਤ ਵਿਚ ਹੀ ਪੰਜਾਬੀ ਵਾਰਤਕ ਨੇ ਪੁਰਾਤਨ ਲੀਹਾਂ ਨੂੰ ਛੋੜਨਾ ਸ਼ੁਰੂ ਕਰ ਦਿੱਤਾ ਸੀ ਅਤੇ ਉਸ ਦੀਆਂ ਸੰਭਾਵਨਾਵਾਂ ਵਧਣ ਲੱਗੀਆਂ ਸਨ, ਉਹ ਪਹਿਲੇ ਰੂਪ ਅਰਥਾਤ ਜਨਮਸਾਖੀਆਂ, ਹੁਕਮਨਾਮੇ, ਵਸੀਹਤਨਾਮੇ, ਰਹਿਤਨਾਮੇ, ਗੋਸ਼ਟਾਂ ਤੇ ਟੀਕਿਆਂ ਦੇ ਘੇਰੇ ਵਿਚੋਂ ਨਿਕਲਣ ਲੱਗ ਪਈ ਸੀ । ਇਸ ਕਾਲ ਦੀ ਸਾਰੀ ਵਾਰਤਕ ਤੇ ਘੋਖਵਾਂ ਵਿਚਾਰ ਸਿੱਧ ਕਰਦਾ ਹੈ ਕਿ ਇਸ ਸਮੇਂ ਦੀ ਵਾਰਤਕ ਆਪਣੇ ਪੂਰਬਵਰਤੀ ਰੂਪ ਤੱਕ ਹੀ ਸੀਮਿਤ ਨਹੀਂ ਸੀ ਸਗੋਂ ਉਸਨੇ ਕਈ ਨਵੀਆਂ ਲੀਹਾਂ ਨੂੰ ਅਪਣਾਕੇ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ ਸੀ ।

ਵਾਰਤਕ ਸਾਹਿਤ ਦੇ ਖੇਤਰ ਵਿਚ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਮੰਨਿਆਂ ਜਾਂਦਾ ਹੈ । ਭਾਈ ਵੀਰ ਸਿੰਘ ਦੀ ਵਾਰਤਕ ਰਚਨਾ ਦਾ ਮੁੱਖ ਆਸ਼ਾ ਪਹਿਲਾਂ ਤੋਂ ਪ੍ਰਚਲਿਤ ਆਸ਼ੇ ਦਾ ਪ੍ਰਚਾਰ ਕਰਨਾ ਹੀ ਰਿਹਾ ਹੈ , ਜਿਸ ਦਾ ਧੁਰਾ ਸਿੱਖ ਮੱਤ ਦੁਆਲੇ ਹੀ ਘੁੰਮਦਾ ਪ੍ਰਤੀਤ ਹੁੰਦਾ ਹੈ । ਆਪ ਨੇ ਇਸ ਆਸ਼ੇ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਰਾਹੀਂ ਪ੍ਰਗਟ ਕੀਤਾ । ਉਸ ਸਮੇਂ ਦੇ ਹਾਲਾਤ ਵੀ ਇਹੋ ਜਿਹੇ ਸਨ ਕਿ ਆਪਣੇ ਮੱਤ ਨੂੰ ਸ੍ਰੇਸ਼ਟ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਸੀ । ਇਹ ਸਿਰਫ ਉਸ ਸਮੇਂ ਚੱਲੀਆਂ ਸਿੰਘ ਸਭਾ ਵਰਗੀਆਂ ਲਹਿਰਾਂ ਦਾ ਹੀ ਪ੍ਰਭਾਵ ਸੀ । ਇਹੋ ਕਾਰਨ ਹੈ ਕਿ ਉਸ ਸਮੇਂ ਵਾਰਤਕ ਵਿਚ ਜਿਹੜੀਆਂ ਵੀ ਰਚਨਾਵਾਂ ਰਚੀਆਂ ਗਈਆਂ ਉਹ ਸਭ ਸਿੱਖ ਅਧਿਆਤਮ ਦੇ ਵਿਸ਼ੇ ਦੁਆਲੇ ਹੀ ਘੁੰਮਦੀਆਂ ਹਨ ।

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਆਖਿਆ ਜਾਂਦਾ ਹੈ । ਪਰ ਆਪ ਦੀ ਵਾਰਤਕ ਰਚਨਾ ਵੀ ਪਹਿਲਾਂ ਤੋਂ ਪ੍ਰਚਲਿਤ ਵਿਸ਼ਿਆਂ ਦੇ ਘੇਰੇ ਅੰਦਰ ਹੀ ਸੀਮਿਤ ਰਹਿੰਦੀ ਹੈ । ਆਪ ਨੇ ਸ਼ੈਲੀ, ਭਾਸ਼ਾ, ਬਣਤਰ ਆਦਿ ਦੇ ਪੱਖੋਂ ਵਾਰਤਕ ਨੂੰ ਇਕ ਨਵੀਨ ਰੂਪ ਪ੍ਰਦਾਨ ਕੀਤਾ ਪਰ ਨਵੀਨ ਵਿਸ਼ੇ ਨਾ ਲਿਆਉਣ ਕਾਰਨ ਆਪ ਦੇ ਹੱਥੋਂ ਇਸ ਦਾ ਵਿਸ਼ਾਲਤ ਵਿਕਾਸ ਨਾ ਦੇ ਬਰਾਬਰ ਹੀ ਹੋਇਆ ਹੈ ।

ਪੰਜਾਬੀ ਵਾਰਤਕ ਵਿਚ ਭਾਈ ਵੀਰ ਸਿੰਘ ਤੋਂ ਬਾਅਦ ਪ੍ਰੋ. ਪੂਰਨ ਸਿੰਘ ਦਾ ਨਾਂ ਆਉਂਦਾ ਹੈ । ਪ੍ਰੋ. ਪੂਰਨ ਸਿੰਘ ਦੇ ਪੰਜਾਬੀ ਵਾਰਤਕ ਖੇਤਰ ਵਿੱਚ ਪ੍ਰਵੇਸ਼ ਕਰਦੇ ਸਾਰ ਹੀ ਪੰਜਾਬੀ ਵਾਰਤਕ ਨੂੰ ਪਰੰਪਰਿਕ ਵਿਸ਼ੇ ਦੀ ਥਾਂ ਤੇ ਨਵੀਨ ਸਾਹਿਤਕ ਵਿਸ਼ੇ ਪ੍ਰਾਪਤ ਹੋ ਗਏ ।

ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਪੱਛਮੀ ਸਾਹਿਤ ਦਾ ਬੜੀ ਨੀਝ ਨਾਲ ਅਧਿਐਨ ਕੀਤਾ ਸੀ । ਇਸ ਲਈ ਉਸ ਨੂੰ ਪੱਛਮੀ ਸਾਹਿਤ ਦੀ ਪਰੰਪਰਾ ਨੇ ਪ੍ਰਭਾਵਿਤ ਕਰਕੇ ਆਪਣਾ ਸ਼ਰਧਾਲੂ ਬਣਾ ਲਿਆ ਸੀ । ਪਰ ਇਸ ਦੇ ਨਾਲ ਹੀ ਉਹ ਭਾਰਤੀ ਸੰਸਕ੍ਰਿਤੀ ਦੀ ਲੰਮੀ ਪਰੰਪਰਾ ਤੋਂ ਵੀ ਚੰਗੀ ਤਰ੍ਹਾਂ ਜਾਣੂ ਸੀ ਤੇ ਉਸ ਦਾ ਅੰਤਹਕਰਣ ਭਾਰਤੀ ਸੰਸਕ੍ਰਿਤੀ ਨਾਲ ਜੁੜਿਆ ਹੋਇਆ ਸੀ ।

ਆਧੁਨਿਕ ਵਾਰਤਕ ਸਾਹਿਤ ਦੇ ਹਰ ਹਰ ਪੱਖ ਤੋਂ ( ਭਾਵ, ਰੂਪਕ, ਵਿਸ਼ੇ ਅਤੇ ਸ਼ੈਲੀ ਪੱਖ ) ਤੋਂ ਯੋਗਦਾਨ ਪਾਉਂਦੇ ਹੋਏ ਪ੍ਰੋ. ਪੂਰਨ ਸਿੰਘ ਨੇ " ਖੁੱਲ੍ਹੇ ਲੇਖ " ਇਕ ਮੌਲਿਕ, ਨਿਵੇਕਲੀ ਅਤੇ ਨਿਰੋਲ ਵਾਰਤਕ ਦੀ ਪੁਸਤਕ ਰਚੀ । ਆਪ ਦੇ ਲੇਖਾਂ ਦੀ ਮੌਲਿਕਤਾ ਨੂੰ ਵੇਖਦੇ ਹੋਏ ਪ੍ਰਿਤਪਾਲ ਸਿੰਘ ਅਜੀਤ ਲਿਖਦਾ ਹੈ,

> " ਪ੍ਰੋ. ਪੂਰਨ ਸਿੰਘ ਨੇ ਆਪਣੀ ਰਚਨਾ ਵਧੇਰੇ ਕਰਕੇ ਕਵਿਤਾ ਵਿਚ ਕੀਤੀ ਪਰ ਤਾਂ ਵੀ ਉਨ੍ਹਾਂ ਦੀ ਇਕ ਵਾਰਤਕ ਪੁਸਤਕ " ਖੁੱਲ੍ਹੇ ਲੇਖ " ਇਤਨੀ ਹਰਮਨ ਪਿਆਰੀ ਹ ਤੇ ਪ੍ਰਸਿੱਧ ਹੋਈ ਕਿ ਪ੍ਰੋ. ਪੂਰਨ ਸਿੰਘ ਨੂੰ ਪੰਜਾਬੀ ਵਾਰਤਕ ਸਾਹਿਤ ਵਿਚ ਰਾਖਵੀਂ ਥਾਂ ਮਿਲਦੀ ਹੈ ।"[1]

ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਵਾਰਤਕ ਸਾਹਿਤ ਵਿਚ ਵਿਲੱਖਣ ਵਿਸ਼ਿਆਂ ਨੂੰ ਨਿਭਾਇਆ । ਆਪਣੇ ਲੇਖਾਂ ਵਿਚ ਵਰਤੇ ਵਿਵਿਧ ਵਿਸ਼ਿਆਂ ਅਤੇ ਆਪਣੀ ਨਿਵੇਕਲੀ ਸ਼ੈਲੀ ਕਾਰਨ ਪੂਰਨ ਸਿੰਘ ਨੂੰ ਪੰਜਾਬੀ ਵਾਰਤਕ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੋਇਆ ਹੈ । ਆਪ ਨੇ ਪੰਜਾਬੀ ਵਾਰਤਕ ਸਾਹਿਤ ਵਿਚ ਪਹਿਲੀ ਵਾਰ ਅਜਿਹੇ ਵਿਸ਼ਿਆਂ ਤੇ ਲਿਖਿਆ ਜਿਨ੍ਹਾਂ ਦਾ ਸਿੱਧਾ ਸੰਬੰਧ ਸਾਹਿਤ ਨਾਲ ਸੀ । ਅਜਿਹੇ ਸੂਖਸ਼ਮ ਸਿਧਾਂਤ ਤੇ ਅਨੁਭਵੀ ਵਿਸ਼ੇ ਇਸ ਤੋਂ ਪਹਿਲਾਂ ਕਿਸੇ ਵੀ ਵਾਰਤਕ ਲਿਖਾਰੀ ਦੀ ਰਚਨਾ ਦਾ ਵਿਸ਼ਾ ਨਹੀਂ ਬਣ ਸਕੇ । ਆਪ ਨੇ ਪਹਿਲੀ ਵਾਰਤਕ ਦੇ ਨਿਬੰਧ ਰੂਪ ਨੂੰ ਇਕ ਨਵਾਂ ਰੂਪ ਪ੍ਰਦਾਨ ਕੀਤਾ । ਪੂਰਨ ਸਿੰਘ ਨੂੰ ਪੰਜਾਬੀ ਵਾਰਤਕ ਸਾਹਿਤ ਵਿਚ ਇਕ ਵਿਲੱਖਣ ਵਾਰਤਕ ਸ਼ੈਲੀ ਪ੍ਰਦਾਨ ਕਰਨ ਵਾਲਾ ਕਰਕੇ ਵੀ ਯਾਦ ਕੀਤਾ ਜਾਂਦਾ ਹੈ ।

---

1. ਪ੍ਰਿਤਪਾਲ ਸਿੰਘ ਅਜੀਤ; ਸਾਹਿਤ ਸਮਾਚਾਰ ਦਾ ਪੂਰਨ ਸਿੰਘ ਅੰਕ; ਪੰਨਾ 274

ਸੁਰਿੰਦਰ ਸਿੰਘ ਅਨੁਸਾਰ,

> ਉਹ ਆਪਣੀ ਸ਼ੈਲੀ ਵਿਚ ਅਮੀਰ ਤੇ ਭਰਪੂਰ ਸੀ । ਉਹ ਚਰਿੱਤਰਧਾਰੀ ਤੇ ਸਦਾਚਾਰਕਤਾ ਦੀ ਕਦਰ ਨੂੰ ਪਰਖਦਾ ਸੀ । ਉਸ ਦੇ ਵਿਚਾਰ ਭਾਵਨਾਵਾਂ ਤੋਂ ਉਪਜਦੇ ਸਨ । ਉਸ ਦਾ ਆਪਣੇ ਹਰ ਸ਼ਬਦ ਵਿਚ ਵਿਸ਼ਵਾਸ ਸੀ ।" [1]

ਆਪ ਦੀਆਂ ਪੰਜਾਬੀ ਵਾਰਤਕ ਵਿਚ ਰਚੀਆਂ ਰਚਨਾਵਾਂ ਨੇ ਆਪ ਨੂੰ ਮਹਾਨ ਵਾਰਤਕ ਲੇਖਕ ਸਿੱਧ ਕੀਤਾ ਅਤੇ ਆਪ ਨੂੰ ਪੰਜਾਬੀ ਵਾਰਤਕ ਵਿਚ ਵਿਲੱਖਣ ਥਾਂ ਦਿਵਾਈ । ਆਪ ਨੂੰ ਵਿਸ਼ੇਸ਼ ਮਹਾਨਤਾ ਇਸ ਕਰਕੇ ਦਿੱਤੀ ਜਾਂਦੀ ਹੈ ਕਿ ਆਪ ਨੇ ਸਿਰਫ਼ ਵਾਰਤਕ ਵਿਚ ਰਚਨਾ ਹੀ ਨਹੀਂ ਕੀਤੀ ਸਗੋਂ ਵਾਰਤਕ ਦੇ ਰੂਪਕ, ਸ਼ੈਲੀ ਤੇ ਵਿਸ਼ਾ ਪੱਖ ਤੋਂ ਨਵੀਆਂ ਲੀਹਾਂ ਪਾਈਆਂ ।

ਪੰਜਾਬੀ ਵਾਰਤਕ ਸਾਹਿਤ ਵਿਚ ਆਪ ਦੀ ਨਿਵੇਕਲੀ ਲੇਖਾਂ ਦੀ ਪੁਸਤਕ " ਖੁੱਲ੍ਹੇ ਲੇਖ " ਹੈ । " ਖੁੱਲ੍ਹੇ ਲੇਖ " ਵਿਚ ਲੇਖਕ ਨੇ ਇਨ੍ਹਾਂ ਲੇਖਾਂ ਦਾ ਮਸਾਲਾ ਨਿਵੇਕਲੇ ਅੰਦਰਲੇ ਨਿਕਾਸਾਂ ਤੋਂ ਲਿਆ ਹੈ । ਇਸ ਤੋਂ ਇਲਾਵਾ ਲੇਖ ਜ਼ਰੂਰੀ ਤੌਰ ਤੇ ਜਾਤੀ ਹੁੰਦੇ ਹਨ । ਲੇਖ ਲੇਖਕ ਦੇ ਆਪਣੇ ਮਸਾਲੇ ਨਾਲ ਭਰਿਆ ਹੁੰਦਾ ਹੈ । ਲੇਖ ਦਾ ਕੇਂਦਰੀ ਤੱਤ ਇਹ ਹੈ ਕਿ ਲੇਖਕ ਦਾ ਮਨ ਤੇ ਆਚਰਨ ਉਸ ਦੇ ਮਜ਼ਬੂਨ ਦੁਆਲੇ ਘੁੰਮਦੇ ਹਨ । ਪੂਰਨ ਸਿੰਘ ਆਪਣੀਆਂ ਵਾਰਤਕ ਰਚਨਾਵਾਂ ਵਿਚ ਸਪਸ਼ਟ ਤੌਰ ਤੇ ਆਪਣਾ ਆਪਾ ਪਾਠਕ ਸਾਹਮਣੇ ਰੱਖਦਾ ਹੈ । ਉਸ ਸਾਹਮਣੇ ਕੋਈ ਰੁਕਾਵਟ, ਉਹਲਾ, ਰਸਮ ਨਹੀਂ ਹੁੰਦੀ । ਇਹੀ ਕਾਰਨ ਹੈ ਕਿ ਪਾਠਕ ਸਹਿਮਤ ਨਾ ਹੁੰਦੇ ਹੋਏ ਵੀ ਪ੍ਰਭਾਵਿਤ ਜ਼ਰੂਰ ਹੋਏ ਹਨ ।

ਆਪ ਦੀ ਵਾਰਤਕ ਰਚਨਾ ਨੂੰ ਮੋਟੇ ਤੌਰ ਤੇ ਮੌਲਿਕ ਤੇ ਅਨੁਵਾਦਿਤ ਸਿਰਲੇਖ ਹੇਠ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ । ਮੌਲਿਕ ਵਾਰਤਕ ਹੇਠ ਲਿਖੇ ਤਿੰਨ ਰੂਪਾਂ ਵਿਚ ਮਿਲਦੀ ਹੈ ।

(ੳ) ਲੇਖ : ਖੁੱਲ੍ਹੇ ਲੇਖ, ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਫੁਟਕਲ ਲੇਖ ।

(ਅ) ਭੂਮਿਕਾਵਾਂ : ਪੂਰਨ ਸਿੰਘ ਦੀਆਂ ਆਪਣੀਆਂ ਪੁਸਤਕਾਂ ਅਤੇ ਦੂਜੇ ਲੇਖਕਾਂ ਦੀਆਂ ਪੁਸਤਕਾਂ ਲਈ ਲਿਖੀਆਂ ਭੂਮਿਕਾਵਾਂ ।

(ੲ) ਰੀਵਿਊ : ਵੱਖ ਵੱਖ ਲੇਖਕਾਂ ਦੀਆਂ ਪੁਸਤਕਾਂ ਲਈ ਲਿਖੇ ਆਲੋਚਨਾਤਮਕ ਲੇਖ ।

ਇਸ ਦੇ ਨਾਲ ਹੀ ਕੁਝ ਰਚਨਾਵਾਂ ਦੇ ਅਨੁਵਾਦ ਵੀ ਕੀਤੇ । ਜਿਸ ਨੂੰ " ਖੁੱਲ੍ਹੇ

---

1. ਸੁਰਿੰਦਰ ਸਿੰਘ; ਸਾਹਿਤ ਸਮਾਚਾਰ ਦਾ ਪੂਰਨ ਸਿੰਘ ਅੰਕ; ਪੰਨਾ 458

ਅਨੁਵਾਦ " ਵੀ ਕਿਹਾ ਜਾਂਦਾ ਹੈ । ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਉਸ ਨੇ ਆਧਾਰ ਤਾਂ ਸ਼ਾਇਦ ਵਿਦੇਸ਼ੀ ਰਚਨਾ ਨੂੰ ਬਣਾਇਆ ਹੈ ਪਰ ਆਪਣੇ ਵਲੋਂ ਆਪਣੇ ਰੰਗ ਵਿਚ ਆ ਕੇ ਉਹ ਲਿਖਣੋਂ ਨਹੀਂ ਰਹਿ ਸਕਿਆ । ਵਾਰਤਕ ਰਚਨਾਵਾਂ ਵਿਚ ਆਪ ਦੀਆਂ ਅਨੁਵਾਦਿਤ ਰਚਨਾਵਾਂ ਇਹ ਹਨ ।

(ੳ) " ਅਨੁਵਾਦਿਤ ਲੇਖ " — ਐਮਰਸਨ ਦੇ ਨਿਬੰਧ " " ਦਾ ਅਨੁਵਾਦ ਹੈ ।

(ਅ) " ਕਲਾਧਾਰੀ ਪੂਜਾ " — ਕਾਰਲਾਈਲ ਦੇ ਨਿਬੰਧ " ਦਾ ਪੰਜਾਬੀ ਅਨੁਵਾਦ ਹੈ ਆਪਣੇ ਨਿਬੰਧਾਂ ਦੇ ਅਨੁਵਾਦ ਹੈ ।

ਆਪ ਨੇ ਨਿਬੰਧਾਂ ਦੇ ਅਨੁਵਾਦ ਤੋਂ ਬਿਨਾਂ ਕੁਝ ਨਾਟਕਾਂ ਤੇ ਨਾਵਲਾਂ ਦਾ ਅਨੁਵਾਦ ਵੀ ਕੀਤਾ ਹੈ । ਜਿਵੇਂ — ( ਅੰਗਰੇਜ਼ੀ ਨਾਵਲਾਂ ਤੋਂ ਅਨੁਵਾਦ ) " ਬਲਦੇ ਦੀਵੇ ", " ਮੋਇਆਂ ਦੀ ਜਾਗ ", ਇਸ ਤਰ੍ਹਾਂ ਹਿੰਦੀ ਭਗੀਰਥ ਦਾ ਪੰਜਾਬੀ ਵਿਚ ਅਨੁਵਾਦ ਪ੍ਰਕਾਸ਼ਨ " ਬਿਪਤਾ ਅੜੀਆਂ, ਨਾਟ ਗੋਏਟੇ ਦੇ " ਫਾਊਸਟ " ਦੇ ਇਕ ਅੰਸ਼ ਦਾ ਅਨੁਵਾਦ ਕੀਤਾ ।

ਕੁਝ ਚਿਰ ਪਹਿਲਾਂ ਵਿਦਵਾਨਾਂ ਦਾ ਸਿਰਫ਼ ਇਹ ਹੀ ਖਿਆਲ ਸੀ ਕਿ ਆਪ ਦੀ ਵਾਰਤਕ ਰਚਨਾ ਸਿਰਫ਼ " ਖੁੱਲ੍ਹੇ ਲੇਖ " ਪੁਸਤਕ ਵਿਚ ਉਪਲਬਧ ਲੇਖਾਂ ਵਿਚ ਮਿਲਦੀ ਹੈ । ਇਹੋ ਕਾਰਨ ਹੈ ਕਿ ਹੁਣ ਤੱਕ ਜਦੋਂ ਵੀ ਪ੍ਰੋ. ਪੂਰਨ ਸਿੰਘ ਦੀ ਵਾਰਤਕ ਰਚਨਾ ਬਾਰੇ ਗੱਲ ਚੱਲੀ ਤਾਂ ਉਸ ਦੀ ਖੁੱਲ੍ਹੇ ਲੇਖ ਵਿਚ ਉਪਲਬਧ ਵਾਰਤਕ ਰਚਨਾ ਨੂੰ ਹੀ ਵਿਚਾਰਿਆ ਗਿਆ । ਪਰ ਇਸ ਤੋਂ ਬਿਨਾਂ ਵੀ ਆਪ ਦੁਆਰਾ ਵਾਰਤਕ ਵਿਚ ਰਚੀਆਂ ਕੁਝ ਰਚਨਾਵਾਂ ਮਿਲਦੀਆਂ ਹਨ । ਪ੍ਰੋ. ਪੂਰਨ ਸਿੰਘ ਦਾ ਭਾਈ ਵੀਰ ਸਿੰਘ ਨਾਲ ਗੂੜ੍ਹਾ ਸੰਬੰਧ ਰਿਹਾ ਹੈ । ਜਿਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲੇਖਕ ਨੇ " ਖਾਲਸਾ ਸਮਾਚਾਰ " ਲਈ ਜ਼ਰੂਰ ਕੁਝ ਨਾ ਕੁਝ ਲਿਖਿਆ ਹੋਵੇਗਾ । " ਖਾਲਸਾ ਸਮਾਚਾਰ ਫਾਈਲ ਵਿਚ ਆਪ ਵਲੋਂ ਰਚੇ ਗਏ ਕਈ ਨਮੂਨੇ ਪ੍ਰਾਪਤ ਹੁੰਦੇ ਹਨ । ਜੋ ਇਸ ਪ੍ਰਕਾਰ ਹਨ ।

(ੳ) ਇਲਾਹੀ ਨੈਣਾਂ ਦਾ ਜੋੜਾ — ਜਨਵਰੀ 1913 ਈ.

ਦਾਤਾ ਸ੍ਰੀ ਗੁਰੂ ਗੋਬਿੰਦ ਸਿੰਘ

| | |
|---|---|
| (ਅ) ਆਤਮ ਰਟਾਅਣ | ਜੂਨ 1913 ਈ. |
| (ੲ) ਸ਼ੌਰਕ | ਜੁਲਾਈ 1913 ਈ. |
| (ਸ) ਬਾਬਾ ਜੀ ਦੇ ਮਿਤਰ | ਨਵੰਬਰ 1914 ਈ. |
| (ਹ) ਹੰਸ ਫੋਗ ਉਤੇ ਰੀਵਿਊ | ਜੁਲਾਈ, ਅਗਸਤ 1915 ਈ. |
| (ਕ) ਕਲਗੀਆਂ ਵਾਲੇ ਦੀ ਛਬੀ | ਜਨਵਰੀ 1916 ਈ. |
| (ਖ) ਮੇਰੀ ਤੇਰੀ ਸਾਂਝਾ ਆਦਰਸ਼ | ਮਈ, ਜੂਨ, ਜੁਲਾਈ 1916 ਈ. |
| (ਗ) ਕੇਸ | ਫਰਵਰੀ 1919 ਈ. |
| (ਘ) ਰਾਜਯ ਵਿਦਿਆ ਦਾ ਰਸ ਚਮਤਕਾਰ | ਜੁਲਾਈ, ਅਗਸਤ 1923 ਈ. |

ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਲੇਖਾਂ ਵਿਚ " ਸਪੂੰਰਨ ਜੀਵਨ ਜਾਂਚ " ਬਾਰੇ ਚਾਨਣਾ ਪਾਇਆ ਗਿਆ ਹੈ ।

ਪੂਰਨ ਸਿੰਘ ਦਾ ਪੰਜਾਬੀ ਵਾਰਤਕ ਰਚਨਾ ਵਿਚ ਸਥਾਨ ਨਿਸ਼ਚਤ ਕਰਨ ਲਈ ਉਸ ਦੀ ਸ਼ੈਲੀਗਤ ਵਿਸ਼ੇਸ਼ਤਾ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ ।

ਹਰ ਲਿਖਾਰੀ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਵਿਸ਼ੇ ਨੂੰ ਲਿਖਤ ਰੂਪ ਦੇਣ ਲਈ ਕੋਈ ਲਿਖਣ ਢੰਗ ਵਰਤਦਾ ਹੈ । ਲਿਖਣ ਢੰਗ ਉਸ ਦਾ ਨਿਰੋਲ ਨਿਜੀ ਤੇ ਮੌਲਿਕ ਹੋ ਸਕਦਾ ਹੈ । ਇਹ ਹੀ ਅਸਲ ਵਿਚ ਸ਼ੈਲੀ ਹੈ ਜੋ ਹਰ ਲੇਖਕ ਦੀ ਆਪਣੀ ਵਖਰੀ ਪਛਾਣ ਬਣਾਉਂਦੀ ਹੈ । ਪੂਰਨ ਸਿੰਘ ਮੁੱਢਲੇ ਲੇਖਕਾਂ ਵਿਚੋਂ ਪਹਿਲਾ ਨਿਰੋਲ ਸਾਹਿਤਕ ਲੇਖਾਂ ਦਾ ਲਿਖਾਰੀ ਹੈ ਜਿਹੜਾ ਕਿਸੇ ਖਾਸ ਫਲਸਫੇ ਨੂੰ ਸਮਝਾਉਣ ਲਈ ਰਚਨਾ ਨਹੀਂ ਸੀ ਕਰ ਰਿਹਾ, ਸਗੋਂ ਨਿਰੋਲ ਨਿਜੀ ਜਜ਼ਬਿਆਂ ਨੂੰ ਸ਼ਬਦਾਂ ਦਾ ਜਾਮਾ ਪੁਆ ਰਿਹਾ ਸੀ । ਇਸ ਲਈ ਉਸ ਦੀ ਵਾਰਤਕ ਕਾਵਿ ਮਈ ਹੈ । ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਆਪ ਨੇ ਬੜੇ ਭਾਵੁਕ ਜਿਹੇ ਵਿਸ਼ਿਆਂ ਤੇ ਲਿਖਿਆ ਹੈ ।

ਪ੍ਰੋ. ਪੂਰਨ ਸਿੰਘ ਦੀ ਸ਼ੈਲੀ ਬਹੁਤ ਥਾਵਾਂ ਤੇ ਅਸਪਸ਼ਟ ਹੋ ਜਾਂਦੀ ਹੈ । ਪਰ ਫਿਰ ਵੀ ਜੇਕਰ ਅਸਪਸ਼ਟਤਾ ਨੂੰ ਉਸ ਦੀ ਸ਼ੈਲੀ ਦਾ ਔਗੁਣ ਵੀ ਮੰਨ ਲਈਏ ਤਾਂ ਇਸ ਤੋਂ ਇਲਾਵਾ ਪੂਰਨ ਸਿੰਘ ਦੀ ਸ਼ੈਲੀ ਵਿਚ ਬਹੁਤ ਸਾਰੇ ਗੁਣ ਵੀ ਹਨ । ਆਪ ਦੀ ਸ਼ੈਲੀ ਵਿਚ ਨਿਡਰਤਾ ਤੇ ਨਿਰਭੈਤਾ ਹੈ । ਆਪ ਜੋ ਵੀ ਗੱਲ ਕਹਿਣਾ ਚਾਹੁੰਦੇ ਹਨ ਉਸ ਨੂੰ ਸਪਸ਼ਟ ਸਪਸ਼ਟ ਕਹਿ ਦਿੰਦੇ ਹਨ

ਕਿਸੇ ਵਲ ਛਲ ਤੋਂ ਕੰਮ ਨਹੀਂ ਲੈਂਦੇ । ਜਿਸ ਤਰ੍ਹਾਂ ਗਾਂਧੀ ਦੇ ਸ਼ਬਦਾਂ ਤੇ ਪੜਚੋਲ ਕਰਦੇ ਹੋਏ ਲਿਖਦੇ ਹਨ,

> " ਪਰ ਇਹ ਕਹਿਣਾ ਜਿਸ ਤਰ੍ਹਾਂ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਜੇ ਈਸਾ ਨੇ ਮੁਲਕੀ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ ਤਾਂ ਉਸ ਅੰਸ਼ ਵਿਚ ਉਨ੍ਹਾਂ ਦੀ ਘੱਟ ਮਹਾਤਮਾ ਸੀ ਅਰਥਾਤ ਜਿਹੜਾ ਕੰਮ ਮੈਂ ਮਹਾਤਮਾ ਗਾਂਧੀ ਕਰ ਰਿਹਾ ਹਾਂ ਉਹੋ ਜਿਹਾ ਕੰਮ ਪੈਗੰਬਰ ਨਹੀਂ ਕੀਤਾ ਤੇ ਉਸ ਹੱਦ ਤੱਕ ਪੈਗੰਬਰ ਹੀ ਨਹੀਂ ਸਨ, ਇਹ ਕਹਿਣਾ ਉਸ ਭੁੱਲ ਹੀ ਹੈ ਕਿ ਜਿਹੜਾ ਹੈ ਅਰ ਵਾਦਾਂ ਭੇੜੀ ਵਿਚ ਆਣ ਖਪਾ ਕੇ ਆਪਣੇ ਬੰਦੇ ਨੂੰ ਲਿਆ ਨਹੀਂ ਇਹਦਾ ਉਹ ਪਸ਼ੂ ਹੈ, ਬੰਦਾ ਹੀ ਨਹੀਂ ਸੋ ਇਹ ਗਲਤ ਮਹਾਤਮਾ ਗਾਂਧੀ ਦਾ ਸ਼ੌਕ ਨਹੀਂ । "[1]

ਇੰਨੀ ਨਿਡਰਤਾ ਨਾਲ ਆਪ ਨੇ ਗਾਂਧੀ ਦੇ ਵਿਚਾਰਾਂ ਨੂੰ ਜੋ ਆਪਣੇ ਮਨ ਵਿਚ ਸੀ ਪੇਸ਼ ਕੀਤਾ ਹੈ ।

ਸਮਾਲੋਚਨਾ ਤਾਂ ਅੱਜ ਕੱਲ੍ਹ ਵੀ ਹੋ ਰਹੀ ਹੈ ਪਰ ਅਜਿਹੇ ਸਪਸ਼ਟ ਸ਼ਬਦਾਂ ਵਿਚ ਘੱਟ ਹੀ ਹੁੰਦੀ ਹੈ ।

ਪੂਰਨ ਸਿੰਘ ਦੀ ਵਾਰਤਕ ਵਿਚ ਕਲਾਕਾਰ ਤੇ ਬੋਲੀ ਦੇ ਪੱਖ ਤੋਂ ਬਹੁਤ ਸਾਰੀਆਂ ਊਣਤਾਈਆਂ ਹਨ । ਜਿਸ ਬਾਰੇ ਉਹ ਆਪ ਵੀ ਕਹਿੰਦਾ ਹੈ,

> " ਪੰਜਾਬੀ ਬੋਲੀ ਮੈਂ ਮਾਂ ਦੇ ਦੁੱਧ ਨਾਲ ਇੰਨੀ ਨਹੀਂ ਸਿੱਖੀ, ਹੁਣ ਵੀ ਪੈਂਤੀ ਦੇ ਕਈ ਅੱਖਰ ਮੈਨੂੰ ਲਿਖਣੇ ਨਹੀਂ ਔਂਦੇ । "[2]

ਆਪ ਦੀ ਵਾਕ ਬਣਤਰ ਅੰਗਰੇਜ਼ੀ ਢੰਗ ਦੀ ਹੈ । ਜਿਥੇ ਪੂਰਨ ਸਿੰਘ ਦੀ ਵਾਰਤਕ ਵਿਚ ਏਨੀਆਂ ਕਲਾਕਾਰ ਦੇ ਪੱਖ ਤੋਂ ਊਣਤਾਈਆਂ ਹਨ ਉਥੇ ਵਿਸ਼ੇ, ਬੋਲੀ ਦੇ ਪੱਖ ਤੋਂ ਬਹੁਤ ਸਾਰੀਆਂ ਖੂਬੀਆਂ ਹਨ ।

ਆਪ ਦੀ ਵਾਰਤਕ ਦੀ ਸਭ ਤੋਂ ਮੁੱਖ ਗੁਣ ਮੌਲਿਕਤਾ ਹੈ । ਆਪ ਦੀ ਸਾਹਿਤ ਬਾਰੇ ਮੌਲਿਕਤਾ ਵੇਖੋ,

---

1. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ; ਪੰਨਾ 170
2. - ਉਹੀ - ਪੰਨਾ 6

" ਪੁਸਤਕਾਂ ਲਿਖਣ ਤੇ ਉਲਥੇ ਕਰਨ ਨਾਲ ਨਹੀਂ ਬਣਾ, ਅਸਲੀ ਤੇ ਸੱਚਾ ਸਾਹਿਤ ਮਹਾਤਮਾ ਲੋਕਾਂ ਦੇ ਅੰਮ੍ਰਿਤ ਬਚਨ ਹਨ ।" [1]

ਬਾਕੀ ਸਾਰੇ ਸਮਾਲੋਚਕਾਂ ਜਿਸ ਤਰ੍ਹਾਂ ਡਾ. ਸੁਰਿੰਦਰ ਸਿੰਘ, ਡਾ. ਹਰਨੇਕ ਸਿੰਘ ਕੋਮਲ, ਡਾ. ਹਰਕੀਰਤ ਸਿੰਘ ਆਦਿ ਸਮਾਲੋਚਕਾਂ ਦਾ ਵਿਚਾਰ ਹੈ ਕਿ ਪੂਰਨ ਸਿੰਘ ਦੇ ਵਿਸ਼ੇ ਜ਼ਰੂਰ ਨਵੀਨ ਹਨ ਪਰ ਉਨ੍ਹਾਂ ਵਿਚ ਅਸਪਸ਼ਟਤਾ ਹੈ । ਇਹ ਹੈ ਵੀ ਠੀਕ । ਇਸ ਦਾ ਕਾਰਨ ਹੈ ਕਿ ਜਿਸ ਪ੍ਰਕਾਰ ਦੇ ਆਪਣੇ ਵਿਸ਼ੇ ਚੁਣੇ ਹਨ ਉਨ੍ਹਾਂ ਵਿਚ ਅਸਪਸ਼ਟਤਾ ਦਾ ਆ ਜਾਣਾ ਕੋਈ ਅਨੋਖੀ ਗੱਲ ਨਹੀਂ । ਵਾਰਤਕ ਸਾਹਿਤ ਵਿਚ ਉਹ ਦੇ ਨਿਬੰਧਾਂ ਅਤੇ ਉਸ ਦੀ ਸ਼ੈਲੀ ਦਾ ਅਸਰ ਜਿਆਦਾ ਪ੍ਰਭਾਵਸ਼ਾਲੀ ਹੈ ।

ਪੂਰਨ ਸਿੰਘ ਦਾ ਵਾਰਤਕ ਰਚਨਾ ਵਿਚ ਸਥਾਨ ਨਿਸ਼ਚਿਤ ਕਰਨ ਲਈ ਆਖ ਸਕਦੇ ਹਾਂ ਕਿ ਆਪ ਨੇ ਭਾਈ ਵੀਰ ਸਿੰਘ ਅਤੇ ਉਨ੍ਹਾਂ ਦੇ ਹੋਰ ਸਮਕਾਲੀ ਲੇਖਕਾਂ ਦੀ ਵਾਰਤਕ ਦੇ ਮੁਕਾਬਲੇ ਵਿਭਿੰਨ ਵਿਸ਼ਿਆਂ ਤੇ ਲਿਖਣ ਦੀ ਪਿਰਤ ਪਾਈ । ਪੂਰਨ ਸਿੰਘ ਦਾ ਚਿੰਤਨ ਬੜਾ ਸੂਖਸ਼ਮ ਹੈ, ਬੜੇ ਨਾਜ਼ੁਕ ਅਤੇ ਮਲੂਕ ਜਿਹੇ ਵਿਸ਼ਿਆਂ ਤੇ ਆਪ ਨੇ ਪੰਜਾਬੀ ਵਾਰਤਕ ਸਾਹਿਤ ਵਿਚ ਕਲਮ ਚੁੱਕੀ ਅਤੇ ਇਨ੍ਹਾਂ ਦਾ ਨਿਭਾਅ ਵੀ ਬੜੀ ਨਜ਼ਾਕਤ ਨਾਲ ਕੀਤਾ ।

ਕੁਲ ਮਿਲਾ ਕੇ ਆਖਿਆ ਜਾ ਸਕਦਾ ਹੈ ਕਿ ਆਪ ਨੇ ਪੰਜਾਬੀ ਵਾਰਤਕ ਸਾਹਿਤ ਨੂੰ ਵਿਲੱਖਣ ਸ਼ੈਲੀ ਪ੍ਰਦਾਨ ਕੀਤੀ । ਇਸ ਸ਼ੈਲੀ ਨੂੰ ਕਾਵਿ ਮਈ ਸ਼ੈਲੀ ਆਖਿਆ ਜਾ ਸਕਦਾ ਹੈ । ਇਸ ਪ੍ਰਕਾਰ ਵਿਸ਼ੇ ਅਤੇ ਸ਼ੈਲੀ ਦੀ ਨਵੀਨਤਾ ਨੂੰ ਵੇਖਦੇ ਹੋਏ ਪੰਜਾਬੀ ਵਾਰਤਕ ਸਾਹਿਤ ਵਿਚ ਆਪ ਦਾ ਸਥਾਨ ਅਤਿਅੰਤ ਮਹੱਤਵ ਪੂਰਨ ਗਿਣਿਆ ਗਿਆ ਹੈ ।

---

1. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ; ਪੰਨਾ 156

## ਤੁਲਨਾਤਮਕ ਅਧਿਐਨ ਦੀਆਂ ਸੀਮਾਵਾਂ :

ਕਿਸੇ ਵੀ ਦੋ ਚੀਜ਼ਾਂ ਦੀ ਤੁਲਨਾ ਬਾਰੇ ਆਖਿਆ ਜਾ ਸਕਦਾ ਹੈ ਕਿ ਇਹ ਕੰਮ ਏਨਾ ਪੁਰਾਣਾ ਹੈ ਜਿੰਨਾ ਆਪਣੇ ਆਪ ਕਿਸੇ ਚੀਜ਼ ਬਾਰੇ ਸੋਚਣਾ । ਸ਼ਾਇਦ ਆਦਿ ਮਨੁੱਖ ਨੇ ਜਦੋਂ ਰੁਖਾਂ ਨੂੰ ਵੇਖਿਆ ਹੋਵੇਗਾ, ਉਦੋਂ ਤੋਂ ਹੀ ਤੁਲਨਾਤਮਕ ਦ੍ਰਿਸ਼ਟੀ ਤੋਂ ਸੋਚਣਾ ਸ਼ੁਰੂ ਕਰ ਦਿੱਤਾ ਹੋਵੇਗਾ । ਇਸ ਤਰ੍ਹਾਂ ਤੁਲਨਾਤਮਕ ਦ੍ਰਿਸ਼ਟੀ ਬਾਰੇ ਸੋਚਣ ਦੀ ਪ੍ਰਵਿਰਤੀ ਮੁੱਢ ਤੋਂ ਹੀ ਮਨੁੱਖ ਵਿਚ ਪਾਈ ਜਾਂਦੀ ਹੈ । ਤੁਲਨਾਤਮਕ ਦ੍ਰਿਸ਼ਟੀ ਬਾਰੇ ਕਿਹਾ ਜਾ ਸਕਦਾ ਹੈ ਕਿ ਦੋ ਚੀਜ਼ਾਂ ਦੀ ਆਪਸ ਵਿਚ ਤੁਲਨਾ ਕਰਨ ਨਾਲ ਕੋਈ ਚੀਜ਼ ਜ਼ਿਆਦਾ ਸਪਸ਼ਟ ਹੋ ਕੇ ਪੇਸ਼ ਹੁੰਦੀ ਹੈ । ਇਸੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖ ਕੇ ਅਸੀਂ ਆਪਣੇ ਖੋਜ-ਕਾਰਜ ਨੂੰ ਤੁਲਨਾਤਮਕ ਅਧਿਐਨ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ । ਜਿਸ ਲਈ ਕੁਝ ਸੀਮਾਵਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ।

ਹਰ ਖੋਜ-ਪ੍ਰਬੰਧ ਨਿਸ਼ਚਤ ਸੀਮਾਂ ਤੇ ਆਧਾਰਿਤ ਹੁੰਦਾ ਹੈ । ਇਸ ਖੋਜ-ਪ੍ਰਬੰਧ ਦੀਆਂ ਵੀ ਨਿਸ਼ਚਤ ਸੀਮਾਵਾਂ ਰੱਖੀਆਂ ਗਈਆਂ ਹਨ । ਇਸ ਖੋਜ-ਪ੍ਰਬੰਧ ਵਿਚ ਵਿਸ਼ੇਸ਼ ਰੂਪ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਮਿਲਦੀਆਂ ਵਾਰਤਕ ਰਚਨਾਵਾਂ ਨੂੰ ਹੀ ਆਪਣੇ ਖੋਜ-ਕਾਰਜ ਦਾ ਵਿਸ਼ਾ ਬਣਾਇਆ ਗਿਆ ਹੈ । ਅਧਿਆਇ ਪਹਿਲਾ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਮੁੱਢਲੇ-ਸਰੋਤਾਂ ਬਾਰੇ ਤੇ ਇਨ੍ਹਾਂ ਦੇ ਪ੍ਰਭਾਵਾਂ ਬਾਰੇ ਆਲੋਚਨਾਤਮਕ ਅਤੇ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਗਈ ਹੈ । ਇਸੇ ਤਰ੍ਹਾਂ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਵਾਰਤਕ ਰਚਨਾਵਾਂ ਦਾ ਸ਼ੈਲੀਗਤ ਅਧਿਐਨ ਵੀ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਨਹੀਂ ਕੀਤਾ ਗਿਆ, ਸਗੋਂ ਪਹਿਲਾਂ ਤੋਂ ਚਲੇ ਆ ਰਹੇ ਪ੍ਰਚਲਤ ਅਤੇ ਪਰੰਪਰਾਗਤ ਢੰਗ ਨੂੰ ਹੀ ਅਪਣਾਇਆ ਗਿਆ ਹੈ । ਇਹ ਇਸ ਲਈ ਕੀਤਾ ਗਿਆ ਹੈ ਕਿ ਭਾਸ਼ਾ ਵਿਗਿਆਨਕ ਅਧਿਐਨ ਤਾਂ ਆਪਣੇ ਆਪ ਵਿਚ ਵੱਖਰਾ ਖੋਜ ਕਾਰਜ ਦਾ ਵਿਸ਼ਾ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦਾ ਸ਼ੈਲੀਗਤ ਅਧਿਐਨ ਆਲੋਚਨਾਤਮਕ ਅਤੇ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਆਇ ਪੰਜ ਵਿਚ ਪੇਸ਼ ਕੀਤਾ ਗਿਆ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਇਨ੍ਹਾਂ ਦੇ ਸਮਕਾਲੀਨ ਨਿਬੰਧਕਾਰਾਂ ਨਾਲ ਤੁਲਨਾ ਕੀਤੀ ਗਈ ਹੈ । ਇਨ੍ਹਾਂ ਲੇਖਕਾਂ ਦੇ ਤੁਲਨਾਤਮਕ ਅਧਿਐਨ ਕਾਰਜ ਸਮੇਂ ਮੁੱਖ ਉਦੇਸ਼ ਇਹ ਵੀ ਰੱਖਿਆ ਗਿਆ ਹੈ ਕਿ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਹੋਰ ਸਮਕਾਲੀਨ ਵਾਰਤਕ-ਕਾਰ ਲੇਖਕਾਂ ਨਾਲੋਂ ਉਨ੍ਹਾਂ ਦੀ ਵਿਲੱਖਣਤਾ ਨੂੰ ਉਭਾਰਨਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਉਪਰ ਵਿਸ਼ੇਸ਼ ਰੂਪ ਵਿਚ ਲਿਖੀ ਗਈ ਸਾਮਗਰੀ ਪ੍ਰਾਪਤ ਨਹੀਂ ਹੁੰਦੀ । ਇਸ ਸੰਬੰਧ ਵਿਚ ਕੇਵਲ ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ ਦੀ ਪੁਸਤਕ ' ਭਾਈ ਵੀਰ ਸਿੰਘ ਜੀਵਨ, ਸਮਾਂ ਤੇ ਰਚਨਾ ' ਪ੍ਰੋ. ਸ. ਸੋਜ਼ ਦੀ ' ਰੰਗ ਅਧਿਐਨ ' ਹਰਬੰਸ ਸਿੰਘ ਦੀ ' ਭਾਈ ਵੀਰ ਸਿੰਘ ' ਬਿਕਰਮ ਸਿੰਘ ਘੁੰਮਣ ਦੀ ' ਆਧੁਨਿਕ ਪੰਜਾਬੀ ਸਾਹਿਤ ਨੂੰ ਸਿੰਘ ਸਭਾ ਲਹਿਰ ਦੀ ਦੇਣ ' ਅਮਰਜੀਤ ਸਿੰਘ ਦੀ ' ਪ੍ਰੋ. ਪੂਰਨ ਸਿੰਘ ਇਕ ਸ਼ਰਧਾਂਜਲੀ ' ਡਾ. ਜਗਜੀਤ ਸਿੰਘ ਦੀ ' ਚਾਰ ਪ੍ਰਮੁੱਖ ਵਾਰਤਕਕਾਰ ' ਮਨਮੋਹਨ ਕੇਸਰ ਦੀ ' ਵਾਰਤਕ ਤੇ ਵਾਰਤਕਕਾਰ ' ਜਗਜੀਤ ਸਿੰਘ ਛਾਬੜਾ ਦੀ ' ਪ੍ਰਮੁੱਖ ਸ਼ੈਲੀਕਾਰ ' ਆਦਿ ਪੁਸਤਕਾਂ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਦੀ ਕਲਾ ਬਾਰੇ ਥੋੜ੍ਹਾ ਬਹੁਤਾ ਲਿਖਿਆ ਕਿਹਾ ਜ਼ਰੂਰ ਮਿਲਦਾ ਹੈ । ਪਰ ਇਹ ਕਾਫ਼ੀ ਨਹੀਂ ਹੈ । ਇਸੇ ਤਰ੍ਹਾਂ ਸਾਹਿਤ ਸਮਾਚਾਰ ਦਾ ' ਭਾਈ ਵੀਰ ਸਿੰਘ ਅੰਕ ' ਅਤੇ ਪ੍ਰੋ. ਪੂਰਨ ਸਿੰਘ ਅੰਕ ' ' ਪੰਜਾਬੀ ਦੁਨੀਆਂ ' ਅਤੇ ਡਾ. ਹਰਚਰਨ ਸਿੰਘ ਦੀ ' ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ ' ਵਿਚ ਵੀ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਵਾਰਤਕ ਰਚਨਾਵਾਂ ਬਾਰੇ ਪੂਰੀ ਤਰ੍ਹਾਂ ਵਿਚਾਰ ਪੇਸ਼ ਕੀਤੇ ਨਹੀਂ ਮਿਲਦੇ । ਜਾਂ ਕਿਤੇ ਕਿਤੇ ਜ਼ਰੂਰ ਕੋਈ ਲੇਖ ਲਿਖਿਆ ਕਿਹਾ ਮਿਲਦਾ ਹੈ । ਮੁੱਖ ਰੂਪ ਵਿਚ ਇਨ੍ਹਾਂ ਸਮਾਚਾਰਾਂ ਵਿਚ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਵਾਰਤਕ ਰਚਨਾਵਾਂ ਬਾਰੇ ਪੂਰੀ ਤਰ੍ਹਾਂ ਵਿਚਾਰ ਪੇਸ਼ ਕੀਤੇ ਨਹੀਂ ਮਿਲਦੇ, ਜੋ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਲਈ ਨਾ ਮਾਤਰ ਦੇ ਸਮਾਨ ਹੈ । ਇਨ੍ਹਾਂ ਦੋਵੇਂ ਲੇਖਕਾਂ ਦੀਆਂ ਕਾਵਿ ਕਲਾ ਬਾਰੇ ਤਾਂ ਵਿਚਾਰ ਪ੍ਰਗਟਾਏ ਗਏ ਮਿਲਦੇ ਹਨ, ਪਰ ਵਾਰਤਕ ਰਚਨਾ ਬਾਰੇ ਅਜੇ ਤੱਕ ਕਿਸੇ ਨੇ ਕੋਈ ਖਾਸ ਹੌਸਲਾ ਨਹੀਂ ਕੀਤਾ ਲਗਦਾ । ਸ਼ਾਇਦ ਇਸੇ ਲਈ ਡਾ. ਹਰਚਰਨ ਸਿੰਘ ਨੂੰ ਇਹ ਗੱਲ ਕਹਿਣੀ ਪਈ ਕਿ ਭਾਈ ਵੀਰ ਸਿੰਘ ਦੀਆਂ ਵਾਰਤਕ ਰਚਨਾਵਾਂ ਦਾ ਅਧਿਐਨ ਕਰਨ ਲਈ ਅਜੇ ਬਹੁਤ ਸਮੇਂ ਅਤੇ ਹੌਸਲੇ ਦੀ ਲੋੜ ਹੈ । ਡਾ. ਹਰਚਰਨ ਸਿੰਘ ਇਸ ਬਾਰੇ ਇਸ ਤਰ੍ਹਾਂ ਲਿਖਦਾ ਹੈ,:

"ਭਾਈ ਵੀਰ ਸਿੰਘ ਦੀ ਵਾਰਤਕ ਰਚਨਾ ਦਾ ਸਹੀ ਮੁਲਾਂਕਣ ਨਾ ਕੀਤੇ ਜਾ ਸਕਣ ਦੇ ਕਈ ਕਾਰਨ ਹਨ । ਇਸ ਦਾ ਸ਼ਾਇਦ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅਜੋਕੇ ਵਿਦਵਾਨ ਆਲੋਚਕਾਂ ਪਾਸ ਇਸ ਨੂੰ ਪੜ੍ਹ ਸਕਣ ਦੀ ਵਿਹਲ ਨਹੀਂ । ਹੋ ਸਕਦਾ ਹੈ, ਸਮੇਂ ਦੀ ਸਥਿਤੀ ਕਾਰਨ ਧਾਰਮਿਕ ਵਾਰਤਕ ਪੜ੍ਹਨ ਦੀ ਰੁਚੀ ਵੀ ਕੁਝ ਹੱਦ ਤੱਕ ਜ਼ਿੰਮੇਵਾਰ ਹੋਵੇ । ਫੇਰ ਤਾਂ ਕੇਵਲ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਵਾਲਾ ਹੀ ਕੋਈ ਔਖੀ

ਵਿਚਰਦਾ ਆਪਣੀ ਉਮਰ ਦਾ ਕੁਝ ਹਿੱਸਾ ਇਸ ਪਾਸੇ ਲਾ ਕੇ ਪੰਜਾਬੀ ਦੀ ਸੇਵਾ ਕਰੇਗਾ ।"[1]

ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਮੁੱਢ ਰੂਪ ਵਿਚ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਵਾਰਤਕ ਰਚਨਾਵਾਂ ਲਈ ਕੋਈ ਖਾਸ ਆਧਾਰ ਸਾਮਗਰੀ ਪੇਸ਼ ਹੋਈ ਨਹੀਂ ਮਿਲਦੀ ।

ਖੋਜ-ਪ੍ਰਬੰਧ ਦਾ ਇਹ ਵਿਸ਼ਾ ਇਕ ਸੂਖਮ ਵਿਸ਼ਾ ਹੈ । ਇਸ ਦਾ ਕਾਰਣ ਹੈ ਕਿ ਇਸ ਵਿਸ਼ੇ ਵਿਚ ਦੋਵੇਂ ਲੇਖਕਾਂ ਦਾ ਜੀਵਨ-ਦਰਸ਼ਨ ਵੀ ਆ ਸ਼ਾਮਿਲ ਹੋਇਆ ਹੈ । ਜਿਸ ਵਿਚ ਜੀਵ, ਜਗਤ, ਆਤਮਾ, ਪਰਮਾਤਮਾ, ਮੌਤ ਆਦਿ ਬਾਰੇ ਸੂਖਮ ਵਿਚਾਰਾਂ ਨੂੰ ਵੀ ਪ੍ਰਗਟਾਇਆ ਗਿਆ ਹੈ । ਇਸ ਤਰ੍ਹਾਂ ਆਪਣੇ ਵੱਲੋਂ ਜੋ ਕੁਝ ਵੀ ਲਿਖਿਆ ਗਿਆ ਹੈ ਉਸ ਬਾਰੇ ਯਤਨ ਇਹ ਹੀ ਕੀਤਾ ਗਿਆ ਹੈ ਕਿ ਵਿਚਾਰਾਂ ਦੀ ਪਰੋੜਤਾ ਵਧੇਰੇ ਕਰਕੇ ਅਨੁਭਵੀ ਵਿਦਵਾਨਾਂ ਲਈ ਵੀ ਕੋਈ ਵਿਆਖਿਆ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਇਸ ਦਾ ਕਾਰਣ ਹੈ ਕਿ ਵਿਆਖਿਆ ਕਰਨਾ ਜਾਂ ਆਖਰੀ ਫੈਸਲਾ ਕਰਨਾ ਅਕੁਦਰਤੀ ਹੁੰਦਾ ਹੈ ਜੋ ਕਈ ਵਾਰ ਵਿਕਾਸ ਵਿਚ ਬਾਧਕ ਬਣਦਾ ਹੈ ।

ਦੂਸਰੀਆਂ ਭਾਸ਼ਾਵਾਂ ਦੇ ਮੁਕਾਬਲੇ ਪੰਜਾਬੀ ਵਿਚ ਅਜੇ ਤੱਕ ਵਾਰਤਕ ਤੇ ਕੰਮ ਬਹੁਤ ਘੱਟ ਹੋਇਆ ਹੈ । ਇਸ ਖੋਜ ਕਾਰਜ ਵਿਚ ਅਸੀਂ ਵਿਸ਼ੇਸ਼ ਰੂਪ ਵਿਚ ਵਾਰਤਕ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਦਾ ਮਨੋਰਥ ਸਿਰਫ ਇਹੋ ਮਿਥਿਆ ਹੈ । ਇਸ ਤਰ੍ਹਾਂ ਇਸ ਵਿਚ ਅਸੀਂ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਵਾਰਤਕ ਰਚਨਾਵਾਂ ਦਾ ਅਧਿਐਨ ਕਰਕੇ ਇਨ੍ਹਾਂ ਦੀ ਮਹੱਤਤਾ ਨੂੰ ਦਰਸਾਉਣ ਦਾ ਯਤਨ ਕੀਤਾ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਕਾਵਿ ਰਚਨਾਵਾਂ ਤੇ ਭਾਵੇਂ ਬਹੁਤ ਸਾਰਾ ਖੋਜ ਦਾ ਕੰਮ ਹੋਇਆ ਮਿਲਦਾ ਹੈ, ਪਰ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਵੱਲੋਂ ਅਜੇ ਤੱਕ ਅਣਗਹਿਲੀ ਹੀ ਵਰਤੀ ਜਾਂਦੀ ਰਹੀ ਹੈ । ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਵਾਰਤਕ ਨੂੰ ਨੀਰਸ ਸਮਝਿਆ ਜਾਂਦਾ ਹੈ । ਦੂਜੇ ਤੇ ਤੀਜੇ ਅਧਿਆਇ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਪ੍ਰਕਿਰਤੀਗਤ ਅਤੇ ਵਿਸ਼ਾ ਪੱਖ ਤੇ ਪੜਚੋਲ ਕਰਕੇ ਤੁਲਨਾਤਮਕ ਪੱਖੋਂ ਵੀ ਇਨ੍ਹਾਂ ਦੋਵੇਂ ਲੇਖਕਾਂ ਦੀ ਦੇਣ ਨੂੰ ਸਾਹਮਣੇ ਲਿਆਉਂਦਾ ਹੈ । ਇਸ ਪੱਖ ਤੋਂ ਵਿਚਾਰ ਪੂਰਵਕ ਚਰਚਾ ਬਾਅਦ ਹੀ ਇਨ੍ਹਾਂ ਦੀਆਂ ਰਚਨਾਵਾਂ ਦੀ ਪੜਚੋਲ ਕੀਤੀ ਗਈ ਹੈ ।

---

1. ਡਾ. ਹਰਚਰਨ ਸਿੰਘ; ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ; ਪੰਨਾ 106

ਖੋਜ - ਪ੍ਰਬੰਧ ਦਾ ਸਰੀਰ ਇਕੋ ਜਿਹਾ ਰੱਖਣ ਲਈ ਅੰਗਰੇਜ਼ੀ ਦੀਆਂ ਟੂਕਾਂ ਦੇ ਉਲਥੇ ਪੰਜਾਬੀ ਵਿਚ ਦਿੱਤੇ ਹਨ । ਇਸੇ ਤਰ੍ਹਾਂ ਜਿਥੇ ਇਨ੍ਹਾਂ ਦੇ ਉਲਥੇ ਪੰਜਾਬੀ ਵਿਚ ਦਿੱਤੇ ਗਏ ਹਨ ਉਥੇ ਨਾਲ ਹੀ ਇਨ੍ਹਾਂ ਦੇ ਮੂਲ ਰੂਪ ਵੀ ਫੁਟ-ਨੋਟਾਂ ਵਿਚ ਦਿੱਤੇ ਗਏ ਹਨ । ਇਸੇ ਤਰ੍ਹਾਂ ਕਈ ਜਗ੍ਹਾਂ ਹਿੰਦੀ ਦੀਆਂ ਟੂਕਾਂ ਵੀ ਗੁਰਮੁਖੀ ਵਿਚ ਉਸੇ ਬੋਲੀ ਵਿਚ ਜਾਂ ਉਲਥਾ ਕੇ ਦਿੱਤੀਆਂ ਗਈਆਂ ਹਨ । ਕਈ ਥਾਵਾਂ ਤੇ ਲੋੜੀਂਦੀ ਅੰਗਰੇਜ਼ੀ ਸ਼ਬਦਾਵਲੀ ਗੁਰਮੁਖੀ ਵਿਚ ਲਿਖ ਕੇ ਨਾਲ ਅੰਗਰੇਜ਼ੀ ਵਿਚ ਵੀ ਦਿੱਤੀ ਗਈ ਹੈ । ਅਜਿਹਾ ਸਪਸ਼ਟਤਾ ਅਤੇ ਉਚਾਰਨ ਦੀ ਭਿੰਨਤਾ ਕਰਕੇ ਕੀਤਾ ਗਿਆ ਹੈ ।

ਸਾਨੂੰ ਆਪਣੇ ਖੋਜ - ਕਾਰਜ ਨੂੰ ਸੰਪੂਰਣ ਕਰਨ ਲਈ ਬਹੁਤ ਸਾਰੀ ਸਾਮਗਰੀ ਅੰਗਰੇਜ਼ੀ ਅਤੇ ਹਿੰਦੀ ਪੁਸਤਕਾਂ ਤੋਂ ਲੈਣੀ ਪਈ ਹੈ । ਵਿਸ਼ੇ ਦੀ ਦ੍ਰਿਸ਼ਟੀ ਤੋਂ ਇਸ ਤਰ੍ਹਾਂ ਕਰਨਾ ਜ਼ਰੂਰੀ ਸੀ ।

ਸਾਰੇ ਖੋਜ - ਕਾਰਜ ਨੂੰ ਭੂਮਿਕਾ ਤੋਂ ਬਿਨਾਂ ਮੁੱਖ ਛੇ ਅਧਿਆਵਾਂ ਵਿਚ ਵੰਡਿਆ ਗਿਆ ਹੈ । ਇਸ ਪ੍ਰਕਾਰ ਖੋਜ ਕਾਰਜ ਦੇ ਪ੍ਰਮੁੱਖ ਤੌਰ ਤੇ ਪੰਜ ਅਧਿਆਇ ਕੀਤੇ ਗਏ ਹਨ । ਪਹਿਲੇ ਅਧਿਆਇ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਪ੍ਰੇਰਨਾ - ਸਰੋਤਾਂ ਬਾਰੇ ਪੜਚੋਲ ਕੀਤੀ ਗਈ ਹੈ । ਇਸ ਦੇ ਨਾਲ ਹੀ ਇਨ੍ਹਾਂ ਦੋਵੇਂ ਲੇਖਕਾਂ ਦੀ ਸ਼ਖਸ਼ੀਅਤ ਨੂੰ ਪ੍ਰਗਟ ਕਰਨ ਲਈ ਇਨ੍ਹਾਂ ਦੋਵੇਂ ਲੇਖਕਾਂ ਦੇ ਜੀਵਨ ਦੀਆਂ ਕੁਝ ਮਹਾਨ ਘਟਨਾਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ । ਇਨ੍ਹਾਂ ਦੋਵੇਂ ਲੇਖਕਾਂ ਦੀ ਜੀਵਨੀ ਦੇਣ ਦਾ ਕਾਰਣ ਹੈ ਕਿ ਵਾਰਤਕ ਸ਼ੈਲੀ ਵਿਚ ਲੇਖਕ ਦੀ ਸ਼ਖਸ਼ੀਅਤ ਦਾ ਬਹੁਤ ਹੀ ਮਹੱਤਵ ਪੂਰਣ ਰੋਲ ਹੁੰਦਾ ਹੈ । ਇਸ ਦੇ ਨਾਲ ਹੀ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਪ੍ਰਾਪਤ ਹੋ ਸਕਦੀਆਂ ਵਾਰਤਕ ਪੁਸਤਕਾਂ ਦੀ ਵੇਰਵੇ ਸਾਹਿਤ ਸੂਚੀ ਦੇਣ ਦਾ ਯਤਨ ਕੀਤਾ ਗਿਆ ਹੈ ।

ਦੂਸਰੇ ਅਧਿਆਇ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਪ੍ਰਵਿਰਤੀਗਤ ਪੱਖ ਤੋਂ ਅਧਿਐਨ ਕੀਤਾ ਗਿਆ ਹੈ । ਇਹ ਪ੍ਰਵਿਰਤੀਆਂ ਉਸ ਸਮੇਂ ਚੱਲੀਆਂ ਲਹਿਰਾਂ ਦੇ ਮੁਤਾਬਿਕ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਉਸ ਸਮੇਂ ਚੱਲੀਆਂ ਲਹਿਰਾਂ ਨੇ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ । ਇਸ ਦੇ ਨਾਲ ਹੀ ਇਸੇ ਅਧਿਆਇ ਦੇ ਦੂਸਰੇ ਭਾਗ ਵਿਚ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਪਾਈਆਂ ਜਾਂਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਬਾਰੇ ਪੜਚੋਲ ਵੀ ਕੀਤੀ ਗਈ ਹੈ । ਇਹ ਸਮਾਨਤਾਵਾਂ ਅਤੇ ਵੱਖਰਤਾਵਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਆਪਣੀ ਆਪਣੀ ਸ਼ਖਸ਼ੀਅਤ ਮੁਤਾਬਿਕ ਪੇਸ਼ ਹੁੰਦੀਆਂ ਹਨ ।

ਤੀਜੇ ਅਧਿਆਇ ਵਿੱਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਵਿਸ਼ੇ ਪੱਖ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ । ਇਸ ਅਧਿਆਇ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ । ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਦੇ ਇਹ ਸਾਰੇ ਭਾਗ ਕਿਸੇ ਨਾ ਕਿਸੇ ਰੂਪ ਵਿਚ ਅਧਿਆਤਮਕਤਾ ਦੁਆਲੇ ਹੀ ਕੇਂਦਰਿਤ ਹਨ । ਇਸ ਤਰ੍ਹਾਂ ਵਿਸ਼ੇ ਪੱਖ ਨੂੰ ਪੇਸ਼ ਕਰਨ ਵਕਤ ਅਧਿਆਤਮਕਤਾ ਨੂੰ ਕੇਂਦਰ ਮੰਨ ਕੇ ਤੁਲਨਾਤਮਕ ਅਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਸ਼ੇ ਪੱਖ ਤੋਂ ਵਿਸ਼ੇ ਪੱਖ ਦਾ ਅਧਿਐਨ ਕੀਤਾ ਗਿਆ ਹੈ ।

ਚੌਥੇ ਅਧਿਆਇ ਵਿੱਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚਲੇ ਜੀਵਨ - ਦਰਸ਼ਨ ਤੇ ਵਿਚਾਰ ਕੀਤਾ ਗਿਆ ਹੈ । ਇਹ ਬਹੁਤ ਸੂਖਮ ਵਿਸ਼ਾ ਹੈ । ਇਨ੍ਹਾਂ ਦੀਆਂ ਰਚਨਾਵਾਂ ਦੇ ਜੀਵਨ - ਦਰਸ਼ਨ ਵਾਲੇ ਪੱਖ ਵਿੱਚ ਜੋ ਜੀਵ, ਜਗਤ, ਆਤਮਾ, ਪਰਮਾਤਮਾ, ਮੌਤ ਆਦਿ ਬਾਰੇ ਵਿਚਾਰ ਪ੍ਰਗਟ ਹੋਏ ਮਿਲਦੇ ਹਨ, ਉਹ ਅਸਲ ਵਿੱਚ ਸਮੁੱਚੇ ਭਾਰਤ ਦੀ ਅਧਿਆਤਮਕ ਰਚਨਾਵਾਂ ਦੀ ਪ੍ਰਿਸ਼ਟਭੂਮੀ ਨਾਲ ਹੀ ਮੇਲ ਖਾਂਦੇ ਹਨ । ਇਸ ਤਰ੍ਹਾਂ ਇਨ੍ਹਾਂ ਲੇਖਕਾਂ ਦੇ ਇਨ੍ਹਾਂ ਵਿਚਾਰਾਂ ਨੂੰ ਸਮੁੱਚੇ ਭਾਰਤ ਦੀ ਦਾਰਸ਼ਨਿਕ ਵਿਚਾਰਧਾਰਾ ਦੇ ਸੰਦਰਭ ਵਿਚ ਰੱਖਕੇ ਹੀ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਤੇ ਪੜਚੋਲਿਆ ਗਿਆ ਹੈ ।

ਪੰਜਵੇਂ ਅਧਿਆਇ ਵਿੱਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਨੂੰ ਸ਼ੈਲੀ ਪੱਖੋਂ ਵਾਚਣ ਦਾ ਯਤਨ ਕੀਤਾ ਹੈ । ਸ਼ੈਲੀ ਸ਼ਬਦ ਦੀ ਵਿਉਤਪਤੀ ਸੰਬੰਧੀ ਵਿਚਾਰ ਕਰਦਿਆਂ ਹੋਇਆਂ, ਉਸ ਦੇ ਵਿਕਾਸ ਤੇ ਅੱਜ ਦੇ ਪ੍ਰਚਲਤ ਸ਼ੈਲੀ ਸ਼ਬਦ ਸੰਬੰਧੀ ਵਿਚਾਰ ਚਰਚਾ ਕੀਤੀ ਹੈ । ਇਸੇ ਤਰ੍ਹਾਂ ਸ਼ੈਲੀ ਵਿੱਚ ਇਨ੍ਹਾਂ ਲੇਖਕਾਂ ਦੀ ਸ਼ਖਸੀਅਤ ਮੁਤਾਬਿਕ ਕਿਸ ਪ੍ਰਕਾਰ ਪ੍ਰਗਟ ਹੋਈ ਹੈ ਆਦਿ ਪੱਖਾਂ ਨੂੰ ਅਤੇ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਦੀ ਭਾਸ਼ਾ ਅਤੇ ਵਿਆਕਰਣ ਪੱਖ ਨੂੰ ਵਿਚਾਰਿਆ ਗਿਆ ਹੈ । ਇਸ ਦੇ ਨਾਲ ਹੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਕੁਝ ਹੋਰ ਸਮਕਾਲੀ ਨਿਬੰਧਕਾਰਾਂ ਜਿਵੇਂ — ਗੁਰਬਖਸ਼ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਪ੍ਰੋ. ਸਾਹਿਬ ਸਿੰਘ, ਡਾ. ਬਲਬੀਰ ਸਿੰਘ ਨਾਲ ਵੀ ਅਤੇ ਸ਼ੈਲੀ ਪੱਖੋਂ ਵਿਲੱਖਣਤਾ ਨੂੰ ਵੇਖਣ ਦਾ ਵੀ ਯਤਨ ਕੀਤਾ ਗਿਆ ਹੈ ।

ਖੋਜ ਕਾਰਜ ਦੇ ਅੰਤ ਵਿੱਚ ਸਾਰ ਤੱਤ ਨੂੰ ਨਿਸ਼ਕਰਸ਼ ਲੇਖ ਹੇਠ ਦਿੱਤਾ ਗਿਆ ਹੈ । ਨਾਲ ਹੀ ਪੁਸਤਕ ਸੂਚੀ ਪੇਸ਼ ਕੀਤੀ ਹੈ, ਜਿਸ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੁਸਤਕਾਂ ਦੀ ਸੂਚੀ ਪੇਸ਼ ਕੀਤੀ ਗਈ ਹੈ ।

## ਅਧਿਆਇ ਪਹਿਲਾ :

### ਰਚਨਾਵਾਂ ਦੇ ਮੁੱਢਲੇ-ਸਰੋਤ

1. ਭਾਈ ਵੀਰ ਸਿੰਘ : ਸੰਖੇਪ ਜੀਵਨੀ
2. ਪ੍ਰੋ. ਪੂਰਨ ਸਿੰਘ : ਸੰਖੇਪ ਜੀਵਨੀ
3. ਪਿਛੋਕੜ

ਦੋਹਾਂ ਦਾ ਪ੍ਰੇਰਨਾ ਸਰੋਤ : ਈਸਾਈ ਮਿਸ਼ਨਰੀ ਲਹਿਰ, ਕੂਕਾ ਲਹਿਰ, ਸਿੰਘ ਸਭਾ ਤੇ ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ, ਗ਼ਦਰ ਪਾਰਟੀ ਲਹਿਰ, ਆਰੀਆ ਸਮਾਜ ਲਹਿਰ ।

ਇਨ੍ਹਾਂ ਦਾ ਪ੍ਰਭਾਵ - ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਤੇ

## ਭਾਈ ਵੀਰ ਸਿੰਘ : ਸੰਖੇਪ ਜੀਵਨੀ :

ਸਾਹਿਤ ਅਤੇ ਸਮਾਜ ਇਕ ਦੂਜੇ ਨਾਲ ਸੰਬੰਧਿਤ ਹਨ । ਸਾਹਿਤਕਾਰ ਆਪਣੀ ਸਾਮਗਰੀ ਸਮਾਜ ਤੋਂ ਲੈਂਦਾ ਹੈ ਅਤੇ ਉਸ ਤੋਂ ਹੀ ਆਪਣੀ ਰਚਨਾ ਨੂੰ ਵਿਸ਼ੇਸ਼ ਦ੍ਰਿਸ਼ਟੀਕੋਣ ਅਨੁਸਾਰ ਜਨਮ ਦਿੰਦਾ ਹੈ । ਸਾਹਿਤਕਾਰ ਖੁਦ ਸਮਾਜ ਅੰਦਰ ਰਹਿੰਦਾ ਹੈ ਅਤੇ ਸਮਾਜ ਦਾ ਪ੍ਰਭਾਵ ਕਬੂਲਦਾ ਹੈ । ਉਹ ਉਨ੍ਹਾਂ ਪ੍ਰਭਾਵਾਂ ਨੂੰ ਆਪਣੀ ਸਾਹਿਤ ਰਚਨਾ ਦਾ ਆਧਾਰ ਬਣਾਉਂਦਾ ਹੈ ।

ਸਾਹਿਤਕਾਰ ਇਕ ਪਾਸੇ ਆਪਣੀਆਂ ਰਚਨਾਵਾਂ ਲਈ ਸਮਾਜ ਤੋਂ ਸਾਮਗਰੀ ਪ੍ਰਾਪਤ ਕਰਦਾ ਹੈ ਅਤੇ ਦੂਜੇ ਪਾਸੇ ਉਹ ਖੁਦ ਚੰਗੀਆਂ ਅਗਰਗਾਮੀ ਸ਼ਕਤੀਆਂ ਦਾ ਸਾਥ ਦਿੰਦਾ ਹੈ । ਉਹ ਸਮੇਂ ਦੇ ਸਮਾਜ ਅੰਦਰ ਮੌਜੂਦ ਕਮੀਆਂ ਨੂੰ ਸਾਹਮਣੇ ਲਿਆ ਕੇ ਸਮਾਜ ਨੂੰ ਇਕ ਆਦਰਸ਼ਕ ਸਮਾਜ ਬਣਾਉਣ ਦੀ ਪ੍ਰੇਰਨਾ ਦਿੰਦਾ ਹੈ ।

ਸਾਹਿਤਕਾਰ ਕੇਵਲ ਹੱਡ, ਚੰਮ ਅਤੇ ਲਹੂ ਮਾਸ ਦਾ ਬਣਿਆ ਪੁਤਲਾ ਹੀ ਨਹੀਂ ਹੁੰਦਾ ਸਗੋਂ ਆਪਣੇ ਮਾਂ - ਪਿਉ, ਭੈਣ - ਭਰਾਵਾਂ, ਜੱਦੀ ਵਿਰਸੇ, ਸਮਾਜ ਅਤੇ ਆਲੇ ਦੁਆਲੇ ਤੋਂ ਗ੍ਰਹਿਣ ਕੀਤੇ ਵਿਚਾਰਾਂ ਨੂੰ ਵੀ ਲਹੂ - ਮਾਸ ਦੀ ਤਰ੍ਹਾਂ ਆਪਣੇ ਅੰਦਰ ਸਮੋਈ ਬੈਠਾ ਹੁੰਦਾ ਹੈ । ਜਿਵੇਂ ਕਿ ਫੁੱਲ ਦੇ ਬੂਟੇ ਨੂੰ ਜਦ ਫੁੱਲ ਤੇ ਫੱਲ ਲਗਦੇ ਹਨ ਤਾਂ ਉਹ ਉਸ ਜੜ੍ਹਾਂ ਨੂੰ ਚਾਰ ਚੰਨ ਲਗਾ ਦਿੰਦਾ ਹੈ, ਭਾਵ ਉਸ ਦੀ ਸ਼ਾਨ ਵਿਚ ਵਾਧਾ ਕਰਦਾ ਹੈ । ਇਸੇ ਪ੍ਰਕਾਰ ਸਾਹਿਤ ਅਤੇ ਸਾਹਿਤਕਾਰ ਦਾ ਆਪਸ ਵਿਚ ਡੂੰਘਾ ਸੰਬੰਧ ਹੁੰਦਾ ਹੈ ।

ਕਿਸੇ ਸਾਹਿਤਕਾਰ ਦੀ ਸਾਹਿਤਕ ਰਚਨਾ ਨੂੰ ਜਾਣਨ ਤੋਂ ਪਹਿਲਾਂ ਸਾਹਿਤਕਾਰ ਦੇ ਜੀਵਨ, ਘਰੇਲੂ ਹਾਲਾਤ, ਆਲਾ ਦੁਆਲਾ, ਸਮਾਜ ਅਤੇ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ ਲਹਿਰਾਂ ਆਦਿ ਬਾਰੇ ਜਾਣ ਲੈਣਾ ਜ਼ਰੂਰੀ ਹੁੰਦਾ ਹੈ । ਅੰਗਰੇਜ਼ੀ ਲੇਖਕ ਹਡਸਨ ਦੇ ਅਨੁਸਾਰ :

> " ਧਿਆਨ ਪੂਰਵਕ ਖੋਜ ਕਰਨ ਤੇ ਇਹ ਸਾਨੂੰ ਉਸਦੀ ਵਿਦਿਆ ਬਾਰੇ, ਨੈਤਿਕ ਸ਼ਕਤੀ ਬਾਰੇ, ਜਿਸ ਨੇ ਉਸ ਦੇ ਜ਼ਰੂਰੀ ਗੁਣਾਂ ਅਤੇ ਉਸਦੇ ਮਹਾਨ ਕਲਾਮਈ ਕਿਸਮ ਦੀ ਬਣਤਰ ਘੜਾਈ । ਜਿਸ ਦੇ ਸਿਧਾਂਤ ਅਪਨਾਏ ਅਤੇ ਉਸ ਦੇ ਮਹਾਨ ਕਲਾਮਈ ਕਿਸਮ ਦੀ ਬਣਤਰ ਬਣਾਈ । ਜਿਸ ਦੇ ਸਿਧਾਂਤ ਅਪਨਾਏ

ਅਤੇ ਜਿਸ ਨੇ ਉਸ ਦੀ ਕਿਤਾਬਾਂ ਬਾਰੇ ਆਪਣੀ ਪਹਿਚਾਣ ਕਰਨ ਬਾਰੇ ਸਹਾਇਤਾ ਕੀਤੀ । ਉਨ੍ਹਾਂ ਇਨਸਾਨੀਅਤ ਨਾਲ, ਆਪਣੇ ਉਨਤ ਵਿਚਾਰਾਂ ਦੀ ਦ੍ਰਿੜਤਾ, ਆਪਣੇ ਸੁਭਾਅ ਨੂੰ ਸੁਧਾਰਦੇ ਹੋਏ ਅਤੇ ਸਿਧਾਂਤਾਂ ਨੂੰ ਚੇਤੰਨ ਬਣਾਉਂਦੇ ਹੋਏ ਜ਼ਿੰਦਗੀ ਬਿਤਾਈ । ਜਿਸ ਨੇ ਅਗਲੇ ਜੀਵਨ ਦੀਆਂ ਅਵਸਥਾਂ ਵਿਚ ਉਸ ਦੀ ਕਲਾ ਨੂੰ ਨਿਰਦੇਸ਼ਿਤ ਕੀਤਾ ।"[1]

ਕਿਸੇ ਮਹਾਨ ਸਾਹਿਤਕਾਰ ਨੂੰ ਚੰਗੀ ਤਰ੍ਹਾਂ ਜਾਨਣ ਲਈ ਜ਼ਰੂਰੀ ਹੁੰਦਾ ਹੈ ਕਿ ਅਸੀਂ ਉਸ ਦੀ ਰਚਨਾ ਦਾ ਡੂੰਘਾ ਅਧਿਐਨ ਕਰੀਏ ਤੇ ਉਸਦੇ ਪ੍ਰੇਰਣਾ ਸੋਤ੍ਰ ਬਾਰੇ ਜਾਣਕਾਰੀ ਪ੍ਰਾਪਤ ਕਰੀ ਕਰੀਏ, ਤਾਂ ਹੀ ਸਪੱਸ਼ਟ ਰੂਪ ਵਿਚ ਅਸੀਂ ਉਸਦੀ ਜੀਵਨ ਦ੍ਰਿਸ਼ਟੀ ਬਾਰੇ ਕੋਈ ਨਿਰਣਾ ਕਰ ਸਕਦੇ ਹਾਂ ।

ਉਨ੍ਹੀਵੀਂ ਸਦੀ ਆਧੁਨਿਕ ਭਾਰਤੀ ਬੋਲੀਆਂ ਦੇ ਪੁਨਰ - ਜੀਵਨ ਦਾ ਸਮਾਂ ਸੀ । ਇਸ ਸਮੇਂ ਤੱਕ ਅੰਗਰੇਜ਼ੀ ਸਾਮਰਾਜ ਪੂਰਣ ਰੂਪ ਵਿਚ ਭਾਰਤ ਉਤੇ ਸਥਾਪਿਤ ਹੋ ਚੁੱਕਾ ਸੀ । ਪਰ ਪੰਜਾਬ ਉਤੇ ਅੰਗਰੇਜ਼ੀ ਸਾਮਰਾਜ ਉਨ੍ਹੀਵੀਂ ਸਦੀ ਦੇ ਅੱਧ ਵਿਚ ਆ ਕੇ ਸੰਨ 1849 ਈ. ਤੋਂ ਪਿਛੋਂ ਸਥਾਪਿਤ ਹੋਇਆ । ਇਸ ਪ੍ਰਕਾਰ ਪੰਜਾਬੀ ਸਾਹਿਤ ਤੇ ਸੰਸਕ੍ਰਿਤੀ ਦਾ ਪੁਨਰ ਜਨਮ ਬਾਕੀ ਆਧੁਨਿਕ

---

" Carefully examined it will tell us much of his education of the influences which went to shape and would his nature of the master of whose feet he sat and who helped him to find himself of the books, he lived with of his intercourse with the men of the developed consolidation of his thought the modification of his temper and of the principle shy which he governed his art in the successive stage of his carer."

1. Willim Henry Hudson; A Introduction to the study of literature: Page No.29.

ਬੋਲੀਆਂ ਨਾਲੋਂ ਪੰਜਾਬ ਨੂੰ ਸਾਫ਼ ਪਿਛਲੇਰਾ ਹੋਇਆ । ਇਸ ਸਮੇਂ ਅੰਗਰੇਜ਼ ਆਪਣੀ ਬੋਲੀ, ਸਭਿਅਤਾ ਅਤੇ ਧਰਮ ਦੀ ਪ੍ਰਫੁੱਲਤਾ ਲਈ ਸੁਚੇਤ ਤੌਰ ਤੇ ਯਤਨ ਕਰ ਰਹੇ ਸਨ । ਜਿਸ ਬਾਰੇ ਡਾ. ਗੰਡਾ ਸਿੰਘ ਲਿਖਦੇ ਹਨ :

> "ਈਸਾਈ ਮਿਸ਼ਨਰੀਆਂ ਨੇ ਕਈ ਸਕੂਲ ਅਤੇ ਪ੍ਰਚਾਰ ਕੇਂਦਰ ਖੋਲ੍ਹੇ । ਇਕ ਕੇਂਦਰ ਅੰਮ੍ਰਿਤਸਰ ਦੇ ਇਕ ਬੁੰਗੇ ਵਿਚ ਸਥਾਪਿਤ ਕੀਤਾ । 1873 ਈ ਵਿਚ ਚਰਚ ਮਿਸ਼ਨ ਸਕੂਲ ਦੇ ਵਿਦਿਆਰਥੀਆਂ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਆਦਿ ਦਾ ਈਸਾਈ ਮੱਤ ਧਾਰਨ ਕਰਨ ਦਾ ਇਰਾਦਾ ਸਿੱਖਾਂ ਲਈ ਚੁਣੌਤੀ ਸੀ ।"[1]

ਪੰਜਾਬੀ ਤੇ ਹੋ ਰਹੇ ਇਸ ਵਿਦੇਸ਼ੀ ਸੰਸਕ੍ਰਿਤੀ ਦੇ ਹਮਲੇ ਦਾ ਮੁਕਾਬਲਾ ਕਰਨ ਵਾਲਿਆਂ ਵਿੱਚ ਸਿਰਮੌਰ ਨਾਂ ਹੈ ਭਾਈ ਵੀਰ ਸਿੰਘ ਦਾ, ਜਿਨ੍ਹਾਂ ਦਾ ਜਨਮ ਦੀਵਾਨ ਕੌੜਾ ਦੇ ਪ੍ਰਸਿੱਧ ਖਾਨਦਾਨ ਵਿਚ ਹੋਇਆ ਸੀ ।

ਭਾਈ ਵੀਰ ਸਿੰਘ ਦੇ ਖਾਨਦਾਨ ਦੀਆਂ ਮੁੱਢਲੀਆਂ ਕੜੀਆਂ ਉਨ੍ਹਾਂ ਲੋਕਾਂ ਦੀਆਂ ਹਨ, ਜਿਨ੍ਹਾਂ ਦਾ ਨਾਂ ਸਿੱਖ ਇਤਿਹਾਸ ਵਿਚ ਬੜੇ ਆਦਰ ਨਾਲ ਲਿਆ ਜਾਂਦਾ ਹੈ ।

ਭਾਈ ਵੀਰ ਸਿੰਘ ਦੀ ਬੰਸਾਵਲੀ ਦੀਵਾਨ ਕੌੜਾ ਮੱਲ ਤੋਂ ਵੀ ਪਿਛੋਂ ਦੀ ਮਿਲਦੀ ਹੈ । ਦੀਵਾਨ ਕੌੜਾ ਮੱਲ ਦੇ ਪਿਤਾ ਦਾ ਨਾਮ ਵੱਲੂ ਮੱਲ ਤੇ ਦਾਦਾ ਦਾ ਨਾਮ ਦੀਵਾਨ ਚੰਦ ਰਿਆਤ ਸਨ, ਜੋ ਮੁਗਲ ਰਾਜ ਸਮੇਂ ਮੁਲਤਾਨ ਵਿਚ ਦੀਵਾਨ ਰਹਿ ਚੁਕੇ ਸਨ । ਇਸ ਤੋਂ ਬਾਦ ਦੀਵਾਨ ਕੌੜਾ ਮੱਲ ਵੀ ਇਸੇ ਅਹੁਦੇ ਤੇ ਆਏ ਜੋ ਮੁਗਲ ਸੁਲਤਨਤ ਵਿਚ ਵਿਸ਼ੇਸ਼ ਸਨਮਾਨਤ ਪਦ ਤੇ ਪੁੱਜੇ । ਆਪ ਨੇ ਦੁਖੀ ਜਨਤਾ ਦੇ ਸੇਵਕ ਤੇ ਹਮਦਰਦ ਦੇ ਤੌਰ ਤੇ ਰੱਜ ਕੇ ਸੇਵਾ ਕੀਤੀ ਜਿਸ ਕਾਰਨ ਆਪ ਦੀ ਹਸਤੀ ਨੂੰ ਸਿੱਖਾਂ ਵਿਚ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਰਿਹਾ ।

ਬਾਬਾ ਕਾਹਨ ਸਿੰਘ ਭਾਈ ਵੀਰ ਸਿੰਘ ਦੇ ਦਾਦਾ ਸਨ ਜੋ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਸਨ । ਆਪ ਇਕ ਚੰਗੇ ਵੈਦ ਵੀ ਸਨ ।

ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਚੰਗੇ ਸਾਹਿਤਕਾਰ ਸਨ ਜੋ ਫ਼ਾਰਸੀ ਤੇ ਅੰਗਰੇਜ਼ੀ ਦਾ ਵੀ ਗਿਆਨ ਰਖਦੇ ਸਨ ਤੇ ਉਨ੍ਹਾਂ ਨੇ ਪੰਜਾਬੀ ਵਿਚ ਵੀ ਕੁਝ ਰਚਨਾ ਕੀਤੀ ।

---

1. ਡਾ. ਗੰਡਾ ਸਿੰਘ; ਦੀ ਪੰਜਾਬ ਪਾਸਟ ਐਂਡ ਪਰੇਜ਼ੈਂਟ; ਪੰਨਾ 245

ਉਨ੍ਹਾਂ ਨੇ ਆਯੁਰਵੈਦਿਕ ਸਿਖਿਆ ਪ੍ਰਾਪਤ ਕਰਨ ਉਪਰੰਤ ਐਲੋਪੈਥੀ ਦਾ ਵੀ ਅਧਿਐਨ ਕੀਤਾ ਤੇ ਅੰਮ੍ਰਿਤਸਰ ਵਿਚ ਆਪਣਾ ਸੁਤੰਤਰ ਕੰਮ ਆਰੰਭ ਕੀਤਾ । " ਡਾ. ਚਰਨ ਸਿੰਘ ਦਾ ਮੁੱਢਲਾ ਜੀਵਨ ਕਈ ਘਟਨਾਵਾਂ ਤੇ ਤਬਦੀਲੀਆਂ ਦੇ ਪਿਛੋਕੜ ਵਾਲਾ ਸੀ ।"[1] ਆਪ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ ।

ਡਾ. ਚਰਨ ਸਿੰਘ ਦਾ ਵਿਆਹ ਸੰ. 1869 ਈ. ਵਿਚ ਅੰਮ੍ਰਿਤਸਰ ਦੇ ਪ੍ਰਸਿੱਧ ਗਿਆਨੀ ਹਜ਼ਾਰਾ ਸਿੰਘ ਦੀ ਸਪੁੱਤਰੀ ਬੀਬੀ ਉੱਤਮ ਕੌਰ ਨਾਲ ਹੋਇਆ । ਇਸ ਪ੍ਰਕਾਰ ਨਾਨਕੇ ਪਰਿਵਾਰ ਵਿਚੋਂ ਵੀ ਗਿ. ਹਜ਼ਾਰਾ ਸਿੰਘ, ਆਪ ਦੇ ਨਾਨਾ ਜੀ, ਗੁਰਬਾਣੀ ਦੇ ਪ੍ਰਸਿੱਧ ਟੀਕਾਕਾਰ ਹੋਏ ਤੇ ਹੋਰ ਵੀ ਬਹੁਤ ਸਾਰੀਆਂ ਰਚਨਾਵਾਂ ਦੇ ਟੀਕੇ ਕੀਤੇ । ਇਸੇ ਪ੍ਰਕਾਰ ਆਪਦੇ ਮਾਮਾ ਆਇਆ ਸਿੰਘ ਵੀ ਕਵਿਤਾ ਰਚਿਆ ਕਰਦੇ ਸਨ ।

ਇਸ ਪ੍ਰਕਾਰ ਦੇ ਵਾਤਾਵਰਣ ਵਿਚ ਡਾ. ਚਰਨ ਸਿੰਘ ਦੇ ਘਰ 5 ਦਸੰਬਰ, 1872 ਈ. ਵਿਚ ਦਿਨ ਵੀਰਵਾਰ ਨੂੰ, ਅੰਮ੍ਰਿਤਸਰ ਸ਼ਹਿਰ ਦੇ ਕਟੜਾ ਗਰਭਾ ਵਿਚ ਭਾਈ ਵੀਰ ਸਿੰਘ ਦਾ ਜਨਮ ਹੋਇਆ ।

ਭਾਈ ਵੀਰ ਸਿੰਘ ਦਾ ਆਲਾ ਦੁਆਲਾ ਬਚਪਨ ਤੋਂ ਹੀ ਵਿਦਿਆ ਦੇ ਚਾਨਣ ਨਾਲ ਨਿਖਰ ਰਿਹਾ ਸੀ । ਇਕ ਬੱਚੇ ਨੇ ਬਹੁਤ ਕੁਝ ਆਪਣੇ ਨਾਨਕੇ ਤੇ ਦਾਦਕੇ ਪਰਿਵਾਰ ਤੋਂ ਗ੍ਰਹਿਣ ਕਰਨਾ ਹੁੰਦਾ ਹੈ ਤੇ ਫਿਰ ਭਾਈ ਵੀਰ ਸਿੰਘ ਜੀ ਤਾਂ ਬਣੇ ਹੀ ਕੀ ਸੀ ਜਿਨ੍ਹਾਂ ਦੀ ਖਾਨਦਾਨੀ ਕਈ ਉੱਚ ਕੋਟੀ ਦੇ ਵਿਅਕਤੀਆਂ ਦੀ ਸੰਗਲੀ ਜਾਪਦੀ ਹੈ । ਇਸ ਪ੍ਰਕਾਰ ਉਸ ਸਮੇਂ ਦਾ ਵਾਤਾਵਰਣ ਵਿਚ ਜੇ ਅਸੀਂ ਇਹ ਕਹਿ ਦਈਏ ਕਿ ਭਾਈ ਵੀਰ ਸਿੰਘ ਨੂੰ ਜਨਮ ਸਮੇਂ ਹੀ ਸਾਹਿਤਕਤਾ ਦੀ ਗੁੜ੍ਹਤੀ ਦਿੱਤੀ ਗਈ ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ ।

ਭਾਈ ਸਾਹਿਬ ਨੇ ਪੰਜਾਬੀ ਦਾ ਅੱਖਰ-ਬੋਧ ਤੇ ਮੁੱਢਲੀ ਵਿਦਿਆ ਨਾਨਾ ਜੀ ਤੇ ਇਕ ਸੰਤ ਜੀ ਪਾਸੋਂ ਪ੍ਰਾਪਤ ਕੀਤੀ ਤੇ ਇਸ ਇਮਤਿਹਾਨ ਵਿਚੋਂ ਅੱਵਲ ਆਉਣ ਤੇ ਡਿਸਟਰਿਕਟ ਬੋਰਡ ਦੀ ਕਮੇਟੀ ਨੇ ਇਕ ਚਾਂਦੀ ਤੋਲੇ ਦਾ ਤਗਮਾ ਭੇਟਾ ਕੀਤਾ । " ਕਾਕਾ ਵੀਰ ਸਿੰਘ ਪੁੱਤਰ ਡਾ. ਚਰਨ ਸਿੰਘ ਨੂੰ 1891 ਵਿਚ ਦਸਵੀਂ ਦੇ ਇਮਤਿਹਾਨ ਵਿਚੋਂ ਅੱਵਲ ਰਹਿਣ ਕਰਕੇ ਮਿਲਿਆ ।" [2]

---

1. ਸੁਰਿੰਦਰ ਸਿੰਘ ਨਰੂਲਾ; ਭਾਈ ਵੀਰ ਸਿੰਘ ਇਕ ਸਾਹਿਤਕ ਅਧਿਐਨ; ਪੰਨਾ 12
2. ਸ. ਸ. ਅਮੋਲ; ਭਾਈ ਸਾਹਿਬ ਭਾਈ ਵੀਰ ਸਿੰਘ ਦਾ ਜੀਵਨ; ਪੰਨਾ 20

ਸਤਾਰਾਂ ਸਾਲ ਦੀ ਉਮਰ ਵਿਚ (1889 ਵਿਚ ) ਆਪ ਦਾ ਵਿਆਹ ਹੋ ਗਿਆ । ਆਪ ਦੀਆਂ ਕੇਵਲ ਦੋ ਸਪੁੱਤਰੀਆਂ ਹੀ ਹਨ । ਮੈਟ੍ਰਿਕ ਪਾਸ ਕਰਦਿਆਂ ਉਨ੍ਹਾਂ ਨੂੰ ਨਾਇਬ ਤਹਿਸੀਲਦਾਰ ਦੀ ਸਰਕਾਰੀ ਨੌਕਰੀ ਮਿਲੀ ਪਰ ਆਪ ਨੇ ਇਨਕਾਰ ਕਰ ਦਿੱਤਾ, ਕਿਉਂਕਿ ਆਪ ਸੋਚਦੇ ਸਨ ਕਿ ਉਨ੍ਹਾਂ ਦਾ ਮਿਸ਼ਨ ਇਸ ਬੰਧਨ ਕਰਕੇ ਪੂਰਾ ਨਹੀਂ ਹੋ ਸਕਦਾ । ਸਾਹਿਤ ਵੱਲ ਆਪ ਦੀ ਰੁਚੀ ਪ੍ਰਬਲ ਸੀ ਅਤੇ ਇਸ ਦੇ ਨਾਲ ਹੀ ਆਪ ਆਪਣਾ ਜੀਵਨ ਕੌਮ ਦੇ ਲੇਖੇ ਲਾਉਣਾ ਚਾਹੁੰਦੇ ਸਨ ।

ਉਨ੍ਹਾਂ 1892 ਈ. ਵਿਚ ਇਕ ਛਾਪਾਖਾਨਾ ਵਜ਼ੀਰ ਹਿੰਦ ਪ੍ਰੈਸ ਜਾਰੀ ਕੀਤਾ । ਜੋ ਸਾਹਿਤ ਅਤੇ ਧਰਮ ਦੇ ਪ੍ਰਚਾਰ ਦੀ ਖ਼ਾਤਰ ਅਤਿ ਲੋੜੀਂਦਾ ਸੀ । ਪੰਜਾਬ ਭਰ ਵਿਚ ਆਪਣੇ ਆਪਣੇ ਧਰਮਾਂ ਅਤੇ ਸਭਿਆਚਾਰਾਂ ਦੇ ਪ੍ਰਚਾਰ ਲਈ ਸਭਾਵਾਂ ਕਾਇਮ ਹੋ ਚੁਕੀਆਂ ਸਨ । ਇਸ ਲਈ ਪ੍ਰਚਾਰ ਲਈ ਸਾਹਿਤ ਦੀ ਲੋੜ ਸੀ ਤੇ ਇਹ ਛਾਪਾਖਾਨਾ ਇਸ ਉਦੇਸ਼ ਨੂੰ ਪੂਰਾ ਕਰਦਾ ਸੀ ।

1894 ਵਿਚ ਆਪਣੇ ਕੁਝ ਮਿੱਤਰਾਂ ਨਾਲ ਰਲਕੇ ਖ਼ਾਲਸਾ ਟ੍ਰੈਕਟ ਸੋਸਾਇਟੀ ਬਣਾਈ। ਇਸ ਦਾ ਕੰਮ ਪੰਜਾਬੀ ਵਿਚ ਸਿਖੀ - ਪ੍ਰਚਾਰ ਤੇ ਸਮਾਜਿਕ ਸੁਧਾਰ ਲਈ ਟ੍ਰੈਕਟ, ਚਿੱਠੇ ਆਦਿ ਪ੍ਰਕਾਸ਼ਿਤ ਕਰਨਾ ਸੀ । ਇਸ ਸੰਸਥਾ ਦੇ ਮੁਖ ਲੇਖਕ ਭਾਈ ਵੀਰ ਸਿੰਘ ਆਪ ਮੁੱਢ ਤੋਂ ਲੈ ਕੇ ਆਪਣੇ ਪਿਛਲੇ ਸਾਲਾਂ ਤੱਕ ਰਹੇ । ਆਪ ਨੇ ਸਿੱਖ ਧਰਮ, ਇਤਿਹਾਸ, ਅਤੇ ਸਮਾਜਿਕ ਭਲਾਈ ਲਈ ਹਜ਼ਾਰਾਂ ਹੀ ਟ੍ਰੈਕਟ ਛਾਪੇ ।

ਆਪ ਦੁਆਰਾ ਕੀਤੀ ਗਈ ਰਚਨਾ ਗੰਭੀਰ ਧਾਰਮਿਕ ਰਚਨਾ ਹੈ । ਭਾਵੇਂ ਪੰਥਕ ਸੇਵਕ ਬਹੁਤ ਹੋਏ ਹਨ ਪਰ ਅਜਿਹਾ ਸੱਜਣ ਕੋਈ ਨਹੀਂ ਹੋਇਆ ਜਿਸ ਨੇ ਇਤਨੇ ਪੱਖਾਂ, ਧਰਮ ਪ੍ਰਚਾਰ, ਕੋਸ਼ਕਾਰੀ, ਇਤਿਹਾਸ, ਵਿਦਿਆ ਪ੍ਰਚਾਰ, ਪੰਜਾਬੀ - ਪੱਦ ਅਤੇ ਗੱਦ ਸਾਰਿਆਂ ਵਿਚ ਨਿਰਮਾਣ ਸੇਵਾ ਕੀਤੀ ਹੋਵੇ ।" [1]

ਆਪ ਦੀ ਸ਼ਖ਼ਸੀਅਤ ਵਿਚ ਕੋਈ ਉਘੜੀ ਸ਼ਕਤੀ ਸੀ । ਪ੍ਰੋ. ਪੂਰਨ ਸਿੰਘ ਤਾਂ ਇਥੋਂ ਤਕ ਲਿਖਦੇ ਹਨ :

> " ਆਪ ਦੀ ਕ੍ਰਿਪਾ ਕਟਾਖਸ਼ ਨਾਲ ਪੰਜਾਬੀ ਸਾਹਿਤ ਦਾ ਸਾਰਾ ਬੋਧ ਤੇ ਗਿਆਨ ਦੀ ਉਡਾਰੀ ਆਈ । ਕਵਿਤਾ ਵੀ ਮਿਲੀ ਉਸ ਮਿਹਰ ਦੀ ਨਜ਼ਰ ਵਿਚ । ਉਸੇ ਮਿਠੇ ਸਾਧ ਬਚਨ ਵਿਚ ਮੈਨੂੰ ਪੰਜਾਬੀ ਬੋਲੀ ਆਪ ਮੁਬਾਰਕੀ

1. ਖ਼ਾਲਸਾ ਸਮਾਚਾਰ; ਭਾਈ ਵੀਰ ਸਿੰਘ ਜਨਮ ਸ਼ਤਾਬਦੀ ਅੰਕ; ਪੰਨਾ 21

ਆਈ ......... ਮੇਰੀ ਅੱਖ ਦੀ ਠਾਰੀ ਉਨ੍ਹਾਂ ਦੀ ਹੈ ।"[1]

ਭਾਈ ਸਾਹਿਬ ਨੇ ਆਪਣੇ ਜੀਵਨ ਦਾ ਵਿਸ਼ੇਸ਼ ਹਿੱਸਾ ਪੰਜਾਬੀ ਬੋਲੀ ਤੇ ਸਾਹਿਤ ਦੀ ਅਣਥੱਕ ਸੇਵਾ ਕਰਨ ਵਿਚ ਬਤੀਤ ਕੀਤਾ । ਜੀਵਨ, ਸਾਹਿਤ, ਇਤਿਹਾਸ, ਬੋਲੀ ਲਈ ਘਾਲਣਾਵਾਂ ਘਾਲੀਆਂ ਤੇ ਨਵੀਆਂ ਲੀਹਾਂ ਸਥਾਪਿਤ ਕੀਤੀਆਂ ।

ਆਪ ਦੀ ਅਦੁੱਤੀ ਸੇਵਾ ਦੀ ਪ੍ਰਸ਼ੰਸਾ ਵਜੋਂ ਆਪ ਨੂੰ ਕਈ ਵਾਰ ਸਤਿਕਾਰਿਆ ਤੇ ਸਨਮਾਨਿਆ ਗਿਆ ।

ਸਾਹਿਤਕ ਕੰਮਾਂ ਤੋਂ ਬਿਨ੍ਹਾਂ ਆਪ ਨੇ ਆਪਣੇ ਜੀਵਨ ਵਿਚ ਸਰਵਜਨਕ ਕੰਮਾਂ ਲਈ ਵੀ ਬਹੁਤ ਸਾਰੀਆਂ ਸੰਸਥਾਵਾਂ ਤੇ ਆਸ਼ਰਮ ਕਾਇਮ ਕੀਤੇ ।

ਆਪ ਦੀਆਂ ਹੋਰ ਘਾਲਣਾਵਾਂ ਦੇ ਨਾਲ ਨਾਲ ਪੰਜਾਬ ਦੇ ਹਿੰਦੀ ਸਾਹਿਤ ਲਈ ਕੀਤੀ ਗਈ ਖੋਜ ਵੀ ਇਕ ਵੱਡੀ ਦੇਣ ਹੈ । ਜਿਸ ਬਾਰੇ ਰਾਜਿੰਦਰ ਲਾਲ ਹਾਂਡਾ ਲਿਖਦੇ ਹਨ :

> " ਭਾਈ ਸਾਹਿਬ ਨੇ ਪੰਜਾਬ ਦੀ ਹਿੰਦੀ ਦੀ ਰਵਾਇਤੀ ਲੜੀ ਨੂੰ ਮੁੜ ਜੋੜਿਆ । ਉਨ੍ਹਾਂ ਦੇ ਯਤਨ ਸਦਕਾ ਪੰਜਾਬ ਵਿਚ ਹਿੰਦੀ ਸਾਹਿਤ ਦੇ ਵਿਕਾਸ ਦਾ ਖੱਪਾ ਪੂਰਿਆ ਗਿਆ । ਸਿੱਖ ਗੁਰੂਆਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੀ ਕਵਿਤਾ ਬ੍ਰਜ - ਭਾਸ਼ਾ ਵਿਚ ਲਿਖੀ ਗਈ ਜਿਸ ਵਿਚੋਂ ਇਕ ਮਹੱਤਵਪੂਰਨ ਰਚਨਾ ਭਾਈ ਸੰਤੋਖ ਸਿੰਘ ਦੀ ਹੈ । ਜਿਸ ਬਾਰੇ ਸਾਲਾਂ ਬੱਧੀ ਖੋਜ ਕਰਕੇ ਇਸ ਮਹਾਨ ਹਿੰਦੀ ਕਵੀ ਤੋਂ ਲੋਕਾਂ ਨੂੰ ਜਾਣੂ ਕਰਵਾਇਆ । ਜਿਥੇ ਆਪ ਨਵੇਂ ਪੰਜਾਬੀ ਸਾਹਿਤ ਨੂੰ ਬਨਾਉਣ ਵਾਲੇ ਸਨ ਉਥੇ ਹਿੰਦੀ ਸਾਹਿਤ ਦੇ ਇਤਿਹਾਸ-ਕਾਰ ਦੇ ਤੌਰ ਤੇ ਵੀ ਉਨ੍ਹਾਂ ਨੂੰ ਮਾਨਤਾ ਮਿਲਣੀ ਆਵਸ਼ਕ ਹੈ ।"[2]

ਆਪ ਨੇ ਜੀਵਨ, ਸਾਹਿਤ, ਇਤਿਹਾਸ, ਬੋਲੀ ਲਈ ਜੋ ਘਾਲਣਾ ਘਾਲੀ ਉਸ ਨੂੰ ਵੇਖਦਿਆਂ ਹੋਇਆਂ ਸਾਡਾ ਸਿਰ ਆਪ ਜੀ ਪ੍ਰਤਿ ਸ਼ਰਧਾ ਨਾਲ ਝੁਕ ਜਾਂਦਾ ਹੈ । ਆਪ ਨੇ ਆਪਣਾ ਸਮੁੱਚਾ ਜੀਵਨ, ਪੰਜਾਬੀ ਸਾਹਿਤ ਦੀ ਸੇਵਾ ਕਰਦਿਆਂ ਬਿਤਾਇਆ ਤੇ ਅਖੀਰ ਤੱਕ ਸੇਵਾ ਕਰਦਿਆਂ ਇਸ ਮਹਾਨ ਸਾਹਿਤਕਾਰ ਦਾ ਦੇਹਾਂਤ 10 ਜੂਨ 1957 ਨੂੰ 85 ਸਾਲ ਦੀ ਆਯੂ ਵਿਚ ਅੰਮ੍ਰਿਤਸਰ ਵਿਚ ਹੋਇਆ ।

ਆਪ ਦੀ ਸਾਹਿਤ ਨੂੰ ਦਿੱਤੀ ਦੇਣ ਹਮੇਸ਼ਾਂ ਸਾਡੀ ਅਗਵਾਈ ਕਰਦੀ ਰਹੇਗੀ ਅਤੇ ਆਉਣ ਵਾਲੇ ਸਾਹਿਤਕਾਰਾਂ ਲਈ ਰਸਤਾ ਰੌਸ਼ਨ ਕਰਦੀ ਰਹੇਗੀ ।

---

1. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ; ਪੰਨਾ 24

2. Rajinder Lal Handa; Bhai Vir Singh Shatabdi Granth;P-375

## ਪ੍ਰੋ. ਪੂਰਨ ਸਿੰਘ : ਸੰਖੇਪ ਜੀਵਨੀ :

ਪ੍ਰੋ. ਪੂਰਨ ਸਿੰਘ ਦਾ ਜਨਮ ਪੋਠੋਹਾਰ ਦੇ ਇਕ ਨਿੱਕੇ ਜਿਹੇ ਪਿੰਡ " ਸਲਹੱਡ " ਜ਼ਿਲ੍ਹਾ ਐਬਟਾਬਾਦ ਵਿਚ 17 ਫਰਵਰੀ 1881 ਈ. ਨੂੰ ਹੋਇਆ । ਇਹ ਪਿੰਡ ਕੁਦਰਤ ਦੀ ਗੋਦ ਵਿਚ ਸਥਿਤ ਸੀ । ਇਸ ਪਿੰਡ ਦੇ ਚੁਫੇਰੇ ਨੂੰ ਨਿੱਕੀਆਂ ਨਿੱਕੀਆਂ ਪਹਾੜੀਆਂ, ਟਿੱਲਿਆਂ, ਝੀਲਾਂ ਦੇ ਹਰਿਆਵਲ ਭਰੇ ਵਾਤਾਵਰਣ ਨੇ ਸੁੰਦਰ ਬਣਾਇਆ ਹੋਇਆ ਸੀ । ਅਜਿਹੇ ਰਮਣੀਕ ਤੇ ਕੁਦਰਤ ਦੇ ਸੰਗੀਤ ਭਰੇ ਵਾਤਾਵਰਣ ਵਿਚ ਜੇ ਇਸ ਤਰ੍ਹਾਂ ਕਹਿ ਦਿੱਤਾ ਜਾਵੇ ਕਿ ਪਿਤਾ ਸ੍ਰ. ਕਰਤਾਰ ਸਿੰਘ ਤੇ ਮਾਤਾ ਪਰਮਾ ਦੇਵੀ ਦੇ ਖਾਨਦਾਨ ਵਿਚ ਇਕ ਧਰੂ ਤਾਰਾ ਚਮਕਿਆ ਤਾਂ ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ । ਇਹ ਤਾਰਾ ਪੰਜਾਬੀ ਪਾਠਕਾਂ ਦੇ ਮਨਾਂ ਉਤੇ ਸਦਾ ਲਈ ਅਮਿਟ ਛਾਪ ਬਣ ਗਿਆ ।

ਇਸ ਪਿੰਡ ਵਿਚ ਹਿੰਦੂ ਵੀ ਵਸਦੇ ਸਨ ਤੇ ਪਠਾਣ ਵੀ । ਪਠਾਣ ਆਪਣੇ ਆਪ ਨੂੰ ਹਿੰਦੂਆਂ ਨਾਲੋਂ ਜ਼ਿਆਦਾ ਵਧੀਆ ਮਹਿਸੂਸ ਕਰਦੇ ਸਨ । ਪਰ ਹਿੰਦੂ ਵੀ ਡੌਲ੍ਹੇ - ਤੁਠੇ ਸੁਭਾਅ ਦੇ ਪਠਾਣਾਂ ਵਰਗੇ ਹੀ ਅਜ਼ਾਦ - ਮਨਸ਼ ਸਨ ।

ਪੂਰਨ ਸਿੰਘ ਨੇ ਆਪਣੇ ਸੁਭਾਅ ਦੀ ਖ਼ੁੱਦਦਾਰੀ ਤੇ ਅਜ਼ਾਦੀ ਬਚਪਨ ਤੋਂ ਹੀ ਸਿੱਖੀ ਜੋ ਉਸ ਨੇ ਪਠਾਣਾਂ ਤੇ ਹਿੰਦੂ ਸੰਸਕ੍ਰਿਤੀ ਤੋਂ ਹਾਸਿਲ ਕੀਤੀ । ਆਪ ਅਨੁਸਾਰ :

> " ਮੈਂ ਇਕ ਪਠਾਣ ਬੱਚੇ ਵਾਂਗ ਹਿੰਦੂ ਵਿਹਾਰਾਂ ਵਾਲਾ ਪਲਿਆ । ਜਿਸ ਨੇ ਰੂਹ ਦੇ ਗੀਤ ਆਪਣੇ ਪੰਘੂੜੇ ਵਿਚ ਹੀ ਸਿੱਖੇ ਅਤੇ ਮੈਂ ਬਚਪਨ ਦੇ ਦਿਨ੍ਹਾਂ ਵਿਚ ਬਿਲਕੁਲ ਪਠਾਣ ਵਾਂਗ ਲੜਦਾ ਸੀ । " [1]

ਪੂਰਨ ਸਿੰਘ ਦਾ ਪਿਤਾ ਜ਼ਿਲ੍ਹਾ ਐਬਟਾਬਾਦ ਦੇ ਮਹਿਕਮਾ ਮਾਲ ਦਾ ਪਟਵਾਰੀ ਸੀ । ਘਰ ਦੀ ਹਾਲਤ ਬਹੁਤ ਚੰਗੀ ਨਹੀਂ ਸੀ । ਪਰ ਫਿਰ ਵੀ ਉਸ ਦੀ ਮਾਂ ਨੇ ਬਹੁਤ ਚੰਗੀ ਤਰ੍ਹਾਂ ਆਪ ਦਾ ਪਾਲਣ ਪੋਸ਼ਣ ਕੀਤਾ । ਇਹੋ ਕਾਰਨ ਹੈ ਕਿ ਮਾਂ ਵਲੋਂ ਮਿਲੀ ਅਨੁਭਵੀ ਸ਼ਕਤੀ ਦਾ ਗਿਆਨ ਉਸ ਨੂੰ ਹਮੇਸ਼ਾਂ ਮਹਿਸੂਸ ਹੁੰਦਾ ਰਹਿੰਦਾ । ਆਪ ਅਨੁਸਾਰ :

---

1. Puran Singh; Sister of the spinning wheel; P-27

" ਮੇਰੇ ਵਿਚ ਮੇਰੇ ਪਿਤਾ ਦਾ ਕਲਬੂਤ ਹੈ । ਕੁਝ ਮੇਰੇ ਵਿਚ ਮੇਰੀ ਮਾਂ ਵੀ ਹੈ । ਮੇਰੀ ਮਾਂ ਨੇ ਸਦਾ ਜਬਰ ਦਾ ਟਾਕਰਾ ਕੀਤਾ ਹੈ । ਮੇਰੇ ਵਿਚ ਇਹੀ ਕੁਝ ਕੰਮ ਕਰਦੀ ਰਹੀ ਹੈ । ਮੇਰੀ ਮਾਂ ਦੁਖੀ ਲਕਾਂ ਦੀ ਪੁਕਾਰ ਸੁਣ ਕੇ ਪਸੀਜ ਜਾਂਦੀ ਸੀ ਤੇ ਨਿਤਾਣਿਆਂ ਨੂੰ ਉਸ ਵੱਲ ਵੇਖ ਕੇ ਹੌਸਲਾ ਹੋ ਜਾਂਦਾ ਸੀ ।" [1]

ਜਦੋਂ ਆਪ ਦੀ ਉਮਰ ਪੰਜ ਸਾਲ ਦੀ ਹੋਈ ਆਪ ਨੂੰ ਹਵੇਲੀਆਂ ਵਿਚ ਇਕ ਮੌਲਵੀ ਪਾਸ ਮਸਜਿਦ ਵਿਚ ਪੜ੍ਹਨੇ ਪਾ ਦਿਤਾ । ਜੋ ਫਾਰਸੀ ਦਾ ਉਘਾ ਵਿਦਵਾਨ ਸੀ । ਇਸ ਮੌਲਵੀ ਦੇ ਸਿਰ ਤੇ ਬੰਨ੍ਹੀ ਹੋਈ ਪੱਗ ਦਾ ਝੁਲੇਆ ਉਸਨੂੰ ਆਪਣੇ ਪਿਤਾ ਜੀ ਵਰਗਾ ਪਿਆ । ਆਪ ਅਨੁਸਾਰ :

" ਪਹਿਲੀ ਵਾਰੀ ਤੇ ਮੈਂ ਖਿਆਲ ਕੀਤਾ ਉਹ ਮੇਰੇ ਪਿਤਾ ਦਾ ਉਤਾਰਾ ਸੀ । ਉਸ ਨੂੰ ਮੈਨੂੰ ਸਬਕ ਦੇਣ ਦਾ ਢੰਗ ਮੇਰੀ ਮਾਂ ਵਰਗਾ ਸੀ ।" [2]

ਇਥੇ ਹੀ ਆਪ ਨੇ ਗੁਰਦੁਆਰੇ ਦੇ ਭਾਈ ਬੇਲਾ ਸਿੰਘ ਕੋਲੋਂ ਗੁਰਮੁਖੀ ਅੱਖਰ ਸਿਖੇ ਤੇ ਗੁਰਬਾਣੀ ਦਾ ਪਾਠ ਪੜ੍ਹਨਾ ਤੇ ਸੁਣਨਾ ਸ਼ੁਰੂ ਕੀਤਾ । ਹਰੀਪੁਰ ਦੇ ਐਮ. ਬੀ. ਸਕੂਲ ਤੋਂ ਆਪ ਨੇ ਮਿਡਲ ਪਾਸ ਕੀਤਾ । ਇਥੋਂ ਦਾ ਹੈੱਡ ਮਾਸਟਰ ਈਸਾਈ ਗੁਲਾਮ ਮਹੀਉਦੀਨ ਸੀ । ਇਸ ਤਰ੍ਹਾਂ ਆਪਣੇ ਅਧਿਆਪਕਾਂ ਰਾਹੀਂ ਉਹ ਛੋਟੀ ਉਮਰ ਵਿਚ ਹੀ ਅਚੇਤ ਤੌਰ ਤੇ ਤਿੰਨ ਸੰਸਕ੍ਰਿਤੀਆਂ ਦਾ ਸਵਾਦ ਚੱਖ ਚੁਕਾ ਸੀ । ਇਨ੍ਹਾਂ ਉਰਦੂ, ਗੁਰਮੁਖੀ ਤੇ ਅੰਗਰੇਜ਼ੀ ਦੇ ਪਹਿਲੇ ਅੱਖਰਾਂ ਦੀ ਵਡਿਆਈ ਨੂੰ ਆਪਣੇ ਇਸ ਪ੍ਰਕਾਰ ਵਰਣਨ ਕੀਤਾ :

" ਮੈਂ ਨਹੀਂ ਜਾਣਦਾ ਕਿ ਮੈਂ ਅਰਬੀ, ਪੰਜਾਬੀ ਅਤੇ ਅੰਗਰੇਜ਼ੀ ਦੇ ਨਿੱਕੇ ਕਾਇਦੇ ਦਾ ਸ਼ੌਕੀਨ ਕਿਉਂ ਸੀ । ਓਹੀ ਦੇ ਅੱਖਰਾਂ ਦੇ ਗਿਆਨ ਵਿਚ ਇੰਨੀ ਖੁਸ਼ੀ ਸੀ ਜਿਹੜੀ ਮੈਂ ਵੱਡੇ ਹਰੇ ਵੀ ਕਿਤਾਬਾਂ ਵਿਚੋਂ ਨਹੀਂ ਲੱਭੀ ।" [3]

---

1. ਪ੍ਰੋ. ਪੂਰਨ ਸਿੰਘ; ਜ਼ਿੰਦਗੀ ਦੇ ਰਾਹਾਂ ਤੇ (ਅਨੁ. ਸ੍ਰ. ਗੁਰਬਖਸ਼ ਸਿੰਘ) ਪੰਨਾ 29
2. ਪ੍ਰੋ. ਪੂਰਨ ਸਿੰਘ; - ਉਹੀ - ਪੰਨਾ 26

" I do not knew why I was very fond of my little primere with alphabets in Arabic, Punjabi and English. There was delight in knewledge the alphabets that I never found of towards in beoks"

3. Puran Singh; On paths of life; P-39

ਮੈਟ੍ਰਿਕ ਦੀ ਪੜ੍ਹਾਈ ਲਈ ਆਪ ਨੂੰ ਰਾਵਲਪਿੰਡੀ ਆਉਣਾ ਪਿਆ । 14 ਸਾਲ ਦੀ ਆਯੂ ਵਿਚ ਆਪ ਨੇ ਮੈਟ੍ਰਿਕ ਪਾਸ ਕਰ ਲਈ । ਇਥੇ ਆਪ ਦੇ ਪਰਿਵਾਰ ਨੂੰ ਕਈ ਸੰਕਟ ਆਏ । ਇਥੇ ਹੀ ਆਪ ਨੇ ਇਸਤਰੀ ਜਾਤੀ ਤੇ ਹੋ ਰਹੀ ਜ਼ੁਲਮ ਦੀ ਨੰਗੀ ਤਸਵੀਰ ਤੱਕੀ । ਇਸ ਦਾ ਜ਼ਿਕਰ ਉਸ ਦੀ ਆਪਣੀ ਹੀ ਭੈਣ ਨਾਲ ਸੀ ।

1897 ਦੇ ਮਈ ਮਹੀਨੇ ਵਿਚ ਆਪ ਆਪਣਾ ਪਰਿਵਾਰ ਲੈ ਕੇ ਲਾਹੌਰ ਆ ਗਏ । ਲਾਹੌਰ ਦੇ ਡੀ. ਏ. ਵੀ. ਕਾਲਜ ਵਿਚ ਉਚ ਵਿਦਿਆ ਦੀ ਪ੍ਰਾਪਤੀ ਲਈ ਦਾਖ਼ਲਾ ਲੈ ਲਿਆ । ਲਾਹੌਰ ਦੇ ਵਾਤਾਵਰਣ ਦਾ ਵੀ ਉਸ ਤੇ ਕਾਫ਼ੀ ਪ੍ਰਭਾਵ ਪਿਆ । ਪਹਿਲੀ ਵਾਰ ਆਪ ਨੇ ਆਪਣੇ ਪਰਿਵਾਰ ਕੋਲੋਂ ਵਿਛੜੇ । ਇਥੇ ਰਹਿਣਾ ਸ਼ੁਰੂ ਕੀਤਾ, ਜਿਥੇ ਆਪ ਨੂੰ ਆਪਣੇ ਪਰਿਵਾਰ ਅਤੇ ਖ਼ਾਸ ਤੌਰ ਤੇ ਆਪਣੀ ਮਾਤਾ ਦੀ ਯਾਦ ਆਉਂਦੀ । ਆਪ ਅਨੁਸਾਰ :

> " ਲਾਹੌਰ ਦੇ ਕਾਲਜ ਵਿਚ ਪੜ੍ਹਦੇ ਹੋਏ ਮੈਂ ਆਪਣੀ ਮਾਂ ਬਾਰੇ ਲਗਾਤਾਰ ਸੋਚਦਾ ਰਹਿੰਦਾ ਸਾਂ ਕਿ ਕਿਸ ਤਰ੍ਹਾਂ ਉਸ ਨੇ ਸਾਡੇ ਲਈ ਦਿਨ ਤੇ ਰਾਤ ਮਿਹਨਤ ਕੀਤੀ । ਸਾਡਾ ਲਗਾਤਾਰ ਖ਼ਿਆਲ ਰਖਦਿਆਂ ਆਪਣੇ ਆਪਨੂੰ ਸਾਡੇ ਲਈ ਕੁਰਬਾਨ ਕਰਕੇ ਉਸ ਨੇ ਸਾਨੂੰ ਮਨ ਦੀ ਸੁੰਦਰਤਾ, ਆਜ਼ਾਦੀ ਪ੍ਰਦਾਨ ਕੀਤੀ । ਉਸ ਕੋਲੋਂ ਵਿਛੜਕੇ ਮੈਨੂੰ ਉਸ ਦੀ ਯਾਦ ਉਨ੍ਹਾਂ ਦੂਰ ਦੀਆਂ ਹੀਰੇ ਵਰਗੀਆਂ ਚਮਕਦੀਆਂ ਚੋਟੀਆਂ ਵਾਲੀਆਂ ਪਹਾੜੀਆਂ ਕੋਲੋਂ ਜੋ ਕਿ ਮੈਂ ਪਿਛੇ ਛੱਡ ਕੇ ਆਇਆ ਸਾਂ ਜ਼ਿਆਦਾ ਉਭਰਕੇ ਸਾਹਮਣੇ ਆਈ।" [1]

189੭ ਈ. ਵਿਚ ਲਾਹੌਰ ਵਿਚ ਹੀ ਇੰਟਰ ਪਾਸ ਕੀਤਾ । ਇਥੇ ਪੜ੍ਹਦਿਆਂ ਪੂਰਨ ਸਿੰਘ ਨੂੰ ਲਾਹੌਰ ਦਾ ਵਾਤਾਵਰਣ ਪਿੰਡ ਦੇ ਮੁਕਾਬਲੇ ਘੁੱਟਣ ਘੁੱਟਣ ਜਿਹੇ ਵਾਲਾ ਲੱਗਾ । ਲਾਹੌਰ ਨਿਵਾਸ ਸਮੇਂ ਪਏ ਪ੍ਰਭਾਵਾਂ ਦਾ ਆਪ ਇਸ ਪ੍ਰਕਾਰ ਵਰਣਨ ਕਰਦੇ ਹਨ ।

---

" At Lahore, while in college, I constantly thought of my mother how she toiled for us day and night and how she gave us all a beautiful independence of mind by her own self-sacrifice and constant thought of us. Removed as I was from her to a little distance. She towards before me more than those distant peaks of the high hills which I had left behind."

1. Puran Singh; Sister of the spinning wheel; P-28

" ਤਕ ਗਰਮੀਆਂ ਸਨ, ਲਾਹੌਰ ਦੀਆਂ ਤਪਦੀਆਂ ਗਰਮੀਆਂ, ਜਦੋਂ ਮੈਂ ਉਥੇ ਪਹੁੰਚਾ, ਹਵਾ ਦੇ ਇਕ ਫਰਾਟੇ ਲਈ ਤੌਹਲਦਾ, ਪਾਣੀ ਛਿੜਕੀ ਭੁੰਜੀ ਉਤੇ ਲੇਟਾ ਪਿਆ, ਹੱਥ ਵਿਚ ਪੱਖਾ ਤੇ ਦਿਮਾਗ ਵਿਚ ਕਿਊੜੇ ਤੇ ਬੇਰ ਮੁਸ਼ਕ ਦਾ ਸ਼ਰਬਤ, ਪਾਸੇ ਪਰਤਦਿਆਂ, ਰਾਤ ਗੁਜ਼ਾਰਦਾ, ਕਦੀ ਅੱਖ ਲੱਗ ਜਾਂਦੀ, ਕਦੀ ਅੱਧੀ ਰਾਤ ਤੱਕ ਜਾਗਣ ਬਾਅਦ ਉਦੀ ਨੀਂਦ ਦਾ ਝੂਟਾ ਆ ਜਾਂਦਾ ।" [1]

ਇਥੇ ਹੀ ਆਪ ਨੂੰ ਮੁਸਲਮਾਨ ਬਾਦਸ਼ਾਹ ਦੁਆਰਾ ਸਿੱਖਾਂ ਉਤੇ ਕੀਤੇ ਜ਼ੁਲਮਾਂ ਦਾ ਮੁਸ਼ਕ ਇਵੇਂ ਮਹਿਸੂਸ ਹੋਇਆ ਜਿਵੇਂ ਅਜੇ ਤੱਕ ਆਉਂਦਾ ਪਿਆ ਹੋਵੇ । ਆਪ ਅਨੁਸਾਰ ।

" ਸਿੱਖ ਦੁਖਾਂਤ ਦੇ ਲਹੂ ਨਾਲ ਭਰੀਆਂ, ਇਹ ਦੀਆਂ ਕੰਧਾਂ ਵਿਚੋਂ ਫਰਮਾਨ ਦੇ ਹਰ ਕਿਲੇ, ਵਿਚ ਸਿੱਖਾਂ ਦੀ ਕਤਲੇਆਮ ਤੇ ਉਨ੍ਹਾਂ ਨੂੰ ਦਿੱਤੇ ਤਸੀਹੇ ਸਨ ।" [2]

ਅਜੇ ਆਪ ਇਥੇ ਬੀ. ਏ. ਦੀ ਪੜ੍ਹਾਈ ਕਰ ਰਹੇ ਸਨ ਕਿ ਲਾਇਕ ਵਿਦਿਆਰਥੀ ਹੋਣ ਕਾਰਣ ਉਚ ਵਿਦਿਆ ਲਈ ਜਪਾਨ ਜਾਣ ਲਈ ਚੁਣਿਆ ਗਿਆ । ਆਪ ਦੇ ਨਾਲ ਹੀ ਆਪ ਦੇ ਦੋਸਤ ਸ੍ਰ. ਰਮੇਸ਼ਵਰ ਸਿੰਘ ਵੀ ਚੁਣੇ ਗਏ । 1900 ਈ. ਵਿਚ ਆਪ ਸਿੰਘਾਪੁਰ ਤੇ ਹਾਂਗ ਕਾਂਗ ਦੇ ਰਸਤੇ ਜਪਾਨ ਪਹੁੰਚ ਗਏ । ਜਪਾਨ ਦੀ ਧਰਤੀ ਤੇ ਪੈਰ ਰਖਦਿਆਂ ਹੀ ਪੂਰਨ ਸਿੰਘ ਦਾ ਸਾਰਾ ਜੀਵਨ ਬੰਸਰੀ ਦੀ ਮਨੋਹਰ ਤਾਨ ਬਣ ਗਿਆ । ਆਪ ਜਪਾਨ ਦੀ ਧਰਤੀ ਤੇ ਪੈਰ ਰੱਖਣ ਤੋਂ ਲੈ ਕੇ ਇਸ ਨੂੰ ਛੋੜਣ ਦੀਆਂ ਵਿਜਨੀ ਰੇਖਾਂ ਦਾ ਕੇਂਦਰ ਬਣ ਗਿਆ । ਇਥੇ ਹੀ ਪੂਰਨ ਸਿੰਘ ਨੂੰ ਗੁਲਾਮ ਦੇਸ਼ ਤੇ ਆਜ਼ਾਦ ਦੇਸ਼ ਦੇ ਅਫਸਰਾਂ ਦੁਆਰਾ ਕੀਤੇ ਜਾਂਦੇ ਵਰਤਾਉ ਦੇ ਅੰਤਰ ਦਾ ਪਤਾ ਲੱਗਾ ਕਿ ਆਜ਼ਾਦ ਦੇਸ਼ ਦੇ ਅਫਸਰਾਂ ਦਾ ਵਤੀਰਾ ਬੜਾ ਨਿੱਘਾ ਸੀ । ਇਥੇ ਹੀ ਆਪਣੇ ਤੇ ਸ੍ਰ. ਰਮੇਸ਼ਵਰ ਸਿੰਘ ਨੇ ਟੋਕੀਉ ਯੂਨੀਵਰਸਿਟੀ ਵਿਚ ਰਸਾਇਣ ਵਿਗਿਆਨ ਦਾ ਅਧਿਐਨ ਇਕੱਠਿਆਂ ਸ਼ੁਰੂ ਕੀਤਾ । ਆਪ ਅਧਿਐਨ ਦੇ ਨਾਲ ਨਾਲ ਜਪਾਨ ਦੇ ਉਸ ਵੇਲੇ ਦੇ ਸਿਆਸੀ ਅਤੇ ਸਾਹਿਤਕ ਸੰਮੇਲਨਾਂ ਵਿਚ ਵੀ ਹਿੱਸਾ ਲੈਂਦੇ ਰਹੇ । ਜਿਸ ਕਾਰਨ ਇਥੇ ਪੂਰਨ ਹਸਤੀਆਂ, ਓਕਾ, ਜਪਾਨ ਦਾ ਕਾਰਲਾਈਲ, ਉਚੀਮੁਰਾ, ਉਕੀਮੁਰਾ, ਕੈਸਾਪੋਕਾਟੇ, ਜੇਨਸ਼ੋ, ਨੋਗੂਚੀ ਅਤੇ ਮਿਸ ਮੈਕਲਿਉਡ ਆਦਿ ਨਾਲ ਹੋਇਆ ।

---

1. ਪ੍ਰੋ. ਪੂਰਨ; ਜਿੰਦਗੀ ਦੇ ਰਾਹਾਂ ਤੇ (ਅਨੁ. ਸ੍ਰ. ਗੁਰਬਖਸ਼ ਸਿੰਘ) ਪੰਨਾ 44
2. - ਉਹੀ - ਪੰਨਾ 49

ਇਥੇ ਹੀ 1902 ਈ. ਵਿਚ ਆਪ ਦਾ ਮੇਲ ਸੁਆਮੀ ਰਾਮ ਤੀਰਥ ਨਾਲ ਹੋਇਆ । ਸੁਆਮੀ ਰਾਮ ਤੀਰਥ ਨੂੰ ਮਿਲਕੇ ਆਪ ਉਸ ਦੇ ਹੀ ਹੋ ਗਏ । ਇਹ ਆਪ ਦਾ ਸ਼ੁਰੂ ਤੋਂ ਹੀ ਕੁਦਰਤੀ ਗੁਣ ਸੀ ਕਿ ਆਪ ਜੋ ਪ੍ਰਭਾਵ ਵੀ ਗ੍ਰਹਿਣ ਕਰਦੇ ਉਸੇ ਵਿਚ ਪੂਰੀ ਤਰ੍ਹਾਂ ਰੰਗੇ ਜਾਂਦੇ । ਆਪ ਅਨੁਸਾਰ :

" ਉਸ ਨੇ ਮੈਨੂੰ ਦੈਵੀ ਸ਼ਕਤੀ ਨਾਲ ਪ੍ਰਭਾਵਿਤ ਕੀਤਾ ਅਤੇ ਮੈਂ ਸੰਨਿਆਸੀ ਬਣ ਗਿਆ ।"[1]

ਪਰ ਇਸ ਦੇ ਬਾਵਜੂਦ ਪੂਰਨ ਸਿੰਘ ਉਪਰ ਸਭ ਤੋਂ ਵੱਧ ਪ੍ਰਭਾਵ ਜਪਾਨ ਵਿਚ ਬੁੱਧ ਦੇ ਨਿਰਮਾਣ ਦਾ ਹੋਇਆ । ਬੁੱਧ ਦੀ ਧਿਆਨੀ ਮੂਰਤੀ ਨੂੰ ਪੂਰਨ ਸਿੰਘ ਨੇ ਵਿਸ਼ੇਸ਼ ਕਰਕੇ ਫੁੱਲਾਂ, ਬਿਰਖਾਂ, ਬੂਟੇ, ਪਰਬਤਾਂ, ਦਰਿਆ, ਹਵਾਵਾਂ ਤੇ ਇਥੋਂ ਦੀਆਂ ਗਲੀਆਂ ਵਿਚ ਮਹਿਸੂਸ ਕੀਤਾ । ਮਹਿੰਦਰ ਸਿੰਘ ਰੰਧਾਵਾ ਅਨੁਸਾਰ :

" ਪੂਰਨ ਸਿੰਘ ਨੇ ਇਥੇ ਪਹੁੰਚ ਕੇ ਪਹਿਲੀ ਵਾਰੀ ਇਹ ਮਹਿਸੂਸ ਕੀਤਾ ਕਿ ਆਤਮੀ ........ ਕੁਦਰਤ ਧਾਰੀ ਹੋ ਗਿਆ ਹੈ ਤੇ ਕੁਦਰਤ ....... ਆਤਮੀ ਧਾਰੀ ।"[2]

ਫਿਰ ਜਪਾਨ ਦੇ ਰਮਣੀਕ ਦ੍ਰਿਸ਼ ਜਿਨ੍ਹਾਂ ਵਿਚ ਜਪਾਨੀ ਘਰ, ਜਪਾਨੀ ਨਾਚ, ਜਪਾਨੀ ਫੁੱਲ, ਜਪਾਨ ਦੀਆਂ ਝੀਲਾਂ ਆਦਿ ਸ਼ਾਮਿਲ ਸਨ । ਸਾਰੀ ਉਮਰ ਰਮਣੀਕ ਜ਼ਿੰਦਗੀ ਵਿਚ ਉਸ ਦਾ ਸਾਥ ਦਿੰਦੇ ਰਹੇ । 1903 ਈ. ਵਿਚ ਆਪ ਇਨ੍ਹਾਂ ਸਭ ਰਮਣੀਕ ਚੀਜ਼ਾਂ ਬੁੱਧ ਤੇ ਵੇਦਾਂਤੀ ਪ੍ਰਭਾਵਾਂ ਨੂੰ ਗ੍ਰਹਿਣ ਕਰਕੇ ਵਾਪਸ ਪਰਤ ਆਏ । ਜਦੋਂ ਆਪ ਵਾਪਿਸ ਆਏ ਉਥੋਂ ਦੇ ਗ੍ਰਹਿਣ ਕੀਤੇ ਗਏ ਪ੍ਰਭਾਵਾਂ ਕਾਰਨ ਆਪ ਦੀ ਹਾਲਤ ਇਹੋ ਜਿਹੀ ਸੀ ਉਸ ਦਾ ਵਰਨਣ ਆਪ ਨੇ ਇਸ ਪ੍ਰਕਾਰ ਕੀਤਾ

" ਮੇਰੀ ਭਰਪੂਰ ਜਵਾਨੀ ਦੀ ਹਾਲਤ ਇਹੋ ਜਿਹੀ ਸੀ ਕਿ ਮੈਂ ਅਚੇਤੰਨਤਾ ਦੇ ਸੰਗੀਤ ਹੜ੍ਹ ਵਿਚ ਜੀਅ ਰਿਹਾ ਸੀ । ਜੋਸ਼ ਅਧੀਨ ਹੀ ਬੁੱਧ ਮੇਰੇ ਸਾਹਮਣੇ ਪਿਛੇ ਅਤੇ ..... ਮੇਰੇ ਵਿਚ ਸੀ ।"[3]

---

" He touched me with the divine fire and I became a Sanyasian

1. Puran Singh; Sister of the spinning wheel; P-29

2. ਮਹਿੰਦਰ ਸਿੰਘ ਰੰਧਾਵਾ; ਪੂਰਨ ਸਿੰਘ ਦੀ ਵਾਰਤਕ; ਪੰਨਾ 57

" Such was my condition of full youth, lived in supreme innocence floods of ecstasy ever wheeling me, the Budha befo: me, behind me ......... in me."

3. Prof.Puran Singh, Sister of the spinning wheel, P-29

ਮਈ 1903 ਈ. ਵਿਚ ਪੂਰਨ ਸਿੰਘ ਲਾਹੌਰ ਵਾਪਿਸ ਆ ਗਿਆ । ਹੁਣ ਆਪ ਦੀ ਰਹਿਤ ਬਿਲਕੁਲ ਹੀ ਬਦਲ ਚੁੱਕੀ ਸੀ । ਵਾਪਿਸ ਮੁੜਨ ਤੇ ਆਪ ਦਾ ਵਿਆਹ ਮਾਇਆ ਦੇਵੀ ਨਾਲ ( 1904 ਈ. ) ਵਿਚ ਹੋ ਗਿਆ । ਆਪ ਇਸ ਸਮੇਂ ਤੱਕ ਪੂਰੀ ਤਰ੍ਹਾਂ ਬੋਧੀ ਤੇ ਵੇਦਾਂਤੀ ਪ੍ਰਭਾਵ ਵਿਚ ਰੰਗ ਚੁੱਕਾ ਸੀ ਤੇ ਸੰਨਿਆਸੀ ਬਾਣਾ ਪਾ ਲਿਆ ਸੀ । ਪਰ ਫਿਰ ਵੀ ਆਪ ਦੇ ਗ੍ਰਿਹਸਥੀ ਜੀਵਨ ਦੇ ਨਿਰਬਾਹ ਬਾਰੇ ਆਪ ਦੀ ਪਤਨੀ ਲਿਖਦੀ ਹੈ ,“ ਉਨ੍ਹਾਂ ਨੇ ਗ੍ਰਿਹਸਥ ਵਿਚ ਸੰਨਿਆਸ ਨੂੰ ਪੂਰੀ ਪੂਰੀ ਸਫਲਤਾ ਨਾਲ ਨਿਭਾ ਕੇ ਵਿਖਾਇਆ ।”[1]

1904 ਈ. ਵਿਚ ਪੂਰਨ ਸਿੰਘ ਆਪਣੀ ਪਤਨੀ ਮਾਇਆ ਦੇਵੀ ਨਾਲ ਆ ਕੇ ਲਾਹੌਰ ਰਹਿਣ ਲੱਗ ਪਿਆ । ਉਹ ਹਮੇਸ਼ਾ ਤੋਂ ਹੀ ਸੇਵਾ, ਉਪਕਾਰ ਆਦਿ ਕੰਮਾਂ ਵਿਚ ਯਕੀਨ ਰੱਖਦਾ ਸੀ ਤੇ ਧਨ ਨੂੰ ਕੋਸਦਾ ਰਹਿੰਦਾ ਸੀ । ਆਪਣੀ ਪਤਨੀ ਨੂੰ ਵੀ ਇਸ ਤੇ ਉਪਦੇਸ਼ ਦਿੰਦਾ ਰਹਿੰਦਾ ਅਤੇ ਇਸੇ ਕਾਰਨ ਉਸ ਦੀਆਂ ਆਪਣੀ ਮਾਂ ਨਾਲ ਵੀ ਕਈ ਵਾਰ ਝੜਪਾਂ ਹੋਈਆਂ । ਇਕ ਵਾਰ ਜਦੋਂ ਉਸ ਨੇ ਆਪਣੀ ਪਤਨੀ ਦੇ ਗਹਿਣੇ ਕਿਸੇ ਲੋੜਵੰਦ ਨੂੰ ਦੇ ਦਿੱਤੇ ਸਨ ਤੇ ਜਦੋਂ ਆਪ ਦੀ ਮਾਤਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਇਸ ਤੇ ਪੁੱਛਿਆ ਤਾਂ ਅੱਗੋਂ ਆਪ ਨੇ ਇਸ ਪ੍ਰਕਾਰ ਉੱਤਰ ਦਿੱਤਾ :

> “ ਧਨ ਜੋੜਨ ਵਾਸਤੇ ਨਹੀਂ ਖਰਚਣ ਵਾਸਤੇ ਹੁੰਦਾ ਹੈ । ਜੇ ਰੋਕ ਰੱਖੋ ਤਾਂ ਇਸ ਨੂੰ ਉੱਲੀ ਲੱਗ ਜਾਂਦੀ ਹੈ । ਫਿਰ ਇਹ ਉੱਲੀ ਮਨ ਤੇ ਵੀ ਲੱਗ ਜਾਂਦੀ ਹੈ ਤੇ ਤੁਹਾਨੂੰ ਬਦਬੂ ਆਉਣ ਲੱਗ ਪੈਂਦੀ ਹੈ । ਜੇ ਪੈਸਾ ਦੇ ਕੇ ਆਤਮਿਕ ਖੁਸ਼ੀ ਪ੍ਰਾਪਤ ਕਰ ਸਕੋਂ, ਤਾਂ ਇਸ ਤੋਂ ਵੱਡੀ ਖੁਸ਼ੀ ਕਿਹੜੀ ਹੋ ਸਕਦੀ ਹੈ ।”[2]

1906 ਈ. ਵਿਚ ਪੂਰਨ ਸਿੰਘ ਲਾਹੌਰ ਦੇ ਵਪਾਰੀਆਂ ਨਾਲ ਨਰਾਜ਼ ਹੋ ਕੇ ਚੋਟੀਵਾਲੇ ਚਲੇ ਗਏ । ਇਥੇ ਵੀ ਚਾਰੇ ਪਾਸੇ ਉਸਨੂੰ ਕੁਦਰਤ ਦੇ ਨਜ਼ਾਰੇ ਵੇਖਣ ਲਈ ਮਿਲੇ, ਜਿਨ੍ਹਾਂ ਨੂੰ ਵੇਖ ਆਪ ਝੂਮ ਉਠੇ । ਆਪ ਦੀ ਪਤਨੀ ਅਨੁਸਾਰ :

> “ ਚੋਟੀ ਵਾਲੇ ਖੜੇ ਚੀੜਾਂ ਨੂੰ ਵੇਖ ਕੇ ਸੁਆਮੀ ਜੀ ਦੀ ਮਸਤੀ ਦਾ ਕੋਈ ਟਿਕਾਣਾ ਹੀ ਨਾ ਰਿਹਾ । ਮੈਨੂੰ ਨਾਲ ਲੈ ਦਰਖਤਾਂ ਨੂੰ ਜੱਫੀਆਂ ਪਾਉਣ ਲੱਗ ਜਾਂਦੇ ।” 3

---

1. ਮਹਿੰਦਰ ਸਿੰਘ ਰੰਧਾਵਾ; ਪੂਰਨ ਸਿੰਘ ਜੀਵਨੀ ਤੇ ਕਵਿਤਾ; ਪੰਨਾ 54
2. ਕ੍ਰਿਪਾਲ ਸਿੰਘ ਕਸੇਲ, ਰਾਜ ਕੌਰ : ਪ੍ਰੋ. ਪੂਰਨ ਸਿੰਘ ਦੀ ਜੀਵਨ ਕਥਾ; ਪੰਨਾ 144
3. ਮਾਇਆ ਦੇਵੀ, ਪੂਰਨ ਸਿੰਘ : ਜੀਵਨੀ ਤੇ ਕਵਿਤਾ; ਸੰ. ਮਹਿੰਦਰ ਸਿੰਘ ਰੰਧਾਵਾ; ਪੰਨਾ 59

1907 ਈ. ਵਿਚ ਪੂਰਨ ਸਿੰਘ ਫਾਰੈਸਟ ਰਿਸਰਚ ਇੰਸਟੀਚਿਊਟ ਵਿਚ ਕੈਮਿਸਟਰੀ ਵਿਭਾਗ ਦਾ ਦੇਹਰਾਦੂਨ ਵਿਖੇ ਪ੍ਰੋਫੈਸਰ ਲੱਗ ਗਿਆ ਤੇ ਇਥੇ ਹੀ ਰਹਿਣ ਲੱਗ ਪਿਆ । ਇਥੇ ਹੀ ਉਸ ਦੇ ਪੁਰਾਣੇ ਮਿੱਤਰ ਮਿਲਦੇ ਰਹੇ । ਦੇਹਰਾਦੂਨ ਰਹਿਣ ਸਮੇਂ 1912 ਈ. ਵਿਚ ਸਿਖ ਐਜੂਕੇਸ਼ਨ ਸਿਆਲਕੋਟ ਵਿਖੇ ਉਸ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ । ਆਪ ਅਨੁਸਾਰ :

> " ਮੈਂ ਬਖਸ਼ਿਸ਼ਾਂ ਲਿਆ, ਗੁਰੂ ਦੇ ਕੇਸ, ਸਿਖੀ ਸਿਦਕ, ਗੁਰੂ ਦੇ ਚਰਨਾਂ ਦਾ ਪਿਆਰ ਮੁੜ ਮਿਲਿਆ ।"[1]

ਇਥੇ ਹੀ ਆਪ ਦਾ ਮੇਲ ਭਾਈ ਵੀਰ ਸਿੰਘ ਅਤੇ ਡਾ. ਬਲਬੀਰ ਸਿੰਘ ਨਾਲ ਹੋਇਆ ਤੇ ਕਈ ਸਾਲ ਆਪ ਇਕੋ ਘਰ ਵਿਚ ਇੱਕਠੇ ਵੀ ਰਹਿੰਦੇ ਰਹੇ ।

1918 ਈ. ਤਕ ਪ੍ਰੋ. ਪੂਰਨ ਸਿੰਘ ਦੇਹਰਾਦੂਨ ਹੀ ਰਹੇ ਤੇ ਕੁਝ ਕਾਰਨਾਂ ਕਰਕੇ ਫਾਰੈਸਟ ਇੰਸਟੀਚਿਊਟ ਤੋਂ ਪੈਨਸ਼ਨ ਪ੍ਰਾਪਤ ਕਰ ਲਈ । ਇਨ੍ਹਾਂ ਦਿਨ੍ਹਾਂ ਵਿਚ ਉਸ ਦੇ ਸੰਬੰਧ ਕ੍ਰਾਂਤੀਕਾਰੀਆਂ ਨਾਲ ਵੀ ਜੁੜੇ ਰਹੇ । ਜਿਨ੍ਹਾਂ ਵਿਚੋਂ ਪੰਡਿਤ ਹਰਦਿਆਲ ਉਸ ਦੇ ਨਿੱਜੀ ਮਿੱਤਰਾਂ ਵਿਚੋਂ ਸੀ । ਉਸ ਨੂੰ ਕਈ ਰਿਆਸਤਾਂ ਵਲੋਂ ਸੱਦੇ ਵੀ ਆਏ । 1918 ਈ. ਵਿਚ ਪਟਿਆਲੇ, 1919 ਈ. ਵਿਚ ਅਤੇ 1926 ਈ. ਵਿਚ ਪੰਜਾਬ ਸਰਕਾਰ ਨੇ ਉਸ ਨੂੰ ਚੱਕ ਨੰ. 73/19 ਸ਼ੇਖੂਪੁਰ ਵਿਖੇ 15 ਮੁਰੱਬੇ ਰੌਂਸ਼ਾਂ ਘਾਹ ਲਗਾਉਣ ਲਈ ਦਿੱਤੇ । ਇਥੇ ਉਸ ਨੂੰ ਜਾਂਗਲੀ ਕਬੀਲੇ ਦੇ ਲੋਕ ਬਹੁਤ ਹੀ ਪਸੰਦ ਆਏ ।

ਪੂਰਨ ਸਿੰਘ ਨੇ ਆਪਣੇ ਜੀਵਨ ਦੇ ਆਖਰੀ ਸਾਲ ਮਾਲੀਸੰਕਟ ਤੇ ਬਹੁਤ ਸਾਰੀਆਂ ਤਕਲੀਫਾਂ ਦੇ ਹੁੰਦਿਆਂ ਵੀ ਅੰਗਰੇਜ਼ੀ ਤੇ ਪੰਜਾਬੀ ਪੁਸਤਕਾਂ ਰਚੀਆਂ । ਆਪਣੀ ਧੀ ਗਾਰਗੀ ਦਾ ਵਿਆਹ ਕਰਨ ਤੋਂ ਬਾਅਦ ਜਦੋਂ ਵਾਪਿਸ ਚੱਕ ਪਹੁੰਚੇ ਤਾਂ ਉਨ੍ਹਾਂ ਨੂੰ ਟੀ.ਬੀ. ਵਰਗੀ ਨਾਂ ਮੁਰਾਦ ਬਿਮਾਰੀ ਨੇ ਆ ਘੇਰਿਆ । ਮਾਇਆ ਦੇਵੀ ਅਨੁਸਾਰ :

> " ਜਿਸ ਨੂੰ ਵੇਖਣ ਵਿਚ ਦਰਦ ਭਰਿਆ ਹੀ ਨਜ਼ਰ ਆਵੇ ਸਾਰੇ ਪਸ਼ੂ ਪੰਛੀ ਵੀ ਦਰਦ ਪਏ ਦਿਸਦੇ ਸਨ ।"[2]

ਇਸ ਤਰ੍ਹਾਂ ਦੀ ਬਿਮਾਰੀ ਵਿਚ ਕਿਸੇ ਵੀ ਦਵਾਈ ਨੇ ਉਨ੍ਹਾਂ ਦੀ ਸਿਹਤ ਤੇ ਅਸਰ ਨਾ ਕੀਤਾ ਅਤੇ ਉਨ੍ਹਾਂ ਦੀ ਹਾਲਤ ਦਿਨੋਂ ਦਿਨ ਵਿਗੜਦੀ ਗਈ । ਇਸ ਤਰ੍ਹਾਂ ਜ਼ਿੰਦਗੀ ਤੇ ਮੌਤ ਨਾਲ ਜੂਝਦੇ ਹੋਏ ਉਹ 1931 ਈ. ਨੂੰ ਸਾਥੋਂ ਹਮੇਸ਼ਾਂ ਲਈ ਵਿਛੜ ਗਏ ।

---

1. ਮਹਿੰਦਰ ਸਿੰਘ ਰੰਧਾਵਾ; ਪੂਰਨ ਸਿੰਘ ਦੀ ਵਾਰਤਕ; ਪੰਨਾ 14
2. ਮਾਇਆ ਦੇਵੀ; ਪੂਰਨ ਸਿੰਘ ; ਜੀਵਨੀ ਤੇ ਕਵਿਤਾ; ਪੰਨਾ 120

ਪਿਛੋਕੜ :

ਲੇਖਾਂ ਦੇ ਪ੍ਰੇਰਨਾ ਸਰੋਤ : ਈਸਾਈ ਮਿਸ਼ਨਰੀ ਲਹਿਰ, ਕੂਕਾ ਲਹਿਰ, ਸਿੰਘ ਸਭਾ ਦੇ ਚੀਫ਼ ਖਾਲਸਾ ਦੀਵਾਨ, ਅਕਾਲੀ ਤੇ ਬੱਬਰ ਲਹਿਰ, ਗ਼ਦਰ ਪਾਰਟੀ ਲਹਿਰ, ਆਰੀਆ ਸਮਾਜ ਲਹਿਰ ।

ਜਿਨ੍ਹਾਂ ਦਾ ਪ੍ਰਭਾਵ — ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਤੇ ।

ਕਿਸੇ ਵੀ ਸਾਹਿਤਕਾਰ ਦੀ ਰਚਨਾ ਦੇ ਨਿਰਮਾਣ ਵਿਚ ਪਿਛੋਕੜ ਅਤੇ ਪਰੰਪਰਾ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ । ਕੋਈ ਲੇਖਕ ਜੇ ਇਕ ਪਾਸੇ ਪਰੰਪਰਾ ਤੋਂ ਪ੍ਰਭਾਵਿਤ ਹੋ ਸਕਦਾ ਹੈ ਤਾਂ ਦੂਜੇ ਪਾਸੇ ਦੇਸ਼ ਕਾਲ ਦੀਆਂ ਪ੍ਰਸਥਿਤੀਆਂ ਪਿਛੋਕੜ ਦਾ ਕੰਮ ਕਰਦੀਆਂ ਹਨ । ਲੇਖਕ ਦੇ ਜੀਵਨ ਉਤੇ ਜਿਥੇ ਉਸ ਦੇ ਮਾਂ ਬਾਪ ਦੇ ਵਿਰਸਾਤਮਕ ਪਿਛੋਕੜ ਦਾ ਪ੍ਰਭਾਵ ਉਸ ਦੀ ਸ਼ਖਸੀਅਤ ਜਾਂ ਉਸ ਦੀ ਰਚਨਾ ਦੇ ਨਿਰਮਾਣ ਤੇ ਹੁੰਦਾ ਹੈ, ਉਥੇ ਉਸ ਦੇ ਨਾਲ ਹੀ ਉਸ ਵਕਤ ਦੀਆਂ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਲਹਿਰਾਂ ਦਾ ਪ੍ਰਭਾਵ ਉਹ ਚੇਤੰਨ ਜਾਂ ਅਚੇਤੰਨ ਰੂਪ ਵਿਚ ਗ੍ਰਹਿਣ ਕਰਦਾ ਰਹਿੰਦਾ ਹੈ ਕਿਉਂਕਿ ਇਹ ਲਹਿਰਾਂ ਉਸ ਵਕਤ ਦੇ ਲੋਕਾਂ ਦਾ ਅਸਲੀ ਰੂਪ ਹੋਇਆ ਕਰਦੀਆਂ ਹਨ । ਲੇਖਕ ਵੀ ਇਕ ਸਮਾਜਿਕ ਜੀਵ ਹੋਣ ਕਰਕੇ ਉਨ੍ਹਾਂ ਲੋਕਾਂ ਨਾਲ ਇਕ ਅਟੁੱਟਵੀਂ ਤੇ ਅਨਿਖੜਵੀਂ ਸਾਂਝ ਰਖਦਾ ਹੈ । ਇਸ ਲਈ ਇਹ ਪਰੰਪਰਾਤਮਿਕ ਵਿਰਸਾ ਅਤੇ ਉਸ ਸਮੇਂ ਦੇ ਦੇਸ਼ ਦਾ ਵਾਤਾਵਰਣ ਚੇਤੰਨ ਜਾਂ ਅਚੇਤੰਨ ਰੂਪ ਵਿਚ ਉਸ ਦੀ ਸ਼ਖਸੀਅਤ ਤੇ ਪ੍ਰਭਾਵ ਪਾਉਂਦੇ ਹਨ । ਅਸਲ ਵਿਚ ਲੇਖਕ ਦੀ ਇਹੋ ਸ਼ਖਸੀਅਤ ਹੁੰਦੀ ਹੈ ਜੋ ਉਸ ਦੀਆਂ ਰਚਨਾਵਾਂ ਵਿਚ ਪ੍ਰਤੀਬਿੰਬਤ ਹੁੰਦੀ ਹੈ । ਜਿਸ ਪ੍ਰਭਾਵ ਦੇ ਕਾਰਨ ਉਸ ਦੀ ਸ਼ਖਸੀਅਤ ਨੂੰ ਪ੍ਰਭਾਵਿਤ ਕਰਨਕੇ ਉਸ ਪ੍ਰਕਾਰ ਦੀ ਉਸ ਦੁਆਰਾ ਰਚਨਾ ਹੋਵੇਗੀ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਿਚਕਾਰ ਬੜਾ ਨੇੜੇ ਦਾ ਰਿਸ਼ਤਾ ਵੀ ਸੀ ਤੇ ਦੋਵੇਂ ਸਮਕਾਲੀ ਵੀ ਸੀ । ਉਨ੍ਹਾਂ ਦੇ ਦੌਰ ਦੀਆਂ ਲਹਿਰਾਂ ਦਾ ਜੋ ਪ੍ਰਭਾਵ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਪ੍ਰਗਟ ਹੁੰਦਾ ਹੈ, ਉਸ ਦੇ ਅਧਿਐਨ ਲਈ ਅਸਾਨੂੰ ਉਸ ਸੁਰਗੀਨ ਪਿਛੋਕੜ ਤੇ ਝਾਤ ਮਾਰਨੀ ਪਵੇਗੀ । ਇਹ ਵੇਖਣਾ ਪਵੇਗਾ ਕਿ ਉਦੋਂ ਕਿਹੜੀਆਂ ਕਿਹੜੀਆਂ ਸਮਾਜਿਕ, ਧਾਰਮਿਕ

ਤੇ ਰਾਜਨੀਤਿਕ ਲਹਿਰਾਂ ਚੱਲੀਆਂ ਤੇ ਉਨ੍ਹਾਂ ਕਿਸ ਤਰ੍ਹਾਂ ਸਾਰੇ ਲੋਕਾਂ ਨੂੰ ਪ੍ਰਭਾਵਿਤ ਕੀਤਾ । ਇਹ ਪ੍ਰਮੁੱਖ ਲਹਿਰਾਂ ਨਿਮਨ ਲਿਖਤ ਸਨ :-

## ਈਸਾਈ ਮਿਸ਼ਨਰੀ ਲਹਿਰ :

ਪੰਜਾਬ ਵਿਚ ਪਹਿਲਾਂ ਪਹਿਲ ਈਸਾਈ ਮਿਸ਼ਨ ਦੀ ਸਥਾਪਨਾ 1837 ਈ. ਵਿਚ ਲੁਧਿਆਣੇ ਵਿਖੇ ਹੋਈ । ਅੰਗਰੇਜ਼ਾਂ ਦਾ ਮੁੱਖ ਨਿਸ਼ਾਨਾ ਰਾਜ ਅਧਿਕਾਰ ਪ੍ਰਾਪਤ ਕਰਕੇ ਸਾਰੇ ਭਾਰਤ ਤੇ ਈਸਾਈ ਮੱਤ ਦਾ ਝੰਡਾ ਝੁਲਾਉਣਾ ਸੀ । ਇਸ ਲਈ ਈਸਾਈ ਆਪਣੇ ਮੱਤ ਦਾ ਪ੍ਰਚਾਰ ਬਹੁਤ ਜ਼ੋਰ ਸ਼ੋਰ ਨਾਲ ਕਰ ਰਹੇ ਸਨ । ਸ਼ਾਇਦ ਇਹੀ ਕਾਰਨ ਸੀ ਕਿ ਈਸਟ ਇੰਡੀਆ ਕੰਪਨੀ ਦੇ ਬੋਰਡ ਆਫ ਚੇਅਰਮੈਨ ਰਾਸ ਮੈਂਗਲਜ਼ ਨੇ ਇਹ ਗੱਲ ਸਪਸ਼ਟ ਤੌਰ ਤੇ ਕਹੀ :

> " ਪ੍ਰਮਾਤਮਾ ਨੇ ਹਿੰਦੋਸਤਾਨ ਦਾ ਵਿਸ਼ਾਲ ਰਾਜ ਈਸਟ ਇੰਡੀਆ ਸਪੁਰਦ ਇਸੇ ਲਈ ਕੀਤਾ ਹੈ ਕਿ ਈਸਾ ਦੇ ਧਰਮ ਦਾ ਝੰਡਾ ਭਾਰਤ ਦੇ ਇਕ ਕੋਨੇ ਤੋਂ ਲੈ ਕੇ ਦੂਜੇ ਕੋਨੇ ਤੱਕ ਝੁਲਾਇਆ ਜਾ ਸਕੇ ।"[1]

ਇਸ ਦੇ ਨਾਲ ਹੀ ਈਸਾਈਆਂ ਨੇ ਆਪਣੇ ਧਰਮ ਅਤੇ ਸਭਿਆਚਾਰ ਦੇ ਪ੍ਰਚਾਰ ਲਈ ਆਗੂਆਂ ਦੀ ਅੱਡੀ ਚੋਟੀ ਦਾ ਜ਼ੋਰ ਲਗਾਉਣਾ ਸ਼ੁਰੂ ਕਰ ਦਿੱਤਾ ਹੋਇਆ ਸੀ , ਇਸ ਲਈ ਉਨ੍ਹਾਂ ਬਹੁਤ ਖੇਤਰਾਂ ਲਈ ਕਈ ਪ੍ਰਕਾਰ ਦੀਆਂ ਅਨੇਕ ਤਰੱਕੀਆਂ ਤੇ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ । ਖ਼ਾਸ ਕਰਕੇ ਫੌਜ ਵਿਚ ਜੋ ਕੋਈ ਈਸਾਈ ਧਰਮ ਦਾ ਧਾਰਨੀ ਹੁੰਦਾ ਜਾਂ ਉਸ ਦੇ ਪ੍ਰਭਾਵ ਹੇਠ ਆ ਜਾਂਦਾ ਤਾਂ ਉਸ ਨੂੰ ਰੈਂਕ ਤੋਂ ਰੈਂਕ ਤਰੱਕੀ ਦਿੱਤੀ ਜਾਂਦੀ ਅਤੇ ਉਸ ਲਈ ਤਰੱਕੀ ਦੇ ਮੌਕੇ ਆਸਾਨ ਹੋ ਜਾਂਦੇ । ਮਾਲੇਸਨ ਅਨੁਸਾਰ :

> " ਅੰਗਰੇਜ਼ ਅਫਸਰ ਲੋਕਾਂ ਕੋਲ ਇਕ ਹੱਥ ਵਿਚ ਤਰੱਕੀ ਦੀ " ਆਰਡਰ ਬੁੱਕ " ਅਤੇ ਦੂਜੇ ਹੱਥ ਵਿਚ ਬਾਈਬਲ ਲੈ ਕੇ ਜਾਂਦੇ ਸਨ ।"[2]

---

1. " Providence has entrusted existance empire of Hindustan to England in order that the winner of the Christ should wave triphant from one end of the other."
England from the speech of Ross Magles Chairman of the Board of Directors in the British Parliment in 1857 quoted by V.D. Sarvarkar.
2. Mallason Kaye; A History of the Indian Mutiny of 1857-88 P-352

ਈਸਾਈ ਮਿਸ਼ਨਰੀ ਆਪਣੇ ਧਰਮ ਦੇ ਪ੍ਰਚਾਰ ਨੂੰ ਜ਼ੋਰਾਂ ਨਾਲ ਚਲਾਉਣ ਲਈ ਇਹ ਸਮਝਦੇ ਸਨ ਕਿ ਬਰਤਾਨੀਆਂ ਦੇ ਫੈਲਦੇ ਤੇ ਸਮੁੰਦਰੀ ਜਹਾਜ਼ ਸਭ ਤਰ੍ਹਾਂ ਦੀਆਂ ਨਸਲਾਂ ਵਿਚ ਆਤਮਿਕ ਉਨਤੀ ਦੇ ਸਾਧਨ ਹੋਣ ਦੇ ਨਾਲ ਹੀ ਇਕੋ ਧਰਮ ਅਧੀਨ ਆਤਮਿਕ ਏਕਤਾ ਸਥਾਪਿਤ ਕਰਨ ਦਾ ਸਿੱਧਾ ਮਾਧਿਅਮ ਸਨ। ਈਸਾਈਆਂ ਨੇ ਆਪਣੇ ਪਿਆਰ ਤੇ ਸਤਿਕਾਰ ਦੇ ਜ਼ੋਰ ਨਾਲ ਇਥੋਂ ਦੇ ਲੋਕਾਂ ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਸ਼ਾਮਿਲ ਸਨ, ਨੂੰ ਈਸਾਈ ਮੱਤ ਦੇ ਪ੍ਰਭਾਵ ਅਧੀਨ ਲਿਆਉਣਾ ਸ਼ੁਰੂ ਕਰ ਦਿੱਤਾ। ਲੋਕ ਵੀ ਇਸ ਪ੍ਰਭਾਵ ਨੂੰ ਫਟਾ ਫਟ ਗ੍ਰਹਿਣ ਕਰਨ ਲੱਗੇ, ਕਿਉਂਕਿ ਲੋਕ ਪੱਛਮੀ ਰਹੁ-ਰੀਤੀਆਂ ਨੂੰ ਅਪਣਾ ਕੇ ਆਪਣੇ ਆਪ ਨੂੰ ਮਨੋਵਿਗਿਆਨਕ ਤੌਰ ਤੇ ਪ੍ਰਗਤੀ-ਸ਼ੀਲ ਅਖਵਾ ਸਕਦੇ ਸਨ।

ਈਸਾਈ ਮਿਸ਼ਨਰੀਆਂ ਨੇ ਈਸਾਈਅਤ ਦੇ ਪ੍ਰਚਾਰ ਤੇ ਉਸ ਦੀ ਬਹੁਪੱਖੀ ਉਨਤੀ ਲਈ ਪਿੰਡਾਂ ਦੇ ਲੋਕਾਂ ਦੀ ਉਨਤੀ ਦੇ ਯਤਨ ਕੀਤੇ, ਗਿਰਜਿਆਂ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ, ਯਤੀਮ-ਖਾਨੇ, ਸਕੂਲ, ਹਸਪਤਾਲ, ਦਸਤਕਾਰੀ, ਤੇ ਖੇਤੀਬਾੜੀ ਦੇ ਸਿਖਲਾਈ ਸੈਂਟਰ, ਡਾਕਟਰੀ ਤੇ ਵਿਦਿਆ ਕਾਲਿਜ, ਕੋੜ੍ਹੀ ਆਸ਼ਰਮ ਤੇ ਹਰ ਕਿਸਮ ਦੇ ਸਾਹਿਤ ਲਈ ਛਾਪੇਖਾਨੇ ਆਦਿ ਚਲਾ ਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕੀਤਾ। ਉਨ੍ਹਾਂ ਦਾ ਪ੍ਰਚਾਰ ਕਰਨ ਦਾ ਢੰਗ ਇਸ ਪ੍ਰਕਾਰ ਦਾ ਸੀ ਕਿ ਈਸਾਈ ਮੱਤ ਧਾਰਨ ਕਰਨ ਲਈ ਮੁਸਲਮਾਨਾਂ ਵਾਂਗ ਜ਼ਬਰਦਸਤੀ ਜਾਂ ਤਸ਼ੱਦਦ ਕਰਕੇ ਨਹੀਂ ਸਗੋਂ ਸਧਾਰਣ ਲੋਕਾਂ ਨੂੰ ਮਨੋਵਿਗਿਆਨਕ ਤੌਰ ਤੇ ਤਿਆਰ ਕੀਤਾ ਜਾਂਦਾ ਸੀ।

ਲੋਕ ਇਨ੍ਹਾਂ ਦੇ ਉਨਤ, ਖੁਸ਼ਹਾਲ ਅਤੇ ਪ੍ਰਗਤੀਸ਼ੀਲ ਕੰਮਾਂ ਤੋਂ ਇੰਨੇ ਜ਼ਿਆਦਾ ਪ੍ਰੇਰਿਤ ਹੋਏ ਕਿ ਬਹੁਤ ਸਾਰੇ ਲੋਕਾਂ ਨੇ ਈਸਾਈ ਮੱਤ ਵਿਚ ਆਪਣਾ ਵਿਸ਼ਵਾਸ਼ ਪ੍ਰਗਟ ਕਰਨਾ ਸ਼ੁਰੂ ਕੀਤਾ। ਈਸਾਈਆਂ ਨੇ ਇਸ ਪ੍ਰਕਾਰ ਉਨਤੀ ਦੇ ਚਮਤਕਾਰ ਵਿਖਾਏ ਜਿਨ੍ਹਾਂ ਨੇ ਲੋਕਾਂ ਉਤੇ ਇਕ ਪ੍ਰਕਾਰ ਦਾ ਜਾਦੂ ਦਾ ਅਸਰ ਕੀਤਾ ਲੱਗਦਾ ਹੈ। ਜਦੋ ਇਨ੍ਹਾਂ ਛਾਪੇਖਾਨੇ ਦੀ ਸਹਾਇਤਾ ਨਾਲ ਸਾਹਿਤ ਰਾਹੀਂ ਇਹੋ ਯਤਨ ਆਰੰਭ ਕੀਤਾ ਤਾਂ ਉਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਲੋਕ, ਟੱਬਰਾਂ ਦੇ ਟੱਬਰ, ਈਸਾਈ ਬਣਨੇ ਸ਼ੁਰੂ ਹੋ ਗਏ। ਇਸ ਰੁਚੀ ਨੂੰ ਵੇਖ ਕੇ ਵੱਖ ਵੱਖ ਧਰਮ ਦੇ ਆਗੂਆਂ ਨੂੰ ਆਪਣੇ ਧਰਮ ਦੇ ਉਤਾਰਮੁਖੀ ਹੋਣ ਦੀ ਚਿੰਤਾ ਵਿਆਪਤ ਹੋ ਗਈ।

ਭਾਰਤੀਆਂ ਨੇ ਪਰਾਧੀਨਤਾ ਨੂੰ ਖਤਮ ਕਰਨ ਲਈ ਅਤੇ ਪੱਛਮੀ ਪ੍ਰਭਾਵਾਂ ਤੇ ਈਸਾਈ ਮੱਤ ਦੇ ਪ੍ਰਵਾਹ ਨੂੰ ਠੱਲ੍ਹ ਪਾਉਣ ਲਈ ਸਮਾਜਿਕ, ਧਾਰਮਿਕ, ਸੁਧਾਰਕ ਤੇ ਵਿਦਿਅਕ ਪ੍ਰਚਾਰ ਨੂੰ ਜ਼ਰੂਰੀ ਸਮਝਿਆ। ਇਸ ਮੰਤਵ ਲਈ ਹੀ ਆਪਣੇ ਆਪਣੇ ਧਰਮ ਨੂੰ ਸੁਚੇਤ ਤੌਰ ਤੇ ਬਚਾਉਣ ਲਈ ਇਹ ਲਹਿਰਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਸਿੱਧੇ ਤੌਰ ਤੇ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ

ਕੀਤਾ, ਇਸ ਲਈ ਨਵਾਂ ਰਾਹ ਪੈਦਾ ਕੀਤਾ । ' ਸੁੰਦਰੀ ' ਨਾਵਲ ਦੀ ਰਚਨਾ ਸੰਬੰਧੀ ਆਪਣਾ ਮੰਤਵ ਸਪਸ਼ਟ ਕਰਦਿਆਂ ਭਾਈ ਵੀਰ ਸਿੰਘ ਲਿਖਦਾ ਹੈ ਕਿ :

> " ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਜਾਂ ਸਿਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਬਾਹੁਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਤੇ ਸਿੱਖਾਂ ਨੂੰ ਆਪਣੇ ਅਸੂਲ ਪਿਆਰੇ ਲੱਗਣ ।"[1]

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਦੌਰ ਵਿਚ ਇਹ ਲਹਿਰ ਆਪਣੇ ਪੂਰੇ ਜੋਬਨ ਤੇ ਸੀ । ਜਦੋਂ ਭਾਈ ਵੀਰ ਸਿੰਘ ਮਿਸ਼ਨ ਸਕੂਲ ਦੇ ਵਿਦਿਆਰਥੀ ਸਨ ਉਸ ਸਮੇਂ ਤੋਂ ਹੀ ਆਪ ਨੇ ਈਸਾਈ ਮੱਤ ਦੁਆਰਾ ਕੀਤੇ ਜਾਂਦੇ ਪ੍ਰਚਾਰ ਅਤੇ ਉਸ ਦੇ ਸਿੱਟਿਆਂ ਨੂੰ ਵੇਖਿਆ । ਇਥੇ ਹੀ ਆਪ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਕਿਸ ਪ੍ਰਕਾਰ ਈਸਾਈ ਆਪਣੇ ਧਰਮ, ਭਾਸ਼ਾ ਅਤੇ ਸਭਿਅਤਾ ਦੀ ਉਨਤੀ ਲਈ ਐੜੀ ਚੋਟੀ ਦਾ ਜ਼ੋਰ ਲਗਾ ਰਹੇ ਸਨ ।

ਜਦੋਂ ਹੁਣ ਇਨ੍ਹਾਂ ਲੇਖਕਾਂ ਨੇ ਆਪਣੇ ਧਰਮ, ਸਭਿਆਚਾਰ, ਭਾਸ਼ਾ ਆਦਿ ਨੂੰ ਤਬਾਹ ਹੁੰਦਿਆਂ ਵੇਖਿਆ ਉਦੋਂ ਸੁਚੇਤ ਤੌਰ ਤੇ ਯਤਨ ਕਰਨੇ ਆਰੰਭ ਕਰ ਦਿੱਤੇ ਸਨ । ਇਸੇ ਦਾ ਸਿੱਟਾ ਸੀ ਕਿ ਭਾਈ ਸਾਹਿਬ ਨੇ ਆਪਣੇ ਧਰਮ ਬਾਰੇ ਵੱਧ ਤੋਂ ਵੱਧ ਰਚਨਾਵਾਂ ਛਾਪੀਆਂ ।

ਈਸਾਈਆਂ ਦੁਆਰਾ ਕੀਤੇ ਜਾ ਰਹੇ ਪ੍ਰਚਾਰ ਦਾ ਪ੍ਰਭਾਵ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਤੇ ਇਹ ਪਿਆ ਕਿ ਜਿਸ ਤਰ੍ਹਾਂ ਈਸਾਈਆਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਪ੍ਰੈਸ ਦੀ ਸਥਾਪਨਾ ਕੀਤੀ ਸੀ ਉਸੇ ਪ੍ਰਕਾਰ ਭਾਈ ਵੀਰ ਸਿੰਘ ਨੇ " ਵਜੀਰ ਹਿੰਦ ਪ੍ਰੈਸ " ਦੀ ਸਥਾਪਨਾ ਅਤੇ ਪ੍ਰੋ. ਪੂਰਨ ਸਿੰਘ ਨੇ ਵੀ " ਗਰਜਦੀ ਪ੍ਰਭਾਤ " ਨਾਮ ਦਾ ਪੱਤਰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਜਿਸ ਬਾਰੇ ਕਿਰਪਾਲ ਸਿੰਘ ਕਸੇਲ ਲਿਖਦੇ ਹਨ :

> " ਇਸ ਪੱਤਰ ਵਿਚ ਭਾਰਤੀ ਜਨ ਜੀਵਨ, ਵਿਸ਼ਵ ਕਲਿਆਣ ਤੇ ਉਚੇ ਅਧਿਆਤਮਕ ਵਿਸ਼ਿਆਂ ਬਾਰੇ ਲੇਖ ਲਿਖੇ ਗਏ ।"[2]

ਇਸ ਤਰ੍ਹਾਂ ਇਨ੍ਹਾਂ ਦੋਵਾਂ ਲੇਖਕਾਂ ਤੇ ਈਸਾਈ ਮਿਸ਼ਨਰੀ ਲਹਿਰ ਦੇ ਪ੍ਰਤੱਖ ਤੇ ਅਪ੍ਰਤੱਖ ਤੌਰ ਤੇ ਪ੍ਰਭਾਵ ਪਏ ।

---

1. ਭਾਈ ਵੀਰ ਸਿੰਘ; ਸੁੰਦਰੀ; ਪੰਨਾ 131
2. ਕਿਰਪਾਲ ਸਿੰਘ ਕਸੇਲ; ਰਾਜਕੋਸ਼; ਪੰਨਾ 121

## ਕੂਕਾ ਲਹਿਰ :

ਨਾਮਧਾਰੀ ਜਾਂ ਕੂਕਾ ਲਹਿਰ ਨੂੰ 1857 ਈ. ਵਿਚ ਬਾਬਾ ਰਾਮ ਸਿੰਘ ਨੇ ਭੈਣੀ ਸਾਹਿਬ ਵਿਖੇ ਸ਼ੁਰੂ ਕੀਤਾ । ਇਸ ਲਹਿਰ ਨੇ "ਧਾਰਮਿਕ ਖੇਤਰ ਵਿਚ ਇਸ ਲਹਿਰ ਨੇ ਨਾਮਬਾਣੀ ਦਾ ਕੀਰਤਨ, ਸਮਾਜਿਕ ਖੇਤਰ ਵਿਚ ਆਨੰਦ ਦੇ ਅਨੁਸਾਰ ਵਿਆਹ, ਸ਼ਰਾਬ, ਤੰਬਾਕੂ ਤੇ ਵਿਭਚਾਰ ਤੋਂ ਬਚਣਾ ਅਤੇ ਰਾਜਸੀ ਖੇਤਰ ਵਿਚ ਅੰਗਰੇਜ਼ੀ ਰਾਜ ਦੇ ਵਿਰੋਧ ਵਿਚ ਰੇਲਾਂ, ਅਦਾਲਤਾਂ, ਡਾਕ ਅਤੇ ਵਿਦੇਸ਼ੀ ਮਿਲਾਂ ਦੇ ਕਪੜੇ ਦਾ ਬਾਈਕਾਟ ਸ਼ੁਰੂ ਕੀਤਾ ।"[1] ਇਸ ਪ੍ਰਕਾਰ ਇਹ ਲਹਿਰ ਵੀ ਸਮਾਜਿਕ, ਧਾਰਮਿਕ ਅਤੇ ਰਾਜਸੀ ਖੇਤਰ ਵੱਲ ਇਕ ਪ੍ਰਕਾਰ ਦੀ ਪੂਰਣ ਤੌਰ ਤੇ ਸੁਚੇਤ ਲਹਿਰ ਦੇ ਰੂਪ ਵਿਚ ਹੋਂਦ ਵਿਚ ਆਈ ।

ਇਸੇ ਲਹਿਰ ਦਾ ਪ੍ਰਭਾਵ ਸੀ ਜਿਸ ਅਧੀਨ ਭਾਈ ਵੀਰ ਸਿੰਘ ਵੀ ਸਿੱਖਾਂ ਵਿਚ ਪ੍ਰਵੇਸ਼ ਹੋ ਚੁਕੇ ਵਹਿਮਾਂ ਭਰਮਾਂ ਦੀ ਨਿੰਦਿਆ ਕਰਦੇ ਹਨ ਅਤੇ ਉਸ ਸਮੇਂ ਦੀਆਂ ਸਿੱਖਣੀਆਂ ਦੀ ਅੱਜ ਦੀਆਂ ਸਿੱਖਣੀਆਂ ਨਾਲ ਤੁਲਨਾ ਕਰਦੇ ਹਨ ।

> " ਇਹ ਕੁਮੱਤਾਂ ਪਈਆਂ ਕੁਲ ਵਹਿਮਣਾਂ, ਭਰਮਣਾਂ, ਭਰ ਦੀਆਂ ਪੁਤਲੀਆਂ, ਅਨਮਤਾਂ ਤੇ ਗੁਰੂ ਤੋਂ ਬੇਮੁਖਣੀਆਂ ਨਹੀਂ ਸਨ । ਇਨ੍ਹਾਂ ਦੇ ਹਿਰਦੇ ਵਿਚ ਧਰਮ ਦਾ ਪੂਰਾ ਅਸਰ ਸੀ । ਇਹ ਇਕ ਪਰਮੇਸ਼ਰ ਤੋਂ ਛੁੱ ਕਿਸੇ ਪਰ ਭਰੋਸਾ ਨਹੀਂ ਰਖਦੀਆਂ ਸਨ । ਇਨ੍ਹਾਂ ਲਈ ਇਕ ਧਰਮ ਸੱਚੀ ਖੁਸ਼ੀ ਦਾ ਕਾਰਨ ਸੀ । ਇਹ ਸੰਸਾਰਿਕ ਸੁਖਾਂ ਦੀ ਖਾਤਰ ਧਰਮ ਤੋਂ ਮੂੰਹ ਮੋੜਨ ਦਾ ਸੁਪਨੇ ਵਿਚ ਵੀ ਖਿਆਲ ਨਹੀਂ ਕਰਦੀਆਂ ਸਨ । ਇਹ ਉਹ ਮਾਵਾਂ ਨਹੀਂ ਸਨ ਜੋ ਪੁੱਤਰ ਲੈਣ ਪਿਛੇ ਮੜ੍ਹੀਆਂ, ਮਸਾਣਾਂ, ਸਾਧੂਆਂ ਦੇ ਮਗਰ ਫਿਰਨ । ਇਹ ਉਹ ਮਾਵਾਂ ਸਨ ਜੋ ਪੁੱਤਰਾਂ ਦੇ ਕਰਮਜੋਗੀ ਤਰਵਾਰੇ ਜੰਗ ਵਿਚ ਭੇਜਿਆ ਕਰਦੀਆਂ ਸਨ । ਇਹ ਉਹ ਨਾਰੀ ਸਨ ਜੋ ਫੈਸ਼ਨਾਂ ਦੇ ਮਗਰ ਲੱਗ ਕੇ ਆਪਣੇ ਆਪ ਨੂੰ ਸਿੰਗਾਰਾਂ ਵਿਚ ਗੁੰਦ ਕੇ ਖਿਡੌਣਿਆਂ ਵਰਗੀ ਰਹਿਣ ਨੂੰ ਆਪਣਾ ਜੀਵਨ ਬਣਾ ਲੈਣ, ਸਗੋਂ ਇਹ ਉਹ ਵਹੁਟੀਆਂ ਸਨ ਜੋ ਭਾਜ ਖਾ ਕੇ ਨੱਸੇ ਹੋਏ ਪਤੀ ਨੂੰ ਵੇਖਣ

1. ਪੰਜਾਬੀ ਸਾਹਿਤ ਦਾ ਇਤਿਹਾਸ; ਆਧੁਨਿਕ ਕਾਲ, ਤੀਜੀ ਜਿਲਦ, ਭਾਸ਼ਾ ਵਿਭਾਗ; ਪੰਨਾ 13

ਨਾਲੇ ਸਰਕਾਰੀ ਨਾਲ ਸੁਧਾਰ ਹੋਏ ਨੂੰ ਵੇਖ ਕੇ ਖੁਸ਼ ਹੁੰਦੀਆਂ ਸਨ ।"[1]

ਕੂਕਾ ਲਹਿਰ ਜਿਸ ਦਾ ਉਦੇਸ਼ ਸਿੱਖ ਧਰਮ ਵਿਚ ਪ੍ਰਵੇਸ਼ ਹੋ ਚੁੱਕੇ ਵਹਿਮਾਂ, ਭਰਮਾਂ ਤੇ ਪਾਖੰਡਾਂ ਦੀ ਨਿਖੇਧੀ ਕਰਨੀ ਸੀ । ਆਪ ਨੇ ਆਪਣੀ ਰਚਨਾ ਵਿਚ ਇਸ ਉਦੇਸ਼ ਲਈ ਸੁਚੇਤ ਤੌਰ ਤੇ ਰਚਨਾ ਕੀਤੀ ।

<u>ਸਿੰਘ ਸਭਾ ਤੇ ਚੀਫ਼ ਖ਼ਾਲਸਾ ਦੀਵਾਨ :</u>

ਈਸਾਈ ਮੱਤ ਦੇ ਤੇਜ਼ ਪ੍ਰਚਾਰ ਕਾਰਨ ਲੋਕਾਂ ਵਿਚ ਈਸਾਈ ਧਰਮ ਦੀ ਪੈਦਾ ਹੁੰਦੀ ਜਾ ਰਹੀ ਰੁਚੀ ਦੇ ਪ੍ਰਤੀਕਰਮ ਵਜੋਂ ਇਹ ਲਹਿਰ ਹੋਂਦ ਵਿਚ ਆਈ । ਇਸ ਘਟਨਾ ਨੇ ਸਿੱਖ ਮੱਤ ਨੂੰ ਬੜੀ ਜ਼ਬਰਦਸਤ ਚੋਟ ਲਗਾਈ । ਜਿਸ ਦੇ ਫਲਸਰੂਪ ਅੰਮ੍ਰਿਤਸਰ ਦੇ " ਮਜੀਠਿਆਂ ਦੇ ਬੁੰਗੇ " ਵਿਚ ਇਕ ਇਕੱਠ ਹੋਇਆ, ਜਿਸ ਤੋਂ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ । ਇਸ ਦੇ ਪ੍ਰਧਾਨ ਸ. ਠਾਕੁਰ ਸਿੰਘ ਸੰਧਾਂਵਾਲੀਏ ਸਨ । ਇਨ੍ਹਾਂ ਨੇ ਬਹੁਤ ਸਾਰੇ ਗਲਤ ਪ੍ਰਚਾਰ, ਕੁਰੀਤੀਆਂ ਤੇ ਰਸਮਾਂ ਰਿਵਾਜਾਂ ਦਾ ਵਿਰੋਧ ਕੀਤਾ । ਡਾ. ਬਲਬੀਰ ਸਿੰਘ ਅਨੁਸਾਰ :

> "ਈਸਾਈ ਪ੍ਰਚਾਰ ਲਈ ਦਰਬਾਰ ਸਾਹਿਬ ਵਿਚ ਅੰਗਰੇਜ਼ਾਂ ਦਾ ਬੁੱਤਾ ਲੈਣਾ, ਦਰਬਾਰ ਸਾਹਿਬ ਵਿਚ ਨਾਸਤਕਾਂ ਜਿਵੇਂ - ਗੁਲਾਬ ਦਾਸੀਆਂ, ਅਨਮਤੀਆਂ ਦਾ ਪ੍ਰਚਾਰ, ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਪੁਰਾਣਾਂ ਦੀ ਕਥਾ, ਹਰ ਮੱਤ ਤੇ ਧਰ ਪੂਜਾ ਪਾਠ, ਭੰਗ ਤੇ ਹਵਨ ਕਰਨ ਦੀ ਗਲਤ ਪ੍ਰਥਾ ਨੂੰ ਸਿੰਘਾਂ ਨੇ ਮਹਿਸੂਸ ਕੀਤਾ ।"[2]

ਜੇ ਇਸ ਤਰ੍ਹਾਂ ਕਹਿ ਦਿੱਤਾ ਜਾਵੇ ਕਿ ਸਿੰਘ ਸਭਾ ਲਹਿਰ ਈਸਾਈ ਮਿਸ਼ਨਰੀ ਲਹਿਰ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਈ ਤਾਂ ਉਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ । ਈਸਾਈ ਮਿਸ਼ਨਰੀ ਲਹਿਰ ਦਾ ਜੋ ਉਦੇਸ਼ ਪੰਜਾਬੀ ਧਰਮ ਨੂੰ ਨਸ਼ਟ ਕਰਕੇ ਆਪਣੇ ਵਿਚ ਮਿਲਾਉਣ ਦਾ ਸੀ ਉਸ ਦੇ ਸਿੱਟੇ ਵਜੋਂ ਹੀ ਸਿੰਘ ਸਭਾ ਲਹਿਰ ਨੇ ਜਨਮ ਲਿਆ । ਜਿਸ ਦੇ ਉੱਘੇ ਸੰਚਾਲਕਾਂ ਵਿਚੋਂ ਭਾਈ ਵੀਰ ਸਿੰਘ ਦਾ ਨਾਮ ਵੀ ਵਰਨਣ ਯੋਗ ਹੈ । ਜਿਸ ਨੇ ਆਪਣੇ ਸਾਹਿਤਕਾਰਕ ਵਿਰਸੇ ਨੂੰ ਚਲਾਉਣ ਲਈ ਇਕ ਰਾਹ ਅਪਣਾ ਲਿਆ । ਇਸ ਦੇ ਨਾਲ ਹੀ ਇਸ ਲਹਿਰ ਨੇ ਲੋਕਾਂ ਵਿਚ ਖੁਸ਼ ਜਾਗ੍ਰਤੀ ਪੈਦਾ ਕੀਤਾ ।

---

1. ਭਾਈ ਵੀਰ ਸਿੰਘ; ਵਿਜੈ ਸਿੰਘ; ਪੰਨਾ 95
2. ਡਾ. ਚਰਨ ਸਿੰਘ; ਸ੍ਰੀ ਚਰਿਤ੍ਰ ਹਰਿ ਵਿਸਥਾਰ; ਜਿਲਦ 1, ਸੈਂਚੀ 2, ਪੰਨਾ 62

ਇਸ ਪਿਛੋਂ ਸਿੰਘ ਸਭਾ ਲਹਿਰ ਲਾਹੌਰ ਵਿਚ ਵੀ ਹੋਂਦ ਵਿਚ ਆਈ । ਇਸ ਦਾ ਸਿਹਰਾ ਭਾਈ ਗੁਰਮੁਖ ਸਿੰਘ ਪ੍ਰੋ. ਓਰੀਐਂਟਲ ਕਾਲਿਜ, ਲਾਹੌਰ (1849 - 98 ਈ. ) ਦੇ ਸਿਰ ਸੀ । ਇਸ ਲਹਿਰ ਦੇ ਮੰਤਵਾਂ ਵਿਚ ਪੰਜਾਬੀ ਬੋਲੀ ਵਿਚ ਕੌਮੀ ਸਾਹਿਤ ਪੈਦਾ ਕਰਨਾ, ਅਤੇ ਸਿਖਾਂ ਨੂੰ ਧਾਰਮਿਕ ਤੇ ਵਿਵਹਾਰਿਕ ਵਿਦਿਆ ਦੇਣ ਤੇ ਜ਼ਿਆਦਾ ਜ਼ੋਰ ਦੇਣਾ ਸੀ ।

ਸਮੁੱਚੇ ਰੂਪ ਵਿਚ ਇਸ ਲਹਿਰ ਦੇ ਮੁੱਖ ਉਦੇਸ਼ਾਂ ਬਾਰੇ ਡਾ. ਜਗਜੀਤ ਸਿੰਘ ਇਸ ਪ੍ਰਕਾਰ ਲਿਖਦੇ ਹਨ :

1. ਤਮਾਮ ਸਿਖ ਭਾਈਚਾਰੇ ਤੇ ਖਾਲਸਾ ਜੀ ਨੂੰ ਸਿਖੀ ਧਰਮ ਬਾਰੇ ਪਿਆਰ ਰੱਖਣਾ ।
2. ਸ੍ਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ, ਅਤੇ ਥਾਂ ਥਾਂ ਇਸ ਸ੍ਰੇਸ਼ਟ ਧਰਮ ਦੀ ਚਰਚਾ ਕਰਨਾ ।
3. ਜਿਨ੍ਹਾਂ ਪੋਥੀਆਂ ਤੇ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਛਪਵਾਕੇ ਪ੍ਰਗਟ ਕਰਨਾ ।
4. ਜੋ ਲੋਕ ਸਿਖੀ ਧਰਮ ਦੇ ਵਿਰੋਧੀ ਹਨ ਅਰਥਾਤ ਜਿਨ੍ਹਾਂ ਨੇ ਇਨ੍ਹਾਂ ਦੇ ਵਿਰੁੱਧ ਕੁਝ ਕੀਤਾ ਜਾਂ ਸੁਣਿਆ ਹੈ, ਅਰਥਾਤ ਜੋ ਸਿਖ ਲੋਕ ਤਖਤਾਂ ਤੋਂ ਖਾਰਜ ਹਨ, ਜਿਹੜੇ ਆਪਣਾ ਧਰਮ ਛੱਡਕੇ ਦੂਜੇ ਧਰਮ ਅਤੇ ਸਿੰਘ ਸਭਾ ਵਿਚ ਜਾ ਰਲੇ ਹੋਣ, ਜੋ ਸਰਕਾਰ ਦੇ ਨਜ਼ਦੀਕ ਗਿਣੇ ਗਏ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ । ਮਗਰੋਂ ਜਿਹੜਾ ਵੀ ਕੋਈ ਇਨ੍ਹਾਂ ਦੀ ਪਿਛਲੀ ਗਲਤੀ ਤੇ ਤਨਖਾਹ ਲੁਆਵੇ ਅਤੇ ਸਭਾ ਦੀ ਰਾਏ ਨਾਲ ਹੋ ਜਾਵੇ ਤਾਂ ਸਭਾ ਦੇ ਮੈਂਬਰ ਬਣ ਸਕਦੇ ਹਨ ।
5. ਚੰਗੇ ਮਰਤਬੇ ਵਾਲੇ ਅੰਗਰੇਜ਼ ਬਹਾਦਰ ਵਿਦਿਆ ਸ਼ਾਖ ਦੇ ਮੈਂਬਰ ਨਹੀਂ ਬਣ ਸਕਦੇ । ਹੋਰ ਕੌਮਾਂ ਅਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਹੀ ਬਣ ਸਕਦੇ ਹਨ ਕਿ ਉਹ ਸਿਖੀ ਧਰਮ ਅਤੇ ਪੰਜਾਬੀ ਜ਼ਬਾਨ ਦੇ ਖੈਰ ਖਵਾਹ ਹਨ ।
6. ਕਿਸੇ ਵੀ ਦੂਜੇ ਧਰਮ ਦੇ ਵਿਰੁੱਧ ਕਹਿਣਾ, ਸੁਣਨਾ ਅਤੇ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ ।
7. ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਵੀ ਗੱਲ ਸਰਕਾਰ ਦੇ ਪ੍ਰਤੀਕੂਲ ਨਹੀਂ ਕੀਤੀ ਜਾਵੇਗੀ ।"[1]

ਭਾਈ ਵੀਰ ਸਿੰਘ ਜੀ ਦੇ ਜਵਾਨ ਹੋਣ ਤੱਕ ਛਾਪੇਖਾਨਿਆਂ ਦੀ ਮਦਦ ਨਾਲ ਈਸਾਈਆਂ ਨੇ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਜ਼ੋਰਾਂ ਸ਼ੋਰਾਂ ਨਾਲ ਜਤਨ ਕਰਨੇ ਸ਼ੁਰੂ ਕੀਤੇ ਹੋਏ ਸਨ, ਤਾਂ

---

1. ਜਗਜੀਤ ਸਿੰਘ; ਪੰਜਾਬ; ਡਾ. ਗੰਡਾ ਸਿੰਘ; ਪੰਨਾ 124

ਜੋ ਉਨ੍ਹਾਂ ਦੇ ਈਸਾਈਮੱਤ ਦਾ ਝੰਡਾ ਭਾਰਤ ਦੇ ਇਕ ਕੋਨੇ ਤੋਂ ਲੈ ਕੇ ਦੂਸਰੇ ਕੋਨੇ ਤੱਕ ਝੁਲਾਇਆ ਜਾ ਸਕੇ । ਜਿਸ ਦੇ ਸਿੱਟੇ ਵੀ ਕਾਫ਼ੀ ਦੇਰ ਤੱਕ ਸੰਤੋਖਜਨਕ ਨਿਕਲ ਰਹੇ ਸਨ ਕਿ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਵਿਚੋਂ ਵੱਡੇ ਵੱਡੇ ਬੰਦੇ ਵੀ ਇਸ ਪ੍ਰਭਾਵ ਨੂੰ ਗ੍ਰਹਿਣ ਕਰਕੇ ਧੜਾ ਧੜ ਈਸਾਈ ਬਣਦੇ ਜਾ ਰਹੇ ਸਨ । ਜਿਸ ਦੇ ਸਿੱਟੇ ਵਜੋਂ ਹੀ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਆਪਣੇ ਆਪਣੇ ਧਰਮ ਦੇ ਸੁਧਾਰ ਲਈ ਕਈ ਧਾਰਮਿਕ ਲਹਿਰਾਂ ਚੱਲੀਆਂ ਜਿਨ੍ਹਾਂ ਦਾ ਉਦੇਸ਼ ਆਪਣੇ ਧਰਮ ਦਾ ਸੁਧਾਰ ਕਰਨਾ ਅਤੇ ਆਮ ਲੋਕਾਂ ਨੂੰ ਈਸਾਈ ਮੱਤ ਦੇ ਪ੍ਰਭਾਵ ਤੋਂ ਮੁਕਤ ਕਰਵਾਕੇ ਆਪਣੇ ਧਰਮ ਦੀ ਉੱਚਤਾ ਤੇ ਸ੍ਰੇਸ਼ਟਤਾ ਦਾ ਪਤਾ ਲਗਾਉਣਾ ਸੀ । ਜਿਸ ਕਾਰਨ ਭਾਈ ਵੀਰ ਸਿੰਘ ਜਿਨ੍ਹਾਂ ਨੂੰ ਜਨਮ ਸਮੇਂ ਤੋਂ ਹੀ ਆਪਣੇ ਧਰਮ ਵਿਚ ਪ੍ਰਪੱਕ ਰਹਿਣ ਲਈ ਸਾਹਿਤਕਤਾ ਦੀ ਗੁੜ੍ਹਤੀ ਦਿੱਤੀ ਗਈ ਕਹੀ ਜਾ ਸਕਦੀ ਹੈ , ਇਸ ਲਈ ਆਪ ਸੁਚੇਤ ਰੂਪ ਵਿਚ ਜਾਗ੍ਰਤ ਸਨ ।

ਇਸ ਲਈ ਉਪਰ ਵਰਣਿਤ ਲਹਿਰਾਂ ਤੋਂ ਭਾਈ ਸਾਹਿਬ ਕਿੰਨੇ ਜਿਆਦਾ ਪ੍ਰਭਾਵਿਤ ਹੋਏ ਕਿ ਭਾਈ ਸਾਹਿਬ ਨੇ ਹਰ ਪੱਖ ਤੋਂ ਸਿੱਖ ਧਰਮ ਨੂੰ ਨਿੱਘਰਦੀ ਹਾਲਤ ਵੇਖਕੇ ਇਸ ਦੀ ਸ਼ਾਨ ਤੇ ਮਰਿਆਦਾ ਲਈ ਯਤਨ ਕਰਨੇ ਆਰੰਭ ਕਰ ਦਿੱਤੇ । ਇਸ ਦਾ ਕਾਰਨ ਸੀ ਕਿ ਘਰ ਦੇ ਵਿਦਵਾਨ ਸੰਬੰਧੀਆਂ ਨੇ ਆਪ ਦੀ ਸ਼ਖ਼ਸੀਅਤ ਨੂੰ ਇਕ ਧਾਰਮਿਕ ਸੰਚੇ ਵਿਚ ਢਾਲਿਆ ਸੀ । ਪਰ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਿੰਘ ਸਭਾ ਲਹਿਰ ਦਾ ਪ੍ਰਭਾਵ ਹੀ ਅਜਿਹੀਆਂ ਰਚਨਾਵਾਂ ਪਿੱਛੇ ਕੰਮ ਕਰ ਰਿਹਾ ਸੀ । ਡਾ. ਕੁਸਾਫ ਅਨੁਸਾਰ :

> " ਭਾਈ ਵੀਰ ਸਿੰਘ ਨੇ ਇਨ੍ਹਾਂ ਨਾਵਲਾਂ ਦੀ ਰਚਨਾ ਨਿਰੋਲ ਸਿੱਖ ਪਾਠਕਾਂ ਦੇ ਸੰਕਲਪ ਤੋਂ ਕੀਤੀ । ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਿੱਖ ਧਰਮ ਦੇ ਸੁਨਹਿਰੀ ਯੁਗ ਨੂੰ ਸ਼ਰਧਾ ਨਾਲ ਪੇਸ਼ ਕਰਦਾ ਹੈ ਅਤੇ ਆਪਣੇ ਸਮਕਾਲੀ ਸਿੱਖ ਪਾਠਕਾਂ ਨੂੰ ਵੀ ਧਰਮ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦਾ ਹੈ । ਇਹ ਪ੍ਰੇਰਣਾ ਪਾਠਕਾਂ ਦੇ ਸੁਭਾਵਿਕ ਕਰਮ ਵਿਚੋਂ ਹੀ ਨਹੀਂ ਜਾਗਦੀ ਸਗੋਂ ਭਾਈ ਸਾਹਿਬ ਦੇ ਸਮਕਾਲੀ ਸਿੱਖਾਂ ਸਿਖਣੀਆਂ ਨੂੰ ਸਿੱਧੇ ਸੰਬੋਧਨੀ ਭਾਸ਼ਣਾਂ ਰਾਹੀਂ ਵੀ ਦਿੱਤੀ ਜਾਂਦੀ ਹੈ ।"[1]

ਭਾਈ ਸਾਹਿਬ ਦੀ ਨਾਵਲ ਕਲਾ ਦਾ ਸੋਮਾ ਸਾਹਿਤਕ ਨਹੀਂ ਸੀ ਸਗੋਂ ਉਹ ਨਾਵਲ ਕਲਾ ਨੂੰ ਸਿੱਖੀ ਧਰਮ ਦੇ ਪ੍ਰਚਾਰ ਦੇ ਮਨੋਰਥ ਲਈ ਵਰਤਣਾ ਚਾਹੁੰਦੇ ਸਨ । ਜਦ ਇਨ੍ਹਾਂ ਲਹਿਰਾਂ ਦੇ ਚੱਲਣ

---

1. ਡਾ. ਸ. ਸ. ਕੁਸਾਫ; ਇਤਿਹਾਸ ਪੰਜਾਬੀ ਨਾਵਲ; ਪੰਨਾ 50

ਨਾਲ ਅਜਿਹਾ ਵਾਤਾਵਰਣ ਬਣਿਆ ਹੋਇਆ ਸੀ ਜਿਸ ਵਿਚ ਪੰਥ ਦਾ ਇਹ ਫਰਜ਼ ਬਣਦਾ ਸੀ ਕਿ ਸਿੱਖੀ ਨੂੰ ਲੱਗ ਰਹੀ ਢਾਹ ਤੋਂ ਬਚਾਇਆ ਜਾ ਸਕੇ ।

## ਅਕਾਲੀ ਤੇ ਬੱਬਰ ਲਹਿਰ :

ਭਾਈ ਵੀਰ ਸਿੰਘ ਨੂੰ ਸਿੱਖੀ ਪ੍ਰਤੀ ਦ੍ਰਿੜ੍ਹ ਕਰਨ ਵਿਚ ਅਕਾਲੀ ਅਤੇ ਬੱਬਰ ਲਹਿਰ ਦਾ ਵੀ ਬੜਾ ਯੋਗਦਾਨ ਹੈ ।

ਅਕਾਲੀ ਲਹਿਰ ਭਾਵੇਂ ਧਾਰਮਿਕ ਮਾਮਲਿਆਂ ਨੂੰ ਮੁੱਖ ਰੱਖ ਕੇ ਚਲਾਈ ਗਈ ਪਰ ਇਸ ਦਾ ਸਰੂਪ ਰਾਜਸੀ ਬਣ ਗਿਆ । ਇਸ ਲਹਿਰ ਦੀ ਅੰਗਰੇਜ਼ੀ ਸਰਕਾਰ ਨਾਲ ਸਿੱਧੀ ਟੱਕਰ ਹੋਣ ਲਗੀ ਕਿਉਂਕਿ ਅੰਗਰੇਜ਼ ਅਫਸਰ ਪੂਰੇ ਜ਼ੋਰ ਨਾਲ ਗੁਰਦੁਆਰਿਆਂ ਦੇ ਮਹੰਤਾਂ ਵਿਚ ਰਲੇ ਹੋਏ ਸਨ ।

ਅਕਾਲੀ ਲਹਿਰ ਦੇ ਨਾਲ ਹੀ ਬੱਬਰ ਅਕਾਲੀ ਲਹਿਰ ਨੇ ਜਨਮ ਲਿਆ । ਜਦੋਂ ਇਤਿਹਾਸ ਦੀ ਤਹਿਰੀਕ ਵਿਚ ਸੂਰਬੀਰ ਤੇ ਯੋਧੇ ਜਨਮ ਲੈਂਦੇ ਹਨ ਤਾਂ ਉਸ ਦੇ ਨਾਲ ਗ਼ਦਾਰ ਤੇ ਮੁਖ਼ਬਰ ਵੀ ਪੈਦਾ ਹੋ ਜਾਂਦੇ ਹਨ । ਅਕਾਲੀ ਲਹਿਰ ਦਾ ਮੰਤਵ ਇਨ੍ਹਾਂ ਗ਼ਦਾਰਾਂ ਤੇ ਮੁਖ਼ਬਰਾਂ ਨੂੰ ਸਜ਼ਾਵਾਂ ਦੇਣਾ ਸੀ । ਇਹੀ ਕਾਰਨ ਹੈ ਕਿ ਇਸ ਲਹਿਰ ਦਾ ਕੋਈ ਵੱਖਰਾ ਇਤਿਹਾਸ ਨਹੀਂ ਮਿਲਦਾ । ਇਹ ਤਾਂ ਅਕਾਲੀ ਲਹਿਰ ਦਾ ਹੀ ਇਕ ਅੰਗ ਕਹੀ ਜਾ ਸਕਦੀ ਹੈ । ਇਸ ਦਾ ਮੁੱਖ ਉਦੇਸ਼ ਵੀ ਸਾਹਿਤਕ ਨਹੀਂ ਸੀ । ਪਰ ਇਨ੍ਹਾਂ ਦੋਵਾਂ ਲਹਿਰਾਂ ਨੇ ਸਿੱਖਾਂ ਅੰਦਰ ਜੋ ਜਾਗ੍ਰਤੀ ਪੈਦਾ ਕੀਤੀ ਭਾਈ ਵੀਰ ਸਿੰਘ ਦਾ ਸਾਹਿਤ ਉਸ ਦਾ ਪ੍ਰਤੀਕ ਹੈ ।

## ਗ਼ਦਰ ਪਾਰਟੀ ਲਹਿਰ :

ਸਭ ਤੋਂ ਪਹਿਲੀ ਲਹਿਰ ਜਿਸ ਨੂੰ ਇਨਕਲਾਬੀ ਕਿਹਾ ਜਾਂਦਾ ਹੈ " ਗ਼ਦਰ ਪਾਰਟੀ " ਹੀ ਸੀ । ਇਸ ਵਿਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਪੰਜਾਬੀ ਹੀ ਸਨ । ਸਾਮਰਾਜੀਆਂ ਵਿਰੁੱਧ ਚੱਲੀਆਂ ਲਹਿਰਾਂ ਵਿਚ ਇਹ ਮੁੱਖ ਰਹੀ ।

ਗ਼ਦਰ ਪਾਰਟੀ ਲਹਿਰ ਦਾ ਪ੍ਰਚਾਰ ਕਰਨ ਲਈ ਸਾਨਫ਼੍ਰਾਂਸਿਸਕੋ ਅਮਰੀਕਾ ਤੋਂ " ਗ਼ਦਰ ਦੀ ਗੂੰਜ " ਦਾ ਅਖ਼ਬਾਰ ਕੱਢਿਆ ਗਿਆ । ਜਿਸ ਵਿਚ ਇਨਕਲਾਬੀ ਲੇਖ ਆਦਿ ਛਪਿਆ ਕਰਦੇ ਸਨ ।

ਸਮੁੱਚੇ ਰੂਪ ਵਿਚ ਸਾਰੇ ਸਾਹਿਤ ਦੇ ਝੁਕਾਵਾਂ ਨੂੰ ਇਨਕਲਾਬੀ ਬਣਾਉਣ ਵਿਚ ਇਸ ਲਹਿਰ ਨੇ ਮਹੱਤਵ ਪੂਰਨ ਰੋਲ ਅਦਾ ਕੀਤਾ ।

ਇਸ ਲਹਿਰ ਨੇ ਪ੍ਰੋ. ਪੂਰਨ ਸਿੰਘ ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ । ਇਹੀ ਕਾਰਨ ਹੈ ਕਿ ਉਨ੍ਹਾਂ ਨੇ ਜਪਾਨ ਤੋਂ ਵਾਪਿਸ ਆਉਂਦਿਆਂ ਹੀ ਇਨਕਲਾਬੀ ਲਹਿਰਾਂ ਵਿਚ ਵੱਧ ਤੋਂ ਵੱਧ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ । ਜਿਸ ਕਾਰਨ ਆਪ ਦਾ ਵੱਡੇ ਵੱਡੇ ਲੀਡਰਾਂ ਨਾਲ ਮੇਲ ਹੋਇਆ । ਆਪ ਥਾਂ ਥਾਂ ਇਨਕਲਾਬੀ ਤਕਰੀਰਾਂ ਕਰਦੇ । ਇਹੀ ਕਾਰਨ ਹੈ ਕਿ ਆਪ ਦਾ ਮੇਲ ਲਾਲਾ ਹਰਦਿਆਲ ਵਰਗਿਆਂ ਨਾਲ ਬਣਿਆ ਰਿਹਾ ।

## ਆਰੀਆ ਸਮਾਜ ਲਹਿਰ :

ਸੁਆਮੀ ਦਯਾ ਨੰਦ ਨੇ 1874 ਈ. ਵਿਚ ਆਰੀਆ ਸਮਾਜ ਦੀ ਨੀਂਹ ਰੱਖੀ । ਜਿਸ ਦਾ ਉਦੇਸ਼ ਪੱਛਮੀ ਸਭਿਅਤਾ ਦੇ ਪ੍ਰਭਾਵ ਤੋਂ ਮੁਕਤ ਕਰਵਾਕੇ ਵੇਦਾਂ ਤੇ ਵੇਦਾਂਤ ਦੀ ਪੁਨਰ ਜਾਗ੍ਰਿਤੀ ਸੀ । ਕੇ. ਸੀ. ਨਾਰੰਗ ਅਨੁਸਾਰ :

> "ਇਸ ਦਾ ਉਦੇਸ਼ ਦਰਸ਼ਨ ਦਾ ਖੰਡਨ, ਮੂਰਤੀ ਪੂਜਾ ਦਾ ਖੰਡਨ ਸਾਦਾ ਜੀਵਨ ਦਾ ਪ੍ਰਚਾਰ, ਪੱਛਮੀ ਸਭਿਅਤਾ ਦੀ ਵਿਰੋਧਤਾ, ਈਸਾਈ ਬਣ ਚੁੱਕੇ ਲੋਕਾਂ ਨੂੰ ਹਿੰਦੂ ਮੱਤ ਵਿਚ ਵਾਪਿਸ ਲਿਆਉਣਾ ਅਤੇ ਵਿਦਿਆ ਦਾ ਪ੍ਰਚਾਰ ਕਰਨਾ ਸੀ ।"[1]

ਇਸ ਉਦੇਸ਼ ਲਈ ਆਰੀਆ ਸਮਾਜ ਸੰਸਥਾ ਨੇ ਕਈ ਸਕੂਲ ਤੇ ਕਾਲਜ ਖੋਲ੍ਹੇ ਜੋ ਹੁਣ ਤੱਕ ਚੱਲ ਰਹੇ ਹਨ ।

ਇਹ ਲਹਿਰ ਬੜੀ ਤੇਜ਼ੀ ਨਾਲ ਫੈਲੀ । ਹਿੰਦੂਆਂ ਦਾ ਇਕ ਵੱਡਾ ਵਰਗ ਬਹੁਤ ਜਲਦੀ ਇਸ ਦੇ ਪ੍ਰਭਾਵ ਹੇਠ ਆਇਆ । ਜਿਸ ਕਾਰਨ ਬਹੁਤ ਸਾਰੇ ਹਿੰਦੂ ਆਰੀਆ ਸਮਾਜੀ ਬਣ ਗਏ ।

ਭਾਈ ਵੀਰ ਸਿੰਘ ਉਤੇ ਇਸ ਲਹਿਰ ਦਾ ਪ੍ਰਭਾਵ ਇਕ ਪ੍ਰਤੀਕਰਮ ਦੇ ਰੂਪ ਵਿਚ ਹੋਇਆ । ਭਾਈ ਸਾਹਿਬ ਜਿਹੇ ਪਹਿਲਾਂ ਕੇਵਲ ਈਸਾਈ ਲਹਿਰ ਤੋਂ ਪ੍ਰਭਾਵਿਤ ਹੋ ਕੇ ਆਪਣੇ ਧਰਮ

---

1. K.C.Narang; Real Hinduism; P-188

ਦੀ ਸ਼੍ਰੇਸ਼ਟਤਾ ਤੇ ਉਚਤਾ ਲਈ ਸਾਹਿਤਕ ਰਚਨਾ ਰਚਿਆ ਕਰਦੇ ਸਨ ਉਵੇਂ ਹੁਣ ਇਸ ਲੇਖਕ ਨੂੰ ਆਰੀਆ ਸਮਾਜ ਜਿਹੀ ਲਹਿਰ ਨੇ ਵੀ ਵਲੂਣ ਕੇ ਰੱਖ ਦਿੱਤਾ ।

ਇਸ ਤੋਂ ਸੁਚੇਤ ਤੌਰ ਤੇ ਪ੍ਰਭਾਵਿਤ ਹੋ ਕੇ ਆਪ ਨੇ " ਬਾਬਾ ਨੌਧ ਸਿੰਘ " ਦੀ ਰਚਨਾ ਕੀਤੀ । ਜਿਸ ਵਿਚ ਆਪਣੇ ਈਸਾਈ, ਆਰੀਆ , ਸਮਾਜੀ, ਬ੍ਰਹਮੋ ਸਮਾਜੀ ਅਤੇ ਆਦਿ ਧਰਮਾਂ ਅਤੇ ਸੰਸਥਾਵਾਂ ਦੀਆਂ ਕਮਜ਼ੋਰੀਆਂ ਨੂੰ ਵਿਖਾ ਕੇ ਸਿਖ ਧਰਮ ਮਾਰਗ ਨੂੰ ਸ਼੍ਰੇਸ਼ਟ ਸਿੱਧ ਕਰਨ ਦਾ ਯਤਨ ਕੀਤਾ । ਸਿੰਘ ਸਭਾ ਲਹਿਰ ਜੋ ਅਜਿਹੇ ਧਰਮਾਂ ਦੇ ਪ੍ਰਭਾਵ ਤੇ ਅਜਿਹੀਆਂ ਸਿਖ ਵਿਰੋਧੀ ਲਹਿਰਾਂ ਦੇ ਪ੍ਰਭਾਵ ਤੋਂ ਸਿਖ ਧਰਮ ਨੂੰ ਬਚਾਉਣ ਲਈ ਹੋਂਦ ਵਿਚ ਆਈ ਸੀ ਦਾ ਮੁੱਖ ਪ੍ਰਯੋਜਨ ਹੀ ਉਨ੍ਹਾਂ ਧਰਮਾਂ ਦੇ ਟਾਕਰੇ ਵਿਚ ਸਿਖ ਧਰਮ ਦੀ ਸ਼੍ਰੇਸ਼ਟਤਾ ਸਿੱਧ ਕਰਨਾ ਸੀ । ਡਾ. ਗੁਰਚਰਨ ਸਿੰਘ ਅਨੁਸਾਰ :

> " ਭਾਈ ਸਾਹਿਬ ਨੇ ਆਪਣੀ ਰਚਨਾ ਵਿਚ ਸ਼ੁਰੂ ਵਿਚ ਇਕ ਹਿੰਦੂ ਅਬਲਾ ਵਿਧਵਾ ਦੀ ਵਾਰਤਾ ਰਾਹੀਂ ਇਹੋ ਦੱਸਿਆ ਹੈ ਕਿ ਈਸਾਈ, ਮੁਸਲਮਾਨ ਅਥਵਾ ਆਰੀਆ ਸਮਾਜ ਆਦਿ ਜੀਵਨ ਦੇ ਸਾਰੇ ਮਾਰਗਾਂ ਵਿਚ ਮੁਕਤੀ ਭੁਆਣ ਅਥਵਾ ਰੱਖਿਆ ਕਰਨ ਦੇ ਧਰਮੀ ਹੋਣਾਂ ਕੇਵਲ ਉਸ ਨੂੰ ਟੁੱਟਣ ਅਤੇ ਸਵਾਰਥ ਸਿੱਧੀ ਦੇ ਰੂਪ ਵਿਚ ਵਰਤਿਆ ਜਾਂਦਾ ਹੈ । ਉਸ ਦੇ ਵਿਅਕਤਿਤਵ ਨੂੰ ਮੌਲਣ ਲਈ ਸੁਤੰਤਰ ਵਾਯੂ ਮੰਡਲ ਨਹੀਂ ਮਿਲ ਸਕਦਾ । ਇਹ ਸਯੋਗ ਤੇ ਮਾਹੌਲ ਭਾਈ ਵੀਰ ਸਿੰਘ ਅਨੁਸਾਰ ਕੇਵਲ ਸਿਖੀ ਦੇ ਮਾਰਗ ਵਿਚ ਮਿਲਦਾ ਹੈ । ਬਾਬਾ ਨੌਧ ਸਿੰਘ ਦੇ ਰੂਪ ਵਿਚ ਲੇਖਕ ਨੇ ਸਿਖ ਸ਼ਿਸ਼ਟਾਚਾਰ ਦਾ ਪ੍ਰਤੱਖ ਰੂਪ ਵਿਖਾਇਆ ਹੈ । ਆਰੀਆ ਮੁਸਲਮਗੀਰੀ ਤੇ ਈਸਾਈ ਪ੍ਰਚਾਰ ਮਤ ਨਾਲ ਸਿਧਾਂਤਕ ਬਹਿਸਾਂ ਕਰਕੇ ਸਿਖੀ ਵਾਲੇ ਮਾਰਗ ਨੂੰ ਉੱਤਮ ਦੱਸਿਆ ਹੈ ।"[1]

ਬਾਬਾ ਨੌਧ ਸਿੰਘ ਵਿਚ ਇਕ ਈਸਾਈ ਪ੍ਰਚਾਰਕ ਆਰੀਆ ਸਮਾਜੀ, ਬ੍ਰਹਮੋ ਸਮਾਜੀ, ਮੁਸਾਫਿਰ ਦੀ ਚਰਚਾ ਹੁੰਦੀ ਹੈ । ਬਾਬਾ ਆਪਣੇ ਸੁਭਾ ਅਤੇ ਮਿਸ਼ਨ ਅਨੁਸਾਰ ਸਿਖ ਧਰਮ ਦੇ ਅਸੂਲਾਂ ਨੂੰ ਪੇਸ਼ ਕਰਦਾ ਹੈ ਅਤੇ ਸਿਖ ਵਿਚਾਰਧਾਰਾ ਦੀ ਵਿਆਖਿਆ ਕਰਦਾ ਹੈ ।

---

1. ਭਾਈ ਵੀਰ ਸਿੰਘ ਰਚਨਾਵਲੀ; ਭਾਸ਼ਾ ਵਿਭਾਗ; ਪੰਜਾਬ; ਭੂਮਿਕਾ, ਪੰਨਾ 12 - 13

ਭਾਈ ਸਾਹਿਬ ਦੀ ਇਹ ਰਚਨਾ ਆਰੀਆ ਸਮਾਜ ਦੇ ਪ੍ਰਤੀਕਰਮ ਵਜੋਂ ਸਿਖ ਸਭਾ ਲਹਿਰ ਦੇ ਪ੍ਰਭਾਵ ਅਧੀਨ ਉਪਜੀ ।

ਇਸੇ ਤਰ੍ਹਾਂ ਪ੍ਰੋ. ਪੂਰਨ ਸਿਖ ਦਾ ਬੋਧੀ, ਸੰਨਿਆਸੀ ਪ੍ਰਭਾਵ ਕਬੂਲਣ ਤੋਂ ਬਾਦ ਦੁਬਾਰਾ ਸਿਖ ਬਣ ਜਾਣਾ ਵੀ ਆਰੀਆ ਸਮਾਜ ਦਾ ਪ੍ਰਤੀਕਰਮ ਤੇ ਸਿਖ ਸਭਾ ਲਹਿਰ ਦਾ ਸਿੱਟਾ ਆਖਿਆ ਜਾ ਸਕਦਾ ਹੈ । ਫਿਰ ਉਸ ਵੇਲੇ ਸਮੇਂ ਦੀ ਮੰਗ ਵੀ ਇਹੋ ਹੀ ਸੀ ਕਿ ਆਪਣੇ ਧਰਮ ਤੋਂ ਬੇਮੁੱਖ ਹੋਏ ਸਿੱਖਾਂ ਨੂੰ ਸਿਖ ਧਰਮ ਵਿਚ ਮੁੜ ਵਾਪਿਸ ਲਿਆਉਣਾ । ਜਿਸ ਦਾ ਸਿੱਟਾ ਭਾਈ ਸਾਹਿਬ ਵਰਗੇ ਲੇਖਕਾਂ ਦੁਆਰਾ ਰਚੀਆਂ ਜਾਂਦੀਆਂ ਸਾਹਿਤਕ ਰਚਨਾਵਾਂ ਮੁੱਖ ਸਨ ।

ਇਨ੍ਹਾਂ ਲਹਿਰਾਂ ਦਾ ਹੀ ਪ੍ਰਭਾਵ ਸੀ ਕਿ ਭਾਈ ਵੀਰ ਸਿਖ ਨੇ " ਸੁੰਦਰੀ " " ਬਿਜੈ ਸਿਖ " " ਸਤਵੰਤ ਕੌਰ " ਤੇ " ਬਾਬਾ ਨੌਧ ਸਿਖ", ਜਿਹੀਆਂ ਕ੍ਰਿਤਾਂ ਦੀ ਰਚਨਾ ਕੀਤੀ ।

ਭਾਈ ਸਾਹਿਬ ਸਵੀਕਾਰ ਕਰਦੇ ਹਨ ਕਿ ।

> " ਖਾਲਸਾ ਜੀ ਕਿਆ ਆਪਦੇ ਹਿਰਦੇ ਵਿਚ ਆਪਣੇ ਵੱਡਿਆਂ ਦੀ ਇਸ ਨਿਡਰ ਬਹਾਦਰੀ ਅਤੇ ਨਿਭਦੇ ਵੱਲ ਵੇਖ ਕੇ ਕੁਝ ਪ੍ਰੇਮ ਨਹੀਂ ਪੈਦਾ ਹੁੰਦਾ ? ਕਿਆ ਬੇਪ੍ਰਵਾਹੀ ਜਿੰਦੜਾਂ ਨਾਲ ਭਰੀ ਹੋਈ ਵੱਡਿਆਂ ਦੇ ਖੂਨ ਦਾ ਕੁਝ ਪਾਣ ਕੇ ਸੈਂਖਾਂ ਦੀ ਪ੍ਰਵਾਹ ਨਹੀਂ ਕਰਦਾ ? ਵੇਖੋ, ਇਹ ਬਹਾਦਰ ਜੋ ਕਿ ਧੀਰਜ ਤੇ ਨਿਭਦੇ ਨਾਲ ਜੁੜੇ ਹੋਏ ਪਤਿਬ੍ਰਤਾ ਇਸਤਰੀ ਵਾਂਗੂ ਮੌਤ ਨਾਲ ਸਤੀ ਹੋਣ ਲਈ ਤਿਆਰ ਹਨ, ਕੈਸੇ ਪੱਕੇ ਸਿਖ ਹਨ । ਇਨ੍ਹਾਂ ਦਾ ਇਸ ਬਹਾਦਰੀ ਨਾਲ ਸਿਰ ਦੇ ਦੇਣਾ ਬਾਕੀ ਦੇ ਸਾਰੇ ਪੰਥ ਲਈ ਹੌਸਲੇ ਦਾ ਕਾਰਣ ਹੁੰਦਾ ਸੀ ਅਤੇ ਸਾਰੇ ਜਿਉਂਦੇ ਭਰਾਵਾਂ ਦੇ ਹੌਸਲੇ ਨੂੰ ਪੱਕਿਆਂ ਕਰਕੇ ਧਰਮ ਹਿਤ ਸਿਰ ਦੇਣ ਵਾਲੇ ਵਧੀਕ ਤਿਆਰ ਕਰਦਾ ਸੀ । ਇਨ੍ਹਾਂ ਕਦੀ ਪਿਠ ਨਾ ਦੇਣ ਵਾਲੇ ਹਠੀਆਂ ਦੇ ਜੋਸ਼ ਨੇ ਭਾਰਤ ਵਰਸ਼ ਨੂੰ ਮੁਗਲਾਂ ਦੇ ਘੋਤਲੇ ਜ਼ੁਲਮੀ ਰਾਜ ਤੋਂ ਛੁਡਾਇਆ । ਧੰਨ ਸਨ ਇਹ ਸਿੰਘ ਬਹਾਦਰ ਸਤਾਏ ਜਾਂਦੇ ਪਰ ਜੋਰ ਕਰਦੇ ਹੁੰਦੇ ਸਨ, ਵਢੀਂਦੇ ਸਨ ਅਤੇ ਹੋਰ ਵਧਦੇ ਸਨ । ਮੁਕਾਏ ਜਾਂਦੇ ਸਨ ਅਤੇ ਹੋਰ ਅਮੁਕ ਹੁੰਦੇ ਸਨ, ਮੌਤ ਇਨ੍ਹਾਂ ਪਰ ਅੰਮ੍ਰਿਤ ਦਾ ਅਸਰ ਕਰਦੀ ਸੀ, ਤਲਵਾਰ ਦੀ ਆਬਦਾਰ ਧਾਰ ਪੁਰ ਖੇਡਣਾ ਇਨ੍ਹਾਂ ਲਈ ਆਨੰਦ ਦਾ ਪੀਣਾ ਹੁੰਦਾ ਸੀ । ਜਿਉਂ ਜਿਉਂ ਘਟਾਏ ਤੇ

ਭੁਖਾਏ ਜਾਂਦੇ ਸਨ, ਆਤਮ ਵਿਦਿਆ ਦੇ ਕਥਨ ਮੁਜਬ ਮੌਤ ਇਨ੍ਹਾਂ ਲਈ ਨਵਾਂ ਰਾਹ ਹੁੰਦਾ ਸੀ।"[1]

ਭਾਈ ਸਾਹਿਬ ਨੇ ਧਾਰਮਿਕ ਆਸ਼ੇ ਤੇ ਉਦੇਸ਼ ਨੂੰ ਮੁੱਖ ਰੱਖ ਕੇ ਆਪਣੇ ਪਾਠਕਾਂ ਨੂੰ ਧਰਮ ਸੰਬੰਧੀ ਚਿਤਾਵਨੀ ਦੇਣ ਦੀ ਲੋੜ ਮਹਿਸੂਸ ਕੀਤੀ।

ਸਿੰਘ ਸਭਾ ਲਹਿਰ ਦੇ ਹੀ ਪ੍ਰਭਾਵ ਵਜੋਂ ਜਿਥੇ ਭਾਈ ਵੀਰ ਨੇ ਸਿਰਫ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਹੀ ਜਾਂ ਗੁਰੂ ਨਾਨਕ ਤੋਂ ਸ਼ੁਰੂ ਹੋਈ ਪਰੰਪਰਾ ਨੂੰ ਹੀ ਆਪਣੇ ਪ੍ਰਚਾਰ ਦਾ ਵਿਸ਼ਾ ਬਣਾਇਆ ਉਥੇ ਪ੍ਰੋ. ਪੂਰਨ ਸਿੰਘ ਨੇ ਭਾਰਤੀ ਅਧਿਆਤਮਕਤਾ ਦੀ ਪਹਿਲਾਂ ਤੋਂ ਚਲੀ ਆ ਰਹੀ ਲੜੀ ਨੂੰ ਇਨ੍ਹਾਂ ਲਹਿਰਾਂ ਦੇ ਪ੍ਰਚਾਰ ਕਾਰਨ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ।

ਇਸੇ ਤਰ੍ਹਾਂ ਜਦੋਂ ਆਪ ਦਾ ਸੰਪਰਕ ਭਾਈ ਵੀਰ ਸਿੰਘ ਨਾਲ ਹੋਇਆ ਤਾਂ ਵੀ ਆਪ ਇਕ ਦਮ ਪ੍ਰੇਰੇ ਗਏ। ਆਪ ਨੇ ਇਨ੍ਹਾਂ ਦੀ ਸ਼ਖਸੀਅਤ ਦਾ ਇੰਨਾ ਜ਼ਿਆਦਾ ਪ੍ਰਭਾਵ ਹੋਇਆ ਕਿ ਆਪ ਆਪਣੇ ਆਪ ਨੂੰ ਆਪਣੇ ਧਰਮ ਦੇ ਰਾਹ ਤੋਂ ਭਟਕੇ ਹੋਏ ਮਹਿਸੂਸ ਕਰਨ ਲੱਗੇ ਤੇ ਮੁੜ ਇਸ ਰਾਹ ਦੀ ਸੋਝੀ ਹੋਣ ਨੂੰ ਗੁਰੂ ਦੀ ਮਿਹਰ ਹੋਈ ਦੱਸਦੇ ਹਨ। ਆਪ ਅਨੁਸਾਰ, "ਮੈਂ ਬਖਸ਼ਿਸ਼ਾਂ ਕੀਆਂ, ਗੁਰੂ ਦੇ ਦੇਸ਼, ਸਿਖੀ ਸਿਦਕ ਤੇ ਗੁਰੂ ਦੇ ਚਰਨਾਂ ਦਾ ਪਿਆਰ ਮੁੜ ਮਿਲਿਆ।"[2]

ਇਹੋ ਉਹ ਪਿਠ ਭੂਮੀ ਸੀ ਜਿਸ ਤੋਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰਭਾਵ ਗ੍ਰਹਿਣ ਕਰਕੇ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ, ਦੋਵਾਂ ਨੂੰ, ਆਪਣੀ ਸਾਹਿਤ ਰਚਨਾ ਲਈ ਉਦੇਸ਼ ਦਾ ਨਿਰਧਾਰਨ ਕੀਤਾ ਤੇ ਆਪਣੀ ਪ੍ਰਤਿਭਾ ਲਈ ਇਕ ਰਾਹ ਨਿਸ਼ਚਿਤ ਕੀਤਾ।

---

1. ਭਾਈ ਵੀਰ ਸਿੰਘ; ਬਿਜੈ ਸਿੰਘ; ਪੰਨਾ 92
2. ਮਹਿੰਦਰ ਸਿੰਘ ਰੰਧਾਵਾ; ਪੂਰਨ ਸਿੰਘ ਦੀ ਵਾਰਤਕ; ਪੰਨਾ 14

PUNJAB UNIVERSITY LIBRARY
540786

## ਅਧਿਆਇ ਦੂਜਾ :

### ਪ੍ਰਵਿਰਤੀਮੂਲਕ ਅਧਿਐਨ

1. ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਕਾਵਿਕ ਰਚਨਾਵਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ ।

   (ੳ) ਅਧਿਆਤਮਵਾਦ

   (ਅ) ਰਹੱਸਵਾਦ

   (ੲ) ਰੋਮਾਂਸਵਾਦ

   (ਸ) ਸਮਾਜਵਾਦ

   (ਹ) ਆਦਰਸ਼ਵਾਦ

   (ਕ) ਮਾਨਵਤਾਵਾਦ

2. ਸਮਾਨਤਾਵਾਂ ਤੇ ਵੱਖਰਤਾਵਾਂ

**ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ :**

ਆਧੁਨਿਕ ਪੰਜਾਬੀ ਵਾਰਤਕ ਦਾ ਜਨਮ ਪੰਜਾਬੀ ਸਾਹਿਤ ਦੀ ਪਰੰਪਰਾ ਉਤੇ ਪੱਛਮੀ ਸਭਿਆਚਾਰ ਅਤੇ ਉਨ੍ਹੀਵੀਂ ਸਦੀ ਦੇ ਯੂਰਪੀਅਨ ਸਾਹਿਤ ਰੁਝਾਨਾਂ ਪਏ ਪ੍ਰਭਾਵ ਦੇ ਸਿੱਟੇ ਵਜੋਂ ਹੋਇਆ। ਆਧੁਨਿਕ ਚੇਤਨਾ ਆਮ ਤੌਰ ਤੇ ਵਰਤਮਾਨ ਅਤੇ ਅਤੀਤ ਦੀ ਟੱਕਰ ਵਿਚੋਂ ਪੈਦਾ ਹੋਇਆ ਕਰਦੀ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਰਤ ਵਿਚ ਆਧੁਨਿਕ ਚੇਤਨਾ ਦਾ ਮੁੱਢ ਬਰਤਾਨਵੀ ਸਾਮਰਾਜ ਦੀ ਸਥਾਪਨਾ ਨਾਲ ਆਰੰਭ ਹੋਇਆ। ਪੰਜਾਬ ਵਿਚ ਇਹ ਪ੍ਰਭਾਵ ਭਾਵੇਂ ਅੱਧੀ ਸਦੀ ਦੇ ਕਰੀਬ ਪਿਛੜ ਕੇ ਹੋਇਆ ਪਰ ਇਸ ਨੇ ਆਉਂਦਿਆਂ ਹੀ ਪੰਜਾਬ ਦਾ ਸਮੁੱਚਾ ਭਾਈਚਾਰਕ, ਸਮਾਜਿਕ ਅਤੇ ਆਰਥਿਕ ਢਾਂਚਾ ਹਲੂਣਿਆ ਗਿਆ।

ਪੱਛਮੀ ਸਭਿਆਚਾਰ ਦੇ ਇਸ ਪ੍ਰਭਾਵ ਕਾਰਨ ਹੀ ਤਕਰੀਬਨ ਤਕਰੀਬਨ ਸਾਰੇ ਲੇਖਕ ਆਪਣੇ ਆਪ ਨੂੰ ਆਧੁਨਿਕ ਪ੍ਰਵਿਰਤੀ ਦੇ ਨਾਇਕ ਸਿੱਧ ਕਰਨ ਦਾ ਯਤਨ ਆਪਣੀਆਂ ਰਚਨਾਵਾਂ ਵਿਚ ਕਰਨ ਲੱਗੇ।

ਜਦੋਂ ਕਿਸੇ ਭਾਸ਼ਾ ਦਾ ਸਮਾਜ ਨਵੀਨ ਕਦਰਾਂ ਕੀਮਤਾਂ ਦਾ ਧਾਰਨੀ ਹੁੰਦਾ ਹੈ ਤਾਂ ਉਸਦੇ ਆਰੰਭ ਵਿਚ ਉਸ ਦੇ ਸਾਹਿਤਕਾਰ ਨਵੀਨ - ਪ੍ਰਾਪਤ ਦ੍ਰਿਸ਼ਟੀ ਅਧੀਨ ਪਹਿਲਾਂ ਆਪਣੇ ਵਿਰਸੇ ਦਾ ਪੁਨਰ - ਮੁਲਾਂਕਣ ਕਰਨ ਵੱਲ ਰੁਚਿਤ ਹੁੰਦੇ ਹਨ। ਆਧੁਨਿਕ ਕਾਲ ਦੇ ਸਾਹਿਤ ਵਿਚ ਵੀ ਧਾਰਮਿਕ ਅਤੇ ਸਭਿਆਚਾਰਕ ਵਿਰਸੇ ਦੇ ਪੁਨਰ ਮੁਲਾਂਕਣ ਦੀ ਪ੍ਰਵਿਰਤੀ, ਪਹਿਲੀ ਤੇ ਪ੍ਰਮੁੱਖ ਪ੍ਰਵਿਰਤੀ ਹੈ।

ਪੱਛਮੀ ਸਭਿਆਚਾਰ ਨਾਲ ਸਾਡਾ ਸੰਪਰਕ ਦੇਸ਼ ਉਤੇ ਪੱਛਮੀ ਲੋਕਾਂ ਦੇ ਰਾਜ ਦੀ ਸਥਾਪਤੀ ਨਾਲ ਹੋਇਆ। ਜਿਸ ਦੇ ਕਈ ਸਿੱਟੇ ਨਿਕਲੇ। ਇਕ ਤਾਂ ਇਹ ਕਿ ਪੱਛਮੀ ਸਾਮਰਾਜ ਦਾ ਹਿਤ ਇਸ ਗੱਲ ਵਿਚ ਸੀ ਕਿ ਦੇਸ਼ ਦੇ ਰਾਜਸੀ ਤੇ ਆਰਥਿਕ ਢਾਂਚੇ ਨੂੰ ਪ੍ਰਬੰਧ ਸੰਬੰਧੀ ਲੋੜਾਂ ਅਤੇ ਰਾਜ ਕਰਦੇ ਦੇਸ਼ ਦੇ ਆਰਥਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਦੀ ਵੱਲ ਤੋਰ ਬਦਲਿਆ ਜਾਵੇ ਤੇ ਬਾਕੀ ਸੰਸਾਰ ਵਿਚ ਹੋਈ ਤਬਦੀਲੀ ਨਾ ਲਿਆਂਦੀ ਜਾਵੇ। ਪਰਿਣਾਮ ਵਜੋਂ ਦੇਸ਼ ਵਿਚ ਇਕ ਨਿਰਬਲ ਤੇ ਸੀਮਤ ਜਿਹੇ ਖੇਤਰ ਤੇ ਥੋੜ੍ਹਾਂ ਵਾਲੀ ਮੱਧ - ਸ਼੍ਰੇਣੀ ਹੀ ਉਪਜ ਸਕੀ, ਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਇਸੇ ਸ਼੍ਰੇਣੀ ਤੱਕ ਮਹਿਦੂਦ ਰਿਹਾ, ਆਮ ਜਨਤਾ ਇਸ ਦੇ ਖੇਤਰ ਤੋਂ ਬਾਹਰ ਹੀ ਰਹੀ।

ਦੂਜੇ ਪਾਸੇ ਇਸ ਸੰਪਰਕ ਨੇ ਜਿਥੇ ਵਿਗਿਆਨ ਦੀ ਨਵੀਂ ਰੋਸ਼ਨੀ ਨਾਲ ਇਸ ਸੰਧ-ਖੇਤਰ ਦੀ ਸਾਂਝ ਮੁਕਾਈ ਉਥੇ ਇਸ ਖੇਤਰ ਵਿਚ ਆਪਣੇ ਸਭਿਆਚਾਰਕ ਵਿਰਸੇ ਵਿਚੋਂ ਪੱਛਮੀ ਸਭਿਆਚਾਰ ਦੇ ਟਾਕਰੇ ਦੀ ਚਣੌਤੀ ਲੋੜ ਦੀ ਸੂਝ ਤਿਖੀ ਕੀਤੀ ਜਿਹੜੀ ਬ੍ਰਹਮੋ ਸਮਾਜ, [illegible] ਲਹਿਰ, ਆਰੀਆ ਸਮਾਜ ਤੇ ਸਿੰਘ ਸਭਾ ਲਹਿਰਾਂ ਦੇ ਰੂਪ ਵਿਚ ਪ੍ਰਗਟ ਹੋਈ।

ਉਪਰੋਕਤ ਵਿਚਾਰ ਦੀ ਰੋਸ਼ਨੀ ਵਿਚ ਪੱਛਮੀ ਸਭਿਆਚਾਰ ਦਾ ਸਾਡੇ ਸਭਿਆਚਾਰ ਦੇ ਕਈ ਪੱਖਾਂ ਉਤੇ ਪ੍ਰਭਾਵ ਪਿਆ ਜਿਸ ਨਾਲ ਸਾਡੇ ਸਾਹਿਤ ਅਤੇ ਕਲਾ ਵਿਚ ਕਈ ਨਵੀਆਂ ਰੌਂਆਂ ਨੇ ਪ੍ਰਵੇਸ਼ ਕੀਤਾ। ਇਨ੍ਹਾਂ ਨਵੀਨਤਾਵਾਂ ਨੂੰ ਪੱਛਮੀ ਸਾਹਿਤ ਤੇ ਸਭਿਆਚਾਰ ਨਾਲੋਂ ਅਲੱਗ ਕਰਕੇ ਨਹੀਂ ਸਗੋਂ ਉਨ੍ਹਾਂ ਨੂੰ ਅਪਣੇ ਆਪਣੇ ਵਿਸ਼ੇਸ਼ ਸਮਾਜਿਕ ਪ੍ਰਸੰਗ ਵਿਚ ਰੱਖ ਕੇ ਵੇਖਣਾ ਚਾਹੀਦਾ ਹੈ। ਕੇਵਲ ਇਸ ਢੰਗ ਨਾਲ ਵੇਖ ਕੇ ਹੀ ਅਸੀਂ ਉਸ ਸਾਹਿਤ ਦਾ, ਜਿਸ ਨੂੰ ਆਧੁਨਿਕ ਪੰਜਾਬੀ ਸਾਹਿਤ ਵਿਚ ਨਵੀਨ ਪ੍ਰਵਿਰਤੀਆਂ ਦਾ ਸਾਹਿਤ ਕਿਹਾ ਜਾਂਦਾ ਹੈ, ਠੀਕ ਤਰ੍ਹਾਂ ਵਿਸ਼ਲੇਸ਼ਣ ਕਰਕੇ ਕਹਿ ਸਕਾਂਗੇ ਕਿ ਇਸ ਨੇ ਕਿਸ ਹੱਦ ਤੀਕ ਅਤੇ ਕਿਹੜੇ ਕਿਹੜੇ ਆਧੁਨਿਕ ਸੰਕਲਪ ਗ੍ਰਹਿਣ ਕੀਤੇ।

ਪੰਜਾਬ ਦੇ ਭਾਈਚਾਰਕ ਜੀਵਨ ਉਤੇ ਇਹ ਪ੍ਰਭਾਵ ਭਾਰਤ ਦੀਆਂ ਹੋਰ ਕੌਮਾਂ ਦੇ ਮੁਕਾਬਲੇ ਵਿਚ ਵੀਹਵੀਂ ਸਦੀ ਦੇ ਕਰੀਬ ਪੱਕਾ ਹੋ ਕੇ ਪੈਣਾ ਸ਼ੁਰੂ ਹੋਇਆ। ਅੰਗਰੇਜ਼ੀ ਅਨੁਵਾਦ ਦੇ ਰੂਪ ਵਿਚ ਮਿਲਦੀਆਂ ਯੂਰਪੀ ਸਾਹਿਤ ਦੀਆਂ ਉੱਤਮ ਪੁਸਤਕਾਂ ਦੇ ਸਿੱਧੇ ਪ੍ਰਭਾਵ ਦੀ ਥਾਂ ਇਹ ਪ੍ਰਭਾਵ ਉਰਦੂ ਅਤੇ ਹਿੰਦੀ ਵਿਚ ਪ੍ਰਾਪਤ ਹੋ ਚੁੱਕੇ ਇਨ੍ਹਾਂ ਦੇ ਅਨੁਵਾਦਾਂ ਦੇ ਰਾਹੀਂ ਪੰਜਾਬੀ ਸਾਹਿਤ ਤੱਕ ਪਹੁੰਚਿਆ। ਇਹ ਰੁਚੀਆਂ ਜੋ ਇਸ ਸਮੇਂ ਦੇ ਅੰਗਰੇਜ਼ੀ ਅਤੇ ਯੂਰਪੀ ਸਾਹਿਤ ਦੇ ਵਿਸ਼ੇਸ਼ ਲੱਛਣਾਂ ਦਾ ਆਧਾਰ ਬਣੀਆਂ ਕ੍ਰਮਵਾਰ ਲੋਕ ਰਾਜੀ ਕੀਮਤਾਂ ਅਤੇ ਰੋਮਾਂਟਿਕ ਪ੍ਰਵਿਰਤੀ ਦੇ ਵਿਚਾਰਾਂ ਅਤੇ ਯਥਾਰਥਵਾਦ ਦੇ ਸਾਹਿਤਕ ਝੁਕਾਵਾਂ ਦੀਆਂ ਪ੍ਰੇਰਿਤ ਸਨ। ਯੂਰਪ ਦੇ ਸਾਹਿਤ ਦੀਆਂ ਜੋ ਰਚਨਾਵਾਂ ਪੰਜਾਬੀਆਂ ਕੋਲ ਪਹੁੰਚੀਆਂ ਉਨ੍ਹਾਂ ਦੁਆਰਾ ਪੰਜਾਬੀ ਦਾ ਸੰਪਰਕ ਪੱਛਮੀ ਚਿੰਤਨ ਅਤੇ ਸਾਹਿਤ ਨਾਲ ਸਥਾਪਿਤ ਹੋਇਆ। ਜਿਸ ਨੇ ਉਨ੍ਹਾਂ ਨੂੰ ਨਵੇਂ ਵਿਚਾਰਾਂ ਵੱਲ ਪ੍ਰੇਰਿਤ ਕੀਤਾ। ਸਾਹਿਤਕ ਰਚਨਾਵਾਂ ਵਿਚ ਨਵੀਨ ਪ੍ਰਵਿਰਤੀਆਂ ਦੇ ਪ੍ਰਵੇਸ਼ ਬਾਰੇ ਪ੍ਰੋ. ਪਿਆਰਾ ਸਿੰਘ ਲਿਖਦਾ ਹੈ:

> "ਹਰ ਭਾਸ਼ਾ ਦੇ ਸਾਹਿਤ ਵਿਚ ਜਿਹੜੀਆਂ ਨਵੀਨ ਪ੍ਰਵਿਰਤੀਆਂ ਨਜ਼ਰ ਆਉਂਦੀਆਂ ਹਨ ਉਨ੍ਹਾਂ ਦਾ ਆਧਾਰ ਉਸ ਭਾਸ਼ਾ ਦੇ ਲੋਕਾਂ ਦਾ ਸਭਿਆਚਾਰਕ ਵਿਕਾਸ ਅਤੇ ਨਵੀਨ ਚੇਤਨਾ ਅਧੀਨ ਆਈਆਂ ਪਦਾਰਥਕ ਤੇ ਬੌਧਿਕ ਤਬਦੀਲੀਆਂ ਹੁੰਦੀਆਂ ਹਨ। ਇਨ੍ਹਾਂ ਤਬਦੀਲੀਆਂ ਅਧੀਨ ਹੀ ਸਾਹਿਤ ਵਿਚ ਨਵੀਨ ਪ੍ਰਵਿਰਤੀਆਂ ਪ੍ਰਵੇਸ਼ ਹੁੰਦੀਆਂ ਹਨ।"[1]

---

1. ਪ੍ਰੋ. ਪਿਆਰਾ ਸਿੰਘ; ਪੰਜਾਬੀ [illegible] ਸਿਧਾਂਤ; ਇਤਿਹਾਸ ਤੇ ਪ੍ਰਵਿਰਤੀਆਂ; ਪੰਨਾ 51

ਵੀਹਵੀਂ ਸਦੀ ਦੇ ਆਰੰਭ ਤੱਕ ਪੰਜਾਬੀ ਵਾਰਤਕ ਵਿਚ ਵੀ ਇਹ ਰੁਚਾਂ ਕਾਫੀ ਉਘੜਵੇਂ ਰੂਪ ਵਿਚ ਪ੍ਰਗਟ ਹੋਣ ਲੱਗ ਪਏ ਸਨ । ਇਹ ਰੁਚੀਆਂ ਉਸ ਪਦਾਰਥਵਾਦ ਦੇ ਮਾਧਿਅਮ ਦੇ ਤੌਰ ਤੇ ਪ੍ਰਗਟ ਹੋਈਆਂ ਜੋ ਪੱਛਮੀ ਸਾਹਿਤ ਅਤੇ ਕਲਾ ਵਿਚ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪ੍ਰਕਿਰਤਕ ਵਿਗਿਆਨ ਅਤੇ ਪ੍ਰਗਤੀਸ਼ੀਲ ਸਮਾਜਿਕ ਚਿੰਤਨ ਦੇ ਫਲਸਰੂਪ ਪੈਦਾ ਹੋਈਆਂ । ਇਹ ਰੁਚੀਆਂ ਆਪਣੇ ਅੰਦਰ ਇਕ ਨਵੀਂ ਵਿਚਾਰ ਪ੍ਰਣਾਲੀ ਦੇ ਸੂਖਮ ਪ੍ਰਭਾਵ ਲਈ ਬੈਠੀਆਂ ਸਨ । ਇਨ੍ਹਾਂ ਨੇ ਪੰਜਾਬੀ ਵਾਰਤਕ ਦੇ ਚਿੰਤਨ ਅਤੇ ਸਿਰਜਨ ਵਿਚ ਆਧੁਨਿਕਤਾ ਦਾ ਰੰਗ ਭਰਿਆ ਜਿਸ ਨਾਲ ਪੰਜਾਬੀ ਵਾਰਤਕ ਵਿਚ ਨਵੀਨ ਪ੍ਰਵਿਰਤੀਆਂ ਨੇ ਪ੍ਰਵੇਸ਼ ਕੀਤਾ ।

ਇਸ ਤਰ੍ਹਾਂ ਪੱਛਮੀ ਸਾਹਿਤ ਨੇ ਆਧੁਨਿਕ ਪੰਜਾਬੀ ਵਾਰਤਕ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿਚ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ । ਜੇ ਇਸ ਤਰ੍ਹਾਂ ਕਹਿ ਦਿੱਤਾ ਜਾਵੇ ਕਿ ਆਧੁਨਿਕ ਪੰਜਾਬੀ ਵਾਰਤਕ ਦੀ ਨੁਹਾਰ ਹੀ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਉਘੜੀ ਤਾਂ ਅਯੋਗ ਨਹੀਂ ਹੋਵੇਗਾ । ਆਧੁਨਿਕ ਪੰਜਾਬੀ ਵਾਰਤਕ ਨੇ ਬਹੁਤ ਹੱਦ ਤੀਕ ਆਪਣਾ ਪਿੰਡਾ ਤੇ ਨੁਹਾਰ ਪੱਛਮੀ ਸਾਹਿਤ ਦੇ ਪ੍ਰਭਾਵ ਥੱਲੇ ਬਣਾਈ । ਇਸ ਲਈ ਸੁਭਾਵਿਕ ਸੀ ਕਿ ਪੱਛਮੀ ਵਾਰਤਕ ਵਿਚ ਆਈਆਂ ਨਵੀਨ - ਪ੍ਰਵਿਰਤੀਆਂ ਆਧੁਨਿਕ ਪੰਜਾਬੀ ਵਾਰਤਕ ਵਿਚ ਉਜਾਗਰ ਹੁੰਦੀਆਂ । ਇਸ ਪ੍ਰਕਾਰ ਇਸ ਰੁਚੀ ਨੇ ਪੰਜਾਬੀ ਵਾਰਤਕ ਦੇ ਚਿੰਤਨ ਅਤੇ ਸਿਰਜਨ ਵਿਚ ਆਧੁਨਿਕਤਾ ਦਾ ਰੰਗ ਭਰਿਆ, ਜਿਸ ਨਾਲ ਪੰਜਾਬੀ ਵਾਰਤਕ ਵਿਚ ਨਵੀਨ ਪ੍ਰਵਿਰਤੀਆਂ ਨੇ ਪ੍ਰਵੇਸ਼ ਕੀਤਾ ।

ਪੱਛਮੀ ਵਾਰਤਕ ਦੇ ਪ੍ਰਭਾਵ ਸਦਕਾ ਆਧੁਨਿਕ ਪੰਜਾਬੀ ਵਾਰਤਕ ਵਿਚ ਨਵੀਨ ਪ੍ਰਵਿਰਤੀਆਂ ਦਾ ਭਲੀ ਭਾਂਤ ਪ੍ਰਕਾਸ਼ ਵੀਹਵੀਂ ਸਦੀ ਦੇ ਵਾਰਤਕ ਲਿਖਾਰੀਆਂ ਤੇ ਪ੍ਰਤੱਖ ਦੇਖਿਆ ਜਾ ਸਕਦਾ ਹੈ , ਜਿਨ੍ਹਾਂ ਵਿਚੋਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਪ੍ਰਮੁੱਖ ਹਨ । ਹੁਣ ਅਸੀਂ ਇਨ੍ਹਾਂ ਭਾਵ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਵਿਚ ਪ੍ਰਵੇਸ਼ ਕੀਤੀਆਂ ਨਵੀਨ ਪ੍ਰਵਿਰਤੀਆਂ ਦਾ ਵਰਨਣ ਕਰਦੇ ਹਾਂ ।

## (ੳ) ਅਧਿਆਤਮਵਾਦ :

ਅਧਿਆਤਮਵਾਦ ਦੀ ਰੁਚੀ ਤਾਂ ਭਾਰਤੀ ਦਰਸ਼ਨ ਦੇ ਸਾਰੇ ਸਾਹਿਤ ਵਿਚ ਹੀ ਸਮਾਈ ਹੋਈ ਹੈ । ਜੇ ਇਸ ਤਰ੍ਹਾਂ ਕਹਿ ਦਿੱਤਾ ਜਾਏ ਕਿ ਆਧੁਨਿਕ ਸਾਹਿਤ ਦੀ ਪ੍ਰਵਿਰਤੀ ਤੋਂ ਵੀ ਪਹਿਲਾਂ ਪੰਜਾਬੀ ਕੀ ਭਾਰਤ ਦੇ ਸਮੁੱਚੇ ਸਾਹਿਤ ਵਿਚ ਅਧਿਆਤਮਵਾਦ ਦੀ ਪ੍ਰਵਿਰਤੀ ਵਿਦਮਾਨ ਹੈ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ । ਭਾਰਤ ਦਾ ਪੁਰਾਣਾ ਫਲਸਫਾ ਭਾਵੇਂ ਉਹ ਚਿਰਵੇਦ, ਵੇਦਾਂਤੀ, ਬੋਧੀ

ਜਾਂ ਹੋਰ ਗੁਰੂਆਂ ਦੁਆਰਾ ਰਚਿਆ ਗਿਆ ਸਾਹਿਤ ਹੈ ਜਿਸ ਵਿਚ ਅਧਿਆਤਮਵਾਦ ਦੀ ਰੁਚੀ ਪ੍ਰਮੁੱਖ ਹੈ ।

ਭਾਰਤ ਦਾ ਤਾਂ ਸਾਰਾ ਸਾਹਿਤ ਹੀ ਇਸ ਪ੍ਰਮਾਤਮਾ ਦੀ ਹੋਂਦ ਬਾਰੇ ਰਚਿਆ ਗਿਆ ਹੈ, ਜਿਸ ਦੀ ਮੁੱਖ ਸੁਰ ਅਧਿਆਤਮਕ ਹੈ ।

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪੱਛਮੀ ਸਾਹਿਤ ਦੇ ਪ੍ਰਭਾਵ ਕਾਰਨ ਵੱਖ ਵੱਖ ਪ੍ਰਵਿਰਤੀਆਂ ਨੇ ਪੰਜਾਬੀ ਵਾਰਤਕ ਸਾਹਿਤ ਵਿਚ ਪ੍ਰਵੇਸ਼ ਕੀਤਾ । ਇਸ ਵਿਚ ਅਧਿਆਤਮਵਾਦ ਦੀ ਪ੍ਰਵਿਰਤੀ ਵਿਚ ਜਿਥੇ ਪੱਛਮੀ ਸਾਹਿਤ ਦਾ ਪ੍ਰਭਾਵ ਨਜ਼ਰ ਆਉਂਦਾ ਹੈ, ਉਥੇ ਇਹ ਪ੍ਰਵਿਰਤੀ ਭਾਰਤੀ ਤੇ ਪੰਜਾਬੀ ਸਾਹਿਤ ਦੇ ਆਪਣੇ ਸਭਿਆਚਾਰਕ ਸੋਮੇ ਵਿਚ ਪਹਿਲਾਂ ਹੀ ਮੌਜੂਦ ਸੀ ।

ਅਧਿਆਤਮਵਾਦ ਇਕ ਅਜਿਹੀ ਪ੍ਰਵਿਰਤੀ ਹੈ ਜਿਸ ਦੁਆਰਾ ਰਮਜ਼ ਭਰੇ, ਅਗਿਆਤ ਅਤੇ ਸੂਖਮ ਤਜਰਬਿਆਂ ਦੀ ਭਾਵਕ ਵਿਆਖਿਆ ਕੀਤੀ ਜਾਂਦੀ ਹੈ । ਅਧਿਆਤਮਵਾਦ ਅਤੇ ਰਹੱਸਵਾਦ ਦਾ ਅਟੁੱਟਵਾਂ ਸੰਬੰਧ ਸਮਝਿਆ ਜਾਂਦਾ ਹੈ ।

ਪ੍ਰੋ. ਪਿਆਰਾ ਸਿੰਘ ਭੋਗਲ ਅਨੁਸਾਰ :

> " ਵਿਵਾਹ ਸੂਕਤ ਅਰਨਾਪੂਰਨ ਦੇ ਇਕ ਸੰਕੇਤ " ਅਧੀਭੌਮਿਆ " ਤੋਂ ਚਲਿਆ ਹੈ । " ਆਧੀਭੌਮਿਆ " ਤੋਂ " ਅਧੀਭੌਮਿਆਤਿਮ " ਸ਼ਬਦ ਚਲਿਆ । ਜਿਸ ਦਾ ਅਰਥ ਵਿਸ਼ਵਵਾਦ, ਵਿਆਪਕਵਾਦ ਅਤੇ ਆਦਰਸ਼ਵਾਦ ਕੀਤਾ ਗਿਆ ਹੈ ਭਾਰਤੀ ਸਾਹਿਤ ਇਸ ਦਾ ਅਰਥ ਅਧਿਆਤਮਵਾਦ ਕੀਤਾ ਗਿਆ ਹੈ ।" [1]

ਹਿੰਦੂ ਅਧਿਆਤਮਵਾਦ ਦੀ ਵਿਆਖਿਆ ਰਵਾਇਤੀ ਸੰਕੇਤਾਂ ਅਨੁਸਾਰ ਕਰਦਿਆਂ ਮਨੁੱਖ ਦੇ ਸੰਸਾਰ ਤੋਂ ਪਰ੍ਹਾਂ ਦੇ ਅਧਿਆਤਮਕ ਹੋਂਦ ਦੀ ਸਚਾਈ ਉਤੇ ਬਹੁਤ ਬਲ ਦੇਣ ਵਾਲੇ ਵਿਆਖਿਆਕਾਰ ਵੀ ਆਧੁਨਿਕ ਸਮੇਂ ਵਿਚ ਹੋਏ ਹਨ । ਸੁਆਮੀ ਵਿਵੇਕਾਨੰਦ, ਜਿਨ੍ਹਾਂ ਨੇ ਪੱਛਮੀ ਪਾਠਕਾਂ ਲਈ ਹਿੰਦੂ ਧਰਮ ਅਤੇ ਹਿੰਦੂ ਦਰਸ਼ਨ ਬਾਰੇ ਬਹੁਤ ਕੁਝ ਲਿਖਿਆ ਅਤੇ ਬੋਲਿਆ ਹੈ ਆਪਣੀ ਅੰਗਰੇਜ਼ੀ ਪੁਸਤਕ " ਐਸੈਨਸ਼ਿਅਲ ਇਨ ਹਿੰਦੂਇਜ਼ਮ " ਵਿਚ ਦਸਦੇ ਕਿ ਪ੍ਰਮਾਤਮਾ ਨੇ ਸੰਸਾਰ ਪੈਦਾ ਕੀਤਾ ਅਤੇ ਉਹ ਸਦਾ ਅਤੇ ਹਰ ਆਤਮਾ ਵਿਚ ਹੈ ਬਾਰੇ ਇਸ ਤਰ੍ਹਾਂ ਲਿਖਦਾ ਹੈ :

> " ਅਸੀਂ ਸਾਰੇ ਇਸ ਗੱਲ ਨਾਲ ਕਿ ਆਤਮਾਵਾਂ ਨਾ ਤਾਂ ਪੈਦਾ ਹੋ ਸਕਦੀਆਂ ਹਨ ਅਤੇ ਨਾ ਹੀ ਵਿਨਾਸ਼ ਅਤੇ ਨਾ ਹੀ ਸਾਰੀਆਂ ਸ਼ਕਤੀਆਂ,

---

1. ਪ੍ਰੋ. ਪਿਆਰਾ ਸਿੰਘ ਭੋਗਲ; ਸਾਹਿਤਕ ਨਿਬੰਧ; ਪੰਨਾ 45

ਅਸ਼ੀਰਵਾਦ, ਸ਼ੁਧਤਾਵਾਂ, ਸਰਬ - ਵਿਆਪਕਤਾ, ਸਰਬ - ਗਿਆਤਾ ਹਰ ਇਕ ਆਤਮਾ ਵਿਚ ਵਾਸ ਕਰਦੀ ਹੈ, ਨਾਲ ਅਸੀਂ ਸਹਿਮਤ ਹਾਂ । ਹਰ ਇਕ ਨਿਖਾਰੀ ਭਾਵੇਂ ਉਹ ਕਿੰਨ੍ਹਾਂ ਵੀ ਦੁਸ਼ਟ, ਮਹਾਨ ਜਾਂ ਛੋਟਾ ਕਿਉਂ ਨਾ ਹੋਵੇ, ਉਸ ਵਿਚ ਸਰਬ - ਵਿਆਪਕ ਅਤੇ ਸਰਬ - ਗਿਆਤਾ ਰੂਹ ਦਾ ਵਾਸ ਹੈ ।"[1]

ਅਧਿਆਤਮਵਾਦ ਨਿੱਜੀ ਗੁਣ ਹੈ, ਜੋ ਲੇਖਕ ਦੇ ਆਪਣੀ ਜ਼ਿੰਦਗੀ ਦੇ ਤਜਰਬੇ ਨਾਲ ਸੰਬੰਧਿਤ ਹੁੰਦਾ ਹੈ । ਭਾਈ ਸਾਹਿਬ ਵਿਚ ਅਧਿਆਤਮਵਾਦੀ ਰੁਚੀਆਂ ਕੁਝ ਵਧੇਰੇ ਹੀ ਪ੍ਰਧਾਨ ਹਨ, ਜਿਨ੍ਹਾਂ ਨੂੰ ਰਹੱਸਵਾਦ ਦੀ ਪਾਣ ਚੜ੍ਹੀ ਹੋਈ ਹੈ । ਅਧਿਆਤਮਵਾਦ ਉਨ੍ਹਾਂ ਦੇ ਸੁਭਾ ਵਿਚ ਵੱਡਾ ਗੁਣ ਹੈ ਅਤੇ ਭਾਈ ਸਾਹਿਬ ਦਾ ਅਧਿਆਤਮਵਾਦ ਵਧੇਰੇ ਗੁਰਮਤਿ ਸਿਧਾਂਤ ਤੇ ਹੀ ਆਧਾਰਿਤ ਹੈ । ਇਹੀ ਕਾਰਨ ਹੈ ਕਿ ਉਨ੍ਹਾਂ ਦਾ ਕੇਂਦਰਿਤ ਨਿਸ਼ਾਨਾ ਵਾਰਤਕ ਦੇ ਬਹੁਤੇ ਹਿੱਸੇ ਵਿਚ ਗੁਰਮਤਿ ਸਿਧਾਂਤ ਅਨੁਕੂਲ ਹੀ ਹੈ ।

ਨਿਰੋਲ ਅਧਿਆਤਮਵਾਦ ਜਾਂ ਰਹੱਸਵਾਦ ਤੇ ਅਧਿਆਤਮਵਾਦੀ ਬਿਰਤਾਂਤ ਵਿਚ ਫ਼ਰਕ ਹੈ । ਨਿਰੋਲ ਅਜਿਹੇ ਨਿੱਜੀ ਅਨੁਭਵਾਂ ਨੂੰ ਕਲਪਨਾ ਉਪਰੰਤ ਸਾਹਿਤ ਵਿਚ ਨਿਰੂਪਣ ਕਰਨਾ, ਅਜਿਹੇ ਅਨੁਭਵਾਂ ਦੇ ਆਧਾਰ ਤੇ ਕਿਸੇ ਕਹਾਣੀ ਨੂੰ ਕਵਿਤਾ ਵਿਚ ਢਾਲਣ ਨਾਲੋਂ ਬਹੁਤ ਕਠਿਨ ਹੈ । ਭਾਈ ਸਾਹਿਬ ਦੀਆਂ ਰਚਨਾਵਾਂ ਅਧਿਆਤਮਵਾਦ ਪੱਖੋਂ ਤਾਂ ਹੀ ਕਾਮਯਾਬ ਹਨ ਕਿ ਇਨ੍ਹਾਂ ਰਚਨਾਵਾਂ ਵਿਚ ਪਰਮਾਰਥਿਕ, ਰੋਮਾਂਟਿਕ, ਪ੍ਰਕ੍ਰਿਤਿਕ, ਸੁਪਨ ਸੰਗਲ ਨਵ ਸੰਸਾਰ ਵਿਹੂਣ ਆਦਿ, ਦੇ ਸਭ ਤੋਂ ਵੱਧ ਕਿਸੇ ਰਾਹਾਂ ਦੇ ਦੇਖਣਿਆਂ ਵਿਚ ਅਧਿਆਤਮਵਾਦ ਵਿਚ ਅਧਿਆਤਮਕ ਭਾਵ ਚਿਤਰਾਂ ਨੂੰ ਜੜਿਆ ਹੈ ।

ਭਾਈ ਵੀਰ ਸਿੰਘ ਦਾ ਰੱਬ ਕੋਈ ਮਾਨਵ ਸਰੀਰ ਵਿਚ ਧਸਿਆ ਅਲੋਕ ਵਸਤੂ ਹੈ । ਇਸ ਤਰ੍ਹਾਂ ਭਾਈ ਸਾਹਿਬ ਦਾ ਇਹ ਫ਼ਲਸਫ਼ਾ ਨਿਰੋਲ ਭਾਰਤੀ ਅਧਿਆਤਮਕ ਨਹੀਂ । ਜੋ ਕੁਝ ਨਿਜਾਤਮਕ ਸੁਭਾ ਦਾ ਪ੍ਰਕਾਸ਼ ਹੈ, ਜੋ ਆਤਮਕਵਾਦ ਦੀ ਰਹੱਸਮਈ ਚੇਤਨਾ ਚੋਂ ਉਭਰਿਆ ਹੈ ।

---

" We are all agree that souls are without begning and without immortal by their very nature, also that all powers, blessings, purity,omnipresences, omniscience are buried in each soul. In every men and in every animal, however weak and wicked, great or small resides the some omnipresent, omniscience soul."

1. Swami Vivekanand; Essential of Hinduism; P-4

ਅਧਿਆਤਮਵਾਦ ਕਿਉਂਕਿ ਸਮੁੱਚੀ ਪ੍ਰਕ੍ਰਿਤੀ ਨੂੰ ਧਾਰਮਿਕ ਰੂਪ ਅਨੁਸਾਰ ਸਮਝਣ ਦਾ ਯਤਨ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਅਪਣੀਆਂ ਕਾਵਿਕ ਰਚਨਾਵਾਂ ਵਿਚ ਸਮੁੱਚੀ ਲੋਕਾਈ ਨੂੰ ਭਾਵੇਂ ਉਹ ਕਿਸੇ ਵਿਅਕਤੀ ਦੀ ਮੁਸ਼ਕਿਲ ਹੈ, ਸਮਾਜ ਦੀ, ਦੇਸ਼ ਦੀ ਜਾਂ ਸਾਰੀ ਦੁਨੀਆਂ ਦੀ ਨੂੰ ਧਾਰਮਿਕ ਰੂਪ ਨਾਲ ਹੀ ਹੱਲ ਕਰਨਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਅਧਿਆਤਮਵਾਦ ਦੀ ਰੰਗਣ ਤੋਂ ਬਚ ਨਹੀਂ ਸਕੀਆਂ। ਜਿਸ ਤਰ੍ਹਾਂ ਨਾਵਲ "ਸੁੰਦਰੀ" ਵਿਚ ਸੁੰਦਰੀ ਅਪਣਾ ਭਲਾ ਤੇ ਅਪਣੀ ਸੁਰੱਖਿਆ ਅੰਮ੍ਰਿਤ ਛਕ ਕੇ ਅਤੇ ਪੰਥ ਦੇ ਲੇਖੇ ਲਾ ਕੇ ਅਪਣਾ ਭਲਾ ਲੋੜਦੀ ਹੈ। ਇਸ ਤਰ੍ਹਾਂ ਭਾਈ ਸਾਹਿਬ ਦਾ ਸਮੁੱਚਾ ਅਧਿਆਤਮਵਾਦ ਗੁਰਮਤਿ ਦੇ ਅਸੂਲਾਂ ਦੇ ਅਨੁਸਾਰ ਉਸਰਦਾ, ਵਿਕਸਦਾ ਵਿਖਾਇਆ ਗਿਆ ਹੈ।

ਭਾਈ ਸਾਹਿਬ ਦੇ ਅਧਿਆਤਮਵਾਦ ਵਿਚ ਧਾਰਮਿਕ ਰੰਗਣ ਵਧੇਰੇ ਹੈ। ਪ੍ਰੇਮ ਭਗਤੀ ਰਾਹਾਂ ਉਹ ਸੱਚੇ ਦੀ ਮਹਿਮਾ ਦਾ ਜਸ, ਅਪਣੀ ਵਿਸ਼ੇਸ਼ ਅਨੁਭੂਤੀ, ਸੰਸਾਰ ਦਾ ਵਿਸ਼ਲੇਸ਼ਣ ਨਿਰੋਲ ਭਾਵਾਤਮਕ ਪੱਧਰ ਤੇ ਕਰਦੇ ਹਨ। ਭਾਈ ਸਾਹਿਬ ਨੇ ਉਸ ਪ੍ਰਮਾਤਮਾ ਨੂੰ ਸੱਜਣ ਵਾਂਗ ਮੰਗ ਪਾਲਣ ਵਾਲਾ, ਸਾਡੀ ਰੱਖਿਆ ਕਰਨ ਵਾਲਾ, ਸੁੱਖ ਰਸ ਦੇਣ ਵਾਲਾ, ਪਿਆਰ ਦੇਣ ਵਾਲਾ ਸਿੱਧ ਕੀਤਾ ਹੈ। ਇਸ ਲਈ ਭਾਈ ਸਾਹਿਬ ਪਰਮਸਤਾ ਨੂੰ ਇਕ ਵਫਾਦਾਰ ਮਿੱਤਰ ਜੋ ਕਿ ਹਰੇਕ ਦੁੱਖ ਸੁੱਖ ਵਿਚ ਸਹਾਈ ਹੁੰਦਾ ਹੈ ਨਾਲ ਤੁਲਨਾ ਕਰਦਿਆਂ ਲਿਖਦੇ ਹਨ:

> "ਜੀਕੂੰ ਸੱਜਣ ਸੱਜਣ ਦਾ ਮੰਗ ਪਾਲਦਾ ਹੈ, ਤਿਵੇਂ ਪ੍ਰਮੇਸ਼ਰ ਆਪਣੇ ਪਿਆਰੇ ਦਾ ਮੰਗ ਕਰਦਾ ਹੈ, ਅਰਥਾਤ ਜਦ ਅਸੀਂ ਮਨ ਨੂੰ ਉਸ ਸਾਈਂ ਨਾਲ ਲਾਈ ਰੱਖਿਆ ਤਾਂ ਉਸ ਨੇ ਪਿਆਰ ਤੇ ਸੁਖ ਰਸ ਸਾਨੂੰ ਆਪੇ ਦੇਣਾ ਹੈ।"[1]

ਅਧਿਆਤਮਵਾਦੀ ਭਾਵਾਂ ਕਾਰਨ ਹੀ ਭਾਈ ਸਾਹਿਬ ਸਾਨੂੰ ਉਸ ਪ੍ਰਮਾਤਮਾ ਨਾਲ ਸੱਚੇ ਮਿੱਤਰ ਵਾਂਗ ਪਿਆਰ ਕਰਨ ਲਈ ਪ੍ਰੇਰਦੇ ਹਨ।

ਭਾਈ ਸਾਹਿਬ ਦਾ ਵਿਸ਼ਲੇਸ਼ਣ ਸਾਨੂੰ ਇਹ ਸਿੱਟਾ ਦਿੰਦਾ ਹੈ ਕਿ ਇਸ ਮੰਤਵ ਵਿਚ ਵਿਚਰ ਰਿਹਾ ਜਗਿਆਸੂ ਅਪਣੀ ਧੁਨ ਵਿਚ ਮਗਨ ਤੁਰਦਾ ਹੈ। ਉਸ ਅਨੁਸਾਰ ਉਸ ਸੱਚੇ ਪ੍ਰਮਾਤਮਾ ਦੀ ਪ੍ਰਾਪਤੀ ਖੇੜਾ ਜਾਂ ਅੰਤਰੀਵ ਖੁਸ਼ੀ ਹੁੰਦੀ ਹੈ, ਜਿਹੜੀ ਕਦੇ ਮਰਦੀ ਨਹੀਂ। ਸਰੀਰਕ ਸੁੱਖ ਦੀ ਥਾਂ ਇਸ ਦਾ ਪ੍ਰਕਾਸ਼ ਨਿਰੋਲ ਆਤਮਿਕ ਹੁੰਦਾ ਹੈ। ਭਾਈ ਸਾਹਿਬ ਉਸ ਪ੍ਰਮਾਤਮਾ ਦੀ ਪ੍ਰਾਪਤੀ

---

1. ਭਾਈ ਵੀਰ ਸਿੰਘ; ਸਤਵੰਤ ਕੌਰ; ਪੰਨਾ 115

ਜੀ ਗ੍ਰਿਹਸਥ ਤੋਂ ਟੁੱਟ ਕੇ ਨਹੀਂ, ਸਗੋਂ ਇਸ ਵਿਚ ਰਹਿ ਕੇ ਹੀ ਪ੍ਰਾਪਤ ਕਰਨ ਲਈ ਕਹਿੰਦੇ ਹਨ। ਭਾਈ ਸਾਹਿਬ ਦਾ ਇਹ ਅਧਿਆਤਮਕ ਅਨੁਭਵ ਐਨ ਗੁਰਮਤਿ ਦੇ ਅਨੁਕੂਲ ਹੈ। ਗੁਰਮਤਿ ਵਿਚ ਵੀ ਗ੍ਰਿਹਸਥ ਵਿਚ ਰਹਿ ਕੇ ਹੀ ਪ੍ਰਮਾਤਮਾ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ ਗਿਆ ਹੈ। ਇਸ ਤਰ੍ਹਾਂ ਉਸ ਦੀ ਪ੍ਰਾਪਤੀ ਹੋਣ ਨਾਲ ਮਨ ਖ਼ੁਸ਼ੀ ਅਨੁਭਵ ਕਰਦਾ ਹੈ, ਉੱਚੇ ਮੰਡਲਾਂ ਦੀਆਂ ਉਡਾਰੀਆਂ ਲਾਉਂਦਾ ਪ੍ਰਤੀਤ ਹੁੰਦਾ ਹੈ। ਪ੍ਰਮਾਤਮਾ ਨਾਲ ਪ੍ਰੇਮ ਕਰਨ ਦਾ ਇਹੀ ਆਪ ਨੇ ਸਭ ਤੋਂ ਵੱਡਾ ਗੁਣ ਦੱਸਿਆ ਹੈ। ਆਪ ਲਿਖਦੇ ਹਨ :

> "ਪ੍ਰੀਤਮ ਨਾਲ ਪ੍ਰੀਤ ਦਾ ਇਹ ਗੁਣ ਹੈ ਜੋ ਸੁਰਤ ਉੱਚੀ ਚੜ੍ਹਨ ਲੱਗ ਪੈਂਦੀ ਹੈ, ਮਨ ਖੇੜੇ ਵਿਚ ਵਸਦਾ ਹੈ। ਅਸਲ ਵਿਚ ਜੋਗੀ ਜਨ ਜੋਗ ਨੂੰ ਟੋਲਦੇ ਹਨ। ਉਹ ਜੋਗ ਗ੍ਰਿਹਸਥ ਤੋਂ ਨਿਰਜੋਗ ਹੋਣ ਅਰਥਾਤ ਟੁੱਟ ਜਾਣ ਵਿਚ ਨਹੀਂ, ਸਗੋਂ 'ਸਾਚੀ ਸੰਜੋਗ' ਵਿਚ ਹੈ, ਅਰਥਾਤ ਪ੍ਰੀਤ ਦੀ ਇਕ ਤਾਰ ਵਿਚ ਹੈ।"[1]

ਭਾਈ ਸਾਹਿਬ ਆਪਣੀਆਂ ਰਚਨਾਵਾਂ ਵਿਚ ਥਾਂ ਥਾਂ ਪ੍ਰੀਤਮ ਨਾਲ ਲਿਵ ਲਗਾਉਣ ਤੇ ਜ਼ੋਰ ਦਿੰਦੇ ਹਨ

ਭਾਈ ਸਾਹਿਬ ਆਪਣੇ ਅਧਿਆਤਮਵਾਦ ਬਾਰੇ ਜੋ ਕੁਝ ਲਿਖਦੇ ਹਨ ਉਹ ਇਕ ਅਨੂਠੇ ਪਰ ਸੁਭਾਵਿਕ ਰਸ ਦੀ ਲਟਕ ਵਿਚ ਮਗਨ ਹੋ ਕੇ ਲਿਖਦੇ ਹਨ। ਆਪ ਅਧਿਆਤਮਕਤਾ ਦੀ ਲਟਕ ਨਾਲ ਹੀ "ਸੁੰਦਰੀ" "ਬਿਜੈ ਸਿੰਘ" "ਸਤਵੰਤ ਕੌਰ" ਵਰਗੇ ਪਾਤਰ ਪੇਸ਼ ਕਰਦੇ ਹਨ, ਜਿਨ੍ਹਾਂ ਦੀ ਸਮੁੱਚੀ ਜ਼ਿੰਦਗੀ ਕਿਸੇ ਨਾ ਕਿਸੇ ਰੂਪ ਵਿਚ ਉਸ ਪ੍ਰਭੂ ਪ੍ਰੇਮ ਦੀ ਯਾਦ ਵਿਚ ਲੀਨ ਰਹਿੰਦੀ ਹੈ। ਆਪ ਇਸ ਪ੍ਰੇਮ ਦੀ ਯਾਦ ਦੁਆਰਾ ਹੀ ਉਸ ਪਰਮ ਸੱਤਾ ਦੀ ਸਿਖਰ ਦੀ ਮੰਜ਼ਿਲ ਤੇ ਪਹੁੰਚਣਾ ਚਾਹੁੰਦੇ ਹਨ, ਜਿਸ ਲਈ ਰਸਤਾ ਅਧਿਆਤਮਕ ਵਿਚਾਰਾਂ ਨੂੰ ਚੁਣਿਆ ਗਿਆ ਹੈ। ਇਨ੍ਹਾਂ ਵਿਚਾਰਾਂ ਨੂੰ ਹੀ ਆਪ ਆਪਣੀ ਮੰਜ਼ਿਲ ਦੀ ਪ੍ਰਾਪਤੀ ਸਮਝਦੇ ਹਨ।

ਭਾਈ ਸਾਹਿਬ ਆਪਣੇ ਅਧਿਆਤਮਵਾਦ ਨੂੰ, ਕਿਸੇ ਆਦਰਸ਼ਕ ਘਟਨਾ ਦਾ ਸਹਾਰਾ ਲੈ, ਅਧਿਆਤਮਕ ਰੰਗ ਵਿਚ ਰੰਗ ਕੇ ਪੇਸ਼ ਕਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਉਹ ਅ ਪਾਠਕਾਂ ਤੇ ਇਸ ਤਰ੍ਹਾਂ ਕਰਕੇ ਵੱਧ ਤੋਂ ਵੱਧ ਪ੍ਰਭਾਵ ਪਾ ਸਕਣ।

ਭਾਈ ਸਾਹਿਬ ਪ੍ਰਮਾਤਮਾ ਨਾਲ ਲਿਵ ਲਾਉਣ ਦਾ ਇਕ ਗੁਣ ਇਹ ਦਸਦੇ ਹਨ ਕਿ ਉਸ ਪ੍ਰਮਾਤਮਾ ਦਾ ਸੰਗ ਕਰਨ ਨਾਲ ਸਾਡੇ ਵਿਚ ਆਤਮਿਕ ਤੌਰ ਤੇ ਸ਼ਕਤੀ ਆ ਜਾਂਦੀ ਹੈ। ਉ

---

1. ਭਾਈ ਵੀਰ ਸਿੰਘ; ਸਤਵੰਤ ਕੌਰ; ਪੰਨਾ 107

ਆਸਰਾ ਪ੍ਰਾਪਤ ਕਰਕੇ ਅਸੀਂ ਉਚੇ ਹੋ ਸਕਦੇ ਹਾਂ । ਆਪ ਅਨੁਸਾਰ :

> " ਜਿਵੇਂ ਬ੍ਰਿਛ ਦੇ ਚਰਨਾਂ ਵਿਚ ਕਮਲ ਵੇਲ ਉਗਦੀ ਹੈ ਤੇ ਬ੍ਰਿਛ ਦਾ ਆਸਰਾ ਪਾ ਬ੍ਰਿਛ ਜਿਡੀ ਹੋ ਜਾਂਦੀ ਹੈ, ਉਸੇ ਤਰ੍ਹਾਂ ਨਿਰਮਲ ਜਗਯਾਸੂ ਆਪਣੇ ਸਤਿ ਸੰਗੀ ਦੇ ਨਾਲ ਲੱਗ ਕੇ ਉਸ ਦੇ ਆਸਰੇ ਹੋ ਕੇ ਉਚਾ ਹੋ ਜਾਂਦਾ ਹੈ ।"[1]

ਭਾਈ ਸਾਹਿਬ ਆਪਣੇ ਅਧਿਆਤਮਵਾਦ ਨੂੰ ਨਿਰੋਲ ਦਲੀਲ ਦੇ ਆਧਾਰ ਤੇ ਵੀ ਉਚਿਤ ਸਿੱਧ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ । ਜਿਸ ਨਾਲ ਪਾਠਕ ਇਕ ਤਰ੍ਹਾਂ ਨਾਲ ਪ੍ਰੇਰਿਆ ਜਾਂਦਾ ਹੈ । ਜਦੋਂ ਆਪ ਆਪਣੇ ਅਧਿਆਤਮਕਵਾਦੀ ਪ੍ਰਭਾਵਾਂ ਨੂੰ ਪ੍ਰਗਟਾਉਣ ਲਈ ਵੇਲ ਦਾ ਦ੍ਰਿਸ਼ਟਾਂਤ ਦਿੰਦੇ ਹਨ ਤਾਂ ਮਨ ਪ੍ਰੇਰਨਾ ਲਏ ਬਿਨ੍ਹਾਂ ਰਹਿ ਨਹੀਂ ਸਕਦਾ ।

ਆਪ ਦੇ ਅਧਿਆਤਮਵਾਦ ਦੀ ਇਹ ਇਕ ਵਿਸ਼ੇਸ਼ਤਾ ਵੀ ਸਮਝੀ ਜਾਂਦੀ ਹੈ ਕਿ ਭਾਈ ਸਾਹਿਬ ਆਪਣੇ ਅਧਿਆਤਮਕ ਮੰਤਵ ਨੂੰ ਸੂਝ ਤੇ ਸਿਆਣਪ ਦੀ ਕਸਵੱਟੀ ਤੇ ਪਰਖ ਕੇ ਇਕ ਸਧਾਰਣ ਜਿਹਾ ਬਣਾ ਲੈਂਦੇ ਹਨ, ਜਿਸ ਨੂੰ ਹਰ ਪਾਠਕ ਥੋੜ੍ਹੇ ਜਿਹੇ ਯਤਨ ਨਾਲ ਸਮਝ ਸਕਦਾ ਹੈ ।

ਭਾਈ ਸਾਹਿਬ ਨੇ " ਸਤਵੰਤ ਕੌਰ " ਜੋ ਕਿ ਨਾਵਲ ਦੇ ਸ਼ੁਰੂ ਤੋਂ ਲੈ ਕੇ ਅੰਤ ਤੀਕ ਮੁਸੀਬਤਾਂ ਵਿਚ ਫਸੀ ਹੋਈ ਦਿਖਾਈ ਗਈ ਹੈ, ਪਰ ਅਨੇਕਾਂ ਮੁਸੀਬਤਾਂ ਅਤੇ ਕਸ਼ਟਾਂ ਦੇ ਹੁੰਦਿਆਂ ਵੀ ਉਹ ਪ੍ਰਭੂ ਦਾ ਨਾਮ ਜਪਣਾ ਨਹੀਂ ਵਿਸਾਰਦੀ ਤੇ ਹਰ ਹਾਲਤ ਵਿਚ ਆਪਣਾ ਧਰਮ ਤੇ ਸਿੱਖੀ ਕਾਇਮ ਰੱਖਦੀ ਹੈ, ਦੀ ਉਦਾਹਰਣ ਦੇ ਕੇ ਅੱਜ ਕੱਲ ਦੀਆਂ ਸਿੱਖਣੀਆਂ ਨੂੰ ਉਸ ਪ੍ਰਮਾਤਮਾ ਨਾਲ ਇਕਸੁਰ ਕਰਾਉਣ ਤੇ ਆਪਣਾ ਧਰਮ ਬਚਾਉਣ ਦੀ ਪ੍ਰੇਰਨਾ ਦਿੰਦੇ ਹਨ । ਸਤਵੰਤ ਕੌਰ ਦੀ ਉਦਾਹਰਣ ਦੇ ਕੇ ਉਹ ਅੱਜ ਕੱਲ ਦੀਆਂ ਸਿੱਖਣੀਆਂ ਜੋ ਕਿ ਸੁੱਖਾਂ ਵਿਚ ਪੈ ਕੇ ਆਪਣਾ ਧਰਮ ਭੁੱਲਦੀਆਂ ਜਾਂਦੀਆਂ ਹਨ, ਨੂੰ ਪ੍ਰੇਰਨਾ ਦਿੰਦੇ ਹਨ ਕਿ ਤੁਹਾਡੇ ਧਰਮ ਨੂੰ ਤੁਹਾਡੇ ਜਿਹੀਆਂ ਸਤਵੰਤੀ ਨੇ ਕਿਸ ਕਿਸ ਤਰ੍ਹਾਂ ਦੀਆਂ ਮੁਸੀਬਤਾਂ ਝਾਗ ਕੇ ਬਚਾਇਆ । ਆਪ ਅਨੁਸਾਰ :

> " ਐਸੇ ਅੰਧਕਾਰ ਵਿਚ ਮਸਤ ਬੈਠੀਓ ਪਤਿਤ ਸਿੱਖਣੀਓ, ਐਸੀਆਂ ਐਸੀਆਂ ਸਤਵੰਤੀਆਂ ਨੇ ਤੁਹਾਡੇ ਧਰਮ ਨੂੰ ਬਚਾਇਆ, ਜਿਸ ਨੂੰ ਤੁਸੀਂ ਐਵੇਂ ਰੋੜ੍ਹ ਰਹੀਆਂ ਹੋ ।"[2]

---

1. ਭਾਈ ਵੀਰ ਸਿੰਘ; ਸਤਵੰਤ ਕੌਰ; ਪੰਨਾ 99
2. - ਉਹੀ - ਪੰਨਾ 99

ਭਾਈ ਸਾਹਿਬ ਦੀਆਂ ਕਾਵਿਕ ਰਚਨਾਵਾਂ ਵਿਚ ਉਨ੍ਹਾਂ ਦੀ ਅਧਿਆਤਮਕ ਪ੍ਰਵਿਰਤੀ ਪ੍ਰਤੱਖ ਰੂਪ ਵਿਚ ਉਜਾਗਰ ਹੁੰਦੀ ਹੈ ।

ਦੂਜੇ ਪਾਸੇ ਪ੍ਰੋ. ਪੂਰਨ ਸਿੰਘ ਦੀ ਕਾਵਿਕ ਰਚਨਾਵਾਂ ਦੀ ਮਹਾਨਤਾ ਵੀ ਉਸ ਦੀ ਅਧਿਆਤਮਕਤਾ ਕਰਕੇ ਹੀ ਹੈ । ਭਾਈ ਵੀਰ ਸਿੰਘ ਨੇ ਜਿਥੇ ਨਿਰੋਲ ਗੁਰਮਤਿ ਦਾ ਅਧਿਐਨ ਕੀਤਾ ਹੋਇਆ ਹੈ, ਉਥੇ ਪ੍ਰੋ. ਪੂਰਨ ਸਿੰਘ ਦਾ ਅਧਿਆਤਮਵਾਦ, ਭਾਰਤੀ ਤੇ ਪੱਛਮੀ ਅਧਿਆਤਮਵਾਦ ਤੋਂ ਗੰਭੀਰ ਤੇ ਡੂੰਘਾ ਪ੍ਰਭਾਵਿਤ ਹੈ । ਇਸ ਦਾ ਕਾਰਨ ਇਹ ਹੈ ਕਿ ਆਪ ਨੇ ਭਾਰਤੀ ਤੇ ਪੱਛਮੀ ਅਧਿਆਤਮਵਾਦ ਦਾ ਗੰਭੀਰ ਤੇ ਡੂੰਘਾ ਅਧਿਐਨ ਕੀਤਾ ਹੋਇਆ ਹੈ ।

ਯੂਰਪ ਦੇ ਪ੍ਰਸਿੱਧ ਅਧਿਆਤਮਵਾਦੀ ਦਾਰਸ਼ਨਿਕਾਂ ਨੀਤਸ਼ੇ, ਗੋਇਟੇ ਤੇ ਸ਼ੋਪਨਹਾਰ ਦੀਆਂ ਲਿਖਤਾਂ ਨੇ ਆਪ ਨੂੰ ਡੂੰਘਾ ਪ੍ਰਭਾਵਿਤ ਕੀਤਾ । ਜਪਾਨ ਵਿਚ ਰਹਿੰਦਿਆਂ ਹੋਇਆਂ ਆਪ ਉਤੇ ਬੁੱਧ ਮੱਤ ਦੀ ਅਧਿਆਤਮਕਤਾ ਦਾ ਡੂੰਘਾ ਪ੍ਰਭਾਵ ਪਿਆ । ਆਪ ਉਤੇ ਇਸ ਅਧਿਆਤਮਕਤਾ ਦਾ ਇਨਾ ਪ੍ਰਭਾਵ ਪਿਆ ਜਿਸ ਦਾ ਵਰਣਨ " ਰਾਜ-ਹੰਸ " ਵਿਚ ਇਸ ਪ੍ਰਕਾਰ ਕੀਤਾ ਗਿਆ ਹੈ :-

> " ਪੂਰਨ ਸਿੰਘ ਦੀ ਹਾਲਤ ਕੁਝ ਅਜੀਬ ਸੀ । ਉਹ ਬੇਖੁਦੀ ਦੀ ਅਵਸਥਾ ਵਿਚ ਰਹਿੰਦਾ ਸੀ । ਇਉਂ ਜਾਪਦਾ ਜਿਵੇਂ ਉਹ ਸੁਖਮਨੀ ਜਾਂ ਹੋਰ ਸ਼ਬਦਾਂ ਵਿਚੋਂ ਕੁਝ ਵੀ ਨਾ ਸੁਣ ਰਿਹਾ ਹੋਵੇ ਤੇ ਫਿਰ ਸਭ ਕੁਝ ਸੁਣ ਰਿਹਾ ਹੋਵੇ । ਵੇਖਣ ਵਾਲੇ ਨੂੰ ਇਉਂ ਜਾਪਦਾ ਸੀ ਕਿ ਉਸ ਦਾ ਧਿਆਨ ਕਿਤੇ ਹੋਰ ਹੈ ਪਰ ਪੁੱਛਣ ਤੇ ਉਹ ਉਹੀ ਕੁਝ ਦੱਸ ਦਿੰਦਾ ਜੋ ਸੁਖਮਨੀ ਕਹਿੰਦਾ ਸੀ ।" [1]

ਬੁੱਧ ਮੱਤ ਦੀ ਅਧਿਆਤਮਕਤਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜਪਾਨ ਤੇ ਬੁੱਧ ਦੀ ਅਧਿਆਤਮਕਤਾ ਦਾ ਇਨਾ ਜਿਆਦਾ ਅਸਰ ਹੋਇਆ ਕਿ ਆਪ ਨੂੰ ਉਥੋਂ ਦੇ ਫੁੱਲ, ਫਲ, ਬ੍ਰਿਛਾਂ ਆਦਿ ਵਿਚੋਂ ਵੀ ਉਸੇ ਦਾ ਦਰਸ਼ਨ ਹੁੰਦੇ ਜਾਪਦੇ ਹਨ । ਜਿਸ ਦਾ ਵਰਣਨ ਕਰਦੇ ਹੋਏ ਆਪ ਲਿਖਦੇ ਹਨ :

> " ਇਉਂ ਜਪਾਨ ਸਦੀਆਂ ਤੱਕ ਬੁੱਧ ਮੱਤ ਨੂੰ ਪਾ ਕੇ ਚੁੱਪ ਰਿਹਾ ਜਿਵੇਂ ਪੱਤੀਆਂ ਵਿਚ ਢੱਕੀ ਗੁਲਾਬ ਦੀ ਡੋਡੀ । ਗੁਲਾਬ ਦੀ ਡੋਡੀ ਭਾਵੀ

---

1. ਕ੍ਰਿਪਾਲ ਸਿੰਘ ਕਸੇਲ ( ਸੰ.): ਰਾਜ ਹੰਸ; ਪੰਨਾ 102

> ਜੀਵਨ ਰੰਗਲਤਾ ਵਿਚ ਵੀ ਸੁਫਨੇ ਵਸ ਵਿਚ ਇਕੋ ਹੋਣੀ ਹੈ, ਜਦ ਕਵਿਤਾ ਦਾ ਸੁਗੰਧਿਤ सहप्र ਕਿਧਰੇ ਆਣ ਲਗਦਾ ਹੈ, ਕਚਨਾਰ ਵਾਂਗੂੰ ਇਕ ਦਮ ਬਰਸ ਵਿਚ ਸਾਰਾ ਖਿੜਿਆ ਫੁੱਲ ਬਣ ਪ੍ਰਗਟਦੀ ਹੈ। ਗੁਰਮੁਖ ਦੀ ਜੋਤੀ ਨਿਰਮਲ ਪ੍ਰੇਮ ਦੀ ਨੀਂਦਰ ਹੈ, ਗੁਰਮੁਖ ਦੀ ਜੋਤੀ ਸੱਚੀ ਸਮਾਧੀ ਵਿਚ ਹੈ। ਜੀਵਨ ਧੁੱਪ ਹੈ, ਠੀਕ ਉਸੀ ਤਰ੍ਹਾਂ ਜਪਾਨ ਆਪਣੇ ਅੰਦਰ ਦੀ ਧੁੱਪ ਸੇਕ ਕੇ ( ਨਿਰਵਾਣ ) ਤੇ ਨਿਰਵਾਣ ਦੀ ਸਮਾਧੀ ਨੂੰ ਚਰਨਾਂ ਵਿਚ ਤੇ ਜਦ ਬਾਹਰ ਆਇਆ ਤਾਂ ਸਾਰਾ ਜਪਾਨ ਮੰਦਰਾਂ, ਧੁੱਪ ਦੇ ਸੇਕਦੇ ਬੁੱਤਾਂ, ਆਪਣੀ ਰਸਿਕ ਕਿਰਤ ਦੀਆਂ ਅਨੇਕਾਂ ਗੁਲਕਾਰੀਆਂ ਆਪਣੇ ਬਣਾਏ ਨੈਣ ਬਾਗਾਂ ਆਪਣੇ ਸਜਾਏ ਬਣ ਸਾਰੇ ਇਕ ਸਰੋਦ ਦੇ ਕੰਵਲ ਵਾਂਗ ਖਿੜਿਆ ਦਿਸਿਆ।"[1]

ਫੇਰ ਆਉਣ ਮਗਰੋਂ ਭਾਈ ਵੀਰ ਸਿੰਘ ਦਾ ਸੰਪਰਕ ਪ੍ਰਾਪਤ ਹੋਇਆ। ਆਪ ਦੀਆਂ ਰਚਨਾਵਾਂ ਵਿੱਚ ਇਹ ਸਾਰੇ ਪ੍ਰਭਾਵ ਇਕ ਰੂਪ ਵਿਚ ਘੁਲ ਮਿਲ ਗਏ। ਜਦੋਂ ਵੀ ਉਨ੍ਹਾਂ ਨੂੰ ਕਿਸੇ ਹੋਰ ਵਿਚਾਰ ਜਾਂ ਮੱਤ ਨੇ ਪਹਿਲੇ ਵਿਚਾਰ ਤੋਂ ਵੱਧ ਆਤਮਿਕ ਸੰਤੁਸ਼ਟੀ ਦਿੱਤੀ, ਵਿਗਿਆਨਕ ਅਪੀਲ ਤੇ ਦਿੱਤੀ ਭਾਵੁਕਤਾ ਵਿਚ ਵਹਿੰਦਿਆਂ ਉਨ੍ਹਾਂ ਨੇ ਉਸ ਨੂੰ ਗ੍ਰਹਿਣ ਕਰ ਲਿਆ। ਗੁਰਬਾਣੀ ਦੀ ਅਧਿਆਤਮਕਤਾ ਨੇ ਉਨ੍ਹਾਂ ਨੂੰ ਜਿੰਨੀ ਅਪੀਲ ਕੀਤੀ ਲੱਗਦੀ ਹੈ ਇੰਨੀ ਕਿਸੇ ਹੋਰ ਮੱਤ ਅਪੀਲ ਨਜ਼ਰ ਨਹੀਂ ਆਉਂਦੀ। ਗੁਰਬਾਣੀ ਨੂੰ ਉਨ੍ਹਾਂ ਦੇ ਅੰਤ ਤੀਕ ਗ੍ਰਹਿਣ ਕੀਤੀ ਰੱਖਣ ਦਾ ਕਾਰਨ ਇਹ ਸੀ ਕਿ ਗੁਰਮਤਿ ਤੋਂ ਬਾਅਦ ਹੋਰ ਕੋਈ ਵੀ ਧਰਮ ਜਾਂ ਮੱਤ ਮਤਾਂਤਰ/ਵਿਚਾਰ ਉਨ੍ਹਾਂ ਨੂੰ ਆਪਣੇ ਨਾਲ ਨਹੀਂ ਤੋਰ ਸਕਿਆ। ਡਾ. ਰਤਨ ਸਿੰਘ ਜੱਗੀ ਆਪਣੇ ਲੇਖ "ਪੂਰਨ ਸਿੰਘ ਕਾਵਿ ਵਿਚ ਗੁਰਮਤਿ ਰਹੱਸਵਾਦ ਦਾ ਪ੍ਰਭਾਵ" ਵਿਚ ਲਿਖਦੇ ਹਨ :

> " ਮੁਢਲੇ ਜੀਵਨ ਕਾਲ ਵਿਚ ਸਿੱਖ ਹੋਣ ਦੇ ਬਾਵਜੂਦ ਉਸ ਨੇ ਬਾਹਰਲੇ ਪ੍ਰਭਾਵ ਅਧੀਨ ਸਿੱਖੀ ਤੋਂ ਮੂੰਹ ਮੋੜ ਲਿਆ। ਉਂਝ ਤਾਂ ਉਹ ਰਸਮੀ ਤੌਰ ਤੇ ਸਿੱਖ ਸੀ। ਸਿੱਖੀ ਦੀ ਵਾਸਤਵਿਕ ਭਾਵ - ਵਿਭੂਤੀ ਤੋਂ ਉਹ ਪੂਰੀ ਤਰ੍ਹਾਂ ਸਰਸ਼ਾਰ ਨਹੀਂ ਸੀ। ਬਾਹਰੋਂ ਵਾਪਿਸ ਆਉਣ ਤੋਂ ਕੁਝ ਸਮੇਂ ਬਾਅਦ ਪੂਰਨ ਸਿੰਘ ਨੇ ਗੁਰਮਤਿ ਰਹੱਸਵਾਦ ਦੇ ਵਾਸਤਵਿਕ ਭੇਦ ਨੂੰ ਸਮਝਿਆ ਅਤੇ ਉਸ ਤੋਂ ਇਸ ਸੀਮਾਂ ਤੱਕ ਪ੍ਰਭਾਵਿਤ ਹੋਇਆ ਕਿ ਕਿ

---

1. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ ; ਪੰਨਾ 60

ਉਸ ਨੂੰ ਸਰਬਤ੍ਰ ਜੜ-ਚੇਤਨ ਗੁਰੂ ਮਈ ਨਜ਼ਰ ਆਇਆ । ਸਾਰੇ ਚਿੰਤਨ, ਸਾਰੀਆਂ ਸਾਧਨਾਵਾਂ, ਸਾਰੇ ਦਰਸ਼ਨ ਗੁਰਮਤਿ ਵਿਚ ਨਿਰਮਾਣ ਹੋਏ ਨਜ਼ਰ ਆਏ ।" [1]

ਸਭ ਤੋਂ ਵੱਧ ਆਪ ਤੇ ਗੁਰਮਤਿ ਦੇ ਅਧਿਆਤਮਵਾਦ ਦਾ ਪ੍ਰਭਾਵ ਹੀ ਨਜ਼ਰ ਆਉਂਦਾ ਹੈ, ਜਿਸ ਨੂੰ ਆਪ ਨੇ ਅੰਤ ਤੱਕ ਕਬੂਲੀ ਰੱਖਿਆ । ਇਸੇ ਅਧਿਆਤਮਕਤਾ ਦੇ ਪ੍ਰਭਾਵ ਅਧੀਨ ਆਪ ਆਪਣੇ ਆਪ ਨੂੰ ਭਟਕੇ ਹੋਏ ਮਹਿਸੂਸ ਕਰਨ ਲੱਗੇ ਕਿ ਉਹ ਇੰਨੇ ਮਹਾਨ ਚਿੰਤਨ ਤੋਂ ਵਿਛੜੇ ਰਹੇ ।

ਗੁਰਮਤਿ ਦੇ ਅਧਿਆਤਮਵਾਦ ਅਧੀਨ ਪ੍ਰੋ. ਪੂਰਨ ਸਿੰਘ ਮਜ਼੍ਹਬ ਨੂੰ ਪਰਿਭਾਸ਼ਿਤ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਦ੍ਰਿਸ਼ਟਾਂਤ ਲੈਂਦਾ ਹੈ ਕਿ ਗੁਰੂ ਨਾਨਕ ਸਾਹਿਬ ਹਿੰਦੁਸਤਾਨ ਮੁਲਕ ਵਿਚ ਸਾਰੀ ਉਮਰ ਫਿਰਦੇ ਰਹੇ ਅਤੇ ਵੱਡੇ ਵੱਡੇ ਮੰਦਰਾਂ ਵਿਚ ਗਏ, ਵੱਡੀਆਂ ਵੱਡੀਆਂ ਮਸਜਿਦਾਂ ਵਿਚ ਫਿਰੇ, ਪਰ ਉਨ੍ਹਾਂ ਨੂੰ ਹਰ ਪਾਸੇ ਜਹਾਲਤ ਤੇ ਬੇਹੋਸ਼ੀ ਦਿਸੀ । ਪੂਰਨ ਸਿੰਘ ਲਿਖਦਾ ਹੈ :

> " ਮਜ਼੍ਹਬ ਇਨਾਂ ਉੱਚਾਂ ਤੇ ਦਿਲ ਵਿਚ ਲੁਕਿਆਂ ਕੋਈ ਬਹੁ-ਮੁੱਲਾ ਦਿਵਯ ਭਾਵ ਹੈ, ਜਿਹੜਾ ਗੁਰੂ ਨਾਨਕ ਸਾਹਿਬ ਨੂੰ ਕਿਧਰੇ ਨਾ ਦਿਸਿਆ। ਕਾਸ਼ੀ ਵਿਚ ਬੜੇ ਪੜ੍ਹੇ ਲਿਖੇ ਪੰਡਿਤ ਘਾਟ ਵਿਚ ਦੀਵੇ ਬਾਲ ਇਕ ਪੱਥਰ ਦੇ ਰੂਪ ਮੂਰਤ ਅੱਗੇ ਆਰਤੀ ਕਰਦੇ ਆਪ ਨੇ ਵੇਖੇ ਆਪ ਨੂੰ ਸਭ ਕੁਝ ਦਿਸਿਆ। ਆਪ ਨੇ ' ਗਗਨ ਮੈਂ ਥਾਲ ' ਆਪਣੀ ਕਾਵਿਮਈ, ਅਨੋਖੀ ਅਕਾਸ਼ੀ ਆਰਤੀ ਉਚਾਰਣ ਕੀਤੀ ।" [2]

ਆਪ ਆਪਣੇ ਲੇਖ ' ਪਿਆਰ ' ਵਿਚ ਪਿਆਰ ਦੀ ਦ੍ਰਿਸ਼ਟੀ ਬਾਰੇ ਪਰੰਪਰਾਗਤ ਸੋਚ ਦੇ ਸਥਾਨ ਤੇ ਵਧੇਰੇ ਅਧਿਆਤਮਕ ਆਧਾਰ ਲੈ ਕੇ ਪਿਆਰ ਭਾਵਨਾ ਨੂੰ ਸਰਬ-ਵਿਆਪਕ ਦੱਸਦਾ ਹੈ । ਆਪ ਦਸਦੇ ਹਨ ਜਿਸ ਤਰ੍ਹਾਂ ਸੂਰਜ ਦਾ ਸੁੱਚਾ ਪ੍ਰਕਾਸ਼ ਹੈ, ਜੋ ਹਰ ਥਾਂ ਸਰਬ-ਵਿਆਪਕ ਹੈ ਇਸੇ ਤਰ੍ਹਾਂ ਪਿਆਰ ਵੀ ਕਿਸੇ ਨਾ ਕਿਸੇ ਰੂਪ ਵਿਚ ਹਰ ਥਾਂ ਮੌਜੂਦ ਰਹਿੰਦਾ ਹੈ । ਆਪ ਅਨੁਸਾਰ :

> " ਗੁਰੂ ਸਾਹਿਬ ਉਸ ਸਾਧਨ ਨੂੰ ਭਗਤੀ ਨਹੀਂ ਮੰਨਦੇ, ਜੋ ਆਦਮੀ ਆਪਣੇ ਆਪ ਨੂੰ ਕੁਛ ਸਮਝ ਕੇ ਆਪਣੀ ਤਰਫੋਂ ਰੱਬ ਨੂੰ ਪਿਆਰ ਭੇਜਣ

---

1. ਖੋਜ - ਪਤ੍ਰਿਕਾ; ਪੂਰਨ ਸਿੰਘ ਵਿਸ਼ੇਸ਼ ਅੰਕ; ਪੰਨਾ 83
2. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ; ਪੰਨਾ 49

ਵੀ ਕਰਦਾ ਹੈ । ਪਿਆਰ ਉਸੀ ਤਰ੍ਹਾਂ ਦਾ ਗੁਣ ਹੈ ਜਿਸ ਤਰ੍ਹਾਂ ਸੂਰਜ ਦਾ ਗੁਣ ਪ੍ਰਕਾਸ਼ ਹੈ । ਜੋ ਪਿਆਰ ਵਸਤੂ ਰੱਬ ਵੀ ਹੀ ਸਰਬਤ੍ਰ ਵਿਸਤਰਿਤ ਹੁੰਦੀ ਹੈ ਜਿਥੇ ਜਿਥੇ ਪਿਆਰ ਕਣੀ ਹੈ, ਉਹ ਉਸੀ ਤਰ੍ਹਾਂ ਰੱਬ ਵੱਲੋਂ ਆਈ ਹੈ । ਜਿਸ ਤਰ੍ਹਾਂ ਸੂਰਜ ਦਾ ਪ੍ਰਕਾਸ਼ ਗੁਲਾਬ ਦੇ ਫੁੱਲ ਵਿਚ ਵਸਦਾ ਹੈ । ਮੇਰਾ ਕੁਛ ਨਹੀਂ ਸਭ ਤੇਰਾ, ਸਭ ਤੂੰ ਹੀ ਤੂੰ । ਇਹ ਸਹਿਜ ਪਿਆਰ ਤੇ ਕੋਮਲਤਾ ਹੈ ।"[1]

ਪੂਰਨ ਸਿੰਘ ਦਾ ਅਧਿਆਤਮਵਾਦੀ ਅਨੁਭਵ ਮਨੁੱਖੀ ਕਲਪਨਾ ਦੀਆਂ ਮਹਾਨ ਪਰਬਲ ਤੇ ਉਪਜਾਊ ਸ਼ਕਤੀਆਂ, ਪਿਆਰ, ਕਵਿਤਾ, ਆਰਟ, ਮਜ਼੍ਹਬ ਆਦਿ ਨੂੰ ਸਮੁੱਚੇ ਤੌਰ ਤੇ ਇਕ ਅਧਿਆਤਮਕ ਰੱਬੀ ਰੰਗਣ ਦੇ ਕੇ ਜੀਵਨ ਦੀਆਂ ਪਰਮ ਸਥਿਰ ਤੇ ਅਟੱਲ ਸਚਾਈਆਂ ਬਣਾ ਦਿੰਦਾ ਹੈ । ਉਸ ਦੇ ਕਰੀਮੀ ਅਨੁਭਵ ਵਿਚ ਪ੍ਰਕ੍ਰਿਤਕ ਅਧੂਰਾਪਨ, ਔਖਾ ਪਨ, ਤੁੱਛਤਾ ਜਾਂ ਛਿਨ ਭੰਗਰਤਾ ਦਾ ਸੰਪੂਰਣ ਅਭਾਵ ਹੈ । ਇਹ ਉਸ ਦੀ ਅਧਿਆਤਮਕ ਵਿਸ਼ੇਸ਼ਤਾ ਅਤੇ ਸਾਹਿਤਕ ਮੌਲਿਕਤਾ ਹੈ ਕਿ ਉਹ ਆਪਣੇ ਅਨੁਭਵ ਦੇ ਮਾਰੇ ਹੀ ਥਾਂ, ਕਾਮ ਵਿਲਾਸ ਆਦਿ ਹੱਦਾਂ ਤੋਂ ਪਰੇਰੇ ਨਿਆਰੇ ਰੂਹ ਦੇ ਵਿਸ਼ਾਲ ਅਦ੍ਰਿਸ਼ਟ ਰਸ - ਮੰਡਲਾਂ ਨਾਲ ਅਭੇਦ ਕਰ ਦਿੰਦਾ ਹੈ ।

ਪੂਰਨ ਸਿੰਘ ਦਾ ਅਧਿਆਤਮਵਾਦੀ ਅਨੁਭਵ ਉਸ ਦੀ ਸਮੁੱਚੀ ਪੂੰਜੀ ਹੈ, ਉਸ ਦੀ ਵਾਸਤਕ ਰਚਨਾ ਦਾ ਪਿਛਵਾੜਾ ਤੇ ਵਿਸ਼ਾ ਵੀ ਇਹੋ ਹੈ ਤੇ ਉਹ ਵੀ ਖਾਸ ਚੇਤਨੇ ਦਾ ਅਧਿਆਤਮਵਾਦ ਜੋ ਉਸ ਨੂੰ ਇਕ ਸੰਪੂਰਨ ਰੂਪ ਵਿਚ ਸਿੱਖ ਮਾਰਗ ਦੇ ਆਸ਼ੇ ਵਿਚੋਂ ਲੱਭਾ, ਪੂਰਨ ਸਿੰਘ ਅਨੁਸਾਰ ਕਵਿਤਾ ਜਾਂ ਸਾਹਿਤ ਦਾ ਅਸਲੀ ਤੇ ਇਕੋ ਇਕ ਵਿਸ਼ਾ ਹੋ ਸਕਦਾ ਹੈ ।

ਪੂਰਨ ਸਿੰਘ ਆਪਣੀ ਅਧਿਆਤਮਕ੍ਰਾਂਤੀ ਪ੍ਰਵਿਰਤੀ ਕਾਰਨ ਹੀ ਸਿਰਫ਼ ਮਹਾਂਪੁਰਖਾਂ, ਸਾਧਾਂ ਤੇ ਰੱਬੀ ਲੀਹ ਵਾਲੇ ਦਿਵਯ ਅਵਤਾਰਾਂ ਤੋਂ ਛੁੱਟ ਹੋਰ ਕੋਈ ਵੀ ਸਿੱਖਿਆਸ਼ਨ ਤੇ ਨਹੀਂ ਬੈਠ ਸਕਦਾ ਤੇ ਗੁਰ ਦੀ ਬਾਣੀ ਤੋਂ ਬਿਨ੍ਹਾਂ ਬਾਕੀ ਕਵਿਤਾ ਕੇਵਲ ਕਵਿਤਾ ਦਾ ਦਰਜਾ ਰੱਖਦੀ ਹੈ, ਬਾਣੀ ਨਹੀਂ । ਆਪ ਅਨੁਸਾਰ :

"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚੀ ਬਾਣੀ ਮੌਤ ਦੀ ਬਾਦ ਰੂਹ ਦੀ ਸਾਥਣ ਹੋਈ, ਮਦਦ ਕਰਦੀ ਜਾ ਰਹੀ ਹੈ ਇਹ ਬਾਣੀ ਗੁਰ ਅਦ੍ਰਿਸ਼ਟ ਦੇਸ਼ਾਂ ਵਿਚ ਕੀਰਤਨ ਰੂਪ ਵਿਚ ਗੂੰਜ ਰਹੀ ਹੈ ।"[2]

---

1. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ; ਪੰਨਾ 19
2. - ਉਹੀ - ਪੰਨਾ 47

ਇਸ ਤਰ੍ਹਾਂ ਆਪ ਸਾਰੇ ਵਿਚਾਰ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਪੇਸ਼ ਕਰਦੇ ਹਨ । ਗੁਰੂ ਦਾ ਹੁਕਮ ਮੰਨਣ, ਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ, ਗੁਰੂ ਦਾ ਭੈ ਹਿਰਦੇ ਵਿਚ ਵਸਾ ਸਭ ਪਾਸਿਉਂ ਨਿਰਭੈ ਹੋਣਾ ਅਤੇ ਗੁਰੂ ਦੀ ਸ਼ਰਨ ਲੈਣੀ ਗੁਰਮਤਿ ਦੇ ਮੋਟੇ ਮੋਟੇ ਅਸੂਲ ਹਨ । ਪੂਰਨ ਸਿੱਖ ਇਨ੍ਹਾਂ ਸਾਰਿਆਂ ਅਸੂਲਾਂ ਦਾ ਸੰਗਮ ਕਿਹਾ ਜਾਂਦਾ ਹੈ ।

ਅਸਲ ਵਿਚ ਪੂਰਨ ਸਿੱਖ ਦੀ ਵਾਸਤਵ ਦੇ ਸਾਰੇ ਵਿਚ ਇਕ ਵਿਸ਼ੇਸ਼ ਪ੍ਰਕਾਰ ਨੈਤਿਕਤਾ ਜਾਂ ਧਰਮ ਦੇ ਆਧਾਰ ਤੇ ਖਲੋਤੇ ਹੋਏ ਹਨ, ਜਿਸ ਦਾ ਆਧਾਰ ਮਧਕਾਲੀਨ ਅਧਿਆਤਮਕਤਾ ਉੱਤੇ ਹੈ ।

<u>ਰਹੱਸਵਾਦ :</u>

ਰਹੱਸਵਾਦੀ ਕਵੀ ਅੰਦਰੋਂ ਪਰਮਾਤਮਾ ਨਾਲ ਜੁੜੇ ਹੁੰਦੇ ਹਨ ਅਤੇ ਉਨ੍ਹਾਂ ਦੇ ਪਰਮਾਤਮਾ ਨਾਲ ਇਸ ਸੰਬੰਧ ਨੂੰ ਹੀ " ਰਹੱਸਵਾਦ " ਕਿਹਾ ਜਾਂਦਾ ਹੈ । ਇਹ ਅਜਿਹਾ ਸੰਬੰਧ ਹੈ ਜਿਸ ਨੂੰ ਦਰਸਾਉਣਾ ਉਸ ਨੂੰ ਬੜਾ ਮੁਸ਼ਕਲ ਪ੍ਰਤੀਤ ਹੁੰਦਾ ਹੈ, ਜਿਹੜਾ ਇਸ ਤਜਰਬੇ ਵਿਚੋਂ ਲੰਘਦਾ ਹੈ । ਇਹ ਇਕ ਅਜਿਹੀ ਅਵਸਥਾ ਹੈ ਜਿਸ ਨੂੰ ਸ਼ਬਦਾਂ ਵਿਚ ਦੱਸਣਾ ਅਸੰਭਵ ਜਿਹਾ ਪ੍ਰਤੀਤ ਹੁੰਦਾ ਹੈ । ਇਹ ਅਵਸਥਾ ਨਾ ਪ੍ਰਗਟਾਉਣ ਵਾਲੀ ਗੱਲ ਨੂੰ ਗੂੰਗੇ ਦੇ ਗੁੜ ਖਾਣ ਵਾਲੀ ਅਵਸਥਾ ਦੇ ਸਮਾਨ ਸਮਝ ਲਿਆ ਜਾਂਦਾ ਹੈ, ਜੋ ਗੁੜ ਦਾ ਸੁਆਦ ਨਹੀਂ ਦੱਸ ਸਕਦਾ ।

ਰਹੱਸਵਾਦ ਦੇ ਅਰਥ ਅਗਿਆਤ, ਲੁਕਿਆ, ਰਮਜ਼ ਜਾਂ ਭੇਤ ਹੈ । ਰਹੱਸਵਾਦ ਦਾ ਅਰਥ ਉਹ ਵਾਦ ਤੋਂ ਹੈ ਜਿਸ ਦਾ ਮੂਲ ਆਧਾਰ ਲੁਕਿਆ ਹੋਇਆ ਹੈ । ਗੁਣੀਆਂ ਦਾ ਸਭ ਤੋਂ ਵੱਡਾ ਰਹੱਸ ਗੁਣੀਆਂ ਦੀ ਹੋਂਦ ਬਾਰੇ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਾਧਕ, ਭਗਤ ਅਤੇ ਮਹਾਤਮਾ ਤਪੱਸਿਆ ਕਰਦੇ ਆ ਰਹੇ ਹਨ, ਪਰ ਫਿਰ ਵੀ ਉਹ ਪ੍ਰਭੂ ਅਗਿਆਤ ਤੇ ਅਦ੍ਰਿਸ਼ ਹੈ । ਉਸ ਅਗਿਆਤ ਈਸ਼ਵਰ ਨੂੰ ਖੋਜਣ ਅਤੇ ਉਸ ਨਾਲ ਏਕਤਾ ਸਥਾਪਿਤ ਕਰਨ ਦੀ ਭਾਵਨਾ " ਰਹੱਸਵਾਦ " ਅਖਵਾਉਂਦੀ ਹੈ ।

ਰਹੱਸਵਾਦ ਕੋਈ ਸਿਧਾਂਤ ਜਾਂ ਦਰਸ਼ਨ ਨਹੀਂ ਸਗੋਂ ਅਨੁਭਵ ਦੀ ਹੀ ਇਕ ਸਹਿਜ ਅਵਸਥਾ ਤੇ ਮਾਨਸਿਕ ਵਾਤਾਵਰਣ ਹੈ । ਅੰਡਰਹਿਲ ਦਾ ਕਥਨ ਹੈ :

> " ਰਹੱਸਵਾਦ ਵਿਚਾਰੇ ਦੀ ਇਕ ਅਜਿਹੀ ਲਹਿਰ ਹੈ ਜੋ ਵਿਅਕਤੀ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਅੰਤਿਮ ਸਤ ਵਿਚ ਸਮਾ ਜਾਣ ਦੀ ਅਭਿਲਾਖਾ ਰਖਦੀ ਹੈ, ਕਿਸੇ ਅਦਿੱਖ ਸੰਸਾਰ ਦੀਆਂ ਖੁਸ਼ੀਆਂ ਲਈ ਨਹੀਂ,

ਕੇਵਲ ਪ੍ਰੇਮ ਦੀ ਅੰਤਿਮ ਪ੍ਰੇਰਨਾ ਕਰੇ ।"[1]

ਰਹੱਸਵਾਦ ਇਕ ਸੰਪੂਰਨ ਅਤੇ ਸਮੱਗਰ ਦ੍ਰਿਸ਼ਟੀਕੋਣ ਹੈ । ਇਹ ਜੀਵਨ ਤੇ ਬ੍ਰਹਿਮੰਡ ਨੂੰ ਉਸ ਦੇ ਭਿੰਨ ਭਿੰਨ ਰੂਪਾਂ ਵਿਚ ਨਹੀਂ ਵੇਖਦਾ ਸਗੋਂ ਇਹ ਬਾਹਰੀ ਦ੍ਰਿਸ਼ਟੀ ਤੋਂ ਇਸੇ ਬਿਖਰੇ ਹੋਏ ਸੰਸਾਰ ਵਿਚ ਵੀ ਏਕਤਾ ਤਲਾਸ਼ ਕਰਦਾ ਹੈ ਅਤੇ ਉਸ ਨੂੰ ਸਮੱਗਰ ਰੂਪ ਵਿਚ ਗ੍ਰਹਿਣ ਕਰਦਾ ਹੈ । ਇਸ ਤਰ੍ਹਾਂ ਇਹ ਵਿਅਸ਼ਟੀ ਨੂੰ ਸਮਸ਼ਟੀ ਵਿਚ ਵੇਖਦਾ ਅਤੇ ਉਸਦੇ ਵਿਚ ਅਭੇਦ ਕਰ ਦਿੰਦਾ ਹੈ । ਰਹੱਸਵਾਦ ਦੇ ਇਸ ਸਰੂਪ ਅਤੇ ਲੱਛਣਾਂ ਨੂੰ ਦਰਸਾਂਦੇ ਹੋਏ ਪ੍ਰੋ. ਰਾਧਾ ਕਮਲ ਮੁਕਰਜੀ ਲਿਖਦੇ ਹਨ ।

" ਰਹੱਸਵਾਦ ਅੰਦਰਲੇ ਅਨੁਭਵ ਨੂੰ ਸਮਝਣਾ ਹੈ ਜਿਸ ਤਰ੍ਹਾਂ ਆਦਮੀ ਵਿਸ਼ੇਸ਼ ਹਿੱਸੇ ਦੀ ਬਜਾਏ ਬ੍ਰਹਿਮੰਡ ਦੀ ਸਮੁੱਚਤਾ ਨੂੰ ਸਮਝਦਾ ਹੈ ।"[2]

ਰਹੱਸਵਾਦ ਦਾ ਆਧਾਰ ਅਧਿਆਤਮਵਾਦ ਹੈ । ਇਸ ਲਈ ਇਹ ਕਰਮਸ਼ੀਲ ਹੋਣ ਦੇ ਨਾਲ ਨਾਲ ਇਕ ਸਮੱਗਰ ਰੂਪੀ ਦ੍ਰਿਸ਼ਟੀ ਤੇ ਪਹੁੰਚ ਹੈ । ਇਹ ਜੀਵਨ ਅਤੇ ਸੰਸਾਰ ਦੇ ਇਸ ਪਸਾਰੇ ਨੂੰ ਛੋਟੇ ਛੋਟੇ ਭਾਗਾਂ ਵਿਚ ਤੋੜਦਾ ਹੈ ਗ੍ਰਹਿਣ ਨਹੀਂ ਕਰਦਾ ਸਗੋਂ ਉਸ ਨੂੰ ਇਕ ਵਿਆਪਕ ਸਮੁੱਚ ਦੇ ਤੌਰ ਤੇ ਵੇਖਦਾ ਤੇ ਪ੍ਰਵਾਨ ਕਰਦਾ ਹੈ । ਇਸ ਤਰ੍ਹਾਂ ਇਸ ਦਾ ਮਨੋਰਥ ਸਮਸਤ ਜਗਤ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟਮਾਨ ਵਿਚ ਏਕਤਾ ਅਤੇ ਏਕਾਗਰਤਾ ਲੱਭਣੀ ਹੈ । ਇਹ ਏਕਤਾ ਅਤੇ ਏਕਾਗਰਤਾ ਇਸ ਬਾਹਰੀ ਭਿੰਨਤਾ ਅਤੇ ਵਖਰੇਵੇਂ ਦੇ ਬਾਵਜੂਦ ਅੰਤਰੀਵ ਤੌਰ ਤੇ ਪੂਰਣਤਾਮਈ ਰੂਪ ਵਿਚ ਵਿਦਮਾਨ ਹੁੰਦੀ ਹੈ । ਸਵਾਲ ਇਸ ਨੂੰ ਲੱਭਣ ਤੇ ਸਮਝਣ ਦਾ ਹੈ । ਸਧਾਰਣ ਮਨੁੱਖ ਜੋ ਪ੍ਰਗਟ ਵਖੇਵਿਆਂ ਅਤੇ ਵਿਰੋਧਾਂ ਵਿਚ ਉਲਝ ਜਾਂਦਾ ਹੈ, ਉਹ ਇਸ ਦੀ ਸਾਰ ਨਹੀਂ ਜਾਣ ਸਕਦਾ । ਇਸ ਤਰ੍ਹਾਂ ਇਨ੍ਹਾਂ ਦੁਬਿਧਾਵਾਂ ਤੇ ਦੁਚਿੱਤੀਆਂ ਵਿਚ ਫਾਥਾ ਉਹ ਹੋਰ ਇਸ ਤੋਂ ਦੂਰ ਜਾ ਰਿਹਾ ਹੁੰਦਾ ਹੈ ਅਤੇ ਇਸ ਤਰ੍ਹਾਂ ਦੁੱਖਾਂ ਅਤੇ ਮੁਸ਼ਕਿਲਾਂ ਵਿਚ ਫਸ ਗਿਆ ਆਪਣੇ ਅਸਲੇ ਦੀ ਪਛਾਣ ਵਲੋਂ ਬੇਮੁੱਖ ਹੋ ਜਾਂਦਾ ਹੈ । ਰਹੱਸਵਾਦ ਦਾ ਆਸ਼ਾ ਇਸੇ ਬੇਮੁੱਖਤਾ ਨੂੰ ਖਤਮ ਕਰਨਾ ਹੁੰਦਾ ਹੈ ।

---

" It mysticism is essentially a movement of the heart seeking transcend limitation of the individual stand point and surrender to itself to ultimate reality, for no person gain to satisfy."

1. Eleven Underhill; Mysticism; P-71

2. Radha Kamal Mukerji; Theory and Art of Mysticism;P-12

ਵੀਰ ਸਿੰਘ ਦੀ ਅਨੁਭੂਤੀ ਇਕੱਲੀ ਅਤੇ ਵੱਖਰੀ ਨਹੀਂ । ਉਹ ਰਹੱਸਵਾਦੀ ਚਿੰਤਨ ਅਤੇ ਅਨੁਭੂਤੀ ਨਾਲ ਹਰ ਪੱਖੋਂ ਮੇਲ ਖਾਂਦੀ ਹੈ । ਉਹ ਸਰਬ ਵਿਆਪਕ ਦੇ ਰਹੱਸਮਈ ਅਤੇ ਭੇਦਾਂ ਨੂੰ ਜਾਨਣ ਦੇ ਤੀਬਰ ਸਹਿਜਮਈ ਅਤੇ ਸਵੈਂ ਯਤਨ ਕਰਦਾ ਹੈ । ਇਸ ਸਵੈਂਛਤਾ ਅਤੇ ਸਹਿਜ ਭਾਵ ਦਾ ਹੀ ਸਿੱਟਾ ਹੈ ਕਿ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਪਾਰਦਰਸ਼ੀ ਆਤਮਿਕ ਝਲਕਾਰੇ ਮਿਲਦੇ ਹਨ । ਸਰਬਵਿਆਪਕ ਸੱਤਯ ਜਾਂ ਅਨੰਦ ਸੌਂਦਰਯ ਦੇ ਜੋ ਚਿੰਨ੍ਹ ਅਤੇ ਪ੍ਰਭਾਵ ਭਾਈ ਵੀਰ ਸਿੰਘ ਦੀ ਰਚਨਾ ਵਿਚ ਪ੍ਰਾਪਤ ਹੁੰਦੇ ਹਨ ਉਹ ਕਾਫ਼ੀ ਸਾਰਥਕ ਹਨ । ਇਸ ਲਈ ਭਾਈ ਵੀਰ ਸਿੰਘ ਇਸ ਧਾਰਾ ਦੀ ਵਿਆਪਕ ਮਾਲਾ ਦਾ ਇਕ ਆਬਦਾਰ ਮੋਤੀ ਹੈ । ਉਹ ਇਸ ਪੱਖ ਦੇ ਅਨੰਤਕਾਲੀ ਅਤੇ ਸਾਰੇ ਸਮਿਆਂ ਅਤੇ ਯੁੱਗਾਂ ਵਿਚ ਵਿਆਪਕ ਅਤੇ ਵਿਦਮਾਨ ਰਹਿਣ ਵਾਲੇ ਰਹੱਸਵਾਦੀ ਭਾਈਚਾਰੇ ਦਾ ਬਰਾਬਰ ਦੀ ਸੁੰਦਰਤਾ, ਸੱਚਾਈ ਅਤੇ ਸਮਰਥਾ ਵਾਲਾ ਸਦਸਯ ਹੈ ।

ਪਰਮ ਸੱਤਾ ਦੇ ਪ੍ਰਤਿ ਆਤਮਾ ਦਾ ਜਗਿਆਸਾਤਮਿਕ ਨਿਵੇਦਨ ਅਤੇ ਵਿਭਿੰਨ ਪ੍ਰਕਾਰ ਨਾਲ ਆਤਮਾ ਅਤੇ ਪ੍ਰਮਾਤਮਾ ਦੇ ਪ੍ਰੇਮ ਦੀਆਂ ਅਨੁਭੂਤੀਆਂ ਦੀ ਰਹੱਸਮਈ ਅਭਿਵਿਅਕਤੀ ਹੀ ਰਹੱਸਵਾਦ ਹੈ ।

ਰਹੱਸਵਾਦੀ ਉਹੀ ਹੋ ਸਕਦਾ ਹੈ ਜੋ ਆਪਣੇ ਇਸ਼ਟ ਪ੍ਰਤਿ ਪੂਰਨ ਵਿਸ਼ਵਾਸ਼ ਰੱਖਦਾ ਹੋਵੇ, ਇਸ ਕਰਕੇ ਆਸਤਿਕਤਾ ਨੂੰ ਰਹੱਸਵਾਦ ਦੀ ਆਧਾਰ ਸ਼ਿਲਾ ਕਿਹਾ ਜਾਂਦਾ ਹੈ ।

ਭਾਈ ਸਾਹਿਬ ਦੀਆਂ ਵਾਰਤਕ ਰਚਨਾਵਾਂ ਵਿਚ ਰਹੱਸਵਾਦ ਬਾਰੇ ਕਿਹਾ ਜਾਂਦਾ ਹੈ ਕਿ ਭਾਈ ਸਾਹਿਬ ਦਾ ਗੁਰਬਾਣੀ ਤੇ ਗੁਰੂ ਘਰ ਨਾਲ ਵਿਸ਼ੇਸ਼ ਲਗਨ ਰਹੀ ਹੈ। ਇਹੀ ਕਾਰਨ ਹੈ ਕਿ ਭਾਈ ਸਾਹਿਬ ਦਾ ਰਹੱਸਵਾਦੀ ਦ੍ਰਿਸ਼ਟੀਕੋਣ ਵੀ ਅਧਿਆਤਮਕ ਹੈ । ਲੇਖਕ ਦਾ ਰੱਬੀ ਹਸਤੀ ਵਿਚ ਪੂਰਨ ਯਕੀਨ ਹੈ । ਉਸ ਨੂੰ ਉਹ ਪ੍ਰਮਾਤਮਾ ਆਪਣੀ ਰਹੱਸਵਾਦੀ ਅਨੁਭੂਤੀ ਕਾਰਨ ਸਰਬ-ਵਿਆਪਕ ਦਿਸਦਾ ਹੈ, ਜੋ ਹਰ ਜੀਵਾਂ ਵਿਚ ਦਿਖਾਈ ਦਿੰਦਾ ਹੈ । ਇਸ ਲਈ ਆਪ ਲਿਖਦੇ ਹਨ :

> " ਉਹ ਆਪ ਪ੍ਰੇਮ ਹੈ, ਉਹ ਹਰ ਥਾਂ ਵਸਦਾ ਹੈ, ਪਰ ਵਰਤਦਾ ਅਲੇਪ ਹੈ ।"[1]

ਆਪ ਨੂੰ ਉਹ ਪ੍ਰਮਾਤਮਾ ਪਿਆਰ ਦਾ ਹੀ ਇਕ ਰੂਪ ਜਾਪਦਾ ਹੈ । ਇਹੀ ਕਾਰਨ ਹੈ ਕਿ ਭਾਈ ਸਾਹਿਬ ਦੇ ਰਹੱਸਵਾਦ ਦਾ ਇਕ ਹੋਰ ਅਧਾਰ ਤੇ ਸਾਧਨ " ਪ੍ਰੇਮ " ਹੈ । ਉਹ ਰਹੱਸਵਾਦੀ ਭਾਵਾਂ ਕਾਰਨ ਹੀ ਆਪਣੇ ਪ੍ਰਭੂ ਦੇ ਪ੍ਰੇਮ ਦੇ ਮਿਲਾਪ ਲਈ ਕੀਰਤਨ ਦਾ ਰਸ ਮਾਣ

---

1. ਭਾਈ ਵੀਰ ਸਿੰਘ; ਸਤਵੰਤ ਕੌਰ; ਪੰਨਾ 181

ਨਾਲ ਜਾਂ ਗੁਰਬਾਣੀ ਦੁਆਰਾ ਉਚ ਮੰਡਲਾਂ ਵਲੋਂ ਉਤਾਰੀਆਂ ਨਾਉਂਦੇ ਹੋਏ ਪ੍ਰਭੂ ਪ੍ਰੇਮ ਵਿਚ ਲੀਨ ਹੋ ਜਾਂਦੇ ਹਨ :

> "ਕੀਰਤਨ ਵਾਹਿਗੁਰੂ ਦਾ ਕੀਰਤਨ, ਹਾਂ ਸੁਰ, ਤਾਲ, ਸਾਜ਼, ਉੱਚਾਰ ਗਲੇ ਤੇ ਪਿਆਰ ਨਾਲ ਭਿਜੇ ਮਨ ਦਾ ਕੀਰਤਨ, ਇਹ ਜਾਦੂ ਹੈ ਜੋ ਮਨ ਨੂੰ ਮਨ ਤੋਂ ਚੁੱਕ ਕੇ ਰਸ ਵਿਚ ਇਉਂ ਭਿਉਂ ਦੇਂਦਾ ਹੈ ਤੇ ਲਿਵ ਦੇ ਮੰਡਲਾਂ ਦੀ ਉਡਾਰੀ ਲਵਾ ਦਿੰਦਾ ਹੈ ।"[1]

ਭਾਈ ਸਾਹਿਬ ਨੂੰ ਉਸ ਸੱਚੇ ਭਾਵ ਪ੍ਰਮਾਤਮਾ ਦਾ ਨਾਮ ਲੈਣਾ ਜਾਦੂ ਦੇ ਸਮਾਨ ਹੀ ਜਾਪਦਾ ਹੈ ਜੋ ਕਿ ਉਸ ਪਰਮ ਸਤਾ ਦੇ ਦਰਸ਼ਨ ਕਰਵਾ ਦਿੰਦਾ ਹੈ । ਇਸ ਤਰ੍ਹਾਂ ਦਾ ਸੁਆਦ ਸਿਰਫ ਇਕ ਰਹੱਸਵਾਦੀ ਅਨੁਭਵ ਰੱਖਣ ਵਾਲਾ ਪੁਰਸ਼ ਹੀ ਮਾਣ ਸਕਦਾ ਹੈ ।

ਭਾਈ ਵੀਰ ਸਿੰਘ ਸੰਪੰਨ ਗੁਰ ਸਿੱਖ ਸਨ । ਉਨ੍ਹਾਂ ਨੇ ਆਪਣੇ ਸਾਧਨਾਂ ਦੇ ਬਲ ਨਾਲ ਰੱਬੀ ਪ੍ਰੇਮ ਵਿਚ ਗੜੂੰਦ ਹੋ ਕੇ ਜੀਵਨ ਦੇ ਸਰਵੋਤਮ ਛਿਣਾਂ ਨੂੰ ਸਾਖਿਆਤ ਕਰਨ ਦਾ ਯਤਨ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ ।

ਭਾਈ ਵੀਰ ਸਿੰਘ ਦੀ ਵਾਰਤਕ ਵਿਚ ਵੀ ਰਹੱਸਵਾਦੀ ਦਾ ਹਿਰਦਾ ਆਪਣੇ ਪ੍ਰੀਤਮ ਜਾਂ ਇਸ਼ਟ ਦੇਵ ਦੀ ਅਪਾਰ ਸੁੰਦਰਤਾ ਦੇ ਪ੍ਰੇਮ ਵਿਚ ਡੁੱਬ ਜਾਂਦਾ ਹੈ । ਭਾਈ ਸਾਹਿਬ ਵੀ ਆਪਣੇ ਪ੍ਰੇਮੀ ਦੇ ਪ੍ਰੇਮ ਵਿਚ ਗੜੂੰਦ ਹਨ । ਇਸ ਲਈ ਉਹ ਆਪਣੇ ਪਿਆਰੇ ਪ੍ਰਮੇਸ਼ਰ ਨੂੰ ਸਭ ਰਾਜਿਆਂ ਤੇ ਗੁਣਾਂ ਤੋਂ ਉਤਮ ਮੰਨਦੇ ਹਨ । ਉਸ ਨੂੰ ਹੀ ਆਪਣਾ ਪਿਤਾ ਸਮਝਦੇ ਹਨ । ਇਸ ਲਈ ਸਿਰਫ ਉਸੇ ਨਾਲ ਪ੍ਰੇਮ ਕਰਨ ਲਈ ਕਹਿੰਦੇ ਹਨ । ਆਪ ਲਿਖਦੇ ਹਨ :

> "ਸਾਰਿਆਂ ਤੋਂ ਉਚਾ ਤੇ ਸਭ ਗੁਣਾਂ ਤੋਂ ਪਰ੍ਹੇ ਤੋਂ ਪਰ੍ਹੇ ਪ੍ਰਮੇਸ਼ਰ ਹੈ । ਇਹ ਵਾਹਿਗੁਰੂ ਸਾਡਾ ਪਿਆਰਾ ਪਿਤਾ ਹੈ, ਸਦਾ ਪ੍ਰੇਮ ਕਰਨ ਵਾਲਾ, ਪਤਿਤ ਪਾਵਨ ਜਾਣਕੇ ਉਸ ਨਾਲ ਪਿਆਰ ਕਰਨਾ, ਇਹ ਆਪਣੇ ਜੀਵਨ ਦਾ ਨਾਤਾ ਜੀਵਨ ਦਾ ਪਰੋਜਨ ਸਮਝਣਾ ਇਹ ਪਹਿਲਾ ਕਦਮ ਹੈ ।"[2]

ਲੇਖਕ ਦਾ ਰਹੱਸਵਾਦ ਅੰਦਰਲੇ ਰਹੱਸ ਅਤੇ ਗਿਆਨ ਤੇ ਨਿਰਭਰ ਹੈ । ਰੱਬੀ ਹਸਤੀ ਵਿਚ ਉਨ੍ਹਾਂ ਦਾ ਪੂਰਨ ਯਕੀਨ ਹੋਣ ਕਰਕੇ ਹੀ ਆਪ ਸੰਸਾਰ ਵਿਚ ਕਿਸੇ ਨੂੰ ਮਾੜਾ ਤੇ ਭੈੜਾ ਨਹੀਂ ਕਹਿੰਦੇ । ਆਪ ਅਨੁਸਾਰ ਜਦ ਵਾਹਿਗੁਰੂ ਨਾਲ ਪ੍ਰੀਤ ਹੋ ਜਾਂਦੀ ਹੈ ਤਾਂ ਸੰਸਾਰ ਨੂੰ ਚੰਗਾ ਬੁਰਾ ਕਹਿਣ

---

1. ਖਾਲਸਾ ਟ੍ਰੈਕਟ ਸੋਸਾਇਟੀ; ਟ੍ਰੈਕਟ ਨੰ. 84; ਸੰਨ - 1898
2. ਭਾਈ ਵੀਰ ਸਿੰਘ; ਸਤਵੰਤ ਕੌਰ; ਪੰਨਾ 110

ਤੇ ਵੀ ਫਿਰ ਨਹੀਂ ਰਚਦਾ ਮਨੁੱਖ ਇਸ ਜਗਤ ਵਿਚ ਵਿਚਰਦਾ ਹੋਇਆ ਵੀ ਇਸ ਵਿਚ ਨਹੀਂ ਫਸਦਾ । ਆਪ ਲਿਖਦੇ ਹਨ :

> " ਜਦ ਵਾਹਿਗੁਰੂ ਨਾਲ ਪ੍ਰੀਤ ਹੋਈ ਤਾਂ ਸੰਸਾਰ ਨੂੰ ਮਾਯਾ ਤੇ ਛੋੜਾ ਕਹਿਣ ਤੋਂ ਬਿਨ੍ਹਾਂ ਹੀ ਸੰਸਾਰ ਵਿਚ ਤੇ ਹੋ ਗਿਆ, ਅਰਥਾਤ ਮਨੁੱਖ ਜਗਤ ਦੇ ਕੰਮ ਕਰਦਾ ਹੋਇਆ ਇਸ ਦੀ ਕਾਲਖ ਵਿਚ ਲੇਪ ਫਸਦਾ ਨਹੀਂ, ਇਹ ਸੁੱਤੇ ਵੈਰਾਗ ਹੋਇਆ ।"[1]

ਭਾਈ ਵੀਰ ਸਿੰਘ ਦੀ ਰਚਨਾਵਾਂ ਵਿਚ ਰਹੱਸਵਾਦ ਇਕ ਵਿਸ਼ੇਸ਼ ਪ੍ਰਾਪਤੀ ਹੈ । ਵੀਰ ਸਿੰਘ ਦਾ ਰਹੱਸਵਾਦ ਇਕਾਂਗੀ ਨਹੀਂ ਸਗੋਂ ਸਮਗਰ ਸਰੂਪਵਾਲਾ ਹੈ, ਜਿਸ ਵਿਚ ਵਿਅਸ਼ਟੀ ਅਖੰਡ ਸ੍ਰਿਸ਼ਟੀ ਵਿਚ ਸਮਾ ਜਾਂਦੀ ਹੈ । ਭਾਈ ਸਾਹਿਬ ਦੀ ਰਹੱਸਵਾਦੀ ਅਭਿਵਿਅਕਤੀ ਅਨੁਭੂਤੀ ਮੂਲਕ ਹੈ ਜਿਸ ਵਿਚ ਵਿਅਕਤ ਭਾਵ ਚਰਮ ਆਪਣਾ ਪੂਰਾ ਪੂਰਾ ਰੋਲ ਨਿਭਾਉਂਦੇ ਹਨ, ਜਿਸ ਦਾ ਪ੍ਰਥਮ ਆਧਾਰ ਅਤੇ ਅੰਤਮ ਆਸਰਾ ਸਹਿਜ ਅਤੇ ਅੰਤਰ ਗਿਆਨ ਹੈ । ਇਹ ਸੁਹਜਵਾਦੀ ਚਿੰਤਨ ਨਾਲ ਭਰਪੂਰ ਹੈ, ਜਿਸ ਵਿਚ ਮਨੋਵਿਗਿਆਨਕ ਵਿਸ਼ਲੇਸ਼ਣਾਤਮਿਕ ਸਾਰਥਿਕਤਾ ਵੀ ਬਹੁਤ ਹੈ ।

ਜਿਥੋਂ ਤੱਕ ਪੂਰਨ ਸਿੰਘ ਦੇ ਰਹੱਸਵਾਦੀ ਅਨੁਭਵ ਦੀ ਗੱਲ ਹੈ ਸਹਿਜੇ ਹੀ ਆਖਿਆ ਜਾ ਸਕਦਾ ਹੈ ਕਿ ਇਕ ਪਾਸੇ ਤਾਂ ਉਹ ਪਰਦੇਸਾਂ ਵਿਚ ਘੁੰਮਿਆ ਫਿਰਿਆ ਸੀ, ਉਸ ਨੇ ਬਦੇਸ਼ੀ ਸਾਹਿਤ ਦਾ ਅਧਿਐਨ ਕੀਤਾ ਅਤੇ ਦੂਜੇ ਪਾਸੇ ਉਹ ਭਾਰਤ ਦੀ ਅਸੀਮ ਰਹੱਸਵਾਦੀ ਪਰੰਪਰਾ ਨਾਲ ਵੀ ਪੂਰਨ ਭਾਂਤ ਜੁੜਿਆ ਹੋਇਆ ਸੀ । ਇਸ ਲਈ ਉਸ ਦੀ ਰਚਨਾ ਵਿਚ ਭਾਰਤੀ ਅਤੇ ਪੱਛਮੀ ਰਹੱਸਵਾਦ ਦੋਹਾਂ ਦੇ ਝਲਕਾਰੇ ਇਕੋ ਸਮੇਂ ਮਿਲ ਜਾਂਦੇ ਹਨ । ਪਰ ਅਸਲੀਅਤ ਤਾਂ ਇਹ ਹੈ ਕਿ ਹਰ ਲੇਖਕ ਬਲਕਿ ਹਰ ਮਨੁੱਖ ਦਾ ਰਹੱਸਾਤਮਕ ਅਨੁਭਵ ਦੂਸਰਿਆਂ ਤੋਂ ਵੱਖਰਾ ਹੁੰਦਾ ਹੈ ਕਿਉਂਕਿ ਪਰਮਤੱਤ ਦਾ ਅਨੁਭਵ ਕੇਵਲ ਸੀਮਿਤ ਵੇਖਣਿਆਂ ਵਿਚ ਰਹਿ ਕੇ ਨਹੀਂ ਹੁੰਦਾ ਸਗੋਂ ਉਸ ਦੀ ਆਪਣੀ ਇਕ ਵਿਲੱਖਣਤਾ ਹੁੰਦੀ ਹੈ ।

ਪੂਰਨ ਸਿੰਘ ਆਪਣੀਆਂ ਰਚਨਾਵਾਂ ਵਿਚ ਆਪਣੀ ਰਹੱਸਵਾਦੀ ਵਿਚਾਰਧਾਰਾ ਦੀ ਮਾਨਸਿਕ ਧਰਾਤਲ ਵਿਚ ਪੂਰਨ ਭਾਂਤ ਅਧਿਆਤਮਵਾਦੀ ਹੈ । ਉਹ ਆਪਣੀ ਕਥਨੀ ਤੇ ਕਰਨੀ ਲਈ ਸਾਰੀ ਸ਼ਕਤੀ ਰਹੱਸਵਾਦੀ ਅਦ੍ਰਿਸ਼ ਸ਼ਕਤੀ ਤੋਂ ਲੈਂਦਾ ਹੈ । ਇਸ ਤਰ੍ਹਾਂ ਆਪ ਉਸ ਪਰਮ ਸਤਾ ਲਈ ਆਪਣੇ ਪਿਆਰ ਨੂੰ ਪ੍ਰਕਾਸ਼ ਨਾਲ ਤੁਲਨਾ ਦਿੰਦੇ ਹਨ, ਜਿਹੜਾ ਕਦੀ ਛੁਪਾਉਣ ਤੇ ਵੀ ਛੁਪ ਨਹੀਂ ਸਕਦਾ । ਆਪ ਅਨੁਸਾਰ :

---

1. ਭਾਈ ਵੀਰ ਸਿੰਘ; ਸਤਵੰਤ ਕੌਰ; ਪੰਨਾ 117

" ਮਜ਼੍ਹਬ ਤਾਂ ਅੰਦਰ ਰੰਗਣਦਾ ਕੋਈ ਪ੍ਰਕਾਸ਼ ਕਰਦਾ ਇਸ਼ਕ ਹੈ, ਉਹ ਛੁਪਿਆ ਨਹੀਂ ਰਹਿੰਦਾ ।" [1]

ਪੂਰਨ ਸਿੰਘ ਦਾ ਰਹੱਸਵਾਦ ਭਾਈ ਵੀਰ ਸਿੰਘ ਵਾਂਗ ਸਿੱਖ ਰਹੱਸਵਾਦ ਹੈ । ਉਹ ਰਹੱਸਵਾਦ ਜਿਹੜਾ ਕਿ ਗੁਰੂ ਸਾਹਿਬਾਨ ਨੇ ਆਪ ਅਨੁਭਵ ਕਰਕੇ ਦ੍ਰਿੜ੍ਹ ਕਰ ਲਿਆ ਸੀ, ਜੋ ਰੱਬ ਦੀ ਹੋਂਦ ਤੇ ਉਸ ਦੀ ਸਰਬ ਵਿਆਪੀ ਹੋਂਦ ਨਾਲ ਆਰੰਭ ਹੁੰਦਾ ਹੈ ।

ਪੂਰਨ ਸਿੰਘ ਜੀਵ ਚੇਤੰਨ ਵਾਂਗ ਪਰਮਤੱਤ ਨੂੰ ਪਿਆਰ ਕਰਦਾ ਹੈ ਅਤੇ ਉਸ ਦੀ ਪ੍ਰਾਪਤੀ ਦੇ ਮਾਰਗ ਉਤੇ ਅਗਾਂਹ ਵਧਦਿਆਂ ਹੋਇਆਂ ਚੇਤੰਨਤਾ ਦਾ ਪਲ੍ਹਾ ਹੱਥੋਂ ਨਹੀਂ ਛੱਡਦਾ । ਜਦੋਂ ਮਨੁੱਖ ਦੇ ਮਨ ਵਿਚ ਉਸ ਪਰਮਤੱਤ ਦੀ ਅਗਮਤਾ ਤੇ ਅਨੰਤਤਾ ਪ੍ਰਤੀ ਇਕ ਜਗਿਆਸਾ ਉਤਪੰਨ ਹੁੰਦੀ ਹੈ ਅਤੇ ਉਹ ਪਰਮਤੱਤ ਦਰਸ਼ਨਾਂ ਹਿਤ ਆਪਣੀ ਉਤਸੁਕਤਾ ਦਾ ਇਜ਼ਹਾਰ ਕਰਦਾ ਹੈ । ਚੇਤੰਨ ਰੂਪ ਵਿਚ ਉਸ ਦੀ ਬਿਰਤੀ ਪਰਮ ਤੱਤ ਨਾਲ ਜੁੜੀ ਹੁੰਦੀ ਹੈ । ਆਪ ਲਿਖਦੇ ਹਨ :

" ਪਿਆਰ ਮੱਠੇ ਮੱਠੀ ਰਾਹ ਜਾਂਦਿਆਂ ਪੈਂਦੇ ਹਨ, ਲਿਉਂ ਨਾ ਲਗਦੇ ਚੋਰੀ ।" [2]

ਆਪ ਅਨੁਸਾਰ ਜਦੋਂ ਉਸ ਪ੍ਰਮਾਤਮਾ ਨਾਲ ਪਿਆਰ ਹੋ ਜਾਂਦਾ ਹੈ ਤਾਂ ਇਹ ਕਿਸੇ ਵੀ ਪਲ ਭੁਲਾਇਆਂ ਨਹੀਂ ਜਾ ਸਕਦਾ ।

ਆਪਣੀ ਰਹੱਸਵਾਦੀ ਦ੍ਰਿਸ਼ਟੀ ਤੋਂ ਪੂਰਨ ਸਿੰਘ ਵਿਅਸ਼ਟੀ ਅਤੇ ਸ੍ਰਿਸ਼ਟੀ ਨੂੰ ਅਭੇਦ ਸਮਝ ਲੈਂਦਾ ਹੈ, ਜਿਵੇਂ ਲਹਿਰਾਂ ਪਾਣੀ ਰਾਹੀਂ ਸਿਰਜੀਆਂ ਗਈਆਂ ਹਨ ਲੇਕਿਨ ਫਿਰ ਵੀ ਪਾਣੀ ਹਨ । ਇਸੇ ਤਰ੍ਹਾਂ ਇਸ ਬ੍ਰਹਿਮੰਡ ਵਿਚ ਦ੍ਰਿਸ਼ਟੀਗੋਚਰ ਹੋਣ ਵਾਲੀਆਂ ਵਸਤਾਂ ਵੇਖਣ ਉਪਰੰਤ ਉਨ੍ਹਾਂ ਵਿਚ ਉਨ੍ਹਾਂ ਸ੍ਰਿਸ਼ਟਾ ਦੇ ਝਲਕਾਰੇ ਪੈਂਦੇ ਹਨ । ਪਰਮਤੱਤ ਰਾਹੀਂ ਕੀਤੀ ਗਈ ਸਿਰਜਨਾ ਵਿਚ ਵੀ ਪਰਮਤੱਤ ਹੀ ਹੈ । ਆਪ ਅਨੁਸਾਰ :

" ਬ੍ਰਹਿਮੰਡ ਕੋਈ ਰਚਨ ਵਾਲੀ, ਗਲ ਜਾਣ ਵਾਲੀ ਸ਼ੈ ਨਹੀਂ, ਇਹ ਤਾਂ ਸੂਖਮ ਸਰੂਪ ਜਿਹਾ ਮੈਂ ਹਾਂ ।" [3]

ਪੂਰਨ ਸਿੰਘ ਜਿਸ ਨੂੰ ਕਦੀ ਕਿਸੇ ਦੀ ਅੱਖ ਵਿਚ, ਕਦੀ ਸੋਹਣੀ ਦੀ ਬਾਂਹ ਦੀ ਉਲਾਰ ਵਿਚ, ਸਾਧੂ ਦੇ ਤਿਆਗ ਵਿਚ, ਕਦੀ ਫੁੱਲਾਂ ਤੇ ਲੱਦੇ ਕਿਸੇ ਜੰਗਲ ਵਿਚ, ਮਸਜਿਦ ਮੰਦਰ

---

1. ਪ੍ਰੋ. ਪੂਰਨ ਸਿੰਘ; ਖੁੱਲ੍ਹੇ ਲੇਖ; ਪੰਨਾ 48
2. - ਉਹੀ - ਪੰਨਾ 9
3. ਪ੍ਰੋ. ਮਹਿੰਦਰ ਸਿੰਘ ਰੰਧਾਵਾ (ਸੰ.) ਪੂਰਨ ਸਿੰਘ ਜੀਵਨੀ ਤੇ ਕਵਿਤਾ; ਪੰਨਾ 326

ਵਿਚ ਰੱਬ ਦੀ ਝਲਕ ਦਿਸਦੀ ਹੈ । ਲੇਖਕ ਜਦੋਂ ਆਪਣੇ ਇਸ਼ਟ ਨੂੰ ਯਾਦ ਕਰਦਾ ਹੈ ਤਾਂ ਦੇਖਦਾ ਹੈ ਕਿ ਪਿਆਰ ਵਿਚ ਉਸ ਨੂੰ ਸਦਾ ਰਹਿਣ ਵਾਲਾ ਨਸ਼ਾ ਚੜ੍ਹਿਆ ਰਹਿੰਦਾ ਹੈ ।

ਪ੍ਰੋ. ਪੂਰਨ ਦੇ ਉਠਣ, ਬੈਠਣ, ਚਲਣ, ਫਿਰਨ, ਕੰਮ ਕਰਨ ਦੇ ਢੰਗ ਨੂੰ ਵੇਖਦੇ ਹੋਏ ਜੇ ਇਸ ਪ੍ਰਕਾਰ ਕਹਿ ਦਿਤਾ ਜਾਵੇ ਕਿ ਉਹ ਆਪਣੇ ਆਪ ਵਿਚ ਵੀ ਇਕ ਰਹੱਸਵਾਦ ਹੀ ਸੀ ਤਾਂ ਕੋਈ ਅਯੋਗ ਨਹੀਂ ਹੋਵੇਗਾ ।

ਰੋਮਾਂਸਵਾਦ :

ਜਿਸ ਰਚਨਾ ਵਿਚ ਵਲਵਲਾ, ਭੂਤ ਭਵਿਖ ਦੇ ਨਕਸ਼, ਕਲਪਨਾ ਦੀ ਉਡਾਰੀ, ਬੋਲਾਂ ਵਿਚ ਵਿਚ ਰਾਗ ਆਦਿ ਦੇ ਗੁਣ ਇਕਠੇ ਹੋ ਜਾਂਦੇ ਹਨ, ਉਥੇ ਰੋਮਾਂਟਿਕਤਾ ਦਾ ਮੁੱਢ ਬੱਝਦਾ ਹੈ । ਰੋਮਾਂਸਵਾਦ ਕਲਾਸਕੀਵਾਦ ਦੇ ਵਿਰੁੱਧ ਉਭਰ ਕੇ ਇਕ ਅੰਦੋਲਨ ਦੇ ਰੂਪ ਵਿਚ ਸਾਹਮਣੇ ਆਇਆ । ਇਸ ਨੇ ਨਪ ਤੁਲੇ ਰਾਹ ਨੂੰ ਨਿੰਦਦਿਆਂ ਖੁਲ੍ਹੀ ਉਡਾਰੀ ਲਾਉਣੀ ਸ਼ੁਰੂ ਕਰ ਦਿਤੀ । " ਰੋਮਾਂਸ " ਸ਼ਬਦ ਤੋਂ ਹੀ ਰੋਮਾਂਸਵਾਦ ਸ਼ਬਦ ਹੋਂਦ ਵਿਚ ਆਇਆ। ਅਸਲ ਵਿਚ ਰੋਮਾਂਸਵਾਦੀ ਹਾਮੀ ਇਹ ਮੰਨਕੇ ਚਲਦੇ ਹਨ ਕਿ ਕਿਸੇ ਵੀ ਕਲਾਕਾਰ ਨੂੰ ਬੰਧਨਾਂ ਅਤੇ ਮਰਯਾਦਾਵਾਂ ਦੇ ਅੰਤਰਗਤ ਨਹੀਂ ਵਿਚਰਿਆ ਜਾ ਸਕਦਾ । ਕਲਾਕਾਰ ਆਪਣੀ ਇੱਛਾ ਅਨੁਸਾਰ ਅਪਣੀਆਂ ਭਾਵਨਾਵਾਂ ਨੂੰ ਪੇਸ਼ ਕਰ ਸਕਦਾ ਹੈ ।

ਰੋਮਾਂਟਿਕ ਲੇਖਕ ਕੋਈ ਤੀਬਰ ਬਿਰਤੀਆਂ ਦਾ ਉਦੋਂ ਹੀ ਖ਼ਿਆਲਾਂ ਵਿਚ ਹੁੰਦਾ ਹੈ, ਜਾਂ ਤਾਂ ਉਸ ਵਕਤ ਜਦ ਉਸ ਦੀਆਂ ਚਿਤ ਬ੍ਰਿਤੀਆਂ ਨੂੰ ਕਿਸੇ ਮਹਿਮਾ ਭਰਿਤ ਸੰਸਾਰ ਦੀ ਸੁਵਿਧਾ ਮਿਲ ਜਾਂਦੀ ਹੈ, ਜਾਂ ਉਸ ਸਮੇਂ ਜਦ ਉਹ ਬਾਹਰੀ ਬੰਧਨਾਂ ਦੇ ਕਾਰਨ ਕੁੰਠਿਤ ਹੋ ਜਾਂਦਾ ਹੈ, ਅਨੁਭੂਤੀ ਦੀਆਂ ਉਪਰੋਕਤ ਦੋ ਦਿਸ਼ਾਵਾਂ ਦੇ ਆਧਾਰ ਤੇ ਹੀ ਕਵੀ ਦੀ ਵਿਅਕਤਤਾ।,ਸਵੈ - ਪ੍ਰਗਟਾਵੇ, ਪ੍ਰੇਮ, ਰਹੱਸ, ਅਨੁਭੂਤੀ, ਸੌਂਦਰਯ, ਵਿਰਾਟ ਤੱਤ, ਸੁਤੰਤ੍ਰ-ਲਾਲਸਾ ਅਤੇ ਕਲਪਨਾ ਦ੍ਰਿਸ਼ਟੀ ਆਦਿ ਰੋਮਾਂਟਿਕ ਪ੍ਰਵਿਰਤੀਆਂ ਦੇ ਵਿਵਿਧ ਰੂਪਾਂ ਵਿਚ ਪ੍ਰਗਟ ਹੁੰਦੀ ਹੈ ।

ਸਕਾਟ ਰੋਮਾਂਸਵਾਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੰਦਾ ਹੈ ।

> " ਅੰਤਰ ਸਮਾਏ ਵੇਗ ਅਤੇ ਅਦਮਨ ਕੀਤੀ ਪ੍ਰੇਰਨਾ ਨਾਲ ਅਨੁਪ੍ਰਾਣਿਤ ਹੋਣ ਦੇ ਕਾਰਨ ਰੋਮਾਂਟਿਕ ਪ੍ਰਵਿਰਤੀ ਇਕ ਖੇਤਰ ਵਿਚ ਕੁੰਠਿਤ ਹੋਣ ਤੇ ਕਿਸੇ ਨਾ ਕਿਸੇ ਦੂਜੇ ਖੇਤਰ ਵਿਚ ਆਪਣੀ ਅਭਿਵਿਅਕਤੀ ਦਾ ਮਾਰਗ ਖੋਜ ਲੈਂਦੀ ਹੈ ।"[1]

ਰੋਮਾਂਟਿਕ ਰਚਨਾ ਦੀ ਇਕ ਨਿਸ਼ਾਨੀ ਇਹ ਵੀ ਹੈ ਕਿ ਲੇਖਕ ਦੇ ਖਿਆਲਾਂ ਵਿਚ ਬਚਪਨ, ਬੇਲਾਂ ਵਿਚ ਫੁੱਲ, ਤੌਰਣੀ ਵਿਚ ਫੁੱਲ ਦੀ ਧੂੜ ਤੇ ਭਵਿੱਖ ਦੇ ਸੁਪਨੇ ਸਾਥ ਸਾਥ ਟਹਿਕਦੇ ਦਿਸਦੇ ਹਨ । ਡੇਵਿਡ ਡੇਚਿਜ਼ ਨੇ ਠੀਕ ਹੀ ਕਿਹਾ ਹੈ ਕਿ ।

> " ਕਵੀ ਦੀ ਰਚਨਾ ਇਕ ਪਰਦਾ ਹੈ, ਕਿਸੇ ਅਦਭੁਤ ਤਰੀਕੇ ਨਾਲ ਢਲੀ ਰਚਾਇਤ ਹੈ, ਪਰ ਦਰਅਸਲ ਇਹ ਉਸ ਦੀ ਨਿਜੀ ਤਜਰਬਿਆਂ ਨੂੰ ਕਲਾ ਦੇ ਪਰੰਪਰਾਈ ਸਾਂਚਿਆਂ ਵਿਚ ਢਾਲਣਾ ਹੈ ।"[2]

ਪੀਟਰ ਵੈਸਟਲੈਂਡ ਨੇ ਲਿਖਿਆ ਹੈ ਕਿ " ਅਚੰਭਿਤਾ ਦੀ ਭਾਵਨਾ " ਅਤੇ " ਹੁਸਨ ਦਾ ਪਿਆਰ " ਰੋਮਾਂਸਵਾਦ ਦੇ ਦੋ ਅਨਿੱਖੜ ਅੰਗ ਹਨ, ਇਕ ਦਾ ਸੰਬੰਧ ਦਿਮਾਗ ਨਾਲ ਹੈ ਅਤੇ ਦੂਜੇ ਦਾ ਦਿਲ ਨਾਲ ।"[3]

ਰੋਮਾਂਟਿਕ ਲੇਖਕ ਅੰਤਰਮੁਖੀ ਹੋਣ ਦੇ ਕਾਰਣ ਸੰਵੇਦਨਸ਼ੀਲ ਹੁੰਦੇ ਹਨ । ਉਹ ਭਾਵ ਆਵੇਗ ਦੇ ਖਿਣਾਂ ਵਿਚ ਸੰਵੇਦਨਸ਼ੀਲਤਾ ਤੋਂ ਹੀ ਨਿਰਜੀਵ ਪਦਾਰਥਾਂ ਨੂੰ ਸਜੀਵ ਸੰਵੇਦਨਸ਼ੀਲ ਬਣਾ ਦਿੰਦਾ ਹੈ । ਇਸ ਪ੍ਰਕਾਰ ਮਾਨਵੀਕਰਨ ਬਿੰਬ-ਵਿਧਾਨ, ਸੰਗੀਤਾਤਮਿਕਤਾ ਅਤੇ ਪ੍ਰਤੀਕ ਵਿਧਾਨ ਰੋਮਾਂਟਿਕ ਕਵਿਤਾ ਦੇ ਸ਼ੈਲੀਗਤ ਤੱਤ ਬਣ ਜਾਂਦੇ ਹਨ ।

---

**" The poets work may be a mark, adramatised coventionalisation, but it is frequently a conventionalisation of his own experience, his own life."**

**1 .R.A.Scott James : Making a literature. P-167**

**2 . Devid Daiches : Critical appreach to literature, P-325**

**." Curcesity and love of beauty these are containly integral factors in Romanticism, the one intellectual and the other emotional."**

**3. English Rencisance to Romantic Revival, Edited by Peter Westland; Introduction.**

ਭਾਈ ਸਾਹਿਬ ਦੀਆਂ ਰਚਨਾਵਾਂ ਵਿੱਚ ਰੋਮਾਂਸਵਾਦ ਬਾਰੇ ਕਿਹਾ ਜਾ ਸਕਦਾ ਹੈ ਕਿ ਹਰ ਕਲਾਕਾਰ ਆਪਣੇ ਸਮੇਂ ਦੀ ਪੈਦਾਵਾਰ ਹੁੰਦਾ ਹੈ । ਭਾਈ ਸਾਹਿਬ ਦੇ ਰੋਮਾਂਸਵਾਦ ਦਾ ਚੜ੍ਹਾਉ ਦੁਧਾਰੀ ਪ੍ਰੇਰਣਾ ਦਾ ਸਿੱਟਾ ਜਾਪਦਾ ਹੈ । ਭਾਈ ਸਾਹਿਬ ਦੀ ਰੰਗਲੀ ਸ਼ਖਸ਼ੀਅਤ, ਰਸ - ਭਰਪੂਰ ਤਾਸੀਰ ਅਤੇ ਕਲਾਤਮਕ ਸੂਝ ਬੂਝ ਦਾ ਬੁਨਿਆਦੀ ਪ੍ਰੇਰਨਾ ਹੈ । ਦੂਜੇ ਪਾਸੇ ਬਾਹਰਮੁਖੀ ਪ੍ਰੇਰਣਾ ਸਾਹਿਤਕ ਰੀਤਾਂ, ਕਲਾ - ਵੰਨਗੀਆਂ, ਯੁੱਗ ਦਾ ਅਹਿਸਾਸ, ਸਮਾਜੀ ਵਾਯੂਮੰਡਲ, ਸਭਿਆਚਾਰਕ ਵਿਰਸਾ, ਰਾਸ਼ਟਰੀ ਸੰਗ, ਅਤੇ ਜ਼ਮਾਨੇ ਦੀ ਰੌ ਆਦਿਕ ਤੋਂ ਪ੍ਰਾਪਤ ਹੋਈ ਹੈ । ਇਨ੍ਹਾਂ ਦੋਹਾਂ ਸੋਮਿਆਂ ਵਿਚੋਂ ਭਾਈ ਸਾਹਿਬ ਦੀ ਵਾਰਤਕ ਰਚਨਾ ਵਿਚੋਂ ਰੋਮਾਂਸਵਾਦੀ ਪ੍ਰਵਿਰਤੀ ਦੇ ਗੁਣ ਲੱਭੇ ਜਾ ਸਕਦੇ ਹਨ ।

ਜਿਸ ਤਰ੍ਹਾਂ ਉਪਰ ਦੱਸਿਆ ਜਾ ਚੁੱਕਾ ਹੈ ਕਿ " ਅਣਦਿਸਦੇ ਦੀ ਭਾਲ " ਅਤੇ " ਹੁਸਨ ਦੀ ਖਿਚ " ਰੋਮਾਂਸਵਾਦ ਦੇ ਇਹ ਦੋ ਅਨਿੱਖੜ ਅੰਗ ਹਨ । ਇਹ ਦੋ ਅੰਸ਼ ਆਪ ਦੀ ਰਚਨਾ ਵਿਚ ਵੀ ਪ੍ਰਮੁੱਖ ਹਨ, ਜਿਸ ਕਾਰਨ ਆਪ ਦੀ ਰਚਨਾ ਵਿੱਚ ਉਦਰੇਵਿਆਂ ਦੇ ਉਦਗਾਰ ਅਤੇ ਦਿਲ ਦੀਆਂ ਹੂਕਾਂ ਹਨ । ਇਕ ਦਾ ਸੰਬੰਧ ਦਿਮਾਗ ਨਾਲ ਹੈ ਅਤੇ ਦੂਜੇ ਦਾ ਦਿਲ ਨਾਲ । ਭਾਈ ਸਾਹਿਬ ਦਾ ਆਦਰਸ਼ ਤਾਂ ਪ੍ਰਭੂ ਜਾਂ ਈਸ਼ਵਰ ਹੈ, ਜਿਸ ਦੀ ਹੋਂਦ ਉਹ ਬਿਨ੍ਹਾਂ ਕਿਸੀ ਝਿਜਕ ਦੇ ਸਵੀਕਾਰ ਕਰਦੇ ਹਨ । ਇਹ ਖਿੱਚ ਪ੍ਰਮਾਤਮਾ ਦੀ ਯਾਦ ਲਗਾਤਾਰ ਅੰਦਰ ਰਹਿਣ ਨਾਲ ਹੀ ਪ੍ਰੇਮ ਦੇ ਰੂਪ ਧਾਰਨ ਕਰ ਜਾਂਦੀ ਹੈ । ਆਪ ਅਨੁਸਾਰ :

> " ਪ੍ਰੀਤਮ ਹਰ ਦਮ ਯਾਦ ਰਹਿੰਦਾ ਹੈ ਜੇ ਅਸੀਂ ਕਿਸੇ ਦੀ ਯਾਦ ਲਗਾਤਾਰ ਅੰਦਰ ਵਸਾ ਲਈਏ ਤਾਂ ਇਹ ਯਾਦ ਪ੍ਰੇਮ ਬਣ ਜਾਵੇਗੀ ।"[1]

ਭਾਈ ਸਾਹਿਬ ਦਾ ਸੁੰਦਰਤਾ ਪ੍ਰਤਿ ਦ੍ਰਿਸ਼ਟੀਕੋਣ ਵਾਸ਼ਨਾ ਦਾ ਨਹੀਂ ਜਗਿਆਸਾ ਦਾ ਹੈ । ਭਾਈ ਸਾਹਿਬ ਲਈ ਹੁਸਨ ਨਾ ਮਹਿਦੂਦ ਹੈ । ਸੁਹਜ ਥਾਂ ਥਾਂ ਹੈ, ਸੁੰਦਰਤਾ ਪੈਰ ਪੈਰ ਤੇ ਖੜੀ ਹੈ ।

ਕਈ ਥਾਈਂ ਆਪ ਆਪਣੀਆਂ ਰਚਨਾਵਾਂ ਵਿੱਚ ਨਿਰੋਲ ਰੋਮਾਂਟਿਕਤਾ ਨੂੰ ਵੀ ਪੇਸ਼ ਕਰਦੇ ਹਨ । ਜਿਵੇਂ ਬਲਵੰਤ ਸਿੰਘ ਦੀ ਸੁੰਦਰਤਾ ਬਾਰੇ ਇਕ ਮੁਗਲ ਦੇ ਮੂੰਹੋਂ ਭਾਈ ਸਾਹਿਬ ਇਸ ਪ੍ਰਕਾਰ ਅਖਵਾਉਂਦੇ ਹਨ :

> " ਜੇ ਉਹਦੀ ਭੈਣ ਵੇਖੇ ਤਾਂ ਲੋਟਨ ਕਬੂਤਰ ਹੋ ਜਾਏ, ਹੁਣ ਤਾਂ ਉਹ ਸਤ
> ਵਿਚ ਹੈ, ਜਦ ਫੜੀ ਸੀ ਤਾਂ ਮੈਂ ਨਾਲ ਹੀ ਸਾਂ, ਬਈ ਚੰਦ ਦਾ ਟੁਕੜਾ
> ਚੰਦ ਦਾ । ਖਬਰ ਨਹੀਂ ਕੀ ਸਬੱਬ ਹੈ ਕਿ ਹਿੰਦੂਆਂ ਦੀਆਂ ਤੀਵੀਆਂ ਵੱਡੀ
> ਹੀ ਸੁੰਦਰ ਹੁੰਦੀਆਂ ਹਨ ।"[2]

---

1. ਭਾਈ ਵੀਰ ਸਿੰਘ : ਸਤਵੰਤ ਕੌਰ; ਪੰਨਾ 112
2. ਭਾਈ ਵੀਰ ਸਿੰਘ : ਸੁੰਦਰੀ ; ਪੰਨਾ 18

ਭਾਈ ਸਾਹਿਬ ਦੀਆਂ ਵਾਰਤਕ ਰਚਨਾਵਾਂ ਦੀ ਰੋਮਾਂਟਿਕਤਾ ਦਾ ਇਕ ਹੋਰ ਕਾਰਨ ਹੈ ਕਿ ਭਾਈ ਸਾਹਿਬ ਦੇ ਵਿਅਕਤੀਗਤ ਭਾਵ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਪ੍ਰਗਟ ਹੋਏ ਮਿਲਦੇ ਹਨ । ਭਾਈ ਸਾਹਿਬ ਦੀ ਵਾਰਤਕ ਦੇ ਬਹੁਤੇ ਭਾਗ ਵਿੱਚ ਪ੍ਰਭੂ ਪ੍ਰੇਮ ਦੇ ਹਟਕੋਰੇ ਤੇ ਹੌਕੇ ਹਨ । ਉਨ੍ਹਾਂ ਦੇ ਹਿਰਦੇ ਵਿੱਚ ਜੋ ਉਸ ਪ੍ਰਭੂ ਦਾ ਪਿਆਰ ਉਮਡ ਰਿਹਾ ਹੁੰਦਾ ਹੈ । ਉਸ ਨੂੰ ਉਹ ਨਿਸੰਗ ਹੋ ਕੇ ਪ੍ਰਗਟ ਕਰਦੇ ਹਨ । ਇਸ ਨੂੰ ਪ੍ਰਗਟਾਉਣ ਵਿੱਚ ਉਹ ਖੁਦ ਦਾ ਈਮਾਨਦਾਰੀ ਨਾਲ ਅਭਿਵਿਅੰਜਨ ਕਰਦੇ ਹਨ । ਉਨ੍ਹਾਂ ਨੂੰ ਆਪਣੇ ਆਪ ਉਤੇ ਮਾਣ ਹੈ ।

ਭਾਈ ਸਾਹਿਬ ਲੜਾਈ ਭੜਾਈ ਆਦਿ ਦ੍ਰਿਸ਼ਾਂ ਨੂੰ ਵੀ ਅੱਖ ਦੇ ਫੋਰ ਵਿੱਚ ਪੇਸ਼ ਕਰਦੇ ਹਨ । ਇਕ ਫੌਜ ਦੇ ਆਉਣ ਦੇ ਦ੍ਰਿਸ਼ ਨੂੰ ਕਿਸ ਤਰ੍ਹਾਂ ਭੇਤ ਭਰੇ ਰੂਪ ਵਿੱਚ ਪੇਸ਼ ਕਰਦੇ ਹਨ :

> " ਕਿਸੇ ਜਾਪਦਾ ਕੋਈ ਹਾਕਮ ਸਵਾਰੀ ਨਾਲ ਇਸ ਖੁਸ਼ੀ ਵਿੱਚ ਸ਼ਾਮਿਲ ਹੋਣ ਲਈ ਆ ਰਿਹਾ ਹੈ । ਪਰ ਸਭ ਅੱਖਾਂ ਉਧਰ ਗੱਡੀਆਂ ਗਈਆਂ ਇਕ ਅੱਖ ਦੇ ਫੋਰ ਵਿੱਚ ਉਸ ਘੱਟੇ ਦਾ ਰਸਾਲਾ ਬਣ ਗਿਆ ।"[1]

ਭਾਈ ਸਾਹਿਬ ਭਾਵੇਂ ਉਹ ਪ੍ਰਭੂ ਦੀ ਯਾਦ, ਉਸ ਦੀ ਖੋਜ, ਜਾਂ ਕਿਸੇ ਕੁਦਰਤਾਂ, ਨਜ਼ਾਰੇ ਦਾ ਦ੍ਰਿਸ਼ ਪੇਸ਼ ਕਰਦੇ ਹੋਣ ਕਿਸੇ ਨਾ ਕਿਸੇ ਰੂਪ ਵਿੱਚ ਰੋਮਾਂਟਿਕਤਾ ਦਾ ਅੰਸ਼ ਉਨ੍ਹਾਂ ਦੀ ਲੇਖਣੀ ਵਿੱਚ ਆ ਰਲਦਾ ਹੈ ।

ਪੂਰਨ ਸਿੰਘ ਦੀਆਂ ਰਚਨਾਵਾਂ ਵਿੱਚ ਉਸ ਦਾ ਰੋਮਾਂਸਵਾਦ ਉਸ ਦੀ ਦੇਵੀ ਪ੍ਰੀਤ ਸਦਕਾ ਹੈ । ਇਸ ਪ੍ਰੀਤ ਦਾ ਉਸ ਦੀ ਸੂਖਮ ਆਤਮਾ ਅਤੇ ਅਚੇਤ ਪ੍ਰਭਾਵ ਉਸ ਨੂੰ ਇਕ ਅਦੁੱਤੀ ਰੋਮਾਂਟਿਕ ਲੇਖਕ ਬਣਾ ਦਿੰਦਾ ਹੈ । ਕਵਿਤਾ ਬਾਰੇ ਵੀ ਆਪ ਦੇ ਵਿਚਾਰ ਰੋਮਾਂਟਿਕਤਾ ਵਿੱਚ ਰੰਗੇ ਜਾਂਦੇ ਹਨ, ਜਿਸ ਨੂੰ ਆਪ ਅੰਦਰਲੀ ਸੱਚੀ ਪ੍ਰੀਤ ਨਾਲ ਤੁਲਨਾ ਦਿੰਦੇ ਹਨ । ਆਪ ਅਨੁਸਾਰ :

> " ਕਵਿਤਾ ਪਿਆਰ ਦਾ ਨੰਗਾਪਨ ਹੈ, ਅੰਦਰਲੀ ਸੱਚੀ ਪ੍ਰੀਤ ਦਾ ਇਕ ਸੁਹਣਾ ਸੁਫਨਾ ਹੈ ਤੇ ਜੀਵਨ ਦੀ ਕਲੀ ਦਾ ਚਟਕਣਾ ਹੈ ।"[2]

ਰੋਮਾਂਟਿਕ ਬਨ-ਠਨਾ ਉਸ ਦੀ ਵਾਰਤਕ ਵਿੱਚ ਤੀਬਰ ਵਹਾ ਲੈ ਆਉਂਦਾ ਹੈ । ਪ੍ਰੀਤ ਭਿੰਨੀ ਉਸ ਦੀ ਆਤਮਾ ਜਦੋਂ ਕਿਸੇ ਨਿੱਕੀ ਮੋਟੀ ਚੀਜ਼ ਦਾ ਅਨੁਭਵ ਕਰਦੀ ਹੈ, ਤਾਂ ਉਸ ਦਾ ਪ੍ਰਗਟ

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 19
2. ਪ੍ਰੋ. ਪੂਰਨ ਸਿੰਘ, : ਖੁੱਲ੍ਹੇ ਲੇਖ : ਪੰਨਾ 31

ਸੂੰਹੀ ਪ੍ਰੀਤ ਦੀ ਮਜੀਠੀ ਰੰਗਣ ਵਿਚ ਰੰਗਿਆ ਜਾਂਦਾ ਹੈ । ਜਿਸ ਵਿਚ ਵਾਸ਼ਨਾਵਾਦ ਬਿਲਕੁਲ ਨਹੀਂ ਪਨਪਦਾ ਤੇ ਇਹ ਪਿਆਰ ਨਿਰੋਲ ਆਦਰਸ਼ਕ ਬਣ ਜਾਂਦਾ ਹੈ । ਜਿਵੇਂ ਆਪ ਲਿਖਦੇ ਹਨ :

> " ਪਿਆਰ ਮੌਲੇ ਮੌਲੀ ਰਾਹ ਜਾਂਦਿਆਂ ਪੈਂਦੇ ਹਨ, ' ਨਿਉਂ ਨਾ ਲਗਦੇ ਜ਼ੋਰ।' ਇਹ ਇਕ ਅੰਦਰੋ ਅੰਦਰ ਦੀ ਲਗਾਤਾਰ ਖਿਚ ਹੈ, ਜਿਹੜੀ ਪਹਿਲਾਂ ਤਾਂ ਕਦੀ ਕਦੀ ਇਉਂ ਪੈਂਦੀ ਹੈ ਜਿਵੇਂ ਉਡਾਣ ਵਾਲੇ ਦਾ ਹੱਥ ਚੜ੍ਹੀ ਗੁੱਡੀ ਦੀ ਡੋਰ ਨੂੰ ਖਿਚਦਾ ਹੈ ਤੇ ਇਉਂ ਇਲਾਹੀ ਤੁਣਕੇ ਖਾ ਖਾ ਪਿਆਰ ਇਕ ਲਗਾਤਾਰ ਦਰਦ ਹੀ ਸ਼ਕਲ ਵਿਚ ਵਸਣ ਲੱਗ ਜਾਂਦਾ ਹੈ ।"[1]

ਇਹ ਭਾਵੁਕਤਾ ਨਿਰੋਲ ਰੋਮਾਂਟਿਕਤਾ ਹੈ । ਯਥਾਰਥਵਾਦ ਦਾ ਅੰਸ਼ ਬਹੁਤ ਘੱਟ ਹੈ । ਪ੍ਰੋ. ਪੂਰਨ ਸਿੰਘ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਵੱਡੀਆਂ ਵੱਡੀਆਂ ਕੀਮਤਾਂ ਦੇ ਕੇ ਆਪਣੇ ਰੋਮਾਂਸਵਾਦ ਨੂੰ ਕੁਦਰਤੀ ਬਣਾ ਦਿੰਦਾ ਹੈ ।

ਪੂਰਨ ਸਿੰਘ ਦਾ ਰੋਮਾਂਸ ਕਾਦਰ ਦੀ ਕਿਰਤ ਚੋਂ ਫੁੱਟਦਾ ਹੈ, ਉਸ ਦੇ ਸੁਹੱਪਣ ਨੂੰ ਸਲਾਹੁੰਦਾ, ਦੈਵੀ ਸਚਾਈ ਨੂੰ ਵਲਵਲੇ ਦੇ ਸੰਗੀਤ ਵਿਚ ਟੁੰਬਦਾ ਹੈ । ਪੂਰਨ ਸਿੰਘ ਲਈ ਪਿਆਰ ਤੋਂ ਵੱਧ ਹੋਰ ਕੋਈ ਸ਼ੈ ਨਹੀਂ, ਕੇਵਲ ਇਹੋ ਸਰਬੰਧ ਹੈ । ਇਸ ਦੀ ਪੁਸ਼ਟੀ ਕਰਦਾ ਪੂਰਨ ਸਿੰਘ ਲਿਖਦਾ ਹੈ," ਪਿਆਰ ਜੀਵਨ ਵਿਗਸ ਹੈ, ਜੀਵਨ ਸੰਗੀਤ ਹੈ ।"[2]

ਰੋਮਾਂਟਿਕ ਦ੍ਰਿਸ਼ਟੀਕੋਣ ਤੋਂ ਆਪ ਆਪਣੇ ਵਿਚਾਰ ਮਜ਼੍ਹਬ ਬਾਰੇ ਪੇਸ਼ ਕਰਦੇ ਹੋਏ ਦਸਦੇ ਹਨ ਕਿ ਜਿਸ ਤਰ੍ਹਾਂ ਪਿਆਰ ਸਾਡੀ ਹੋਂਦ ਨਾਲ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਜੀਵਨ ਦੀ ਲੋੜ ਬਣ ਜਾਂਦੀ ਹੈ । ਜਿਸ ਬਿਨਾਂ ਮਨੁੱਖ ਜੀ ਨਹੀਂ ਸਕਦਾ । ਆਪ ਇਸ ਦ੍ਰਿਸ਼ਟੀਕੋਣ ਤੋਂ ਲਿਖਦੇ ਹਨ :

> ਮਜ਼੍ਹਬ ਪਿਆਰ ਵਾਂਗ, ਭਾਵ ਵਾਂਗ, ਸਰੀਰਕ ਦੁਖ ਸੁਖ ਵਾਂਗ, ਜੀਵਨ ਹਿਲ ਵਾਂਗ, ਜੀਵਨ ਭੁੱਖ ਵਾਂਗ ਸਭ ਨਾਲ ਕਿਸੇ ਨਾ ਕਿਸੇ ਰੂਪ ਅੰਤਰ ਅੰਸ਼ ਮਾਤ੍ਰ ਇਕ ਕਸਰ ਸ਼ਿੰਗਾਰਿਆਂ ਵਾਂਗ ਸਭ ਪਾਸ ਹੁੰਦਾ ਹੈ ਅਤੇ ਉਸ ਦੇ ਆਸਰੇ ਜੀਵਨ ਲੰਘਦਾ ਹੈ । ਬਿਨਾਂ ( ਸਿਮਰਣ) ਨਾਮ ਧਿਆਨ ਦੇ ਕੋਈ ਪ੍ਰਾਣੀ ਜੀ ਹੀ ਨਹੀਂ ਸਕਦਾ, ਪਰ ਹਰ ਇਕ ਦੇ ਹਿੱਸੇ ਉਨ੍ਹਾਂ ਹੀ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 51
2. - ਉਹੀ - : ਪੰਨਾ 12

ਆਇਆ ਹੋਇਆ ਹੈ, ਜਿਹੀ ਜੀਵਨ ਦੀ ਮੰਗ ਉਸ ਵਿਚ ਪ੍ਰਦੀਪਤ ਹੈ ।"[1]

ਅਧ ਦੀ ਰੋਮਾਂਟਿਕ ਦ੍ਰਿਸ਼ਟੀ ਦਾ ਆਧਾਰ ਪਿਆਰ ਹੀ ਬਣ ਜਾਂਦਾ ਹੈ, ਜੋ ਅਧ ਦੀ ਹਰੇਕ ਲੇਖਣੀ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਆ ਰਮਕਿਆ ਹੈ । ਇਸ ਪ੍ਰਕਾਰ ਇਸ ਤਰ੍ਹਾਂ ਦੇ ਵਿਚਾਰ ਰੋਮਾਂਟਿਕ ਦ੍ਰਿਸ਼ਟੀ ਰੱਖਣ ਵਾਲਾ ਹੀ ਪੇਸ਼ ਕਰ ਸਕਦਾ ਹੈ ।

## ਸਮਾਜਵਾਦ :

ਸਮਾਜਵਾਦੀ ਵਿਚਾਰਧਾਰਾ ਦਾ ਜਨਮ ਕਾਰਲ ਮਾਰਕਸ ਰਾਹੀਂ ਹੋਇਆ । ਮਾਰਕਸੀ ਸਿਧਾਂਤ ਅਨੁਸਾਰ ਸਮਾਜਵਾਦ ਉਹ ਰਾਜਨੀਤਕ ਆਰਥਿਕਤਾ ਹੈ, ਜੋ ਰਾਸ਼ਟਰੀ ਪੂੰਜੀ ਤੇ ਰਾਸ਼ਟਰੀ ਉਪਜ ਨੂੰ ਰਾਸ਼ਟਰ ਦੇ ਹਰ ਇਕ ਨਾਗਰਿਕ ਵਿਚ ਬਿਨ੍ਹਾਂ ਵਿਤਕਰੇ ਵੰਡਣ ਦਾ ਸਕੰਲਪ ਦੁਹਰਾਉਂਦੀ ਹੈ । ਇਸ ਆਰਥਿਕਤਾ ਵਿੱਚ ਵਿਅਕਤੀ ਦੇ ਨਿੱਜੀ ਜਾਂ ਵਿਅਕਤੀਗਤ ਹੱਕ ਨਹੀਂ ਹੁੰਦੇ ।

ਸਿਧਾਂਤਕ ਦ੍ਰਿਸ਼ਟੀ ਅਨੁਸਾਰ ਸਮਾਜਵਾਦ ਉਹ ਰਾਜਨੀਤਕ ਆਰਥਿਕਤਾ ਹੈ ਜੋ ਰਾਸ਼ਟਰੀ ਪੂੰਜੀ ਤੇ ਰਾਸ਼ਟਰੀ ਉਪਜ ਨੂੰ ਰਾਸ਼ਟਰ ਦੇ ਹਰ ਨਾਗਰਿਕ ਵਿਚ ਬਿਨ੍ਹਾਂ ਵਿਤਕਰੇ ਸਮਾਨ ਵੰਡਣ ਦੀ ਮੰਗ ਕਰਦੀ ਹੈ । ਇਹ ਆਰਥਿਕਤਾ ਵਿਅਕਤੀ ਦੇ ਨਿੱਜੀ ਤੇ ਮੂਲ ਦੇ ਹੱਕਾਂ ਦੀ ਨਿਖੇਧੀ ਕਰਦਾ ਹੈ । ਵੈਸਟ ਮਿਨਸਟਰ ਕੋਸ਼ ਅਨੁਸਾਰ ਸਮਾਜਵਾਦ ਦੇ ਅਰਥ ਇਉਂ ਸਪਸ਼ਟ ਹੁੰਦੇ ਹਨ :

> " ਸਮਾਜਵਾਦ ਰਾਜਨੀਤਕ ਆਰਥਿਕਤਾ ਵਿਚ ਉਹ ਪ੍ਰਣਾਲੀ ਹੈ ਜਿਹੜੀ ਲੋਕਾਂ ਵਿਚ ਜਾਇਦਾਦ ਅਤੇ ਪੈਸੇ ਨੂੰ ਸਾਰਿਆਂ ਵਿੱਚ ਬਰਾਬਰ ਬਰਾਬਰ ਵੰਡਦੀ ਹੈ ਅਤੇ ਅਧਿਕਾਰਾਂ ਅਤੇ ਹਿੱਤਾਂ ਨੂੰ ਧਿਆਨ ਵਿਚ ਰੱਖਦੀ ਹੈ ।"[2]

ਕਾਰਲ ਮਾਰਕਸ ਆਪਣੇ ਸਿਧਾਂਤ ਵਿਚ ਜੀਵਨ ਦੇ ਸਰੀਰਕ ਤੇ ਮਾਦੀ ਭਾਗ ਵੱਲ ਲੋੜਾਂ ਤੇ ਬਹੁਤ ਬਲ ਦਿੰਦਾ ਹੈ । ਇਸ ਲਈ ਉਸ ਦਾ ਮੱਤ ਹੈ ਕਿ ਸਾਹਿਤ ਦਾ ਮੁੱਖ ਕਰਤੱਵ ਜੀਵ ਨੂੰ ਪਦਾਰਥਕ ਤੇ ਮਾਦੀ ਤੌਰ ਤੇ ਭਰਪੂਰ ਬਣਾਉਣਾ ਹੈ । ਪਰ ਇਹ ਨਿਰਾ ਪਦਾਰਥਕ ਤੇ ਸਰੀਰਕ

---

1. ਪ੍ਰੋ. ਪੂਰਨ ਸਿੰਘ, ਖੁੱਲ੍ਹੇ ਲੇਖ : ਪੰਨਾ 51

2. The West Minister Dictionary, P-35

ਨਾ ਰਹਿ ਕੇ ਵਿਹਲੇ ਇਕ ਜੀਵਨ ਦੇ ਹਰ ਉਸਾਰੂ ਪੱਖ ਦੀ ਪ੍ਰਾਪਤੀ ਲੋਚ ਰਿਹਾ ਹੈ ।

ਸਮਾਜਵਾਦੀ ਯਥਾਰਥਵਾਦ ਇਸ ਗੱਲ ਦੀ ਘੋਸ਼ਣਾ ਕਰਦਾ ਹੈ ਕਿ ਜੀਵਨ ਇਕ ਕਾਰਜ ਹੈ ਅਤੇ ਰਚਨਾਤਮਕ ਕੰਮ ਹੈ, ਜਿਸ ਦਾ ਉਦੇਸ਼ ਮਨੁੱਖ ਦੀਆਂ ਸਭ ਤੋਂ ਬਹੁਮੁੱਲੀਆਂ ਵਿਅਕਤੀਗਤ ਯੋਗਤਾਵਾਂ ਦਾ ਬਿਨਾਂ ਰੋਕ ਵਿਕਾਸ ਹੈ ਤਾਂ ਜੋ ਉਹ ਪ੍ਰਕ੍ਰਿਤੀ ਦੀਆਂ ਸ਼ਕਤੀਆਂ ਉਪਰ ਜਿੱਤ ਪ੍ਰਾਪਤ ਕਰ ਸਕੇ ਤੇ ਧਰਤੀ ਤੇ ਰਹਿਣ ਵਾਲੇ ਵਿਅਕਤੀ ਨੂੰ ਖੁਸ਼ੀ ਮਿਲ ਸਕੇ ।

ਸਮਾਜਵਾਦ ਇਸ ਤਰ੍ਹਾਂ ਦਾ ਸਮਾਜ ਉਸਾਰਨਾ ਚਾਹੁੰਦਾ ਹੈ ਜਿਸ ਵਿੱਚ ਸਭ ਪ੍ਰਾਣੀ ਬਰਾਬਰ ਹੋਣ ਤੇ ਕਿਸੇ ਨਾਲ ਵੀ ਵਿਤਕਰਾ ਨਾ ਹੋਵੇ । ਸਮਾਜਵਾਦ ਦੀ ਮੁਖ ਸੁਰ ਇਹ ਹੀ ਹੈ ।

ਭਾਈ ਵੀਰ ਸਿੰਘ ਨੇ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਵੀ ਸਿੱਖ ਧਰਮ ਨੂੰ ਘੋਖਿਆ ਤੇ ਵਿਚਾਰਿਆ ਹੈ । ਇਸ ਦ੍ਰਿਸ਼ਟੀਕੋਣ ਤੋਂ ਵੀ ਆਪ ਨੇ ਸਿੱਖ ਧਰਮ ਨੂੰ ਦੂਜੇ ਦੇ ਧਰਮਾਂ ਨਾਲੋਂ ਮਹਾਨ ਦੱਸਿਆ ਹੈ ਕਿ ਇਸ ਵਿੱਚ ਵੈਰ ਵਿਰੋਧ ਦੀ ਭਾਵਨਾ ਨਹੀਂ ਹੈ । ਸਾਰੀ ਸ੍ਰਿਸ਼ਟੀ ਨੂੰ ਇਕ ਸਮਾਨ ਸਮਝਦੇ ਹਨ । ਇਸ ਲਈ ਆਪ ਸਿੱਖ ਧਰਮ ਨੂੰ ਅਨਿਆਂ ਦਾ ਨਾਸ਼ ਕਰਨਾ ਵਾਲਾ ਚਿਤਰਦੇ ਹਨ ਜੋ ਅਸਲ ਵਿੱਚ ਇਕ ਅਸਲੀਅਤ ਹੈ। ਇਸ ਲਈ ਜਦੋਂ ਆਪ ਆਪਣੀਆਂ ਰਚਨਾਵਾਂ ਰਚਦੇ ਹਨ ਤਾਂ ਇਸ ਪੱਖ ਤੋਂ ਪੂਰੇ ਸੁਚੇਤ ਹੁੰਦੇ ਹੋਏ ਲਿਖਦੇ ਹਨ ਕਿ ਸਿੱਖ ਧਰਮ ਦਾ ਕੰਮ ਤਾਂ ਅਨਿਆਂ ਦਾ ਨਾਸ਼ ਕਰਨਾ ਤੇ ਜ਼ੁਲਮ ਨੂੰ ਸੋਧਣਾ ਹੈ । ਆਪ ਲਿਖਦੇ ਹਨ :

> " ਸਾਡੇ ਸਤਿਗੁਰਾਂ ਨੂੰ ਕਿਸੇ ਨਾਲ ਵੈਰ ਨਹੀਂ ਸੀ । ਸਾਰੀ ਸ੍ਰਿਸ਼ਟੀ ਸਭਨੂੰ ਸਮਾਨ ਹੈ। ਅਸਾਂ ਤਾਂ ਅਨਿਆਂ ਦਾ ਨਾਸ਼ ਕਰਨਾ ਤੇ ਪੂਰਾ ਤੋਲਣਾ ਹੈ । ਇਸ ਵੇਲੇ ਜੋ ਹਾਕਿਮ ਜ਼ੁਲਮ ਕਰ ਰਹੇ ਸਨ ਅਸਾਂ ਤਾਂ ਉਨ੍ਹਾਂ ਨੂੰ ਸੋਧਣਾ ਹੈ, ਉਨ੍ਹਾਂ ਨੂੰ ਸੋਧਣਾ ਜ਼ੁਲਮ ਨੂੰ ਸੋਧਣਾ ਹੈ ।" [1]

ਆਪ ਆਪਣੀਆਂ ਰਚਨਾਵਾਂ ਰਾਹੀਂ ਇਸ ਤਰ੍ਹਾਂ ਦਾ ਸਮਾਜ ਖਤਮ ਕਰ ਦੇਣਾ ਚਾਹੁੰਦੇ ਹਨ ਜਿਸ ਵਿੱਚ ਜਨਤਾ ਤੇ ਜ਼ੁਲਮ ਹੋਵੇ ਤੇ ਬਰਾਬਰਤਾ ਨਾ ਮਿਲ ਸਕੇ ।

ਇਸ ਤਰ੍ਹਾਂ ਆਪ ਆਪਣੀਆਂ ਰਚਨਾਵਾਂ ਵਿੱਚ ਇਸਤਰੀਆਂ ਨੂੰ ਵੀ ਆਪਣੇ ਹੱਕਾਂ ਬਾਰੇ ਜਾਗਰੂਪ ਕਰਦੇ ਹਨ । ਇਹੀ ਕਾਰਨ ਹੈ ਕਿ ਆਪ ਨੇ ਆਪਣੀਆਂ ਰਚਨਾਵਾਂ ਵਿੱਚ ਇਸਤਰੀਆਂ ਨੂੰ ਮੁੱਖ ਸਥਾਨ ਦਿੱਤਾ ਹੈ । ਭਾਈ ਸਾਹਿਬ ਆਪਣੀਆਂ ਲਿਖਤਾਂ ਵਿੱਚ ਇਸਤਰੀਆਂ ਨੂੰ ਬਹਾਦਰ ਹੋਣ ਦੀ

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 43

ਪ੍ਰੇਰਨਾ ਦਿੰਦਾ ਹੋਇਆ ਸੁੰਦਰੀ ਦੇ ਮੂੰਹੋਂ ਇਹ ਗੱਲ ਅਖਵਾਉਂਦਾ ਹੈ ।

> " ਤੀਵੀਆਂ ਧਰਮ ਰੱਖਿਆ ਲਈ ਕਿਉਂ ਜ਼ੋਰ ਨਹੀਂ ਕਰਦੀਆਂ ? ਜੇ ਨਹੀਂ ਕਰਦੀਆਂ ਤਾਂ ਮੈਂ ਕਿਉਂ ਨਾ ਪਹਿਲੀ ਤੀਵੀਂ ਹੋਵਾਂ ਜੋ ਭਰਾ ਵਾਂਗੂੰ ਸੂਰਬੀਰ ਹੋ ਜਾਵਾਂ ।"[1]

ਆਪ ਅਨੁਸਾਰ ਜੇ ਇਸਤਰੀਆਂ ਆਦਮੀਆਂ ਵਾਂਗ ਸੂਰਬੀਰ ਹੋ ਕੇ ਜੂਝਣ ਤਾਂ ਹੀ ਉਨ੍ਹਾਂ ਨੂੰ ਸਮਾਜ ਵਿਚ ਬਰਾਬਰਤਾ ਮਿਲ ਸਕਦੀ ਹੈ ।

ਆਪ ਆਪਣੀਆਂ ਰਚਨਾਵਾਂ ਵਿਚ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਦੇ ਪ੍ਰਤੀਤ ਹੁੰਦੇ ਹਨ । ਉਸ ਸਰਕਾਰ ਦੀਆਂ ਜੋ ਜਨਤਾ ਤੇ ਜ਼ੁਲਮ ਕਰਦੀ ਹੈ ਤੇ ਲੁੱਟ ਖਸੁੱਟ ਕਰਦੀ ਹੈ, ਦੀਆਂ ਜੜ੍ਹਾਂ ਹੀ ਪੁੱਟ ਦੇਣੀਆਂ ਚਾਹੁੰਦੇ ਹਨ । ਆਪ ਲਿਖਦੇ ਹਨ :

> " ਪਰਜਾ ਨੂੰ ਲੁੱਟਣਾ ਜਾਂ ਮਾਰਨਾ ਖਾਲਸੇ ਦਾ ਕੰਮ ਨਹੀਂ । ਪਾਤਸ਼ਾਹੀ ਸੈਨਾ ਦੀ ਅੱਖੀਂ ਘੱਟਾ ਪਾਉਣਾ, ਫੌਜਾਂ ਨੂੰ ਹਰਾ ਕੇ ਖਾਨੇ ਲੁੱਟ ਲੈ ਜਾਣੇ ਸਾਡਾ ਕੰਮ ਨਹੀਂ ਅਸੀਂ ਜ਼ੁਲਮ ਦੇ ਵੈਰੀ ਹਾਂ, ਪਰਜਾ ਦੇ ਦੁਸ਼ਮਣ ਨਹੀਂ ।"[2]

ਸਿੱਖ ਸਿਧਾਂਤ ਦੀ ਫਿਲਾਸਫੀ ਤਾਂ ਹੈ ਹੀ ਜ਼ੁਲਮ ਦਾ ਨਾਸ਼ ਕਰਨਾ, ਸਾਰੇ ਪ੍ਰਾਣੀਆਂ ਨੂੰ ਬਰਾਬਰ ਸਮਝਣਾ, ਕਿਸੇ ਨਾਲ ਵਿਤਕਰਾ ਨਾ ਕਰਨਾ ਆਦਿ ਸਿਧਾਂਤਾਂ ਤੇ ਆਧਾਰਿਤ, ਜੋ ਕਿ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਆਪਣੇ ਸਿਖਰ ਤੇ ਪਹੁੰਚ ਜਾਂਦੀ ਹੈ । ਭਾਈ ਸਾਹਿਬ ਆਪਣੀਆਂ ਰਚਨਾਵਾਂ ਰਚਣ ਸਮੇਂ ਇਨ੍ਹਾਂ ਸਿਧਾਂਤਾਂ ਬਾਰੇ ਸੁਚੇਤ ਰੂਪ ਵਿਚ ਜਾਣੂ ਸਨ । ਇਹੀ ਕਾਰਨ ਹੈ ਕਿ ਆਪ ਇਨ੍ਹਾਂ ਸਿਧਾਂਤਾਂ ਨੂੰ ਸੁਚੇਤ ਤੌਰ ਤੇ ਆਪਣੀਆਂ ਰਚਨਾਵਾਂ ਵਿਚ ਅਪਣਾ ਕੇ ਪੇਸ਼ ਕਰਦੇ ਸਨ ।

ਆਪ ਦੀਆਂ ਰਚਨਾਵਾਂ ਦਾ ਮੁੱਖ ਬਿੰਦੂ ਬਰਾਬਰਤਾ ਲਿਆਉਣਾ ਹੈ । ਆਪਦੇ ਨਾਵਲਾਂ ਦੇ ਪਾਤਰ ਇਸੇ ਉਦੇਸ਼ ਲਈ ਲੜਦੇ ਹਨ ।

ਪੂਰਨ ਸਿੰਘ ਨੇ ਭਾਵੇਂ ਆਪਣੀਆਂ ਰਚਨਾਵਾਂ ਵਿਚ ਵਿਗਿਆਨਕ ਸਮਾਜਵਾਦ ਨਾ ਵਿਚਾਰਿਆ ਹੋਵੇ, ਪਰ ਆਪ ਦੀ ਵਿਚਾਰਧਾਰਾ ਸਮਾਜਵਾਦੀ ਹੈ । ਇਸੇ ਸਮਾਜਵਾਦੀ ਦ੍ਰਿਸ਼ਟੀ ਤੋਂ ਆਪ ਆਪਣੀਆਂ ਰਚਨਾਵਾਂ ਵਿਚ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦੀਆਂ ਗੱਲਾਂ ਕਰਦੇ

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 11
2. ਭਾਈ ਵੀਰ ਸਿੰਘ : ਸੁੰਦਰੀ : ਪੰਨਾ 22

ਹਨ । ਆਪ ਅਨੁਸਾਰ ਕੋਈ ਵੀ ਸਮਾਜ ਉਦੋਂ ਤੱਕ ਉੱਨਤੀ ਨਹੀਂ ਕਰ ਸਕਦਾ ਜਦੋਂ ਤੱਕ ਇਸਤਰੀ ਨੂੰ ਮਰਦ ਦੇ ਬਰਾਬਰ ਨਹੀਂ ਸਮਝਿਆ ਜਾਂਦਾ । ਆਪ ਅਨੁਸਾਰ :

> " ਕੋਈ ਵੀ ਸਮਾਜ ਉੱਨੀ ਦੇਰ ਉੱਨਤੀ ਨਹੀਂ ਕਰ ਸਕਦਾ, ਜਦੋਂ ਤੱਕ ਉਸ ਸਮਾਜ ਵਿੱਚ ਇਸਤਰੀ ਨੂੰ ਮਰਦ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਹੁੰਦੇ । ਇਸ ਲਈ ਉਸ ਨੇ " ਵੋਟ ਤੇ ਪਾਲੇਟਿਕਸ " ਵਿੱਚ ਇਸਤਰੀ ਨੂੰ ਵੋਟ ਦੇ ਹੱਕ ਵਿੱਚ ਆਵਾਜ਼ ਉਠਾਈ ਹੈ । ਉਸ ਅਨੁਸਾਰ ਇਸਤਰੀ ਮਰਦ ਤੋਂ ਕਿਸੇ ਤਰ੍ਹਾਂ ਵੀ ਘੱਟ ਕੰਮ ਨਹੀਂ ਕਰਦੀ । ਫਰਕ ਕੇਵਲ ਇੰਨਾ ਹੈ ਕਿ ਪੁਰਸ਼ ਨੂੰ ਉਸ ਦੀ ਮਜ਼ਦੂਰੀ ਦਾ ਸੇਵਾਫਲ ਰੁਪਏ ਦੀ ਸ਼ਕਲ ਵਿੱਚ ਮਿਲ ਜਾਂਦਾ ਹੈ, ਜਦੋਂ ਕਿ ਇਸਤਰੀ ਨੂੰ ਨਹੀਂ ਮਿਲਦਾ । ਪੂਰਨ ਸਿੰਘ ਅਨੁਸਾਰ, " ਕਿਸੇ ਕਾਰਖਾਨੇ ਵਿੱਚ ਜਾਕੇ ਚਾਰ ਕੌਡਾਂ ਘਰ ਲਿਆਏ ਜਿਨ੍ਹਾਂ ਤੀਵੀਂ ਮਖੱਟੂ ਨਹੀਂ ਗਿਣਨੀ ਚਾਹੀਦੀ । ਇਕ ਬਾਲ ਬੱਚੇ ਦੇ ਕਪੜੇ ਧੋਤੇ, ਉਹ ਇਕ ਧੋਬੀ ਦਾ ਕੰਮ ਕਰਦੀ ਹੈ । ਜੇ ਘਰ ਦੇ ਔਸਤਨ ਚਾਰ ਮੈਂਬਰ ਗਿਣੇ ਜਾਣ ਤੇ ਦੋ ਕਪੜੇ ਰੋਜ਼ ਦੇ ਗਿਣੇ ਜਾਣ, ਤਦ ਦੱਸ ਕਪੜੇ ਰੋਜ਼ ਦੇ ਤਿੰਨ ਸੌ ਕਪੜੇ ਧੋਂਦੀ ਹੈ । ....... ਆਨਾ ਨਹੀਂ, ਪੈਸਾ ਕਪੜਾ ਹੀ ਗਿਣਿਆ ਜਾਏ ਤਦ ਇਕ ਆਈਟਮ ਇਕ ਧੋਬੀ ਵਿਚ ਹੀ ਉਹ ਸਵਾ ਤਿੰਨ ਸੌ ਪੈਸਾ ਜਾਂ ਚਾਰ ਰੁਪਏ ਬਾਰਾਂ ਆਨੇ ਵੱਟਦੀ ਹੈ ।" [1]

ਆਪਣੇ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਹੀ ਆਪ ਲਿਖਦੇ ਹਨ ਕਿ ਜਿਹੜੇ ਮੌਜ ਮੇਲ ਲੋਕਾਂ ਦੀ ਲੁੱਟ - ਖਸੁੱਟ ਕਰਕੇ ਐਸ਼ਾਂ ਕਰਦੇ ਹਨ ਕੋਈ ਸਮਾਂ ਅਜਿਹਾ ਵੀ ਆਵੇਗਾ ਜਦ ਇਨ੍ਹਾਂ ਨੂੰ ਰੋਟੀ ਕਪੜਾ ਮਿਲਣਾ ਵੀ ਮੁਸ਼ਕਲ ਹੋ ਜਾਵੇਗਾ । ਅਮੀਰ ਸਿਰਫ ਉਹ ਹੀ ਹੋਣਗੇ ਜਿਹੜੇ ਦਿਨ ਰਾਤ ਮਿਹਨਤ ਕਰਦੇ ਹਨ । ਆਪ ਅਨੁਸਾਰ :

> " ਜਿਹੜੇ ਮੌਜ ਮੇਲ ਸਰਮਾਏ ਉੱਤੇ ਹੀ ਲੋਕਾਂ ਦੀ ਛਾਤੀ ਤੇ ਮੂੰਗ ਦਲਦੇ ਹਨ ਉਨ੍ਹਾਂ ਨੂੰ ਰੋਟੀ ਕਪੜਾ ਮਿਲਣਾ ਵੀ ਮੁਸ਼ਕਲ ਹੋ ਜਾਵੇਗਾ । ਕੁਲ

---

1. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 168

ਜਾਇਦਾਦ ਤੇ ਮਾਲ ਦੀ ਹੈਸੀਅਤ ਆਧਾਰ ਹੱਥਾਂ ਪੈਰਾਂ, ਆਪਣੇ ਨੈਨ ਪ੍ਰਾਣਾਂ ਤੇ ਰਹਿ ਜਾਵੇਗੀ, ਕੋਈ ਆਦਮੀ ਅਮੀਰ ਜਨਮ ਹੀ ਨਹੀਂ ਹੋ ਸਕੇਗਾ ।"[1]

ਕਿਸਾਨ ਜਿਹੜਾ ਦਿਨ ਰਾਤ ਮਿਹਨਤ ਕਰਦਾ ਹੈ ਨੂੰ ਵੀ ਉਸ ਦੀ ਮਿਹਨਤ ਦੇ ਪੈਸੇ ਨਹੀਂ ਮਿਲਦੇ, ਸਗੋਂ ਇਹ ਖੂਨ ਪਸੀਨੇ ਦੀ ਕਮਾਈ ਹਕੂਮਤ ਲੁੱਟ ਲੈ ਜਾਂਦੀ ਹੈ। ਆਪ ਅਨੁਸਾਰ :

"ਮਾਲੀ ਦੀ ਤਰ੍ਹਾਂ ਇਕ ਕਾਸ਼ਤਕਾਰ ਮੁਜਾਰੇ ਦੀ ਆਮਦਨ ਦੋ ਸੌ ਰੁਪਏ ਤੱਕ ਰਹਿ ਜਾਂਦੀ ਹੈ ਤੇ ਸਾਰੇ ਟੱਬਰ ਨੂੰ ਮਜ਼ੂਰੀ ਪਾਉ ਕਿਉਂਕਿ ਸਾਰਾ ਟੱਬਰ ਖੇਤੀ ਦੇ ਕੰਮ ਵਿਚ ਲੱਗਾ ਰਹਿੰਦਾ ਹੈ, ਸੋ ਦੋ ਆਨੇ ਸਿਰ ਪ੍ਰਤੀ ਪਈ, ਹੁਣ ਆਨੇ ਰੋਜ਼ ਵਿਚ ਕੌਣ ਚੰਗੀ ਤਰ੍ਹਾਂ ਜੀ ਸਕਦਾ ਹੈ ਥੋੜੀ ਕਰੜੀ ਕਮਾਈ ਦਾ ਪੈਸਾ ਹਕੂਮਤ ਲੈ ਜਾਂਦੀ ਹੈ ।"[2]

ਆਪ ਆਪਣੀ ਰਚਨਾ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਰਚਦੇ ਹੋਏ ਇਕ ਪਾਸੇ ਮਜ਼ਲੂਮਾਂ ਗਰੀਬਾਂ ਤੇ ਹਕੂਮਤ ਦੁਆਰਾ ਲਿਤਾੜੇ ਹੋਏ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਨ, ਦੂਜੇ ਪਾਸੇ ਉਨ੍ਹਾਂ ਨੂੰ ਹੌਸਲਾ ਵੀ ਦਿੰਦੇ ਹਨ ਕਿ ਇਕ ਨਾ ਇਕ ਦਿਨ ਸਿਰਫ਼ ਉਨ੍ਹਾਂ ਦਾ ਹੀ ਮੁੱਲ ਪੈਣਾ ਹੈ, ਜਿਹੜੇ ਮਿਹਨਤ ਕਰਦੇ ਹਨ ।

ਆਪ ਹਕੂਮਤ ਨੂੰ ਵੀ ਵੰਗਾਰਦੇ ਹਨ ਜਿਹੜੀ ਗਰੀਬਾਂ ਦੀ ਲੁੱਟ ਖਸੁੱਟ ਕਰਕੇ ਆਪਣਾ ਪੇਟ ਪਾਲਦੀ ਹੈ ਨੂੰ ਦੱਸਦੇ ਹਨ ਕਿ ਹੁਣ ਉਨ੍ਹਾਂ ਦਾ ਰਾਜ ਜਿਸ ਦਾ ਆਧਾਰ ਲੁੱਟ ਖਸੁੱਟ ਤੇ ਆਧਾਰਿਤ ਹੈ, ਦਾ ਅੰਤ ਨੇੜੇ ਆ ਗਿਆ ਹੈ ।

ਇਸ ਤਰ੍ਹਾਂ ਆਪ ਦੋਵਾਂ ਰਚਨਾਵਾਂ ਵਿੱਚ ਹੁਣ ਦੇ ਸਮਾਜ ਤੋਂ ਅਕੇਵਾਂ ਤੇ ਕਿਸੇ ਨਵੇਂ ਸਮਾਜ ਦਾ ਸੁਪਨਾ ਲੇਖਕ ਦੀ ਕਿਰਤ ਰਾਹੀਂ ਉਜਾਗਰ ਹੁੰਦਾ ਹੈ । ਸਮਾਜ ਪੁਰਾਣੀਆਂ ਪ੍ਰਸਥਿਤੀਆਂ ਤੇ ਬੋਦੀਆਂ ਕੀਮਤਾਂ ਨੂੰ ਅਪਣਾਈ ਅਹਿੱਲ ਖੜਾ ਹੈ । ਇਸ ਤਰ੍ਹਾਂ ਦੇ ਵਾਤਾਵਰਣ ਨੂੰ ਲੇਖਕ ਖਤਮ ਕਰ ਦੇਣਾ ਚਾਹੁੰਦਾ ਹੈ ਤੇ ਉਸ ਦੀ ਥਾਂ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ ਜੋ ਸਮੇਂ ਦੀ ਅਵੱਸ਼ ਲੋੜ ਹੈ । ਉਸ ਦੀ ਕਲਪਨਾ ਦੇ ਰਾਜ ਵਿੱਚ ਸਭੇ ਇਕੋ ਰਾਹ ਦੇ ਰਾਹੀ ਤੇ ਸਾਰਿਆਂ ਦੇ ਧਰਮ, ਮੁਲਕ ਤੇ ਕੌਮ ਇਕ ਹੋ ਜਾਂਦੇ ਹਨ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 163
2. - ਉਹੀ - : ਪੰਨਾ 170

ਪ੍ਰੋ. ਪੂਰਨ ਸਿੰਘ ਵੀ ਆਪਣੀਆਂ ਲਿਖਤਾਂ ਰਾਹੀਂ ਉਸ ਸਮਾਜ ਨੂੰ ਖਤਮ ਕਰ ਦੇਣਾ ਚਾਹੁੰਦਾ ਹੈ ਜਿਸ ਵਿਚ ਲੁੱਟ ਖਸੁੱਟ ਹੁੰਦੀ ਦਿਸੇ । ਆਪ ਆਪਣੀਆਂ ਰਚਨਾਵਾਂ ਵਿੱਚ ਸਧਾਰਣ ਆਦਮੀ ਦੀ ਹੋ ਰਹੀ ਲੁੱਟ ਖਸੁੱਟ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ, ਜਿਸ ਦਾ ਸਾਰਾ ਦੋਸ਼ ਆਪ ਹਕੂਮਤ ਦੇ ਸਿਰ ਮੜ੍ਹਦੇ ਹਨ ।

## ਆਦਰਸ਼ਵਾਦ ।

ਆਦਰਸ਼ਵਾਦ ਕੇਵਲ ਕਲਪਨਾ ਦੀ ਚੀਜ਼ ਨਹੀਂ, ਸਗੋਂ ਜੀਵਨ ਅਤੇ ਉਸ ਦੇ ਮੁੱਲਾਂ ਦਾ ਜੀਵਨ ਦੀਆਂ ਕਦਰਾਂ ਕੀਮਤਾਂ ਨਾਲ ਡੂੰਘਾ ਸੰਬੰਧ ਹੈ । ਮਨੁੱਖ ਸਮਾਜ ਵਿਚ ਰਹਿੰਦੇ ਹੋਏ ਸਮਾਜ ਦੀਆਂ ਕਦਰਾਂ ਤੋਂ ਜਾਣੂ ਹੋ ਜਾਂਦਾ ਹੈ ਅਤੇ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ । ਉਹ ਕਦਰਾਂ ਨੂੰ ਜੋ ਬੇਕਾਰ ਹੋ ਗਏ ਹੋਣ, ਰੱਦ ਵੀ ਕਰਦਾ ਹੈ ਅਤੇ ਉਨ੍ਹਾਂ ਦੀ ਥਾਂ ਨਵੀਆਂ ਕਦਰਾਂ ਨੂੰ ਲਿਆਉਣਾ ਚਾਹੁੰਦਾ ਹੈ ।

ਮਨੁੱਖ ਨੂੰ ਜਦੋਂ ਚਾਰੇ ਪਾਸੇ ਦੁੱਖ, ਗਰੀਬੀ, ਬੇਰੁਜ਼ਗਾਰੀ ਆਦਿ ਵਿਖਾਈ ਦਿੰਦੇ ਹਨ ਤਾਂ ਉਹ ਇਨ੍ਹਾਂ ਨੂੰ ਖਤਮ ਕਰਨ ਦੇ ਸੁਪਨੇ ਲੈਂਦਾ ਹੈ । ਉਹ ਇਕ ਆਦਰਸ਼ਵਾਦੀ ਸਮਾਜ ਦਾ ਨਿਰਮਾਣ ਕਰਨਾ ਚਾਹੁੰਦਾ ਹੈ, ਉਸ ਸਮਾਜ ਦੀ ਰੂਪ ਰੇਖਾ ਦੱਸਦਾ ਹੈ । ਅਜਿਹਾ ਸਮਾਜ ਯਥਾਰਥ ਤੋਂ ਟੁੱਟ ਕੇ ਉਸ ਦੇ ਨੇੜੇ ਤੇੜੇ ਰਹਿੰਦਾ ਹੈ । ਪ੍ਰੋ. ਪਿਆਰਾ ਸਿੰਘ ਆਦਰਸ਼ਵਾਦ ਬਾਰੇ ਇਸ ਪ੍ਰਕਾਰ ਲਿਖਦਾ ਹੈ ।

> "ਆਦਰਸ਼ਵਾਦ ਜੀਵਨ ਨੂੰ ਨਵੀਂ ਦ੍ਰਿਸ਼ਟੀ ਤੋਂ ਵੇਖਣ ਤੇ ਜੀਵਨ ਮੁੱਲਾਂ ਨੂੰ ਨਵੇਂ ਰੂਪ ਵਿਚ ਸਥਾਪਿਤ ਕਰਨ ਦਾ ਚਾਹਵਾਨ ਹੁੰਦਾ ਹੈ । ਆਦਰਸ਼ਵਾ ਸਮਾਜਿਕ ਕਮਜ਼ੋਰੀਆਂ ਨੂੰ ਹਮਦਰਦੀ ਪੂਰਵਕ ਦੂਰ ਕਰਨ ਲਈ ਪਿਆਰ ਜਾਂ ਸਹਿਜ ਪਿਆਰ ਦਾ ਰਸਤਾ ਅਖਤਿਆਰ ਕਰਦਾ ਹੈ ।" [1]

ਆਦਰਸ਼ਵਾਦੀ ਲੇਖਕ ਜਦੋਂ ਸਮਾਜ ਵਿਚ ਮਾੜੀਆਂ ਤੇ ਭੈੜੀਆਂ ਕੀਮਤਾਂ ਨੂੰ ਵੇਖਦਾ ਹੈ ਤਾਂ ਉਹ ਇਨ੍ਹਾਂ ਕੀਮਤਾਂ ਨੂੰ ਛੱਡ ਕੇ ਆਪਣੀ ਕਲਪਨਾ ਦੀ ਅਨੁਭੂਤੀ ਵਿਚ ਨਵੀਆਂ ਕੀਮਤਾਂ

---

1 ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ : ਪੰਨਾ 83

ਸਥਾਪਿਤ ਕਰ ਲੈਂਦਾ ਹੈ ਤੇ ਉਨ੍ਹਾਂ ਉਤੇ ਹੀ ਆਪਣੀ ਰਚਨਾ ਦੀ ਉਸਾਰੀ ਕਰਦਾ ਹੈ । ਉਹ ਸਮਾਜਿਕ ਬੁਰਾਈਆਂ ਨੂੰ ਪਿਆਰ ਨਾਲ ਜਾਂ ਆਦਰਸ਼ਕ ਰੂਪ ਨਾਲ ਦੂਰ ਕਰਨ ਤੇ ਜ਼ੋਰ ਦਿੰਦਾ ਹੈ । ਉਨ੍ਹਾਂ ਦੀ ਥਾਂ ਤੇ ਨਵੀਆਂ ਕਦਰਾਂ ਕੀਮਤਾਂ ਨੂੰ ਲਿਆ ਕੇ ਆਦਰਸ਼ਕ ਸਮਾਜ ਦੀ ਉਸਾਰੀ ਕਰਦਾ ਹੈ ।

ਭਾਈ ਵੀਰ ਸਿੰਘ ਦੀਆਂ ਨਾਵਲ ਰਚਨਾਵਾਂ ਵਿਚੋਂ ਆਦਰਸ਼ਵਾਦ ਸਪਸ਼ਟ ਰੂਪ ਨਾਲ ਝਲਕਦਾ ਹੈ । ਜਿਸ ਪ੍ਰਕਾਰ ਸੁੰਦਰੀ ਦੀ ਰਚਨਾ ਦਾ ਮੂਲ ਆਧਾਰ ਇਕ ਇਤਿਹਾਸਕ ਘਟਨਾ ਹੈ, ਜਿਸ ਰਾਹੀਂ ਅਠ੍ਹਾਰਵੀਂ ਸਦੀ ਦਾ ਸਿੱਖ ਆਚਰਣ ਖਾਸ ਕਰਕੇ ਸਿਖਣੀਆਂ ਦੀ ਬੀਰਤਾ ਤੇ ਕੁਰਬਾਨੀ ਇਕ ਆਦਰਸ਼ਕ ਨਮੂਨਾ ਬਣਾ ਕੇ ਪੇਸ਼ ਕੀਤੀ ਹੈ ਤਾਂ ਜੋ ਸਿੱਖ ਪੰਥ ਨੂੰ ਹਲੂਣ ਕੇ ਸੁਚੇਤ ਕੀਤਾ ਜਾਵੇ ਇਸੇ ਆਦਰਸ਼ਵਾਦ ਨੂੰ ਪ੍ਰਗਟਾਉਣ ਦੇ ਨੁਕਤੇ ਤੋਂ ਆਪ ਲਿਖਦੇ ਹਨ :

> " ਇਸ ਪੁਸਤਕ ਵਿਚ ਇਹੋ ਜ਼ੋਰ ਦਿੱਤਾ ਹੈ ਅਰ ਲਿਖਣੇ ਦਾ ਪ੍ਰਯੋਜਨ ਭੀ ਕੇਵਲ ਇਤਨਾ ਹੈ ਕਿ ਕਿਸੇ ਤਰ੍ਹਾਂ ਭਰਾਵਾਂ ਨੂੰ ਆਪਣੇ ਪੈਰਾਂ ਤੇ ਸੰਭਲਣ ਦਾ ਬਲ ਆ ਜਾਵੇ । ਉਹ ਉਚ ਆਦਰਸ਼ ਇਨਸਾਨੀਅਤ ਦਾ, ਉਸ ਨਮੂਨੇ ਦਾ ਜੈਸਾ ਗੁਰੂ ਗੋਬਿੰਦ ਸਿੰਘ ਨੇ ਰਚ ਕੇ ਦੱਸਿਆ ਉਹ ਆਪਣੇ ਪਵਿਤ੍ਰ ਅਤੇ ਅਸਲੀ ਰੂਪ ਵਿਚ ਕਾਇਮ ਰਹੇ ।"[1]

ਜਿਸ ਪ੍ਰਕਾਰ ਉਪਰ ਲਿਖਿਆ ਗਿਆ ਹੈ ਕਿ ਭਾਈ ਸਾਹਿਬ ਆਪਣੀਆਂ ਰਚਨਾਵਾਂ ਰਾਹੀਂ ਆਦਰਸ਼ਵਾਦੀ ਸਮਾਜ ਦੀ ਸਥਾਪਨਾ ਕਰਨੀ ਚਾਹੁੰਦੇ ਹਨ । ਇਹ ਗੱਲ ਇਨ੍ਹਾਂ ਸਤਰਾਂ ਤੋਂ ਸਪਸ਼ਟ ਰੂਪ ਉਜਾਗਰ ਹੁੰਦਾ ਹੈ । ਆਪ ਉਸ ਤਰ੍ਹਾਂ ਦਾ ਇਨਸਾਨ ਪੈਦਾ ਕਰਨਾ ਚਾਹੁੰਦੇ ਹਨ, ਜਿਸ ਤਰ੍ਹਾਂ ਦਾ ਜੈਸਾ, ਪਵਿੱਤਰ ਅਤੇ ਅਸਲੀ ਇਨਸਾਨ ਗੁਰੂ ਗੋਬਿੰਦ ਸਿੰਘ ਨੇ ਰਚਕੇ ਦੱਸਿਆ ਸੀ । ਜਿਸ ਆਦਰਸ਼ ਨੂੰ ਲੋਕ ਭੁੱਲਦੇ ਜਾ ਰਹੇ ਹਨ ਅਤੇ ਭੈੜੇ ਕੰਮਾਂ ਵਿਚ ਪੈ ਕੇ ਫਸ ਰਹੇ ਹਨ ।

' ਸਤਵੰਤ ਕੌਰ ' ' ਬਾਬਾ ਨੌਧ ਸਿੰਘ ', ਇਸੇ ਧਾਰਮਿਕ ਪੱਖ ਤੋਂ ਲਿਖੇ ਗਏ ਨਾਵਲ ਹਨ । ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਸਿੱਖਾਂ ਤੇ ਸਿੱਖਣੀਆਂ ਦੇ ਆਦਰਸ਼ ਚਿਤਰ ਬੜੀ ਸੁਚੱਜਤਾ ਨਾਲ ਉਲੀਕੇ ਗਏ ਹਨ ।

ਸਤਵੰਤ ਕੌਰ ਨਾਵਲ ਵਿਚ ਸਤਵੰਤ ਨੂੰ ਆਪਣੀ ਸਾਰੀ ਉਮਰ ਵਿਚ ਭਾਵੇਂ ਕਿੰਨੀਆਂ ਮੁਸੀਬਤਾਂ ਆਉਂਦੀਆਂ ਹਨ ਪਰ ਉਹ ਆਦਰਸ਼ਾਂ ਨੂੰ ਜਿਵੇਂ - ਮੁਸੀਬਤ ਵਿਚ ਵੀ ਪ੍ਰਭੂ ਦਾ ਨਾਮ ਜਪਦੇ ਰਹਿਣਾ, ਮੁਸੀਬਤ ਵਿਚ ਫਸੇ ਇਨਸਾਨ ਦੀ ਮਦਦ ਕਰਨੀ, ਆਪਣਾ ਧਰਮ ਕਾਇਮ ਰੱਖਣਾ ਆਦਿ

---

1. ਭਾਈ ਵੀਰ ਸਿੰਘ, ਬਿਜੈ ਸਿੰਘ, ਪੰਨਾ 2

ਆਦਰਸ਼ਾਂ ਤੇ ਪੂਰੀ ਸੁਚੇਤਤਾ ਨਾਲ ਪਹਿਰਾ ਦਿੰਦੀ ਹੈ । ਜੋ ਭਾਈ ਸਾਹਿਬ ਦਾ ਮੁੱਖ ਉਦੇਸ਼ ਵੀ ਜਾਪਦਾ ਹੈ ।

ਆਪ ਨੇ ਬਾਬਾ ਨੌਧ ਸਿੰਘ ਜਿਹਾ ਆਦਰਸ਼ ਪਾਤਰ ਪੇਸ਼ ਕਰਕੇ ਵੀ ਇਹੋ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਧਰਮ ਦੀ ਉਨਤੀ ਤੇ ਪ੍ਰਚਾਰ ਲਈ ਇਹੋ ਜਿਹੇ ਆਦਰਸ਼ ਵਿਅਕਤੀਆਂ ਦੀ ਲੋੜ ਹੈ ।

ਭਾਈ ਸਾਹਿਬ ਦੀ ਧਾਰਮਿਕ ਪ੍ਰਭਾਵ ਵਾਲੀ ਵਾਰਤਕ ਨੇ ਸਿੱਖ ਕੌਮ ਵਿਚ ਧਾਰਮਿਕ ਅਤੇ ਆਦਰਸ਼ਵਾਦ ਦਾ ਰੰਗ ਲੈ ਆਉਂਦਾ । ਸਿੱਖ ਪੰਥ ਦੇ ਭਾਈਚਾਰਕ ਜਗਤ ਦਾ ਇਕ ਵੱਡਾ ਕਾਰਨ ਭਾਈ ਸਾਹਿਬ ਦੀ ਅਤਿ ਪ੍ਰਤਿਭਾਸ਼ਾਲੀ ਲੇਖਣੀ ਹੈ ।

ਭਾਈ ਸਾਹਿਬ ਦੇ ਪਿਛੋਕੜ ਵਿਚ ਅਠ੍ਹਾਰਵੀਂ ਸਦੀ ਦਾ ਸਿੱਖ ਇਤਿਹਾਸ ਹੈ, ਜਿਸ ਦੀ ਓਟ ਲੈ ਕੇ ਭਾਈ ਸਾਹਿਬ ਨੇ ਆਦਰਸ਼ਕ ਸਿੰਘਾਂ ਤੇ ਸਿੰਘਣੀਆਂ ਦੀ ਜੀਵਨ ਚਿਤਰਿਆ ਹੈ । ਆਪਣੇ ਸਮਕਾਲੀ ਸਿੱਖਾਂ ਦੀ ਅਗਵਾਈ ਲਈ ਭਾਈ ਸਾਹਿਬ ਕੁਝ ਆਦਰਸ਼ਕ ਨਮੂਨੇ ਪੇਸ਼ ਕਰਨਾ ਚਾਹੁੰਦੇ ਸਨ । ਇਸ ਲਈ ਆਪ ਲਿਖਦੇ ਹਨ :

> " ਜੋ ਕਸ਼ਟ ਹੋਣੀਆਂ ਪੰਥ ਉਤੇ ਕਠਨ ਸਮੇਂ ਵਾਪਰਦੀਆਂ ਰਹੀਆਂ ਹਨ, ਉਹ ਮੁੜ ਆਉਣ ਵਾਲੀਆਂ ਹਨ । ਇਨ੍ਹਾਂ ਦੁਖਦਾਈ ਹੋਣੀਆਂ ਨੇ ਪੁਰਾਣੇ ਇਤਿਹਾਸਿਕ ਵਾਕਿਆਤ ਨੂੰ ਮੁੜ ਦੁਹਰਾ ਦਿੱਤਾ ਹੈ । ਕੌਮ ਇਸ ਵੇਲੇ ਦੁੱਖਾਂ ਦੇ ਮੂੰਹ ਵਿਚ ਆ ਪਈ ਹੈ । ਆਸ ਹੈ ਕਿ ਪੁਰਾਣੇ ਸਿੱਖ ਸੂਰਿਆਂ ਦੇ ਹਾਲਾਤ ਜੋ ਇਸ ਪੋਥੀ ਵਿਚ ਹਨ, ਸਹਾਰਾ ਦੇਣਗੇ ਤੇ ਰਹਿਨੁਮਾਈ ਕਰਨ ਗੇ । ਕਿ ਕੁਰਬਾਨੀ ਦਾ ਆਸਰਾ, ਇਖਲਾਕ ਦੀ ਉਚਤਾ, ਪ੍ਰਸਪਰ ਪ੍ਰੇਮ ਤੇ ਸਾਰੇ ਕੌਮਾਂ ਲਈ ਕੁਰਬਾਨੀ ਪੰਥ ਨੂੰ ਉਚਿਆਂ ਨੇ ਨਿਰਨੇਗੀ ਤੇ ਸਲਾਮਤੀ ਬਖਸ਼ੇਗੀ ।"[1]

ਭਾਈ ਵੀਰ ਸਿੰਘ ਸੁਚੇਤ ਰੂਪ ਵਿਚ ਪੁਰਾਣੇ ਆਦਰਸ਼ਕ ਸਿੱਖਾਂ ਦਾ ਜੀਵਨ ਪੇਸ਼ ਕਰਕੇ ਅੱਜ ਦੇ ਸਿੱਖਾਂ ਨੂੰ ਉਸ ਤਰ੍ਹਾਂ ਦਾ ਬਣਨ ਦੀ ਪ੍ਰੇਰਨਾ ਦਿੰਦੇ ਹਨ ।

ਆਦਰਸ਼ਵਾਦ ਕਿਉਂਕਿ ਸਭ ਤੋਂ ਵਧੀਆ ਅਤੇ ਸਭ ਤੋਂ ਉਚੀ ਚੀਜ਼ ਜਾਂ ਗੱਲ ਦਾ ਪ੍ਰੇਮ ਹੈ ਅਤੇ ਉਸ ਦੀ ਹੀ ਤਲਾਸ਼ ਹੈ । ਇਹ ਕਲਪਨਾ ਉਪਰ ਬਹੁਤ ਜਿਆਦਾ ਜ਼ੋਰ ਦਿੰਦਾ ਹੈ । ਜਿਹੜਾ

---

1. ਭਾਈ ਵੀਰ ਸਿੰਘ : ਬਿਜੈ ਸਿੰਘ ' ਪੰਨਾ

ਇਕ ਅਜਿਹਾ ਖਾਸ ਗੁਣ ਹੈ ਜਿਹੜਾ ਉੱਚਤਾ ਜਾਂ ਆਦਰਸ਼ ਦੇ ਪਿਛੇ ਦੌੜਦਾ ਹੈ । ਇਹ ਇਕ ਅਜਿਹੀ ਫਿਲਾਸਫੀ ਹੈ ਜਿਹੜੀ ਇਹ ਖਿਆਲ ਕਰਦੀ ਹੈ ਕਿ ਸਾਰੀ ਵਾਸਤਵਿਕਤਾ ਤੇ ਪਦਾਰਥ ਸਰੂਪ ਦੇ ਪਿੱਛੇ ਮਨੋ-ਆਧਾਰਿਤ ਹੈ । ਇਹ ਇਕ ਅਜਿਹੀ ਪ੍ਰਣਾਲੀ ਹੈ ਜਿਹੜੀ ਇਸ ਵਿਸ਼ਵਾਸ਼ ਉਪਰ ਆਧਾਰਿਤ ਹੈ ਕਿ ਖਿਆਲ ਜਾਂ ਵਿਚਾਰ ਹੀ ਗਿਆਨ ਜਾਂ ਹੋਂਦ ਦਾ ਆਧਾਰ ਹੈ ।

ਭਾਈ ਸਾਹਿਬ ਵੀ ਆਪਣੀਆਂ ਰਚਨਾਵਾਂ ਰਾਹੀਂ ਸਭ ਤੋਂ ਵਧੀਆ ਰਾਹ ਭਾਵ ਸਿਰਫ ਪਰਮਾਤਮਾ ਨਾਲ ਪ੍ਰੇਮ ਕਰਨ ਤੇ ਹੀ ਜ਼ੋਰ ਦਿੰਦੇ ਹਨ । ਇਸੇ ਤਰ੍ਹਾਂ ਨੈਤਿਕ ਆਦਰਸ਼ਾਂ ਤੇ ਜ਼ੋਰ ਦੇਣਾ ਆਪ ਦੇ ਆਦਰਸ਼ਵਾਦ ਦਾ ਇਕ ਹੋਰ ਪਹਿਲੂ ਹੈ ।

ਪੂਰਨ ਸਿੰਘ ਦੀ ਰਚਨਾਂ ਵੀ ਆਦਰਸ਼ਵਾਦ ਬਾਰੇ ਉਚੇਰੀਆਂ ਕਦਰਾਂ ਕੀਮਤਾਂ ਦੀ ਹਾਮੀ ਹੈ । ਉਹ ਮਨੁੱਖ ਨੂੰ ਖੁਦਗਰਜ਼ ਨਹੀਂ ਸਗੋਂ ਪਰਉਪਕਾਰੀ ਬਣਿਆ ਵੇਖਣਾ ਚਾਹੁੰਦੇ ਹਨ । ਉਹ ਉਸ ਬੰਦੇ ਨੂੰ ਹੀ ਆਦਰਸ਼ ਮਨੁੱਖ ਮੰਨਦਾ ਹੈ, ਜਿਸ ਦਾ ਹਿਰਦਾ ਭਾਵਾਂ ਦੀ ਦੌਲਤ ਨਾਲ ਮੂੰਹੋ ਮੂੰਹ ਭਰਿਆ ਹੋਵੇ, ਜਿਹੜਾ ਦੁਨਿਆਂ ਲਈ ਕੁਝ ਕਰ ਸਕਦਾ ਹੈ ।

ਆਦਰਸ਼ਕ ਮਨੁੱਖ ਦਾ ਸੰਕਲਪ ਪੇਸ਼ ਕਰਦਿਆਂ ਉਹ ਕਿਸੇ ਧਰਮ, ਮਜ਼੍ਹਬ ਜਾਂ ਫਿਰਕੇ ਦਾ ਖੰਡਨ ਨਹੀਂ ਕਰਦਾ ਭਾਵੇਂ ਉਸ ਦੇ ਸਾਰੇ ਹੀ ਸਮਕਾਲੀ ਲਗਭਗ ਇਸ ਕਮਜ਼ੋਰੀ ਦਾ ਸ਼ਿਕਾਰ ਹਨ । ਉਨ੍ਹਾਂ ਦੇ ਉਲਟ ਪੂਰਨ ਸਿੰਘ ਦੀਆਂ ਲਿਖਤਾਂ ਵਿਚ ਵਰਤੇ ਗਏ ਹਵਾਲੇ, ਸੁਣਾਈਆਂ ਘਟਨਾਵਾਂ ਅਤੇ ਦਿੱਤੀਆਂ ਮਿਸਾਲਾਂ ਵਿਚ ਉਸ ਦੀ ਨਿਰਪੱਖ, ਨਿਰਛਲ ਤੇ ਸੁਤੰਤਰ ਬੁੱਧੀ ਮਿਲਦੀ ਹੈ । ਆਪ ਲਿਖਦੇ ਹਨ :

> " ਸਾਡੇ ਅੰਦਰ ਨਾਦਕ ਖਿਆਲੀ ਹੋਵੇ ਜਿਹੜੀ ਕਿਸੀ ਕਿਸਮ ਦੀ ਮੈਲ, ਮੰਦਪੁਣਾ। ਕਰੂਪਤਾ, ਕੋਝ ਸਹਾਰ ਨਾ ਸਕੇ । ਇਮਾਰਤ ਟੇਢੀ ਜਿਹੀ ਟੇਢੀ ਬਣਾ ਨਾ ਸਕੇ, ਗਲੀ ਗੰਦੀ ਵੇਖ ਨਾ ਸਕੇ, ਅੰਦਰ ਗੰਦ ਮੰਦ ਨਾ ਹੋਵੇ, ਬਾਹਰ ਨਾ ਹੋਵੇ, ਸ਼ਾਹਿਰ ਦਾ ਸਰੀਰ ਵੀ ਸੁਹਣਾ ਚਮਕੇ ਨਰੋਆ ਕੋਈ ਵਧੀ ਨਾ ਜਾਵੇ ।" [1]

ਪ੍ਰੋ. ਪੂਰਨ ਸਿੰਘ ਉਸੇ ਬੰਦੇ ਨੂੰ ਆਦਰਸ਼ਕ ਮਨੁੱਖ ਗਿਣਦੇ ਹਨ ਜੋ ਅੰਦਰੋਂ, ਬਾਹਰੋਂ ਸੁੱਚਾ ਹੋਵੇ । ਭਾਵ ਇਸ ਤਰ੍ਹਾਂ ਦੇ ਬੰਦੇ ਦੀ ਉਹ ਨਿਖੇਧੀ ਕਰਦੇ ਹਨ ਜੋ ਬਾਹਰੋ ਤਾਂ ਸੰਤ ਦਾ ਵਿਖਾਵਾ ਕਰਦਾ ਹੋਵੇ, ਪਰ ਉਸ ਦਾ ਅੰਦਰ ਕੂੜ ਨਾਲ ਭਰਿਆ ਹੋਵੇ ਤੇ ਨੇਕਾਈ ਨਾਲ ਬੇਇਨਸਾਫੀਆਂ ਬੇਈ-ਮਾਨੀਆਂ ਕਰਦਾ ਹੋਵੇ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 66

ਪੂਰਨ ਸਿੰਘ ਆਦਰਸ਼ ਸਮਾਜ ਬਣਾਉਣ ਲਈ ਆਪਣਾ ਆਪ ਹੀ ਵਾਰ ਦੇਣਾ ਚਾਹੁੰਦੇ ਹਨ । ਉਸ ਨੂੰ ਸੱਚਾ ਜੀਵਨ ਜਿਉਂਦੇ ਉਹ ਹੀ ਪ੍ਰਤੀਤ ਹੁੰਦੇ ਹਨ, ਜਿਨ੍ਹਾਂ ਨੇ ਆਪਣਾ ਜੀਵਨ ਆਦਰਸ਼ ਲਈ ਗੁਆ ਦਿੱਤਾ ਹੁੰਦਾ ਹੈ । ਆਪ ਲਿਖਦੇ ਹਨ :

> " ਜਿਹੜਾ ਅੰਦਰੋਂ ਬਾਹਰੋਂ ਸਿੱਠਾ ਹੈ ਤੇ ਸਿੱਠੇ ਬਚਨ ਕਰਦਾ ਹੈ, ਉਹ ਕੁਦਰਤ ਦੀ ਧੜਕਨ ਵਿਚ ਆਪਣੇ ਦਿਲ ਦੀ ਧੜਕਨ ਸੁਣ ਰਿਹਾ ਹੁੰਦਾ ਹੈ ।" [1]

ਕਿਰਤ ਕਰਨੀ ਤੇ ਵੰਡ ਛਕਣਾ ਗੁਰਮਤਿ ਦਾ ਇਕ ਵੱਡਾ ਅਸੂਲ ਹੈ । ਕਿਰਤ ਦੇ ਕਿਹੜੇ ਕੁ ਲਾਭ ਹਨ ? ਅਤੇ ਕਿਰਤ ਮਨੁੱਖ ਲਈ ਕਿੰਨੀ ਕੁ ਲੋੜੀਂਦੀ ਹੈ ? ਇਸ ਸੰਬੰਧੀ ਪੂਰਨ ਸਿੰਘ ਦੇ ਵਿਚਾਰ ਵੇਖੋ :

> " ਮਾਨਸਿਕ ਜੀਵਨ ਕਿੰਨਾ ਹੀ ਉਚਾ ਕਿਉਂ ਨਾ ਹੋਵੇ ਰੂਹ ਨੂੰ ਸਾਫ ਨਹੀਂ ਕਰਦਾ, ਮੈਲਾ ਕਰਦਾ ਹੈ । ਪਰ ਸਰੀਰ ਨਾਲ ਕੀਤੀ ਕਿਰਤ ਆਪ ਮੁਹਾਰੀ ਜਿਸ ਤਰ੍ਹਾਂ ਬ੍ਰਿਛ ਉਤੇ ਫਲ ਆਉਣ ਲਗਦੇ ਹਨ। ਸਿਦਕ ਤੇ ਪਿਆਰ ਤੇ ਰੱਬ ਦੀ ਰੰਗਤਾਂ ਵਿਚ ਜੀਣ ਲੱਗ ਪੈਂਦੀ ਹੈ ।" [2]

ਪੂਰਨ ਸਿੰਘ ਦਾ ਇਹੋ ਆਦਰਸ਼ ਹੈ ਕਿ ਉਹ ਆਪਣੇ ਹੱਥੀਂ ਕਿਰਤ ਕਰਨ ਨੂੰ ਹੀ ਰੱਬ ਦੀ ਪੂਜਾ ਦੇ ਸਮਾਨ ਸਮਝਦਾ ਹੈ । ਇਸ ਤਰ੍ਹਾਂ ਆਪ ਅਨੁਸਾਰ ਸੁੱਚੇ ਮਨ ਤੇ ਦਸਾਂ ਨੌਹਾਂ ਦੀ ਮਿਹਨਤ ਨਾਲ ਕੀਤੀ ਕਿਰਤ ਨੂੰ ਇਕ ਨਾ ਇਕ ਦਿਨ ਜ਼ਰੂਰ ਫਲ ਲਗਦਾ ਹੈ ।

## ਮਾਨਵਤਾਵਾਦ :

ਮਾਨਵ ਪ੍ਰੇਮ, ਉਦਾਰਤਾ, ਅਤੇ ਵਿਸ਼ਵ ਬੰਧੂਤਵ ਜਿਹੀਆਂ ਭਾਵਨਾਵਾਂ ਨੂੰ ਮਾਨਵਵਾਦੀ ਲੇਖਕ ਭਰਪੂਰ ਰੂਪ ਵਿਚ ਪ੍ਰਗਟਾਉਂਦੇ ਹਨ । ਮਾਨਵਵਾਦ ਲੇਖਕ ਦਾ ਇਹ ਵੀ ਗੁਣ ਹੈ ਕਿ ਉਹ ਧਰਮਾਂ, ਨਸਲਾਂ, ਰੰਗਾਂ ਦੇ ਫਰਕ ਤੋਂ ਉਠ ਕੇ ਸੋਚਦਾ ਹੈ । ਉਹ ਸਮੂਹ ਮਨੁੱਖਤਾ ਨੂੰ ਹੀ ਨਵੀਂ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 134
2. - ਉਹੀ - : ਪੰਨਾ 106

ਸਾਰੀ ਕਾਇਨਾਤ ਨੂੰ ਪਿਆਰ ਕਰਦੇ ਹਨ । ਉਨ੍ਹਾਂ ਵਾਸਤੇ ਇਕ ਸ਼ੈ ਵਿਚ ਇਕ ਰੌ ਵਿਚਰ ਰਹੀ ਹੈ ।

ਮਾਨਵਵਾਦੀ ਲੇਖਕ ਜਦੋਂ ਆਦਰਸ਼ਵਾਦ ਨੂੰ ਟੁੱਟਿਆ ਵੇਖਦੇ ਹਨ ਤਾਂ ਉਨ੍ਹਾਂ ਵਿਚ ਕਰੁਣਾ, ਵੇਦਨਾ ਅਤੇ ਵਿਸ਼ਾਦ ਦੀ ਵਿਆਪਕ ਭਾਵਨਾ ਅਧੇ ਉਭਰਦੀ ਜਾਂਦੀ ਹੈ । ਮਾਨਵਵਾਦ ਇਕ ਸਦਾਚਾਰ ਤੇ ਸਮਾਜਿਕ ਪ੍ਰੋਗਰਾਮ ਦਾ ਨਾਂ ਹੈ । ਜਿਸ ਦਾ ਟੀਚਾ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾਉਣਾ ਅਤੇ ਉਸ ਦੇ ਕਲਿਆਣ ਨੂੰ ਵਧਾਉਣਾ ਹੈ ।

ਐਨਸਾਈਕਲੋਪੀਡੀਆ ਰਿਲੀਜਨ ਐਂਡ ਇਥੀਕਸ ਵਿਚ ਮਾਨਵਵਾਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ :

> " ਮਾਨਵਵਾਦ ਵਿਸ਼ਿਸ਼ਟ ਦਰਸ਼ਨ ਮਨੋ-ਸਥਿਤੀ ਹੈ, ਜਿਸ ਵਿਚ ਮਾਨਵੀ ਅਨੁਭੂਤੀਆਂ ਦੀ ਵਿਆਖਿਆ ਨੂੰ ਤੱਤ ਦਰਸ਼ਨ ਦਾ ਪਹਿਲਾ ਕਾਰਜ ਸਮਝਿਆ ਗਿਆ ਹੈ । ਮਾਨਵਵਾਦੀ ਦੀ ਇਹ ਮੁਲਭੂਤ ਮਾਨਤਾ ਹੈ ਕਿ ਸਤਿ ਅਤੇ ਅਸਲੀਅਤ ਮਾਨਵ ਦੇ ਲਈ ਹਨ, ਮਾਨਵ ਦੁਆਰਾ ਪ੍ਰਾਪਤ ਹੁੰਦੇ ਹਨ ਅਤੇ ਮਾਨਵ ਵਿਕਾਸ ਦਾ ਸਾਧਨ ਹਨ ।"[1]

ਮਾਨਵਵਾਦ ਵਿਸ਼ੇਸ਼ ਦਾਰਸ਼ਨਿਕ ਮਨ-ਸਥਿਤੀ ਹੈ ਜਿਸ ਵਿਚ ਮਾਨਵੀ ਅਨੁਭੂਤੀਆਂ ਦੀ ਵਿਆਖਿਆ ਨੂੰ ਤੱਤ ਦਰਸ਼ਨ ਦਾ ਪਹਿਲਾ ਕਾਰਜ ਸਮਝਿਆ ਗਿਆ ਹੈ । ਮਾਨਵਵਾਦੀ ਲਈ ਇਹ ਮੁਲਭੂਤ ਧਾਰਨਾ ਹੈ ਕਿ ਸਤ ਅਤੇ ਅਸਲੀਅਤ ਮਾਨਵ ਦੇ ਲਈ ਹਨ, ਮਾਨਵ ਦੁਆਰਾ ਪ੍ਰਾਪਤ ਹੁੰਦੇ ਹਨ ਅਤੇ ਮਾਨਵ ਵਿਕਾਸ ਦਾ ਸਾਧਨ ਹਨ । ਮਾਨਵਵਾਦ ਮਨੁੱਖ ਦੇ ਅੰਦਰਲੇ ਪੱਖ ਧਾਰਮਿਕ ਅਤੇ ਸਦਾਚਾਰਕ ਕੀਮਤਾਂ ਉਤੇ ਜ਼ੋਰ ਦਿੰਦਾ ਹੈ । ਇਹ ਇਕ ਨੈਤਿਕ ਸਿਧਾਂਤ ਹੈ ਜਿਸ ਵਿਚ ਮਨੁੱਖ ਦੀਆਂ ਅੰਤਰੀਵੀ ਸ਼ਕਤੀਆਂ ਨੂੰ ਜਾਗ੍ਰਤ ਕਰਨਾ ਹੀ ਮੂਲ ਆਦੇਸ਼ ਹੁੰਦਾ ਹੈ ਤਾਂ ਜੋ ਉਹ ਹਰ ਕਾਮਿਲ ਪ੍ਰਾਣੀ ਤੇ ਮੁਕੰਮਲ ਸ਼ਕਤੀ ਬਣ ਸਕੇ ।

ਮਨੁੱਖ ਜਿਥੇ ਆਪ ਸੁਤੰਤਰ ਹੈ, ਉਥੇ ਉਸ ਦੀਆਂ ਸਾਥੀ ਮਨੁੱਖ ਤੇ ਮਨੁੱਖੀ ਸਮਾਜ ਪ੍ਰਤਿ ਦੇਣਦਾਰੀਆਂ ਵੀ ਹਨ । ਇਸ ਲਈ ਮਾਨਵਤਾਵਾਦ ਇਕ ਸਦਾਚਾਰਕ ਤੇ ਸਮਾਜਿਕ ਪ੍ਰੋਗਰਾਮ ਦਾ ਨਾਂ ਹੈ, ਜਿਸ ਦਾ ਟੀਚਾ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾਉਣਾ ਅਤੇ ਉਸ ਦੇ ਕਲਿਆਣ ਨੂੰ ਵਧਾਉਣਾ ਹੈ ।

---

1.Encyclopaedia of Religion and Ethics, Vol.6, P-830

ਇਸ ਪੱਖ ਨੂੰ ਸਮਝ ਕੇ ਹੀ ਭਾਈ ਸਾਹਿਬ ਦੇ ਮਨੁੱਖੀ ਖੁਸ਼ਹਾਲੀ, ਉਚਤਾ, ਵਿਕਾਸ ਅਤੇ ਉਸ ਦੇ ਨਵ - ਨਿਰਮਾਣ ਦੇ ਨਜ਼ਰੀਏ ਨੂੰ ਵੇਖਿਆ ਜਾ ਸਕਦਾ ਹੈ, ਜੋ ਉਨ੍ਹਾਂ ਦੇ ਮਾਨਵਵਾਦੀ ਭਾਵਾਂ ਦਾ ਮੂਲ ਆਧਾਰ ਬਣਦਾ ਹੈ ।

ਭਾਈ ਸਾਹਿਬ ਦੇ ਮਾਨਵ ਨਵ-ਨਿਰਮਾਣ ਦੇ ਦ੍ਰਿਸ਼ਟੀਕੋਣ ਨੂੰ ਪ੍ਰੇਰਿਤ ਕਰਨ ਵਿਚ ਕਵੀ ਦਾ ਆਪਾ ਤੇ ਯੁੱਗ ਦੀਆਂ ਪ੍ਰਸਥਿਤੀਆਂ ਹਿੱਸਾ ਪਾਉਂਦੀਆਂ ਹਨ । ਦੇਸੀ ਸਰਬ ਦੇਸਿਕ, ਰਾਸ਼ਟਰੀ ਅੰਤਰ ਰਾਸ਼ਟਰੀ ਹਰ ਘਟਨਾ ਉਨ੍ਹਾਂ ਦੇ ਹਿਰਦੇ ਨੂੰ ਛੂਹ ਜਾਂਦੀ ਹੈ । ਉਨ੍ਹਾਂ ਦੀ ਨਿਰਖਣ ਸ਼ਕਤੀ ਵੀ ਡੂੰਘੀ ਤੇ ਸੂਖਮ ਹੈ । ਚੋਟੀਆਂ ਤੇ ਭਾਵਾਂ ਦੇ ਬਹਰੂਨੀ ਰੂਪ ਪਿਛੇ ਕਿਰਿਆਸ਼ੀਲ ਪ੍ਰੇਰਿਕ ਸ਼ਕਤੀਆਂ ਨੂੰ ਜਾਂ ਰੂਹ ਨੂੰ ਉਨ੍ਹਾਂ ਦੀ ਸਮਦਰਸ਼ੀ ਅੱਖ ਝੱਟ ਪਕੜਦੀ ਹੈ । ਇਸ ਤਰ੍ਹਾਂ ਉਹ ਆਪਣੇ ਯੁੱਗ ਦੇ ਸਮੂਹ ਮਸਲਿਆਂ ਦੇ ਸੂਖਮ ਸੂਤਰ ਫੜ ਕੇ ਸ਼ਾਇਰਾਨਾ ਅੰਦਾਜ਼ ਵਿਚ ਆਪਣਾ ਪ੍ਰਤਿਕਰਮ ਅੰਕਿਤ ਕਰ ਜਾਂਦੇ ਹਨ । ਉਹ ਆਪਣੇ ਸਮਕਾਲੀ ਯੁੱਗ ਦੀਆਂ ਨਵੀਆਂ ਲੋੜਾਂ ਤੋਂ ਸੁਚੇਤ ਹਨ ।

ਭਾਈ ਸਾਹਿਬ ਦੇ ਮਾਨਵ ਪਿਆਰ ਵਿਚ ਬੁੱਧੀਵਾਦ ਤੇ ਪਿਆਰ ਦੋਨ ਕਿਰਿਆਸ਼ੀਲ ਹਨ । ਬੁੱਧੀ ਬਲ ਨਾਲ ਭਾਈ ਸਾਹਿਬ ਆਪਣੇ ਯੁੱਗ ਦੇ ਵਿਅਕਤੀ ਦਾ ਅੰਦਾਜ਼ਾ ਲਾਉਂਦੇ ਹਨ, ਵਿਅਕਤੀ ਦੀ ਸਥਿਤੀ, ਵਿਅਕਤੀ ਦੇ ਪਰਸਪਰ ਪ੍ਰਤੀਕਰਮ, ਸਮਾਜ ਦੀ ਅਵਸਥਾ, ਸਮਾਜਿਕ ਢਾਂਚਾ ਉਸ ਵਿਚ ਮਨੁੱਖ ਦੀ ਹੈਸੀਅਤ ਅਤੇ ਸਮਾਜ ਦੀਆਂ ਸੰਚਾਲਕ ਸ਼ਕਤੀਆਂ ਇਸ ਸਭ ਕੁਝ ਦੀ ਭਾਈ ਸਾਹਿਬ ਪੂਰੇ ਗਹੁ ਨਾਲ ਘੋਖ ਕਰਦੇ ਹਨ । ਉਹ ਸਮਾਜ ਦੀਆਂ ਕਮਜ਼ੋਰੀਆਂ, ਉਣਤਾਈਆਂ, ਅਤੇ ਉਕਤਾਈਆਂ ਨੂੰ ਸਮਝਦੇ ਹਨ । ਭਾਈ ਸਾਹਿਬ ਦਾ ਕਹਿਣਾ ਹੈ ਕਿ ਕਿਸੇ ਦਾ ਅੰਨ ਪਾਲਣਾ, ਉਸ ਤੇ ਕਸ਼ਟ ਆਉਣ ਸਮੇਂ ਆਪਣਾ ਆਪ ਕੁਰਬਾਨ ਕਰ ਦੇਣਾ ਹੀ ਅਸਲੀ ਮਾਨਵਤਾਵਾਦ ਹੈ । ਆਪ ਲਿਖਦੇ ਹਨ :

> " ਸਿੱਖਾਂ ਦਾ ਧਰਮ ਇਹ ਹੈ ਕਿ ਕਿਰਤ ਕਰਕੇ, ਕਮਾਂ ਕੇ ਖਾਣ, ਜੇ ਨੌਕਰੀ ਕਰਨ ਤਾਂ ਮਾਲਕ ਦੇ ਪਾਣੀ ਦੀ ਥਾਂ ਲਹੂ ਡੋਲਣ ।"[1]

ਭਾਈ ਸਾਹਿਬ ਨਵੇਂ ਸਮਾਜ ਦਾ ਆਦਰਸ਼ ਪੇਸ਼ ਕਰਦੇ ਹਨ । ਉਨ੍ਹਾਂ ਦਾ ਸੁਪਨਿਆਂ ਦਾ ਸਮਾਜ ਕਲਪਨਾ ਦਾ ਸਮਾਜ ਹੈ । ਆਪ ਇਸ ਪ੍ਰਕਾਰ ਦੇ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਹਨ ਜਿਸ ਵਿਚ ਸਭ ਤੋਂ ਉਤੇ " ਪਿਆਰ " ਨੂੰ ਥਾਂ ਮਿਲੇ । ਭਾਈ ਵੀਰ ਸਿੰਘ ਚਾਹੁੰਦਾ ਹੈ ਕਿ

---

1. ਭਾਈ ਵੀਰ ਸਿੰਘ, ਬਾਬਾ ਨੌਧ ਸਿੰਘ : ਪੰਨਾ 41

ਜੇ ਸਾਰੇ ਸਮਾਜ ਵਿਚ ਬਾਬਾ ਨੌਧ ਸਿੰਘ ਵਰਗੇ ਬੰਦੇ ਹੋਣ ਤਾਂ ਉਹ ਸਮਾਜ ਆਦਰਸ਼ਕ ਬਣ ਜਾਵੇ । ਆਪ ਸਾਹਿਬ ਸਿੰਘ ਦੇ ਮੂੰਹੋਂ ਅਖਵਾਉਂਦੇ ਹਨ :

> " ਬਾਬਾ ! ਤੂੰ ਬੜਾ ਮਰਦ ਹੈ । ਮੈਂ ਨਹੀਂ ਸਾਂ ਸਮਝ ਸਕਦਾ ਕਿ ਤੁਹਾਡੇ ਪਿੰਡ ਵਿਚ ਸ਼ਰਾਰਤ ਕਿਉਂ ਨਹੀਂ ? ਇਹ ਤੇਰੇ ਦਮ ਦੀ ਬਰਕਤ ਹੈ, ਜਿਸ ਨੂੰ ਹਿੰਦੂ, ਮੁਸਲਮਾਨ ਇੰਨੇ ਪਿਆਰੇ ਹਨ, ਜਿੰਨੇ ਕਿ ਆਪਣੇ ਘਰ ਦੇ ਬੰਦੇ ਹੁੰਦੇ ਹਨ । ਸੱਚ ਕਹਿੰਦੇ ਹਨ ਕਿ ਬੇਲੇ ਵਿਚ ਇਕ ਸ਼ੇਰ ਤੇ ਸ਼ਹਿਰ ਵਿਚ ਇਕ ਮਰਦ ਰਾਜ ਕਰਦਾ ਹੈ । ਤੇਰਾ ਰਾਜ ਮਨੁੱਖਾਂ ਦੇ ਦਿਲ ਵਿਚ ਹੈ । ਤੇਰੇ ਵਰਗੇ ਪਿਆਰ ਵਾਲੇ ਬੰਦੇ ਜੇ ਪਿੰਡ ਪਿੰਡ ਵਿਚ ਹੋਣ ਤਾਂ ਸਾਡੀ ਲੋੜ ਕਾਈ ਨਾ ਰਹੇ ।"[1]

ਮਨੁੱਖ ਜਿਥੇ ਸੁਤੰਤਰ ਹੈ ਉਥੇ ਉਸ ਦੀਆਂ ਸਾਰੇ ਮਨੁੱਖ ਤੇ ਮਨੁੱਖੀ ਸਮਾਜ ਪ੍ਰਤਿ ਦੇਣਦਾਰੀਆਂ ਵੀ ਹਨ । ਇਸੇ ਲਈ ਮਾਨਵਵਾਦ ਇਕ ਸਦਾਚਾਰਕ ਤੇ ਸਮਾਜਿਕ ਪ੍ਰੋਗਰਾਮ ਦਾ ਨਾਂ ਹੈ, ਜਿਸ ਦਾ ਟੀਚਾ ਮਨੁੱਖਤਾ ਦੇ ਦੁੱਖ, ਦਰਦ ਨੂੰ ਘਟਾਉਣਾ ਅਤੇ ਉਸ ਦੇ ਕਲਿਆਣ ਨੂੰ ਵਧਾਉਣਾ ਹੈ । ਇਸ ਪੱਖ ਨੂੰ ਸਮਝਕੇ ਭਾਈ ਸਾਹਿਬ ਦੇ ਮਨੁੱਖ ਖੁਸ਼ਹਾਲੀ, ਉਚਤਾ, ਵਿਕਾਸ ਅਤੇ ਨਵ - ਨਿਰਮਾਣ ਦੇ ਨਜ਼ਰੀਏ ਨੂੰ ਵੇਖਿਆ ਜਾ ਸਕਦਾ ਹੈ । ਆਪ ਅਨੁਸਾਰ :

> " ਪਿਆਰੇ ਖਾਲਸਾ ਜੀ ! ਪਰਸਪਰ ਹਮਦਰਦੀ ਦੇ ਅਸੂਲਾਂ ਨੂੰ ਸਮਝ ਕੇ ਅਧਿਕਾਰੀ ਭਰਾਵਾਂ ਨਾਲ ਰਲ ਵਰਤੋ, ਦ੍ਵੈਖ ਤੋਂ ਬਚੋ, ਭਰਮ ਨਾ ਕਰੋ, ਨਾ ਭਰਮ ਵਿਚ ਪਵੋ ।"[2]

ਭਾਈ ਸਾਹਿਬ ਦੀ ਅਨੁਭੂਤੀ ਤੇ ਅਭਿਵਿਅਕਤੀ ਵਿਚ ਮਾਨਵਤਾਵਾਦੀ ਰੰਗ ਦੀ ਗੂੜ੍ਹੀ ਭਾਹ ਉਘੜਦੀ ਦਿਸਦੀ ਹੈ । ਭਾਈ ਸਾਹਿਬ ਦੇ ਮਾਨਵਤਾਵਾਦ ਵਿਚ ਬੌਧਿਕਤਾ, ਰਹੱਸਵਾਦ ਅਧਿਆਤਮਿਕਤਾ, ਯਥਾਰਥ ਤੇ ਆਦਰਸ਼ ਦੇ ਮਿਲੇ ਜੁਲੇ ਬੀਜ ਹਨ , ਜਿਹੜੇ ਕਿਸੇ ਮੱਤਵਾਦ ਦੇ ਘੇਰੇ ਤੋਂ ਉਪਰ ਹਨ ਅਤੇ ਜਿਨ੍ਹਾਂ ਦਾ ਇਕੋ ਇਕ ਉਦੇਸ਼ ਮਾਨਵ ਮਾਤਰ ਨੂੰ ਵਿਸ਼੍ਵ - ਵਿਆਪੀ ਸਰਬ ਸਾਂਝੀ - ਵਾਲਤਾ ਦੀ ਭਾਵਨਾ ਪ੍ਰਦਾਨ ਕਰਕੇ ਇਕ ਅਜਿਹੇ ਸਮਾਜ ਦੀ ਨਵ - ਉਸਾਰੀ ਕਰਨਾ ਹੈ ਜਿਸ ਵਿਚ

---

1. ਭਾਈ ਵੀਰ ਸਿੰਘ, ਬਾਬਾ ਨੌਧ ਸਿੰਘ : ਪੰਨਾ 41
2. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 105

ਹਰ ਵਿਅਕਤੀ ਅਜ਼ਾਦੀ, ਕਲਿਆਣ, ਭਲਾਈ, ਖੁਸ਼ੀ, ਖੇੜਾ ਤੇ ਆਤਮ ਗੌਰਵ ਪ੍ਰਾਪਤ ਕਰ ਸਕੇ ।

ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਵਿਚੋਂ ਉਨ੍ਹਾਂ ਕੀਮਤਾਂ ਦਾ ਬੜਾ ਸ਼ਕਤੀਸ਼ਾਲੀ ਪ੍ਰਗਟਾਉ ਮਿਲਦਾ ਹੈ, ਜਿਨ੍ਹਾਂ ਨੂੰ ਮਾਨਵਵਾਦ ਦਾ ਧੁਰਾ ਮੰਨਿਆ ਜਾਂਦਾ ਹੈ। ਇਹ ਕੀਮਤਾਂ ਹਨ ਮਿਹਨਤ ਕਰਨ ਵਾਲੇ ਲੋਕਾਂ ਨੂੰ ਵਡਿਆਉਣਾ, ਅਖਾਉਤੀ ਨੀਚ ਸ਼੍ਰੇਣੀਆਂ ਨੂੰ ਮਾਣ ਦੇਣਾ, ਉਨ੍ਹਾਂ ਦੀ ਕਿਰਤ ਦਾ ਮੁੱਲ ਪਾਉਣਾ, ਇਨਸਾਨ ਨੂੰ ਬਤੌਰ ਇਨਸਾਨ ਆਪਣਾ ਮੁੱਲ ਪਾਉਣ ਲਈ ਪ੍ਰੇਰਿਤ ਕਰਨਾ । ਆਪ ਅਨੁਸਾਰ :

" ਜਿਸ ਦੇ ਹੱਥ ਵਿਚ ਕਿਰਤ ਨਹੀਂ ਉਹ ਨਿਕੰਮਾ ਆਦਮੀ ਹੈ ਅਤੇ ਉਹ ਕਦੀ ਉਚ ਜੀਵਨ ਦੇ ਸੁਆਦਾਂ ਨੂੰ ਅਨੁਭਵ ਨਹੀਂ ਕਰ ਸਕਦਾ ।" [1]

ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਮਾਨਵਵਾਦ ਬਾਰੇ ਜੋ ਕੁਝ ਮਿਲਦਾ ਹੈ, ਪੂਰਨ ਸਿੰਘ ਦੇ ਸਿੱਖੀ ਸੰਸਕਾਰ ਵਿਚ ਰੰਗੇ ਹੋਣ ਕਾਰਣ ਮਿਲਦਾ ਹੈ । ਸਿੱਖੀ ਦਾ ਰਸਤਾ ਪਿਆਰ ਦਾ ਹੈ, ਜੋ ਹਰੇਕ ਨੂੰ ਪਿਆਰ ਕਰਨਾ ਸਿਖਾਉਂਦਾ ਹੈ। ਦੂਸਰਾ ਸਿਧਾਂਤਕ ਪੱਧਰ ਉਤੇ ਸਿੱਖ ਇਕ ਅਕਾਲ ਪੁਰਖ ਪ੍ਰਮਾਤਮਾ ਦਾ ਉਪਾਸ਼ਕ ਹੈ । ਜੋ ਸਭ ਸ੍ਰਿਸ਼ਟੀ ਦਾ ਕਰਤਾ ਹੈ । ਜਦੋਂ ਸਭ ਲੋਕਾਈ ਉਸੇ ਦਾ ਪੈਦਾ ਕੀਤਾ ਹੋਇਆ ਹੈ, ਤਾਂ ਫਰਕ ਕਿਹਾ ? ਸਭ ਪ੍ਰਾਣੀ ਬਰਾਬਰ ਹਨ ਤੇ ਇਸ ਕਾਰਣ ਇਕੋ ਜਿਹੇ ਅਧਿਕਾਰ ,ਸਤਿਕਾਰ ਅਤੇ ਮਾਨਤਾ ਦੇ ਹੱਕਦਾਰ ਹਨ ।

" ਮਜ਼ਹਬ " ਨਾਂ ਦੇ ਲੇਖ ਵਿਚ ਮਜ਼ਹਬ ਸੰਬੰਧੀ ਲਿਖਦਿਆਂ ਪੂਰਨ ਸਿੰਘ ਲਿਖਦਾ ਹੈ :

" ਜਦ ਭਰਾ ਭਰਾ ਨਾਲ ਲੜਦੇ ਹਨ ਤੇ ਲੋਕੀ ਆਪਣੇ ਨੀਵੇਂ ਤੇ ਕਮੀਨੇ ਜਜ਼ਬਿਆਂ ਨੂੰ ਹੁਲਾਰਾ ਨਹੀਂ ਦਿੰਦੇ, ਮਜ਼ਹਬ ਨੂੰ ਕੋਸਦੇ ਹਨ । ਮਜ਼ਹਬ ਤਾਂ ਕਦੀ ਖੰਡ-ਖੰਡ ਹੋ ਹੀ ਨਹੀਂ ਸਕਦਾ, ਮਜ਼ਹਬ ਤਾਂ ਸਦਾ ਇਕ ਹੈ ।"[2]

ਪੂਰਨ ਸਿੰਘ ਦੇ ਮਾਨਵਤਾਵਾਦ ਵਿਚ ਸਾਰੇ ਪ੍ਰਾਣੀ ਬਰਾਬਰ ਹਨ । ਇਸ ਤਰ੍ਹਾਂ ਮਨੁੱਖਤਾ ਨਾਲ ਹੋ ਰਹੇ ਵਿਤਕਰਿਆਂ ਦਾ ਆਪ ਵਿਰੋਧ ਕਰਦੇ ਹਨ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 105
2. - ਉਹੀ - : ਪੰਨਾ 55

ਸਮੁੱਚੇ ਰੂਪ ਵਿਚ ਆਖ ਸਕਦੇ ਹਾਂ ਕਿ ਯੂਰਪੀ ਸਾਹਿਤ ਦੇ ਪ੍ਰਭਾਵ ਕਾਰਨ ਜਿਹੜੀਆਂ ਨਵੀਨ ਪ੍ਰਵਿਰਤੀਆਂ ਹੋਰ ਬੋਲੀਆਂ ਦੇ ਸਾਹਿਤ ਵਿਚ ਪ੍ਰਵੇਸ਼ ਹੋਈਆਂ । ਉਹ ਪੰਜਾਬੀ ਵਾਰਤਕ ਸਾਹਿਤ ਵਿਚ ਵੀ ਸਪਸ਼ਟ ਰੂਪ ਵਿਚ ਉਭਰਦੀਆਂ ਵਿਖਾਈ ਦਿੰਦੀਆਂ ਹਨ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਵਾਰਤਕ ਇਨ੍ਹਾਂ ਪ੍ਰਵਿਰਤੀਆਂ ਦੀ ਅਗਵਾਈ ਕਰਦੀ ਜਾਪਦੀ ਹੈ ।

## ਸਮਾਨਤਾਵਾਂ ਤੇ ਵੱਖਰਤਾਵਾਂ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੇ ਦੋ ਸਮਕਾਲੀ ਸਮਰੱਥ ਲੇਖਕ ਹਨ, ਜਿਨ੍ਹਾਂ ਦੀ ਰਚਨਾਤਮਕ ਪ੍ਰਤਿਭਾ ਨੂੰ ਹਰ ਸਮੀਖਿਅਕ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਮੁੱਲਵਾਨ ਮੰਨਿਆ ਹੈ । ਸਾਹਿਤ ਸਮੀਖਿਆ ਜਦੋਂ ਇਕ ਕਾਲ ਦੇ ਦੋ ਸਮਕਾਲੀ ਲੇਖਕਾਂ ਦਾ ਮੁੱਲ ਪਾਉਂਦੀ ਹੈ, ਤਾਂ ਉਨ੍ਹਾਂ ਪਰਸਪਰ ਪ੍ਰਭਾਵਾਂ ਦੀ ਚਰਚਾ ਕਰਦੀ ਹੈ, ਜਿਨ੍ਹਾਂ ਨੂੰ ਲੇਖਕ ਨੇ ਗ੍ਰਹਿਣ ਕੀਤਾ ਹੁੰਦਾ ਹੈ। ਅਜਿਹੀ ਸਾਂਝ ਦਾ ਅੰਕਿਤ ਕਰਨਾ ਸਾਹਿਤ ਦੀ ਇਤਿਹਾਸਕਾਰੀ ਦੀ ਲੋੜ ਵੀ ਹੁੰਦੀ ਹੈ । ਸਮਕਾਲੀ ਲੇਖਕਾਂ ਦਾ ਇਕ ਦੂਜੇ ਉਪਰ ਪ੍ਰਭਾਵ ਸੁਭਾਵਿਕ ਤਾਂ ਹੁੰਦਾ ਹੈ ਤੇ ਇਹ ਪ੍ਰਭਾਵ ਲੇਖਕਾਂ ਦੇ ਆਪਣੇ ਵਿਅਕਤਿਤਵ ਦੀ ਮੂਲ ਪਛਾਣ ਅਤੇ ਸਮਰੱਥਾ ਕਾਰਨ ਇਕ ਦੂਜੇ ਦੇ ਰਚਨਾਤਮਕ ਵਿਕਾਸ ਵਿਚ ਸਹਾਈ ਵੀ ਹੁੰਦਾ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਸੰਬੰਧ ਵਿਚ ਕੁਝ ਕੁ ਸਾਂਝੇ ਪ੍ਰਭਾਵਾਂ ਨੇ ਅਜਿਹੀ ਹੀ ਸਥਿਤੀ ਪੈਦਾ ਕੀਤੀ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਇਕ ਦੂਜੇ ਦੇ ਸਮਕਾਲੀ ਅਤੇ ਆਪਣੀਆਂ ਆਪਣੀਆਂ ਰਚਨਾਵਾਂ ਵਿਚ ਸਮਰੱਥਾ ਵਾਲੇ ਲੇਖਕ ਸਨ । ਇਨ੍ਹਾਂ ਦੋਵੇਂ ਲੇਖਕਾਂ ਵਿਚ ਬਹੁਤ ਕੁਝ ਸਾਂਝਾ ਵੀ ਹੈ ਤੇ ਵੱਖਰਾ ਵੀ ।

ਮੁੱਖ ਰੂਪ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਪ੍ਰਵਿਰਤੀਗਤ ਪੱਖ ਤੋਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ ਜੋ ਇਸ ਤਰ੍ਹਾਂ ਹਨ ।

## ਪ੍ਰਵਿਰਤੀਗਤ ਸਮਾਨਤਾਵਾਂ :

### (1) ਅਧਿਆਤਮਕ ਪ੍ਰਵਿਰਤੀ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਅਧਿਆਤਮਵਾਦੀ ਪ੍ਰਵਿਰਤੀ ਪਾਈ ਜਾਂਦੀ ਹੈ । ਇਨ੍ਹਾਂ ਦੋਵੇਂ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਅਧਿਆਤਮਵਾਦੀ ਪੱਖ ਇਸ ਲਈ ਅਪਣਾਇਆ ਕਿਉਂਕਿ ਇਨ੍ਹਾਂ ਦੋਵੇਂ ਲੇਖਕਾਂ ਦਾ ਰੱਬੀ ਹਸਤੀ ਵਿਚ ਪੂਰਨ ਯਕੀਨ ਹੈ । ਆਪਣੇ ਰੱਬ ਰੂਪ ਪ੍ਰੀਤਮ ਨੂੰ ਸਾਕਾਰ ਕਰਨ ਲਈ ਵੀ ਉਨ੍ਹਾਂ ਨੇ ਅਧਿਆਤਮਵਾ

ਰਚਨਾਵਾਂ ਲਿਖੀਆਂ । ਅਧਿਆਤਮਵਾਦੀ ਰਚਨਾਵਾਂ ਰਚਣ ਲਈ ਦੋਵਾਂ ਲੇਖਕਾਂ ਦੇ ਪ੍ਰੇਰਨਾ-ਸਰੋਤ ਸਾਂਝੇ ਸਨ ।

(ੳ) ਧਾਰਮਿਕ ਪ੍ਰਵਿਰਤੀ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਸਿੱਖ ਧਾਰਮਿਕ ਗ੍ਰੰਥਾਂ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਰਚਨਾਵਾਂ ਦੀ ਰਚਨਾ ਕਰਦੇ ਹਨ । ਇਨ੍ਹਾਂ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਇਸ ਪੱਖੋਂ ਵੀ ਸਾਂਝ ਪਾਈ ਜਾਂਦੀ ਹੈ । ਦੋਵੇਂ ਲੇਖਕ ਗੁਰਬਾਣੀ ਤੋਂ ਪ੍ਰਭਾਵ ਗ੍ਰਹਿਣ ਕਰਦੇ ਹਨ । ਭਾਈ ਵੀਰ ਸਿੰਘ ਨੇ ਪ੍ਰੋ. ਪੂਰਨ ਸਿੰਘ ਨੂੰ ਸਿੱਖ ਧਰਮ ਦੇ ਮੂਲ ਪ੍ਰੇਰਨਾ-ਸਰੋਤ ਵੱਲ ਪ੍ਰੇਰਿਆ । ਇਹੋ ਸਰੋਤ ਭਾਈ ਵੀਰ ਸਿੰਘ ਦਾ ਸੀ । ਪ੍ਰੋ. ਪੂਰਨ ਸਿੰਘ ਇਨ੍ਹਾਂ ਧਾਰਮਿਕ ਗ੍ਰੰਥਾਂ ਦੀ ਬਾਣੀ ਤੋਂ ਇਨ੍ਹਾਂ ਜਿਆਦਾ ਪ੍ਰਭਾਵਿਤ ਹੋਇਆ ਕਿ ਉਸ ਨੂੰ ਗੁਰੂਆਂ, ਪੈਗੰਬਰਾਂ ਅਤੇ ਮਹਾਂਪੁਰਖਾਂ ਦੁਆਰਾ ਰਚੀ ਗਈ ਬਾਣੀ ਹੀ ਅਸਲੀ ਰਚਨਾ ਜਾਪੀ । ਬਾਕੀ ਸਭ ਰਚਨਾਵਾਂ ਨੂੰ ਪ੍ਰੋ. ਪੂਰਨ ਸਿੰਘ ਰਚਨਾਵਾਂ ਹੀ ਸਵੀਕਾਰ ਨਹੀਂ ਕਰਦਾ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਹ ਵੀ ਸਾਂਝ ਪਾਈ ਜਾਂਦੀ ਹੈ ਕਿ ਭਾਈ ਵੀਰ ਸਿੰਘ ਵਾਂਗ ਪ੍ਰੋ. ਪੂਰਨ ਸਿੰਘ ਵੀ ਗੁਰੂ ਗ੍ਰੰਥ ਅਤੇ ਗੁਰੂ ਸ਼ਖ਼ਸੀਅਤ ਤੋਂ ਪ੍ਰੇਰਨਾ ਲੈਂਦਾ ਹੈ ।

(ਅ) ਕੁਦਰਤ ਵਿਚ ਕਾਦਰ ਦੀ ਨੀਨ੍ਹਾਂ ਦੇ ਦਰਸ਼ਨ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਕ ਸਮਾਨਤਾ ਇਹ ਵੀ ਪਾਈ ਜਾਂਦੀ ਹੈ ਕਿ ਦੋਵੇਂ ਲੇਖਕ ਕੁਦਰਤ ਵਿਚ ਕਾਦਰ ਦੀ ਨੀਨ੍ਹਾਂ ਦੇ ਦਰਸ਼ਨ ਕਰਦੇ ਹਨ । ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਕਾਦਰ ਵਿਚ ਕੁਦਰਤ ਦਾ ਸੁਹਜ ਲੋਚਦਾ ਹੈ । ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਵਿਚ ਮਾਨਵੀ ਸੁਹਜ ਦੇ ਦਰਸ਼ਨ ਕਰਦਾ ਹੈ । ਭਾਈ ਵੀਰ ਸਿੰਘ ਲਈ ਕੁਦਰਤ ਕਾਦਰ ਦਾ ਕ੍ਰਿਸ਼ਮਾ ਹੈ । ਪਰ ਪ੍ਰੋ. ਪੂਰਨ ਸਿੰਘ ਲਈ ਕੁਦਰਤ ਇਸ ਲਈ ਮੁੱਲਵਾਨ ਹੈ ਕਿਉਂਕਿ ਉਹ ਇਸ ਕੁਦਰਤ ਵਿਚੋਂ ਵਿਸਮਾਦ ਪ੍ਰਾਪਤ ਕਰਦਾ ਹੈ ।

(ੲ) ਆਸਤਕਵਾਦੀ ਰਚਨਾਵਾਂ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਰੱਬ ਵਿਚ ਅਟੁੱਟ ਵਿਸ਼ਵਾਸ ਪ੍ਰਗਟ ਕਰਦੀਆਂ ਹਨ । ਇਹ ਦੋਵੇਂ ਲੇਖਕ ਰੱਬ ਦੀ ਉਸਤਤੀ ਵਿਚ ਹੀ ਆਪਣੀਆਂ

ਰਚਨਾਵਾਂ ਰਚਦੇ ਹਨ । ਆਪ ਭਾਵੇਂ ਕੋਈ ਵੀ ਰਚਨਾ ਕਰ ਰਹੇ ਹੋਣ ਅਧਿਆਤਮਕਤਾ ਦਾ ਬੀਜ ਇਨ੍ਹਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਆ ਸ਼ਾਮਿਲ ਹੁੰਦਾ ਹੈ ।

ਇਨ੍ਹਾਂ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਰੱਬ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ । ਇਹ ਉਹ ਰੱਬ ਹੈ ਜੋ ਅਪਹੁੰਚ ਹੈ, ਸੁਪਨਿਆਂ ਵਿਚ ਮਿਲਦਾ ਹੈ, ਪਰ ਪਹੁੰਚ ਤੋਂ ਬਾਹਰ ਹੈ । ਮਾਨਵ ਉਸ ਰੱਬ ਦੀ ਛੋਹ ਲਈ ਤਰਸਦਾ ਹੈ ।

ਇਸ ਤਰ੍ਹਾਂ ਇਹ ਦੋਵੇਂ ਲੇਖਕ ਅਧਿਆਤਮਵਾਦ ਬਾਰੇ ਜੋ ਕੁਝ ਲਿਖਦੇ ਹਨ ਉਹ ਇਕ ਅਨੂਠੇ ਪਰ ਸੁਭਾਵਿਕ ਰਸ ਦੀ ਲਗਨ ਵਿਚ ਮਗਨ ਹੋ ਕੇ ਲਿਖਦੇ ਹਨ । ਇਸ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਲੇਖਕ ਪਰਮਾਤਮਾ ਦੀ ਪ੍ਰਾਪਤੀ ਵੀ ਰਹਿਸਯ ਵਿਚ ਰਹਿ ਕੇ ਕਰਨ ਤੇ ਜ਼ੋਰ ਦਿੰਦੇ ਹਨ ।

ਇਨ੍ਹਾਂ ਦੋਵੇਂ ਲੇਖਕਾਂ ਦਾ ਅਧਿਆਤਮਵਾਦੀ ਅਨੁਭਵ ਹੀ ਸਮੁੱਚੀ ਪੂੰਜੀ ਹੈ । ਇਨ੍ਹਾਂ ਦੀਆਂ ਵਾਰਤਕ ਰਚਨਾਵਾਂ ਦਾ ਪਿਛੋਕੜ ਅਤੇ ਵਿਸ਼ਾ ਵੀ ਇਹੋ ਅਧਿਆਤਮਵਾਦ ਹੀ ਹੈ । ਇਹ ਅਧਿਆਤਮਵਾਦ ਵੀ ਇਨ੍ਹਾਂ ਲੇਖਕਾਂ ਲਈ ਖਾਸ ਸ਼੍ਰੇਣੀ ਦਾ ਅਧਿਆਤਮਵਾਦ ਹੈ । ਜੋ ਇਨ੍ਹਾਂ ਲੇਖਕਾਂ ਨੂੰ ਸੰਪੂਰਣ ਰੂਪ ਵਿਚ ਸਿੱਖ ਮਾਰਗ ਦੇ ਆਸ਼ੇ ਤੋਂ ਹੀ ਲੱਭਾ ।

<u>(੨) ਸਮਾਜਵਾਦੀ ਪ੍ਰਵਿਰਤੀ :</u>

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਸਮਾਜਵਾਦੀ ਦ੍ਰਿਸ਼ਟੀ ਤੋਂ ਵੀ ਦੋਵੇਂ ਲੇਖਕ ਆਪਣੀਆਂ ਰਚਨਾਵਾਂ ਵਿਚ ਸਾਰੀ ਸ੍ਰਿਸ਼ਟੀ ਨੂੰ ਇਕ ਸਮਾਨ ਸਮਝਦੇ ਹਨ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਰਾਹੀਂ ਇਸ ਤਰ੍ਹਾਂ ਦੇ ਸਮਾਜ ਨੂੰ ਖਤਮ ਕਰ ਦੇਣਾ ਚਾਹੁੰਦੇ ਹਨ, ਜਿਸ ਵਿਚ ਜਨਤਾ ਤੇ ਜ਼ੁਲਮ [illegible] ਹੋਵੇ ਅਤੇ ਬਰਾਬਰਤਾ ਨਾ ਮਿਲ ਸਕੇ । ਇਸ ਤਰ੍ਹਾਂ ਦੋਵੇਂ ਲੇਖਕਾਂ ਵਿਚ ਇਸ ਪੱਖ ਤੋਂ ਸਮਾਨਤਾ ਪਾਈ ਜਾਂਦੀ ਹੈ ।

<u>(੩) ਨਾਰੀ ਦਾ ਸਥਾਨ :</u>

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਵਿਚ ਇਸਤਰੀ ਨੂੰ ਵਿਸ਼ੇਸ਼ ਸਥਾਨ ਦਿੰਦੇ ਹਨ । ਆਪਣੀਆਂ ਰਚਨਾਵਾਂ ਵਿਚ ਇਸਤਰੀ ਦੇ ਹੱਕਾਂ ਲਈ ਬਰਾਬਰਤਾ ਦੀ

ਗੱਲ ਕਰਦੇ ਹਨ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਕਿ ਜੇ ਇਸਤਰੀਆਂ ਸੂਰਬੀਰ ਹੋ ਕੇ ਮਰਦਾਂ ਦੇ ਬਰਾਬਰ ਜੂਝਣ ਤਾਂ ਹੀ ਉਨ੍ਹਾਂ ਨੂੰ ਸਮਾਜ ਵਿਚ ਬਰਾਬਰਤਾ ਮਿਲ ਸਕਦੀ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਕਿ ਕੋਈ ਵੀ ਸਮਾਜ ਉਨੀ ਦੇਰ ਤੱਕ ਉੱਨਤੀ ਨਹੀਂ ਕਰ ਸਕਦਾ ਜਦ ਤੱਕ ਸਮਾਜ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਹੁੰਦੇ । ਇਸ ਤਰ੍ਹਾਂ ਸਮਾਜਵਾਦੀ ਦ੍ਰਿਸ਼ਟੀ ਤੋਂ ਹੀ ਦੋਵੇਂ ਲੇਖਕ ਇਸਤਰੀ ਦੇ ਹੱਕਾਂ ਦੀ ਗੱਲ ਕਰਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਇਸਤਰੀ ਨੂੰ ਵੰਗਾਰ ਪਾਉਂਦੇ ਹਨ । ਉਨ੍ਹਾਂ ਅਨੁਸਾਰ ਜਿਹੜੀ ਬਹੁਮਤ ਗਰੀਬਾਂ ਦੀ ਲੁੱਟ ਖਸੁੱਟ ਕਰਕੇ ਆਪਣਾ ਪੇਟ ਪਾਲਦੀ ਹੈ ਹੁਣ ਉਨ੍ਹਾਂ ਦੇ ਰਾਜ ਦਾ ਅੰਤ ਨੇੜੇ ਆ ਗਿਆ ਹੈ ।

ਦੋਵੇਂ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਇਸ ਤਰ੍ਹਾਂ ਦੇ ਰਾਜ ਨੂੰ ਖਤਮ ਕਰ ਦੇਣਾ ਚਾਹੁੰਦੇ ਹਨ ਜਿਸ ਵਿਚ ਸਾਰੇ ਧਰਮ, ਮੁਲਕ ਅਤੇ ਕੌਮ ਨੂੰ ਬਰਾਬਰ ਨਾ ਸਮਝਿਆ ਜਾਵੇ । ਕਿਸੇ ਦੇ ਧਰਮ ਅਤੇ ਅਜ਼ਾਦੀ ਨੂੰ ਕਿਸੇ ਹੋਰ ਤੋਂ ਖਤਰਾ ਨਾ ਹੋਵੇ ।

## (3) ਆਦਰਸ਼ਵਾਦੀ ਪ੍ਰਵਿਰਤੀ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਰਾਹੀਂ ਆਦਰਸ਼ਵਾਦੀ ਸਮਾਜ ਬਣਿਆ ਵੇਖਣ ਦੇ ਚਾਹਵਾਨ ਹਨ ਅਤੇ ਇਸ ਤਰ੍ਹਾਂ ਦੇ ਆਦਰਸ਼ਵਾਦੀ ਸਮਾਜ ਦੀ ਨਿਰਮਾਣ ਕਰਨਾ ਚਾਹੁੰਦੇ ਹਨ । ਇਹ ਦੋਵੇਂ ਲੇਖਕ ਆਦਰਸ਼ਵਾਦ ਦੀਆਂ ਉਚੇਰੀਆਂ ਕਦਰਾਂ ਕੀਮਤਾਂ ਦੇ ਧਾਰਨੀ ਸਨ । ਉਹ ਮਨੁੱਖ ਨੂੰ ਖੁਦਗਰਜ਼ ਨਹੀਂ ਸਗੋਂ ਪਰਉਪਕਾਰੀ ਬਣਿਆ ਵੇਖਣ ਦੇ ਚਾਹਵਾਨ ਸਨ । ਆਪ ਸਿਰਫ ਉਸ ਬੰਦੇ ਨੂੰ ਹੀ ਆਦਰਸ਼ਵਾਦੀ ਮੰਨਦੇ ਹਨ ਜਿਸ ਦਾ ਚਿਹਰਾ ਭਾਵਾਂ ਦੀ ਦੌਲਤ ਨਾਲ ਮੂੰਹੋਂ ਮੂੰਹ ਭਰਿਆ ਹੋਵੇ, ਜਿਹੜਾ ਦੂਜਿਆਂ ਲਈ ਕੁਝ ਕਰ ਸਕਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਆਦਰਸ਼ਵਾਦ ਬਾਰੇ ਆਪਣਾ ਸਭ ਕੁਝ ਵਾਰ ਦੇਣ ਤੇ ਜ਼ੋਰ ਦਿੰਦੇ ਹਨ । ਉਨ੍ਹਾਂ ਨੂੰ ਚੰਗਾ ਜੀਵਨ ਜਿਉਂਦੇ ਉਹ ਹੀ ਪ੍ਰਤੀਤ ਹੁੰਦੇ ਹਨ , ਜਿਨ੍ਹਾਂ ਨੇ ਆਪਣਾ ਜੀਵਨ ਆਦਰਸ਼ ਲਈ ਲੁਆ ਦਿਤਾ ਹੋਵੇ ।

ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਨੈਤਿਕ ਆਦਰਸ਼ਵਾਦ ਤੇ ਜ਼ੋਰ ਦੇਣਾ ਆਪ ਦੀਆਂ ਰਚਨਾਵਾਂ ਦਾ ਇਕ ਹੋਰ ਪਹਿਲੂ ਹੈ । ਆਦਰਸ਼ਵਾਦ ਦਾ ਨਮੂਨਾ ਪੇਸ਼ ਕਰਕੇ ਆਪ ਮਨੁੱਖ ਨੂੰ ਆਪਣੀਆਂ ਰਚਨਾਵਾਂ ਰਾਹੀਂ ਉਸ ਤਰ੍ਹਾਂ ਦੇ ਆਦਰਸ਼ਵਾਦੀ ਬਨਣ ਤੇ ਜ਼ੋਰ ਦਿੰਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਉਸ ਬੰਦੇ ਨੂੰ ਹੀ ਆਪਣੀਆਂ ਰਚਨਾਵਾਂ ਵਿਚ ਆਦਰਸ਼ਵਾਦੀ ਚਿਤਰਦੇ ਹਨ ਜਿਹੜਾ ਅੰਦਰੋਂ ਬਾਹਰੋਂ ਚੰਗਾ ਹੋਵੇ । ਇਸ ਤਰ੍ਹਾਂ ਦੇ ਬੰਦਿਆਂ ਦੀ ਆਪ ਨਿਖੇਧੀ ਕਰਦੇ ਹਨ ਜਿਹੜੇ ਬਾਹਰੋਂ ਤਾਂ ਚੰਗ ਦਾ ਦਿਖਾਵਾ ਕਰਦਾ ਹੋਵੇ ਪਰ ਉਸ ਦਾ ਅੰਦਰ ਕੂੜ ਨਾਲ ਭਰਿਆ ਹੋਵੇ । ਇਨ੍ਹਾਂ ਲੇਖਕਾਂ ਦਾ ਵਿਚਾਰ ਹੈ ਕਿ ਆਦਰਸ਼ਵਾਦੀ ਬਨਣ ਲਈ ਸੱਚੇ ਸ਼ਬਦਾਂ ਵਿਚ ਆਦਰਸ਼ਵਾਦੀ ਹੋਣਾ ਚਾਹੀਦਾ ਹੈ ।

## (4) ਮਾਨਵਵਾਦੀ ਪ੍ਰਵਿਰਤੀ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਦੀਆਂ ਰਚਨਾਵਾਂ ਵਿਚ ਮਾਨਵਵਾਦੀ ਪ੍ਰਵਿਰਤੀ ਵੀ ਦ੍ਰਿਸ਼ਟੀਗੋਚਰ ਹੋਈ ਮਿਲਦੀ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਵੀ ਪੂਰਨ ਸਿੰਘ ਨਵ - ਨਿਰਮਾਣ ਦੇ ਨਜ਼ਰੀਏ ਤੋਂ ਮਨੁੱਖੀ ਖੁਸ਼ਹਾਲੀ, ਉਚਤਾ, ਵਿਕਾਸ ਅਤੇ ਉਸ ਦੇ ਨਵ - ਨਿਰਮਾਣ ਦੇ ਨਜ਼ਰੀਏ ਨੂੰ ਪੇਸ਼ ਕਰਦੇ ਹਨ ।

ਇਹ ਦੋਵੇਂ ਲੇਖਕ ਇਸ ਤਰ੍ਹਾਂ ਦੇ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਹਨ ਜਿਸ ਵਿਚ ਸਭ ਤੋਂ ਉਤੇ ਮਾਨਵ ਪਿਆਰ ਨੂੰ ਥਾਂ ਮਿਲੇ । ਦੋਵੇਂ ਲੇਖਕਾਂ ਦੀ ਮਾਨਵਵਾਦੀ ਪ੍ਰਵਿਰਤੀ ਤੋਂ ਇਸ ਪੱਖ ਤੋਂ ਸਪਸ਼ਟਤਾ ਪਾਈ ਜਾਂਦੀ ਹੈ ਕਿ ਇਹ ਦੋਵੇਂ ਲੇਖਕ ਆਪਣੀਆਂ ਰਚਨਾਵਾਂ ਵਿਚ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾਉਣਾ ਚਾਹੁੰਦੇ ਹਨ । ਮਨੁੱਖਤਾ ਦੇ ਕਲਿਆਣ ਨੂੰ ਵਧਾਉਣ ਤੇ ਜ਼ੋਰ ਦਿੰਦੇ ਹਨ । ਇਸ ਪੱਖ ਨੂੰ ਸਮਝਕੇ ਹੀ ਦੋਵੇਂ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਮਨੁੱਖੀ ਖੁਸ਼ਹਾਲੀ, ਉਚਤਾ, ਵਿਕਾਸ ਅਤੇ ਨਵ - ਨਿਰਮਾਣ ਦੇ ਨਜ਼ਰੀਏ ਨੂੰ ਪੇਸ਼ ਕਰਦੇ ਹਨ । ਮੁੱਖ ਰੂਪ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦਾ ਉਦੇਸ਼ ਮਾਨਵ ਮਾਤਰ ਨੂੰ ਵਿਸ਼ਵ-ਵਿਆਪੀ ਸਰਬ ਸਾਂਝੀਵਾਲਤਾ ਦੀ ਭਾਵਨਾ ਪ੍ਰਦਾਨ ਕਰਕੇ ਇਕ ਅਜਿਹੇ ਸਮਾਜ ਦੀ ਉਸਾਰੀ ਕਰਨਾ ਹੈ ਜਿਸ ਵਿਚ ਮਨੁੱਖ ਬਰਾਬਰੀ, ਕਲਿਆਣ, ਭਲਾਈ, ਖੁਸ਼ੀ, ਖੇੜਾ, ਆਤਮ ਗੌਰਵਤਾ ਨਾਲ ਰਹਿ ਸਕੇ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਮਾਨਵਵਾਦ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਦੋਵੇਂ ਲੇਖਕਾਂ ਦਾ ਮਾਨਵਵਾਦ ਸਿੱਖੀ ਫ਼ਲਸਫ਼ੇ ਵਿਚ ਗੂੜ੍ਹ ਹੋਣ ਕਾਰਣ ਮਿਲਦਾ ਹੈ । ਸਿੱਖੀ ਦਾ ਰਸਤਾ ਪਿਆਰ ਦਾ ਰਸਤਾ ਹੈ । ਇਹ ਹਰੇਕ ਨੂੰ ਪਿਆਰ ਕਰਨਾ ਸਿਖਾਉਂਦਾ ਹੈ । ਦੂਸਰਾ ਸਿਧਾਂਤਕ ਪੱਧਰ ਉਤੇ ਲੇਖਕ ਇਕ ਅਕਾਲ ਪੁਰਖ ਦਾ ਉਪਾਸ਼ਕ ਹੈ ਜੋ ਸਭ ਸ੍ਰਿਸ਼ਟੀ ਦਾ ਕਰਤਾ ਹੈ । ਸਭ ਕੋਈ ਉਸ ਪਰਮਾਤਮਾ ਦਾ ਹੀ ਪੈਦਾ ਕੀਤਾ ਹੋਇਆ ਹੈ । ਗੁਰਬਾਣੀ ਅਨੁਸਾਰ ਵੀ ਸਭ ਪ੍ਰਾਣੀ ਬਰਾਬਰ ਹਨ । ਇਸ ਕਾਰਨ ਇਕੋ ਜਿਹੇ ਸਤਿਕਾਰ, ਪਿਆਰ ਅਤੇ ਸਮਾਨਤਾ ਦੇ ਹੱਕਦਾਰ ਹਨ ।

ਇਨ੍ਹਾਂ ਦੋਵੇਂ ਲੇਖਕਾਂ ਵਿੱਚ ਇਕ ਪੱਖ ਤੋਂ ਸਮਾਨਤਾ ਇਸ ਲਈ ਪਾਈ ਜਾਂਦੀ ਹੈ ਕਿ ਦੋਵੇਂ ਲੇਖਕ ਗੁਰਮਤਿ ਵਿਚਲੇ ਮਾਨਵਵਾਦ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸਨ । ਇਨ੍ਹਾਂ ਦੋਵੇਂ ਲੇਖਕਾਂ ਨੇ ਇਕ ਤਰ੍ਹਾਂ ਗੁਰਬਾਣੀ ਵਿਚਲੇ ਮਾਨਵਵਾਦ ਨੂੰ ਹੀ ਪੇਸ਼ ਕੀਤਾ ਹੈ ।

## (5) ਸਮਾਜ ਸੁਧਾਰ ਦੀ ਪ੍ਰਵਿਰਤੀ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਸਮਾਜ ਸੁਧਾਰ ਦੀ ਪ੍ਰਵਿਰਤੀ ਵੀ ਦ੍ਰਿਸ਼ਟੀਗੋਚਰ ਹੋਈ ਮਿਲਦੀ ਹੈ । ਦੋਵੇਂ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਸੁਧਾਰ ਲਿਆਉਣਾ ਚਾਹੁੰਦੇ ਹਨ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਸਮਾਜ ਵਿਚੋਂ ਛੂਤਛਾਤ, ਵੈਰ ਵਿਰੋਧ, ਔਰਤਾਂ ਦਾ ਉਧਾਲੇ ਜਾਣਾ, ਔਰਤਾਂ ਨਾਲ ਬਦ ਫੈਲੀ ਕਰਨੀ, ਔਰਤਾਂ ਦਾ ਵਿਧਵਾ ਹੋਣਾ ਆਦਿ ਸਮੱਸਿਆਵਾਂ ਨੂੰ ਖਤਮ ਕਰਕੇ ਸਮਾਜ ਵਿਚ ਸੁਧਾਰ ਲਿਆਉਣਾ ਚਾਹੁੰਦੇ ਹਨ । ਦੋਵੇਂ ਲੇਖਕ ਅਸਲੀ ਅਰਥਾਂ ਵਿਚ ਸੁਧਾਰ ਲਿਆਉਣਾ ਚਾਹੁੰਦੇ ਹਨ । ਇਨ੍ਹਾਂ ਲੇਖਕਾਂ ਅਨੁਸਾਰ ਸਿਰਫ ਬਾਹਰੀ ਰੂਪ ਬਦਲਣ ਨਾਲ ਸਮਾਜ ਵਿਚ ਸੁਧਾਰ ਨਹੀਂ ਆ ਸਕਦਾ । ਸਮਾਜ ਵਿਚ ਸੁਧਾਰ ਲਿਆਉਣ ਲਈ ਸਾਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ, ਕਿਸੇ ਦਾ ਹੱਕ ਨਹੀਂ ਮਾਰਨਾ ਚਾਹੀਦਾ, ਦੂਸਰਿਆਂ ਨਾਲ ਤਰਸ ਅਤੇ ਦਇਆ ਨਾਲ ਵਰਤਣਾ ਚਾਹੀਦਾ ਹੈ, ਆਪਣੇ ਕੋਲ ਜਿੰਨਾ ਕੁਝ ਹੈ ਉਸ ਨਾਲ ਹੀ ਸਬਰ ਕਰਨ ਚਾਹੀਦਾ ਹੈ । ਇਨ੍ਹਾਂ ਦੋਵੇਂ ਲੇਖਕਾਂ ਅਨੁਸਾਰ ਚੰਗੇ ਕੰਮ ਕਰਕੇ ਹੀ ਸਮਾਜ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ ।

## (6) ਦੇਸ਼ ਪਿਆਰ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਬਾਰੇ ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਦੋਵੇਂ ਲੇਖਕਾਂ ਦਾ ਜਨਮ ਸਿੱਖੀ ਸਿਦਕ ਵਾਲੇ ਘਰ ਵਿੱਚ ਹੋਇਆ। ਦੂਜਾ ਇਹ ਕਿ ਦੋਵੇਂ ਲੇਖਕ ਸਮਕਾਲੀ ਹਨ। ਉਸ ਸਮੇਂ ਚੱਲੀਆਂ ਲਹਿਰਾਂ ਭਾਵੇਂ ਉਹ ਰਾਜਨੀਤਕ, ਧਾਰਮਿਕ ਜਾਂ ਸਮਾਜਿਕ ਸਨ ਪਰ ਉਨ੍ਹਾਂ ਦਾ ਪ੍ਰਭਾਵ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਤੇ ਪਿਆ। ਜਿਸ ਤਰ੍ਹਾਂ ਅਜ਼ਾਦੀ ਲਈ ਚੱਲੀਆਂ ਲਹਿਰਾਂ ਨੇ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਨੂੰ ਹੀ ਪ੍ਰਭਾਵਿਤ ਕੀਤਾ। ਇਹ ਲਹਿਰਾਂ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਲਈ ਪ੍ਰੇਰਨਾ-ਸ੍ਰੋਤ ਬਣੀਆਂ। ਇਹੋ ਕਾਰਨ ਹੈ ਕਿ ਇਹ ਦੋਵੇਂ ਲੇਖਕ ਆਪਣੇ ਦੇਸ਼ ਨੂੰ ਗੁਲਾਮ ਬਣਿਆ ਹੋਇਆ ਨਹੀਂ ਦੇਖ ਸਕਦੇ। ਇਸ ਲਈ ਦੋਵੇਂ ਲੇਖਕ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣਾ ਚਾਹੁੰਦੇ ਹਨ। ਇਸ ਅਜ਼ਾਦੀ ਨੂੰ ਪ੍ਰਾਪਤ ਕਰਨ ਲਈ ਹੀ ਉਹ ਸੁਚੇਤ ਤੌਰ ਤੇ ਰਚਨਾਵਾਂ ਰਚਦੇ ਹਨ। ਭਾਈ ਵੀਰ ਸਿੰਘ ਨੇ ਇਨ੍ਹਾਂ ਲਹਿਰਾਂ ਤੋਂ ਪ੍ਰੇਰਨਾ ਲੈ ਕੇ ਇਹ ਸੰਕਲਪ ਚਿਤਰਿਆ :

> "ਪੰਜਾਬ ਅਸਾਂ ਦਾ ਹੈ, ਕਿਸੇ ਉਪਰੇ ਦਾ ਇਥੇ ਦਖ਼ਲ ਨਹੀਂ ਰਹਿ ਸਕਦਾ, ਬਲਕਿ ਉਹ ਦੂਣ ਦਿਨੀ ਰਾਤਿ ਕਰਨੀ ਵੀ ਲੋੜੇ ਤੈਤ ਰਹੇ ਸਨ। ...... ਉਨ੍ਹਾਂ ਨੂੰ ਰੋਹ ਚੜ੍ਹਦਾ ਸੀ ਕਿ ਕਿਸੇ ਦੇ ਘਰ ਆ ਕੇ ਕੋਈ ਕਿਉਂ ਦਖ਼ਲ ਦੇਵੇ ? ਦੇਸ਼ ਨੂੰ ਸੁਖੀ ਤੇ ਸੁਤੰਤਰ ਕਰਨਾ ਤੇ ਰਾਜ ਸਾਜਣਾ ਹੈ ?"[1]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਈ ਵੀਰ ਸਿੰਘ ਨੇ ਜਦੋਂ ਦੇਸ਼ ਨੂੰ ਪਹਿਲਾਂ ਮੁਗ਼ਲਾਂ ਅਤੇ ਫਿਰ ਅੰਗਰੇਜ਼ਾਂ ਦਾ ਗੁਲਾਮ ਹੋਇਆ ਵੇਖਿਆ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਇਸ ਲਈ ਭਾਈ ਵੀਰ ਸਿੰਘ ਬੇਚੈਨ ਹੋ ਕੇ ਅਜ਼ਾਦੀ ਪ੍ਰਾਪਤ ਕਰਨ ਲਈ ਰਚਨਾਵਾਂ ਲਿਖਦਾ ਹੈ।

ਇਕ ਤਰ੍ਹਾਂ ਅਜ਼ਾਦੀ ਲਈ ਚੱਲੀਆਂ ਲਹਿਰਾਂ ਤੋਂ ਆਪ ਨੇ ਅਜ਼ਾਦੀ ਦਾ ਸੰਕਲਪ ਪੇਸ਼ ਕੀਤਾ। ਇਹ ਲਹਿਰਾਂ ਆਪ ਦੀਆਂ ਰਚਨਾਵਾਂ ਲਈ ਪ੍ਰੇਰਨਾ-ਸਰੋਤ ਹੋ ਨਿਬੜੀਆਂ।

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 292

ਪ੍ਰੋ. ਪੂਰਨ ਸਿੰਘ ਵੀ ਇਨ੍ਹਾਂ ਪ੍ਰੇਰਨਾ-ਸਰੋਤਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਦੇਸ਼ ਨੂੰ ਗੁਲਾਮ ਬਣਿਆ ਵੇਖ ਕੇ ਆਤਮਿਕ ਅਤੇ ਮਾਨਸਿਕ ਤੌਰ ਤੇ ਦੁਖੀ ਹੁੰਦਾ ਹੈ । ਇਹੋ ਕਾਰਨ ਹੈ ਕਿ ਪ੍ਰੋ. ਪੂਰਨ ਸਿੰਘ ਨੇ ਅਜ਼ਾਦੀ ਲਈ ਚੱਲੀਆਂ ਲਹਿਰਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਬਹੁਤੀ ਵਾਰੀ ਅਜ਼ਾਦੀ ਲਈ ਤਕਰੀਰਾਂ ਕਰਨ ਤੇ ਗ੍ਰਿਫ਼ਤਾਰ ਵੀ ਹੋਇਆ । ਜਿਸ ਦਾ ਵਰਨਨ "ਰਾਜ-ਹੰਸ" ਜੀਵਨੀ ਵਿਚ ਸਪਸ਼ਟ ਭਾਂਤ ਮਿਲਦਾ ਹੈ । ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਵੀ ਆਪਣੇ ਗੁਲਾਮ ਬਣਾਏ ਗਏ ਦੇਸ਼ ਦੀ ਅਜ਼ਾਦੀ ਪ੍ਰਾਪਤ ਕਰਨ ਲਈ ਸਹਿਕਦਾ ਹੈ । ਪ੍ਰੋ. ਪੂਰਨ ਸਿੰਘ ਦਾ ਵਿਚਾਰ ਸੀ ਕਿ ਜੋ ਇਹ ਵਿਤਕਰੇ ਪਾਏ ਗਏ ਹਨ, ਉਹ ਅੰਗਰੇਜ਼ਾਂ ਦੁਆਰਾ ਪੈਦਾ ਕੀਤੀ ਗੁਲਾਮੀ ਦਾ ਹੀ ਸਿੱਟਾ ਹਨ । ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਇਸ ਬਾਰੇ ਲਿਖਦਾ ਹੈ :

> " ਜਦੋਂ ਸਾਰੇ ਚਾਹ ਪੀ ਰਹੇ ਸਨ, ਪੂਰਨ ਸਿੰਘ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਭਾਰਤੀ ਸਟੇਸ਼ਨ ਤੇ ਇਹ ਆਵਾਜ਼ ਕੰਨੀ ਪੈ ਰਹੀ ਹੋਵੇ ........ ' ਹਿੰਦੂ ਚਾਹ .....' ਮੁਸਲਮਾਨ ਚਾਹ ' ..... ' ਹਿੰਦੂ ਰੋਟੀ ' ...... ' ਮੁਸਲਮਾਨ ਰੋਟੀ ' ........ ' ਹਿੰਦੂ ਪਾਣੀ ' ...... ' ਮੁਸਲਮਾਨ ਪਾਣੀ ' । ਪੂਰਨ ਸਿੰਘ ਨੂੰ ਜਾਪਿਆ ਇਹ ਸਾਰੇ ਵਿਤਕਰੇ ਗੁਲਾਮੀ ਕਾਰਣ ਹੀ ਹਨ । ਜਦੋਂ ਸਾਰੇ ਭਾਰਤੀ ਵਿਦੇਸ਼ਾਂ ਵਿਚ ਮਿਲਦੇ ਹਨ ਤਾਂ ਉਹ ਨਵੀਂ ਭਰਾਵਲੀ ਵਿਚ ਬੱਝ ਜਾਂਦੇ ਹਨ ।" [1]

ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਦੀ ਅਜ਼ਾਦੀ ਦਾ ਸੰਕਲਪ ਉਸ ਸਮੇਂ ਅਜ਼ਾਦੀ ਲਈ ਚੱਲੀਆਂ ਲਹਿਰਾਂ ਤੋਂ ਉਪਜੀ ਮਾਨਸਿਕਤਾ ਦਾ ਹੀ ਸਿੱਟਾ ਹੈ । ਇਹ ਅਜ਼ਾਦੀ ਦੀ ਲਹਿਰ ਹੀ ਸੀ ਜੋ ਆਪ ਲਈ ਪ੍ਰੇਰਨਾ-ਸਰੋਤ ਬਣੀ ।

## (7) ਆਧੁਨਿਕ ਲਿਖਤਾਂ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਉਸ ਕਾਲ ਦੀ ਪ੍ਰਤੀਨਿਧਤਾ ਕਰਦੀਆਂ ਹਨ ਜਦੋਂ ਪੰਜਾਬੀ ਸਾਹਿਤ ਵਿਚ ਆਧੁਨਿਕਤਾ ਆ ਰਹੀ ਸੀ । ਇਨ੍ਹਾਂ ਲੇਖਕਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਆਧੁਨਿਕ ਸਾਹਿਤ ਨੂੰ ਪ੍ਰਫੁੱਲਿਤ ਕਰਨ ਵਿਚ ਆਪਣਾ ਯੋਗਦਾਨ ਪਾਇਆ । ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਬਾਰੇ ਜੇ ਇਸ ਤਰ੍ਹਾਂ ਕਹਿ ਦਿੱਤਾ ਜਾਵੇ ਕਿ ਇਨ੍ਹਾਂ ਦੀਆਂ ਰਚਨਾਵਾਂ ਨੇ

---

1. ਕ੍ਰਿਪਾਲ ਸਿੰਘ ਕਸੇਲ : ਰਾਜ ਹੰਸ : ਪੰਨਾ 86

ਆਧੁਨਿਕ ਪੰਜਾਬੀ ਸਾਹਿਤ ਦੀ ਅਗਵਾਈ ਕੀਤੀ ਤਾਂ ਇਸ ਵਿਚ ਵੀ ਕੋਈ ਅਤਿ ਕਥਨੀ ਨਹੀਂ ਹੋਵੇਗੀ । ਇਹੋ ਕਾਰਣ ਹੈ ਕਿ ਆਧੁਨਿਕ ਪੰਜਾਬੀ ਸਾਹਿਤ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਦਾ ਬਹੁਤ ਰਿਣੀ ਹੈ ।

ਇਸ ਤਰ੍ਹਾਂ ਇਹ ਬਹੁਤ ਸਾਰੇ ਪੱਖ ਹਨ ਜਿਨ੍ਹਾਂ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਸਮਾਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ।

## ਵੱਖਰਤਾਵਾਂ :

ਉਪਰੋਕਤ ਵਰਣਨ ਕੀਤੇ ਗਏ ਪੱਖਾਂ ਵਿਚ ਜਿਥੇ ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਵਿਚ ਸਮਾਨਤਾਵਾਂ ਪ੍ਰਗਟ ਹੁੰਦੀਆਂ ਹਨ ਉਥੇ ਬਹੁਤ ਸਾਰੇ ਅਜਿਹੇ ਪੱਖ ਵੀ ਹਨ ਜਿਥੇ ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਵਿਚ ਵੱਖਰਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਪ੍ਰਗਟ ਹੁੰਦੀਆਂ ਵੱਖਰਤਾਵਾਂ ਇਸ ਪ੍ਰਕਾਰ ਹਨ ।

## (1) ਸੀਮਾਵਾਂ ਦਾ ਵਿਸਥਾਰ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਸ ਪੱਖ ਤੋਂ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ । ਪ੍ਰੋ. ਪੂਰਨ ਸਿੰਘ ਪੰਜਾਬੀ ਵਾਰਤਕ ਦੀਆਂ ਸੀਮਾਵਾਂ ਦਾ ਵਿਸਥਾਰ ਕਰਦਾ ਹੈ । ਪ੍ਰੋ. ਪੂਰਨ ਸਿੰਘ ਧਰਮ ਅਤੇ ਸਾਹਿਤ ਦੇ ਚਲੇ ਆ ਰਹੇ ਸੰਬੰਧ ਨੂੰ ਤੋੜਦਾ ਹੈ ਇਸ ਦਾ ਕਾਰਨ ਹੈ ਕਿ ਉਸ ਨੇ ਪੰਜਾਬੀ ਵਾਰਤਕ ਨੂੰ ਉਸ ਦੇ ਧਾਰਮਿਕ ਪ੍ਰਯੋਜਨ ਤੋਂ ਵੱਖ ਕੀਤਾ । ਪ੍ਰੋ. ਪੂਰਨ ਸਿੰਘ ਲਈ ਧਰਮ ਉਸ ਦੀ ਸਿਰਜਣਾ ਦਾ ਕੇਂਦ੍ਰ ਨਹੀਂ । ਸੁਹਜ ਚਿੰਤਨ ਦਾ ਮੂਲ ਪ੍ਰੇਰਨਾ - ਸਰੋਤ ਸੁਹਜਾਤਮਕ ਇੱਛਾ ਹੈ । ਇੰਜ ਪੂਰਨ ਸਿੰਘ ਪੰਜਾਬੀ ਵਾਰਤਕ ਪਰੰਪਰਾ ਦੀਆਂ ਸੀਮਾਵਾਂ ਦਾ ਵਿਸਥਾਰ ਕਰਦਾ ਹੈ । ਇਸ ਬਾਰੇ ਪ੍ਰਮਿੰਦਰ ਸਿੰਘ, ਕ੍ਰਿਪਾਲ ਸਿੰਘ ਕਸੇਲ ਵੀ ਲਿਖਦਾ ਹੈ :

> " ਸਾਹਿਤ ਤੇ ਕਲਾ ਵਿਚ ਸ੍ਰੇਸ਼ਠ ਨਵੀਆਂ ਮਰਿਆਦਾ ਕਾਇਮ ਕਰ ਸਕੇ । ' ਖਿੜਾ ' ਅਤੇ ' ਰੂਪ ' ਵਰਗਾ ਵੰਨੋਂ ਹੀ ਪੂਰਨ ਸਿੰਘ ਨੇ ਸੁਤੰਤਰ ਉਡਾਰੀਆਂ ਲਾਈਆਂ ਹਨ । ਸੋ ਨਿਸ਼ਚੇ ਹੀ ਪੂਰਨ ਸਿੰਘ ਮਹਾਨ ਪ੍ਰਤਿਭਾ ਦਾ ਮਾਲਕ ਸੀ ।" [1]

ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਦੀ ਮਹਾਨਤਾ ਇਸ ਲਈ ਮੰਨੀ ਜਾਂਦੀ ਹੈ ਕਿ ਉਸ ਨੇ ਭਾਰਤ ਦੀ ਪਰੰਪਰਾ ਵਿਚ ਨਵੀਆਂ ਲੀਹਾਂ ਸਥਾਪਿਤ ਕੀਤੀਆਂ ।

ਡਾ. ਅਤਰ ਸਿੰਘ ਨੇ ਵੀ ਪੂਰਨ ਸਿੰਘ ਦੀ ਮਹਾਨਤਾ ਇਸੇ ਵਿਚ ਮੰਨੀ ਹੈ ਕਿ ਉਸ ਨੇ ਧਰਮ ਅਤੇ ਸਾਹਿਤ ਦੇ ਚਲੇ ਆ ਰਹੇ ਸੰਬੰਧ ਨੂੰ ਤੋੜਿਆ । ਇਸ ਬਾਰੇ ਡਾ. ਅਤਰ ਸਿੰਘ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

> " ਪੂਰਨ ਸਿੰਘ ਕਾਵਿ ਦੀ ਮਹੱਤਤਾ ਇਸੇ ਵਿਚ ਹੈ ਕਿ ਉਸ ਨੇ ਧਰਮ ਅਤੇ ਸਾਹਿਤ ਦੇ ਚਲੇ ਆ ਰਹੇ ਸੰਬੰਧ ਨੂੰ ਤੋੜਿਆ । ਉਸ ਨੇ ਕਵਿਤਾ ਨੂੰ ਉਸ ਦੇ ਧਾਰਮਿਕ ਪ੍ਰਯੋਜਨ ਤੋਂ ਅਲੱਗ ਕੀਤਾ । ਸੁਹਜ ਚਿੰਤਨ ਦਾ ਮੂਲ ਸਰੋਤ ਸੁਹਜਾਤਮਕ ਇੱਛਾ ਹੈ । ਇੰਜ ਪੂਰਨ ਸਿੰਘ ਪੰਜਾਬੀ ਕਾਵਿ ਦਾ ਵਿਸਥਾਰ ਕਰਦਾ ਹੈ । ਉਸ ਨੇ ਰਹੱਸਾਤਮਕ ਅਨੁਭਵ ਦੀਆਂ ਰਚਨਾਵਾਂ ਦੀ ਸਿਰਜਣਾ ਵੀ ਕੀਤੀ । ਪਰ ਮਹੱਤਵਪੂਰਨ ਗੱਲ ਇਹ ਹੈ ਕਿ ਹੋਰ ਵਿਸ਼ਿਆਂ ਨੂੰ ਉਸ ਨੇ ਇਸ ਅਨੁਭਵ ਨਾਲ ਨਹੀਂ ਜੋੜਿਆ ।" [2]

(2) <u>ਰਚਨਾਵਾਂ ਦੇ ਸੰਸਕਾਰ :</u>

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਅਧਿਐਨ ਇਹ ਦੱਸਦਾ ਹੈ ਕਿ ਭਾਈ ਸਾਹਿਬ ਦੀ ਸਮੁੱਚੀ ਰਚਨਾ ਇਕ ਵਿਸ਼ੇਸ਼ ਜਾਤੀ ਅਤੇ ਸਮੂਹ ਨੂੰ ਸੰਬੋਧਤ ਹੈ । ਉਹ ਇਕ ਜਾਣੀ ਪਛਾਣੀ ਕੌਮ

---

1. ਪ੍ਰਮਿੰਦਰ ਸਿੰਘ : ਕ੍ਰਿਪਾਲ ਸਿੰਘ ਕਸੇਲ : ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ : ਪੰਨਾ 341
2. Dr.Attar Singh : The Seculiar Principle of Panjabi Poetry : P- 170

ਦਾ ਪ੍ਰਤੀ-ਨਿਧ ਲੇਖਕ ਸੀ । ਇਸ ਲਈ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਵਿਚ ਭਾਈ ਵੀਰ ਸਿੰਘ ਦੀਆਂ ਲਿਖਤਾਂ ਵਾਲੀ ਧਰਮ ਭਾਵਨਾ ਨਹੀਂ ਹੈ ।

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਧਰਮ ਭਾਵਨਾ ਦੇ ਕਰੜੇ ਸੰਸਕਾਰ ਹਨ, ਜਿਨ੍ਹਾਂ ਤੋਂ ਬਾਹਰ ਜਾ ਕੇ ਉਹ ਆਪਣੀਆਂ ਰਚਨਾਵਾਂ ਸਮੁੱਚੀ ਲੁਕਾਈ ਨਾਲ ਨਹੀਂ ਜੋੜ ਸਕਿਆ । ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਕੇਂਦਰੀ ਮਹੱਤਵ ਮਨੁੱਖ ਦੀ ਮਨੁੱਖਤਾ ਨੂੰ ਹੈ । ਇਹ ਵੀ ਕਾਰਨ ਹੈ ਕਿ ਅਪਣੀ ਸਾਰੀ ਰਚਨਾ ਦਾ ਉਦੇਸ਼ ਸਮੁੱਚੀ ਲੁਕਾਈ ਦਾ ਭਲਾ ਬਣ ਗਿਆ । ਇਸ ਬਾਰੇ ਡਾ. ਕਰਮਜੀਤ ਸਿੰਘ ਲਿਖਦਾ ਹੈ :

> " ਭਾਈ ਵੀਰ ਸਿੰਘ ਦੇ ਚਿੰਤਨ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਧਾਰਾ ਲੋਕ ਕਾਲ ਤੋਂ ਅਤੀਤ ਪੰਜਾਬ ਦੇ ਰੂਪ ਭਾਵਨ ਭਵਿੱਖ ਉਭਰੇ ਹੈ । ਇਸ ਲਈ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਭਾਈ ਵੀਰ ਸਿੰਘ ਦਾ ਪੰਜਾਬ ਸੰਪ੍ਰਦਾਇਕ ਖਿਚਾਵਾਂ ਤੇ ਤਣਾਵਾਂ ਦਾ ਅਖਾੜਾ ਬਣਿਆ ਹੋਇਆ ਸੀ । ਉਥੇ ਪੂਰਨ ਸਿੰਘ ਦਾ ਪੰਜਾਬ ਇਨ੍ਹਾਂ ਖਿਚਾਵਾਂ ਤੋਂ ਨਿਰਲੇਪ ਲੋਕ ਕਾਲ ਦੀਆਂ ਕੰਧਾਂ ਤੋਂ ਦੂਰ ਵੀ ਸਤਿਗੁਰਾਂ ਦੇ ਅਸ਼ੀਰਵਾਦ ਕੀਤੇ ਬੰਦਿਆਂ ਦਾ ਅਲੌਕਿਕ ਦੇਸ਼ ਹੋ ਨਿਬੜਿਆ ਹੈ ।" [1]

ਭਾਈ ਸਾਹਿਬ ਦੀ ਕੇਂਦਰੀ ਸਮੱਸਿਆ ਦਾ ਸੰਬੰਧ ਸਿੱਖ ਧਰਮ ਦੀ ਵਿਲੱਖਣ ਅਤੇ ਸੁਤੰਤਰ ਹੋਂਦ ਨਾਲ ਹੈ । ਉਸ ਦੀਆਂ ਸਮੁੱਚੀਆਂ ਰਚਨਾਵਾਂ ਜਾਂ ਸਿੱਖ ਧਰਮ ਨਾਲ ਆਪਣੇ ਆਪ ਨੂੰ ਸੰਬੰਧਿਤ ਕਰਦੀਆਂ ਹਨ ਜਾਂ ਗੁਰਬਾਣੀ ਤੋਂ ਪ੍ਰਭਾਵ ਗ੍ਰਹਿਣ ਕਰਦੀਆਂ ਹਨ । ਭਾਈ ਸਾਹਿਬ ਦੀਆਂ ਰਚਨਾਵਾਂ ਦਾ ਬਲ ਸਿੱਖ ਧਰਮ ਨੂੰ ਪੂਰਵ ਸਿੱਖ ਧਰਮਾਂ ਜਾਂ ਭਾਰਤੀ ਧਰਮ ਪਰੰਪਰਾਨਾਲੋਂ ਨਿਵੇਕਲ ਉਭਾਰ ਹੈ ।

ਸਪਸ਼ਟ ਹੈ ਕਿ ਭਾਈ ਵੀਰ ਸਿੰਘ ਸਿੱਖ ਧਰਮ ਦੀ ਸੰਪ੍ਰਦਾਇਕਤਾ ਤੋਂ ਪ੍ਰਭਾਵਿਤ ਹੈ । ਪ੍ਰਭਾਵਿਤ ਤਾਂ ਉਹ ਅਧਿਆਤਮਕਤਾ ਤੋਂ ਵੀ ਹੈ ਪਰ ਅਧਿਆਤਮਕਤਾ ਦੇ ਵਿਸ਼ੇਸ਼ ਚਰਿਤਰ ਉਭਾਰ ਕੇ ਦੇਣ ਕਰਕੇ ਉਹ ਉਸ ਨੂੰ ਵੀ ਸੰਪ੍ਰਦਾਇਕ ਰੰਗਣ ਦੇ ਦਿੰਦਾ ਹੈ ।

---

1. ਡਾ. ਕਰਮਜੀਤ ਸਿੰਘ : ਖੋਜ - ਪਤ੍ਰਿਕਾ : ਪੰਨਾ 34

ਅਸਲ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦਾ ਬੁਨਿਆਦੀ ਅੰਤਰ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਦਾ ਹੈ । ਇਕ ਦੀ ਦ੍ਰਿਸ਼ਟੀ ਨਿਸ਼ਚਤ ਅਤੇ ਕਰੜੇ ਅਨੁਸ਼ਾਸ਼ਨ ਵਾਲੀ ਹੈ । ਜਦ ਕਿ ਦੂਸਰੇ ਦੀ ਦ੍ਰਿਸ਼ਟੀ ਵਿਚ ਸਮੁੱਚਾ ਬ੍ਰਹਿਮੰਡ ਫੈਲਿਆ ਹੋਇਆ ਹੈ । ਅਮਰੀਕ ਸਿੰਘ ਪੂੰਨੀ ਅਨੁਸਾਰ :

> "ਉਸ ਦਾ ਸਮੁੱਚਾ ਕਾਵਿ ਸਿੱਖ ਧਰਮ ਦੇ ਇਤਿਹਾਸ ਨਾਲ ਆਪਣੇ ਆਪ ਨੂੰ ਸੰਬੰਧਿਤ ਕਰਦਾ ਹੈ ਜਾਂ ਗੁਰਬਾਣੀ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ । ਉਸ ਦੇ ਕਾਵਿ ਦਾ ਬਲ ਸਿੱਖ ਧਰਮ ਨੂੰ ਪੂਰਵ ਸਿੱਖ ਧਰਮਾਂ ਜਾਂ ਭਾਰਤੀ ਧਰਮ ਪਰੰਪਰਾ ਨਾਲੋਂ ਨਿਖੇੜਨ ਉਪਰ ਹੈ । ਸਪਸ਼ਟ ਰੂਪ ਵਿਚ ਭਾਈ ਵੀਰ ਸਿੰਘ ਸਿੱਖ ਧਰਮ ਦੀ ਸੰਪ੍ਰਦਾਇਕਤਾ ਤੋਂ ਪ੍ਰਭਾਵਿਤ ਹੈ ।"[1]

## ਵਿਸ਼ੇਗਤ ਵੱਖਰਤਾ :

ਭਾਈ ਵੀਰ ਸਿੰਘ ਨਾਲੋਂ ਪ੍ਰੋ. ਪੂਰਨ ਸਿੰਘ ਦੀ ਰਚਨਾ ਵਿਸ਼ੇ ਪੱਖ ਤੋਂ ਵੀ ਭਿੰਨ ਹੈ । ਪ੍ਰੋ. ਪੂਰਨ ਸਿੰਘ ਦੀ ਸਾਰੀ ਰਚਨਾ ਹੀ ਨਿੱਜਵਾਦੀ ਦ੍ਰਿਸ਼ਟੀਕੋਣ ਤੋਂ ਲਿਖੀ ਗਈ ਹੈ । ਉਹ ਹਰੇਕ ਵਿਸ਼ੇ ਨੂੰ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ । ਪ੍ਰੋ.ਪਿਆਰਾ ਸਿੰਘ ਅਨੁਸਾਰ :

> "ਪ੍ਰੋ. ਪੂਰਨ ਸਿੰਘ ਦੀ ਸਾਰੀ ਰਚਨਾ ਹੀ ਨਿੱਜਵਾਦੀ ਹੈ, ਉਸ ਨੇ ਹਰੇਕ ਵਿਸ਼ੇ ਤੇ ਆਪਣੇ ਹੀ ਅਕਸੀ ਸ਼ੀਸ਼ੇ ਤੋਂ ਝਾਤੀ ਪਾਈ ਹੈ ।"[2]

ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਉਨ੍ਹਾਂ ਵਿਸ਼ਿਆਂ ਨੂੰ ਪੇਸ਼ ਕੀਤਾ ਹੈ ਜੋ ਇਸ ਦੁਨੀਆਂ ਨਾਲ ਹੀ ਸੰਬੰਧ ਰਖਦੇ ਹਨ । ਪਰ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਵਿਸ਼ੇ ਉਚ ਮੰਡਲਾਂ ਦੀਆਂ ਉਡਾਰੀਆਂ ਲਾਉਂਦੇ ਹਨ । ਭਾਈ ਵੀਰ ਸਿੰਘ ਦੇ ਵਿਸ਼ੇ ਪੱਖ ਦਾ ਫਰਕ ਇਹ ਹੈ ਕਿ ਪ੍ਰੋ.ਪੂਰਨ ਸਿੰਘ ਆਪਣੀਆਂ ਰਚਨਾਵਾਂ ਵਿਚ ਪਰਲੋਕ ਜਗਤ ਵਿਚ ਨਹੀਂ, ਸਗੋਂ ਇਸ ਜਗਤ ਵਿਚ ਹੀ ਵਿਚਰਦਾ ਵਿਖਾਈ

---

1. ਡਾ. ਅਮਰੀਕ ਸਿੰਘ ਪੂੰਨੀ : ਪੂਰਨ ਸਿੰਘ ਕਾਵਿ ਅਧਿਐਨ : ਪੰਨਾ 40
2. ਪ੍ਰੋ. ਪਿਆਰਾ ਸਿੰਘ : ਸਾਹਿਤ ਪਰਿਚਯ : ਪੰਨਾ 70

ਦਿੱਤਾ ਹੈ । ਪ੍ਰੋ. ਪਿਆਰਾ ਸਿੰਘ ਅਨੁਸਾਰ :

> " ਭਾਈ ਵੀਰ ਸਿੰਘ ਦੇ ਵਿਪਰੀਤ ਪੂਰਨ ਸਿੰਘ ਧਰਤੀ ਤੇ ਹੀ ਘੁੰਮਦਾ ਹੈ ਤੇ ਇਸ ਸੁਹੱਪਣ ਦਾ ਰਸ ਮਾਣਦਾ ਹੈ ।" [1]

ਇਸ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਹਾਂ ਰਚਨਾਵਾਂ ਵਿਚ ਇਸ ਪੱਖੋਂ ਵੀ ਭਿੰਨਤਾ ਪਾਈ ਜਾਂਦੀ ਹੈ ।

ਅਸੀਂ ਵੇਖਦੇ ਹਾਂ ਕਿ ਜਿਥੇ ਇਕ ਸਮੇਂ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਵਿਸ਼ੇਗਤ ਪੱਖ ਵਿੱਚ ਸ਼ਰਧਾਮਈ ਦ੍ਰਿਸ਼ਟੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ । ਭਾਈ ਵੀਰ ਸਿੰਘ 'ਸਿੰਘ ਸਭਾ ਲਹਿਰ' ਦੇ ਸੰਚਾਲਕਾਂ ਵਿਚੋਂ ਹੋਣ ਕਰਕੇ ਉਨ੍ਹਾਂ ਨੇ ਸਿੱਖ ਇਤਿਹਾਸ ਤੇ ਸਿੱਖ ਰਹਿਸਤੇ ਨੂੰ ਬੜੇ ਆਦਰਸ਼ਕ ਅਤੇ ਸ਼ਰਧਾਲੂ ਰੂਪ ਵਿਚ ਪ੍ਰਗਟਾਇਆ । ਪਰ ਪ੍ਰੋ. ਪੂਰਨ ਸਿੰਘ ਇਸ ਸਿੱਖ ਇਤਿਹਾਸ ਦੀ ਪਰੰਪਰਾ ਤੋਂ ਅਗਾਂਹ ਨੇ ਲੈਂਦਾ ਹੈ ਉਥੇ ਦੂਜੇ ਪਾਸੇ ਪੂਰਨ ਸਿੰਘ ਭਾਈ ਵੀਰ ਸਿੰਘ ਵਾਂਗ ਇਤਿਹਾਸ ਖਿਆਲਣ ਦਾ ਚਾਹਵਾਨ ਨਹੀਂ, ਨਾ ਕੋਈ ਪ੍ਰਚਾਰ ਕਰਨ ਦਾ ਚਾਹਵਾਨ ਹੈ । ਇਸ ਲਈ ਪ੍ਰੋ.ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਲਈ ਜਿਸ ਪ੍ਰਕਾਰ ਦੇ ਵਿਸ਼ੇ ਚੁਣੇ ਹਨ ਜਿਵੇਂ - ਕਵਿਤਾ, ਨਵੀਂ ਦਾ ਦਿਲ, ਪਿਆਰ ਆਦਿ, ਉਨ੍ਹਾਂ ਨੂੰ ਹਰ ਕੋਈ ਪੜ੍ਹਨਾ ਪਸੰਦ ਕਰੇਗਾ ਅਤੇ ਲਾਭ ਉਠਾਏਗਾ ।

<u>ਧਾਰਮਿਕ ਦ੍ਰਿਸ਼ਟੀ :-</u>

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਹਾਂ ਰਚਨਾਵਾਂ ਵਿਚ ਇਸ ਪੱਖ ਤੋਂ ਵੀ ਵੱਖਰਤਾ ਪਾਈ ਜਾਂਦੀ ਹੈ ਕਿ ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਮਨੁੱਖੀ ਸਮੂਹਿਕਤਾ ਦੇ ਸਾਰੇ ਪੱਖਾਂ ਨੂੰ ਧਰਮ ਆਧਾਰਿਤ ਜਾਂ ਧਰਮ ਅਧੀਨ ਸਮਝਦਾ ਹੈ । ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਨਾਲੋਂ ਇਸੇ ਪੱਖ ਤੋਂ ਵੱਖਰੀਆਂ ਹਨ । ਪ੍ਰੋ. ਪੂਰਨ ਸਿੰਘ ਧਾਰਮਿਕ ਵਿਚਾਰਾਂ ਨੂੰ ਬਿਲਕੁਲ ਤਿਆਗਦਾ ਨਹੀਂ । ਜਿਸ ਤਰ੍ਹਾਂ ਆਪ ਨੇ ਵਾਰਤਕ ਵਿਚ 'ਮਜ਼੍ਹਬ' ਤੇ ਇਕ ਭਾਵ ਪੂਰਤ ਲੇਖ ਵੀ ਲਿਖਿਆ ਹੈ । ਪਰ ਪ੍ਰੋ. ਪੂਰਨ ਸਿੰਘ ਲਈ ਧਰਮ ਮਨੁੱਖ ਦੀ ਸਮੂਹਿਕਤਾ ਦਾ ਪੱਖ ਹੈ । ਇਸ ਦੇ ਨਾਲ ਹੀ ਹੋਰ ਪੱਖ ਜਿਵੇਂ - ਆਰਥਿਕ, ਸਮਾਜਿਕ, ਸਾਂਸਕ੍ਰਿਤਕ ਅਤੇ ਸੁਹਜਾਤਮਕ ਪ੍ਰਮੁੱਖਤਾਵਾਂ ਹਨ ਉਹ ਧਰਮ ਉਪਰ ਆਧਾਰਿਤ ਜਾਂ ਉਨ੍ਹਾਂ ਦੇ ਅਧੀਨ ਨਹੀਂ । ਇਸੇ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ

---

1. ਪ੍ਰੋ. ਪਿਆਰਾ ਸਿੰਘ : ਸਾਹਿਤ ਪਰਿਚਯ : ਪੰਨਾ 70

ਸਿੰਘ ਦੀਆਂ ਰਚਨਾਵਾਂ ਵਿਚ ਅੰਤਰ ਸਥਾਪਿਤ ਕਰਦਾ ਹੋਇਆ ਡਾ. ਅਤਰ ਸਿੰਘ ਲਿਖਦਾ ਹੈ :

> "ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਮਨੁੱਖੀ ਸਮੂਹਿਕਤਾ ਦੇ ਸਾਰੇ ਪੱਖਾਂ ਨੂੰ ਧਰਮ ਆਧਾਰਿਤ ਅਤੇ ਧਰਮ ਅਧੀਨ ਸਮਝਦਾ ਹੈ । ਇਸ ਦੇ ਮੁਕਾਬਲੇ ਵਿਚ ਪ੍ਰੋ. ਪੂਰਨ ਸਿੰਘ ਇਨ੍ਹਾਂ ਸਾਰੇ ਪੱਖਾਂ ਵਿਚੋਂ ਧਰਮ ਨੂੰ ਇਕ ਪੱਖ ਹੀ ਸਵੀਕਾਰ ਕਰਦਾ ਹੈ । ਇਸ ਪੱਖ ਤੋਂ ਵੀ ਪੂਰਨ ਸਿੰਘ ਕਾਵਿ ਆਪਣੇ ਤੋਂ ਪਹਿਲਾਂ ਦੇ ਧਰਮ ਮੁੱਖ ਕਾਵਿ ਤੋਂ ਵੱਖਰਾ ਹੈ ।"[1]

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੀ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲੋਂ ਮਹਾਨਤਾ ਇਸੇ ਵਿੱਚ ਹੈ ਕਿ ਆਪ ਨੇ ਧਰਮ ਅਤੇ ਸਾਹਿਤ ਦੇ ਚਲੇ ਆ ਰਹੇ ਸੰਬੰਧ ਨੂੰ ਤੋੜਿਆ । ਸਾਹਿਤ ਨੂੰ ਉਸ ਦੇ ਧਾਰਮਿਕ ਪ੍ਰਯੋਜਨ ਤੋਂ ਵੱਖ ਕੀਤਾ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਚਿੰਤਨ ਅਤੇ ਸਿਰਜਨ ਪੱਖ ਤੇ ਜੇ ਚੰਗੀ ਤਰ੍ਹਾਂ ਵਿਚਾਰੀਏ ਤਾਂ ਇਹ ਸਿੱਟਾ ਨਿਕਲਦਾ ਹੈ ਕਿ ਪੂਰਨ ਸਿੰਘ ਬਲਵਾਨ ਸ਼ਖ਼ਸੀਅਤ ਦਾ ਮਾਲਕ ਸੀ । ਉਹ ਹਰ ਛਿਨ ਨਵੇਂ ਰੰਗ ਵਿਚ ਉਦੇ ਹੋਣ ਵਾਲਾ ਕਲਾਕਾਰ ਸੀ । ਉਸ ਨੂੰ ਕਿਸੇ ਵਿਅਕਤੀ ਦੇ ਪ੍ਰਭਾਵ ਨਾਲ ਜੋੜ ਕੇ ਵਿਚਾਰਨਾ ਉਸ ਦੀਆਂ ਰਚਨਾਵਾਂ ਅਤੇ ਉਸ ਦੇ ਵਿਅਕਤਿਤਵ ਨਾਲ ਨਿਆਂ ਨਹੀਂ ।

ਇਸੇ ਤਰ੍ਹਾਂ ਦੋਵੇਂ ਲੇਖਕਾਂ ਵਿਚ ਪ੍ਰੇਰਨਾ-ਸਰੋਤ ਪੱਖੋਂ ਵੀ ਜਿਥੇ ਸਮਾਨਤਾ ਪਾਈ ਜਾਂਦੀ ਹੈ, ਉਥੇ ਇਨ੍ਹਾਂ ਨੂੰ ਅਪਨਾਉਣ ਦੀ ਦ੍ਰਿਸ਼ਟੀ ਤੋਂ ਭਿੰਨਤਾ ਵੀ ਹੈ । ਦੋਹਾਂ ਲੇਖਕਾਂ ਦੇ ਪ੍ਰੇਰਨਾ-ਸਰੋਤ ਸਿੱਖ ਧਾਰਮਿਕ ਗ੍ਰੰਥ ਵੀ ਹਨ । ਪੂਰਨ ਸਿੰਘ ਇਨ੍ਹਾਂ ਸਰੋਤਾਂ ਤੋਂ ਸਿਰਫ ਪ੍ਰੇਰਨਾ ਗ੍ਰਹਿਣ ਕਰਦਾ ਹੈ । ਭਾਈ ਵੀਰ ਸਿੰਘ ਦੇ ਵਿਪਰੀਤ ਉਹ ਪੁਸਤਕੀ ਚਿੰਤਨ ਨੂੰ ਅਨੁਭਵ ਦਾ ਹਿੱਸਾ ਬਣਾ ਕੇ ਪੇਸ਼ ਕਰਦਾ ਹੈ । ਇਹ ਅਨੁਭਵ ਉਸ ਦਾ ਆਪਣਾ ਵਿਲੱਖਣ ਅਨੁਭਵ ਹੈ । ਕੁੱਲ ਮਿਲਾ ਕੇ ਵੀਰ ਸਿੰਘ ਕਾਵਿ ਪ੍ਰਮਾਣ ਗ੍ਰੰਥ ਹੈ ਅਤੇ ਪੂਰਨ ਸਿੰਘ ਗ੍ਰੰਥ ਅਨੁਭਵ ਪ੍ਰਮਾਣ । ਇਹ ਹੀ ਕਾਰਨ ਹੈ ਕਿ ਪੂਰਨ ਸਿੰਘ ਦੀਆਂ

---

1. Dr. Attar Singh : The Seculiar Principle of Punjabi Poetry : P-118

ਰਚਨਾਵਾਂ ਵਿਚ ਸੰਪ੍ਰਦਾਇਕ ਚਰਿਤ ਸਾਹਿਤ ਦੀ ਸ਼ਕਤੀ ਵੀ ਹੈ ਤੇ ਸੀਮਾਂ ਵੀ । ਪੂਰਨ ਸਿੰਘ ਧਾਰਮਿਕ ਵਿਅਕਤੀ ਸੀ । ਪੂਰਨ ਸਿੰਘ ਦੇ ਸਿੱਖੀ ਵਿਚ ਪੁਨਰ ਪ੍ਰਵੇਸ਼ ਵੀ ਉਸ ਦੇ ਭਾਈ ਵੀਰ ਸਿੰਘ ਨਾਲ ਸੰਪਰਕ ਤੋਂ ਬਾਅਦ ਵਾਪਰੀ । ਭਾਈ ਵੀਰ ਸਿੰਘ ਨੇ ਹੀ ਪੂਰਨ ਸਿੰਘ ਨੂੰ ਸਿੱਖ ਧਰਮ ਦੇ ਮੂਲ ਪ੍ਰਯੋਜਨ ਵੱਲ ਪ੍ਰੇਰਿਆ ।

ਇਸੇ ਤਰ੍ਹਾਂ ਇਕ ਹੋਰ ਪੱਖ ਵੀ ਹੈ ਕਿ ਪੂਰਨ ਸਿੰਘ ਦਾ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲ ਪ੍ਰਭਾਵਿਤ ਹੋਣ ਦਾ ਸੰਕੇਤ ਨਹੀਂ ਮਿਲਦਾ । ਜੇ ਪੂਰਨ ਸਿੰਘ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚਲੀ ਧਾਰਮਿਕਤਾ ਨੂੰ ਗ੍ਰਹਿਣ ਕਰਦਾ ਹੈ ਤਾਂ ਨਿਸ਼ਚੇ ਹੀ ਉਸ ਦੀ ਧਰਮ ਭਾਵਨਾ ਦਾ ਆਧਾਰ ਵੀ ਉਹੀ ਸੰਪ੍ਰਦਾਇਕ ਰਚਨਾਵਾਂ ਦੀ ਪਰੰਪਰਾ ਹੀ ਹੁੰਦੀ । ਇਸ ਪਰੰਪਰਾ ਦੀ ਪਕੜ ਕਰੜੀ ਹੈ । ਭਾਈ ਵੀਰ ਸਿੰਘ ਇਸ ਨਾਲ ਸੁਤੰਤਰ ਦ੍ਰਿਸ਼ਟੀ ਤੋਂ ਸਾਂਝ ਪਾ ਸਕਣ ਤੋਂ ਅਸਲੋਂ ਅਸਮਰਥ ਹੈ । ਭਾਈ ਵੀਰ ਸਿੰਘ ਦੀ ਰਚਨਾ ਦਾ ਇਹ ਹੀ ਭੇਦ ਹੈ ਕਿ ਉਸ ਨੇ ਸਮੁੱਚੀ ਰਚਨਾ ਇਕ ਧਾਰਮਿਕ ਵਿਅਕਤੀ ਦੇ ਕਰੱਤਵ ਪ੍ਰਤੀ ਚੇਤੰਨ ਹੋ ਕੇ ਕੀਤੀ ਹੈ । ਉਸ ਦੀਆਂ ਵਾਰਤਕ ਰਚਨਾਵਾਂ ਦੀ ਪ੍ਰਸਿੱਧੀ ਵੀ ਮੁੱਖ ਰੂਪ ਵਿਚ ਇਕ ਵਿਸ਼ੇਸ਼ ਬੰਧਨ ਯੁਕਤ ਸ਼੍ਰੇਣੀ ਕਰਕੇ ਹੀ ਹੈ । ਪਰ ਇਹ ਬੰਧਨ ਪੂਰਨ ਸਿੰਘ ਦੀਆਂ ਰਚਨਾਵਾਂ ਦਾ ਲੱਛਣ ਨਹੀਂ । ਸੱਚ ਤਾਂ ਇਹ ਹੈ ਕਿ ਪੂਰਨ ਸਿੰਘ ਧਾਰਮਿਕ ਵਿਅਕਤੀ ਹੋ ਸਕਦਾ ਹੈ ਪਰ ਧਾਰਮਿਕ ਲੇਖਕ ਨਹੀਂ ।

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਕਿਸੇ ਸੰਪ੍ਰਦਾਇ ਪ੍ਰਤੀ ਵਿਰੋਧ ਪ੍ਰਗਟ ਨਹੀਂ ਕਰਦੀਆਂ । ਧਰਮਾਂ ਦੇ ਨਿਖੇੜੇ ਦੀ ਭਾਵਨਾ ਉਸ ਦੀ ਕਿਸੇ ਵੀ ਰਚਨਾ ਦਾ ਅੰਸ਼ ਨਹੀਂ । ਉਹ ਸਾਰੇ ਧਰਮਾਂ ਨੂੰ ਭਾਵੇਂ ਉਹ ਹਿੰਦੂ, ਮੁਸਲਮਾਨ, ਈਸਾਈ, ਬੁੱਧ ਆਦਿ ਹੈ ਇਕੋ ਦ੍ਰਿਸ਼ਟੀ ਤੋਂ ਅਧਿਐਨ ਕਰਦਾ ਹੈ ।

ਸੱਚ ਤਾਂ ਇਹ ਹੈ ਕਿ ਪੂਰਨ ਸਿੰਘ ਦੀਆਂ ਰਚਨਾਵਾਂ ਦੇ ਕਿਸੇ ਪ੍ਰਸ਼ਨ ਨੂੰ ਵੀ ਪੰਜਾਬੀ ਦੀ ਸੀਮਿਤ ਪਰੰਪਰਾ ਦੇ ਅੰਤਰਗਤ ਨਹੀਂ ਨਜਿੱਠਿਆ ਜਾ ਸਕਦਾ । ਪੂਰਨ ਸਿੰਘ ਦੀਆਂ ਰਚਨਾਵਾਂ ਨੂੰ ਕਿਸੇ ਸੰਪ੍ਰਦਾਇ ਵਿਸ਼ੇਸ਼ ਦੀ ਵਿਚਾਰਧਾਰਾ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ । ਉਸ ਦੀਆਂ ਰਚਨਾਵਾਂ ਨੂੰ ਸਮੁੱਚੀ ਬਹੁ-ਭਾਸ਼ਾਈ, ਬਹੁ-ਧਰਮੀ ਰਚਨਾ ਦੇ ਪਰਿਪੇਖ ਵਿਚ ਸਮਝਣ ਦੀ ਲੋੜ ਹੈ ।

<u>ਉਚ ਮੰਡਲਾਂ ਦੀਆਂ ਉਡਾਰੀਆਂ :</u>

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਿਚ ਜਿਥੇ ਅਧਿਆਤਮਕ ਪੱਖ ਵਿਚ ਸਮਾਨਤਾ ਪਾਈ ਜਾਂਦੀ ਹੈ, ਉਥੇ ਅਧਿਆਤਮਕਤਾ ਵਾਲੇ ਪਹਿਲੂ ਨੂੰ ਵੀ ਦੋਵਾਂ ਲੇਖਕਾਂ ਨੇ ਆਪਣੀ ਆਪਣੀ ਦ੍ਰਿਸ਼ਟੀ ਮੁਤਾਬਿਕ ਵੱਖਰਾ ਵੱਖਰਾ ਵਿਸਥਾਰ ਦਿਤਾ ਹੈ । ਭਾਈ ਵੀਰ ਸਿੰਘ ਦੀ ਅਧਿਆਤਮਕ ਦ੍ਰਿਸ਼ਟੀ ਵਿਚ ਫਰਕ ਇਹ ਹੈ ਕਿ ਭਾਈ ਵੀਰ ਸਿੰਘ ਅਧਿਆਤਮਕਤਾ ਨਾਲ ਜੁੜ ਕੇ ਦੁਨਿਆਈ ਨਾਲੋਂ ਟੁੱਟ ਜਾਂਦਾ ਹੈ ਜਦ ਕਿ ਪੂਰਨ ਸਿੰਘ ਆਪਣੇ ਇਸ ਜਜ਼ਬੇ ਨੂੰ ਸਮੁੱਚੀ ਦੁਨਿਆਈ ਨਾਲ ਜੋੜਨ ਦਾ ਚਾਹਵਾਨ ਹੈ। ਪ੍ਰੋ. ਪੂਰਨ ਸਿੰਘ ਨੂੰ ਤਾਂ ਹਰ ਵਸਤੂ ਵਿਚੋਂ ਰੱਬ ਵਿਖਾਈ ਦਿੰਦਾ ਹੈ। ਹਿੰਦੂ, ਮੁਸਲਮਾਨ, ਸਿੱਖ ਸਭ ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਸਿੱਖ ਹਨ ਕਿਉਂਕਿ ਉਸ ਦਾ ਸਿੱਖ ਤੋਂ ਭਾਵ ਹੈ ਚੰਗਾ ਮਨੁੱਖ, ਚੰਗੇ ਕਰਮਾਂ ਵਾਲਾ, ਚੰਗਾ ਸੋਚਣ ਵਾਲਾ, ਸਭ ਦਾ ਭਲਾ ਸੋਚਣ ਵਾਲਾ ।

ਭਾਈ ਵੀਰ ਸਿੰਘ ਮੱਧਕਾਲ ਦੀ ਸਿੱਖ ਅਧਿਆਤਮਕ ਪਰੰਪਰਾ ਦਾ ਆਖਰੀ ਕਵੀ ਹੈ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੀ ਪਾਤਰਾਂ ਆਦਿ ਅਤੇ ਪਹੁੰਚ ਵਿਧੀ ਇਸੇ ਪਰੰਪਰਾ ਨਾਲ ਜੁੜਦਾ ਹੈ । ਜਦ ਕਿ ਪੂਰਨ ਸਿੰਘ ਗੁਰੂ ਕਾਵਿ ਅਤੇ ਗੁਰੂ ਇਤਿਹਾਸ ਤੋਂ ਪ੍ਰੇਰਨਾ ਤਾਂ ਲੈਂਦਾ ਹੈ ਪਰ ਉਹ ਉਸ ਪ੍ਰੇਰਨਾ ਨੂੰ ਪਰੰਪਰਾ ਦੇ ਵਿਸਥਾਰ ਅਤੇ ਅਰਥ ਸਿਰਜਨ ਲਈ ਮਾਧਿਅਮ ਬਣਾਉਂਦਾ ਹੈ । ਭਾਈ ਵੀਰ ਸਿੰਘ ਨੂੰ ਗੁਰਬਾਣੀ ਅਤੇ ਗੁਰੂ ਦੇਵਾਂ ਨਾਲ ਮੋਹ ਤਾਂ ਹੈ ਪਰ ਭਾਈ ਵੀਰ ਸਿੰਘ ਇਸ ਮੋਹ ਨੂੰ ਨਿਸ਼ਚਤ ਵਿਸਥਾਰ ਤੀਕ ਲੈ ਕੇ ਜਾਂਦਾ ਹੈ । ਇਸ ਅੰਤਰ ਨੇ ਪੂਰਨ ਸਿੰਘ ਦੀ ਰਚਨਾ ਨੂੰ ਭਾਈ ਵੀਰ ਸਿੰਘ ਦੀ ਰਚਨਾ ਨਾਲੋਂ ਵੱਖਰਾ ਹਸਤਾਖਰ ਬਖਸ਼ਿਆ ਹੈ । ਜੋ ਪਰੰਪਰਾ ਨੂੰ ਸਮਕਾਲੀ ਪ੍ਰਸੰਗਤਾ ਵਿਚ ਅਰਥ ਦੇਣ ਵਾਲਾ ਹੈ । ਡਾ. ਕਰਮਜੀਤ ਸਿੰਘ ਇਸ ਪੱਖ ਤੋਂ ਇਨ੍ਹਾਂ ਲੇਖਕਾਂ ਦੀ ਆਪਸ ਵਿਚ ਤੁਲਨਾ ਕਰਦਾ ਹੋਇਆ ਲਿਖਦਾ ਹੈ :

> " ਅਧਿਆਤਮਕਤਾ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਵੀ ਪ੍ਰਮੁੱਖ ਲੱਛਣ ਹੈ । ਪਰ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਇਹ ਅਧਿਆਤਮਕਤਾ ਆਪ ਦੀ ਰਚਨਾ ਦੀ ਦ੍ਰਿਸ਼ਟੀ ਦਾ ਦਾਰਸ਼ਨਿਕ ਪੈਂਤੜਾ ਬਣੀ ਦਿਸਦੀ ਹੈ । ਭਾਈ ਵੀਰ ਸਿੰਘ ਦੀ ਰਚਨਾ ਵਿਚ ਗੁਹਜਕਤਾ ਦਾ ਸੋਮਾ ਪ੍ਰਲੋਕ ਵਿਚ ਹੈ । ਇਹ ਗੁਹਜ ਕਦੇ ਕਦੇ ਹੀ ਟੁਟਦੇ ਤਾਰੇ ਦੀ

> ਚਮਤਕਾਰ ਵਾਂਗ ਇਹ ਲੋਕ ਤੱਤ ਨੂੰ ਨਿਵਾਜਦਾ ਤੇ ਉਭਿਆਉਂਦਾ ਹੈ ਤੇ ' ਚਮਤਕਾਰ ' ਮਾਤ ਕੇ ਫਿਰ ਪਰਲੋਕ ਵਿਚ ਖਿਸਕ ਜਾਂਦਾ ਹੈ । ਜਦ ਕਿ ਪੂਰਨ ਸਿੰਘ ਦੇ ਰਚਨਾ ਜਗਤ ਵਿਚ ਸੂਰਜ ਦਾ ਸੋਮਾ ਪਰਲੋਕ ਦੀ ਪ੍ਰਕ੍ਰਿਤੀ ਨਾਲ ਇਕ ਸੁਰ ਹੋਏ ਮਨੁੱਖ ਦੇ ਅੰਦਰ ਆਪੇ ਵਿਚ ਸਥਿਤ ਹੈ ।"[1]

ਭਾਵੇਂ ਰਚਨਾ ਤਾਂ ਭਾਈ ਵੀਰ ਸਿੰਘ ਨੇ ਵੀ ਅਧਿਆਤਮ ਵਾਦੀ ਰਚੀ ਹੈ । ਪਰ ਫਿਰ ਵੀ ਦੋਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਬਹੁਤ ਸਾਰਾ ਅੰਤਰ ਦ੍ਰਿਸ਼ਟੀਗੋਚਰ ਹੁੰਦਾ ਹੈ । ਕ੍ਰਿਪਾਲ ਸਿੰਘ ਕਸੇਲ ਵੀ ਦੋਹਾਂ ਲੇਖਕਾਂ ਦੀਆਂ ਰਚਨਾਵਾਂ ਵਿਚਲੇ ਅਧਿਆਤਮਵਾਦੀ ਪੱਖ ਤੋਂ ਵਿਚਾਰ ਕਰਕੇ ਪ੍ਰੋ. ਪੂਰਨ ਸਿੰਘ ਦੇ ਅਧਿਆਤਮਵਾਦੀ ਪੱਖ ਨੂੰ ' ਨਵ-ਅਧਿਆਤਮਵਾਦ ' ਦਾ ਨਾਮ ਦਿੰਦਾ ਹੈ । ਕ੍ਰਿਪਾਲ ਸਿੰਘ ਕਸੇਲ ਇਸ ਬਾਰੇ ਇਸ ਤਰ੍ਹਾਂ ਵਿਚਾਰ ਪ੍ਰਗਟਾਉਂਦਾ ਹੈ :

> " ਪੂਰਨ ਸਿੰਘ ਨੇ ਅਗਲੀ ਜ਼ਿੰਦਗੀ ਦੇ ਗੀਤ ਲਿਖੇ ਹਨ । ਇਸ ਲਈ ਉਸ ਦੀ ਘਾੜਤਾਂ ਬੇਪਰਵਾਹ ਸੁਤਰ ਵਾਲੀ ਪ੍ਰਤੀਤ ਹੁੰਦੀ ਹੈ। ਪਰ ਇਸ ਬੇਪਰਵਾਹੀ ਵਿਚ ਧਿਆਨ ਪੂਰਵਕ ਪ੍ਰਵਾਹ ਦਾ ਅਟੁੱਟੀ ਨੇਮ ਕੰਮ ਕਰ ਰਿਹਾ ਹੈ । ਜਿਸ ਦੀ ਰੇਖਾ ਦਾ ਹਰ ਬਿੰਦੂ ਆਪਣੇ ਕੇਂਦਰ ਵੱਲ ਨੂੰ ਜਾ ਰਿਹਾ ਹੈ ਜਾਂ ਉਸ ਵੱਲੋਂ ਆ ਰਿਹਾ ਹੈ । ਇਕ ਬਿੰਦੂ ਤੇ ਆਨੰਦ ਦੀ ਸਾਂਝ ਸੁੰਦਰ ਤਾਲ ਪ੍ਰਕ੍ਰਿਤੀ ਦਾ ਨਿੱਤ ਵਜਦਾ ਨਾਦ ਹੈ ।" [2]

ਕ੍ਰਿਪਾਲ ਸਿੰਘ ਕਸੇਲ ਇਸ ਨੂੰ " ਨਵ-ਅਧਿਆਤਮਵਾਦ " ਕਹਿੰਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਅਧਿਆਤਮਵਾਦ ਦਾ ਇਕ ਫਰਕ ਇਹ ਹੈ ਕਿ ਭਾਈ ਵੀਰ ਸਿੰਘ ਆਪਣੇ ਅਧਿਆਤਮਵਾਦ ਨੂੰ ਗੁਰਬਾਣੀ ਦੀ ਦਲੀਲ ਦੀ ਕਸਵੱਟੀ ਤੇ ਪਰਖਕੇ ਸਹੀ ਕਰਦਾ ਹੈ । ਪਰ ਪੂਰਨ ਸਿੰਘ ਇਸ ਅਧਿਆਤਮਵਾਦ ਨੂੰ ਖੁੱਲ੍ਹਾ ਰੱਖਦਾ ਹੈ । ਭਜਨ ਸਿੰਘ ਅਨੁਸਾਰ :

> " ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਿਚ ਵੱਡਾ ਫਰਕ ਇਹ ਹੈ ਕਿ ਜਿਥੇ ਭਾਈ ਵੀਰ ਸਿੰਘ ਆਪਣੇ ਅਧਿਆਤਮਵਾਦੀ ਅਨੁਭਵ ਨੂੰ ਸੂਝ ਤੇ ਨਿਆਂਈਂ ਦੀ ਕਸਵੱਟੀ ਤੇ ਲਾ ਕੇ ਇਕ ਸਧਾਰਣ ਜਿਹਾ ਬਣਾ ਦਿੰਦਾ

---

1. ਡਾ. ਕਰਮਜੀਤ ਸਿੰਘ : ਖੋਜ-ਪਤ੍ਰਿਕਾ : ਪੰਨਾ 31
2. ਕ੍ਰਿਪਾਲ ਸਿੰਘ ਕਸੇਲ : ਪੂਰਨ ਸਿੰਘ : ਪੰਨਾ 25

ਹੈ, ਜਿਸ ਨੂੰ ਹਰ ਪਾਠਕ ਥੋੜ੍ਹੇ ਜਿਹੇ ਯਤਨ ਨਾਲ ਸਮਝ ਸਕਦਾ ਹੈ ਉਥੇ ਪੂਰਨ ਸਿੰਘ ਆਪਣੇ ਅਧਿਆਤਮਵਾਦੀ ਅਨੁਭਵ ਲਈ ਅਜਿਹੀ ਸਾਹਿਤਕ ਕਲਾ ਵਰਤਣ ਵਿਚ ਸਫਲ ਨਹੀਂ ਹੁੰਦਾ ।" [1]

## ਤੁਲਨਾਤਮਕ ਦ੍ਰਿਸ਼ਟੀ :

ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ । ਇਹ ਦ੍ਰਿਸ਼ਟੀ ਭਾਈ ਵੀਰ ਸਿੰਘ ਇਸ ਲਈ ਅਪਣਾਉਂਦਾ ਹੈ ਕਿ ਉਹ ਪਾਠਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰ ਸਕੇ । ਕਿਉਂਕਿ ਜਦੋਂ ਅਸੀਂ ਕਿਸੇ ਚੀਜ਼ ਦੀ ਦੂਜੀ ਚੀਜ਼ ਨਾਲ ਤੁਲਨਾ ਕਰਦੇ ਹਾਂ ਤਾਂ ਇਕ ਦੂਜੀ ਦੇ ਮੁਕਾਬਲੇ ਜ਼ਿਆਦਾ ਗੁਣ ਭਰਪੂਰ ਦਿਸਣ ਲੱਗ ਪੈਂਦੀ ਹੈ । ਇਸ ਲਈ ਭਾਈ ਵੀਰ ਸਿੰਘ ਇਸ ਦ੍ਰਿਸ਼ਟੀਕੋਣ ਨੂੰ ਅਪਣਾਉਂਦਾ ਹੈ । ਭਾਈ ਵੀਰ ਸਿੰਘ ਦੀਆਂ ਲਿਖਤਾਂ ਨੂੰ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਤੋਂ ਵੱਖਰੀਆਂ ਬਣਾਉਣ ਵਾਲੀਆਂ ਇਹੋ ਜਿਹੀਆਂ ਅਟਕਲਾਂ ਹੀ ਹਨ ।

## ਸਿੱਖ ਰਾਜ ਦੀ ਮੁੜ ਸਥਾਪਨਾ :

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਰਚਣ ਦਾ ਮੁੱਖ ਮਨੋਰਥ ਇਹ ਹੈ ਕਿ ਉਹ ਮੁੜ ਸਿੱਖ ਰਾਜ ਦੀ ਸਥਾਪਨਾ ਕਰਨੀ ਚਾਹੁੰਦਾ ਹੈ । ਮੁੜ ਮਹਾਂ ਰਾਜਾ ਰਣਜੀਤ ਸਿੰਘ ਦੇ ਸਮੇਂ ਨੂੰ ਸਥਾਪਿਤ ਕਰਨਾ ਚਾਹੁੰਦਾ ਹੈ । ਜਦ ਕਿ ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੀ ਕੋਈ ਪ੍ਰਵਿਰਤੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ । ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੇ ਕਿਸੇ ਵੀ ਸੰਕਲਪ ਦੀ ਸਿਰਜਣਾ ਕੋਈ ਨਹੀਂ ਮਿਲਦੀ । ਸਗੋਂ ਉਹ ਤਾਂ ਮੁੜ ਮੁੜ ਸਮੁੱਚੀ ਭਾਰਤੀ ਸਭਿਅਤਾ ਦੀ ਰਾਖੀ ਕਰਦਾ ਪ੍ਰਤੀਤ ਹੁੰਦਾ ਹੈ । ਪ੍ਰੋ. ਪੂਰਨ ਸਿੰਘ ਦਾ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲੋਂ ਇਸ ਪੱਖ ਤੋਂ ਵੀ ਫਰਕ ਹੈ । ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਮੁੜ ਮੁੜ ਇਹ ਸੰਕਲਪ ਨਹੀਂ ਸਿਰਜਦੀਆਂ ਕਿ ਉਹ ਮੁੜ ਸਿੱਖ ਰਾਜ ਦੀ ਉਸਾਰੀ ਦਾ ਮੁੱਦਈ ਹੈ । ਸਗੋਂ ਪੂਰਨ ਸਿੰਘ ਤਾਂ ਸਮੁੱਚੀ ਭਾਰਤੀ ਸਭਿਅਤਾ ਦਾ ਜਸ ਗਾਉਂਦਾ ਹੈ । ਇਸ ਨੂੰ ਵਿਵਹਾਰਿਕ ਤੌਰ ਤੇ ਗ੍ਰਹਿਣ ਵੀ ਕਰਦਾ ਹੈ

1. ਸਾਹਿਤ ਸਮਾਚਾਰ ਦਾ ਪੂਰਨ ਸਿੰਘ ਅੰਕ : ਪੰਨਾ 257

ਸਮੁੱਚੇ ਰੂਪ ਵਿਚ ਅਸੀਂ ਆਖ ਸਕਦੇ ਹਾਂ ਕਿ ਪੂਰਨ ਸਿੰਘ ਨੂੰ ਕੇਵਲ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੀ ਰੋਸ਼ਨੀ ਵਿਚ ਨਹੀਂ ਵਿਚਾਰਿਆ ਜਾ ਸਕਦਾ । ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਦਾ ਆਪਣੇ ਸਮਕਾਲੀਆਂ ਤੇ ਪ੍ਰਭਾਵ ਤਾਂ ਸੀ । ਦੋਵੇਂ ਸਮਕਾਲੀ ਵੀ ਸਨ । ਪਰ ਫਿਰ ਵੀ ਪੂਰਨ ਸਿੰਘ ਅਜਿਹੀ ਵਿਲੱਖਣਤਾ ਵਾਲਾ ਲੇਖਕ ਹੈ ਜੋ ਆਪਣੇ ਉਪਰ ਪਏ ਪ੍ਰਭਾਵਾਂ ਨੂੰ ਨਵਾਂ ਅਰਥ ਦੇਣ ਦੀ ਸਿਰਜਣਾ ਸ਼ਕਤੀ ਕਾਰਣ ਵਖਰੇ ਹਸਤਾਖਰ ਵਾਲਾ ਲੇਖਕ ਬਣ ਗਿਆ ਹੈ । ਇਹੋ ਕਾਰਨ ਹੈ ਕਿ ਪੂਰਨ ਸਿੰਘ ਨੇ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਤੋਂ ਉਤਾਂਹ ਉਠ ਕੇ ਰਚਨਾ ਕਰੀ, ਜਿਸ ਦਾ ਉਦੇਸ਼ ਸਮੁੱਚੀ ਲੁਕਾਈ ਦਾ ਭਲਾ ਬਣ ਗਿਆ । ਜੋ ਸਮੁੱਚੀ ਲੁਕਾਈ ਲਈ ਪਥ-ਪ੍ਰਦਰਸ਼ਨ ਕਰ ਸਕਦੀ ਹੈ ।

ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਜਿਥੇ ਸਮਾਨਤਾਵਾਂ ਹਨ ਉਥੇ ਭਿੰਨਤਾਵਾਂ ਵੀ ਬਹੁਤ ਹਨ । ਇਹ ਸਮਾਨਤਾਵਾਂ ਅਤੇ ਭਿੰਨਤਾਵਾਂ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਆਪਣੀ ਆਪਣੀ ਸ਼ਖ਼ਸੀਅਤ ਅਨੁਸਾਰ, ਆਪਣੀਆਂ ਆਪਣੀਆਂ ਰਚਨਾਵਾਂ ਵਿਚ ਦ੍ਰਿਸ਼ਟੀਗੋਚਰ ਹੋਈਆਂ ਹਨ ।

****

## ਅਧਿਆਇ ਤੀਜਾ :

### ਵਿਸ਼ਾ - ਪੱਖ

ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਵਿਸ਼ੇਗਤ ਅਧਿਐਨ

1. ਅਧਿਆਤਮਕ - ਪੱਖ
2. ਆਦਰਸ਼ਵਾਦੀ ਵਿਚਾਰ
3. ਮਾਨਵਤਾਵਾਦ
4. ਸਮਾਜ ਸੁਧਾਰ ਪੱਖ
5. ਮਹਾਂ ਪੁਰਖਾਂ ਦੀਆਂ ਜੀਵਨੀਆਂ

## ਵਿਸ਼ਾ ਪੱਖ

## ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦਾ ਵਿਸ਼ੇਗਤ ਅਧਿਐਨ :

ਸਾਹਿਤ ਇਕ ਅਜਿਹੀ ਕਲਾ ਹੈ ਜਿਸ ਵਿੱਚ ਸ਼ਬਦਾਂ ਦੇ ਮਾਧਿਅਮ ਦੁਆਰਾ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਨੂੰ ਪ੍ਰਸਤੁਤ ਕਰਕੇ ਇਨ੍ਹਾਂ ਦੀ ਆਲੋਚਨਾ ਕੀਤੀ ਜਾਂਦੀ ਹੈ । ਇਹ ਕਲਾ ਦੋ ਆਧਾਰ ਸਥਲਾਂ ਤੇ ਆਧਾਰਿਤ ਹੁੰਦੀ ਹੈ । ਪਹਿਲਾ ਆਧਾਰ ਵਿਸ਼ੇ ਦੀ ਚੋਣ ਦੂਜਾ ਇਸ ਦੀ ਪੇਸ਼ਕਾਰੀ । ਵਿਸ਼ੇ ਦੀ ਚੋਣ ਵਿੱਚ ਇਹ ਵੇਖਿਆ ਜਾਂਦਾ ਹੈ ਕਿ ਲੇਖਕ ਅਨੇਕਾਂ ਵਿਸ਼ਿਆਂ ਵਿਚੋਂ ਕਿਨ੍ਹਾਂ ਦੀ ਚੋਣ ਕਰਨੀ ਉਚਿਤ ਸਮਝਦਾ ਹੈ ? ਕੀ ਉਸ ਦੀ ਚੋਣ ਦਾ ਸੰਬੰਧ ਸੰਸਾਰਿਕ ਵਿਸ਼ਿਆਂ ਨਾਲ ਹੈ ਜਾਂ ਉਹ ਰਹੱਸ ਭਰੇ ਵਿਚਾਰਾਂ ਦਾ ਪ੍ਰਸਤੁਤੀਕਰਨ ਕਰਦਾ ਹੈ । ਲੇਖਕ ਦੀ ਰਚਨਾ ਦੇ ਇਨ੍ਹਾਂ ਵਿਸ਼ਿਆਂ ਦਾ ਸੰਬੰਧ ਪਾਠਕ ਨਾਲ ਹੁੰਦਾ ਹੈ । ਇਸ ਤਰ੍ਹਾਂ ਲੇਖਕ ਆਪਣੇ ਮਨੋਭਾਵਾਂ ਨੂੰ ਹੀ ਆਪਣੀਆਂ ਰਚਨਾਵਾਂ ਰਾਹੀਂ ਪਾਠਕ ਤੱਕ ਪਹੁੰਚਾਣਾ ਚਾਹੁੰਦਾ ਹੈ ।

ਵਿਸ਼ੇ ਪੱਖ ਬਾਰੇ ਇਹ ਗੱਲ ਵੀ ਮਹੱਤਵਪੂਰਨ ਹੁੰਦੀ ਹੈ ਕਿ ਲੇਖਕ ਕਈ ਵਿਸ਼ਿਆਂ ਨੂੰ ਇਕੋ ਵਾਰੀ ਪੇਸ਼ ਕਰਦਾ ਹੈ, ਪਰ ਉਸ ਦੇ ਬੁਨਿਆਦੀ ਦ੍ਰਿਸ਼ਟੀਕੋਣ ਵਿਚ ਬਹੁਤੀ ਤਬਦੀਲੀ ਨਹੀਂ ਆਉਂਦੀ । ਇਹ ਗੱਲ ਭਾਈ ਵੀਰ ਸਿੰਘ ਦੀ ਵਾਰਤਕ ਦੇ ਵਿਸ਼ੇ ਪੱਖ ਤੇ ਵੀ ਪੂਰੀ ਤਰ੍ਹਾਂ ਢੁਕਦੀ ਹੈ । ਇਸ ਦਾ ਕਾਰਨ ਇਹ ਹੈ ਕਿ ਭਾਈ ਸਾਹਿਬ ਬੁਨਿਆਦੀ ਤੌਰ ਤੇ ਇਕ ਅਧਿਆਤਮਕ ਸ਼ਖ਼ਸੀਅਤ ਸਨ ਇਸ ਲਈ ਆਪਣੇ ਸਾਰੇ ਸਾਹਿਤ ਵਿਚ ਅਧਿਆਤਮਕ ਦ੍ਰਿਸ਼ਟੀਕੋਣ ਨੂੰ ਲੈ ਕੇ ਵਿਚਰਦੇ ਰਹੇ । ਭਾਈ ਸਾਹਿਬ ਦਾ ਮੂਲ ਪ੍ਰਯੋਜਨ ਨਿਸ਼ਚਿਤ ਸੀ ਅਤੇ ਇਸ ਵਿਸ਼ੇ ਦੀ ਪੂਰਤੀ ਹਿਤ ਉਹ ਕਈ ਵਿਸ਼ਿਆਂ ਨੂੰ ਹੱਥ ਪਾਉਂਦਾ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਪੇਸ਼ ਹੋਏ ਪ੍ਰਮੁੱਖ ਵਿਸ਼ੇ ਇਹ ਹਨ :-

1. ਧਾਰਮਿਕ ਵਿਸ਼ੇ
2. ਰਾਜਨੀਤਕ ਵਿਸ਼ੇ
3. ਸਮਾਜਿਕ ਵਿਸ਼ੇ

ਇਹ ਵਿਸ਼ੇ ਭਾਵੇਂ ਵੇਖਣ ਵਿਚ ਤਾਂ ਅਨੇਕ ਅਨੇਕ ਹੀ ਜਾਪਦੇ ਹਨ ਪਰ ਇਹ ਸਾਰੇ ਇਕੋ ਮੰਜ਼ਿਲ ਵੱਲ ਹੀ ਵਧਦੇ ਹਨ । ਉਹ ਮੰਜ਼ਿਲ ਹੈ ਰੱਬੀ ਦਰਬਾਰ ਦੇ ਖੇੜੇ ਦੀ ਪ੍ਰਾਪਤੀ ।

## ਧਾਰਮਿਕ ਵਿਸ਼ੇ :

ਧਾਰਮਿਕ ਵਿਸ਼ਿਆਂ ਨੂੰ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਅਧਿਆਤਮਕ ਪੱਖ ਅਧੀਨ ਪੇਸ਼ ਕਰਦਾ ਹੈ । ਇਨ੍ਹਾਂ ਵਿਸ਼ਿਆਂ ਵਿੱਚ ਇਹ ਲੇਖਕ ਰੱਬ ਦੀ ਹੋਂਦ, ਮਹਿਮਾ, ਮਹਾਨਤਾ, ਆਦਿ ਪੱਖਾਂ ਤੋਂ ਚਰਚਾ ਕਰਦੇ ਹਨ ।

## ਅਧਿਆਤਮਕ-ਪੱਖ :

ਅਧਿਆਤਮਕ ਪੱਖ ਅਧੀਨ ਲੇਖਕ ਰੱਬੀ ਹੋਂਦ ਨਾਲ ਸੰਬੰਧਿਤ ਵਿਸ਼ਿਆਂ ਨੂੰ ਪੇਸ਼ ਕਰਨ ਦੀ ਚੇਸ਼ਟਾ ਰਖਦਾ ਹੈ। ਇਸ ਪੱਖ ਨਾਲ ਸੰਬੰਧਿਤ ਵਿਸ਼ੇ ਕਿਸੇ ਨਾ ਕਿਸੇ ਰੂਪ ਵਿੱਚ ਰੱਬ ਜਾਂ ਉਸ ਦੀ ਹੋਂਦ ਦੁਆਲੇ ਘੁੰਮਦੇ ਹੀ ਦਿਖਾਈ ਦਿੰਦੇ ਹਨ । ਅਧਿਆਤਮਵਾਦੀ ਪੱਖ ਤੋਂ ਗੱਲ ਕਰਦਾ ਹੋਇਆ ਲੇਖਕ ਇਸ ਦੁਨੀਆਂ ਦੀ ਨਹੀਂ ਸਗੋਂ ਇਸ ਦੁਨੀਆਂ ਤੋਂ ਪਰ੍ਹੇ ਦੀ ਕਿਸੇ ਹੋਰ ਦੁਨੀਆਂ ਦੀਆਂ ਗੱਲਾਂ ਕਰਦਾ ਜਾਪਦਾ ਹੈ ।

ਅਧਿਆਤਮਵਾਦ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਇਕ ਅਜਿਹੀ ਦ੍ਰਿਸ਼ਟੀ ਹੈ ਜਿਸ ਦੁਆਰਾ ਰਮਜ਼ ਭਰੇ, ਅਗਿਆਤ ਅਤੇ ਸੂਖਮ ਤਜਰਬਿਆਂ ਦੀ ਭਾਵਕਤ ਵਿਆਖਿਆ ਕੀਤੀ ਜਾਂਦੀ ਹੈ । ਅਧਿਆਤਮਵਾਦ ਦਾ ਰਹੱਸਵਾਦ ਨਾਲ ਵੀ ਅਟੁੱਟਵਾਂ ਸੰਬੰਧ ਹੈ । ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਅਧਿਆਤਮਵਾਦ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਮਾਤਮਾ ਅਤੇ ਉਸ ਦੀ ਹੋਂਦ ਦੁਆਲੇ ਹੀ ਘੁੰਮਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿੱਚ ਵੀ ਰੱਬੀ ਹੋਂਦ ਬਾਰੇ ਥਾਂ ਥਾਂ ਚਰਚਾ ਹੋਈ ਹੈ । ਇਹ ਹੋਂਦ ਕੀ ਹੈ, ਇਸ ਗੱਲ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ । ਇਸ ਤਰ੍ਹਾਂ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਇਸ ਅਧਿਆਤਮਕ ਵਿਸ਼ੇ ਪੱਖ ਨੂੰ ਪਹਿਲ ਮਿਲੀ ਹੈ । ਇਹੋ ਕਾਰਨ ਹੈ ਕਿ ਇਹ ਕਿਸੇ ਨਾ ਕਿਸੇ ਰੂਪ ਵਿੱਚ ਰੱਬੀ ਹੋਂਦ ਦੁਆਲੇ ਹੀ ਘੁੰਮਦੇ ਹਨ ।

(ੳ) ਰੱਬੀ ਬਾਣੀ ਦਾ ਪ੍ਰਭਾਵ :

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਅਧਿਆਤਮਕ ਵਿਸ਼ਾ ਪੱਖ ਬਾਰੇ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਬੁਨਿਆਦੀ ਤੌਰ ਤੇ ਇਕ ਅਧਿਆਤਮਵਾਦੀ ਸ਼ਖ਼ਸੀਅਤ ਸਨ । ਇਸ ਲਈ ਉਨ੍ਹਾਂ ਦੀ ਰਚਨਾ ਦੇ ਹਿੱਸੇ ਵਿਚ ਰੱਬ ਦੀ ਭਗਤੀ ਨੂੰ ਪਹਿਲ ਮਿਲੀ ਹੈ । ਰੱਬ ਦੀ ਹੋਂਦ, ਰੱਬ ਦਾ ਸਰਬਸ਼ਕਤੀਮਾਨ ਹੋਣਾ, ਸਰਬ-ਵਿਆਪਕ ਹੋਣਾ ਆਦਿ ਅਜਿਹੇ ਪਹਿਲੂ ਹਨ ਜਿਨ੍ਹਾਂ ਵਿਚ ਭਾਈ ਵੀਰ ਸਿੰਘ ਅਪਣੀਆਂ ਰਚਨਾਵਾਂ ਵਿਚ ਬੜੇ ਸਪਸ਼ਟ ਸਨ । ਭਾਈ ਸਾਹਿਬ ਦੀਆਂ ਰਚਨਾਵਾਂ ਦਾ ਅਧਿਐਨ ਕਰਦੀ ਵਾਰ ਇਹ ਪ੍ਰਭਾਵ ਪਾਉਂਦਾ ਹੈ ਜਿਵੇਂ ਉਹ ਰੱਬ ਦੀ ਭਗਤੀ ਅਤੇ ਉਸ ਤੋਂ ਮਿਲੀ ਸ਼ਕਤੀ ਦਾ ਹੀ ਪ੍ਰਚਾਰ ਕਰ ਰਹੇ ਹੋਣ । ਜਿਸ ਤਰ੍ਹਾਂ ' ਸਤਵੰਤ ਕੌਰ ' ਨਾਵਲ ਵਿਚ ਇਹ ਗੱਲ ਸਪਸ਼ਟ ਰੂਪ ਉਜਾਗਰ ਹੁੰਦੀ ਹੈ । ਭਾਈ ਸਾਹਿਬ ਲਿਖਦੇ ਹਨ :

> " ਜੇ ਅਸੀਂ ਚੰਗੇ ਤੇ ਚੰਗਾ ਅਰਥਾਤ ਪਰਮੇਸ਼ਰ ਦੀ ਸੋਚ ਕਰ ਵੇਖੋ ਰਖੀਏ ਅਸੀਂ ਚੰਗੇ ਹੋ ਜਾਵਾਂਗੇ । ਸੋ ਸਾਡੀ ਸੋਚ ਵਿਚ ਸਦਾ ਰੱਬ ਰਹੇ, ਅਰਥਾਤ ਅਸੀਂ ਰੱਬ ਨੂੰ ਯਾਦ ਰੱਖੀਏ, ਸਿਮਰਦੇ ਰਹੀਏ । ' ਗੁਰਾ ਇਕ ਦੇਹਿ ਬੁਝਾਈ, ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰਿ ਨਾ ਜਾਈ ।' ਜੇ ਮਨ ਕਰਕੇ ਅਸੀਂ ਸਿਮਰਨ ਨਹੀਂ ਕਰ ਸਕਦੇ ਤਾਂ ਅਸੀਂ ਪਰਮੇਸ਼ਰ ਦੇ ਨਾਮ ਦਾ ਜਪੁ ਕਰੀਏ। ਜਪੁ ਕਰਨ ਨਾਲ ' ਨਾਮ ' ਸਿਮਰਨ ਵਿਚ ਆ ਜਾਂਦਾ ਹੈ । ਸੋ ਅਸੀਂ ਪਰਮੇਸ਼ਰ ਦਾ ਨਾਮ, ਜੋ ਮੈਂ ਦੱਸਿਆ ਹੈ ' ਵਾਹਿਗੁਰੂ ' ਇਸ ਦਾ ਜਪੁ ਕਰਨਾ ਹੈ । ਰਸਨਾ ਨਾਲ ਜਪਣ ਨੂੰ ' ਨਾਮ ਜਪਣਾ ' ਕਹਿੰਦੇ ਹਨ । ਧਿਆਨ ਯਾ ਖ਼ਿਆਲ ਯਾ ਤਵੱਜੋ ਇਸੇ ਨਾਮ ਵਿਚ ਰੱਖਣੀ ਹੈ । ਹੋਰ ਸੋਚਾਂ ਵਿਚ ਜਾਂਦੇ ਮਨ ਨੂੰ ਵਰਜਦੇ ਰਹਿਣਾ ਹੈ । ਐਉਂ ਜਪੁ ਨਾਲ ' ਸਾਈਂ ਦੀ ਯਾਦ ' ਅੰਤਰ ਘਰ ਕਰ ਲਏਗੀ । ਇਸ ਦਾ ਅਸਰ ਇਹ ਹੋਵੇਗਾ ਕਿ ਮਨ ਆਪੇ ਵਿਚ ਜੁੜ ਜਾਵੇਗਾ ।" [1]

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 78

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਆਮ ਪ੍ਰਯੋਜਨ ਜਿਵੇਂ ਸਿੱਖੀ ਅਸੂਲਾਂ ਦਾ ਪ੍ਰਚਾਰ, ਸਿੱਖੀ ਨੂੰ ਬਾਕੀ ਧਰਮਾਂ ਨਾਲੋਂ ਉਚਾ ਦੱਸਣਾ, ਸਿੱਖੀ ਦੇ ਨਿਘਰਦੇ ਜਾ ਰਹੇ ਆਚਰਨ ਨੂੰ ਉਤਾਂਹ ਚੁੱਕਣ ਲਈ ਉਨ੍ਹਾਂ ਨੂੰ ਆਪਣੀਆਂ ਰਵਾਇਤਾਂ ਦੱਸਣੀਆਂ, ਆਦਰਸ਼ਕ ਸਿੱਖੀ ਆਚਰਨ ਪੇਸ਼ ਕਰਨੇ, ਸਿੱਖੀ ਧਰਮ ਅਤੇ ਸਿੱਖੀ ਅਸੂਲਾਂ ਬਾਰੇ ਬਾਕੀ ਧਰਮਾਂ ਵੱਲੋਂ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕਰਨਾ ਸੀ। ਇਸ ਲਈ ਭਾਈ ਵੀਰ ਸਿੰਘ ਜੀ ਅਧਿਆਤਮਵਾਦੀ ਭਾਵਾਂ ਰਾਹੀਂ ਇਸ ਵਿਸ਼ੇ ਨੂੰ ਪੇਸ਼ ਕਰਦੇ ਹਨ।

ਭਾਈ ਵੀਰ ਸਿੰਘ ਜੀ ਸਿੱਖ ਧਰਮ ਦੀ ਪੂਰਣ ਰਹਿਤ ਮਰਿਆਦਾ ਵਿਚ ਜੰਮੇ ਪਲੇ ਸਨ। ਉਨ੍ਹਾਂ ਦੇ ਵਿਅਕਤਿਤਵ ਦੇ ਵਿਕਸਤ ਹੋਣ ਦੇ ਨਾਲ ਨਾਲ ਉਨ੍ਹਾਂ ਦੀ ਵਿਚਾਰਧਾਰਾ ਵੀ ਪੂਰਣ ਰੂਪ ਵਿਚ ਸਿੱਖ ਧਰਮ ਦੇ ਰੰਗ ਵਿਚ ਰੰਗੀ ਗਈ। ਇਹ ਹੀ ਕਾਰਨ ਹੈ ਕਿ ਗੁਰਬਾਣੀ ਅਤੇ ਭਾਈ ਸਾਹਿਬ ਦੀ ਰਚਨਾ ਇਕ ਰੂਪ ਵਿਚ ਘੁਲ ਮਿਲ ਗਏ ਹਨ। ਭਾਈ ਵੀਰ ਸਿੰਘ ਦੀ ਰਚਨਾ ਨੂੰ ਸਿੱਖ ਧਰਮ ਨਾਲੋਂ ਨਿਖੇੜਨਾ ਅਸੰਭਵ ਹੈ। ਉਨ੍ਹਾਂ ਦੀ ਰਚਨਾ ਹੀ ਨਿਰੋਲ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਤੇ ਖੜੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ :

> "ਭਾਈ ਸਾਹਿਬ ਗੁਰਮਤਿ ਦੇ ਵਿਆਖਿਆਕਾਰ ਹਨ, ਜੋ ਕੰਮ ਭਾਈ ਗੁਰਦਾਸ ਨੇ ਅਠਾਰਵੀਂ ਸਦੀ ਵਿਚ ਕੀਤਾ, ਉਹ ਭਾਈ ਵੀਰ ਸਿੰਘ ਨੇ ਵੀਹਵੀਂ ਸਦੀ ਵਿਚ ਕੀਤਾ ਹੈ। ਸੋ ਉਹ ਭਾਈ ਸਾਹਿਬ ਭਾਈ ਗੁਰਦਾਸ ਦੇ ਆਧੁਨਿਕ ਸੰਸਕਰਣ ਸਨ।"[1]

ਇਸ ਤਰ੍ਹਾਂ ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਅਧਿਆਤਮਕ ਪੱਖ ਨੂੰ ਅਪਣਾਉਂਦੇ ਹੋਏ ਧਰਮ ਬਾਰੇ ਜੋ ਵਿਚਾਰ ਗੁਰਬਾਣੀ ਵਿਚ ਹਨ, ਉਨ੍ਹਾਂ ਦੀ ਹੀ ਵਿਆਖਿਆ ਆਪਣੀਆਂ ਰਚਨਾਵਾਂ ਵਿਚ ਕੀਤੀ ਹੈ। ਗੁਰਬਾਣੀ ਅਨੁਸਾਰ ਮਨੁੱਖ ਕੁਰਬਾਨ ਤੇ ਭਾਵੇਂ ਹੋ ਜਾਵੇ ਪਰ ਉਸ ਨੂੰ ਧਰਮ ਨਹੀਂ ਛੱਡਣਾ ਚਾਹੀਦਾ। ਜਿਸ ਤਰ੍ਹਾਂ ਗੁਰੂ ਤੇਗ ਬਹਾਦਰ ਅਨੁਸਾਰ :

> "ਧਰ ਪਈਐ ਧਰਮ ਨਾ ਛੋਡੀਐ।" ਇਸੇ ਤਰ੍ਹਾਂ ਭਾਈ ਸਾਹਿਬ 'ਸੁੰਦਰੀ' ਵਿਚ ਲਿਖਦੇ ਹਨ। ਜਦੋਂ ਸੁੰਦਰੀ ਨੂੰ ਮੁਗਲ ਚੁੱਕ ਕੇ ਲੈ ਜਾਂਦੇ ਹਨ, ਪਰ ਉਹ ਆਪਣੇ ਧਰਮ ਨੂੰ ਬਚਾਉਣ ਲਈ ਜੰਗ ਦੀ ਰਿਖਿਆ ਵਿਚ ਸਫਲ ਹੋਵਦੀ ਹੈ, ਉਸੇ ਵਕਤ ਉਸ ਦਾ ਭਰਾ ਆ ਜਾਂਦਾ ਹੈ ਤੇ ਉਸ ਨੂੰ ਇਸ ਤਰ੍ਹਾਂ ਦਾ ਆਤਮ ਘਾਤ ਨਾ ਕਰਨ ਨੂੰ ਕਹਿੰਦਾ ਹੈ ਕਿ ਇਹ ਇਕ ਚੋਰਾ ਪਥ ਹੈ,

---

1. ਡਾ. ਰਤਨ ਸਿੰਘ ਜੱਗੀ : ਸਾਹਿਤ ਸਮਾਚਾਰ : ਪੰਨਾ 52

> ਤਾਂ ਹੀ ਤੋ ਭਾਈ ਵੀਰ ਸਿੰਘ ਆਪਣੇ ਵਿਚਾਰ ਨੂੰ ਪ੍ਰਗਟਾਵਨ ਲਈ ਹੀ ਸੁੰਦਰੀ ਦੇ ਮੂੰਹੋਂ ਇਹ ਵਾਕ ਅਖਵਾਉਂਦੇ ਹਨ, "ਇਹ ਦੇਹੀ ਵਿਨਸਣਹਾਰ ਹੈ, ਅੰਤ ਖਿਨਸਣੀ ਹੈ, ਫੇਰ ਜੇ ਪੰਥ ਦੀ ਸੇਵਾ ਲਈ ਖਿਨਸੇ ਤਾਂ ਇਸ ਤੋਂ ਵਧ ਕੇ ਕੀ ਲਾਭ ? "[1]

ਇਸੇ ਤਰ੍ਹਾਂ ਧਰਮ ਨੂੰ ਭਾਈ ਵੀਰ ਸਿੰਘ ਪਵਿੱਤਰ ਮੰਨਦੇ ਹੋਏ ਕਹਿੰਦੇ ਹਨ ਕਿ ਇਸ ਨਾਲ ਜੋ ਵੀ ਕੰਮ ਹੁੰਦਾ ਹੈ ਉਹ ਚਿਰੂ ਤੇ ਸੌਖਾ ਹੁੰਦਾ ਹੈ । ਇਸ ਬਾਰੇ ਲਿਖਦੇ ਹਨ :

> " ਜਦ ਮੈਂ ਸੋਚਦੀ ਹਾਂ ਕਿ ਧਰਮ ਪਵਿੱਤਰ ਵਸਤੂ ਹੈ ਤੇ ਇਸ ਨਾਲ ਜੋ ਵੀ ਕੰਮ ਹੁੰਦਾ ਹੈ, ਸੋ ਚਿਰੂ ਤੇ ਸੌਖਾ ਤੇ ਅਟੱਲ ਹੁੰਦਾ ਹੈ ਤਾਂ ਮੈਂ ਇਸ ਤੋਂ ਕਿਉਂ ਮੂੰਹ ਮੋੜਾਂ ।"[2]

(ਅ) ਗੁਰੂ ਦੀ ਮਹੱਤਤਾ :

ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਰਾਹੀਂ , ਪੁਰਾਣੇ ਦੇ ਸਮੇਂ ਦੇ ਸਿੰਘਾਂ ਦੀ ਪ੍ਰਸੰਸਾ ਕਰਦੇ ਹੋਏ ਲਿਖਦੇ ਹਨ ਕਿ ਉਸ ਸਮੇਂ ਦੇ ਸਿੰਘ ਗੁਰੂ ਪ੍ਰੇਮ ਵਿਚ ਰਹਿੰਦੇ ਸਨ । ਨਾਮ ਬਾਣੀ ਦੇ ਆਸਰੇ ਜਿਉਂਦੇ ਸਨ । ਅੱਜ ਦੇ ਸਿੰਘਾਂ ਨੂੰ ਵੀ ਉਨ੍ਹਾਂ ਦੀ ਉਦਾਹਰਣ ਦੇ ਕੇ ਨਾਮ ਬਾਣੀ ਅਤੇ ਗੁਰੂ ਦੇ ਲੜ ਲੱਗਣ ਦੀ ਪ੍ਰੇਰਣਾ ਦਿੰਦੇ ਹਨ । ਭਾਈ ਵੀਰ ਸਿੰਘ ਅਨੁਸਾਰ ਜਦੋਂ ਅਸੀਂ ਪਰਮੇਸ਼ਰ ਦੀ ਸੇਵਾ ਛੋੜ ਕੇ ਖੋਟੇ ਕਰਮਾਂ ਵਿਚ ਪੈ ਜਾਂਦੇ ਹਾਂ, ਤਾਂ ਹੀ ਸਾਡਾ ਜੀਵਨ ਦੁੱਖੀ ਹੁੰਦਾ ਹੈ ।

ਇਸੇ ਤਰ੍ਹਾਂ ਭਾਈ ਵੀਰ ਸਿੰਘ ਕਿਸੇ ਵੀ ਵਿਅਕਤੀ ਨੂੰ ਭਾਵੇਂ ਉਹ ਹਿੰਦੂ, ਮੁਸਲਮਾਨ ਜਾਂ ਪਠਾਣ ਹੈ ਬੁਰਾ ਨਹੀਂ ਕਹਿੰਦੇ, ਸਗੋਂ ਸਭ ਨੂੰ ਬਰਾਬਰ ਸਮਝਦੇ ਹਨ । ਆਪ ਤਾਂ ਜ਼ੁਲਮ ਦਾ ਨਾਸ਼ ਕਰਨਾ ਹੀ ਆਪਣਾ ਮੁੱਖ ਕਰਤੱਵ ਸਮਝਦੇ ਹਨ । ਇਸ ਲਈ ਆਪ ਆਪਣੀਆਂ ਰਚਨਾਵਾਂ ਵਿਚ ਸਿੱਖਾਂ ਨੂੰ ਮੁਸਲਮਾਨਾਂ ਨਾਲ ਲੜਾਈ ਕਰਦੇ ਹੋਏ ਇਸ ਲਈ ਚਿਤਰਦੇ ਹਨ ਕਿਉਂਕਿ ਉਹ ਧਰਮ ਵਿਚ ਦਖਲ ਦਿੰਦੇ ਹਨ, ਮੰਦੇ ਮੰਦੇ ਧਰਮਧ੍ਰੋਹ ਕਰਦੇ ਹਨ । ਜਿਸ ਨੂੰ ਆਪ ਪਾਪ ਸਮਝਦੇ ਹਨ ।

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 9
2. - ਉਹੀ - : ਪੰਨਾ 26

ਇਸ ਤਰ੍ਹਾਂ ਭਾਈ ਸਾਹਿਬ ਕਿਸੇ ਜਾਤ ਜਾਂ ਮੱਤ ਨਾਲ ਜੋ ਨਿਆਂ ਕਰਦਾ ਹੈ ਤੇ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੈ ਨੂੰ ਹੀ ਸਿੱਖ ਧਰਮ ਸਮਝਦੇ ਹਨ।

ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਜਾਂਦੀ ਕੋਈ ਗੁਰਮਤ ਹੈ ਜਾਂ ਸਿੱਖ ਉਸ ਦੀ ਮਤ ਰਹੇ ਦੀ ਜਾਚ ਬਤਾਉਂਦੀ, ਨੇਕ ਬੰਦੇ ਨੇਕਦਿਲ ਦੇ ਕੰਮ ਆਉਣ ਨੂੰ ਹੀ ਗੁਰਸਿੱਖੀ ਕਹਿੰਦੇ ਹਨ।

'ਵੰਡ ਛਕਣਾ' ਗੁਰਮਤਿ ਦਾ ਇਕ ਹੋਰ ਬੁਨਿਆਦੀ ਅਸੂਲ ਹੈ, ਜਿਸ ਨੂੰ ਭਾਈ ਸਾਹਿਬ ਨੇ ਆਪਣੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਵੇਖਿਆ, ਪਰਖਿਆ ਅਤੇ ਮਨੁੱਖ ਨੂੰ ਪਰਵਾਰਾਂ ਵਾਂਗ ਆਪਣੇ ਸਭ ਗੁਣ ਗੁਣੀਆਂ ਤੱਕ ਵੰਡ ਦੇਣ ਦੀ ਪ੍ਰੇਰਨਾ ਦਿੱਤੀ। ਇਸ ਤਰ੍ਹਾਂ ਬਾਬਾ ਨੌਧ ਸਿੰਘ ਦਾ ਪਾਤਰ ਵੀ ਧਾਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਤੇ ਜ਼ੋਰ ਦਿੰਦਾ ਹੈ। ਭਾਈ ਸਾਹਿਬ ਇਸੇ ਆਸ਼ੇ ਤੋਂ ਦਸਦੇ ਹਨ ਕਿ ਗੁਰਮੁਖ ਇਸ ਪ੍ਰਕਾਰ ਦਾ ਹੋਵੇ ਜਿਸ ਨੂੰ ਪਰਮਾਰਥ ਦਾ ਪੂਰਾ ਪੂਰਾ ਵਿਸ਼ਵਾਸ ਹੋਵੇ। ਭਾਈ ਵੀਰ ਸਿੰਘ ਅਨੁਸਾਰ :

> "ਸਾਡਾ ਅਮਲ ਜੇ ਅਸੀਂ ਕਰਨ ਕਰ ਰਹੇ ਹਾਂ ਕਿ ਅਸੀਂ ਕਿਰਤ ਕਰੀਏ, ਵੰਡ ਛਕੀਏ ਤੇ ਨਾਮ ਜਪੀਏ।" [1]

(ਦ) ਬੁੱਤ ਪ੍ਰਸਤੀ ਤੋਂ ਬਚਾਅ :

ਭਾਈ ਵੀਰ ਸਿੰਘ ਪਰਮੇਸ਼ਰ ਤੋਂ ਬਿਨ੍ਹਾਂ ਕਿਸੇ ਵੀ ਹੋਰ ਚੀਜ਼ ਨਾਲ ਪਿਆਰ ਕਰਨ ਨੂੰ ਬੁੱਤ-ਪ੍ਰਸਤੀ ਕਹਿੰਦੇ ਹਨ। ਪਰਮੇਸ਼ਰ ਤੋਂ ਬਿਨ੍ਹਾਂ ਬਾਕੀ ਸਭ ਕੁਝ ਨੂੰ ਉਹ ਫ਼ਿਨਾਹਸ਼ੀਲ ਕਹਿੰਦੇ ਹਨ। ਭਾਈ ਸਾਹਿਬ ਅਨੁਸਾਰ :

> "ਪਰਮੇਸ਼ਰ ਜੀਵਿਤ ਆਤਮਾ ਹੈ, ਜਦ ਸਚਿਤ ਆਤਮਾ ਹੈ, ਉਸ ਤੋਂ ਛੁੱਟ ਜੋ ਪਿਆਰ ਹੈ ਆਤਮਾ ਨਾਲ ਨਹੀਂ। ਜੋ ਆਤਮਾ ਨਹੀਂ ਸੋ ਅਨਾਤਮਾ ਹੈ। ਜੋ ਅਨਾਤਮਾ ਹੈ ਉਹ ਪਰਮਾਤਮਾ ਦੇ ਟਾਕਰੇ ਤੇ ਨਿਰਜਿੰਦ ਹੈ। ਨਿਰਜਿੰਦ ਹੀ ਬੁੱਤ ਹੈ ਜਿਸ ਨੂੰ ਬੁੱਤ ਪ੍ਰਸਤੀ ਕਹਿੰਦੇ ਹਨ। ਨਿਰਜਿੰਦ ਦਾ ਪਿਆਰ ਬੁੱਤ ਪ੍ਰਸਤੀ ਹੈ। ਜੋ ਕੋਈ ਆਤਮਾ ਨੂੰ ਛੱਡ ਕੇ ਅਨਾਤਮਾ ਨਾਲ ਪਿਆਰ ਕਰਦਾ ਹੈ, ਉਹ ਬੁੱਤ ਪ੍ਰਸਤ ਹੈ।" [2]

---

1. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 171
2. - ਉਹੀ - : ਪੰਨਾ 172

ਭਾਈ ਵੀਰ ਸਿੰਘ ਮਨ ਤੋਂ ਮੈਲ ਦੂਰ ਕਰਨ ਦਾ ਤਰੀਕਾ ਵੀ ਇਹ ਦਸਦੇ ਹਨ ਕਿ ਸਾਨੂੰ ਅੰਮ੍ਰਿਤ ਵੇਲੇ ਉਠ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ । ਫਿਰ ਇਸ ਅਨੁਸਾਰ ਜੀਵਨ ਨੂੰ ਸੇਵਾ ਤੇ ਟੋਰਨਾ ਚਾਹੀਦਾ ਹੈ । ਸਰਬੱਤ ਨਾਲ ਪਿਆਰ ਕਰਨ ਨੂੰ ਵੀ ਆਪ ਸਿਰਫ ਪਿਆਰ ਮੰਨਦੇ ਹਨ । ਇਹ ਪਿਆਰ ਹੀ ਹੈ ਜੋ ਮਨ ਦੀ ਮੈਲ ਕੱਟਦਾ ਹੈ, ਜੋ ਅੰਮ੍ਰਿਤ ਰਸ ਵਾਲਾ ਹੋ ਕੇ ਹਿਰਦੇ ਵਿਚ ਵਸ ਜਾਂਦਾ ਹੈ । ਆਪ ਅਨੁਸਾਰ :

> " ਅੰਮ੍ਰਿਤ ਵੇਲੇ ਉਠਣਾ, ਵਾਹਿਗੁਰੂ ਜੀ ਦਾ ਸਿਮਰਨ ਕਰਨਾ, ਜੋ ਉਨ੍ਹਾਂ ਦੇ ਨਾਮ ਸਿਮਰਨ ਦੇ ਕੁਝ ਚਿੰਤਨ ਨਾਲ ਹੁੰਦਾ ਹੈ, ਜੀਵਨ ਨੂੰ ਸੇਵਾ ਉਤੇ ਟੋਰਨਾ, ਵਰਤੋਂ ਵਿਹਾਰ ਜਾਂ ਸਰਬੱਤ ਦੇ ਭਲੇ ਦੀ ਹਾਮੀ ਰਖਣੀ, ਇਉਂ ਮਨ ਤੋਂ ਮੈਲਾਂ ਦੂਰ ਹੋ ਜਾਂਦੀਆਂ ਹਨ, ਤੇ ਇਹੋ ਨਾਮ ਜੋ ਪਹਿਲਾਂ ਮੈਲ ਕੱਟਦਾ ਸੀ, ਅੰਮ੍ਰਿਤ ਰਸ ਵਾਲਾ ਹੋ ਕੇ ਹਿਰਦੇ ਵਿਚ ਟਿਕ ਜਾਂਦਾ ਹੈ ।"[1]

ਇਸੇ ਤਰ੍ਹਾਂ ਜਦੋਂ ਭਾਈ ਸਾਹਿਬ ਕਿਸਦੇ ਜਗਤ ਨਾਲ ਪਿਆਰ ਕਰਨ ਲਈ ਵੀ ਕਹਿੰਦੇ ਹਨ ਤਾਂ ਇਨ੍ਹਾਂ ਵਿਚਾਰਾਂ ਨੂੰ ਵੀ ਅਧਿਆਤਮਕਤਾ ਦਾ ਰੰਗ ਚਾੜ੍ਹ ਕੇ ਹੀ ਪੇਸ਼ ਕਰਦੇ ਹਨ । ਸਾਰੀ ਦੁਨੀਆਂ ਨੂੰ ਆਪ ਭਰਾਵਾਂ ਵਾਂਗ ਸਮਝਦੇ ਹਨ । ਇਸ ਦਾ ਕਾਰਨ ਇਹ ਹੈ ਕਿ ਉਹ ਇਕ ਪਰਮੇਸ਼ਰ ਦੁਆਰਾ ਪੈਦਾ ਕੀਤੀ ਹੋਈ ਹੈ । ਪਰਮੇਸ਼ਰ ਨੂੰ ਆਪ ਪਿਤਾ ਦੇ ਰੂਪ ਵਿਚ ਵੇਖਦੇ ਹਨ । ਇਸ ਲਈ ਇਸ ਦੁਨੀਆਂ ਬਾਰੇ ਕਹਿੰਦੇ ਹਨ ਕਿ ਦੁਨੀਆਂ ਨੂੰ ਆਪਣੇ ਪਿਤਾ ਭਾਵ ਪਰਮੇਸ਼ਰ ਦੀ ਉਪਜ ਸਮਝਕੇ ਉਸ ਨਾਲ ਭਰਾਵਾਂ ਵਾਂਗ ਪਿਆਰ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ :

> " ਵਾਹਿਗੁਰੂ ਪਿਤਾ ਹੈ, ਸ੍ਰਿਸ਼ਟੀ ਉਸ ਦੀ ਔਲਾਦ ਹੈ, ਇਸ ਕਰਕੇ ਸਭ ਪ੍ਰਾਣੀ ਸਾਡੇ ਭਿਰਾਉ ਹਨ । ਹੁਣ ਸੋਚੋ ਕਿ ਮਨੁੱਖ ਮਾਤਰ ਨੂੰ ਅਸੀਂ ਕਦ ਭਰਾਉ ਜਾਣਿਆ ਤੇ ਸਮਝਿਆ ਕਿ ਇਹ ਉਸ ਪਿਤਾ ਦੇ ਸਿਰਜੇ ਹੋਏ ਹਨ, ਜਿਸ ਦੀ ਅੰਸ਼ ਆਪ ਹਾਂ । ਜੇਕਰ ਪਿਤਾ ਨੂੰ ਹੀ ਪਿਤਾ ਨਾ ਸਮਝੀਏ ਤਾਂ ਸ੍ਰਿਸ਼ਟੀ ਵਿਚ ਭ੍ਰਾਤਾਪਨ ਸਮਝਣਾ ਕਾਹਦਾ ਹੈ ?" ।[2]

ਭਾਈ ਸਾਹਿਬ ਇਸ ਸ੍ਰਿਸ਼ਟੀ ਦੇ ਸਿਰਜਣਹਾਰੇ ਨੂੰ ਜਾਣ ਕੇ ਹੀ ਇਸ ਸ੍ਰਿਸ਼ਟੀ ਨਾਲ ਭਰਾਵਾਂ ਪਿਆਰ ਕਰਨ ਨੂੰ ਕਹਿੰਦੇ ਹਨ ।

---

1. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 181
2. - ਉਹੀ - : ਪੰਨਾ 244

ਗੁਰਬਾਣੀ ਅਨੁਸਾਰ ਹਰ ਜੀਵ ਆਤਮਾ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੈ । ਭਾਈ ਵੀਰ ਸਿੰਘ ਨੇ ਵੀ ਇਸ ਦ੍ਰਿਸ਼ਟੀਕੋਣ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ । ਜਿਥੇ ਪਰਮਾਤਮਾ ਹੀ ਜੀਵ ਵਿੱਚ ਵਸਦਾ ਹੈ, ਉਥੇ ਉਹ ਸਰਬ-ਵਿਆਪਕ ਵੀ ਹੈ । ਉਸ ਦੀ ਜੋਤ ਸਾਰੀ ਸ੍ਰਿਸ਼ਟੀ ਵਿੱਚ ਹੈ ।

ਗੁਰਮਤਿ ਮਾਰਗ ਤੇ ਚਲਣ ਲਈ ਵੀ ਆਤਮ ਸ਼ੁੱਧੀ ਜ਼ਰੂਰੀ ਹੈ । ਇਸ ਆਤਮ ਸ਼ੁੱਧੀ ਲਈ ਚੰਗੇ ਪੁਰਸ਼ਾਂ ਦੀ ਸੰਗਤ ਵੀ ਇਕ ਯੋਗ ਸਾਧਨ ਹੈ । ਇਸ ਤਰ੍ਹਾਂ ਭਾਈ ਵੀਰ ਸਿੰਘ ਵੀ ਆਪਣੀਆਂ ਰਚਨਾਵਾਂ ਵਿੱਚ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਪਰਮਾਰਥ ਮਨੁੱਖ ਦੇ ਰੂਪ ਵਿੱਚ ਪੇਸ਼ ਕਰਦੇ ਹਨ ।

ਭਾਈ ਵੀਰ ਸਿੰਘ ਪ੍ਰਮੁੱਖ ਰੂਪ ਵਿੱਚ ਅਧਿਆਤਮਵਾਦੀ ਪ੍ਰਭਾਵਸ਼ਾਲੀ ਲੇਖਕ ਸਨ । ਇਸ ਤਰ੍ਹਾਂ ਆਪ ਆਪਣੇ ਵਿਚਾਰਾਂ ਨੂੰ ਅਧਿਆਤਮਵਾਦੀ ਰੂਪ ਦੇਣ ਵਿੱਚ ਬਹੁਤ ਸਫਲ ਹੋਏ ਹਨ । ਪ੍ਰੇਮ ਭਗਤੀ ਦੁਆਰਾ ਉਹ ਸੱਚੇ ਦੀ ਮਹਿਮਾ ਦਾ ਜਸ ਆਪਣੀਆਂ ਵਿਸ਼ੇਸ਼ ਅਨੁਭੂਤੀਆਂ ਦੁਆਰਾ ਸੰਸਾਰ ਦਾ ਵਿਸ਼ਲੇਸ਼ਣ ਨਿਰੋਲ ਭਾਵਾਤਮਕ ਪੱਧਰ ਤੇ ਕਰਦਾ ਹੈ । ਭਾਈ ਵੀਰ ਸਿੰਘ ਦੁਆਰਾ ਕੀਤਾ ਗਿਆ ਵਿਸ਼ਲੇਸ਼ਣ ਸਾਨੂੰ ਇਹ ਸਿੱਟਾ ਦਿੰਦਾ ਹੈ ਕਿ ਇਸ ਮੰਡਲ ਵਿਚ ਵਿਚਰ ਰਿਹਾ ਜਗਿਆਸੂ ਆਪਣੀ ਧੁਨ ਵਿੱਚ ਮਗਨ ਤੁਰਦਾ ਹੈ । ਉਸ ਦੀ ਪ੍ਰਾਪਤੀ ਥੋੜ੍ਹਾ ਜਾਂ ਅੰਤਰੀਵ ਸੁੱਖ ਦੀ ਵਾ ਇਸ ਦਾ ਰੁਝਾਨ ਨਿਰੋਲ ਆਤਮਿਕ ਹੁੰਦਾ ਹੈ ।

ਭਾਈ ਸਾਹਿਬ ਦਾ ਮਨੋਰਥ ਗੁਰਮਤਿ ਦੇ ਪ੍ਰਮੁੱਖ ਆਸ਼ਿਆਂ ਦੀ ਹੀ ਵਿਆਖਿਆ ਕਰਨਾ ਸੀ । ਇਸ ਤਰ੍ਹਾਂ ਆਪ ਆਪਣੇ ਆਸ਼ਿਆਂ ਨੂੰ ਗੁਰਮਤਿ ਦੇ ਅਨੁਕੂਲ ਹੀ ਪੇਸ਼ ਕਰਦੇ ਹਨ । ਭਾਈ ਸਾਹਿਬ ਆਪਣੇ ਵਿਸ਼ੇ ਦੀ ਵਿਆਖਿਆ ਆਪਣੀ ਅਧਿਆਤਮਕ ਸ਼ੈਲੀ ਦੁਆਰਾ ਬਲ ਦੇ ਕੇ ਪੇਸ਼ ਕਰਦੇ ਹਨ ।

ਅੰਤ ਵਿੱਚ ਅਸੀਂ ਆਖ ਸਕਦੇ ਹਾਂ ਕਿ ਭਾਈ ਸਾਹਿਬ ਦੀ ਕਵਿਤਾ ਦਾ ਵਿਸ਼ਾ ਇਕ ਤਰ੍ਹਾਂ ਧਰਮ ਦਾ ਪ੍ਰਚਾਰ ਹੀ ਹੈ, ਜਿਸ ਨੂੰ ਅਧਿਆਤਮਕਤਾ ਦੀ ਰੰਗਣ ਚਾੜ੍ਹ ਕੇ ਆਪਣੇ ਮਨੋਰਥ ਲਈ ਵਰਤਦੇ ਹਨ । ਭਾਈ ਸਾਹਿਬ ਦੀਆਂ ਰਚਨਾਵਾਂ ਦੇ ਵਿਸ਼ੇ ਗੁਰਬਾਣੀ ਨਾਲ ਸਾਂਝੇ ਹਨ । ਭਾਈ ਸਾਹਿਬ ਨੇ ਇਕ ਤਰ੍ਹਾਂ ਆਪਣੀਆਂ ਰਚਨਾਵਾਂ ਰਾਹੀਂ ਗੁਰਮਤਿ ਦੇ ਅਸੂਲਾਂ ਦੀ ਹੀ ਵਿਆਖਿਆ ਕੀਤੀ ਹੈ ।

ਪ੍ਰੋ. ਪੂਰਨ ਸਿੰਘ ਵੀ ਆਪਣੀਆਂ ਰਚਨਾਵਾਂ ਦੇ ਵਿਸ਼ੇ - ਪੱਖ ਵਿਚ ਧਾਰਮਿਕ ਵਿਸ਼ਿਆਂ ਨੂੰ ਪੇਸ਼ ਕਰਨ ਦੀ ਰੁਚੀ ਰੱਖਦਾ ਹੈ । ਆਪ ਦੇ ਇਹ ਵਿਸ਼ੇ ਅਧਿਆਤਮਵਾਦੀ ਵਿਚਾਰਾਂ ਦੇ ਰੂਪ ਵਿਚ ਪੇਸ਼ ਹੋਏ ਹਨ । ਲੇਖਕ ਨੇ ਰੂਹ ਦੀਆਂ ਗੱਲਾਂ ਕੀਤੀਆਂ ਹਨ, ਨਿਰੋਲ ਅਨੁਭਵ ਦੀਆਂ ਅਧਿਆਤਮਵਾਦੀ ਗੱਲਾਂ । ਆਪ ਦੀ ਰਚਨਾ ਦੇ ਕਿਸੇ ਵੀ ਵਿਸ਼ੇ ਪੱਖ ਨੂੰ ਪੜ੍ਹਿਆ ਜਾਵੇ ਤਾਂ ਉਸ ਵਿਚ ਪਿਆਰ ਅਨੁਭਵ ਦਾ ਰਸ ਵਧੇਰੇ ਲੱਭਦਾ ਹੈ, ਜਿਸ ਨੂੰ ਅਧਿਆਤਮਵਾਦੀ ਭਾਵਾਂ ਦੀ ਪਾਣ ਚੜ੍ਹੀ ਹੋਈ ਹੈ ।

ਭਾਈ ਵੀਰ ਸਿੰਘ ਦੇ ਫਲਸਫੇ ਦੀ ਨੀਂਹ ਗੁਰਮਤਿ ਹੈ । ਸਿੱਖ ਇਤਿਹਾਸ ਨੂੰ ਸਾਹਮਣੇ ਰੱਖਕੇ ਉਸ ਨੇ ਇਸ ਦਾ ਵਿਸ਼ਲੇਸ਼ਣ ਕੀਤਾ । ਪਰ ਪੂਰਨ ਸਿੰਘ ਦੇ ਫਲਸਫੇ ਦੀ ਨੀਂਹ ਕੀ ਹੈ, ਇਸ ਗੱਲ ਦਾ ਨਿਰਣਾ ਕਰਨਾ ਕੁਝ ਔਖਾ ਜਿਹਾ ਜਾਪਦਾ ਹੈ । ਇਸ ਦਾ ਕਾਰਨ ਹੈ ਕਿ ਉਹ ਇਕ ਅਲਬੇਲਾ ਲਿਖਾਰੀ ਸੀ ਅਤੇ ਕਿਸੇ ਵਲਵਲੇ ਦੇ ਵੇਗ ਵਿਚ ਰੁੜ੍ਹਦਾ ਜਾਂਦਾ ਹੀ ਸਭ ਕੁਝ ਕਹਿੰਦਾ ਸੀ । ਪਰ ਫਿਰ ਵੀ ਪੂਰਨ ਸਿੰਘ ਦੀ ਲਿਖਤ ਨੂੰ ਗਹੁ ਨਾਲ ਪੜ੍ਹਿਆਂ, ਵਿਚਾਰਿਆਂ, ਅਤੇ ਪਰਤਾਲਿਆਂ ਪਤਾ ਲੱਗਦਾ ਹੈ ਕਿ ਭਾਵੇਂ ਉਹ ਬਹੁਤ ਦੇਸ਼ਾਂ ਵਿਚ ਫਿਰ ਆਇਆ ਅਤੇ ਵੱਖ ਵੱਖ ਧਰਮਾਂ ਦੀਆਂ ਦਾਰਸ਼ਨਿਕ ਪੁਸਤਕਾਂ ਦਾ ਅਧਿਐਨ ਕਰਦਾ ਰਿਹਾ ਅਤੇ ਅਚੇਤ ਤੌਰ ਤੇ ਆਪਣੇ ਮਨ ਵਿਚ ਉਨ੍ਹਾਂ ਦਾ ਅਸਰ ਵੀ ਕਬੂਲਦਾ ਰਿਹਾ, ਫਿਰ ਵੀ ਜਿਨ੍ਹਾਂ ਪ੍ਰਭਾਵ ਉਸ ਨੇ ਸਿੱਖ ਧਰਮ ਤੋਂ ਲਿਆ ਇਨ੍ਹਾਂ ਕਿਸੇ ਹੋਰ ਤੋਂ ਨਹੀਂ ਲੈ ਸਕਿਆ ।

ਪੂਰਨ ਸਿੰਘ ਪ੍ਰਦੇਸ ਗਿਆ । ਉਥੋਂ ਦੀ ਸਭਿਅਤਾ ਤੋਂ ਪ੍ਰਭਾਵਿਤ ਹੋ ਆਪਣਾ ਸਭ ਕੁਝ ਗੁਆ ਬੈਠਾ । ਆਪਣੀ ਬੋਲੀ, ਆਪਣੀ ਸਭਿਅਤਾ ਸਭ ਕੁਝ ਛੱਡ ਬੈਠਾ । ਜਦੋਂ ਵਾਪਿਸ ਆਪਣੇ ਦੇਸ਼ ਪੁਜਿਆ ਕਿ ਭਾਈ ਸਾਹਿਬ ਦੀ ਸਭਿਅਤਾ ਨੇ ਅਜਿਹਾ ਪ੍ਰਭਾਵ ਪਾਇਆ ਕਿ ਇਕ ਹਲੂਣੇ ਨਾਲ ਹੀ ਜੀਵਨ ਪਲਟ ਗਿਆ । ਭਾਈ ਵੀਰ ਸਿੰਘ ਦੇ ਮੇਲ ਤੇ ਸਿਖਿਆ ਦੁਆਰਾ ਜਦੋਂ ਪੂਰਨ ਸਿੰਘ ਨੇ ਮੁੜ ਸਿੱਖੀ ਮਾਰਗ ਤੇ ਪੈਰ ਧਰਿਆ ਤਾਂ ਉਸ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਉਹ ਮੋਇਆ ਮੋਇਆ ਹੀ ਜੀਅ ਪਿਆ ਹੁੰਦਾ ਹੈ । ਇਥੋਂ ਤੱਕ ਕਿ ਪੰਜਾਬੀ ਬੋਲੀ ਦੇ ਗਿਆਨ ਨੂੰ ਵੀ ਆਪ ਗੁਰੂ ਦੀ ਵਰਸੋਈ ਹੋਈ ਦੇਣ ਹੀ ਮੰਨਦੇ ਹਨ । ਆਪ ਅਨੁਸਾਰ :

> " ਪੰਜਾਬੀ ਬੋਲੀ ਮੈਂ ਮਾਂ ਦੇ ਦੁੱਧ ਨਾਲ ਇੰਨੀ ਨਹੀਂ ਸਿਖੀ । ਹੁਣ ਵੀ ਪੈਂਤੀ ਦੇ ਕਈ ਅੱਖਰ ਮੈਨੂੰ ਲਿਖਣੇ ਨਹੀਂ ਆਉਂਦੇ । ਪਰ ਜਦ ਮੈਂ ਘਰ ਆਇਆ, ਬਾਪੂ ਨੇ ਦਿਲਾਸਾ ਦਿੱਤਾ । ਉਹ ਗੁਰੂ ਦੀ

> ਸਿਦਕ ਦਾ ਦਰਵਾਜਾ ਜਿਥੋਂ ਮੈਂ ਨੱਸ ਕੇ ਚਲਾ ਗਿਆ ਸੀ ਮੁੜ ਖੁਲ੍ਹਿਆ। ਮੈਨੂੰ ਅੰਦਰ ਦਾਖਲ ਕੀਤਾ ਗਿਆ । ਮੈਂ ਬਖਸ਼ਿਆ ਗਿਆ । ਗੁਰੂ ਜੀ ਦੇ ਕੇਸ, ਸਿੱਖੀ ਸਿਦਕ ਤੇ ਗੁਰੂ ਜੀ ਦੇ ਚਰਨਾਂ ਦਾ ਪਿਆਰ ਮੁੜ ਮਿਲਿਆ । ਉਸ ਦੁਬਾਰਾ ਬਖ਼ਸ਼ੀ ਗੁਰੂ ਜੀ ਦੇ ਦਰ ਤੇ ਇਕ ਮਹਾਂ ਪੁਰਖ ਦੇ ਦੀਦਾਰ ਹੋਏ । ਅਤੇ ਆਪ ਦੇ ਕਿਰਪਾ ਕਟਾਖਸ਼ ਨਾਲ ਪੰਜਾਬੀ ਬੋਲੀ ਦਾ ਸਾਰਾ ਬੋਧ ਤੇ ਧਿਆਨ ਦੀ ਉਡਾਰੀ ਬਖ਼ਸ਼ੀ ।" [1]

ਪ੍ਰੋ. ਪੂਰਨ ਸਿੰਘ ਪੰਜਾਬੀ ਬੋਲੀ ਨੂੰ ਵੀ ਗੁਰੂ ਦੀ ਬਖਸ਼ੀ ਹੋਈ ਦਾਤ ਹੀ ਸਮਝਦਾ ਹੈ । ਇਸ ਪ੍ਰਕਾਰ ਗੁਰਮਤਿ ਭਾਈ ਵੀਰ ਸਿੰਘ ਰਾਹੀਂ ਪ੍ਰੋ. ਪੂਰਨ ਸਿੰਘ ਤੱਕ ਪਹੁੰਚੀ ।

## (ਗ) ਧਾਰਮਿਕ ਰੂਪਾਂ ਦੀ ਮਹਾਨਤਾ :

ਪ੍ਰੋ. ਪੂਰਨ ਸਿੰਘ ਵੀ ਆਪਣੇ ਅਧਿਆਤਮਵਾਦੀ ਵਿਚਾਰਾਂ ਦੀ ਗੱਲ ਕਰਦਾ ਹੋਇਆ ਗੁਰਮਤਿ ਅਤੇ ਗੁਰਸਿੱਖੀ ਦੇ ਵਿਚਾਰਾਂ ਨੂੰ ਮਹਾਨ ਗਿਣਦਾ ਹੈ । ਗੁਣੀਆਂ ਦੇ ਮਹਾਨ ਲੇਖਕ ਤੇ ਨਾਟਕਕਾਰ ਬੜੇ ਪਤੇ ਦੀਆਂ ਗੱਲਾਂ ਲੋਕਾਂ ਨੂੰ ਦਸਦੇ ਹਨ । ਪਰ ਪੂਰਨ ਸਿੰਘ ਕਈ ਉਹ ਅਜੇ ਸਕੂਨ ਦੇ ਵੀ ਭੁੱਖੇ ਹਨ । ਆਪ ਆਪਣੇ ਅਧਿਆਤਮਵਾਦੀ ਵਿਚਾਰ ਪੱਖ ਨੂੰ ਪੇਸ਼ ਕਰਦੇ ਹੋਏ ਸਿਦਕ ਭਰਪੂਰੀ ਕਵਿਤਾ ਕਰਨ ਵਾਲਿਆਂ ਨੂੰ ਹੀ ਲੇਖਕ ਗਿਣਦੇ ਹਨ । ਪ੍ਰੋ. ਪੂਰਨ ਸਿੰਘ ਅਨੁਸਾਰ :

> " ਪਰ ਗੱਲ ਅਸਲ ਇਹ ਹੈ ਕਿ ਉਸ ਦੀ ਗੁਣੀਆਂ ਜੇ ਕਵੀ ਦਾ ਮਜ਼ਮੂਨ ਬਣੇ ਤਾਂ ਅਫ਼ਸੋਸ ਹੈ । ਇਹ ਤਾਂ ਹਰ ਇਕ ਦਾ ਆਪਣਾ ਦਿਸਦਾ ਦਿਸਦਾ ਹਿੱਸਾ ਹੈ ਤੇ ਜਦ ਵੀ ਉਜਾਗਰ ਹੋ ਕੇ ਗੁਣੀਆਂ ਦੇ ਰੰਗਾਂ ਵਿਚ ਸੈਰ ਕਰਨਾ ਚਾਹੇ ਤਾਂ ਆਪਣੀ ਉਂਗਲ ਵਿਚ ਆ ਕੇ ਕਰ ਸਕਦਾ ਹੈ । ਮੈਂ ਵੀ ਤਾਂ ਤੇਲੀ, ਮਰਦ, ਚੋਰ, ਯਾਰ, ਜੁਆਰੀਆ, ਬਾਦਸ਼ਾਹ, ਅਮੀਰ, ਫ਼ਕੀਰ ਹਾਂ ।" [2]

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 6
2. - ਉਹੀ - : ਪੰਨਾ 47

ਇਸੇ ਹੀ ਦ੍ਰਿਸ਼ਟੀਕੋਣ ਤੋਂ ਪੂਰਨ ਸਿੰਘ, ਕਾਲੀਦਾਸ, ਸ਼ੇਕਸਪੀਅਰ ਨੂੰ ਕਵੀ ਹੀ ਨਹੀਂ ਮੰਨਦਾ । ਆਪ ਅਨੁਸਾਰ ਇਹ ਤਾਂ ਤੁਕਾਂ ਨੂੰ ਸਜਾਉਣ ਵਾਲੇ ਮਨੁੱਖ ਹਨ, ਕਵੀ ਕਿਵੇਂ ਬਣ ਸਕਦੇ ਹਨ । ਪੂਰਨ ਸਿੰਘ ਦੇ ਖਿਆਲ ਅਨੁਸਾਰ ਸਿਵਾਇ ਮਹਾਂ ਪੁਰਖਾਂ, ਸਾਧਾਂ ਤੇ ਰੱਬ ਰੰਗ ਵਾਲੇ ਦਿਵਯ ਪੁਰਖਾਂ ਦੇ ਹੋਰ ਕੋਈ ਕਵੀ ਸਿੰਘਾਸਨ ਤੇ ਨਹੀਂ ਬੈਠ ਸਕਦਾ । ਪ੍ਰੋ. ਪੂਰਨ ਸਿੰਘ ਗੁਰ ਦੀ ਬਾਣੀ ਰੱਬੀ ਕਵਿਤਾ ਤੇ ਕਿਨ੍ਹਾਂ ਹੋਰ ਨੂੰ ਕੇਵਲ ਕਵਿਤਾ ਦਾ ਦਰਜਾ ਹੀ ਨਹੀਂ ਮੰਨਦਾ । ਇਸੇ ਬਾਰੇ ਲਿਖਦੇ ਹਨ :

> " ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਮੌਤ ਤੋਂ ਬਾਅਦ ਧੁਰ ਕੀ ਸਾਬਤ ਹੋਈ, ਸਿਦਕ ਕਰਦੀ ਜਾ ਰਹੀ ਹੈ ਤੇ ਇਹ ਬਾਣੀ ਧੁਰ ਅਦ੍ਰਿਸ਼ਟ ਦੇਸ਼ਾਂ ਵਿਚ ਕਵਿਤਾ ਰੂਪ ਵਿਚ ਗੂੰਜ ਰਹੀ ਹੈ ।"[1]

(ਤ) <u>ਮਜ਼੍ਹਬ ਪਿਆਰ :</u>

ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਮਜ਼੍ਹਬ ਪਿਆਰ ਕਰਕੇ ਵਿਸ਼ਿਆਂ ਨੂੰ ਛੁਹਿਆ ਹੈ । ਉਹ ਮਜ਼੍ਹਬ ਤੇ ਪਿਆਰ ਨੂੰ ਇਕ ਚੀਜ਼ ਮੰਨਦਾ ਹੈ । ਇਸ ਲਈ ਮਜ਼੍ਹਬ ਉੱਚਾ, ਸੁੱਚਾ, ਤੀਖਣ ਤੇ ਧਿਆਨੀ ਪਿਆਰ ਹੈ। ਪ੍ਰੋ. ਪੂਰਨ ਸਿੰਘ ਦੇ ਇਹ ਵਿਚਾਰ ਅਧਿਆਤਮਵਾਦੀ ਭਾਵਾਂ ਦੀ ਭਾਹ ਮਾਰਦੇ ਹਨ । ਆਪ ਮਜ਼੍ਹਬ ਪਿਆਰ ਬਾਰੇ ਲਿਖਦੇ ਹਨ :

> " ਮਜ਼੍ਹਬ ਉੱਚਾ, ਸੁੱਚਾ, ਤੀਖਣ ਤੇ ਜਿਹਾ ਧਿਆਨੀ ਪਿਆਰ ਹੈ । ਇਸ ਅੰਦਰਲੀ ਸੁਰਤ ਦੇ ਖੇਤ ਨੂੰ ਰਸਮਾਂ, ਰਿਵਾਜਾਂ, ਕਾਨੂੰਨਾਂ, ਪਾਪ ਪੁੰਨਯ ਦੀਆਂ ਮਹਿਮਾਂ, ਜਗਤ ਦੀ ਉਤਪੱਤੀ ਤੇ ਨੇ ਹੋਣ ਦੀ ਫਿਲਾਸਫੀ ਦੇ ਝਗੜਿਆਂ ਵਿਚ ਸੁੱਟ ਕੇ ਕਦੀ ਗੂੜ੍ਹ ਕਹਿਣਾ, ਕਦੀ ਰੂੜ੍ਹ ਕਹਿਣਾ ਤੇ ਮਨ ਘੜਤ ਦੀਆਂ ਕੂੜੀਆਂ ਉਲਝਣਾਂ ਵਿਚ ਇਹ ਭੁੱਲ ਜਾਣਾ ਕਿ ਮਜ਼੍ਹਬ ਇਕ ਧਿਆਨੀ ਪਿਆਰ ਹੈ, ਸਾਡੇ ਆਪਣੇ ਨੀਵੇਂ ਵਲਵਲਿਆਂ ਤੇ ਜਜ਼ਬਿਆਂ ਦਾ ਨਤੀਜਾ ਹੈ ।"[2]

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 48
2. - ਉਹੀ - : ਪੰਨਾ 48

ਪ੍ਰੋ. ਪੂਰਨ ਸਿੰਘ ਮਜ਼੍ਹਬ ਨੂੰ ਅੰਦਰੂਨੀ ਪਿਆਰ ਸਵੀਕਾਰ ਕਰਦਾ ਹੈ । ਜਿਸ ਨੂੰ ਆਪ ਉਚਾ, ਸੁੱਚਾ ਤੇ ਤੀਖਣ ਪਿਆਰ ਦੇ ਰੂਪ ਵਿਚ ਵੇਖਦੇ ਹਨ । ਪਿਆਰ ਤੇ ਮਜ਼੍ਹਬ ਨੂੰ ਆਪ ਆਪਣੀਆਂ ਰਚਨਾਵਾਂ ਵਿਚ ਇਕ ਹੀ ਚੀਜ਼ ਮੰਨਦੇ ਹਨ ।

ਗੁਰੂ ਬਾਬਾ ਤਾਂ ਆਪਣੇ ਆਪ ਨੂੰ ਇਨਸਾਨ ਕਹਿੰਦਾ ਹੈ । ਇਨਸਾਨ ਵੀ ਜਿਹੜਾ ਪ੍ਰੀਤਮ ਦੇ ਪਿਆਰ ਵਿਚ ਮਖ਼ਮੂਰ ਹੋਇਆ ਹੋਇਆ ਹੈ । ਬਾਬੇ ਦਾ ਮਜ਼੍ਹਬ ਤਾਂ ਪਿਆਰ ਸੀ । ਖ਼ਾਲਕ ਨਾਲ ਪਿਆਰ, ਖ਼ਾਲਕ ਦੀ ਰਚੀ ਹੋਈ ਖ਼ਲਕਤ ਨਾਲ ਪਿਆਰ । ਇਸ ਮਜ਼੍ਹਬ ਦਾ ਅਧਾਰ ਸੀ ਸਿਮਰਨ । ਭਾਈ ਵੀਰ ਸਿੰਘ ਨੇ ਇਸੇ ਮਜ਼੍ਹਬ ਨੂੰ ਨਾਮ, ਧਿਆਨ, ਸਿਮਰਨ ਦੇ ਰੂਪ ਵਿਚ ਵੇਖਿਆ । ਇਸੇ ਤਰ੍ਹਾਂ ਪੂਰਨ ਸਿੰਘ ਵੀ ਇਨ੍ਹਾਂ ਵਿਚਾਰਾਂ ਨੂੰ ਅਧਿਆਤਮਕਤਾ ਦੇ ਰੰਗ ਵਿਚ ਲਪੇਟ ਕੇ ਪੇਸ਼ ਕਰਦਾ ਹੋਇਆ ਲਿਖਦਾ ਹੈ ;

> " ਬਿਨ੍ਹਾਂ ਸਿਮਰਨ, ਨਾਮ, ਧਿਆਨ ਦੇ ਕੋਈ ਪ੍ਰਾਣੀ ਜੀਅ ਹੀ ਨਹੀਂ ਸਕਦਾ, ਪਰ ਹਰ ਇਕ ਦੇ ਹਿੱਸਾ ਉਨ੍ਹਾਂ ਹੀ ਆਇਆ ਹੈ ਜਿੰਨੀ ਜੀਵਨ ਦੀ ਜੋਤ ਉਸ ਵਿਚ ਪ੍ਰਦੀਪਤ ਹੈ ।"[1]

ਪ੍ਰੋ. ਪੂਰਨ ਸਿੰਘ ਮਜ਼੍ਹਬ ਨੂੰ ਸੱਚੀ ਸੁੱਚੀ ਹੀ ਖ਼ੁਰਾਕ ਮੰਨਦਾ ਹੈ, ਜਿਸ ਤੋਂ ਬਿਨ੍ਹਾਂ ਸਾਡਾ ਜੀਵਨ ਜੀਅ ਨਹੀਂ ਸਕਦਾ । ਜਿਸ ਤਰ੍ਹਾਂ ਸਰੀਰ ਨੂੰ ਜਿਉਂਦੇ ਰੱਖਣ ਲਈ ਖ਼ੁਰਾਕ ਜ਼ਰੂਰੀ ਹੈ, ਉਸੇ ਤਰ੍ਹਾਂ ਆਤਮਾ ਲਈ ਨਾਮ ਰੂਪੀ ਖ਼ੁਰਾਕ ਲੋੜੀਂਦੀ ਹੈ ।

ਗੁਰਬਾਣੀ ਵਿਚ ਲਏ ਸਿਧਾਂਤਾਂ ਦੇ ਸਾਹਮਣੇ ਮਜ਼੍ਹਬ ਸੰਬੰਧੀ ਪੂਰਨ ਸਿੰਘ ਦੇ ਸਿਧਾਂਤ ਰੱਖੇ ਜਾਣ ਤਾਂ ਨਿਸ਼ਚੇ ਹੀ ਕਹਿਣਾ ਪੈਂਦਾ ਹੈ ਕਿ ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਦੇ ਵਿਚ ਗੁਰਬਾਣੀ ਦੇ ਵਿਚਾਰਾਂ ਦੇ ਆਧਾਰ ਤੇ ਹੀ ਜੁੜੇ ਹਨ । ਗੁਰਬਾਣੀ ਦਾ ਪੂਰਨ ਸਿੰਘ ਨੇ ਰਸ ਚੱਖਿਆ ਉਹ ਇਸ ਰਸ ਵਿਚ ਲੀਨ ਹੋਇਆ । ਇਸ ਲਈ ਜਦੋਂ ਉਹ ਹੋਰਨਾਂ ਨੂੰ ਇਸ ਰਸ ਤੋਂ ਵਾਂਝੇ ਵੇਖਦਾ ਹੈ ਤਾਂ ਆਪਣੀਆਂ ਰਚਨਾਵਾਂ ਰਾਹੀਂ ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦਾ ਰਸ ਮਾਣਨ ਦੀ ਸਿੱਖਿਆ ਦਿੰਦਾ ਹੈ ।

(੨) <u>ਉਚ ਆਚਰਣ :</u>

ਪੂਰਨ ਸਿੰਘ ਅਨੁਸਾਰ ਜਿਨ੍ਹਾਂ ਲੋਕਾਂ ਦੇ ਦਿਲ ਵਿਚ ਨਿਮ੍ਰਤਾ ਹੈ । ਆਪਣਾ ਆਪ ਵਾਰ ਸਕਦੇ ਹਨ, ਉਸ ਨੂੰ ਸਿਰਫ਼ ਉਹ ਹੀ ਸੁੱਚਾ ਜੀਵਨ ਜਿਉਂਦੇ ਪ੍ਰਤੀਤ ਹੁੰਦੇ ਹਨ । ਆਪ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 5

ਅਨੁਸਾਰ :

> " ਜਿਹੜਾ ਮੰਗਦੇ ਬਾਹਰੋਂ ਮਿੱਠਾ ਹੈ ਤੇ ਮਿੱਠੇ ਬਚਨ ਕਰਦਾ ਹੈ, ਉਹ ਕੁਦਰਤ ਦੀ ਧੜਕਣ ਵਿਚੋਂ ਆਪਣੇ ਦਿਲ ਦੀ ਧੜਕਨ ਸੁਣ ਰਿਹਾ ਹੈ।"[1]

ਗੁਰਮਤਿ ਦੀ ਨਿਮਰਤਾ ਭਰੇ ਭਾਵ, ਮਿਠਾਸ ਭਰੇ ਬੋਲ ਅਤੇ ਪਰਉਪਕਾਰ ਭਰੀ ਕਰਨੀ, ਗੁਰਸਿੱਖ ਦੇ ਹਿਰਦੇ ਵਿਚ ਦ੍ਰਿੜ੍ਹ ਕਰਾਉਂਦਾ ਹੈ । ਇਸੇ ਪੱਖ ਤੋਂ ਆਪ ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਕਰਦੇ ਹਨ ।

ਕਿਰਤ ਕਰਨੀ ਅਤੇ ਵੰਡ ਛਕਣਾ ਵੀ ਗੁਰਮਤਿ ਦਾ ਇਕ ਸੁਨਿਹਰੀ ਅਸੂਲ ਹੈ । ਕਿਰਤ ਦੇ ਕਿੰਨੇ ਕੁ ਲਾਭ ਹਨ ਤੇ ਕਿਰਤ ਮਨੁੱਖੀ ਜੀਵਨ ਲਈ ਕਿੰਨੀ ਕੁ ਲੋੜੀਂਦੀ ਹੈ, ਇਸ ਸੰਬੰਧੀ ਪੂਰਨ ਸਿੰਘ ਦੇ ਵਿਚਾਰ ਵੇਖੋ :

> " ਮਾਨਸਿਕ ਜੀਵਨ ਕਿਨ੍ਹਾਂ ਹੀ ਉਚਾ ਕਿਉਂ ਨਾ ਹੋਵੇ ਰੂਹ ਨੂੰ ਸਾਫ ਨਹੀਂ ਕਰਦਾ, ਮੈਲਾ ਕਰਦਾ ਹੈ । ਪਰ ਸਰੀਰ ਨਾਲ ਕੀਤੀ ਕਿਰਤ ਆਪ ਮੁਹਾਰੀ ਜਿਸ ਤਰ੍ਹਾਂ ਬ੍ਰਿਛ ਉਤੇ ਫਲ ਆਉਣ ਲੱਗਦੇ ਹਨ, ਸਿਦਕ ਤੇ ਪਿਆਰ ਤੇ ਰੱਬ ਦੀ ਰੰਗਤਾ ਵਿਚ ਜੀਣ ਲੱਗ ਪੈਂਦੀ ਹੈ ।"[2]

ਉਚੇ ਜੀਵਨ ਦੀ ਪ੍ਰਾਪਤੀ ਲਈ ਪੂਰਨ ਸਿੰਘ ਨੇ ਕਿਰਤ ਨੂੰ ਬੜਾ ਜਰੂਰੀ ਮੰਨਿਆ ਹੈ । ਪਰਮਾਤਮਾ ਨਾਲ ਚਿੱਤ ਜੋੜਨ ਲਈ ਵੀ ਕਿਰਤ ਦੀ ਲੋੜ ਹੈ । ਕਿਉਂਕਿ ਕਿਰਤ ਕਰਨ ਨਾਲ ਮਨ ਸਦਾ ਪ੍ਰਭੂ ਦੇ ਚਿੰਤ ਵਿਚ ਜੁੜਿਆ ਰਹਿੰਦਾ ਹੈ । ਸ਼ਿਕਵੇ ਸ਼ਿਕਾਇਤ ਦਾ ਕਦੇ ਉਸ ਦੇ ਮਨ ਵਿਚ ਖਿਆਲ ਹੀ ਨਹੀਂ ਆਉਂਦਾ ।

ਪੂਰਨ ਸਿੰਘ ਦਾ ਕਿਰਤ ਦੀ ਮਹਾਨਤਾ ਨੂੰ ਇਤਨੀ ਵਡਿਆਈ ਦੇਣਾ ਵੀ ਗੁਰਮਤਿ ਦੇ ਆਸ਼ੇ ਅਨੁਕੂਲ ਹੀ ਹੈ । ਕਿਰਤ ਕਰਨਾ, ਨਾਮ ਜਪਣਾ, ਵੰਡ-ਛਕਣਾ, ਗੁਰਸਿੱਖ ਲਈ ਅਤੀ ਜਰੂਰੀ ਹੈ । ਸ਼ਾਇਦ ਗੁਰਮਤਿ ਵਿਚ ਵਿਸ਼ਵਾਸ਼ ਰੱਖਣ ਕਰਕੇ ਹੀ ਪੂਰਨ ਸਿੰਘ ਕਿਰਤ ਦੀ ਵਡਿਆਈ ਕਰਦਾ ਹੈ । ਉਹ ਲਿਖਦਾ ਹੈ :

> " ਮੈਂ ਵੇਖਿਆ ਕਿ ਸਿਰਫ ਗੁਰੂ ਨਾਨਕ ਸਾਹਿਬ ਤੇ ਦਸਾਂ ਗੁਰੂਆਂ ਦੇ ਵਖਿਆਨ ਸਹਿਜ ਸੁਭਾ ਕਿਆਂ ਗੁਣਾਂ ਦੇ ਪ੍ਰਕਾਸ਼ਨ ਨੂੰ ਬਾਹਰ ਪਰਗਟ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 134
2. - ਉਹੀ - : ਪੰਨਾ 106

> ਇਕ ਕੂਕ ਤੰਦਾਂ ਵਿਚੋਂ ਗੂੰਜਿਆ ਹੈ । ਉਨ੍ਹਾਂ ਦੇ ਦਰਬਾਰ ਵਿਚ ਇਕ ਪਾਸੇ ਸੁੱਚੀ ਕਿਰਤ ਕਰਣ, ਪ੍ਰਾਣਾਂ ਦੀ, ਦਸਾਂ ਨੌਹਾਂ ਦੀ ਮਿਹਨਤ ਦੀ ਕਦਰ ਤੇ ਦੂਜੇ ਪਾਸੇ ਇਕ ਬ੍ਰਹਮ ਗਿਆਨੀ ਦੀ ਰਸਿਕ ਕਿਰਤ ਵਾਲੇ ਸਾਧ ਦੀ ਰੂਪ, ਕਿਰਤ ਤੇ ਪੂਰਨ ਦਰਸ਼ਨ ਦੀ ਸਿਫਤ ਹੈ ਤੇ ਸੋਸਾਇਟੀ ਮਨੁੱਖ ਦੀ ਜੜ੍ਹ ਤਾਂ ਕਿਰਤੀ ਦੀ ਕਿਰਤ ਤੇ ਰੋਟੀ ਦਾ ਕਣ ਸਾਧ ਦਾ ਕਦੂਰ ਦੱਸਿਆ ਹੈ । ਇਸ ਦੀ ਲੁੱਟ ਸਭ ਧਰਮ ਪਾਪ ਹੈ " ਜੋ ਰੋਸਹਿ ਤਿਨ ਲੋਕ ਜਾਣਦੀ ਕੂੜੇ " ਇਨ੍ਹਾਂ ਨੂੰ ਕੂੜੇ ਵਾਂਗ ਬੁਹਾਰੀ ਦੇ ਆਪਣੇ ਮੰਦਰ ਦੀ ਬਾਹਰ ਸੁੱਟੇ ਹਨ ।"[1]

ਕਿਰਤ ਕਰਨ ਨੂੰ ਹੀ ਪ੍ਰੋ. ਪੂਰਨ ਸਿੰਘ ਸੱਚਾ ਸੁੱਚਾ ਜੀਵਨ ਤੇ ਜੀਵਨ ਦਾ ਆਦਰਸ਼ ਮੰਨਦਾ ਹੈ । ਬਾਕੀ ਸਭ ਕੁਝ ਨੂੰ ਫ਼ਜ਼ੂਲ । ਸਪਸ਼ਟ ਤੌਰ ਤੇ ਆਪਣੇ ਵਿਸ਼ੇ ਪੱਖ ਲਈ ਪ੍ਰੋ. ਪੂਰਨ ਸਿੰਘ ਨੇ ਗੁਰਮਤਿ ਦੇ ਮੋਟੇ ਮੋਟੇ ਅਸੂਲਾਂ ਨੂੰ ਅਪਣਾਇਆ ਤੇ ਆਪਣੀ ਲਿਖਤ ਰਾਹੀਂ ਇਨ੍ਹਾਂ ਆਸ਼ਿਆਂ ਨੂੰ ਦਰਸਾਇਆ । ਗੁਰੂ ਨਾਨਕ ਵਾਂਗ ਪ੍ਰੋ. ਪੂਰਨ ਸਿੰਘ ਵੀ ਪਿਆਰ ਵਿਚ ਬਉਰਾਨਾ, ਸਭ ਕੁਝ ਕਹਿੰਦਾ ਹੈ । ਇਕ ਤਰ੍ਹਾਂ ਗੁਰੂ ਵਲੋਂ ਮਿਲੀਆਂ ਦਾਤਾਂ ਹੀ ਪ੍ਰੋ. ਪੂਰਨ ਸਿੰਘ ਵੰਡਦਾ ਹੈ । ਆਪ ਨੇ ਇਨ੍ਹਾਂ ਸਾਰੇ ਵਿਸ਼ਿਆਂ ਨੂੰ ਅਧਿਆਤਮਕ ਰੰਗ ਵਿਚ ਰੰਗ ਕੇ ਗੁਰਮਤਿ ਅਨੁਕੂਲ ਪੇਸ਼ ਕੀਤੇ ।

ਪ੍ਰੋ. ਪੂਰਨ ਸਿੰਘ ਦੀ ਵਾਰਤਕ ਦੀ ਵਿਚਾਰਧਾਰਾ ਦਾ ਧੁਰਾ ਪਿਆਰ ਹੈ । ਉਸ ਦਾ ਪਿਆਰ ਸਿਧਾਂਤ ਗੁਰਮਤਿ ਤੋਂ ਪ੍ਰਭਾਵਿਤ ਹੈ । ਇਸ ਤਰ੍ਹਾਂ ਨਾਲ ਪ੍ਰੋ. ਪੂਰਨ ਸਿੰਘ ਹਰੇਕ ਵਿਸ਼ੇ ਨੂੰ ਅਧਿਆਤਮਕ ਰੰਗ ਵਿਚ ਰੰਗ ਕੇ ਪੇਸ਼ ਕਰਦਾ ਹੈ । ਪਿਆਰ ਮਨੁੱਖਤਾ ਨਾਲ ਕਰਨਾ, ਕਿਸੇ ਨੂੰ ਬੁਰਾ ਨਾ ਸਮਝਣਾ, ਗੁਰੂਆਂ, ਅਵਤਾਰਾਂ ਅਤੇ ਸੰਤਾਂ ਦੀ ਬਾਣੀ ਹੀ ਕਵਿਤਾ ਸਮਝਣੀ, ਸਰਬ ਸਾਂਝੀ-ਵਾਲਤਾ ਹੀ ਅਸਲੀ ਮਜ਼੍ਹਬ ਖਿਆਲ ਕਰਨਾ, ਕਿਰਤ ਕਰਨੀ ਅਤੇ ਸੱਚੀ ਕਿਰਤ ਕਰਨ ਉਤੇ ਜ਼ੋਰ ਦੇਣਾ ਆਦਿ ਵਿਸ਼ਿਆਂ ਦਾ ਆਪਣੀ ਰਚਨਾ ਵਿਚ ਵਿਸ਼ਲੇਸ਼ਣ ਕਰਨਾ ਅਸਲ ਵਿਚ ਗੁਰਮਤਿ ਦੀ ਹੀ ਵਿਆਖਿਆ ਹੈ ।

## (2) ਆਦਰਸ਼ਵਾਦੀ ਵਿਚਾਰ :

ਆਦਰਸ਼ਵਾਦੀ ਵਿਚਾਰਾਂ ਤੋਂ ਭਾਵ ਹੈ ਕਿ ਸਭ ਤੋਂ ਉਚੀ ਚੀਜ਼ ਜਾਂ ਰੱਬ ਦਾ ਪ੍ਰੇਮ ਹੋਣਾ । ਉਸ ਉਚ ਕੀਮਤਾਂ ਦੀ ਹੀ ਤਲਾਸ਼ ਕਰਨੀ । ਇਹ ਕਲਪਨਾ ਉਪਰ ਵਧੇਰੇ ਜ਼ੋਰ ਦਿੰਦਾ ਹੈ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 109

ਇਹ ਇਕ ਅਜਿਹਾ ਰੂਪ ਹੈ ਜਿਹੜਾ ਸੁੰਦਰਤਾ ਅਤੇ ਉਚ ਆਦਰਸ਼ਾਂ ਦੇ ਪਿਛੇ ਦੌੜਦਾ ਹੈ । ਇਹ ਇਕ ਅਜਿਹੀ ਫਿਲਾਸਫੀ ਹੈ ਜਿਹੜੀ ਇਹ ਸਵੀਕਾਰ ਕਰਦੀ ਹੈ ਕਿ ਸਾਰੀ ਵਾਸਤਵਿਕਤਾ ਜਾਂ ਯਥਾਰਥ ਸਰੂਪ ਦੇ ਪੱਖੋਂ ਮਨੋਂ ਆਧਾਰਿਤ ਹੈ ।

ਆਦਰਸ਼ਵਾਦ ਬਾਰੇ ਕਿਹਾ ਜਾ ਸਕਦਾ ਹੈ ਕਿ ਸਹੀ ਅਰਥਾਂ ਵਿਚ ਆਦਰਸ਼ਵਾਦ ਕੇਵਲ ਕਲਪਨਾ ਦੀ ਖੇਡ ਨਹੀਂ, ਸਗੋਂ ਜੀਵਨ ਅਤੇ ਉਸ ਦੇ ਮੁੱਲਾਂ ਜਾਂ ਜੀਵਨ ਦੀਆਂ ਕਦਰਾਂ ਨਾਲ ਇਸ ਦਾ ਡੂੰਘਾ ਸੰਬੰਧ ਹੈ । ਮਨੁੱਖ ਸਮਾਜ ਵਿਚ ਰਹਿੰਦੇ ਹੋਏ ਸਮਾਜ ਦੀਆਂ ਕਮੀਆਂ ਤੋਂ ਜਾਣੂ ਹੋ ਜਾਂਦਾ ਹੈ, ਅਤੇ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ । ਉਹ ਸਮਾਜ ਦੇ ਮੁੱਲਾਂ ਜਾਂ ਕਦਰਾਂ ਨੂੰ ਜੋ ਬੇਕਾਰ ਹੋ ਗਏ ਹੋਣ, ਤੋੜ ਵੀ ਸਕਦਾ ਹੈ ਅਤੇ ਉਨ੍ਹਾਂ ਦੀ ਥਾਂ ਨਵੀਆਂ ਕਦਰਾਂ ਨੂੰ ਲਿਆਉਣਾ ਚਾਹੁੰਦਾ ਹੈ ।

ਮਨੁੱਖ ਨੂੰ ਜਦੋਂ ਚਾਰੇ ਪਾਸੇ ਦੁੱਖ, ਗਰੀਬੀ, ਬੇਰੁਜ਼ਗਾਰੀ ਆਦਿ ਵਿਖਾਈ ਦਿੰਦੇ ਹਨ ਤਾਂ ਉਹ ਇਨ੍ਹਾਂ ਨੂੰ ਖਤਮ ਕਰਨ ਦੇ ਸੁਪਨਾ ਲੈਂਦਾ ਹੈ । ਉਹ ਇਕ ਆਦਰਸ਼ਵਾਦੀ ਸਮਾਜ ਦਾ ਨਿਰਮਾਣ ਕਰਨਾ ਚਾਹੁੰਦਾ ਹੈ ਅਤੇ ਉਸ ਸਮਾਜ ਦੀ ਰੂਪ ਰੇਖਾ ਦਸਦਾ ਹੈ । ਅਜਿਹਾ ਸਮਾਜ ਯਥਾਰਥ ਤੋਂ ਟੁੱਟ ਕੇ ਇਸ ਦੇ ਨੇੜੇ ਤੇੜੇ ਹੀ ਰਹਿੰਦਾ ਹੈ ।

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਕਿਸੇ ਪੱਖ ਦਾ ਦੂਜਾ ਮਨੋਰਥ ਆਦਰਸ਼ਵਾਦੀ ਵਿਚਾਰ ਪੇਸ਼ ਕਰਨੇ ਹਨ । ਈਸਾਈਆਂ ਦੇ ਪ੍ਰਭਾਵ ਹੇਠ ਅਤੇ ਜਿਵੇਂ ਉਸ ਵਕਤ ਦਾ ਵਾਤਾਵਰਣ ਵੀ ਇਹੋ ਜਿਹਾ ਸੀ ਕਿ ਸਿੱਖ ਆਪਣੇ ਅਸੂਲਾਂ ਨੂੰ ਭੁਲਦੇ ਜਾ ਰਹੇ ਸਨ । ਇਸ ਲਈ ਉਸ ਵਕਤ ਦੀ ਲੋੜ ਵੀ ਇਹੋ ਹੀ ਸੀ ਕਿ ਸਿੱਖਾਂ ਨੂੰ ਉਨ੍ਹਾਂ ਦੇ ਆਦਰਸ਼ਾਂ ਤੋਂ ਜਾਣੂ ਕਰਵਾਇਆ ਜਾ ਸਕੇ ।

ਉਹ ਉਚ ਆਦਰਸ਼ ਜੋ ਅਠਾਰਵੀਂ ਸਦੀ ਦੇ ਸਿੱਖਾਂ ਨੇ ਕੁਰਬਾਨੀ, ਉਚੇ ਸੁੱਚੇ ਜੀਵਨ, ਆਚਰਣ ਵਿੱਚ ਵਰਤਕੇ ਵਿਖਾਏ ਸਨ। ਭਾਈ ਵੀਰ ਸਿੰਘ ਦਾ ਉਦੇਸ਼ ਵੀ ਇਨ੍ਹਾਂ ਆਦਰਸ਼ਾਂ ਤੋਂ ਜਾਣੂ ਕਰਵਾਕੇ ਅੱਜ ਦੇ ਸਿੱਖਾਂ ਨੂੰ ਇਕ ਹਲੂਣਾ ਦੁਆਣਾ ਸੀ, ਇਸ ਹੱਦ ਤੱਕ ਉਹ ਸਫਲ ਵੀ ਹੋਏ ।

ਈਸਾਈ ਧਰਮ ਤੇ ਸ਼ਹਿਰਾਂ ਦੇ ਪ੍ਰਭਾਵ ਹੇਠਾਂ ਸਿੱਖ ਪਤਿਤ ਹੁੰਦੇ ਜਾ ਰਹੇ ਸਨ । ਇਸ ਤਰ੍ਹਾਂ ਉਹ ਨਿੱਕੇ ਨਿੱਕੇ ਲੋਭ ਲਾਲਚਾਂ ਵਿਚ ਫਸ ਕੇ ਕਰਦੇ ਸਨ । ਉਹ ਆਪਣੇ ਧਰਮ ਨੂੰ ਭੁਲਾ ਦਿੰਦੇ ਸਨ । ਆਪਣੇ ਸਭਿਆਚਾਰ ਤੇ ਸਭਿਅਤਾ ਤੋਂ ਵਿਛੜਕੇ ਪੱਛਮੀ ਸਭਿਆਚਾਰ ਨੂੰ ਫਟਾ-ਫਟ ਅਪਣਾ ਰਹੇ ਸਨ । ਭਾਈ ਵੀਰ ਸਿੰਘ ਨੇ ਇਨ੍ਹਾਂ ਰਚਨਾਵਾਂ ਰਾਹੀਂ ਸਿੱਖਾਂ ਨੂੰ ਆਪਣੇ ਅਸਲੇ ਦੀ ਪਛਾਣ ਕਰਵਾਈ ਸੀ । ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਆਪਣੀ ਵਾਰਤਕ ਦੇ ਕਿਸੇ ਪੱਖ ਲਈ ਉਨ੍ਹਾਂ ਆਦਰਸ਼ਾਂ ਨੂੰ ਚੁਣਿਆ ਜਿਨ੍ਹਾਂ ਲਈ ਉਨ੍ਹਾਂ ਦੇ ਬਜ਼ੁਰਗਾਂ ਨੇ ਕੁਰਬਾਨੀਆਂ ਕੀਤੀਆਂ ਸਨ ।

(3) ਉੱਤਮ ਆਦਰਸ਼ :

ਭਾਈ ਵੀਰ ਸਿੰਘ ਕੌਮੀ ਪ੍ਰੇਮੀ ਅਤੇ ਕੌਮ ਦਰਦੀ ਹੈ । ਇਹ ਹੀ ਕਾਰਨ ਹੈ ਕਿ ਉਸ ਨੇ ਆਦਰਸ਼ਕ ਨਾਵਲ ਲਿਖੇ । ਉਹ ਕੌਮ ਨੂੰ ਆਦਰਸ਼ਿਕਤਾ ਨਾਲ ਪੇਸ਼ ਕਰਦਾ ਹੈ, ਤਾਂਕਿ ਪੜ੍ਹਨ ਵਾਲੇ ਪਾਠਕਾਂ ਨੂੰ ਉਹ ਕੌਮ ਖਿਚ ਪਾ ਸਕੇ । ਇਸ ਆਦਰਸ਼ਿਕਤਾ ਦੇ ਕਾਰਨ ਹੀ ਉਸ ਦੀਆਂ ਰਚਨਾਵਾਂ ਵਿਚ ਰੋਮਾਂਟਿਕ ਰੰਗ ਮਿਲਦਾ ਹੈ । ਇਹ ਨਾਵਲ ਅਸਲੀਅਤ ਵਿਚ ਇਤਿਹਾਸਕ ਰੁਮਾਂਸ ਹਨ, ਕਿਉਂਕਿ ਉਹ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਪੇਸ਼ ਕਰਦਾ ਹੈ । ਉਸ ਦੇ ਖਿਆਲ ਅਨੁਸਾਰ ਅਸੀਂ ਅੱਜ ਦੇ ਸਿੱਖ ਆਪਣੇ ਬਜ਼ੁਰਗਾਂ ਦੇ ਮੁਕਾਬਲੇ ਤੇ ਤੁੱਛ ਹਾਂ, ਆਦਰਸ਼ਵਾਦੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਲਈ ਆਪ ਲਿਖਦੇ ਹਨ :

> " ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਹੈ ਕਿ ਪੁਰਾਣੇ ਸਮਾਚਾਰ ਪੜ੍ਹਕੇ, ਸੁਣਕੇ, ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਤੇ ਸਿੱਖਾਂ ਨੂੰ ਆਪਣੇ ਉੱਤਮ ਆਦਰਸ਼ ਪਿਆਰੇ ਲੱਗਣ ।"[1]

ਇਸ ਪ੍ਰਕਾਰ ਸੁਚੇਤ ਤੌਰ ਤੇ ਆਪ ਆਪਣੀਆਂ ਰਚਨਾਵਾਂ ਰਾਹੀਂ ਮਨੁੱਖ ਨੂੰ ਆਦਰਸ਼ਵਾਦੀ ਮਨੁੱਖ ਬਣਿਆ ਵੇਖਣਾ ਚਾਹੁੰਦੇ ਹਨ । ਜਿਸ ਵਿਚ ਕੋਈ ਭੈੜਾ ਕਰਮ ਨਾ ਹੋਵੇ । ਧਰਮ ਤੇ ਚੱਲੇ । ਆਪਣੇ ਸੱਚ ਦੇ ਅਸੂਲਾਂ ਦੀ ਪਛਾਣ ਕਰੇ ।

ਭਾਈ ਵੀਰ ਸਿੰਘ ਨੇ ਜਦੋਂ ਵੇਖਿਆ ਕਿ ਸਿੱਖ ਲੋਕ ਨਾਸ਼ ਵਿਚ ਪੈ ਕੇ ਆਪਣੇ ਅਸੂਲਾਂ ਨੂੰ ਭੁਲਦੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਪੁਰਾਣੇ ਸਿੰਘਾਂ ਤੇ ਸਿੰਘਣੀਆਂ ਦੇ ਆਦਰਸ਼ ਆਪਣੀਆਂ ਰਚਨਾਵਾਂ ਰਾਹੀਂ ਪੇਸ਼ ਕੀਤੇ, ਤਾਂਕਿ ਅੱਜ ਦੇ ਸਿੱਖ ਵੀ ਇਨ੍ਹਾਂ ਆਦਰਸ਼ਾਂ ਤੋਂ ਜਾਣੂ ਹੋ ਕੇ ਆਪਣੇ ਅਸਲੇ ਨੂੰ ਪਛਾਨਣ । ਸੁੰਦਰੀ ਦਾ ਇਹ ਕਥਨ ਭਾਈ ਵੀਰ ਸਿੰਘ ਦੀ ਧਾਰਨਾ ਨੂੰ ਪੇਸ਼ ਕਰਦਾ ਹੈ ।

> " ਮੈਂ ਸ਼ੇਰਨੀ ਹਾਂ ਕੋਈ ਕਮੀਨ ਇਸਤਰੀ ਨਹੀਂ ਕਿ ਕਿਸੇ ਲਾਲਚ ਵਿਚ ਫਸਾਂ, ਜਾਨ ਦੇ ਦਿਆਂਗੀ ਪਰ ਧਰਮ ਨਹੀਂ ।"[2]

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 2
2. - ਉਹੀ - : ਪੰਨਾ 52

ਇਸ ਤਰ੍ਹਾਂ ਮੁਸਲਮਾਨ ਜਦੋਂ ਸੁੰਦਰੀ ਨੂੰ ਲਾਲਚ ਦਿੰਦਾ ਹੈ ਕਿ ਉਹ ਧਰਮ ਛੋੜ ਦੇਵੇ, ਉਸ ਨੂੰ ਤਖ਼ਤ ਦੀ ਰਾਣੀ ਬਣਾ ਦਿਤਾ ਜਾਵੇਗਾ, ਤਾਂ ਉਹ ਇਸ ਤਰ੍ਹਾਂ ਦੇ ਕਿਸੇ ਵੀ ਲਾਲਚ ਵਿਚ ਨਹੀਂ ਆਉਂਦੀ ।

ਧਰਮ ਹਾਰਨ ਨੂੰ ਗੁਲਾਮੀ ਦੇ ਰੂਪ ਵਿਚ ਪੇਸ਼ ਕਰਦਾ ਹੋਇਆ 'ਸਤਵੰਤ ਕੌਰ' ਦਾ ਪਾਤਰ ਸਾਂਈ ਜੀ ਕਹਿੰਦਾ ਹੈ :

> " ਅਜੇ ਤੱਕ ਕਿਸੇ ਸਿੱਖ ਇਸਤ੍ਰੀ ਜਾਂ ਪੁਰਖ ਨੇ ਏਥੇ ਆ ਕੇ ਧਰਮ ਨਹੀਂ ਹਾਰਿਆ ਅਤੇ ਨਾ ਹੀ ਗੁਲਾਮੀ ਸਿਰ ਚਾੜ੍ਹੀ ਹੈ ।" [1]

## ਆਦਰਸ਼ਾਂ ਲਈ ਕੁਰਬਾਨੀ :

ਭਾਈ ਵੀਰ ਸਿੰਘ ਆਪਣੇ ਵਿਸ਼ੇ ਪੱਖ ਨੂੰ ਇਸ ਪੱਖ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣ ਲਈ ਆਪ ਪੁਰਾਣੇ ਸਿੱਖਾਂ ਦੇ ਆਦਰਸ਼ਾਂ ਨੂੰ ਪੇਸ਼ ਕਰਦੇ ਹਨ । ਇਨ੍ਹਾਂ ਸਿੱਖਾਂ ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹੁੰਦੇ ਸਨ ਪਰ ਆਪਣੇ ਧਰਮ ਨੂੰ ਕਿਸੇ ਵੀ ਹਾਲਤ ਵਿਚ ਛੱਡਣ ਲਈ ਤਿਆਰ ਨਹੀਂ ਸਨ ਹੁੰਦੇ । ਉਹ ਸਿੱਖ ਬਹਾਦਰੀ ਨਾਲ ਆਪਣੇ ਦੁਸ਼ਮਣ ਦਾ ਮੁਕਾਬਲਾ ਕਰਦੇ ਤੇ ਮਰ ਮਿਟਦੇ ਪਰ ਬੇਮੁਖ ਨਹੀਂ ਸਨ ਹੁੰਦੇ । ਉਨ੍ਹਾਂ ਨੂੰ ਜਿਨੀਆਂ ਮਰਜੀ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਕਰਨੀਆਂ ਪੈ ਜਾਂਦੀਆਂ ਪਰ ਆਪਣੇ ਆਦਰਸ਼, ਆਪਣੇ ਟੀਚੇ ਆਦਿ ਤੋਂ ਪਰ੍ਹਾਂ ਨਾ ਹੁੰਦੇ ।

ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਦੇ ਆਦਰਸ਼ਵਾਦੀ ਵਿਸ਼ੇ ਪੱਖ ਵਿਚ ਉਨ੍ਹਾਂ ਮਨੋਰਥਾਂ ਨੂੰ ਪੇਸ਼ ਕਰਦਾ ਹੈ, ਜਿਨ੍ਹਾਂ ਆਦਰਸ਼ਾਂ ਪਿਛੇ ਉਨ੍ਹਾਂ ਆਪਣੇ ਆਪਣੀ ਬਲੀ ਦੇਣ ਤੇ ਵੀ ਰਤਾ ਮਾਸਾ ਪਰਵਾਹ ਨਹੀਂ ਕੀਤੀ । ਇਸ ਤਰ੍ਹਾਂ ਮਜ਼ਲੂਮਾਂ, ਜ਼ੁਲਮ, ਅਤੇ ਧੱਕਾ ਕਰਨ ਵਾਲਿਆਂ ਨੂੰ ਵੀ ਆਪ ਦੋਹੀਂ ਹੱਥੀਂ ਨਿਪਟਦੇ ਹਨ । ਇਸ ਤਰ੍ਹਾਂ ਆਪ ਲਿਖਦੇ ਹਨ :

> " ਖਾਲਸੇ ਦੀ ਫ਼ੌਜ ਸਾਰੇ ਨਗਰ ਵਿਚ ਜਰਵਾਣੇ ਤੇ ਪਾਪੀ ਮੁਗ਼ਲਾਂ ਪਾਸੋਂ ਹਿੰਦੂਆਂ ਦੇ ਬਦਲੇ ਲੈ ਰਹੀ ਸੀ ਤੇ ਜਿਸ ਜਿਸ ਮਜ਼ਲੂਮ ਹਿੰਦੂ ਨੇ, ਕਈ ਗਰੀਬ ਮੁਸਲਮਾਨਾਂ ਨੇ ਵੀ ਆਪਣੇ ਦੁੱਖ ਕਿਸੇ ਤੁਰਕ ਵਲੋਂ ਰੋਏ, ਖਾਲਸੇ ਨੇ ਧੱਕਾ ਕਰਨੇ ਖੂਬ ਸੋਧੇ ।" [2]

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 51
2. - ਉਹੀ - : ਪੰਨਾ 10

ਭਾਈ ਵੀਰ ਸਿੰਘ ਅਨੁਸਾਰ ਸਿੱਖ ਸਿਰਫ ਜੋ ਹਾਕਿਮ ਉਨ੍ਹਾਂ ਤੇ ਧੱਕਾ ਕਰਦੇ ਉਨ੍ਹਾਂ ਨੂੰ ਹੀ ਨਹੀਂ ਸਨ ਸੋਧਦੇ ਸਗੋਂ ਜੋ ਕੁਆਰਿਆਂ ਤੇ ਧੱਕਾ ਕਰਦੇ ਉਨ੍ਹਾਂ ਤੋਂ ਵੀ ਬਦਲੇ ਲੈਂਦੇ ਸਨ । ਭਾਈ ਵੀਰ ਸਿੰਘ ਅਨੁਸਾਰ ਸਿੱਖ ਸਾਲਾਂ ਬਾਅਦ ਵੀ ਆਪਣੇ ਅਸਲੇ ਤੋਂ ਵਿਛੜੇ ਹੋਣ ਤੋਂ ਬਾਦ, ਜਦ ਉਨ੍ਹਾਂ ਨੂੰ ਆਪਣੇ ਅਸਲੇ ਦਾ ਪਤਾ ਲੱਗਦਾ ਤਾਂ ਉਨ੍ਹਾਂ ਵਿਚ ਦੁਬਾਰਾ ਮਿਲਣ ਦੀ ਤਾਂਘ ਪ੍ਰਬਲ ਹੋ ਜਾਂਦੀ ਉਹ ਲੱਖਾਂ ਔਕੜਾਂ ਨੂੰ ਜਰਦੇ ਹੋਏ ਵੀ ਆਪਣੇ ਅਸਲੇ ਨਾਲ ਆ ਜੁੜਦੇ । ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਇਹੋ ਜਿਹੇ ਹੀ ਆਦਰਸ਼ਕ ਪਾਤਰ ਹਨ । ਇਨ੍ਹਾਂ ਆਦਰਸ਼ਾਂ ਨੂੰ ਹੀ ਪੇਸ਼ ਕਰਦਾ ਹੋਇਆ ਭਾਈ ਵੀਰ ਸਿੰਘ ਅੱਜ ਦੀਆਂ ਸੁੰਦਰੀਆਂ ਦੀ ਉਸ ਸਮੇਂ ਦੀਆਂ ਸੁੰਦਰੀਆਂ ਨਾਲ ਤੁਲਨਾ ਕਰਦਾ ਹੈ । ਭਾਈ ਵੀਰ ਸਿੰਘ ਅੱਜ ਕੱਲ੍ਹ ਦੀਆਂ ਸਿੱਖਣੀਆਂ ਨੂੰ ਆਪਣੇ ਬਜ਼ੁਰਗਾਂ ਦੇ ਆਦਰਸ਼ਾਂ ਨੂੰ ਚੇਤੇ ਕਰਵਾਕੇ ਸੁਚੇਤ ਕਰਦੇ ਹਨ ਕਿ ਉਹ ਆਪਣੇ ਅਸਲੇ ਨੂੰ ਪਛਾਣਨ । ਇਸ ਤਰ੍ਹਾਂ ਆਪ ਲਿਖਦੇ ਹਨ :

> " ਇਹ ਰੂਪਮਤਾਂ ਪਦਨੀਆਂ ਕੁਲ, ਰਹਿਮਣਾਂ, ਸ਼ਰਮਣਾਂ, ਭਰਨੀਆਂ ਪੁਤਲੀਆਂ, ਮਨਮਤਣਾਂ ਨਹੀਂ ਸਨ । ਇਨ੍ਹਾਂ ਦੇ ਹਿਰਦੇ ਵਿਚ ਧਰਮ ਦਾ ਪੂਰਾ ਪੂਰਾ ਅਸਰ ਸੀ । ਇਹ ਇਕ ਪਰਮੇਸ਼ਰ ਤੋਂ ਬਿਨ੍ਹਾਂ ਕਿਸੇ ਹੋਰ ਪਰ ਭਰੋਸਾ ਨਹੀਂ ਰੱਖਦੀਆਂ ਸਨ । ਸਿਵਾਏ ਪਰਮੇਸ਼ਰ ਨਾਲ ਪਿਆਰ ਕਰਨ ਦੇ ਕਿਸੇ ਹੋਰਟ ਕਰਮ ਵਿਚ ਨਹੀਂ ਲੱਗਦੀਆਂ ਸਨ । ਇਨ੍ਹਾਂ ਲਈ ਇਹ ਧਰਮ ਸੱਚੀ ਖੁਸ਼ੀ ਦਾ ਕਾਰਨ ਸੀ । ਇਹ ਸੰਸਾਰਿਕ ਸੁੱਖਾਂ ਦੀ ਖਾਤਰ ਧਰਮ ਤੋਂ ਮੂੰਹ ਮੋੜਨ ਦਾ ਸੁਪਨੇ ਵਿਚ ਵੀ ਖਿਆਲ ਨਹੀਂ ਕਰਦੀਆਂ ਸਨ । ਇਹ ਉਹ ਮਾਵਾਂ ਨਹੀਂ ਸਨ ਜੋ ਪੁੱਤ ਲੈਣ ਪਿਛੇ ਮੜ੍ਹੀਆਂ, ਮਸਾਣਾਂ, ਜਾਦੂਆਂ ਦੇ ਮਗਰ ਫਿਰਨ। ਇਹ ਉਹ ਮਾਵਾਂ ਸਨ ਜੋ ਪੁੱਤਰਾਂ ਦੇ ਕਮਰਕੱਸੇ ਕਰਵਾਕੇ ਜੰਗ ਵਿਚ ਤੋਰਿਆ ਕਰਦੀਆਂ ਸਨ । ਇਹ ਉਹ ਵਹੁਟੀਆਂ ਨਹੀਂ ਸਨ ਜੋ ਫੈਸ਼ਨਾਂ ਦੇ ਮਗਰ ਲੱਗ ਕੇ ਆਪਣੇ ਆਪ ਨੂੰ ਸਿੰਗਾਰਾਂ ਵਿਚ ਸੁੱਟ ਕੇ ਖਿਡਾਉਣਿਆਂ ਵਰਗੀ ਰਚਨ ਨੂੰ ਆਪਣਾ ਜੀਵਨ ਬਣਾ ਲੈਣ ।"[1]

ਇਸ ਪ੍ਰਕਾਰ ਦੇ ਆਦਰਸ਼ ਉਦੋਂ ਸਿੱਖਾਂ ਸਿੱਖਣੀਆਂ ਦੇ ਸਨ, ਜਿਹੜੇ ਆਦਰਸ਼ ਉਨ੍ਹਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਸਨ । ਭਾਈ ਵੀਰ ਸਿੰਘ ਸੁੰਦਰੀ ਦੇ ਮੂੰਹੋਂ ਵੀ ਅੱਜ ਕੱਲ ਦੇ ਸਿੱਖਾਂ ਨੂੰ ਆਪਣੇ ਆਦਰਸ਼ਾਂ ਤੋਂ ਜਾਣੂ ਕਰਵਾਉਣ ਲਈ ਇਹ ਗੱਲ ਅਖਵਾਉਂਦੇ ਹਨ :

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 86

> "ਤੁਸੀਂ ਗੁਰੂ ਗੋਬਿੰਦ ਸਿੰਘ ਤੋਂ ਮੂੰਹ ਮੋੜਕੇ ਜਦੋਂ ਹੋਰ ਪੂਜਾ ਦੇ ਨੇਮ ਧਾਰੇ, ਤਦੋਂ ਹੀ ਮੁਰਦਾ ਵਾਂਗ ਹੋ ਜਾਉਗੀਆਂ ।" [1]

ਇਸ ਤਰ੍ਹਾਂ ਉਹ ਸਿੰਘਣੀਆਂ ਜੋ ਵੱਡੀ ਤੋਂ ਵੱਡੀ ਮੁਸ਼ਕਲ ਦਾ ਡਟ ਕੇ ਮੁਕਾਬਲਾ ਕਰਦੀਆਂ ਸਨ ਪਰ ਉਹ ਹਾਰਦੀਆਂ ਨਹੀਂ ਸਨ, ਨਾ ਕਿਸੇ ਲੋਭ ਲਾਲਚ ਵਿੱਚ ਫਸਦੀਆਂ ਸਨ, ਮੁਸ਼ਕਲਾਂ ਦਾ ਉਨ੍ਹਾਂ ਨੂੰ ਕੋਈ ਡਰ ਨਹੀਂ ਸੀ, ਨਾ ਹੀ ਨਿਰਾਸਤਾ ਦੇ ਘੇਰੇ ਵਿੱਚ ਰਹਿੰਦੀਆਂ ਸਨ । ਭਾਈ ਵੀਰ ਸਿੰਘ ਇਸ ਬਾਰੇ ਲਿਖਦੇ ਹਨ :

> "ਸਾਡੇ ਨਾ ਕੇਵਲ ਖਿਆਲ, ਪਰ ਸਾਡੇ ਖੂਨ ਵਿਚ ਉਸ ਨੇ ( ਗੁਰੂ ਗੋਬਿੰਦ ਸਿੰਘ ) ਨੇ ਜਿਗਰੀ ਜਾਨ ਪਾਈ ਹੈ ਕਿ ਸਾਡੀਆਂ ਕੰਨਿਆਂ ਵੀ ਕਠਿਨ ਤੋਂ ਕਠਿਨ ਮੁਸ਼ਕਲਾਂ ਵਿਚ ਜਾ ਕੇ ....... ਹਾਰਦੀਆਂ ਨਹੀਂ । ਨਾ ਮੁਸ਼ਕਲਾਂ, ਨਾ ਡਰ, ਨਾ ਨਿਰਾਸਤਾ ਦੇ ਹਨੇਰੇ, ਨਾ ਲੋਭ ਦੇ ਝੁਲਾਵੇ, ਨਾ ਲਾਲਚ ਨਾ ਭੁਸਲਾਹਟ । ਕੋਈ ਸਾਡੇ ਘਰੇ ਬੱਚੀਆਂ ਨੂੰ ਵੀ ਆਪਣੇ ਟਿਕਾਣੇ ਤੋਂ ਹਿਲਾ ਨਹੀਂ ਸਕਦਾ ।" [2]

### (ਟ) ਸਿੱਖੀ ਅਸੂਲਾਂ ਦੀ ਜਾਣਕਾਰੀ :

ਭਾਈ ਸਾਹਿਬ ਦੀਆਂ ਰਚਨਾਵਾਂ ਦਾ ਜਿਹੜਾ ਉਸ ਵੇਲੇ ਦਾ ਖਾਸ ਪ੍ਰਯੋਜਨ ਰਿਹਾ ਸਿੱਖੀ ਅਸੂਲਾਂ ਦਾ ਪ੍ਰਚਾਰ, ਸਿੱਖੀ ਨੂੰ ਬਾਕੀ ਧਰਮਾਂ ਨਾਲੋਂ ਉਚਾ ਕਰਨਾ, ਸਿੱਖੀ ਧਰਮ ਅਤੇ ਸਿੱਖੀ ਅਸੂਲਾਂ ਬਾਰੇ ਬਾਕੀ ਧਰਮਾਂ ਖਾਸ ਕਰਕੇ ਈਸਾਈ ਮਿਸ਼ਨਰੀਆਂ ਵਲੋਂ ਕੀਤੇ ਜਾ ਰਹੇ ਪ੍ਰਚਾਰ ਦੀ ਨਿਖੇਧੀ ਕਰਨਾ ਮਕਸਦ ਹੀ ਹੈ । ਭਾਈ ਵੀਰ ਸਿੰਘ ਨੇ ਇਨ੍ਹਾਂ ਵਿਸ਼ਿਆਂ ਨੂੰ ਵਧੇਰਾ ਸਿੱਖ ਇਤਿਹਾਸ ਅਤੇ ਗੁਰਬਾਣੀ ਰਾਹੀਂ ਪ੍ਰਗਟਾ ਕੇ ਆਦਰਸ਼ਵਾਦੀ ਰੰਗ ਵਿਚ ਰੰਗ ਕੇ ਹੀ ਪੇਸ਼ ਕੀਤਾ ਹੈ ।

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 39
2. - ਉਹੀ - : ਪੰਨਾ 123

ਭਾਈ ਵੀਰ ਸਿੰਘ ਅੱਜ ਸਿੱਖਾਂ ਨੂੰ ਜੋ ਈਸਾਈ ਮਿਸ਼ਨਰੀਆਂ ਦੁਆਰਾ ਕੀਤੇ ਜਾ ਰਹੇ ਪ੍ਰਚਾਰ ਕਾਰਨ ਆਪਣੇ ਅਸੂਲਾਂ ਤੇ ਧਰਮ ਤੋਂ ਬੇਮੁੱਖ ਹੁੰਦੇ ਜਾ ਰਹੇ ਸਨ ਬਾਰੇ ਸੁਚੇਤ ਕਰਦੇ ਹਨ ਕਿ ਅੱਜ ਲੋਕ ਹੋਰ ਤਰ੍ਹਾਂ ਦੇ ਧਰਮ ਘੜੇ ਹਨ, ਜੋ ਕਿ ਬਾਹਰੋਂ ਤਾਂ ਬੜੇ ਮਿੱਠੇ ਹਨ ਪਰ ਅੰਦਰੋਂ ਜ਼ਹਿਰ ਦਾ ਕੰਮ ਕਰਦੇ ਹਨ । ਭਾਈ ਸਾਹਿਬ ਇਸ ਬਾਰੇ ਇਸ ਤਰ੍ਹਾਂ ਕਹਿੰਦੇ ਹਨ :

> " ਅੱਜ ਲੋਕ ਹੋਰ ਤਰ੍ਹਾਂ ਦੇ ਧਰਮ ਘੜੇ ਹਨ, ਜੋ ਸਿਫ਼ਤ ਨਾਲ, ਲੋਭ ਨਾਲ, ਧਰਮਧਾਨ ਦੀ ਕਰ ਰਹੇ ਹਨ । .......... ਇਹ ਬੁਰਾ ਅਸਰ ਕਰਦੇ ਹਨ । ਉਨ੍ਹਾਂ ਦੇ ਖ਼ਿਆਲ ਪੂਰ ਨਾ ਚੜ੍ਹੇ, ਉਹਨਾਂ ਦੇ ਤੁਹਾਡੇ, ਉਹਨਾਂ ਦੇ ਆਦਰਸ਼ ਤੁਹਾਨੂੰ ਖਾ ਜਾਣਗੇ ।" [1]

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਭਾਈ ਸਾਹਿਬ ਨੇ ਜਦੋਂ ਵੇਖਿਆ ਕਿ ਸਿੱਖ ਜੋ ਕਿ ਮਹਾਨ ਹਸਤੀ ਦੇ ਮਾਲਕ ਸਨ, ਕੁਰਾਹੇ ਪੈ ਗਏ ਤਾਂ ਉਨ੍ਹਾਂ ਨੇ ਸਿੱਖਾਂ ਦੇ ਉਨ੍ਹਾਂ ਮਹਾਨ ਆਦਰਸ਼ਾਂ ਨੂੰ ਦਿਖਾਕੇ ਅੱਜ ਦੇ ਸਿੱਖਾਂ ਤੇ ਸਿੱਖਣੀਆਂ ਨੂੰ ਉਸ ਤਰ੍ਹਾਂ ਦੇ ਬਣਨ ਦੀ ਪ੍ਰੇਰਨਾ ਦਿੱਤੀ ।

ਪ੍ਰੋ. ਪੂਰਨ ਸਿੰਘ ਦੇ ਭਿੰਨ ਭਿੰਨ ਵਿਚਾਰਾਂ ਵਿਚੋਂ ਹੀ ਮੁੱਖ ਵਿਚਾਰ ਆਦਰਸ਼ਕ ਦੀ ਮੂਲ ਸੁਰ ਨੂੰ ਲੱਭਣਾ ਹੈ । ਉਹ ਸੁਚ ਹੈ ਕਿ ਆਪ ਸਮਕਾਲੀ ਪਦਾਰਥਕ ਰੁਚੀਆਂ ਕਾਰਣ ਵਧ ਰਹੇ ਮਨ-ਮਨੁੱਖੀ ਵਰਤਾਰੇ ਤੋਂ ਕਾਫ਼ੀ ਅਸੰਤੁਸ਼ਟ ਹੈ । ਉਹ ਤਾਂ ਨਿਰਾ ਭਾਵਨਾਵਾਂ ਦਾ ਪੁਤਲਾ ਸੀ ਜੋ ਕਿਸੇ ਪ੍ਰਾਪਤੀ ਦੀ ਥਾਂ ਕੁਰਬਾਨੀ ਨੂੰ ਤੇ ਪਿਆਰਨੇ ਦਿਖਾਵੇ ਦੀ ਥਾਂ ਅੰਦਰਲੇ ਰਸ ਨੂੰ ਹੀ ਜੀਵਨ ਦਾ ਧੁਰਾ ਸਮਝਦਾ ਸੀ ।

ਪੂਰਨ ਸਿੰਘ ਉਚੇਰੀਆਂ ਕਦਰਾਂ ਕੀਮਤਾਂ ਦਾ ਹਾਮੀ ਸੀ । ਉਸ ਨੇ ਕਿਧਰੇ ਵੀ ਪਦਾਰਥਕ ਉਨਤੀ ਦੀ ਵਿਰੋਧਤਾ ਨਹੀਂ ਕੀਤੀ । ਉਹ ਮਨੁੱਖ ਨੂੰ ਖ਼ੁਦਗਰਜ਼ ਨਹੀਂ ਸਗੋਂ ਪਰਉਪਕਾਰੀ ਬਣਿਆ ਵੇਖਣਾ ਚਾਹੁੰਦਾ ਹੈ । ਉਹ ਉਸ ਬੰਦੇ ਨੂੰ ਹੀ ਆਦਰਸ਼ਕ ਮਨੁੱਖ ਮੰਨਦਾ ਹੈ ਜਿਸ ਦਾ ਹਿਰਦਾ ਭਾਵਾਂ ਦੀ ਦੌਲਤ ਨਾਲ ਮੂੰਹੋ ਮੂੰਹ ਭਰਿਆ ਹੋਵੇ, ਜਿਹੜਾ ਦੁਨਿਆਂ ਲਈ ਕੁਝ ਕਰ ਸਕਦਾ ਹੈ । ਆਦਰਸ਼ਵਾਦੀ ਵਿਚਾਰਾਂ ਦੀ ਵਿਆਖਿਆ ਕਰਦੇ ਹੋਏ ਆਪ ਲਿਖਦੇ ਹਨ :

> " ਦੇਸ ਭਗਤੀ ਦਾ ਬੀਜ ਤਾਂ ਸਦੀਆਂ ਨੇ ਹੈ ਉਗੇਰਾ, ਪਰ ਘਰ ਦੇ ਜੀਵਨ ਨੂੰ ਉੱਚਾ ਤੇ ਸਾਦਾ ਰਖੀਏ । ਖਾਣ ਪਹਿਨਣ ਵਿਚ ਸੁੱਖ ਸਮਝੀਏ । ਪਿਆਰ ਬਚਨਾਂ, ਨਕਲਾਂ, ਪ੍ਰਸ਼ਨਾਂ, ਕਰਾਰਾਂ, ਮਜ਼ਾਕਾਂ ਨਾਲ ਨਾ ਪਾਈਏ, ਪਿਆਰ ਨੂੰ ਧਰਤ ਵਿਚ ਡੂੰਘੇ ਬੇਮਲੂਮੇ ਦੱਬੀਏ, ਮਿਹਨਤ, ਕਿਰਤ

---

1. ਭਾਈ ਵੀਰ ਸਿੰਘ : ਬਿਜੈ ਸਿੰਘ : ਪੰਨਾ 97

ਕਰਾਈਏ, ਅਧਾ ਕੌਮ ਵਿਚ ਇਨਾ ਮਾਰੀਏ ਕਿ ਉਹ ਫ੍ਰਿਟੀ ਰਹੀ ਹੀ ਨਾ ।" ।[1]

ਪ੍ਰੋ. ਪੂਰਨ ਸਿੰਘ ਆਪਣੇ ਆਦਰਸ਼ਵਾਦੀ ਵਿਚਾਰਾਂ ਨੂੰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਮਨੁੱਖਾਂ ਨੂੰ ਇਕੋ ਜਿਹੇ ਸਮਝਣਾ ਚਾਹੀਦਾ ਹੈ । ਸਿਰਫ ਨਸਲਾਂ ਅਤੇ ਰੰਗਾਂ ਆਦਿ ਨੂੰ ਜਾਣ ਕੇ ਇਨਸਾਨਾਂ ਵਿਚ ਫਰਕ ਨਹੀਂ ਕਰਨਾ ਚਾਹੀਦਾ । ਜ਼ਿੰਦਗੀ ਵਿਚ ਆਏ ਦੁੱਖਾਂ ਨੂੰ ਸਾਂਝੇ ਜਾਣ ਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ । ਆਪ ਅਨੁਸਾਰ ਇਸ ਤਰ੍ਹਾਂ ਹੀ ਜ਼ਿੰਦਗੀ ਸੌਖੀ ਬਤੀਤ ਹੋ ਸਕਦੀ ਹੈ । ਪ੍ਰੋ. ਪੂਰਨ ਸਿੰਘ ਬਿਨ੍ਹਾਂ ਭੇਦ ਭਾਵ ਦੇ ਪਿਆਰ ਕਰਨ ਤੇ ਜ਼ੋਰ ਦਿੰਦਾ ਹੈ । ਜਿਸ ਤਰ੍ਹਾਂ :

> " ਜਨਾਨੀ ਮਰਦ ਨੂੰ ਮਾਸ ਦਾ ਸੋਹਣਾ ਬੁੱਤ ਸਮਝ ਕੇ ਨਾ ਪਿਆਰੇ ਤੇ ਨਾ ਮਰਦ ਜਨਾਨੀ ਨੂੰ ਮਾਸ ਦਾ ਸੋਹਣਾ ਬੁੱਤ ਸਮਝ ਕੇ ਪਿਆਰੇ, ਕਿਉਂਕਿ ਪਿਆਰ ਦੀ ਤੀਖਣਤਾ ਤਾਂ ਸੋਹਣੇ ਕੋਝੇ ਨੂੰ ਕਿਥੇ ਵੇਖਦੀ ਹੈ ? ਰੱਬ ਦੀਆਂ ਕਲਾਵਾਂ ਅਣਤਾਂ ਹਨ ਜੋ ਸੰਜੋਗਾਂ ਸੇਤੀ ਮਿਲ ਗਈਆਂ, ਰੱਬ ਨੇ ਮਿਲਾਇਆ ਹੈ ਤੇ ਉਸ ਦਰਦ ਵਿਚ ਇਕ ਖਤਰਾ ਹੈ, ਇਕ ਦੂਜੇ ਦੀ ਬਾਂਹ ਫੜਨੀ ਹੈ । ਇਸ ਦਰਦ ਵਿਚ ਇਕ ਦੂਜੇ ਪਾਸੋਂ ਸਾਨੂੰ ਦੁੱਖ ਦੀ ਕੀ ਆਸ ਹੋ ਸਕਦੀ ਹੈ ? ਮਿਲ ਬੈਠਣ ਘੜੀ ਦੀ ਘੜੀ ਇਕ ਪਰੀਤਾ ਹੈ, ਇਥੇ ਤਾਂ ਦਰਦਵੰਡ, ਦਰਦ ਪੀਣ, ਦੁੱਖ ਸਹਿਣ ਤੇ ਇਕ ਦੂਜੇ ਦੀ ਬਾਂਹ ਫੜਨਾ ਹੀ ਸੱਚ ਹੈ ਖੁਸ਼ੀਆਂ ਤਾਂ ਕੂੜ ਹਨ ।"[2]

ਪ੍ਰੋ. ਪੂਰਨ ਸਿੰਘ ਬਿਨ੍ਹਾਂ ਕਿਸੇ ਭੇਦ ਭਾਵ ਦੇ ਪਿਆਰ ਕਰਨ ਨੂੰ ਹੀ ਆਦਰਸ਼ਕ ਪਿਆਰ ਦਾ ਨਾਂ ਦਿੰਦਾ ਹੈ ਇਸ ਨੂੰ ਹੀ ਅਸਲੀ ਪਿਆਰ ਕਹਿੰਦਾ ਹੈ । ਆਪ ਅਨੁਸਾਰ ਜਦੋਂ ਸਾਡੇ ਵਿਚ ਆਦਰਸ਼ਕ ਵਿਚਾਰਾਂ ਦੀ ਕਮੀ ਹੋ ਜਾਂਦੀ ਹੈ ਉਦੋਂ ਸਾਡੀ ਕੌਮ ਰੋਗੀ ਹੋ ਜਾਂਦੀ ਹੈ । ਆਪ ਲਿਖਦੇ ਹਨ :

> " ਕੌਮ ਦੀ ਕੌਮ ਤਦ ਹੀ ਨਾਸ਼ ਬਣ ਜਾਂਦੀ ਹੈ, ਜਦ ਆਦਰਸ਼ ਦੀ ਤੀਖਣਤਾ, ਜ਼ਿੰਦਗੀ ਦੇ ਦੁੱਖ ਤੇ ਦਰਦ ਦੀਆਂ ਦੁਖਾਈਆਂ ਦੀ ਸਾਂਝੀ ਨੂੰ ਲੋਕੀ ਛੱਡ ਦੇਣ ।"[3]

---

1. ਪ੍ਰੋ. ਪੂਰਨ ਸਿੰਘ : ਬੁੱਢੀ ਕੌਮ : ਪੰਨਾ 74
2. - ਉਹੀ - : ਪੰਨਾ 72
3. - ਉਹੀ - : ਪੰਨਾ 72

ਪ੍ਰੋ. ਪੂਰਨ ਸਿੰਘ ਜ਼ਿੰਦਗੀ ਦੇ ਦੁੱਖਾਂ ਤੇ ਦਰਦਾਂ ਨੂੰ ਸਮਝਣ ਲਈ ਕਹਿੰਦਾ ਹੈ । ਪ੍ਰੋ. ਪੂਰਨ ਸਿੰਘ ਅਨੁਸਾਰ ਜਦੋਂ ਅਸੀਂ ਪਰਾਏ ਦੇ ਦੁੱਖ ਦਰਦਾਂ ਨੂੰ ਹੀ ਆਪਣੇ ਜਾਣਾਂਗੇ ਤਾਂ ਹੀ ਜ਼ਿੰਦਗੀ ਦੇ ਭੇਦਾਂ ਨੂੰ ਅਸੀਂ ਸਮਝ ਸਕਾਂਗੇ ।

(ਅ) <u>ਸ੍ਰੇਸ਼ਟ ਸਮਾਜ :</u>

ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਰਾਹੀਂ ਇਸ ਤਰ੍ਹਾਂ ਦੇ ਸ੍ਰੇਸ਼ਟ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਹਨ ਜਿਸ ਸਮਾਜ ਵਿਚ ਸਭ ਤੋਂ ਉੱਤੇ ਪਿਆਰ ਨੂੰ ਸ੍ਰੇਸ਼ਟ ਦਾ ਮੰਨਿਆ ਜਾਵੇ । ਆਪ ਅਨੁਸਾਰ ਜਦੋਂ ਤੱਕ ਕੋਈ ਮਨੁੱਖ ਜੀਵਨ ਦੇ ਦਰਦਾਂ ਨੂੰ ਅਨੁਭਵ ਨਹੀਂ ਕਰਦਾ, ਉਹ ਨਾ ਤਾਂ ਕੋਈ ਆਦਰਸ਼ ਕਾਇਮ ਕਰ ਸਕਦਾ ਹੈ ਤੇ ਨਾ ਹੀ ਆਪਣੇ ਆਸ਼ੇ ਤੱਕ ਪਹੁੰਚ ਸਕਦਾ ਹੈ ।

ਸਮਾਜ ਵਿੱਚ ਕਿਰਤ ਦੀ ਮਹਾਨਤਾ ਦੱਸਦੇ ਹੋਏ ਆਪ ਕਹਿੰਦੇ ਹਨ ਕਿ ਜਿਹੜਾ ਹਮੇਸ਼ਾਂ ਆਪਣੀ ਕਿਰਤ ਕਰਨ ਵਿੱਚ ਲੱਗਾ ਰਹਿੰਦਾ ਹੈ ਉਸ ਦਾ ਕਦੇ ਮਾੜੇ ਕੰਮਾਂ ਵੱਲ ਧਿਆਨ ਹੀ ਨਹੀਂ ਜਾਂਦਾ । ਕਿਉਂਕਿ ਮਾੜੇ ਕੰਮ ਤਾਂ ਸਿਰਫ਼ ਵਿਹਲਾ ਬੰਦਾ ਹੀ ਕਰ ਸਕਦਾ ਹੈ । ਜਿਸ ਤਰ੍ਹਾਂ ਇਕ ਅਖਾਣ ਵੀ ਹੈ, " ਵਿਹਲਾ ਮਨ ਸ਼ੈਤਾਨ ਦਾ ਘਰ ।" ਇਸ ਤਰ੍ਹਾਂ ਆਪ ਅਨੁਸਾਰ ਉਹ ਬੰਦਾ ਜਿਹੜਾ ਮਿਹਨਤ ਕਰਨ ਦੇ ਕੰਮ ਵਿਚ ਲੱਗਾ ਰਹਿੰਦਾ ਹੈ, ਉਸ ਵਿਚ ਕੁਦਰਤੀ ਗੁਣ ਸਹਿਜ ਸੁਭਾ ਆ ਜਾਂਦੇ ਹਨ। ਆਪ ਲਿਖਦੇ ਹਨ :

> " ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿਚ ਅੱਠ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸ ਨੂੰ ਮਾੜੇ ਚਿਤਵਨ ਅਤੇ ਕੰਗਾਲਤਾ ਦੇ ਪਾਪ ਕਰਨ ਦੀ ਵਿਹਲ ਹੀ ਨਹੀਂ ਲੱਭਦੀ ।"[1]

ਇਸੇ ਤਰ੍ਹਾਂ ਫਿੱਕਾ ਬੋਲਣ ਨੂੰ ਵੀ ਆਪ ਆਤਰ ਹੀ ਦਸਦੇ ਹਨ । ਫਿੱਕਾ ਬੋਲਣਾ ਮਾੜਾ ਇਸ ਲਈ ਹੈ ਕਿ ਇਹ ਚੰਗੀਆਂ ਚੀਜ਼ਾਂ ਨੂੰ ਵੀ ਮਾੜਾ ਬਣਾ ਦਿੰਦਾ ਹੈ । ਆਪ ਅਨੁਸਾਰ :

> " ਬਸ ਫਿੱਕਾ ਬੋਲਣਾ ਉਹ ਨੁਕਤਾਚੀਨੀ ਹੈ, ਜਿਹੜੀ ਚੰਗੀਆਂ ਚੀਜ਼ਾਂ ਨੂੰ ਨਿੱਕਾ ਕਰਕੇ ਦਸਦੀ ਹੈ । ਹਰ ਇਕ ਚੀਜ਼ ਵੱਲ ਕੀ ਪੱਥਰ, ਕੀ ਦਰਿਆ, ਕੀ ਚੰਨ ਤੇ ਸੂਰਜ, ਮਨੁੱਖ ਹੈਵਾਨ ਵੱਲ ਇਕ ਅਦਬ ਜਿਹੜਾ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 105

ਤੁਰਦਾ ਹੈ ਤੇ ਚੋਟ ਕਰਕੇ ਸਾਡੇ ਜੀਵਨ ਨੂੰ ਆਪ ਮੁਰਦਾ ਜਿਹਾ ਕਰਦਾ ਹੈ, ਉਹ ਨਿੱਕੀ ਨੁਕਤਾਚੀਨੀ ਨਾਲ ਭਰਮ ਜਾਂਦਾ ਹੈ। ਪਿਆਰ ਦਾ ਕਤਰਾ ਨੈਣਾਂ ਵਿਚੋਂ ਸੁੱਕ ਜਾਂਦਾ ਹੈ, ਦਿਲ ਦੀ ਸਾਦਾ ਹਮਦਰਦੀ ਇਕ ਕਰਖਤ ਕਠੋਰਪਨ ਵਿਚ ਬਦਲ ਜਾਂਦੀ ਹੈ, ਆਦਮੀ ਦੇ ਨਿੱਕਾ ਬੋਲਣ ਤੇ ਨਿੱਕਾ ਵਿਚਾਰ, ਜਿਸ ਨੇ ਮਹਾਂਪੁਰਖਾਂ ਨੂੰ ਤਾਂ ਕੀ ਨਿੱਕਾ ਕਰਨਾ ਹੈ, ਸਾਨੂੰ ਮਾਰ ਦਿੱਤਾ ਹੈ।"[1]

ਪ੍ਰੋ. ਪੂਰਨ ਸਿੰਘ ਇਸ ਤਰ੍ਹਾਂ ਦੀ ਨਿੱਕੀ ਨੁਕਤਾਚੀਨੀ ਕਰਨ ਤੇ ਨਿੱਕਾ ਬੋਲਣ ਜੋ ਸਾਡੇ ਜੀਵਨ ਨੂੰ ਤਬਾਹ ਕਰ ਦਿੰਦਾ ਹੈ, ਤੋਂ ਬਚਣ ਲਈ ਪ੍ਰੇਰਣਾ ਦਿੰਦੇ ਹਨ। ਨਿੱਕੀ ਨੁਕਤਾਚੀਨੀ ਸਾਡੇ ਜੀਵਨ ਵਿਚੋਂ ਪਿਆਰ ਰੂਪੀ ਪਾਣੀ ਨੂੰ ਸੁਕਾ ਕੇ ਸਾਡੇ ਜੀਵਨ ਨੂੰ ਬੰਜਰ ਰੂਪੀ ਮਾਰੂਥਲ ਬਣਾ ਦਿੰਦੀ ਹੈ। ਜਿਸ ਤੋਂ ਆਪ ਸਾਨੂੰ ਬਚਣ ਲਈ ਅਤੇ ਸਭ ਨਾਲ ਪਿਆਰ ਕਰਨ ਲਈ ਕਹਿੰਦੇ ਹਨ।

ਇਸ ਤਰ੍ਹਾਂ ਉਪਰੋਕਤ ਪੇਸ਼ ਹੋਏ ਵਿਚਾਰਾਂ ਦੇ ਪੱਖ ਤੋਂ ਕਿਹਾ ਜਾ ਸਕਦਾ ਹੈ ਕਿ ਪੂਰਨ ਸਿੰਘ ਦੀਆਂ ਰਚਨਾਵਾਂ ਦੇ ਭਿੰਨ ਭਿੰਨ ਵਿਸ਼ਿਆਂ ਵਿਚੋਂ ਇਕ ਵਿਸ਼ਾ ਆਦਰਸ਼ਵਾਦੀ ਵਿਚਾਰਾਂ ਨੂੰ ਪੇਸ਼ ਕਰਨਾ ਸੀ। ਇਸ ਤਰ੍ਹਾਂ ਆਪ ਦੀਆਂ ਰਚਨਾਵਾਂ ਵਿਚੋਂ ਅਨੇਕ ਥਾਈਂ ਆਦਰਸ਼ਵਾਦੀ ਵਿਚਾਰਾਂ ਦੀ ਪੇਸ਼ਕਸ਼ ਹੋਈ ਮਿਲਦੀ ਹੈ। ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਅਨੇਕ ਮੁਖੀ ਧਾਰਨਾਵਾਂ ਆਪਣੇ ਆਦਰਸ਼ਵਾਦੀ ਵਿਚਾਰਾਂ ਦੀਆਂ ਸੂਚਕ ਹਨ, ਜੋ ਆਪ ਦੇ ਵਿਸ਼ੇ ਦੀ ਉਸਾਰੀ ਕਰਦੀਆਂ ਹਨ। ਭਾਈ ਵੀਰ ਸਿੰਘ ਜਿਥੇ ਆਪਣੇ ਆਦਰਸ਼ਵਾਦੀ ਵਿਚਾਰਾਂ ਦੀ ਉਸਾਰੀ ਲਈ ਬਹਾਦਰ ਸਿੰਘਾਂ ਦੇ ਸਿੰਘਣੀਆਂ ਦੇ ਚਰਿੱਤਰ ਤੇ ਕਰਮ ਪੇਸ਼ ਕਰਦੇ ਹਨ, ਪਰ ਪੂਰਨ ਸਿੰਘ ਆਪਣੇ ਆਦਰਸ਼ਵਾਦੀ ਵਿਚਾਰਾਂ ਦੀ ਉਸਾਰੀ ਲਈ ਸਮਾਜ ਵਿਚੋਂ ਹੀ ਨਿੰਦਾ ਕਰਨਾ, ਨਿੱਕਾ ਨਾ ਬੋਲਣਾ ਆਦਿ ਵਿਚਾਰ ਲੈ ਕੇ ਆਦਰਸ਼ਵਾਦੀ ਵਿਸ਼ਾ ਪੱਖ ਪੇਸ਼ ਕਰਦੇ ਹਨ।

ਰਾਜਨੀਤਕ ਵਿਸ਼ੇ :-

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਰਾਜਨੀਤਕ ਵਿਸ਼ਿਆਂ ਨੂੰ ਮਾਨਵਤਾਵਾਦੀ ਭਾਵਾਂ ਵਿਚ ਰੰਗ ਕੇ ਪੇਸ਼ ਕੀਤੇ ਹਨ। ਇਸ ਦਾ ਕਾਰਨ ਹੈ ਕਿ ਆਪ ਦੋਵੇਂ ਲੇਖਕ ਇਸ ਪ੍ਰਕਾਰ

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 105

ਦਾ ਰਾਜਨੀਤਕ ਢਾਂਚੇ ਦੀ ਉਸਾਰੀ ਚਾਹੁੰਦੇ ਹਨ , ਜਿਸ ਵਿਚ ਹਰ ਜੀਵ ਸੁੱਖ ਦਾ ਸਾਹ ਲੈ ਸਕੇ । ਇਸ ਤਰ੍ਹਾਂ ਇਹ ਕਿਤੇ ਮਾਨਵਤਾਵਾਦੀ ਭਾਵਾਂ ਵਿਚ ਰੰਗੇ ਜਾਂਦੇ ਹਨ । ਜੋ ਇਸ ਤਰ੍ਹਾਂ ਹੈ ।

<u>ਮਾਨਵਤਾ ਵਾਦ :</u>

ਮਾਨਵਤਾਵਾਦ ਇਕ ਸਦਾਚਾਰਕ ਅਤੇ ਸਮਾਜਿਕ ਪ੍ਰੋਗ੍ਰਾਮ ਦਾ ਨਾਂ ਹੈ । ਮਾਨਵਤਾਵਾਦ ਮਨੁੱਖ ਨੂੰ ਅੰਦਰਲੀਆਂ ਪ੍ਰਸਥਿਤੀਆਂ ਤੋਂ ਇਲਾਵਾ ਬਾਹਰਲੀਆਂ ਦਾ ਦਾਸ ਮੰਨ ਕੇ ਚੱਲਦਾ ਹੈ । ਮਨੁੱਖ ਕਿਉਂਕਿ ਆਪ ਸੁਤੰਤਰ ਹੈ, ਉਹ ਉਸ ਦੀਆਂ ਸਾਥੀ ਮਨੁੱਖ ਤੇ ਮਨੁੱਖੀ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਵੀ ਹਨ । ਇਸ ਲਈ ਮਾਨਵਤਾਵਾਦ ਇਕ ਸਦਾਚਾਰਕ ਅਤੇ ਸਮਾਜਿਕ ਪ੍ਰੋਗਰਾਮ ਦਾ ਨਾਂ ਹੈ । ਇਸ ਬਾਰੇ ਬਾਹਮ ਵੀ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦਾ ਹੈ, :

> " ਮਾਨਵਤਾਵਾਦ ਦਾ ਟੀਚਾ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾਉਣਾ ਅਤੇ ਉਸ ਦੇ ਕਲਿਆਣ ਨੂੰ ਵਧਾਉਣਾ ਹੈ ।"[1]

ਇਸ ਤਰ੍ਹਾਂ ਮਾਨਵਤਾਵਾਦ ਮੁੱਖ ਰੂਪ ਵਿਚ ਮਨੁੱਖੀ ਖੁਸ਼ਹਾਲੀ, ਉੱਨਤਾ, ਵਿਕਾਸ ਅਤੇ ਉਸ ਦੇ ਨਵਨਿਰਮਾਣ ਦੇ ਨਜ਼ਰੀਏ ਤੇ ਜ਼ੋਰ ਦਿੰਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵੀ ਮਨੁੱਖੀ ਖੁਸ਼ਹਾਲੀ, ਉੱਨਤਾ, ਵਿਕਾਸ ਅਤੇ ਉਸ ਦੇ ਨਵਨਿਰਮਾਣ ਦੇ ਨਜ਼ਰੀਏ ਨੂੰ ਵੇਖਿਆ ਜਾ ਸਕਦਾ ਹੈ । ਜੋ ਇਨ੍ਹਾਂ ਲੇਖਕਾਂ ਦੇ ਮਾਨਵਵਾਦੀ ਭਾਵਾਂ ਦਾ ਮੂਲ ਆਧਾਰ ਬਣਦੀਆਂ ਹਨ ।

ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਮਾਨਵਵਾਦੀ ਵਿਚਾਰਾਂ ਦੇ ਕਿਤੇ ਦਾ ਪ੍ਰਵੇਸ਼ ਹੋਇਆਂ ਵੇਖਦੇ ਹੋਏ ਵੀ ਅਸੀਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਦੀ ਸਮੂਹਵਾਦੀ ਮਾਨਵ ਭਾਵਨਾ

---

" Humanitarianism : any moral or social programme seeking to lesson suffering and increase welfare of human beings oftern involving intense emotional devotion to social reforms....."

1. Archie.J.Bahm : Dictionary of Philosophy.

ਦੂਜਿਆਂ ਦਾ ਹੱਕ ਹੈ ।"[1] ਇਸ ਤਰ੍ਹਾਂ ਸਾਨੂੰ ਦੂਜਿਆਂ ਦਾ ਹੱਕ ਨਾ ਖੋਹਣ ਬਾਰੇ ਮੁੱਢ ਤੋਂ ਹੀ ਸਿੱਖਿਆ ਦਿੱਤੀ ਮਿਲਦੀ ਹੈ । ਪਾਤੰਜਲੀ ਨੇ ਇਸ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ :

" ਦੂਜਿਆਂ ਦੀਆਂ ਵਸਤੂਆਂ ਪ੍ਰਤੀ ਇੱਛਾ ਰੱਖਣਾ ਹੀ ਬੁਰਾ ਹੈ ।"[2]

ਪਰਮਾਤਮਾ ਵੀ ਨਿਆਇ ਪਸੰਦ ਹੈ । ਉਹ ਝੂਠੇ ਸੌਦੇ ਦਾ ਨਿਆਇ ਕਰਦਾ ਹੈ । ਕਿਉਂਕਿ ਪਰਮਾਤਮਾ ਵੀ ਨਿਆਇ ਪਸੰਦ ਹੈ । ਇਸ ਤਰ੍ਹਾਂ ਇਨਸਾਨ ਨੂੰ ਵੀ ਇਕ ਦੂਸਰੇ ਨਾਲ ਅਨਿਆਇ ਕਰਕੇ ਉਸ ਨੂੰ ਆਪਣਾ ਗੁਲਾਮ ਨਹੀਂ ਬਣਾਉਣਾ ਚਾਹੀਦਾ ? ਜੋ ਦੂਸਰਿਆਂ ਦਾ ਹੱਕ ਖੋਹ ਕੇ ਖਾਂਦੇ ਹਨ ਅਤੇ ਉਨ੍ਹਾਂ ਤੇ ਅਨਿਆਇ ਕਰਦੇ ਹਨ ਉਸ ਬਾਰੇ ਗੁਰੂ ਨਾਨਕ ਦੇਵ ਜੀ ਵੀ ਇਸ ਤਰ੍ਹਾਂ ਫੁਰਮਾਉਂਦੇ ਹਨ :

" ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ,
ਗੁਰ ਪੀਰ ਹਾਮਾ ਤਾਂ ਭਰੇ, ਜਾਂ ਮੁਰਦਾਰ ਨਾ ਖਾਇ ।"[3]

ਦੂਸਰੇ ਦਾ ਹੱਕ ਮਾਰਨਾ ਇਨਸਾਫ ਦੇ ਮਾਰਗ ਦਾ ਸਭ ਤੋਂ ਵੱਡਾ ਰੋੜਾ ਹੁੰਦਾ ਹੈ । ਗੁਰੂ ਨਾਨਕ ਨੇ ਇਸ ਅਵਗੁਣ ਦੀ ਕਰੜੇ ਤੋਂ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ।

ਨਿਆਇ ਦੇ ਸੰਬੰਧ ਵਿੱਚ ਡਾ. ਅਤਰ ਸਿੰਘ ਵੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

" ਸੰਤ ਜਾਂ ਸੰਤਿ ਸਮਾਜਿਕ ਸੰਬੰਧਾਂ ਵਿਚ ਨਿਆਇ ਦੇ ਸੰਬੰਧ ਵਿਚ ਇਕ ਅਜਿਹੇ ਮਨੁੱਖ ਦੀ ਵਿਸ਼ੇਸ਼ਤਾ ਹੈ, ਜਿਹੜਾ ਕਿ ਦੂਜਿਆਂ ਦਾ ਹੱਕ ਨਹੀਂ ਮਾਰਦਾ, ਅਤੇ ਦੂਜਿਆਂ ਨੂੰ ਭੜਕਾਉਂਦਾ ਨਹੀਂ ।"[4]

ਅਸਲ ਵਿੱਚ ਅਜ਼ਾਦੀ ਹਰ ਮਨੁੱਖ ਨੂੰ ਮਿਲਣੀ ਚਾਹੀਦੀ ਹੈ । ਇਸੇ ਤਰ੍ਹਾਂ ਜਿਥੇ ਦੂਜੇ ਦਾ ਹੱਕ ਮਾਰਨਾ ਅਨਿਆਇ ਹੈ ਉਥੇ ਕਿਸੇ ਪ੍ਰਾਣੀ ਨੂੰ ਨਜਾਇਜ਼ ਸਹਾਇਤਾ ਦੇਣੀ ਵੀ ਅਨਿਆਇ ਹੈ । ਜੇਕਰ ਕੋਈ ਤਕੜਾ ਪ੍ਰਾਣੀ ਕਿਸੇ ਕਮਜ਼ੋਰ ਪ੍ਰਾਣੀ ਨੂੰ ਕੋਈ ਨੁਕਸਾਨ ਪਹੁੰਚਾਉਂਦਾ ਹੈ ਤਾਂ ਹੁਕਮਰਾਨ ਨੂੰ ਤਕੜੇ ਪ੍ਰਾਣੀ ਨੂੰ ਸਜ਼ਾ ਦੇਣੀ ਚਾਹੀਦੀ ਹੈ ।

---

1. ਈਸ਼ਾ ਉਪਨਿਸ਼ਦ : ਪੰਨਾ 1
2. ਕਾਨ੍ਹ ਸਿੰਘ ਨਾਭਾ : ਗੁਰਮਤਿ ਸੁਧਾਕਰ : ਪੰਨਾ 322
3. ਆਦਿ ਗ੍ਰੰਥ : ਪੰਨਾ 141
4. Dr.Attar Singh : Ethics of Sikhs : P-115

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਲੇਖਕ ਵੀ ਆਪਣੀਆਂ ਰਚਨਾਵਾਂ ਵਿੱਚ ਨਿਆਂਇ ਅਤੇ ਅਨਿਆਂਇ ਦੀ ਗੱਲ ਕਰਦੇ ਹੋਏ ਅਜ਼ਾਦ ਤੇ ਆਦਰਸ਼ ਮਨੁੱਖ ਦਾ ਸੰਕਲਪ ਪੇਸ਼ ਕਰਦੇ ਹਨ । ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿੱਚ ਜਿਹੜਾ ਅਜ਼ਾਦ ਮਨੁੱਖ ਦਾ ਸੰਕਲਪ ਪੇਸ਼ ਹੋਇਆ ਹੈ, ਉਹ ਵੀ ਐਨ ਗੁਰਮਤਿ ਦੇ ਅਨੁਕੂਲ ਹੀ ਹੈ । ਇਸ ਦਾ ਕਾਰਨ ਹੈ ਕਿ ਉਨ੍ਹਾਂ ਦੀ ਆਪਣੀ ਜੀਵਨ ਫਿਲਾਸਫੀ ਦੀ ਜੜ੍ਹ ਸ਼ਾਇਦ ਇਸ ਵਿਚੋਂ ਫੁਟਦੀ, ਵਧਦੀ ਅਤੇ ਫੁੱਲਦੀ ਹੈ ।

ਲਾਸਕੀ ਨੇ ਮਨੁੱਖ ਨੂੰ ਅਜਿਹਾ ਪ੍ਰਾਣੀ ਕਿਹਾ ਹੈ ਜੋ ਸਾਂਝ ਦਾ ਨਿਰਮਾਤਾ ਹੈ । ਜਿਸ ਦੀਆਂ ਸਹਿਜ ਪ੍ਰਵਿਰਤੀਆਂ ਉਸ ਨੂੰ ਆਪਣੇ ਪ੍ਰਾਣੀਆਂ ਨਾਲ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ । ਸਾਂਝੇ ਜੀਵਨ ਲਈ ਜ਼ਰੂਰੀ ਹੈ ਕਿ ਮਨੁੱਖ ਨੂੰ ਪ੍ਰਕ੍ਰਿਤਕ ਮਨੋਵੇਗਾਂ ਦੀ ਅੰਧ ਪ੍ਰੇਰਨਾ ਤੇ ਨਾ ਛੋੜਿਆ ਜਾਏ, ਸਗੋਂ ਕਿਸੇ ਮਰਿਆਦਾ ਵਿੱਚ ਬੰਨ੍ਹਿਆ ਜਾਵੇ ।[1]

ਭਾਈ ਵੀਰ ਸਿੰਘ ਵੀ ਅਜ਼ਾਦ ਮਨੁੱਖ ਦਾ ਸੰਕਲਪ ਚਿਤਰਦਾ ਹੋਇਆ, ਨਿਆਂਏ ਦੀ ਗੱਲ ਕਰਦਾ ਹੈ । ਭਾਈ ਵੀਰ ਸਿੰਘ ਕਹਿੰਦਾ ਹੈ ਕਿ ਸ਼ਾਸਨ ਨੂੰ ਚਲਾਉਣ ਵਾਲਿਆਂ ਨੂੰ ਪਰਜਾ ਨਾਲ ਪੂਰਾ ਨਿਆਂਇ ਕਰਨਾ ਚਾਹੀਦਾ ਹੈ, ਪਰਜਾ ਨੂੰ ਗੁਲਾਮ ਨਹੀਂ ਬਣਾਉਣਾ ਚਾਹੀਦਾ । ਭਾਈ ਵੀਰ ਸਿੰਘ ਨੇ ਸ਼ਾਇਦ ਇਹ ਸੰਕਲਪ ਵੀ ਗੁਰਮਤਿ ਅਨੁਸਾਰ ਪੇਸ਼ ਕੀਤਾ ਹੈ । ਜਿਸ ਤਰ੍ਹਾਂ ਗੁਰਮਤਿ ਵਿੱਚ ਵੀ ਆਉਂਦਾ ਹੈ :

"ਤਖ਼ਤਿ ਬਹੈ ਤਖ਼ਤੈ ਕੀ ਲਾਇਕ ।"[2]

ਗੁਰਮਤਿ ਅਨੁਸਾਰ ਪੇਸ਼ ਹੋਏ ਵਿਚਾਰਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਅਸਲ ਵਿੱਚ ਭਾਰਤੀ ਜਨ ਜੀਵਨ ਉਪਰ ਧਰਮ ਦੀ ਪਕੜ ਸ਼ੁਰੂ ਤੋਂ ਹੀ ਰਹੀ ਹੈ । ਇੱਥੋਂ ਦੇ ਲੋਕ ਹਰ ਕੰਮ ਧਰਮ ਦਾ ਸਹਾਰਾ ਲੈ ਕੇ ਕਰਦੇ ਹਨ । ਜਾਂ ਇਉਂ ਆਖੋ ਕਿ ਇੱਥੋਂ ਦੇ ਜੀਵਨ ਵਿੱਚ ਧਰਮ ਅਤੇ ਸਮਾਜ ਦੀ ਆਪਸੀ ਸਾਂਝ ਚਿਰਾਂ ਚਿਰਾਂਤਰਾਂ ਤੋਂ ਚਲੀ ਆ ਰਹੀ ਹੈ । ਮਨੁੱਖੀ ਜਨਜੀਵਨ ਵਿੱਚ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਕ, ਖੁਸ਼ੀ ਅਤੇ ਸੋਗ ਦੇ ਮੌਕੇ ਸਭ ਰਸੂ-ਰੀਤਾਂ ਦੀ ਪ੍ਰਵਾਨਗੀ ਲੈ ਕੇ ਤੁਰਦੇ ਹਨ । ਇਸ ਤਰ੍ਹਾਂ ਪ੍ਰਸਥਿਤੀਆਂ ਅਨੁਕੂਲ ਕੁਝ ਧਾਰਮਿਕ ਅਤੇ ਸਮਾਜਿਕ ਸੁਧਾਰ ਦੀਆਂ ਲਹਿਰਾਂ ਤੋਂ ਇਨ੍ਹਾਂ ਗੁਲਾਮੀ ਦਾ ਅਹਿਸਾਸ ਅਤੇ ਰਾਸ਼ਟਰੀ ਚੇਤੰਨਤਾ ਦੀ ਸੂਝ ਵੀ ਧਾਰਮਿਕ ਵਲਵਣਾਂ ਵਿਚੋਂ ਹੀ ਪੈਦਾ ਹੋਈ । ਸਮਾਜਿਕ ਤਾਕਤਾਂ ਧਰਮ ਦੀਆਂ ਲਹਿਰਾਂ ਉਪਰ ਹੀ

---

1. ਲਾਸਕੀ : ਰਾਜਨੀਤੀ ਦੇ ਮੂਲ ਤੱਤਵ : ਪੰਨਾ 3
2. ਗੁਰੂ ਗ੍ਰੰਥ ਸਾਹਿਬ : ਮਾਰੂ ਸੋਲਹੇ ਮ . 1

ਉਸਰਦੀਆਂ ਹਨ । ਇਸ ਬਾਰੇ ਨੰਦ ਲਾਲ ਚੈਟਰਜੀ ਦਾ ਵੀ ਇਹ ਹੀ ਵਿਚਾਰ ਸੀ ਕਿ ਭਾਰਤੀ ਕੌਮ ਦਾ ਪਹਿਲਾ ਪੜਾਅ ਧਾਰਮਿਕ ਸੀ ਅਤੇ ਧਰਮ ਦੇ ਆਸਰੇ ਹੀ ਭਾਰਤੀਆਂ ਨੇ ਸਦੀਆਂ ਦੀ ਗੁਲਾਮੀ ਤੋਂ ਬਾਅਦ ਮੁੜ ਆਜ਼ਾਦੀ ਨੂੰ ਪ੍ਰਾਪਤ ਕੀਤਾ ।

ਭਾਈ ਵੀਰ ਸਿੰਘ ਨੇ ਵੀ ਅਜ਼ਾਦ ਮਨੁੱਖ ਦਾ ਸੰਕਲਪ ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਪੇਸ਼ ਕੀਤਾ । ਅਸਲ ਵਿੱਚ ਭਾਈ ਵੀਰ ਸਿੰਘ ਨੇ ਆਪਣੇ ਸਮੇਂ ਵਿਚ ਭਾਰਤ ਦੇ ਗੁਲਾਮੀ ਦੇ ਅਨੁਭਵ ਨੂੰ ਭਰਵੇਂ ਰੂਪ ਵਿੱਚ ਮਹਿਸੂਸ ਕੀਤਾ ਸੀ । ਇਸ ਨੂੰ ਦੂਰ ਕਰਨ ਲਈ ਕੇਵਲ ਨਾਅਰੇਬਾਜ਼ੀ ਹੀ ਨਾ ਜੀਵਨ ਦੇ ਉਨ੍ਹਾਂ ਮੁੱਢਲੇ ਗੁਣਾਂ ਨੂੰ ਭਰਵੇਂ ਰੂਪ ਵਿੱਚ ਮਹਿਸੂਸ ਕੀਤਾ, ਜੋ ਕਿਸੇ ਕੌਮ ਨੂੰ ਆਤਮਿਕ ਤੌਰ ਤੇ ਬਲਵਾਨ ਬਣਾਕੇ ਹਰ ਪ੍ਰਕਾਰ ਦੇ ਜ਼ੁਲਮ ਨਾਲ ਟੱਕਰ ਲੈਣ ਦੇ ਸਮਰਥ ਬਣਾ ਸਕਦੇ ਹਨ ।

ਭਾਈ ਵੀਰ ਸਿੰਘ ਦਾ ਵਿਚਾਰ ਹੈ ਕਿ ਆਚਰਣਹੀਣਤਾ ਅਤੇ ਸਵਾਰਥ ਕਰਕੇ ਹੀ ਭਾਰਤ ਪਹਿਲੇ ਮੁਗਲਾਂ ਦਾ ਫਿਰ ਅੰਗਰੇਜ਼ਾਂ ਦਾ ਗੁਲਾਮ ਰਿਹਾ ਹੈ । ਇਸ ਗੁਲਾਮੀ ਨੇ ਦੇਸ਼ ਵਾਸੀਆਂ ਵਿੱਚ ' ਦੇਸ਼ - ਪਿਆਰ ' ਅਤੇ ' ਕੌਮੀ ਪਿਆਰ ' ਨੂੰ ਖਤਮ ਕਰ ਦਿੱਤਾ ਸੀ ।

ਇਸ ਤਰ੍ਹਾਂ ਭਾਈ ਸਾਹਿਬ ਨੇ ਵੀ ਜੋ ਅਜ਼ਾਦ ਮਨੁੱਖ ਦਾ ਸੰਕਲਪ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤਾ ਉਹ ਵੀ ਧਰਮ ਅਤੇ ਖਾਸ ਕਰਕੇ ਗੁਰਮਤਿ ਦੇ ਅਨੁਕੂਲ ਹੀ ਸੀ । ਪੰਜਾਬ ਦੀ ਸਿੱਖ ਕ੍ਰਾਂਤੀ ਤਾਂ ਇਕ ਤਰ੍ਹਾਂ ਨਾਲ ਖਾਲਸਾ ( ਸਤੰਤਰ ਸੁਰਾਜ) ਦਾ ਸੁਪਨਾ ਲੈ ਕੇ ਤੁਰੀ ਸੀ । ਖਾਲਸੇ ਦੇ ਸ਼ਾਬਦਿਕ ਅਰਥ ਹਨ ਸੁਰਾਜੀ ਦੇਸ਼ ਵਿੱਚ ਰਹਿਣ ਵਾਲਾ ਸੁਤੰਤਰ ਮਨੁੱਖ ।

ਗੁਲਾਮੀ ਦੇ ਦਰਦ ਦੀ ਬਹੁਤ ਵਿਆਖਿਆ ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਹੋਈ ਮਿਲਦੀ ਹੈ । ਸੁਤੰਤਰਤਾ ਲਈ ਤੜਪ ਭਾਈ ਸਾਹਿਬ ਦੇ ਹਿਰਦੇ ਵਿੱਚ ਮੁੱਢ ਤੋਂ ਹੀ ਸੀ । ਉਹ ਜਾਣਦੇ ਸਨ ਕਿ ਗੁਲਾਮੀ ਸਾਰੀ ਖੁੱਲ੍ਹ ਮਾਰ ਦਿੰਦੀ ਹੈ, ਅਤੇ ਸੁਤੰਤਰਤਾ ਵਿੱਚ ਹੀ ਦੇਸ਼ ਵਾਸੀ ਖੁੱਲ੍ਹ ਅਤੇ ਮਨ ਦੀ ਮੌਜ ਨਾਲ ਉੱਡ ਸਕਦੇ ਹਨ ।

ਭਾਈ ਵੀਰ ਸਿੰਘ ਅਜ਼ਾਦ ਮਨੁੱਖ ਦਾ ਸੰਕਲਪ ਪੇਸ਼ ਕਰਦਾ ਹੋਇਆ ਲਿਖਦਾ ਹੈ ਕਿ ਗੁਲਾਮੀ ਦੇ ਜੀਵਨ ਨਾਲੋਂ ਤਾਂ ਮੌਤ ਚੰਗੀ ਹੈ ਜਿਹੜੀ ਮਨੁੱਖ ਨੂੰ ਘੱਟੋ ਘੱਟ ਖੁੱਲ੍ਹ ਤਾਂ ਬਖਸ਼ਦੀ ਹੈ । ਆਪ ਅਨੁਸਾਰ ਬਹਾਦਰ ਕੌਮਾਂ ਅਜ਼ਾਦੀ ਖੋਹਣ ਵਾਲਿਆਂ ਨੂੰ ਖਤਮ ਕਰ ਦਿੰਦੀਆਂ ਹਨ, ਜਾਂ ਆਪ ਖਤਮ ਹੋ ਜਾਂਦੀਆਂ ਹਨ । ਇਹ ਹੀ ਕਾਰਨ ਹੈ ਕਿ ਭਾਈ ਵੀਰ ਸਿੰਘ ਇਸ ਤਰ੍ਹਾਂ ਦਾ ਰਾਜ ਖਤਮ ਕਰ ਦੇਣਾ ਚਾਹੁੰਦਾ ਹੈ ਜੋ ਲੋਕਾਂ ਤੇ ਵਧੀਕੀਆਂ ਕਰਦਾ ਹੈ । ਉਨ੍ਹਾਂ ਨੂੰ ਨਿਆਂ ਨਹੀਂ ਦਿੰਦਾ, ਪਰਜਾ ਦੀ ਰਾਖੀ ਨਹੀਂ ਕਰਦਾ । ਇਸ ਤਰ੍ਹਾਂ ਦੇ ਰਾਜ ਦੀਆਂ ਤਾਂ ਭਾਈ ਵੀਰ ਸਿੰਘ ਜੜ੍ਹਾਂ ਹੀ ਪੁੱਟ ਦੇਣੀਆਂ

ਚਾਹੁੰਦਾ ਹੈ, ਜਿਹੜਾ ਜਨਤਾ ਨੂੰ ਗੁਲਾਮ ਬਣਾਉਂਦਾ ਹੈ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਪਾਤਰ ਇਸ ਤਰ੍ਹਾਂ ਦੇ ਗੁਲਾਮੀ ਵਾਲੇ ਜੀਵਨ ਵਿਰੁੱਧ ਹੀ ਸੰਘਰਸ਼ ਕਰਦੇ ਹਨ । ਜਿਸ ਤਰ੍ਹਾਂ 'ਸੁੰਦਰੀ' ਵਿਚ ਜਦੋਂ ਇਕ ਬ੍ਰਾਹਮਣ ਕਹਿੰਦਾ ਹੈ ਕਿ ਤੁਸੀਂ ਤੁਰਕਾਂ ਨੂੰ ਕਿਉਂ ਮਾਰਦੇ ਹੋ ਤਾਂ ਅੱਗੋਂ ਸ਼ਾਮ ਸਿੰਘ ਉੱਤਰ ਦਿੰਦਾ ਹੈ :

> "ਸਾਡਾ ਤੁਰਕਾਂ ਨਾਲ ਕਿ ਪਠਾਣਾਂ ਨਾਲ ਉਨ੍ਹਾਂ ਦੇ ਮੁਸਲਮਾਨ ਹੋਣ ਪਿਛੇ ਕੋਈ ਵੈਰ ਨਹੀਂ ਤੇ ਨਾ ਹੀ ਮੱਤ ਵਿਰੋਧ ਵਿਚ ਪੈ ਕੇ ਅਸੀਂ ਉਨ੍ਹਾਂ ਦਾ ਰਾਜ ਗੁਆ ਰਹੇ ਹਾਂ, ਸਾਡਾ ਤੁਰਕਾਂ ਦੇ ਰਾਜ ਨੂੰ ਖਤਮ ਕਰਨ ਦਾ ਮਤਲਬ ਇਹ ਹੈ ਕਿ ਉਹ ਪਾਤਸ਼ਾਹ ਹੋ ਕੇ ਪਰਜਾ ਨੂੰ ਦੁੱਖ ਦਿੰਦੇ ਹਨ, ਨਿਆਉਂ ਨਹੀਂ ਕਰਦੇ, ਬੇਗੁਨਾਹਾਂ ਤੇ ਨਿਰਦੋਸ਼ਿਆਂ ਨੂੰ ਮਰਵਾ ਸੁੱਟਦੇ ਹਨ, ਮਾਮਲਾ ਲੈਂਦੇ ਹਨ, ਪਰ ਪਰਜਾ ਦੀ ਰਾਖੀ ਨਹੀਂ ਕਰਦੇ, ਇਹ ਪਾਪ ਹਨ, ਰਾਜਾ ਦਾ ਧਰਮ ਇਹ ਨਹੀਂ ਹੈ, ਇਸ ਲਈ ਅਸੀਂ ਉਨ੍ਹਾਂ ਦੇ ਜ਼ੁਲਮਾਂ ਦਾ ਨਾਸ਼ ਕਰ ਰਹੇ ਹਾਂ ।"[1]

ਸ਼ਾਇਦ ਭਾਈ ਵੀਰ ਸਿੰਘ ਨੇ ਇਹ ਸੰਕਲਪ ਵੀ ਇਸ ਸਿਧਾਂਤ ਅਨੁਸਾਰ ਹੀ ਪੇਸ਼ ਕੀਤਾ ਹੈ :

> "ਰਾਜਾ ਸੀਂਹ ਕਿਤੇ ਰੰਗਿ ਆਇਦ ।"[2]

ਇਸ ਤਰ੍ਹਾਂ ਭਾਈ ਵੀਰ ਸਿੰਘ ਇਸ ਤਰ੍ਹਾਂ ਦਾ ਰਾਜ ਖਤਮ ਕਰ ਦੇਣਾ ਚਾਹੁੰਦਾ ਹੈ ਜਿਹੜਾ ਜਨਤਾ ਤੇ ਜ਼ੁਲਮ ਕਰਦਾ ਹੋਵੇ । ਭਾਵੇਂ ਉਹ ਹਿੰਦੂ, ਮੁਸਲਮਾਨ, ਸਿੱਖਾਂ ਕਿਸੇ ਵੀ ਕੌਮ ਦਾ ਰਾਜ ਕਿਉਂ ਨਾ ਹੋਵੇ ।

ਭਾਈ ਸਾਹਿਬ ਦਾ ਵਿਸ਼ਵਾਸ਼ ਸੀ ਕਿ ਅਜ਼ਾਦੀ ਲਈ ਕੌਮੀਅਤ ਦੀ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੈ । ਇਹ ਹੀ ਕਾਰਨ ਹੈ ਕਿ ਭਾਈ ਸਾਹਿਬ ਆਪਣੇ ਦੇਸ਼ ਦੇ ਕਣ ਕਣ ਤੋਂ ਆਪਣੀ ਜਾਨ ਕੁਰਬਾਨ ਕਰ ਦੇਣਾ ਚਾਹੁੰਦਾ ਹੈ । ਭਾਰਤ ਵਿਚ ਭਾਵੇਂ ਕਿਸੇ ਵੀ ਜਾਤ ਜਾਂ ਨਸਲ ਦੇ ਲੋਕ ਵਸਦੇ ਹੋਣ ਉਨ੍ਹਾਂ ਦਾ ਉਹ ਭਲਾ ਲੋੜਦਾ ਅਤੇ ਉਨ੍ਹਾਂ ਨੂੰ ਅਜ਼ਾਦ ਮਨੁੱਖ ਦੇ ਰੂਪ ਵਿਚ ਵੇਖਣਾ ਚਾਹੁੰਦਾ ਹੈ ।

ਇਸੇ ਲਈ ਭਾਈ ਸਾਹਿਬ ਦੀਆਂ ਰਚਨਾਵਾਂ ਦੇ ਪਾਤਰ ਪੰਜਾਬ ਅਤੇ ਭਾਰਤ ਵਰਸ਼ ਜਿਸ ਨੂੰ ਉਹ ਆਪਣਾ ਦੇਸ਼ ਸਮਝਦੇ ਹਨ, ਜਦੋਂ ਇਸ ਵਿਚ ਕਿਸੇ ਹੋਰ ਦੀ ਹਕੂਮਤ ਹੁੰਦੀ ਵੇਖਦੇ ਹਨ

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 43
2. ਗੁਰੂ ਗ੍ਰੰਥ ਸਾਹਿਬ : ਵਾਰ ਮਾਝ ਮ . 1

ਤਾਂ ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ । ਆਪਣੇ ਦੇਸ਼ ਨੂੰ ਗੁਲਾਮ ਬਣਿਆ ਵੇਖ ਕੇ ਉਨ੍ਹਾਂ ਨੂੰ ਰੋਹ ਚੜ੍ਹਦਾ ਹੈ । ਦੇਸ਼ ਨੂੰ ਸੁਤੰਤਰ ਕਰਾਉਣਾ ਹੀ ਉਨ੍ਹਾਂ ਦਾ ਦ੍ਰਿੜ੍ਹ ਇਰਾਦਾ ਬਣ ਜਾਂਦਾ ਹੈ । ਇਸ ਬਾਰੇ ਭਾਈ ਵੀਰ ਸਿੰਘ ਇਸ ਤਰ੍ਹਾਂ ਲਿਖਦਾ ਹੈ :

> "ਪੰਜਾਬ ਅਸਾਂ ਦਾ ਹੈ ਕਿਸੇ ਉਪਰੇ ਦਾ ਇਥੇ ਦਖ਼ਲ ਨਹੀਂ ਰਹਿ ਸਕਦਾ, ਬਲਕਿ ਉਹ ਹੁਣ ਦਿਲੀ ਫਤਹਿ ਕਰਨੀ ਵੀ ਨੇੜੇ ਤੱਕ ਰਹੇ ਸਨ । —— ਉਨ੍ਹਾਂ ਨੂੰ ਰੋਹ ਚੜ੍ਹਦਾ ਸੀ ਕਿ ਕਿਸੇ ਦੇ ਘਰ ਆ ਕੇ ਕੋਈ ਕਿਉਂ ਦਖ਼ਲ ਦੇਵੇ ? —— ਦੇਸ਼ ਨੂੰ ਸੁਖੀ ਤੇ ਸੁਤੰਤਰ ਕਰਨਾ ਹੈ ਤੇ ਰਾਜ ਸਾਜਣਾ ਹੈ, ਇਹ ਮਦ ਸਿੱਖਾਂ ਦੇ ਦਿਲਾਂ ਵਿਚ ਠਾਠਾਂ ਮਾਰਦਾ ਸੀ ।"[1]

ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਪੰਜਾਬ ਨੂੰ ਆਪਣਾ ਘਰ ਅਤੇ ਦੇਸ਼ ਸਮਝਦੇ ਹੋਏ ਇਸ ਉਤੇ ਕਿਸੇ ਦਾ ਦਖ਼ਲ ਸਹਿਣ ਨਹੀਂ ਕਰ ਸਕਦਾ । ਇਸ ਨੂੰ ਭਾਈ ਸਾਹਿਬ ਆਪਣਾ ਹੱਕ ਸਮਝਕੇ ਹੀ ਸਿੱਖਾਂ ਨੂੰ ਲੜਾਈ ਕਰਦੇ ਹੋਏ ਹੀ ਪੇਸ਼ ਕਰਦਾ ਹੈ । ਇਹ ਹੀ ਕਾਰਨ ਹੈ ਕਿ ਇਸ ਲੜਾਈ ਨੂੰ ਉਹ ਪਾਪ ਨਹੀਂ ਸਮਝਦਾ । ਆਪ ਅਨੁਸਾਰ :

> ਪੰਜਾਬ ਸਾਡਾ ਘਰ ਹੈ, ਦੇਸ਼ ਹੈ, ਤੁਹਾਡਾ ਕੋਈ ਹੱਕ ਨਹੀਂ ਕਿ ਸਾਡੇ ਘਰ ਨੂੰ ਲੁੱਟੋ ਅਤੇ ਰਾਜ ਕਰੋ । ਆਪਣੇ ਘਰ ਨੂੰ ਸੰਭਾਲਣ ਵਾਸਤੇ ਸਿੱਖਾਂ ਦਾ ਤੁਸਾਂ ਨਾਲ ਲੜ ਪੈਣਾ ਕੋਈ ਅਪ੍ਰਾਧ ਨਹੀਂ ।"[2]

ਅਜ਼ਾਦ ਮਨੁੱਖ ਦਾ ਸੰਕਲਪ ਤਾਂ ਆਪ ਦੀਆਂ ਰਚਨਾਵਾਂ ਵਿਚ ਸਪਸ਼ਟ ਭਾਂਤ ਉਘੜਦਾ ਹੈ, ਆਪ ਦੇ ਜੀਵਨ ਦਰਸ਼ਨ ਦਾ ਇਹ ਅਜ਼ਾਦੀ ਇਕ ਪੜਾ ਵੀ ਹੈ । ਜਿਸ ਰਾਹੀਂ ਭਾਈ ਸਾਹਿਬ ਆਪਣੀਆਂ ਰਚਨਾਵਾਂ ਰਾਹੀਂ ਉਸ ਮੰਜ਼ਿਲ ਤੇ ਪਹੁੰਚਣਾ ਚਾਹੁੰਦਾ ਹੈ ।

ਭਾਈ ਵੀਰ ਸਿੰਘ ਨੇ ਆਲੇ ਦੁਆਲੇ ਦੇ ਜੀਵਨ ਨੂੰ ਡੂੰਘੀ ਨੀਝ ਨਾਲ ਵੇਖਿਆ ਅਤੇ ਉਸ ਵਿਚਲੇ ਤੱਤਾਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਬੜੀ ਸੁਘੜਤਾ ਨਾਲ ਉਲੀਕਿਆ ਹੈ । ਭਾਈ ਵੀਰ ਸਿੰਘ ਨੇ ਜਿਥੇ ਵੇਖਿਆ ਕਿ ਮਨੁੱਖ ਦੂਸਰੀਆਂ ਕੌਮਾਂ ਅਤੇ ਦੂਸਰੇ ਦੇਸ਼ਾਂ ਦੁਆਰਾ ਗੁਲਾਮ ਬਣਾਇਆ ਜਾਂਦਾ ਹੈ ਉਥੇ ਮਨੁੱਖ ਆਪਣੀ ਹੋਂਦ ਦਾ ਭਾਰ ਆਪਣੇ ਜੀਵਨ ਨੂੰ ਦੁਖੀ ਤੇ ਗੁਲਾਮ ਬਣਾਉਣ ਵਿਚ ਆਪ ਵੀ ਜਿੰਮੇਵਾਰ ਹੈ । ਇਨ੍ਹਾਂ ਸਤਰਾਂ ਨੂੰ ਭਾਈ ਸਾਹਿਬ ਬਾਬਾ ਨੌਧ ਸਿੰਘ ਵਿਚ ਇਸ ਤਰ੍ਹਾਂ ਪੇਸ਼ ਕਰਦਾ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 292
2. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 17

ਹੈ :

" ਸਾਡਾ ਆਪਣਾ ਆਸਣਾ ਹੈ — ਸੁਖ, ਖਿੜਿਆ ਟਿਕਿਆ, ਰਸ ਭਿੰਨਾ । ਅਸੀਂ ਬਣ ਰਹੇ ਹਾਂ ਸੋਚੂ, ਵਿਚਾਰੂ, ਸੰਕਲਪਾਂ, ਵਿਕਲਪਾਂ ਵਿਚ ਫਸੇ ਹੋਏ ਤੇ ਹਰ ਵੇਲੇ ਫ਼ਿਕਰਾਂ ਵਿਚ ਦਬੇ ਹੋਏ । ਜੇ ਅਸੀਂ ਰੋਟੀ ਕਮਾਉਂਦੇ ਹਾਂ ਤਾਂ ਮਗਜ਼ ਸਾੜਕੇ, ਪੜ੍ਹਦੇ ਹਾਂ ਤਾਂ ਅੰਦਰ ਕੁੜ੍ਹਕੇ, ਵਹੁਟੀ ਲਿਆਉਂਦੇ ਹਾਂ ਤਾਂ ਖਿਝਦੇ ਹਾਂ । ਵਿਹਾਰ ਕਰਦੇ ਹਾਂ ਤਾਂ ਅੰਦਰ ਸਾਰਾ ਸੋਚਾਂ, ਵਹਿਮਾਂ ਵਿਚ ਡੁਬਦਾ ਫਿਰਦਾ ਹੈ । ਕਿਰਤ ਕਰਦੇ ਹਾਂ ਤਾਂ ਕੁੜ੍ਹਦੇ ਸੜਦੇ ਮਨ ਨਾਲ । ਜੇ ਨੌਕਰੀ ਕਰਦੇ ਹਾਂ ਤਾਂ ਮਨਾਂ ਦੇ ਭੈ ਤੇ ਕ੍ਰੋਧ ਨਾਲ ਸੜ ਸੜ ਕੇ ਅੰਦਰੋਂ ਮਰੀਅਲ ਨਿਤਾਣੇ ਤੇ ਮੁਰਦੇ ਹੋ ਜਾਂਦੇ ਹਾਂ । ਪਦਾਰਥ ਕਮਾਉਂਦੇ ਹਾਂ ਤਾਂ ਦੁਨੀਆਂ ਨਾਲ ਸਾੜਾ, ਅੰਦਰ ਵੜਕੇ ਨਿਰੇ ਪਦਾਰਥ ਰੂਪ ਹੋਕੇ ਸੁੰਗੜ ਜਾਂਦੇ ਹਾਂ । ਜੇ ਵਿਦਵਾਨ ਹੋ ਜਾਂਦੇ ਹਾਂ ਤਾਂ ਦੁਨੀਆਂ ਦੀ ਪ੍ਰਭੁਤਾ ਵੇਖ ਕੇ ਕੁਸਦੇ ਰਹਿੰਦੇ ਹਾਂ । ਜੇ ਪੰਥ ਦੀ ਸੇਵਾ ਕਰਦੇ ਹਾਂ ਤਾਂ ਈਰਖਾ ਤੇ ਨਫ਼ਰਤ ਵਿਚ ਵਸਦੇ ਹਾਂ, ਤੇ ਆਪਣੇ ਹਉਂ ਹੰਕਾਰ ਵਿਚ ਸੜਦੇ ਹਾਂ । ਕਿਸੇ ਦੇ ਅੰਦਰ ਆਪਣੇ ਆਪ ਦੀ ਸੁਤੰਤਰਤਾ ਆਪਣੇ ਆਪ ਦਾ ਟਿਕਾਉ, ਖੇੜਾ ਤੇ ਰਸ ਕੁਝ ਨਹੀਂ ਦਿਸਦਾ, ਜਿਨ੍ਹਾਂ ਕੰਮਾਂ ਨੂੰ ਕਰਦੇ ਹਾਂ ਉਹ ਭਾਰੂ ਰੂਪ ਹੋ ਕੇ ਸਾਡੇ ਤੇ ਆਪ ਹੀ 'ਛੋਟ' ਪਾ ਲੈਂਦੇ ਹਨ ਤੇ ਸੋਚਾਂ ਚਿੰਤਾਂ, ਖਿਝਾਂ, 'ਹਾਇ' ਕੀ ਹੋਇਆ, ਹਾਇ ਕੀ ਹੋਊ ? ਦੀਆਂ ਹਵਾਂਹੀਆਂ ਦੀਆਂ ਘੁੰਡੀਆਂ ਵਧੀਰੀਆਂ ਰਹਿੰਦੀਆਂ ਹਨ । ਯਾ ਹਉ ਤੇ ਈਰਖਾ ਦੇ ਕਾਰਣ ਨਾਲ ਸਾਨੂੰ ਸੁਰਤ ਹੀ ਨਹੀਂ ਰਹਿੰਦੀ ਕਿ ਅਸੀਂ ਕਿ ਅਸੀਂ 'ਜੀਵ ਦੇ ਮਾਲਕ' ਹਾਂ । ਅਸੀਂ ਮਨ ਦੇ ਅਸਵਾਰ ਹਾਂ, ਜੋ ਅਸਾਂ ਕਰਨੇ ਹਨ ਉਹ ਸਾਡੇ ਤਾਬੇ ਹਨ, ਅਸੀਂ ਕਿਸੇ ਵਿਚਾਰ ਦੇ, ਕਿਸੇ ਮਨ ਦੇ ਤਾਬੇ ਨਹੀਂ, ਅਸਾਂ ਆਪ ਨੂੰ ਕਰਨਹਾਰ, ਲੋੜ-ਕਹਾਰ ਤੇ ਫੇਰ ਵੱਖਰਾ ਰੱਖਣਾ ਹੈ । ਜਿਸ ਤਰ੍ਹਾਂ ਚਰਖਾ ਕੱਤਣ ਵਾਲੀ ਤ੍ਰੀਮਤ ਚਰਖਾ ਨਹੀਂ, ਜਦੋਂ ਜੀਅ ਆਵੇ ਚਰਖਾ ਕੱਤੇ, ਜਦੋਂ ਜੀ ਆਵੇ ਛੋੜ ਦੇਵੇ । ਜਿਸ ਤਰ੍ਹਾਂ ਸਾਡੇ ਅੰਦਰਲੇ ਨੇ ਸੋਚ ਦੀ ਹੱਥੀ ਨੂੰ ਭੁਆਂ ਕੇ ਸਾਰੀ 'ਵਿਚਾਰ' ਤੇ ਯਾ 'ਕ੍ਰਿਆ' ਦਾ ਚਰਖਾ ਕੱਤਣਾ ਹੈ ਪਰ ਕਦੇ ਆਪ ਚਰਖੇ ਦਾ ਹਿੱਸਾ ਬਣਕੇ ਚਰਖੇ ਨਾਲ ਬੇਬਸ ਭੌਣ ਦੀ ਭੌਂਣ ਵਿਚ ਨਹੀਂ ਪੈ ਜਾਣਾ । ਕੋਈ ਤ੍ਰੀਮਤ ਕੱਤਦੀ ਕੱਤਦੀ ਇੰਨੀ ਚਰਖੇ ਨਾਲ ਚਰਖੇ ਦਾ ਹੀ ਰੂਪ ਹੋ ਜਾਵੇ ਕਿ ਕੱਤੀ ਹੀ ਜਾਵੇ, ਇਹ ਸਮਝ ਕੇ ਤਾਣ ਭੁਆਂ ਬੈਠੇ ਕਿ ਮੈਂ

ਚਰਖਾ ਨਹੀਂ, ਮੈਂ ਗੈਰਤਦਾਰ ਹਾਂ, ਨੀਰ ਉਸ ਤਰ੍ਹਾਂ ਦੀ ਦਸ਼ਾ ਸਾਡੀ ਹੋ ਰਹੀ ਹੈ, ਜੋ ਅਸੀਂ ਆਪ ਦੀ ਸੁਤੰਤਰਤਾ ਵਿੱਚ ਨਹੀਂ ਚਹੇ। ਅਸੀਂ ਆਪਣੇ ਧੰਦਿਆਂ ਦੇ ਤਾਬੇ ਹੋ ਗਏ ਹਾਂ। ਸਾਨੂੰ ਸੁਰਤ ਵੀ ਨਹੀਂ ਰਹੀ ਕਿ ਅਸੀਂ ਧੰਦਾ ਨਹੀਂ ਹਾਂ।"[1]

ਇਸ ਤਰ੍ਹਾਂ ਭਾਈ ਵੀਰ ਸਿੰਘ ਅਨੁਸਾਰ ਮਨੁੱਖ ਆਪਣੀ ਹਉਂ ਦਾ ਆਪ ਹੀ ਗੁਲਾਮ ਹੋ ਗਿਆ ਹੈ। ਉਹ ਦੁਨਿਆਵੀ ਧੰਦਿਆਂ ਵਿੱਚ ਫਸਕੇ ਰਹਿ ਗਿਆ ਹੈ। ਪਰਮਾਤਮਾ ਨੇ ਤਾਂ ਉਸ ਨੂੰ ਉੱਚ ਮੰਡਲਾਂ ਦੀ ਉਡਾਰੀ ਬਖਸ਼ੀ ਸੀ ਪਰ ਉਹ ਨੀਵੇਂ ਆ ਗਿਰਿਆ ਹੈ।

ਭਾਈ ਵੀਰ ਸਿੰਘ ਹੀਣੀ ਦਸ਼ਾ ਦਾ ਕਾਰਣ ਵੀ ਅਸਲੇ ਨੂੰ ਭੁੱਲ ਜਾਣਾ ਕਹਿੰਦਾ ਹੈ। ਮਨੁੱਖ ਸੋਚ ਨਹਿਰ ਵਿੱਚ ਫਸ ਕੇ ਮਨੁੱਖ ਦਾ ਵੈਰੀ ਹੋ ਜਾਂਦਾ ਹੈ। ਪਿਆਰ ਖਤਮ ਹੋ ਜਾਂਦਾ ਹੈ ਅਤੇ ਸੰਸਾਰ ਜੰਗਾਂ ਯੁੱਧਾਂ ਦਾ ਕੇਂਦਰ ਬਣ ਜਾਂਦਾ ਹੈ। ਸੰਸਾਰ ਦਾ ਚੱਪਾ ਚੱਪਾ ਵੰਡਿਆ ਜਾਂਦਾ ਹੈ ਅਤੇ ਏਕਤਾ ਅਤੇ ਸਾਂਝੀਵਾਲਤਾ ਦਾ ਨਾਸ਼ ਹੋ ਜਾਂਦਾ ਹੈ।

ਭਾਈ ਵੀਰ ਸਿੰਘ ਸਿੱਖਾਂ ਦੇ ਉਸ ਅਜ਼ਾਦ ਮਨੁੱਖ ਦੇ ਸੰਕਲਪ ਤੋਂ ਜਿਸ ਦਾ ਉਪਦੇਸ਼ ਉਨ੍ਹਾਂ ਨੂੰ ਗੁਰੂਆਂ ਵਲੋਂ ਮਿਲਿਆ ਸੀ, ਚੰਗੀ ਤਰ੍ਹਾਂ ਜਾਣੂ ਸੀ। ਜਦੋਂ ਭਾਈ ਸਾਹਿਬ ਨੇ ਸਿੱਖ ਕੌਮ ਨੂੰ ਹਰ ਪਾਸੇ ਤੋਂ ਗੁਲਾਮੀ ਦੀ ਜਹਾਲਤ ਭੋਗਦੇ ਹੋਏ ਵੇਖਿਆ ਤਾਂ ਉਨ੍ਹਾਂ ਦੇ ਦਿਲ ਅੰਦਰ ਇਹ ਸੰਕਲਪ ਉਭਰਿਆ ਕਿ ਸਿੱਖਾਂ ਨੂੰ ਉਨ੍ਹਾਂ ਦਾ ਵਿਰਸਾ ਵਿਖਾਕੇ ਉਨ੍ਹਾਂ ਦੇ ਅਸਲੇ ਤੋਂ ਜਾਣੂ ਕਰਵਾਇਆ ਜਾਵੇ।

ਪ੍ਰੋ. ਪੂਰਨ ਸਿੰਘ ਦੇ ਅਜ਼ਾਦ ਮਨੁੱਖ ਦੇ ਸੰਕਲਪ ਬਾਰੇ ਕਿਹਾ ਜਾ ਸਕਦਾ ਹੈ ਕਿ ਪ੍ਰੋ. ਪੂਰਨ ਸਿੰਘ ਦੀ ਅੰਤਰ ਰਾਸ਼ਟਰੀ ਭਾਵਨਾ ਇਕ ਅਜਿਹੇ ਰਾਜ ਦੀ ਸਥਾਪਨਾ ਕਰਦੀ ਹੈ, ਜਿਸ ਵਿੱਚ ਸਾਰੇ ਦੇਸ਼ਾਂ, ਸਾਰੀਆਂ ਕੌਮਾਂ ਦੀਆਂ ਵਿਥਾਂ ਦੀ ਥਾਂ ਸਾਰੀ ਮਾਨਵਤਾ ਦਾ ਵਿਸ਼ਵ ਵਿੱਚ ਇਕ ਸਾਂਝਾ ਰਾਜ ਸਥਾਪਿਤ ਹੋ ਜਾਵੇ।

ਅਜ਼ਾਦ ਮਨੁੱਖ ਦੀ ਗੱਲ ਕਰਦੇ ਵਕਤ ਭਾਈ ਵੀਰ ਸਿੰਘ ਇਸਤਰੀ ਦੀ ਬਰਾਬਰਤਾ ਦੀ ਗੱਲ ਕਰਦਾ ਹੈ। ਆਪ ਅਨੁਸਾਰ ਸੰਨਿਆਸ ਅਤੇ ਵੈਰਾਗ ਨੂੰ ਮਹੱਤਤਾ ਮਿਲਣ ਵੇਲੇ ਨਾਰੀ ਦਾ ਤ੍ਰਿਸਕਾਰ ਹੋਇਆ ਸੀ। ਨਾਰੀ ਨੂੰ ਵਿਕਾਰ ਦੀ ਜੜ੍ਹ ਕਹਿ ਕੇ ਭੰਡਿਆ ਗਿਆ। ਪਰ ਗੁਰਮਤਿ ਦੀ ਵਿਚਾਰ ਧਾਰਾ ਵਿੱਚ ਨਾਰੀ ਦੇ ਹੱਕ ਵਿੱਚ ਅਵਾਜ਼ ਉਠਾਈ ਗਈ। ਪ੍ਰੋ. ਪੂਰਨ ਸਿੰਘ ਅਨੁਸਾਰ ਵੀ ਆਦਰਸ਼

---

1. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 78

ਸਮਾਜ ਵਿਚ ਇਸਤਰੀਆਂ ਨੂੰ ਪੁਰਸ਼ਾਂ ਦੇ ਸਮਾਨ ਹੀ ਸਮਝਿਆ ਜਾਣਾ ਚਾਹੀਦਾ ਹੈ, ਨੀਵਾਂ ਨਹੀਂ, ਕਿਉਂਕਿ ਇਸਤਰੀ ਪੁਰਖ ਇਕ ਦੂਜੇ ਦੇ ਸਹਿਯੋਗੀ ਹਨ । ਇਸ ਲਈ ਦੋਹਾਂ ਵਿਚ ਫਰਕ ਨਹੀਂ ਸਮਝਣਾ ਚਾਹੀਦਾ । ਗੁਰਮਤਿ ਵਿਚ ਵੀ ਨਾਰੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ ਹੈ । ਜਿਸ ਤਰ੍ਹਾਂ :

"ਸੋ ਕਿਉਂ ਮੰਦਾ ਆਖੀਐ, ਜਿਤ ਜੰਮੇ ਰਾਜਾਨ ।"[1]

ਪ੍ਰੋ. ਪੂਰਨ ਸਿੰਘ ਦੂਸਰੇ ਦਾ ਹੱਕ ਮਾਰਨ ਨੂੰ ਵੀ ਬੁਰਾ ਕਹਿੰਦਾ ਹੈ । ਗੁਰਮਤਿ ਵਿਚ ਵੀ ਦੂਸਰੇ ਦਾ ਹੱਕ ਮਾਰਨ ਨੂੰ ਬੁਰਾ ਕਿਹਾ ਗਿਆ ਹੈ । ਪ੍ਰੋ. ਪੂਰਨ ਸਿੰਘ ਅਨੁਸਾਰ ਕਿਸੇ ਦੇ ਹੱਕ ਨੂੰ ਮਾਰਨਾ ਨਹੀਂ ਚਾਹੀਦਾ ਸਗੋਂ ਮਨੁੱਖ ਨੂੰ ਤਾਂ ਜੀਵਨ ਵਿਚ ਨੇਕ ਕਦਰਾਂ ਤੇ ਕੀਮਤਾਂ ਨੂੰ ਸਮਝਣਾ ਚਾਹੀਦਾ ਹੈ । ਪ੍ਰੋ. ਪੂਰਨ ਸਿੰਘ ਲਿਖਦਾ ਹੈ :

> "ਜਿਹੜੇ ਅੱਜ ਲੌਨ ਸਰਮਾਏ ਉਤੇ ਹੀ ਲੋਕਾਂ ਦੀ ਛਾਤੀ ਤੇ ਮੂੰਗ ਦਲਦੇ ਹਨ ਉਨ੍ਹਾਂ ਨੂੰ ਰੋਟੀ ਕਪੜਾ ਮਿਲਣਾ ਵੀ ਮੁਸ਼ਕਲ ਹੋ ਜਾਵੇਗਾ । ਲੌਨ ਜਾਇਦਾਦ ਖੇਤ ਮਾਲ ਦੀ ਹੈਸੀਅਤ ਅਖੀਰ ਹੱਥਾਂ, ਪੈਰਾਂ ਤੇ ਨੈਣ ਪ੍ਰਾਣਾਂ ਤੇ ਰਹਿ ਜਾਵੇਗੀ ।"[2]

ਪ੍ਰੋ. ਪੂਰਨ ਸਿੰਘ ਦੀ ਅੰਤਰ ਰਾਸ਼ਟਰੀ ਭਾਵਨਾ ਇਕ ਅਜਿਹੇ ਰਾਜ ਦੀ ਸਥਾਪਨਾ ਕਰਦੀ ਹੈ, ਜਿਸ ਵਿਚ ਸਾਰੇ ਦੇਸ਼ਾਂ ਸਾਰੀਆਂ ਕੌਮਾਂ ਬੀ ਸਾਰੀ ਮਾਨਵਤਾ ਦਾ ਵਿਸ਼ਵ ਵਿਚ ਇਕ ਸਾਂਝਾ ਰਾਜ ਸਥਾਪਿਤ ਹੋ ਜਾਵੇ ।

ਪ੍ਰੋ. ਪੂਰਨ ਸਿੰਘ ਨੇ ਆਜ਼ਾਦ ਮਨੁੱਖ ਦਾ ਜੋ ਸੰਕਲਪ ਪੇਸ਼ ਕੀਤਾ ਹੈ ਉਹ ਬਿਲਕੁਲ ਨਵੇਂ ਤਰ੍ਹਾਂ ਦਾ ਹੈ । ਪ੍ਰੋ. ਪੂਰਨ ਸਿੰਘ ਇਸ ਤਰ੍ਹਾਂ ਦਾ ਆਜ਼ਾਦ ਵਾਤਾਵਰਣ ਪੈਦਾ ਕਰਨ ਦਾ ਚਾਹਵਾਨ ਹੈ । ਜਿਸ ਵਿਚ ਸਾਰੇ ਮਨੁੱਖ ਦੇਵੀ ਗੁਣਾਂ ਦੇ ਧਾਰਨੀ ਹੋ ਜਾਣ । ਕੋਈ ਮਨੁੱਖ ਕਿਸੇ ਦੂਸਰੇ ਦੀ ਰੂਹ ਨੂੰ ਨਾ ਦੁਖਾਵੇ ਅਤੇ ਜਿਸ ਵਿਚ ਮਾਨਵ ਪਿਆਰ ਨੂੰ ਪ੍ਰਮੁੱਖ ਥਾਂ ਪ੍ਰਦਾਨ ਹੋਵੇ । ਇਸ ਤਰ੍ਹਾਂ ਦੇ ਪਿਆਰ ਵਾਲੇ ਰਾਜ ਵਿਚ ਹੀ ਸਭ ਮਨੁੱਖ ਸੁਖੀ ਵਸ ਸਕਦੇ ਹਨ । ਇਸ ਨੂੰ ਹੀ ਪ੍ਰੋ. ਪੂਰਨ ਸਿੰਘ ਸੱਚਾ ਰਾਜ ਕਹਿੰਦਾ ਹੈ । ਪ੍ਰੋ. ਪੂਰਨ ਸਿੰਘ ਇਸ ਤਰ੍ਹਾਂ ਦਾ ਰਾਜ ਪੈਦਾ ਕਰਨਾ ਚਾਹੁੰਦਾ ਹੈ ਜਿਸ ਵਿਚ ਸਾਰੇ ਮਨੁੱਖ ਬਿਨ੍ਹਾਂ ਕਿਸੇ ਡਰ ਅਤੇ ਵਿਤਕਰੇ ਤੋਂ ਰਹਿ ਸਕਣ । ਹਰ ਇਕ ਦੂਸਰੇ ਨਾਲ

1. ਗੁਰੂ ਗ੍ਰੰਥ ਸਾਹਿਬ : ਆਸਾ ਦੀ ਵਾਰ
2. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 163

ਇਸ ਤਰ੍ਹਾਂ ਮਿਲੇ ਜਿਸ ਨਾਲ ਉਸ ਦੀ ਰੂਹ ਨੂੰ ਠੰਢ ਪਵੇ । ਇਸ ਤਰ੍ਹਾਂ ਦੇ ਰਾਜ ਬਾਰੇ ਪ੍ਰੋ. ਪੂਰਨ ਸਿੰਘ ਲਿਖਦਾ ਹੈ :

> " ਸੱਚਾ ਰਾਜ ਤਦ ਤੱਕ ਨਹੀਂ ਆਵੇਗਾ, ਜਦ ਤੱਕ ਸਭ ਦੇਵਤੇ ਨਹੀਂ ਹੋ ਜਾਣਗੇ । ਜਦ ਦੇਵਤੇ ਸਾਰੇ ਹੋ ਜਾਣਗੇ ਤਾਂ ਦਾਸਾਂ ਵਰਗੇ ਬੰਦੇ ' ਖੁਦ ਸੱਚੇ ਰਾਜੀ ਹੋਣਗੇ ।' ਜਿਹੜੇ ਰੂਹ ਨੂੰ ਠੰਢ ਪਾਣਗੇ । ——"[1]

ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਚਾਹੁੰਦਾ ਹੈ ਕਿ ਸਭ ਬੰਦੇ ਦੇਵਤਿਆਂ ਵਰਗੇ ਬਣ ਜਾਣ ਤਾਂਕਿ ਕਿਸੇ ਦੀ ਅਜ਼ਾਦੀ ਨੂੰ ਕਿਸੇ ਤੋਂ ਖਤਰਾ ਨਾ ਹੋਵੇ ।

ਪ੍ਰੋ. ਪੂਰਨ ਸਿੰਘ ਅਨੁਸਾਰ ਅਜ਼ਾਦ ਮਨੁੱਖ ਲਈ ਜਿਥੇ ਹੋਰ ਸਭ ਪਾਸਿਆਂ ਤੋਂ ਅਜ਼ਾਦੀ ਹੋਣੀ ਚਾਹੀਦੀ ਹੈ ਉਥੇ ਇਸ ਤਰ੍ਹਾਂ ਦਾ ਵਾਤਾਵਰਣ ਵੀ ਹੋਣਾ ਚਾਹੀਦਾ ਹੈ ਜਿਸ ਵਿੱਚ ਹਰ ਕਿਸੇ ਦੀ ਰੂਹ ਸੁਖੀ ਵਸ ਸਕੇ ।

ਅਜ਼ਾਦ ਮਨੁੱਖ ਵਾਂਗ ਆਦਰਸ਼ ਮਨੁੱਖ ਦਾ ਸੰਕਲਪ ਵੀ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿੱਚ ਪੇਸ਼ ਹੋਇਆ ਮਿਲਦਾ ਹੈ ।

## ਆਦਰਸ਼ ਮਨੁੱਖ :-

ਹਰ ਇਕ ਧਰਮ ਦਾ ਮੁੱਖ ਪ੍ਰਯੋਜਨ ਮਨੁੱਖ ਨੂੰ ਚੰਗਾ ਸੁੱਚਾ ਅਧਿਆਤਮਕ ਅਤੇ ਸਦਾਚਾਰਕ ਜੀਵਨ ਸਿਖਾ ਕੇ ਸਹੀ ਅਰਥਾਂ ਵਿੱਚ ਆਦਰਸ਼ ਮਨੁੱਖ ਬਣਾਉਣਾ ਹੁੰਦਾ ਹੈ । ਉਸ ਦੀ ਜਿਥੇ ਅਧਿਆਤਮਕ ਉਸਾਰੀ ਕਰਨੀ ਹੈ, ਉਥੇ ਸਦਾਚਾਰਕ ਤੌਰ ਤੇ ਵੀ ਉਸ ਨੂੰ ਮਨੁੱਖ ਦੇ ਆਮ ਪੱਧਰ ਤੋਂ ਉੱਚਾ ਉਠਾਉਣਾ ਹੈ । ਇਸ ਆਦਰਸ਼ ਮਨੁੱਖ ਦੇ ਨਿਰਮਾਣ ਲਈ ਆਚਰਣਕ ਪਵਿੱਤਰਤਾ, ਆਤਮਿਕ ਪਵਿੱਤਰਤਾ ਅਤੇ ਮਾਨਸਿਕ ਸੰਤੁਲਨ ਉਤੇ ਜ਼ੋਰ ਦਿੱਤਾ ਗਿਆ ਹੈ ।

ਮਨੁੱਖ ਨੂੰ ਆਦਰਸ਼ ਮਨੁੱਖ ਬਣਾਉਣ ਦਾ ਯਤਨ ਭਾਰਤੀ ਧਾਰਮਿਕ ਪਰੰਪਰਾ ਦਾ ਇਕ ਅਤਿ ਜ਼ਰੂਰੀ ਮਸਲਾ ਰਿਹਾ ਹੈ । ਗੀਤਾ ਵਿੱਚ ਸਹਿਤ ਕਰਮਯੋਗ ਅਤੇ ਸੰਨਿਆਸ ਆਦਿ ਆਤਮਿਕ ਉੱਨਤੀ ਤੇ ਪੁੱਜ ਕੇ ਅਜਿਹੇ ਵਿਅਕਤੀ ਲਈ ਇਹ ਸ਼ਬਦ ਵਰਤਿਆ ਗਿਆ ਹੈ ਜੋ ਪ੍ਰਾਣੀ ਮਨ ਵਿੱਚ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 171

ਸਚਿੱਤ ਸੰਪੂਰਨ ਕਾਮਨਾਵਾਂ ਦਾ ਤਿਆਗ ਕਰ ਦਿੰਦਾ ਹੈ ਅਤੇ ਆਤਮਾ ਨਾਲ ਆਤਮਾ ਵਿੱਚ ਸੰਤੁਸ਼ਟ ਹੋ ਜਾਂਦਾ ਹੈ । ਉਹ ਸਥਿੱਤ ਪ੍ਰਗਯ ਅਰਥਾਤ ਸਥਿਰ ਬੁੱਧੀ ਵਾਲਾ ਹੈ ।"[1]

ਡਾ. ਇੰਦਰ ਸੈਨ ਆਦਰਸ਼ ਮਨੁੱਖ ਬਾਰੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

" ਆਦਰਸ਼ ਮਨੁੱਖ ਜ਼ਰੂਰੀ ਤੌਰ ਤੇ ਇਕ ਤਰਸ ਵਾਲਾ, ਸਪਸ਼ਟ ਮਨ ਅਤੇ ਡੂੰਘੇ ਪ੍ਰਭਾਵ ਵਾਲਾ ਵਿਅਕਤੀ ਹੁੰਦੀ ਹੈ । ਜਦੋਂ ਸਪਿਰਟ ਦਾ ਪ੍ਰਕਾਸ਼ ਪਦਾਰਥ, ਜੀਵ ਅਤੇ ਬੁੱਧੀ ਵਿੱਚ ਜੋ ਜਾਂਦਾ ਹੈ ਤਾਂ ਉਸ ਵਿੱਚ ਮਨੁੱਖ ਉੱਚ ਸੰਤਰ, ਜੀਵ ਚੇਤੰਨਤਾ ਅਤੇ ਪਰਮ ਚੇਤੰਨਤਾ ਵੱਲ ਪ੍ਰਗਤੀ ਕਰ ਸਕਦਾ ਹੈ ।"[2]

ਇਸੇ ਤਰ੍ਹਾਂ ਸੁਰਿੰਦਰ ਸਿੰਘ ਕੋਹਲੀ ਅਨੁਸਾਰ :

ਮਨੁੱਖੀ ਜੀਵਨ ਦੇ ਤਿੰਨ ਮੁੱਖ ਕਾਰਜ ਖੇਤਰ ਮਨੋਵਿਗਿਆਨਕ ਆਧਾਰ ਤੋਂ ਨਿਸ਼ਚਿਤ ਕੀਤੇ ਗਏ ਹਨ । ਵਿਚਾਰ, ਭਾਵ ਅਤੇ ਕਰਮ ਅਰਥਾਤ ਸੋਚਣਾ, ਮਹਿਸੂਸ ਕਰਨਾ। ਇੱਛਾ ਕਰਨਾ । ਇਹ ਉਸ ਦੇ ਸੁੱਚੇ ਅਨੁਭਵ ਨੂੰ ਪ੍ਰਗਟਾਉਣ ਵਾਲੇ ਜਾਂ ਪ੍ਰਗਟ ਕਰਨ ਵਾਲੇ ਤਿੰਨ ਪੱਖ ਹਨ । ਰਹੱਸਵਾਦੀ ਉਹ ਪੂਰਣ ਮਨੁੱਖ ਜਾਂ ਵਿਅਕਤੀ ਹੁੰਦਾ ਹੈ, ਜੋ ਇਨ੍ਹਾਂ ਤਿੰਨ੍ਹਾਂ ਖੇਤਰਾਂ ਵਿੱਚ ਪੂਰਣ ਮਨੁੱਖ ਜਾਂ ਵਿਅਕਤੀ ਹੁੰਦਾ ਹੈ, ਜੋ ਇਨ੍ਹਾਂ ਤਿੰਨ੍ਹਾਂ ਖੇਤਰਾਂ ਵਿੱਚ ਪੂਰਣ ਨਿਪੁੰਨ ਹੋਣਾ, ਉਸ ਦੀ ਸੋਚ, ਉੱਚੀ ਭਾਵ ਮਿੱਠੇ ਕਰਮ ਸੁਖਾਵੇ ਹੋਣ ।"[3]

ਗੁਰਮਤਿ ਅਨੁਸਾਰ ਵੀ ਆਦਰਸ਼ ਮਨੁੱਖ ਤੋਂ ਭਾਵ ਨਿਮ੍ਰਤਾ, ਦਯਾ, ਪਰਮਾਤਮਾ ਪ੍ਰਤੀ ਸੱਚੀ ਸ਼ਰਧਾ ਨੇਕੀ ਅਤੇ ਸੱਚੀ ਕਿਰਤ ਕਰਨ ਵਾਲਾ ਵਿਅਕਤੀ ਸੀ । ਆਦਰਸ਼ ਮਨੁੱਖ ਬਣਨ ਲਈ ਗੁਰਬਾਣੀ ਵਿੱਚ ਵੀ ਇਸ ਤਰ੍ਹਾਂ ਕਿਹਾ ਗਿਆ ਹੈ :

" ਅਮਲ ਕਰ ਧਰਤੀ ਬੀਜ ਸਬਦੋ, ਕਰ ਸਚ ਦੀ ਆਬਨਿਤ ਪਾਣੀ ਦੇਹਿ ।
ਹੋਇ ਕਿਰਸਾਣ ਈਮਾਨ ਜੰਮਾਇਲ ਭਿਸਤੁ ਦੋਜਕ ਮੂੜ ਏਵ ਜਾਣੀ ।
ਮਤਿ ਜਾਣ ਸਹੀ ਗਲੀ ਪਾਇਆ ।"[4]

---

1. ਗੀਤਾ : ਪੰਨਾ 158

2. Dr. Inder Sain : Integral man : P-42

3. ਡਾ. ਸੁਰਿੰਦਰ ਸਿੰਘ ਕੋਹਲੀ : ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਰਚਨਾ : ਪੰਨਾ 71

4. ਆਦਿ ਗ੍ਰੰਥ : ਪੰਨਾ 1

ਆਦਰਸ਼ ਮਨੁੱਖ ਬਾਰੇ ਐਸ. ਐਨ. ਗੁਪਤਾ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

> " ਇਹ ਮਨ ਦੀ ਸ਼ੁੱਧੀ ਅਤੇ ਮਨ ਦੀ ਨਿਸ਼ਕਪਟਤਾ ਆਦਿ ਆਦਰਸ਼ ਮਨੁੱਖ ਬਣਨ ਲਈ ਜ਼ਰੂਰੀ ਸੀ । ਉਸ ਦੀ ਦ੍ਰਿਸ਼ਟੀ ਸਦਾ ਅੰਦਰ ਮੁਖੀ ਹੁੰਦੀ ਹੈ । ਉਹ ਸੌਂਦਾ ਹੋਇਆ ਵੀ ਜਾਗਦਾ ਹੈ । ਉਹ ਆਪਣੇ ਲਈ ਪਿੱਛੇ ਕੋਈ ਇੱਛਾ ਨਹੀਂ ਰੱਖਦਾ ਅਤੇ ਅਨੰਦ ਤੋ ਭਰਪੂਰ ਰਹਿੰਦਾ ਹੈ ।"[1]

ਗੁਰਮਤਿ ਵਿੱਚ ਮਨ ਨੂੰ ਸੰਸਾਰ ਦੀ ਸਭ ਤੋਂ ਵੱਡੀ ਸ਼ਕਤੀ ਦਸਿਆ ਗਿਆ ਹੈ । ਜੋ ਇਸ ਨੂੰ ਜਿੱਤ ਸਕਦਾ ਹੈ ਉਹ ਸਾਰੇ ਸੰਸਾਰ ਦਾ ਜੇਤੂ ਬਣ ਸਕਦਾ ਹੈ । ਗੁਰੂ ਜੀ ਫੁਰਮਾਉਂਦੇ ਹਨ :

> " ਮਨਿ ਜੀਤੈ ਜਗੁ ਜੀਤੁ " ।[2]

ਆਦਰਸ਼ ਮਨੁੱਖ ਬਣਨ ਲਈ ਇਹ ਵੀ ਜ਼ਰੂਰੀ ਹੈ ਕਿ ਸਭ ਤੋਂ ਪਹਿਲਾ ਆਪਣੇ ਮਨ ਨੂੰ ਕਾਬੂ ਵਿਚ ਰੱਖਿਆ ਜਾਵੇ ।

ਮੋਟੇ ਤੌਰ ਤੇ ਕਹਿ ਸਕਦੇ ਹਾਂ ਕਿ ਗੁਰਮਤਿ ਅਨੁਸਾਰ ਆਦਰਸ਼ ਮਨੁੱਖ ਉਹ ਹੈ ਜੋ ਮੁਸ਼ੱਕਤ ਕਰਦਾ ਹੈ, ਨਿਮ੍ਰਤਾ ਵਿਚ ਰਹਿੰਦਾ ਹੈ, ਨੇਕੀ ਕਰਦਾ ਹੈ ਅਤੇ ਉਹ ਦਾ ਸੁਆਮੀ ਅਤੇ ਧਰਮ ਦੇ ਕੰਮਾਂ ਪਿੱਛੇ ਜਾਨ ਕੁਰਬਾਨ ਕਰਦਾ ਹੈ । ਜਿਸ ਤਰ੍ਹਾਂ ਗੁਰਮਤਿ ਅਨੁਸਾਰ :

> " ਉਦਮ ਕਰੇਂਦਿਆਂ ਜੀਉ ਤੂੰ ਕਮਾਵਦਿਆਂ ਸੁਖ ਭੁੰਚ ।"[3]

ਭਾਈ ਵੀਰ ਸਿੰਘ ਵੀ ਆਦਰਸ਼ ਮਨੁੱਖ ਦੇ ਸੰਕਲਪ ਬਾਰੇ ਜੋ ਗੁਰੂ ਗੋਬਿੰਦ ਸਿੰਘ ਨੇ ਵੀ ਇਸ ਜਗਤ ਨੂੰ ਬਣਾ ਕੇ ਦਿਖਾਇਆ ਤੋਂ ਸੁਚੇਤ ਰੂਪ ਵਿਚ ਜਾਗਰੂਪ ਸਨ । ਇਸੇ ਲਈ ਪੁਰਾਣੇ ਸਿੱਖਾਂ ਦੀ ਉਦਾਹਰਣ ਪੇਸ਼ ਕਰਦੇ ਹੋਏ ਭਾਈ ਵੀਰ ਸਿੰਘ ਲਿਖਦਾ ਹੈ :

> " ਉਸ ਵੇਲੇ ਬਾਣੀ ਦਾ ਪ੍ਰੇਮ ਸੀ, ਖੁਦਗਰਜ਼ੀ ਸਿੱਖਾਂ ਵਿਚ ਨਹੀਂ ਸੀ, ਪੰਥਕ ਕੰਮਾਂ ਤੋਂ ਆਪਾ ਵਾਰਦੇ ਸਨ । ਉਸ ਵੇਲੇ ਦਾ ਗੁਰਮਤਾ ਕੋਈ ਆਪੋ ਵਿਚ ਦੀ ਰੁਕਤਾ ਵਾਲੀ ਲੜਾਈ ਨਹੀਂ ਸੀ । ਨਾ ਨਿਜ ਪੇਟ ਪਾਲੂ ਪਰਮ ਹਿਤੈਸ਼ੀਆਂ

---

1. ਡਾ. ਐਨ. ਐਸ. ਗੁਪਤਾ : ਭਾਰਤੀ ਦਰਸ਼ਨ ਦਾ ਇਤਿਹਾਸ : ਪੰਨਾ 470
2. ਆਦਿ ਗ੍ਰੰਥ : ਪੰਨਾ 2
3. ਗੁਰੂ ਗ੍ਰੰਥ ਸਾਹਿਬ : ਵਾਰ ਗੂਜਰੀ : ਸਲੋਕ ਮ.5

> ਦੀ ਹੱਕਾਂ ਵਾਲੀ ਲੜਾਈ ਸੀ, ਨਾ ਆਪਣੀ ਨਿੱਜ ਦੀ ਦੁਸ਼ਮਣੀ ਪਿਛੇ ਕਿਸੇ ਵੇਲੇ ਦਾ ਬੇੜਾ ਗਰਕ ਕਰਨੇ ਦਾ ਮਨਸੂਬਾ ਸੀ। ਉਸ ਵੇਲੇ ਦਾ ਗੁਰਮਤਾ ਸਾਰੇ ਸਿੱਖਾਂ ਦੀ ਉਸ ਦਾਨਾਈ ਉਤੇ ਤੁਲਨ ਦਾ ਸੀ, ਜੋ ਗੁਰੂ ਗੋਬਿੰਦ ਸਿੰਘ ਆਪਣੇ ਪੁਰਾਣੇ ਸਿੱਖਾਂ ਨੂੰ ਸਿਖਾ ਗਏ ਸਨ।"[1]

ਗੁਰਮਤਿ ਵਿਚ ਵੀ ਮਨੁੱਖ ਨੂੰ ਆਪਣੇ ਮਤਲਬ ਪਿਛੇ ਖੁਦਗਰਜੀ ਨਾ ਕਰਨ, ਵੈਰ ਵਿਰੋਧ ਦੀ ਭਾਵਨਾ ਤੋਂ ਦੂਰ ਰਹਿਣ, ਹਰੇਕ ਦੀ ਵੇਲੇ ਸਿਰ ਮਦਦ ਕਰਨ ਆਦਿ ਆਦਰਸ਼ਾਂ ਉਤੇ ਜ਼ੋਰ ਦਿੱਤਾ ਗਿਆ ਹੈ। ਇਸ ਤਰ੍ਹਾਂ ਦੇ ਆਦਰਸ਼ ਹੀ ਗੁਰੂਆਂ ਦੇ ਵੇਲੇ ਦੇ ਸਿੱਖਾਂ ਦੇ ਸਨ, ਜੋ ਉਨ੍ਹਾਂ ਨੇ ਅਪਣਾਏ ਹੋਏ ਸਨ। ਭਾਈ ਵੀਰ ਸਿੰਘ ਦਾ ਮਨੋਰਥ ਵੀ ਇਨ੍ਹਾਂ ਆਦਰਸ਼ਾਂ ਨੂੰ ਪ੍ਰਾਪਤ ਕਰਨਾ ਹੀ ਹੈ।

ਆਦਰਸ਼ਕ ਸਮਾਜ ਦੀ ਦਸ਼ਾ ਅਤੇ ਉਸ ਦੀਆਂ ਲੋੜਾਂ ਤੇ ਦ੍ਰਿਸ਼ਟੀਪਾਤ ਕਰਕੇ ਭਾਈ ਵੀਰ ਸਿੰਘ ਮਨੁੱਖ ਦੀ ਆਚਰਣ ਉਸਾਰੀ ਉਤੇ ਜ਼ੋਰ ਦਿੰਦਾ ਹੈ। ਉਸ ਸਮਾਜ ਵਿੱਚ ਜਬਰ ਕਰਨ ਵਾਲੇ ਦੇ ਧੱਕੇ ਕਾਰਨ ਮਨੁੱਖ ਨੂੰ ਸ੍ਵੈ-ਸੁਤੰਤਰ ਬਣਨ ਲਈ ਪ੍ਰੇਰਦੇ ਹਨ।

ਭਾਈ ਵੀਰ ਸਿੰਘ ਅਨੁਸਾਰ ਮਨੁੱਖ ਆਦਰਸ਼ ਮਨੁੱਖ ਤਾਂ ਹੀ ਬਣ ਸਕਦਾ ਹੈ ਜੇਕਰ ਉਹ ਕਿਸੇ ਲੋਭ ਲਾਲਚ ਵਿਚ ਨਾ ਫਸੇ। ਭਾਈ ਸਾਹਿਬ ਲੋਭ ਅਤੇ ਲਾਲਚ ਨੂੰ ਤਿਆਗਣ ਉਤੇ ਜ਼ੋਰ ਦਿੰਦਾ ਹੈ। ਜਿਹੜਾ ਕੋਈ ਲੋਭ ਅਤੇ ਲਾਲਚ ਵਿਚ ਆ ਕੇ ਆਪਣੇ ਧਰਮ ਨੂੰ ਛੋੜ ਦਿੰਦਾ ਹੈ, ਉਸ ਨੂੰ ਭਾਈ ਸਾਹਿਬ ਬਹੁਤ ਬੁਰਾ ਗਿਣਦਾ ਹੈ। ਇਸ ਤਰ੍ਹਾਂ ਦੇ ਆਦਰਸ਼ ਦਾ ਸੰਕਲਪ ਪੇਸ਼ ਕਰਦਾ ਹੋਇਆ ਭਾਈ ਵੀਰ ਸਿੰਘ ਲਿਖਦਾ ਹੈ :

> "ਮੈਂ ਸ਼ੇਰਨੀ ਹਾਂ ਕੋਈ ਕਮੀਨ ਇਸਤਰੀ ਨਹੀਂ ਕਿ ਕਿਸੇ ਲਾਲਚ ਵਿਚ ਫਸਾਂ, ਜਾਨ ਦੇ ਦਿਆਂਗੀ ਪਰ ਧਰਮ ਨਹੀਂ।"[2]

ਭਾਈ ਵੀਰ ਸਿੰਘ ਧਰਮ ਹਾਰਨ ਨਾਲੋਂ ਤਾਂ ਜਿੰਦ ਵਾਰ ਦੇਣ ਨੂੰ ਚੰਗਾ ਸਮਝਦਾ ਹੈ।

ਇਸੇ ਤਰ੍ਹਾਂ ਧਰਮ ਹਾਰਨ ਨੂੰ ਗੁਲਾਮੀ ਦੇ ਰੂਪ ਵਿਚ ਵੇਖਦਾ ਹੋਇਆ "ਸਤਵੰਤ ਕੌਰ" ਦਾ ਪਾਤਰ ਸਾਈ ਜੀ ਕਹਿੰਦਾ ਹੈ :

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 78
2. - ਉਹੀ - : ਪੰਨਾ 51

> " ਅਜੇ ਤੱਕ ਕਿਸੇ ਸਿੱਖ ਇਸਤਰੀ ਪੁਰਖ ਨੇ ਇਥੇ ਆ ਕੇ ਧਰਮ ਨਹੀਂ ਛਿੱਤਾ ਤੇ ਨਾ ਹੀ ਕੁਲਮੀ ਸਿਰ ਚਾੜੀ ਹੈ ।"[1]

ਆਦਰਸ਼ ਮਨੁੱਖ ਬਣਨ ਲਈ ਭਾਈ ਸਾਹਿਬ ਨੇਕ ਕੰਮ ਕਰਨ ਤੇ ਜ਼ੋਰ ਦਿੰਦਾ ਹੈ । ਨੇਕੀ ਦਾ ਨਖਰਾ ਸ਼ੁਰੂ ਤੋਂ ਨੌਕਦਾ ਆਇਆ ਹੈ ਪਰ ਭਾਈ ਸਾਹਿਬ ਨੂੰ ਨੇਕੀ ਕਰਨ ਦੀ ਜਾਚ ਨਹੀਂ ਆਉਂਦੀ । ਭਾਈ ਸਾਹਿਬ ਨੇਕੀ, ਨਿਮ੍ਰਤਾ, ਪਰਉਪਕਾਰ, ਸ਼ਿਸ਼ਟਾਚਾਰ ਦੀ ਪਾਲਣਾ ਕਰਦੇ ਰੁਣਾ ਤੇ ਜ਼ੋਰ ਦਿੰਦਾ ਹੈ ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਆਪਣੇ ਸਮਾਜਿਕ ਅਤੇ ਸਦਾਚਾਰਕ ਆਦਰਸ਼ ਵਿੱਚ ਵਿਅਕਤੀ ਦੀ ਪੂਰਨਤਾ ਆਦਰਸ਼ ਸਮਾਜ ਲਈ ਜ਼ਰੂਰੀ ਸਮਝਦਾ ਹੈ । ਸਮਾਜ ਦੀ ਮੁੱਖ ਅਵਸਥਾ ਦਾ ਮਾਨਦੰਡ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਂਝ ਭਾਵਨਾ ਅਤੇ ਮਰਿਆਦਾ ਦੀ ਪਾਲਣਾ ਹੈ । ਮਨੁੱਖ ਨੇ ਸਵਾਰਥ ਵੱਸ ਹੋ ਕੇ ਜਾਤਾਂ, ਨਸਲਾਂ ਅਤੇ ਕੌਮਾਂ ਦੀਆਂ ਵੰਡੀਆਂ ਪਾਈਆਂ ਹਨ, ਜੋ ਲੋਕਾਂ ਦੇ ਆਪਸ ਵਿਚ ਝਗੜੇ ਦਾ ਕਾਰਨ ਹਨ । ਭਾਈ ਸਾਹਿਬ ਆਪਣੀਆਂ ਰਚਨਾਵਾਂ ਰਾਹੀਂ ਇਸ ਤਰ੍ਹਾਂ ਦਾ ਆਜ਼ਾਦ ਤੇ ਆਦਰਸ਼ ਮਨੁੱਖ ਚਿਤਰਨਾ ਚਾਹੁੰਦਾ ਹੈ ਜਿਸ ਵਿਚ ਉਪਰ ਵਰਣਨ ਕੀਤੇ ਔਗੁਣ ਨਾ ਹੋਣ ।

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਆਜ਼ਾਦ ਮਨੁੱਖ ਅਤੇ ਉਸ ਨਾਲ ਸੰਬੰਧਿਤ ਆਦਰਸ਼ ਮਨੁੱਖ ਦੀ ਸਿਰਜਣਾ ਵਿਚ ਸਾਰੇ ਧਰਮ, ਸਮੁੱਚਾ ਇਤਿਹਾਸ, ਸਾਹਿਤ ਤੇ ਕਲਾ ਆਪਣੇ ਮੌਲਿਕ ਰੂਪ ਵਿਚ ਸ਼ਾਮਿਲ ਹਨ । ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਲਈ ਕਵਿਤਾ ਅਤੇ ਕਵੀ, ਉੱਚਾ ਸੁੱਚਾ, ਇਲਾਹੀ, ਆਮ ਮੁਹਾਰਾ ਹੋਣਾ ਜ਼ਰੂਰੀ ਹੈ । ਇਸੇ ਤਰ੍ਹਾਂ ਜੀਵਨ ਬਾਰੇ ਵੀ ਆਪ ਦੇ ਇਹ ਹੀ ਵਿਚਾਰ ਸਨ । ਜੀਵਨ ਵੀ ਉਸ ਲਈ ਉੱਚਾ, ਸੁੱਚਾ ਹੋਣਾ ਜ਼ਰੂਰੀ ਹੈ । ਆਪ ਅਨੁਸਾਰ ਜਿਵੇਂ ਕਵੀ, ਸਾਹਿਤਕਾਰ, ਕਲਾਕਾਰ ਹੋਣਾ ਵਿਰਲਿਆਂ, ਟਾਵਿਆਂ ਟਾਵਿਆਂ, ਅਣੋਖਿਆਂ, ਅਵੱਲਿਆਂ ਦਾ ਕੰਮ ਹੈ, ਉਸੇ ਤਰ੍ਹਾਂ ਸੁੱਚਾ ਜੀਵਨ ਜਿਉਣਾ ਜਨ ਸਧਾਰਣ ਦੇ ਪੱਲੇ ਨਹੀਂ ਲਿਖਿਆ । ਜੀਵਨ ਦਰਸ਼ਨ ਦਾ ਇਹ ਹੀ ਸੰਕਲਪ ਧਾਰਨ ਕਰਕੇ ਪ੍ਰੋ. ਪੂਰਨ ਸਿੰਘ ਆਪਣੇ ਆਲੇ ਦੁਆਲੇ ਨੂੰ ਵੇਖਦਾ ਹੈ, ਸੰਸਾਰ ਜਾਂ ਸੰਸਾਰ ਸਾਹਿਤ ਨੂੰ ਵੇਖਦਾ ਹੈ ਤਾਂ ਲੱਖਾਂ ਕਰੋੜਾਂ ਵਿਚੋਂ ਕੋਈ ਇਕ ਬੰਦਾ ਜਿਊੜਾ ਹੋ ਸਕੀਆ ਪਿਛੋਂ ਹੋਣ ਵਾਲਾ ਦਿਖਾਈ ਦਿੰਦਾ ਹੈ, ਜਿਹੜਾ ਉਨ੍ਹਾਂ ਦੀ ਇਸ ਸੰਕਲਪ ਦੀ ਤਰਜ਼ੀ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 52

ਤੇ ਪੂਰਾ ਢੁਕ ਸਕੇ । ਆਪ ਅਨੁਸਾਰ ਜਿਹੜਾ ਇਸ ਸੰਕਲਪ ਦੀ ਤਕੜੀ ਤੇ ਪੂਰਾ ਨਹੀਂ ਉਤਰਦਾ ਉਹ ਨਿੰਦਣਯੋਗ ਹੈ, ਹੈਵਾਨ ਜਾਂ ਪਸ਼ੂ ਹੈ, ਪਸ਼ੂਆਂ ਵਾਲੀ ਫ਼ਿਤਰਤ ਦਾ ਗੁਲਾਮ ਹੈ । ਪ੍ਰੋ. ਪੂਰਨ ਸਿੰਘ ਲਿਖਦਾ ਹੈ :

> "ਗੁਰੂਆਂ ਦਾ ਆਦੇਸ਼ ਕਰਤਿਤ ਸਾਧ, ਬਸ ਇਹ ਹੀ ਮੰਦੇ ਦੈਵੀ ਗੁਣਾਂ ਦੇ ਧਾਰਨੀ ਬਣ । ਅਤੇ ਉਨ੍ਹਾਂ ਦੇ ਇਹ ਗੁਣ ਆਪ ਮੁਹਾਰੇ ਇਉਂ ਚਮਕਦੇ ਹਨ ਜਿਵੇਂ ਇਕ ਗਹਿਰੇ ਕਰਨ ਵਿਚ ਸੂਰਜ ਦੀ ਜੋਤੀ ਦੇਦੀਪਮਾਨ ਹੁੰਦੀ ਹੈ । ਤੇ ਏਹ ਚੰਗਾ ਜ਼ਰੂਰ ਮਿਠਾਈਆਂ ਹਨ ਕਿਉਂਕਿ ਆਧਾਰ ਜੀਵਨ ਬਸ ਵਿਚ ਗੁਣਾਂ ਹੀ ਹੈ, ਸਰਗੁਨ ਹੈ, ਜਿਸ ਦਾ ਹਰ ਦਾ ਆਦਿ ਅਤੇ ਹਰ ਦਾ ਅੰਤ ਹੈ ।"[1]

ਪ੍ਰੋ. ਪੂਰਨ ਸਿੰਘ ਆਦਰਸ਼ ਮਨੁੱਖ ਬਣਨ ਲਈ ਕਿਰਤ ਤੇ ਦਸਾਂ ਨੌਹਾਂ ਦੀ ਮਿਹਨਤ ਕਰਨ ਤੇ ਜ਼ੋਰ ਦਿੰਦਾ ਹੈ । ਗੁਰਮਤਿ ਵਿੱਚ ਵੀ ਦਸਾਂ ਨੌਹਾਂ ਦੀ ਕਿਰਤ ਕਰਨ ਅਤੇ ਵੰਡ ਛਕਣ ਤੇ ਜ਼ੋਰ ਦਿੱਤਾ ਗਿਆ ਹੈ । ਇਸ ਤਰ੍ਹਾਂ ਕਿਰਤ ਕਰਨਾ, ਨੇਕੀ ਕਰਨੀ, ਨਿਮਰਤਾ ਨਾਲ ਵਰਤਣਾ ਇਕ ਆਦਰਸ਼ ਮਨੁੱਖ ਬਣਨ ਲਈ ਇਹ ਸਭੇ ਗੁਣ ਹੋਣੇ ਚਾਹੀਦੇ ਹਨ ।

ਪ੍ਰੋ. ਪੂਰਨ ਸਿੰਘ ਜਿਸ ਤਰ੍ਹਾਂ ਦਾ ਆਦਰਸ਼ ਸਮਾਜ ਪੈਦਾ ਕਰਨਾ ਚਾਹੁੰਦਾ ਹੈ ਇਹ ਤਾਂ ਹੀ ਸੰਭਵ ਹੈ ਜਦ ਹਰੇਕ ਵਿਅਕਤੀ ਇਹ ਹੀ ਅਨੁਭਵ ਕਰ ਲਵੇ ਕਿ ਧਰਤੀ ਉਤੇ ਕੇਵਲ ਉਸੇ ਦਾ ਰਾਜ ਨਹੀਂ, ਉਸ ਨੇ ਹੋਰਨਾਂ ਨਾਲ ਵੀ ਰਲਕੇ ਵਿਚਰਨਾ ਹੈ ।

ਸਾਂਝ ਦਾ ਭਾਵ ਹੀ ਸਮਾਜਿਕ ਮਰਿਆਦਾ ਦਾ ਮੂਲ ਹੈ, ਜੋ ਮਨੁੱਖ ਨੂੰ ਆਪਸ ਵਿਚ ਬੰਨ੍ਹਦਾ ਹੈ । ਜੇ ਵਿਅਕਤੀਗਤ ਨਿਰਣਾ ਦੇ ਆਧਾਰ ਤੇ ਹਰ ਕੋਈ ਗੁਣੀਆਂ ਨੂੰ ਆਪਣੀ ਹੀ ਮਲਕੀਅਤ ਸਮਝਣ ਲੱਗ ਪਵੇ ਤਾਂ ਸਰਬ ਨਾਸ਼ ਹੋ ਜਾਣ ਦਾ ਡਰ ਹੈ । ਪ੍ਰੋ. ਪੂਰਨ ਸਿੰਘ ਨੂੰ ਡਰ ਹੈ ਕਿ ਅਜੋਕੇ ਸਮਾਜ ਵਿਚ ਮਨੁੱਖ ਨੇ ਸਵਾਰਥ ਨੂੰ ਹੀ ਮੁੱਖ ਰੱਖਿਆ ਹੋਇਆ ਹੈ । ਸਮਾਜ ਵਿਚ ਜਾਤਾਂ, ਨਸਲਾਂ ਅਤੇ ਦੇਸ਼ਾਂ ਦੀਆਂ ਵੰਡੀਆਂ ਪਈਆਂ ਹੋਈਆਂ ਹਨ ।

ਪ੍ਰੋ. ਪੂਰਨ ਸਿੰਘ ਅਨੁਸਾਰ ਆਦਰਸ਼ ਸਮਾਜ ਬਣਾਉਣ ਲਈ ਜ਼ਰੂਰੀ ਹੈ ਕਿ ਉਹ ਇਕ ਦੂਸਰੇ ਦੇ ਦੁੱਖਾਂ ਨੂੰ ਸਾਂਝਾ ਸਮਝੇ । ਦੂਸਰੇ ਦੇ ਦੁੱਖਾਂ ਨੂੰ ਆਪਣੇ ਦੁੱਖਾਂ ਵਰਗਾ ਸਮਝਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰੇ । ਇਸ ਤਰ੍ਹਾਂ ਕਰਨ ਨਾਲ ਹੀ ਮਨੁੱਖ ਕਿਸੇ ਨਕਸ਼ ਤੇ ਪਹੁੰਚ ਸਕਦਾ

ਪ੍ਰੋ. ਪੂਰਨ ਸਿੰਘ ਇਸ ਬਾਰੇ ਲਿਖਦਾ ਹੈ ," ਜਦ ਤੱਕ ਜੀਵਨ ਦੇ ਦਰਦ ਤੇ ਪੀੜਾਂ ਨਾ ਅਪੜੇ, ਉਹ ਕੋਈ ਆਦਰਸ਼ ਕਾਇਮ ਨਹੀਂ ਕਰ ਸਕਦਾ, ਨਾ ਆਪਣਾ ਅਮਲ ਸਿੱਧ ਕਰ ਸਕਦਾ ਹੈ, ਨਾ ਪਿਆਰ ਤੇ ਰਸ ਨੂੰ ਮਾਣ ਸਕਦਾ ਹੈ ।

ਉੱਚਾ ਆਚਰਣ ਹੋਣਾ ਵੀ ਆਦਰਸ਼ ਮਨੁੱਖ ਦੀ ਨਿਸ਼ਾਨੀ ਹੈ । ਇਸ ਤਰ੍ਹਾਂ ਦੇ ਆਚਰਣ ਵਾਲਾ ਦੂਸਰਿਆਂ ਨੂੰ ਸੁੱਖ ਦੇਣ ਲਈ ਵੀ ਆਪ ਦੁੱਖ ਝੱਲਦਾ ਹੈ । ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਇਸ ਤਰ੍ਹਾਂ ਦੇ ਉੱਚੇ ਕੰਮ ਕਰਕੇ ਹੀ ਮਨੁੱਖ ਆਲੀਸ਼ਾਨ ਆਦਰਸ਼ਕ ਜੀਵਨ ਦੇ ਖੇਤਰ ਵਿੱਚ ਆਦਰਸ਼ ਦੀਆਂ ਜੋਤਾਂ ਜਗਾ ਸਕਦਾ ਹੈ ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿੱਚ ਜੀਵ, ਜਗਤ ਅਤੇ ਮੌਤ, ਅਜ਼ਾਦ ਮਨੁੱਖ ਅਤੇ ਆਦਰਸ਼ ਮਨੁੱਖ ਬਾਰੇ ਜੋ ਵਿਚਾਰ ਪੇਸ਼ ਹੋਏ ਹਨ ਇਨ੍ਹਾਂ ਲਈ ਭਾਰਤੀ ਅਧਿਆਤਮ ਦੀ ਬਹੁ - ਪ੍ਰਾਚੀਨ ਧਾਰਾ ਕੰਮ ਕਰ ਰਹੀ ਹੈ ਜਿਸ ਦੇ ਲਈ ਉਹਨਾਂ ਦਾ ਮੁੱਖ ਪ੍ਰੇਰਣਾ ਸਰੋਤ ਗੁਰਮਤਿ - ਫਿਲਾਸਫੀ ਹੀ ਨਿਕਲੀ ਹੈ । ਭਾਰਤ ਦਾ ਤਾਂ ਸਮੁੱਚਾ ਪ੍ਰਾਚੀਨ ਸਾਹਿਤ ਹੀ ਇਨ੍ਹਾਂ ਵਿਚਾਰਾਂ ਨਾਲ ਭਰਿਆ ਪਿਆ ਹੈ । ਇਸ ਤਰ੍ਹਾਂ ਇਨ੍ਹਾਂ ਲੇਖਕਾਂ ਨੇ ਆਮ ਕਰਕੇ ਪ੍ਰਾਚੀਨ ਅਧਿਆਤਮਕਧਾਰਾ ਅਤੇ ਖਾਸ ਕਰਕੇ ਗੁਰਮਤਿਧਾਰਾ ਤੋਂ ਇਹ ਸੰਕਲਪ ਗ੍ਰਹਿਣ ਕੀਤਾ । ਫਿਰ ਇਨ੍ਹਾਂ ਦਾਰਸ਼ਨਿਕ ਵਿਚਾਰਾਂ ਨੂੰ ਸਰਲਤਾ - ਸਹਿਤ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤੇ । ਜੀਵ, ਜਗਤ, ਸ੍ਰਿਸ਼ਟੀ, ਆਤਮਾ, ਪਰਮਾਤਮਾ ਬਾਰੇ ਵਿਚਾਰ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿੱਚ ਵਿਸਥਾਰ ਪੂਰਵਕ ਪੇਸ਼ ਹੋਏ ਮਿਲਦੇ ਹਨ । ਜਿਨ੍ਹਾਂ ਲਈ ਮੁੱਖ ਪ੍ਰੇਰਨਾ - ਸਰੋਤ ਗੁਰਮਤਿ ਫਿਲਾਸਫੀ ਹੀ ਨਿਕਲੀ ।

*****

## ਅਧਿਆਇ ਪੰਜਵਾਂ :

### ਭਾਸ਼ਾ - ਸ਼ੈਲੀ

1. ਭਾਈ ਵੀਰ ਸਿੰਘ ਦੀ ਭਾਸ਼ਾ ਅਤੇ ਸ਼ੈਲੀ
2. ਪ੍ਰੋ. ਪੂਰਨ ਸਿੰਘ ਦੀ ਭਾਸ਼ਾ ਅਤੇ ਸ਼ੈਲੀ
3. ਦੋਹਾਂ ਵਾਰਤਕਕਾਰਾਂ ਦੀ ਭਾਸ਼ਾ ਵਿਚ ਸ਼ਬਦ - ਪ੍ਰਯੋਗ :

   ਤਤਸਮ ਸ਼ਬਦ, ਤਦਭਵ ਸ਼ਬਦ, ਉਰਦੂ - ਫਾਰਸੀ ਸ਼ਬਦ, ਅੰਗਰੇਜ਼ੀ ਸ਼ਬਦ, ਹੋਰਨਾਂ ਭਾਸ਼ਾਵਾਂ ਦੇ ਸ਼ਬਦ ।
4. ਦੋਹਾਂ ਵਾਰਤਕਕਾਰਾਂ ਦੀ ਵਾਕ ਰਚਨਾ
5. ਦੋਹਾਂ ਵਾਰਤਕਕਾਰਾਂ ਦੀ ਸ਼ੈਲੀ ਦਾ ਪਾਠਕ ਤੇ ਪ੍ਰਭਾਵ

## ਭਾਸ਼ਾ - ਸ਼ੈਲੀ

ਬੋਲਣ, ਲਿਖਣ ਜਾਂ ਕਾਰਜ-ਕਰਮ ਦੇ ਤਰੀਕੇ ਨੂੰ ਸ਼ੈਲੀ ਕਹਿੰਦੇ ਹਨ । ਲਿਖਣ ਜਾਂ ਲਿਖਣ ਢੰਗ ਦੀਆਂ ਸਮੂਹਿਕ ਵਿਸ਼ੇਸ਼ਤਾਈਆਂ ਨੂੰ ਸ਼ੈਲੀ ਕਹਿ ਸਕਦੇ ਹਾਂ । ਭਾਵਾਂ ਜਾਂ ਵਿਸ਼ੇ-ਵਸਤੂ ਦੀ ਕਲਾਮਈ ਪੇਸ਼ਕਾਰੀ ਅਰਥਾਤ ਕਿਸੇ ਦੀਆਂ ਖਾਸ ਖੂਬੀਆਂ ਨੂੰ ਵਿਦਮਾਨ ਕਰਨਾ ਹੀ ਸ਼ੈਲੀ ਹੈ ।

ਸ਼ੈਲੀ ਦੇ ਕੋਸ਼ਕ ਅਰਥ " ਸੰਸਕ੍ਰਿਤ ਵਿਚ " ਰੀਤਿ, ਪਰਿਪਾਟੀ, ਕਾਵਯ ਰਚਨਾ ਕੀ ਰੀਤ, ਖਾਸ ਢੰਗ ਨਾਲ ਸ਼ਬਦ ਅਤੇ ਵਚਨਾਂ ਦੀ ਵਰਤੋਂ ਕਰਨੀ, ਆਦਿ ਦਿੱਤੇ ਮਿਲਦੇ ਹਨ ।"[1]

ਵਾਰਤਕ ਸ਼ੈਲੀ ਤੋਂ ਭਾਵ ਵਾਰਤਕ ਲਿਖਣ ਦਾ ਸਾਹਿਤਕ ਢੰਗ ਹੈ, ਜਾਂ ਲਿਖੀ ਗਈ ਸਾਹਿਤਕ ਵਾਰਤਕ ਦੇ ਸਮੂੰਹੇ ਸਾਹਿਤਕ ਗੁਣ, ਔਗੁਣ ਹਨ । ਲੇਖਕ ਦੇ ਸ਼ਬਦ ਪ੍ਰਯੋਗ, ਵਾਕ-ਬਣਤਰ, ਆਦਿ ਵਿਚੋਂ ਅਸੀਂ ਲੇਖਕ ਦੀ ਸ਼ੈਲੀ ਦੇ ਵਿਸ਼ੇਸ਼ ਦਰਸ਼ਨ ਕਰ ਲੈਂਦੇ ਹਾਂ । ਉਸ ਦੀ ਵਾਰਤਕ ਦੀ ਪੈਰ੍ਹੇ ਵੰਡ, ਉਦਾਹਰਣਾਂ, ਸੰਕੇਤ, ਵਿਆਕਰਣਕ ਬਣਤਰ, ਤਾਲ ਕਵਿਤਾ ਆਦਿ ਵਿਚੋਂ ਅਸੀਂ ਲੇਖਕ ਦੀ ਸ਼ੈਲੀ ਦੀ ਰੂਪ ਰੇਖਾ ਉਲੀਕ ਸਕਦੇ ਹਾਂ ।

ਸ਼ੈਲੀ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ " ਸ਼ੀਲ " ਸ਼ਬਦ ਤੋਂ ਮੰਨੀ ਜਾਂਦੀ ਹੈ ।[2] ਅਤੇ ਸ਼ੀਲ ਸ਼ਬਦ ਦੇ ਅਰਥ ਸੁਭਾ, ਲੱਛਣ, ਗੁਣ, ਆਦਤ, ਚਰਿੱਤਰ ਆਦਿ ਕੀਤੇ ਗਏ ਹਨ । ਇਕ ਤਰ੍ਹਾਂ ਨਾਲ ਇਹ ਸਾਰੇ ਹੀ ਅਰਥ ਵਿਅਕਤੀ ਦੀਆਂ ਭਿੰਨ ਭਿੰਨ ਵਿਸ਼ੇਸ਼ਤਾਈਆਂ ਨੂੰ ਪ੍ਰਗਟ ਕਰਦੇ ਹਨ । ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਸ਼ੀਲ ਸ਼ਬਦ ਦਾ ਸੰਬੰਧ ਵਿਅਕਤੀ ਦੀਆਂ ਵੱਖ ਵੱਖ ਵਿਅਕਤਿਕ ਵਿਸ਼ੇਸ਼ਤਾਵਾਂ ਨਾਲ ਹੈ ।

ਜਿਸ ਤਰ੍ਹਾਂ " ਸ਼ੀਲ " ਸ਼ਬਦ ਵਿਅਕਤੀ ਦੀਆਂ ਭਿੰਨ ਭਿੰਨ ਵਿਅਕਤਿਕ ਵਿਸ਼ੇਸ਼ਤਾਵਾਂ ਨਾਲ ਸੰਬੰਧਿਤ ਹੈ, ਉਸੇ ਤਰ੍ਹਾਂ " ਸ਼ੈਲੀ " ਸ਼ਬਦ ਕਿਸੇ ਵਿਅਕਤੀ ਦੇ ਕਾਰ - ਵਿਹਾਰ ਅਤੇ ਲਿਖਣ ਢੰਗ ਨੂੰ ਪ੍ਰਗਟ ਕਰਦਾ ਹੈ । ਇਕ ਤਰ੍ਹਾਂ ਨਾਲ " ਸ਼ੈਲੀ " ਸ਼ਬਦ ਤੋਂ ਭਾਵ ਵਿਅਕਤੀ ਦੇ ਚਾਲ ਢੰਗ, ਵਾਕ ਰਚਨਾ, ਰੀਤ-ਪ੍ਰਥਾ ਆਦਿ ਹਨ । ਇਹ ਸਾਰੇ ਅਰਥ ਵਿਅਕਤੀ ਦੇ ਕੰਮ ਕਰਨ ਦੇ ਢੰਗ, ਕਾਰ ਵਿਹਾਰ ਨਾਲ ਜ਼ਿਆਦਾ ਸੰਬੰਧਿਤ ਹਨ ।

---

1. ਭਾਈ ਕਾਨ੍ਹ ਸਿੰਘ : ਗੁਰਸ਼ਬਦ ਰਤਨਾਕਰ : ਪੰਨਾ 172
2. ਆਚਾਰੀਆ ਵਾਮਨ : ਸੰਪ. ਡਾ. ਨਗੇਂਦਰ : ਕਾਵਿਆਲੰਕਾਰ : ਪੰਨਾ 54

ਅੰਗਰੇਜ਼ੀ ਵਿਚ " ਸ਼ੈਲੀ " ਸ਼ਬਦ ਲਈ " ਸਟਾਈਲ " ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ । " ਸਟਾਈਲ " ਸ਼ਬਦ ਤੋਂ ਸ਼ਿਪਲੇ ਦਾ ਕਹਿਣਾ ਹੈ ਕਿ ਇਸ ਤੋਂ ਭਾਵ ਹੈ " ਲੋਹ ਲੇਖਣੀ ਜਾਂ ਲੋਹੇ ਦੀ ਨੋਕਦਾਰ ਕਲਮ ।"[1] ਲੋਹ ਲੇਖਣੀ ਦੀ ਵਿਆਖਿਆ ਕਰਦੇ ਹੋਏ ਵਾਲਟਰ ਇਸ ਤਰ੍ਹਾਂ ਲਿਖਦਾ ਹੈ ;

> " ਪ੍ਰਾਚੀਨ ਰੋਮਨ ਕਾਲ ਵਿਚ ਮੋਮਢੱਕੀਆਂ ਫੱਟੀਆਂ ( ਤਖਤੀਆਂ ) ਅਥਵਾ ਕਾਗਜ਼ ਉਤੇ ਲਿਖਿਆ ਜਾਂਦਾ ਸੀ, ਉਹ ਹੀ ਬਾਅਦ ਵਿਚ ਅਭਿਵਿਅਕਤੀ ਦਾ ਪ੍ਰਤੀਕ ਬਣਕੇ ਲਿਖਣ ਦੀ [illegible] ਸ਼ੈਲੀ ਸੰਬੰਧੀ ਵਰਤਿਆ ਜਾਣ ਲੱਗਾ ।"[2]

ਹੁਣ ਤੱਕ " ਸ਼ੈਲੀ " ਸੰਬੰਧੀ ਪੱਛਮੀ ਵਿਦਵਾਨਾਂ ਦੁਆਰਾ ਵੀ ਬਹੁਤ ਕੁਝ ਕਿਹਾ ਜਾ ਚੁੱਕਾ ਹੈ । ਪੱਛਮੀ ਵਿਦਵਾਨਾਂ ਨੇ ਵੀ ਸ਼ੈਲੀ ਸੰਬੰਧੀ ਵੱਖ ਵੱਖ ਤੱਤਾਂ ਨੂੰ ਆਧਾਰ ਮੰਨ ਕੇ ਸ਼ੈਲੀ ਸ਼ਬਦ ਦੀ ਵਿਆਖਿਆ ਕੀਤੀ ਹੈ । ਕੁਝ ਆਲੋਚਕਾਂ ਨੇ ਸ਼ੈਲੀ ਨੂੰ ਹੀ ਮਨੁੱਖ ਕਿਹਾ ਹੈ । ਇਸ ਦਾ ਕਾਰਨ ਇਹ ਹੈ ਕਿ ਕੁਝ ਆਲੋਚਕਾਂ ਨੇ ਸ਼ੈਲੀ ਨੂੰ ਹੀ ਲੇਖਕ ਦਾ ਵਿਅਕਤਿਤਵ ਮੰਨਕੇ ਇਸ ਨੂੰ ਹੀ ਸ਼ੈਲੀ ਕਿਹਾ ਹੈ । ਇਸ ਪ੍ਰਕਾਰ ਦੇ ਵਿਚਾਰ ਰੱਖਣ ਵਾਲੇ ਆਲੋਚਕ, ਲੇਖਕ ਦੇ ਵਿਅਕਤਿਤਵ ਨੂੰ ਹੀ ਪ੍ਰਮੁੱਖ ਸਥਾਨ ਦਿੰਦੇ ਹਨ । ਬਫ਼ਨ ਇਸ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦਾ ਹੈ," ਸ਼ੈਲੀ ਹੀ ਵਿਅਕਤੀ ਹੈ ।"[3]

ਸ਼ੈਲੀ ਨੂੰ ਵਿਅਕਤੀਗਤ ਗੁਣ ਸਵੀਕਾਰ ਕੀਤਾ ਗਿਆ ਹੈ ।ਸ਼ੈਲੀ ਰਾਹੀਂ ਲੇਖਕ ਆਪਣੀ ਸ਼ਖਸੀਅਤ ਦਾ ਪਾਠਕ ਉਤੇ ਪ੍ਰਭਾਵ ਪਾਉਂਦਾ ਹੈ । ਸ਼ੈਲੀ ਵਿਚ ਜੇਕਰ ਇਹ ਗੁਣ ਨਹੀਂ ਹੋਵੇਗਾ ਤਾਂ ਇਸ ਤੋਂ ਬਿਨਾਂ ਲੇਖਕ ਦੀ ਲਿਖਤ ਉਕਤਾਂ ਦਾ ਪ੍ਰਭਾਵ ਨਹੀਂ ਕਾਇਮ ਕਰ ਸਕੇਗੀ । ਹਡਸਨ ਸ਼ੈਲੀ ਨੂੰ ਨਿੱਜੀ ਗੁਣ ਮੰਨਦਾ ਹੋਇਆ ਆਪਣੇ ਵਿਚਾਰ ਪ੍ਰਗਟ ਕਰਦਾ ਹੈ," ਸ਼ੈਲੀ ਆਪਣੇ ਮੂਲ ਰੂਪ ਵਿਚ ਇਕ ਵਿਅਕਤੀਗਤ ਗੁਣ ਹੈ ।"[4] ਅਸਲ ਵਿੱਚ ਸ਼ੈਲੀ ਹੀ ਇਕ ਲੇਖਕ ਦੀ ਲਿਖਤ ਦਾ ਅਜਿਹਾ ਗੁਣ

---

1. J.T.Shilpley : Dictionary of world literature : P-534
" The pen scratching on max or paper, has become the symbol of all that is expressive, all that is intimate in human nature, not only arms and arts, but man himself has yielded to it...... other gesture shift and change and frit, this is he ultimate and enduring revalation of personality."
2. Walter Relign : Style : P-2
3. Buffon, Q by,Dr.Dharm Pal Singal : Prose style: P-56
" Style ....... is fundamentally a personal quality."
4.W.H.Hudson : An introduction to the study of literature :p-27

ਹੈ ਜਿਹੜੀ ਕਲਾ ਦੇ ਮਾਧਿਅਮ ਅਤੇ ਤੱਤਾਂ ਦੇ ਸੰਗਠਨ ਵਿਚੋਂ ਦਿਖਾਈ ਦਿੰਦਾ ਹੈ । ਮਿਡਲਟਨ ਮਰੇ ਵੀ ਸ਼ੈਲੀ ਵਿੱਚ ਲੇਖਕ ਦੇ ਵਿਅਕਤੀਗਤ ਗੁਣਾਂ ਨੂੰ ਮੁਖ ਰਖਦਿਆਂ ਹੋਇਆ ਲਿਖਦਾ ਹੈ :

> " ਸ਼ੈਲੀ ਮੁਤਾਬਿਕ ਹੀ ਲੇਖਕ ਦੀਆਂ ਵਿਅਕਤਿਕ ਵਿਸ਼ੇਸ਼ਤਾਵਾਂ ਦੇ ਲਈ ਵਰਤੀ ਜਾਂਦੀ ਹੈ, ਕਿਉਂਕਿ ਸ਼ੈਲੀ ਵਿਅਕਤੀ ਦੇ ਅਨੁਭਵ ਦਾ ਸਿੱਧਾ ਪ੍ਰਗਟਾ ਹੈ ।"[1]

ਸ਼ੈਲੀ ਨੂੰ ਨਿੱਜੀ ਮੰਨਿਆਂ ਜਾਂਦਾ ਹੈ । ਇਹ ਹੀ ਕਾਰਨ ਹੈ ਕਿ ਸ਼ੈਲੀ ਦੀ ਨਕਲ ਕਰਨਾ ਬਹੁਤ ਮੁਸ਼ਕਲ ਕੰਮ ਹੈ । ਇਸ ਦਾ ਕਾਰਨ ਇਹ ਹੈ ਕਿ ਜਿਸ ਤਰ੍ਹਾਂ ਦੀ ਸ਼ੈਲੀ ਵਿੱਚ ਇਕ ਲੇਖਕ ਆਪਣੀ ਗੱਲ ਪ੍ਰਗਟਾ ਸਕਦਾ ਹੈ ਉਸ ਤਰ੍ਹਾਂ ਦੀ ਸ਼ੈਲੀ ਵਿਚ ਦੂਸਰਾ ਲੇਖਕ ਆਪਣੀ ਗੱਲ ਨਹੀਂ ਪ੍ਰਗਟਾ ਸਕਦਾ । ਮਿਡਲਟਨ ਮਰੇ ਇਸ ਬਾਰੇ ਵੀ ਆਪਣੇ ਵਿਚਾਰ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

> " ਅਸਲੀ ਸ਼ੈਲੀ ਦੀ ਨਕਲ ਕਰਨਾ ਇੰਨਾ ਕੁ ਸੰਭਵ ਹੈ ਜਿੰਨਾ ਕਿ ਕੋਈ ਹੋਰ ਮਨੁੱਖ ਬਣ ਜਾਣਾ ।"[2]

ਸ਼ੈਲੀ ਦੀ ਕਿਤੇ ਵੀ ਸਿਖਿਆ ਨਹੀਂ ਦਿੱਤੀ ਜਾ ਸਕਦੀ । ਇਹ ਸ਼ੈਲੀ ਨਾ ਹੀ ਸਕੂਲਾਂ ਵਿਚ ਪੜ੍ਹਾਈ ਜਾ ਸਕਦੀ ਹੈ । ਇਸ ਦਾ ਕਾਰਣ ਇਹ ਹੈ ਕਿ ਸ਼ੈਲੀ ਵਿਚ ਨਿੱਜੀਪਣ ਦਾ ਗੁਣ ਪਾਇਆ ਜਾਂਦਾ ਹੈ । ਅਸਲ ਵਿਚ ਜਿਹੜੇ ਵਿਅਕਤੀ ਸ਼ੈਲੀ ਦੀ ਸਿਖਲਾਈ ਦੇਣ ਦੀਆਂ ਗੱਲਾਂ ਕਰਦੇ ਹਨ ਉਹ ਮੂਰਖਤਾ ਦੇ ਧਾਰਨੀ ਹਨ । ਇਸ ਵਿਚਾਰ ਨੂੰ " ਵਾਲਟਰ ਰੈਲੇ " ਵੀ ਇਸ ਤਰ੍ਹਾਂ ਲਿਖਦਾ ਹੈ :

> " ਸ਼ੈਲੀ ਲੇਖਕ ਦੀ ਮੂਲ ਅਭਿਵਿਅਕਤੀ ਹੈ, ਜਿਸ ਨੂੰ ਕੋਈ ਹੋਰ ਵਿਅਕਤੀ ਸਿਖਾ ਪੜ੍ਹਾ ਨਹੀਂ ਸਕਦਾ । ਸ਼ੈਲੀ ਦੀ ਸਿਖਿਆ ਦੇਣ ਦਾ ਦਾਅਵਾ ਕਰਨ ਵਾਲਾ ਵਿਅਕਤੀ ਸ਼ਰਾਰਤੀ ਤਥਾ ਮਨੁੱਖਤਾ ਦਾ ਵਿਰੋਧੀ ਹੈ ।"[3]

---

1. J.Middlon Mury,:The Problem of style : P-17
" An idieaynerary of style is absolutly inimitable, it is no more possible to imitable a real style, that is to be another man."

2. J.Middlon Mury : The problem of style : P-14
" It style could really be taught,it is whether its teacher should not be regarded as mischief makes and enemies of mankind."

3. Walter Raleigh : Style : P-125

ਲੂਕਾਸ ਸ਼ੈਲੀ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦਾ ਹੈ :

> " ਸ਼ੈਲੀ ਚਰਿਤਰ ਦੇ ਸ੍ਰੇਸ਼ਠ ਪੱਖ ਦਾ ਸ੍ਰੇਸ਼ਠ ਮੌਕੇ ਦਾ ਪ੍ਰਤੀਕ ਹੁੰਦਾ ਹੈ ।"[1]

ਸ਼ੈਲੀ ਨੂੰ ਅਸਲ ਵਿਚ ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਸੰਬੰਧ ਸਥਾਪਿਤ ਕਰਨ ਦਾ ਸਾਧਨ ਮੰਨਿਆ ਜਾਂਦਾ ਹੈ । ਸ਼ੈਲੀ ਨੂੰ ਮਹਾਨ ਵਿਅਕਤਿਤਵ ਦੀ ਪ੍ਰਤੀਧੁਨੀ ਕਿਹਾ ਜਾ ਸਕਦਾ ਹੈ । ਉਹ ਹੀ ਸ਼ੈਲੀ ਮਹਾਨ ਮੰਨੀ ਜਾਂਦੀ ਹੈ ਜਿਸ ਵਿੱਚ ਲੇਖਕ ਦੇ ਵਿਅਕਤਿਤਵ ਅਤੇ ਉਸ ਦੇ ਕੰਮਾਂ ਨੂੰ ਬਿਆਨ ਕੀਤਾ ਹੁੰਦਾ ਹੈ । ਸ਼ੈਲੀ ਬਾਰੇ ਇਕ ਮੰਨੀ ਹੋਈ ਸਚਾਈ ਇਹ ਵੀ ਹੈ ਕਿ ਜਿੰਨੀ ਕੋਈ ਮਹਾਨ ਸ਼ਖ਼ਸੀਅਤ ਹੋਵੇਗੀ ਉਨ੍ਹਾਂ ਹੀ ਮਹਾਨ ਸਾਹਿਤਕਾਰ । ਸ਼ਖ਼ਸੀਅਤ ਸਾਹਿਤ ਦਾ ਆਧਾਰ ਤੇ ਸੋਮਾ ਹੈ । ਵਾਰਤਕ ਰਚਨਾ ਵਿੱਚ ਜਿੰਨਾ ਕੋਈ ਵਧੇਰੇ ਪ੍ਰਭਾਵਸ਼ਾਲੀ ਲੇਖਕ ਹੋਵੇਗਾ, ਉਨੇ ਹੀ ਉਸ ਦੀ ਲਿਖਤ ਵਿੱਚ ਹੋਰਨਾਂ ਤੋਂ ਨਿਖੇੜਨ ਵਾਲੇ ਲੱਛਣ ਅਤੇ ਗੁਣ ਹੋਣਗੇ । ਜਿਸ ਤਰ੍ਹਾਂ ਮਹਾਨ ਆਦਮੀ ਆਪਣਾ ਨਮੂਨਾ ਆਪ ਹੁੰਦੇ ਹਨ, ਉਸੇ ਤਰ੍ਹਾਂ ਮਹਾਨ ਲੇਖਕਾਂ ਦੀ ਸ਼ੈਲੀ ਵੀ ਉਨ੍ਹਾਂ ਦੀ ਨਿਰੋਲ ਆਪਣੀ ਅਤੇ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ । ਸ਼ੈਲੀ ਰਾਹੀਂ ਸ਼ਖ਼ਸੀਅਤ ਦਾ ਪ੍ਰਗਟਾ ਲੰਮੇ ਅਭਿਆਸ ਪਿੱਛੋਂ ਪ੍ਰਗਟ ਹੁੰਦਾ ਹੈ ।

ਇਕ ਹੋਰ ਅੰਗਰੇਜ਼ੀ ਲੇਖਕ ਬਾਜ਼ਿਲ ਵਾਰਸਫੋਰਡ ਆਪਣੇ ਵਿਚਾਰ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

> " ਵਿਅਕਤੀ ਦੇ ਲਈ ਜੋ ਸਥਾਨ ਆਚਰਣ ਦਾ ਹੈ, ਸ਼ੈਲੀ ਵਿਚ ਵੀ ਉਹੋ ਹੀ ਲੇਖਕ ਦਾ ਹੈ । ਇਸ ਲਈ ਸ਼ੈਲੀ ਵਿਅਕਤਿਤਵ ਦੀ ਅਭਿਵਿਅਕਤੀ ਹੈ ਇਹ ਕਹਿਣਾ ਉਸੇ ਹੀ ਤਰ੍ਹਾਂ ਪੂਰਣ ਨਿਸ਼ਚੇ ਨਾਲ ਅਰਥ ਪੂਰਣਤਾ ਠੀਕ ਹੈ ਜਿਸ ਤਰ੍ਹਾਂ ਅਸੀਂ ਇਹ ਕਹਿ ਲਈਏ ਕਿ ਆਚਰਣ ਮਨੁੱਖ ਨੂੰ ਬਣਾਉਂਦਾ ਹੈ । ਸ਼ੈਲੀ ਨਾ ਤਾਂ ਕਿਸੇ ਅਜਿਹੇ ਗੁਣ ਵਿਚ ਪਾਈ ਜਾਂਦੀ ਹੈ,

---

" It has to be rembered in judging writers, that they often do an indeed should write with due best of their character and at their best moments."

1. P.L.Lucas : Style : P-61

> - ਨਾ ਕਾਲ ਦੇ ਅਧੀਨ ਕਿਸੇ ਰੂਪ ਵਿਚ ਨਾ ਸ਼ਬਦ ਚੋਣ ਅਤੇ ਨਾ ਵਿਸ਼ੇਸ਼ ਸਾਹਿਤਕ ਜੁਗਤੀਆਂ ਦੇ ਉਪਯੋਗ ਵਿਚ ਰਹਿੰਦੀ ਹੈ ।"[1]

ਇਨ੍ਹਾਂ ਬਹੁਤ ਸਾਰੇ ਆਲੋਚਕਾਂ ਨੇ ਸ਼ੈਲੀ ਵਿਚ ਜਿਥੇ ਵਿਅਕਤੀਗਤ ਅੰਸ਼ ਦਾ ਹੋਣਾ ਜ਼ਰੂਰੀ ਮੰਨਿਆ ਹੈ ਉਥੇ ਬਹੁਤ ਸਾਰੇ ਆਲੋਚਕ ਅਜਿਹੇ ਵੀ ਹੋਏ ਹਨ ਜਿਹੜੇ ਵਿਅਕਤੀਗਤ ਦੀ ਥਾਂ ਵਾਕ ਰਚਨਾ ਅਤੇ ਭਾਸ਼ਾ ਉਤੇ ਵਧੇਰੇ ਜ਼ੋਰ ਦਿੰਦੇ ਹਨ । ਭਾਸ਼ਾ ਨੂੰ ਭਾਵਾਂ ਨੂੰ ਪ੍ਰਗਟਾਉਣ ਦਾ ਇਕ ਉੱਤਮ ਸਾਧਨ ਮੰਨਦੇ ਹਨ ।

ਸ਼ਿਪਲੇ ਸ਼ੈਲੀ ਵਿਚ ਭਾਸ਼ਾ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੋਇਆ ਲਿਖਦਾ ਹੈ :

> " ਸ਼ੈਲੀ ਦਾ ਪ੍ਰਯੋਗ ਭਾਸ਼ਾ ਦੀ ਚੋਣ ਤੇ ਉਸ ਨੂੰ ਆਪਣਾ ਪ੍ਰਭਾਵਸ਼ਾਲੀ ਸਾਧਨ ਬਣਾਉਣ ਵਿਚ ਕੀਤਾ ਜਾਂਦਾ ਹੈ ।"[2]

ਸ਼ੈਲੀ ਵਿਚ ਭਾਸ਼ਾਈ ਤੱਤਾਂ ਦੀ ਮਹੱਤਤਾ ਇਸ ਲਈ ਵੀ ਸਵੀਕਾਰ ਕੀਤੀ ਜਾਂਦੀ ਹੈ, ਕਿਉਂਕਿ ਵੱਖ ਵੱਖ ਮਨੁੱਖਾਂ ਵਿਚ ਭਾਸ਼ਾਈ ਤੱਤ ਵਖ ਵਖ ਆਉਂਦੇ ਹਨ । ਸਕਾਟ ਜੇਮਜ਼ ਇਸ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

> " ਸ਼ੈਲੀ ਸਧਾਰਣ ਰੂਪ ਵਿਚ ਲਿਖਣ ਦਾ ਢੰਗ ਹੈ, ਜਿਸ ਵਿਚ ਸ਼ਬਦ ਚੋਣ ਵੀ ਸ਼ਾਮਿਲ ਹੈ ਅਤੇ ਜੋ ਆਮ ਰੂਪ ਵਿਚ ਵਸਤੂ ਜਾਂ ਵਿਚਾਰਾਂ ਤੋਂ ਭਿੰਨ ਹੈ ।"[3]

---

" Personality is the tact being of a man, it includes his physical and as well as mental make up . Sensation, reflexes, instincts, emotions, perceptions, imaginations, menery, intelligence, reasoning. will and character are includes in the term personality. It includes besides one's relation to other. A great part of our personality is mode up of all the expression that he had from childhood upto manhood... the essence of personality lies in the unity of all our experiences."

1. L.P.Shukla : Elements of Educational Psychology : P-389
2. Shelpey : Dictionary of world literature terms : P-86

" Style means the way in which we use word for the purpose of expression."

3. R.A.Scoot James : The making of literature : P-304

ਇਸ ਤਰ੍ਹਾਂ ਬਹੁਤ ਸਾਰੇ ਆਲੋਚਕ ਸ਼ੈਲੀ ਨੂੰ ਵਿਅਕਤੀਗਤ ਵਿਸ਼ੇਸ਼ਤਾ ਨਹੀਂ ਸਗੋਂ ਸਹੀ ਸ਼ਬਦਾਂ ਦੀ ਸਹੀ ਥਾਂ ਵਰਤੋਂ ਨੂੰ ਹੀ ਸ਼ੈਲੀ ਖਿਆਲ ਕਰਦੇ ਹਨ । ਅੰਗਰੇਜ਼ੀ ਦੇ ਆਲੋਚਕਾਂ ਵਾਂਗ ਹਿੰਦੀ ਦੇ ਆਲੋਚਕਾਂ ਨੇ ਵੀ ਇਸ ਬਾਰੇ ਵਿਚ ਆਪਣੇ ਵਿਚਾਰ ਪ੍ਰਗਟਾਏ ਹਨ । ਹਿੰਦੀ ਆਲੋਚਕ ਡਾ. ਸ਼ਿਆਮ ਸੁੰਦਰ ਦਾਸ ਰਚਨਾ ਵਿਚਲੇ ਸੁਹਜ ਤੱਤ ਨੂੰ ਹੀ ਸ਼ੈਲੀ ਮੰਨਦਾ ਹੈ । ਉਹ ਲਿਖਦਾ ਹੈ :

" ਰਚਨਾ ਚਮਤਕਾਰ ਕਾ ਦੂਸਰਾ ਨਾਮ ਹੀ ਸ਼ੈਲੀ ਹੈ ।"[1]

ਡਾ. ਸ਼ਿਆਮ ਸੁੰਦਰ ਦਾਸ ਸ਼ੈਲੀ ਵਿਚ ਸ਼ਬਦ, ਵਾਕਾਂ ਅਤੇ ਧੁਨੀ ਦੀ ਮੰਤਵਤਾ ਨੂੰ ਸਵੀਕਾਰ ਕਰਦਾ ਹੋਇਆ ਇਸ ਤਰ੍ਹਾਂ ਵਰਣਨ ਕਰਦਾ ਹੈ :-

" ਕਵੀ ਜਾਂ ਲੇਖਕ ਕੀ ਸ਼ਬਦ ਯੋਜਨਾ, ਵਾਕ ਅੰਸ਼ੋਂ ਕਾ ਪ੍ਰਯੋਗ, ਵਾਕੋਂ ਕੀ ਬਨਾਵਟ ਔਰ ਉਸ ਕੀ ਧਵਨੀ ਆਦਿ ਕਾ ਨਾਮ ਸ਼ੈਲੀ ਹੈ ।"[2]

ਪੰਡਿਤ ਸੀਤਾ ਰਾਮ ਚਤੁਰਵੇਦੀ ਵੀ " ਸ਼ਬਦ " ਦੀ ਕਲਾਤਮਕ ਯੋਜਨਾ ਨੂੰ ਹੀ ਸ਼ੈਲੀ ਮੰਨਦਾ ਹੈ ।"[3]

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਜਿਥੇ ਬਹੁਤ ਸਾਰੇ ਆਲੋਚਕਾਂ ਨੇ ਸ਼ੈਲੀ ਵਿਚ ਵਿਅਕਤਿਤਵ ਦੀ ਮਹਾਨਤਾ ਅਤੇ ਬਹੁਤ ਆਲੋਚਕਾਂ ਨੇ ਭਾਸ਼ਾ ਅਤੇ ਵਾਕ ਰਚਨਾ ਵਰਗੇ ਤੱਤਾਂ ਨੂੰ ਸ਼ੈਲੀ ਹੋਣਾ ਪ੍ਰਗਟਾਈ ਹੈ, ਉਥੇ ਬਹੁਤ ਸਾਰੇ ਆਲੋਚਕ ਅਜਿਹੇ ਵੀ ਹੋਏ ਹਨ ਜਿਹੜੇ ਸ਼ੈਲੀ ਵਾਸਤੇ ਇਨ੍ਹਾਂ ਦੋਹਾਂ ਪੱਖਾਂ ਤੋਂ ਵੀ ਹਟ ਕੇ ਇਕ ਤੀਸਰੇ ਪੱਖ ਵਿਚ ਸ਼ੈਲੀ ਨੂੰ ਕੇਵਲ ਲੇਖਕ ਦੇ ਵਿਚਾਰਾਂ ਤੇ ਭਾਵਾਂ ਦਾ ਪ੍ਰਗਟਾ ਹੀ ਮੰਨਦੇ ਹਨ । ਇਹ ਵੀ ਜਾਪਦਾ ਹੈ ਕਿ ਬਹੁਤ ਸਾਰੇ ਆਲੋਚਕ ਵਿਚਾਰਾਂ ਨੂੰ ਸ਼ੈਲੀ ਵਾਸਤੇ ਕਪੜਿਆਂ ਦੇ ਸਮਾਨ ਸਮਝਦੇ ਹਨ । ਹਰਬਰਟ ਰੀਡ ਇਸ ਬਾਰੇ ਵਿਚ ਕਹਿੰਦਾ ਹੈ :

" ਵਿਚਾਰ ਸ਼ੈਲੀ ਨੂੰ ਢਾਲਦੇ ਅਤੇ ਲੈਅ ਪ੍ਰਦਾਨ ਕਰਦੇ ਪ੍ਰਤੀਤ ਹੁੰਦੇ ਹਨ ਤਥਾ ਸ਼ੈਲੀ ਵਿਚਾਰਾਂ ਨੂੰ ਢਾਲਦੀ ਅਤੇ ਲੈਅ ਦਿੰਦੀ ਹੋਈ ਦਿਖਾਈ ਦਿੰਦੀ ਹੈ । ਇਹ ਤਾਂ ਸਿਰਜਣ ਦੀ ਇਕ ਵਿਧੀ, ਇਕ ਕਲਾ ਅਤੇ ਇਕ ਉਦੇਸ਼ ਹੈ ।"[4]

---

1. ਡਾ. ਸ਼ਿਆਮ ਸੁੰਦਰ ਦਾਸ : ਗੱਦ ਕੁਸੁਮਾਵਲਨ : ਪੰਨਾ 64
2. ਡਾ. ਸ਼ਿਆਮ ਸੁੰਦਰ ਦਾਸ : ਸਮੀਖਿਆ ਸ਼ਾਸਤਰ : ਪੰਨਾ 544
3. ਸੀਤਾ ਰਾਮਚਤੁਰਵੇਦੀ : ਦਿਵੇਦੀ ਯੁੱਗ ਕੀ ਹਿੰਦੀ ਸ਼ੈਲੀਆਂ ਅਧਿਐਨ : ਪੰਨਾ 16

" The thought seems to would and eccenturate the style, and the style reacts to mould eccenturate the thought. It is one preces of, one art and aim."

4. Herbert Read, : English Prose style : P-182

ਹਿੰਦੀ ਆਲੋਚਕ ਡਾ. ਸ਼ਿਆਮ ਸੁੰਦਰ ਦਾਸ ਨੇ ਵੀ ਸ਼ੈਲੀ ਵਿਚ ਵਿਚਾਰ, ਭਾਵਨਾ, ਕਲਪਨਾ ਆਦਿ ਤੱਤਾਂ ਦਾ ਹੋਣਾ ਜ਼ਰੂਰੀ ਦੱਸਦਾ ਹੋਇਆ ਲਿਖਦਾ ਹੈ :

> " ਯਹ ਸਪਸ਼ਟ ਹੁਆ ਹੈ ਕਿ ਭਾਵ, ਵਿਚਾਰ ਔਰ ਕਲਪਨਾ ਤੋ ਕਾਮ ਮੇਂ ਨੈਸਰਗਿਕ ਅਵਸਥਾ ਮੇਂ ਵਰਤਮਾਨ ਹੀ ਰਹਿਤੀ ਹੈ ਔਰ ਸਾਥ ਉਨ ਕੋ ਵਿਅਕਤ ਕਰਨੇ ਕੀ ਸੁਸੰਗਠਿਤ ਸ਼ਕਤੀ ਭੀ ਕਾਮ ਮੇਂ ਰਹਿਤੀ ਹੈ । ਇਸ ਸ਼ਕਤੀ ਕੋ ਸਾਹਿਤ ਮੇਂ ਸ਼ੈਲੀ ਕਹਿਤੇ ਹੈਂ ।"[1]

ਇਕ ਹੋਰ ਅੰਗਰੇਜ਼ੀ ਲੇਖਕ ਕੋਚ ਵੀ " ਉੱਤਮ ਸ਼ੈਲੀ " ਦਾ ਰਹੱਸ ਲੇਖਕ ਦੇ ਹਿਰਦੇ ਅਤੇ ਦਿਮਾਗ ਦੇ ਪੂਰਨ ਚਿੰਤਨ ਵਿਚ ਹੀ ਮੰਨਦਾ ਹੈ । ਉਸ ਦੇ ਸ਼ਬਦਾਂ ਵਿਚ ਉੱਤਮ ਸ਼ੈਲੀ ਦਾ ਪਹਿਲਾ ਅਤੇ ਆਖਰੀ ਰਹੱਸ ਹਿਰਦੇ ਅਤੇ ਦਿਮਾਗ ਦੇ ਸੰਜੋਗ ਪੂਰਨ ਚਿੰਤਨ ਵਿਚ ਹੈ ।"[2]

ਬਾਬੂ ਗੁਲਾਬ ਰਾਏ ਇਸ ਬਾਰੇ ਵਿਚ ਲਿਖਦਾ ਹੈ :

> " ਸ਼ੈਲੀ ਵਿਅਕਤੀ ਕੀ ਉਨ ਵਿਸ਼ੇਸ਼ਤਾਈਓਂ ਕੋ ਕਹਿਤੇ ਹੈਂ ਜਿਨਹੇ ਲੇਖਕ ਜਾਂ ਕਵੀ ਅਪਨੇ ਮਨ ਕੇ ਪ੍ਰਭਾਵੋਂ ਜਾਂ ਵਿਚਾਰੋਂ ਕੋ ਦੂਸਰੋਂ ਤੱਕ ਸਮਾਇਕ ਰੂਪ ਸੇ ਪਹੁੰਚਾਨੇ ਕੇ ਲੀਏ ਅਪਨਾਤਾ ਹੈ ।"[3]

ਵਿਸ਼ਵਨਾਥ ਨੇ ਵੀ ਸ਼ੈਲੀ ਵਿਚ ਲੇਖਕ ਦੇ ਵਿਚਾਰਾਂ, ਭਾਵਾਂ ਅਤੇ ਭਾਸ਼ਾ ਨੂੰ ਸਵੀਕਾਰ ਕੀਤਾ ਹੈ । ਉਹ ਇਹ ਸਮਝਦਾ ਹੈ ਕਿ ਇਨ੍ਹਾਂ ਤਿੰਨ੍ਹਾਂ ਵਿਚੋਂ ਕਿਸੇ ਇਕ ਦੀ ਘਾਟ ਵੀ ਸ਼ੈਲੀ ਨੂੰ ਸੁੰਦਰ ਨਹੀਂ ਬਣਨ ਦਿੰਦੀ । ਇਸ ਬਾਰੇ ਵਿਚ ਵਿਸ਼ਵਨਾਥ ਲਿਖਦਾ ਹੈ :

> " ਭਾਵ ਅਤੇ ਵਿਚਾਰ ਤੋਂ ਸ਼ੈਲੀ ਕੀ ਆਤਮਾ ਹੈ ਹੀ, ਜੇਹੀ ਤੋ ਉਸ ਕੇ ਅਤਿਰਿਕਤ ਹੈ, ਕਿੰਤੂ ਉਸ ਕੇ ਸਾਧਾਰਣ ਭਾਸ਼ਾ ਕਾ ਮਹੱਤਵ ਭੀ ਕਮ ਸਵੀਕਾਰ ਨਹੀਂ ਕੀਆ ਜਾ ਸਕਤਾ ।"[4]

---

1. ਡਾ. ਸ਼ਿਆਮ ਸੁੰਦਰ ਦਾਸ : ਸਾਹਿਤ ਆਲੋਚਨਾ : ਪੰਨਾ 298

" First and secret of a good style consisting in thinking with the heart as well as with the head."

2. Arthur Quilter Coach : On the Art of writing : P-210

3.

3. ਪੰਜਾਬੀ ਦੁਨੀਆਂ, ਅਗਸਤ, 1958

4. ਵਿਸ਼ਵਨਾਥ : ਭਾਰਤੇਂਦੂ ਪ੍ਰਬੋਧ ਨਿਬੰਧ : ਪੰਨਾ 104

ਅੱਗੇ ਇਨ੍ਹਾਂ ਹੀ ਤੱਤਾਂ ਦਾ ਵਿਸਥਾਰ ਕਰਦੇ ਹੋਏ ਲਿਖਦਾ ਹੈ :

> " ਲੇਖਕ ਦੇ ਮਨ ਅਤੇ ਦਿਮਾਗ਼ ਵਿਚ ਸਭ ਤੋਂ ਪਹਿਲਾਂ ਭਾਵ ਅਤੇ ਵਿਚਾਰ ਪੈਦਾ ਹੁੰਦੇ ਹਨ, ਤਦ ਉਨ੍ਹਾਂ ਦੇ ਅਨੁਕੂਲ ਭਾਸ਼ਾ ਬਣਦੀ ਹੈ । ਅਤੇ ਤਦ ਭਾਸ਼ਾ ਦੇ ਸ਼ਬਦਾਂ ਦੀ ਸ਼ੈਲੀ ਵਿਚ ਜਾਨ ਪਾਈ ਜਾਂਦੀ ਹੈ । ਇਸ ਤਰ੍ਹਾਂ ਭਾਵ, ਵਿਚਾਰ, ਭਾਸ਼ਾ ਤਥਾ ਸ਼ੈਲੀ ਇਕ ਦੂਜੇ ਤੇ ਨਿਰਭਰ ਹਨ ।"[1]

ਅੰਗਰੇਜ਼ੀ ਅਤੇ ਹਿੰਦੀ ਦੇ ਆਲੋਚਕਾਂ ਵਾਂਗ ਬਹੁਤ ਸਾਰੇ ਪੰਜਾਬੀ ਆਲੋਚਕਾਂ ਨੇ ਵੀ ਸ਼ੈਲੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਡਾ. ਜੀਤ ਸਿੰਘ ਸੀਤਲ ਸ਼ੈਲੀ ਨੂੰ ਭਾਵ ਪ੍ਰਗਟਾਉਣ ਵਾਲੀ ਸ਼ਕਤੀ ਮੰਨਦਾ ਹੈ । ਉਹ ਲਿਖਦਾ ਹੈ :

> " —— ਕਿਸੇ ਵੀ ਲੇਖਕ ਦੇ ਲੇਖਣੀ ਸਾਹਿਤ ਦੀ ਰੂਪ ਨਹੀਂ ਧਾਰ ਸਕਦੀ, ਜਦ ਤੱਕ ਉਸ ਦੀ ਆਪਣੀ ਵੱਖਰੀ ਅਤੇ ਵਿਸ਼ੇਸ਼ ਸ਼ੈਲੀ ਨਾ ਹੋਵੇ । ਸ਼ੈਲੀ ਹੀ ਭਾਵਾਂ ਨੂੰ ਪ੍ਰਗਟਾਉਂਦੀ ਹੈ, ਧੁਰ ਦਿਲਾਂ ਤੱਕ ਪਹੁੰਚਾਂਦੀ ਤੇ ਉਨ੍ਹਾਂ ਤੇ ਪ੍ਰਭਾਵ ਪਾਉਂਦੀ ਹੈ । ——— ਸ਼ੈਲੀ ਦਾ ਕੋਈ ਵੀ ਨਾਮ ਕਿਉਂ ਨਾ ਹੋਵੇ ਉਸ ਵਿਚ ਆਪਣਾ ਨਿਜੀ ਰੰਗ ਤੇ ਵੱਖਰਾਪਨ ਹੋਣਾ ਜ਼ਰੂਰੀ ਹੈ ।"[2]

ਡਾ. ਜੀਤ ਸਿੰਘ ਸੀਤਲ ਵਾਂਗ ਹੀ ਡਾ. ਹਰਚਰਨ ਸਿੰਘ ਲਿਖਾਰੀ ਦੇ ਨਿੱਜੀ ਆਪੇ ਅਤੇ ਉਸ ਦੇ ਅੰਤਰੀਵੀ ਬੋਲਾਂ ਨੂੰ ਸ਼ੈਲੀ ਸਵੀਕਾਰ ਕਰਦਾ ਹੈ । ਆਪ ਅਨੁਸਾਰ :-

> "ਜਦੋਂ ਵੀ ਅਸੀਂ ਕੋਈ ਪੁਸਤਕ ਪੜ੍ਹਦੇ ਹਾਂ, ਅਚੇਤ ਜਾਂ ਸੁਚੇਤ ਅਸੀਂ ਕਰਤਾ ਦੇ ਬੋਲ ਨਾਲ ਸਾਂਝ ਪ੍ਰਤੀਤ ਕਰਦੇ ਹਾਂ । ਕਈ ਵਾਰੀ ਇਸ ਤਰ੍ਹਾਂ ਮਹਿਸੂਸ ਹੋਣ ਲੱਗਦਾ ਹੈ ਕਿ ਕੋਈ ਵਿਸ਼ੇਸ਼ ਵਿਅਕਤੀ ਨਾਲ ਗੱਲਾਂ ਕਰ ਰਿਹਾ ਹੈ, ਜਾਂ ਸਾਨੂੰ ਕੁਝ ਕਹਿ ਰਿਹਾ ਹੈ, ਜਾਂ ਸਾਡੇ ਜਜ਼ਬਿਆਂ ਨੂੰ ਟੁੰਬ ਰਿਹਾ ਹੈ । ਲੇਖਕ ਦੇ ਇਸ ਅੰਤਰੀਵ ਬੋਲ ਨੂੰ ਅਸੀਂ ਸੰਖੇਪ ਸ਼ਬਦਾਂ ਵਿਚ ਸ਼ੈਲੀ ਕਹਿੰਦੇ ਹਾਂ ।

1. ਸ੍ਰੀਨਿਵਾਸ, ਭਾਰਤੇਂਦੂ ਸੁਬੋਧ ਨਿਬੰਧ । ਪੰਨਾ 101
2. ਪੰਜਾਬੀ ਦੁਨੀਆਂ , ਅਗਸਤ, 1958

ਜਿੰਨਾ ਵੀ ਕੋਈ ਲੇਖਕ ਆਪਣੀ ਸ਼ਖਸੀਅਤ ਤੋਂ ਅਣਵਾਹਿਤ ਹੋਵੇ ਜਾਂ ਜਿੰਨਾ ਵੀ ਉਹ ਆਪਣੇ ਆਪ ਨੂੰ ਲੁਕਾਣਾ ਚਾਹੇ, ਫਿਰ ਵੀ ਉਹ ਆਪਣਾ ਅੰਤਰੀਵ ਬੋਲ ਅਤੇ ਸ਼ੈਲੀ ਪੂਰੀ ਤਰ੍ਹਾਂ ਛੁਪਾ ਨਹੀਂ ਸਕਦਾ।"[1]

ਡਾ. ਗੁਰਚਰਨ ਸਿੰਘ ਵੀ ਸ਼ੈਲੀ ਲਈ ਭਾਸ਼ਾ ਨੂੰ ਸਭ ਕੁਝ ਮੰਨਦਾ ਹੈ। ਆਪ ਦਾ ਵਿਚਾਰ ਹੈ ਕਿ ਜਿਨ੍ਹਾਂ ਚਿਰ ਲੇਖਕ ਦੇ ਵਿਚਾਰ, ਭਾਵ, ਉਸ ਦੇ ਮਨ, ਦਿਮਾਗ ਵਿੱਚ ਉਤਪੰਨ ਨਹੀਂ ਹੁੰਦੇ ਉਨ੍ਹਾਂ ਚਿਰ ਕਿਸੇ ਵੀ ਚੀਜ਼ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਭਾਸ਼ਾ ਤਾਂ ਲੇਖਕ ਦੇ ਭਾਵਾਂ ਤੇ ਵਿਚਾਰਾਂ ਨੂੰ ਵਿਅਕਤ ਕਰਨ ਦਾ ਨਾਂ ਹੈ। ਡਾ. ਗੁਰਚਰਨ ਸਿੰਘ ਇਸ ਬਾਰੇ ਵਿੱਚ ਲਿਖਦਾ ਹੈ:

" ਵਾਰਤਕ ਸ਼ੈਲੀ ਤੋਂ ਮੁਰਾਦ ਵਾਰਤਕ ਰਚਨਾ ਦਾ " ਢੰਗ " ਹੈ। ਕੋਈ ਵਾਰਤਕ ਨੂੰ ਕਿਵੇਂ ਲਿਖਦਾ ਹੈ, ਸ਼ਬਦ ਕਿਹੋ ਜਿਹੇ ਵਰਤਦਾ ਹੈ, ਮੁਹਾਵਰੇ ਤੇ ਅਲੰਕਾਰ ਕਿਹੋ ਜਿਹੇ ਚੁਣਦਾ ਹੈ, ਵਾਕ ਕਿਹੋ ਜਿਹੇ ਬਣਾਉਂਦਾ ਹੈ, ਛੋਟੇ ਕਸਵੇਂ, ਸਾਦੇ ਜਾਂ ਮੁਰੱਕਬ ? ਬੋਲੀ ਕਿਹੋ ਜਿਹੀ ਵਰਤਦਾ ਹੈ, ਠੇਠ ਕੇਂਦਰੀ ਜਾਂ ਉਪਭਾਸ਼ਾਵਾਂ ਦਾ ਰਲਾ ਪਾਉਂਦਾ ਹੈ ____ ਪਾਠਕਾਂ ਨੂੰ ਸੰਬੋਧਨ ਕਰਦਾ ਹੈ, ਉਨ੍ਹਾਂ ਨਾਲ ਗੱਲਬਾਤ ਕਰਦਾ ਹੈ ਜਾਂ ਉਨ੍ਹਾਂ ਤੋਂ ਅਵੇਸਲਾ ਰਹਿੰਦਾ ਹੈ। ਵਾਕਾਂ ਦੇ ਵਕਤੇ ਬਣਾਉਂਦਾ ਹੈ, ਬੋਲੀ ਤਾਰਦਾਰ ਵਰਤਦਾ ਹੈ ਜਾਂ ਰੁੱਖੜਵੀਂ, ਕੜਕਵੀਂ ਇਤਿਆਦਿ। ਇਹ ਤੇ ਹੋਰ ਸਾਰੀਆਂ ਗੱਲਾਂ ਜੋ ਕਿਸੇ ਰਚਨਾ ਨੂੰ ਪੜ੍ਹਨ ਸਮੇਂ ਸਮੁੱਚੇ ਤੌਰ ਤੇ ਪਾਠਕ ਉੱਤੇ ਨਿਖੜਵਾਂ ਪ੍ਰਭਾਵ ਪਾਉਂਦੀਆਂ ਹਨ, ਉਸ ਲਿਖਤ ਦੀ ਲਿਖਤ ਸ਼ੈਲੀ ਨੂੰ ਬੰਨ੍ਹਦੀਆਂ ਹਨ।"[1]

ਸ਼ੈਲੀ ਬਾਰੇ ਉਪਰ ਕੀਤੀ ਵਿਸਥਾਰ ਪੂਰਵਕ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਕੁਝ ਆਲੋਚਕ ਸ਼ੈਲੀ ਵਿੱਚ ਲੇਖਕ ਦੇ ਵਿਅਕਤਿਤਵ, ਕੁਝ ਸ਼ੈਲੀ ਨੂੰ ਲੇਖਕ ਦੇ ਵਿਚਾਰਾਂ ਤੇ ਭਾਵਾਂ ਦਾ ਮੇਲ ਅਤੇ ਕੁਝ ਲੇਖਕ ਦੇ ਪ੍ਰਗਟਾ ਨੂੰ ਹੀ ਸ਼ੈਲੀ ਮੰਨਦੇ ਹਨ। ਸ਼ੈਲੀ ਬਾਰੇ ਜੇ ਜ਼ਰਾ ਸੂਖਮ ਦ੍ਰਿਸ਼ਟੀ ਬਾਰੇ ਦੇਖਿਆ ਜਾਵੇ ਤਾਂ ਸ਼ੈਲੀ ਵਿੱਚ ਇਨ੍ਹਾਂ ਉਪਰ ਦੱਸੇ ਸਾਰੇ ਤੱਤਾਂ ਦਾ ਹੋਣਾ ਜ਼ਰੂਰੀ ਜਾਪਦਾ ਹੈ। ਸ਼ੈਲੀ ਵਿੱਚ ਸ਼ਖਸੀਅਤ ਅਤੇ ਵਿਸ਼ਾ ਵਸਤੂ ਤੱਤਾਂ ਦਾ ਹੋਣਾ ਜ਼ਰੂਰੀ ਹੈ ਬਾਰੇ ਧਰਮ ਪਾਲ ਸਿੰਗਲ ਲਿਖਦਾ ਹੈ:

1. ਡਾ. ਹਰਚਰਨ ਸਿੰਘ : ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ : ਪੰਨਾ 71
2. ਡਾ. ਹਰਚਰਨ ਸਿੰਘ : ਸਾਹਿਤ ਦੀ ਰੂਪ ਰੇਖਾ : ਪੰਨਾ 224

"ਸ਼ੈਲੀ ਦਾ ਅਰਥ ਆਪਣੇ ਵਿਚ ਹੀ ਪੂਰੀ ਪੂਰੀ ਪ੍ਰਭਾਵ ਪੂਰਣ ਤੇ ਸੁਚੱਜੀ ਅਭਿਵਿਅਕਤੀ ਤਾਂ ਜ਼ਰੂਰ ਹੈ ਪਰ ਇਸ ਵਿਚ ਲੇਖਕ ਦੀ ਸ਼ਖਸ਼ੀਅਤ ਦੀ ਵਿਸ਼ੇਸ਼ਤਾ ਵੀ ਸ਼ਾਮਿਲ ਹੁੰਦੀ ਹੈ, ਇਸ ਕਰਕੇ ਸਾਨੂੰ ਸ਼ੈਲੀ ਨੂੰ ਨਿਰਾ ਪੁਰਾ ਕੋਰਾ ਸ਼ਬਦ ਜਾਲ ਜਾਂ ਵਾਕ ਜਾਲ ਹੀ ਖਿਆਲ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਹ ਸਾਹਿਤ ਦਾ ਉਚੇਰਾ ਨਕਸ਼ ਹੀ ਹੈ। ਸ਼ੈਲੀ ਨੂੰ ਉਸ ਦੇ ਵਿਚ ਵਸਤੂ ਅਤੇ ਲੇਖਕ ਦੀ ਸ਼ਖਸ਼ੀਅਤ ਨਾਲੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਕੀਤਾ ਜਾ ਸਕਦਾ।"[1]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਵਿਚ ਵਿਅਕਤਿਤਵ, ਵਿਚਾਰਾਂ ਤੇ ਭਾਵਾਂ ਦਾ ਮੇਲ, ਭਾਸ਼ਾ ਆਦਿ ਸਭ ਪੱਖਾਂ ਤੋਂ ਸਫਲ ਸ਼ੈਲੀ ਨੂੰ ਹੀ ਅਸਲੀ ਸ਼ਬਦਾਂ ਵਿਚ ਸ਼ੈਲੀ ਮੰਨਿਆ ਜਾਂਦਾ ਹੈ।

ਕਿਸੇ ਵੀ ਸ਼ੈਲੀਕਾਰ ਦੀ ਸਫਲ ਸ਼ੈਲੀ ਲਈ ਉਪਰੋਕਤ ਸ਼ੈਲੀ ਦੇ ਉਪਰੋਕਤ ਤੱਤਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੀ ਵਾਰਤਕ ਸ਼ੈਲੀ ਦਾ ਅਧਿਐਨ ਕਰਨ ਸਮੇਂ ਉਪਰੋਕਤ ਵਿਚਾਰਾਂ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੈ।

## ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ :-

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਉਨ੍ਹਾਂ ਦੀ ਵਾਰਤਕ ਸ਼ੈਲੀ ਬਾਰੇ ਕਿਹਾ ਜਾ ਸਕਦਾ ਹੈ ਕਿ ਆਪ ਪਹਿਲੇ ਪੰਜਾਬੀ ਦੇ ਵਾਰਤਕ ਲਿਖਾਰੀ ਹਨ, ਜਿਨ੍ਹਾਂ ਦੀ ਵਾਰਤਕ ਸ਼ੈਲੀ ਵਿਚ ਪੁਰਾਣੀ ਪੰਜਾਬੀ ਵਾਰਤਕ ਸ਼ੈਲੀ ਦਾ ਅੰਸ਼ ਵੀ ਨਾ ਮਾਤਰ ਹੀ ਰਹਿ ਗਿਆ ਹੈ। ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਨੂੰ ਉਸ ਦੇ ਸਾਹਿਤਕ ਮੰਤਵ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਉਸ ਦੀ ਸਾਰੀ ਵਾਰਤਕ ਸ਼ੈਲੀ ਤੇ ਉਸ ਦਾ ਪ੍ਰਭਾਵ ਛਾਇਆ ਹੋਇਆ ਹੈ ਅਤੇ ਉਹੋ ਹੀ ਉਸ ਦੇ ਰੂਪ ਨੂੰ ਢਾਲਦਾ ਹੈ। ਇਸ ਦੇ ਨਿਕਾਸ ਨੂੰ ਸਮਝਣ ਲਈ ਭਾਈ ਵੀਰ ਸਿੰਘ ਦਾ ਆਪਣੇ ਸਾਹਿਤ ਵੱਲ ਜੋ ਦ੍ਰਿਸ਼ਟੀਕੋਣ ਹੈ, ਉਸ ਨੂੰ ਸਾਹਮਣੇ ਰੱਖਣਾ ਪਵੇਗਾ।

1. ਧਰਮ ਪਾਲ ਸਿੰਗਲ : ਵਾਰਤਕ ਸ਼ੈਲੀ : ਪੰਨਾ 65 - 66

ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਵਿਚ ਸ਼ਰਧਾਮਈ ਸ਼ੈਲੀ ਹੋਣ ਦਾ ਗੁਣ ਪਾਇਆ ਜਾਂਦਾ ਹੈ । ਇਸ ਦਾ ਕਾਰਨ ਹੈ ਕਿ ਉਹ ਆਪਣੇ ਧਰਮ ਦਾ ਪ੍ਰਚਾਰ ਕਰਨਾ ਚਾਹੁੰਦਾ ਹੈ, ਇਸ ਲਈ ਭਾਈ ਸਾਹਿਬ ਆਪਣੀ ਸ਼ੈਲੀ ਵਿਚ ਸ਼ਰਧਾ ਉਪਜਾਣੀ ਚਾਹੁੰਦਾ ਹੈ । ਇਹ ਹੀ ਕਾਰਨ ਹੈ ਕਿ ਭਾਈ ਸਾਹਿਬ ਦੀ ਲੇਖਣੀ ਵਿਚ ਉਸ ਵੇਲੇ ਰਵਾਨੀ ਆਉਂਦੀ ਹੈ, ਸੁੰਦਰਤਾ ਉਘੜਦੀ ਹੈ, ਜਦੋਂ ਭਾਈ ਵੀਰ ਸਿੰਘ ਇਹੋ ਜਿਹਾ ਵਾਤਾਵਰਣ ਉਪਜਾ ਰਿਹਾ ਹੋਵੇ ਜਿਸ ਵਿਚ ਸਿੱਖ ਧਰਮ ਲਈ ਸ਼ਰਧਾ ਤੇ ਪ੍ਰੇਮ ਉਪਜਦਾ ਹੋਵੇ । ਉਸ ਵੇਲੇ ਭਾਈ ਵੀਰ ਸਿੰਘ ਇਸ ਤਰ੍ਹਾਂ ਦਾ ਪ੍ਰਭਾਵ ਪਾਉਣ ਲਈ ਆਪਣੀ ਸਿਖਰ ਤੇ ਹੁੰਦਾ ਹੈ । ਠੀਕ ਜਜ਼ਬੇ ਤੇ ਭਾਵ ਭਾਈ ਸਾਹਿਬ ਨੂੰ ਆਪ ਮੁਹਾਰੇ ਸੁਝਦੇ ਹਨ ਤੇ ਸਪਸ਼ਟਤਾ ਆਪਣੇ ਸਿਖਰ ਤੇ ਹੁੰਦੀ ਹੈ । ਇਸ ਤਰ੍ਹਾਂ ਜਦੋਂ ਆਪ ਲਿਖਦੇ ਹਨ :

> "ਹੇ ਚੰਗ ਕੌਲ ਦੀਆਂ ਸੇਜੇ ਵਿਚ ਪਲੀਓਂ ਹੋ ਕੇ ਸੁਖ ਨਾਲ ਬੈਠੀਓ ਸਿੱਖਣੀਓ ! ਗਰੀਬ ਤੇ ਅਮੀਰ ਸਿੱਖਾਂ ਦੀਓ ਧੀਓ ਭੈਣੋ ਤੇ ਮਾਵੋ ! ਜ਼ਰਾ ਆਪਣੀ ਵਡੇਰੀ ਸੁੰਦਰੀ ਦੇ ਸਿਦਕ ਤੇ ਕਸ਼ਟਾਂ ਵੱਲ ਦੇਖੋ ! ਕਿੰਨ੍ਹਾਂ ਔਕੜਾਂ ਵਿਚ ਫਸਦੀ ਹੈ, ਪਰ ਧਰਮੋਂ ਨਹੀਂ ਹਾਰਦੀ । ਜਾਨ ਜੋਖੋਂ ਵਿਚ ਪਾਉਂਦੀ ਹੈ, ਪਰ ਆਪਣੇ ਸੁਭਾਅ ਗੁਣ ਨਹੀਂ ਛੋਡਦੀ । ਕਿਸ ਆਪਦਾਂ ਅਤੇ ਬਿਪਦਾ ਦੇ ਸਮਿਆਂ ਵਿਚ ਸਿੱਖ ਧਰਮ ਪਰ ਦ੍ਰਿੜਤਾ ਰੱਖਦੀ ਹੈ ? ਜ਼ਰਾ ਆਪਣੀ ਵੱਲ ਤੱਕੋ ਤੇ ਵੇਖੋ ਕਿ ਸਿੱਖ ਕੌਮ ਦਾ ਅਦਾ ਤੁਹਾਡੇ ਹੱਥੋਂ ਹੋ ਰਿਹਾ ਹੈ ਕਿ ਨਹੀਂ । ਆਪਣੇ ਪ੍ਰਮੇਸ਼ਰ ਤੇ ਸਤਿਗੁਰਾਂ ਨੂੰ ਤਿਆਗ ਕੇ ਪੱਥਰਾਂ ਬ੍ਰਿਛਾਂ, ਠਾਕਰਾਂ, ਮੜ੍ਹੀਆਂ ਤੇ ਪੀਰਾਂ ਨੂੰ ਪੂਜਦੀਆਂ ਹੋ । ਸਿੱਖ ਧਰਮ ਤੇ ਗ਼ਾਫ਼ਲ ਹੋ ਕੇ ਝੂਠੇ ਧਰਮ ਵਿਚ ਭੁਲਦੀਆਂ ਆਪ ਸਤਿਗੁਰਾਂ ਤੋਂ ਬੇਮੁਖ ਹੋ ਕੇ ਆਪਣੀ ਸੰਤਾਨ ਨੂੰ ਭੀ ਝੂਠੇ ਧਰਮ ਦੀ ਸਿਖਿਆ ਦੇਂਦੀਆਂ ਹੋ ।"[1]

ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਦਾ ਇਕ ਹੋਰ ਗੁਣ ਇਹ ਹੈ ਕਿ ਭਾਈ ਸਾਹਿਬ ਭਾਵੁਕ ਪ੍ਰਭਾਵ ਪਾਉਣ ਲੱਗਿਆਂ ਏਨਾ ਕਾਮਿਲ ਹੋ ਜਾਂਦਾ ਹੈ ਕਿ ਆਪਣੀ ਸ਼ੈਲੀ ਰਾਹੀਂ ਡੂੰਘਾ ਪ੍ਰਭਾਵ ਪਾਉਣ ਦੀ ਸਮਰੱਥਾ ਰੱਖਦਾ ਹੈ । ਜਿਵੇਂ :

> "ਕੀਰਤਨ, ਵਾਹਿਗੁਰੂ ਦਾ ਕੀਰਤਨ, ਰਾਗ, ਸੁਰ, ਤਾਰ ਸਾਜ ਹੈ, ਜੋ ਮਨ ਨੂੰ ਮਨ ਤੋਂ ਚੁੱਕ ਕੇ ਰਸ ਵਿਚ ਇਉਂ ਡੁਬੋ ਦੇਂਦਾ ਤੇ ਲਿਵ ਦੇ ਮੰਡਲਾਂ ਵਿਚ ਉਡਾਈ ਲਿਜਾ ਰਿਹਾ ਹੈ ।"[2]

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 107
2. ਭਾਈ ਵੀਰ ਸਿੰਘ : ਖਾਲਸਾ ਟ੍ਰੈਕਟ ਸੋਸਾਇਟੀ : ਟ੍ਰੈਕਟ ਨੰ.84, ਸੰਨ 1989

ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਬਹੁ-ਪੱਖੀ ਹੈ । ਸ਼ੈਲੀ ਵਿਸ਼ੇ ਨਾਲ ਬਦਲਦੀ ਹੈ । ਅਖ਼ਬਾਰ ਸ਼ੈਲੀ ਵਿਚਾਰਾਂ ਦੀ ਪ੍ਰਚਾਰਕ ਹੈ । ਖੋਜ ਅਤੇ ਸੰਪਾਦਿਤ ਪੁਸਤਕਾਂ ਵਿਚ ਵਾਰਤਕ ਸੰਕੇਤਮਈ ਅਤੇ ਵਿਆਖਿਆ ਰਾਹੀਂ ਆਪ ਨੇ ਵਿਚਾਰ ਸਪਸ਼ਟ ਰੂਪ ਰਾਹੀਂ ਪ੍ਰਗਟ ਕੀਤੇ ਹਨ, ਉਥੇ ਆਪ ਦੀ ਸ਼ੈਲੀ ਪੇਚਦਾਰ, ਕਠੋਰ ਅਤੇ ਨਿਆਇ ਯੁਕਤ ਹੋ ਜਾਂਦੀ ਹੈ ।

ਭਾਈ ਵੀਰ ਸਿੰਘ ਨੇ ਸੰਜਮ ਭਰਪੂਰ ਅਤੇ ਸੰਕੇਤਕ ਨੇ ਵਾਲੀ ਸ਼ੈਲੀ ਦੀ ਵਰਤੋਂ ਵੀ ਆਪਣੀ ਵਾਰਤਕ ਰਚਨਾ ਲਈ ਕੀਤੀ ਹੈ । ਇਸ ਤਰ੍ਹਾਂ ਕਰਕੇ ਆਪ ਆਪਣੀਆਂ ਰਚਨਾਵਾਂ ਨੂੰ ਬੋਝਲਤਾ ਅਤੇ ਨੀਰਸਪਣ ਤੋਂ ਦੂਰ ਕਰਨਾ ਚਾਹੁੰਦੇ ਹਨ । ਆਪ ਅਨੁਸਾਰ :

> "ਸਾਈਂ ਦੇ ਰੰਗ ਬੇਅੰਤ ਤੇ ਕੁਦਰਤਾਂ ਅਨੰਤ ਹਨ । ਸੰਸਾਰ ਦੀ ਬਾਜ਼ੀ ਅਜਿਹੀ ਖਿਲਰੀ ਹੈ ਕਿ ਉਸ ਦਾ ਅੰਤ ਪਾਉਣਾ ਵੀ ਸੌਖਾ ਨਹੀਂ । ਕਿਤੇ ਰੰਗ, ਕਿਤੇ ਤਮਾਸ਼ੇ, ਕਿਤੇ ਹਾਸੇ, ਕਿਤੇ ਰੋਣ ਤੇ ਕਿਤੇ ਵੈਣ, ਇਕ ਪਾਸੇ ਸ਼ਾਦੀਆਨੇ ਵੱਜ ਰਹੇ ਹਨ ਤਾਂ ਦੂਜੇ ਪਾਸੇ ਮਾਤਮ ਹੋ ਰਿਹਾ ਹੈ । ਇਕ ਸੁੰਦਰ ਜੋੜਾ ਰੀਝਾਂ ਨਾਲ ਗੰਢੇ ਵਿਚ ਗੁੰਦਿਆ ਹੋਇਆ ਹੈ ਤਾਂ ਦੂਜੇ ਪਾਸੇ ਇਹੋ ਜਿਹਾ ਜੋੜਾ ਕਰੜੀ ਟੁੱਟ ਰਿਹਾ ਹੈ । ਇਕ ਪਾਸੇ ਜਲੇਬ ਖੁਸ਼ੀ ਦੀਆਂ ਘੋੜੀਆਂ ਗਾ ਰਹੀ ਹੈ ਤਾਂ ਦੂਜੇ ਪਾਸੇ ਵੈਣ ਪਾ ਪਾ ਵਿਲਕ ਰਹੀ ਹੈ । ਸੁਖੀ ਹਿਰਦਾ ਨਚਿੰਤਾ ਹੋਇਆ ਅਨੰਦ ਹੈ ਤਾਂ ਦੂਜਾ ਹਿਰਦਾ ਸੱਲਾਂ ਨੇ ਸੱਲਿਆ ਹੋਇਆ ਹੈ ਤੇ ਕਿਨੇ ਰੋਹੇ ਵਾਂਗ ਧੁਖ ਰਿਹਾ ਹੈ । "ਮੁਠਕ ਮਾਹੀ ਦਾ ਕੋਈ ਰੋਵੇ ਤੇ ਕੋਈ ਹੱਸੇ ।" ਆਉਣ ਨਾਲ ਜਾਣ, ਜਮਣ ਨਾਲ ਮਰਨਾ, ਸੁੱਖ ਨਾਲ ਦੁੱਖ, ਰੰਗ ਨਾਲ ਤਖ਼, ਮਿਲਾਪ ਨਾਲ ਵਿਛੋੜਾ, ਇਕ ਦੂਜੇ ਦੇ ਵਿਰੋਧੀ ਮੂੰਹੋਂ ਮਲੇ ਆ ਰਹੇ ਹਨ । ਇਹੋ ਹੀ ਰਵੱਈਏ ਸੰਸਾਰ ਦਾ ਰੂਪ ਹਨ ਤੇ ਸੰਸਾਰ ਇਨ੍ਹਾਂ ਵਿਚ ਹੀ ਵਰਤ ਰਿਹਾ ਹੈ । ਕੈਸੇ ਜਗਤ ਵਿਚ ਇਸ ਦੇ ਸੁਖਾਂ ਨਾਲ ਪਰਚਣਾ ਤੇ ਦੁੱਖਾਂ ਤੋਂ ਘਾਬਰਨਾ ਇਹ ਬੇਖ਼ਬਰੀ ਹੈ । ਕਿਰਤਕਰਤਾਰ ਆਪਣੀ ਇੱਛਾ ਅਨੁਸਾਰ ਜੋ ਕੁਝ ਕਰਨਾ ਹੈ ਕਰ ਰਿਹਾ ਹੈ । ਮਨ ਦੇ ਸੰਸੇ ਛੋੜ ਕੇ ਉਸ ਬੇਅੰਤ ਦੀ ਬੇਅੰਤ ਲੀਲਾ ਦਾ ਦੀਦਾਰ ਕਰਨਾ ਤੇ ਉਸ ਦੇ ਪਿਆਰ ਤੇ ਯਾਦ ਵਿਚ ਰਹਿਣਾ ਅਸਲ ਸੁਖ ਹੈ ।" [1]

---

1. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 1

ਭਾਈ ਵੀਰ ਸਿੰਘ ਸੰਜਮ ਤੇ ਨੇ ਭਰਪੂਰ ਸ਼ੈਲੀ ਦੀ ਵਰਤੋਂ ਕਰਨ ਵਿਚ ਵੀ ਪੂਰੇ ਸਫਲ ਹਨ । ਭਾਈ ਵੀਰ ਸਿੰਘ ਦੀ ਸ਼ੈਲੀ ਨਿੱਜੀ ਅਤੇ ਪ੍ਰਭਾਵਸ਼ਾਲੀ ਹੈ, ਇਸ ਦਾ ਕਾਰਨ ਇਹ ਹੈ ਕਿ ਭਾਈ ਸਾਹਿਬ ਮਹਾਨ ਸ਼ਖ਼ਸੀਅਤ ਦੇ ਸੁਆਮੀ ਸਨ ।

ਭਾਈ ਵੀਰ ਸਿੰਘ ਵਲੋਂ ਵਾਰਤਕ ਰਚਨਾਵਾਂ ਵਿਚ ਦਾਰਸ਼ਨਿਕ ਸ਼ੈਲੀ ਦੀ ਵਰਤੋਂ ਕੀਤੀ ਵੀ ਸਫਲਤਾ ਪੂਰਵਕ ਪਾਈ ਜਾਂਦੀ ਹੈ । ਜਿਨ੍ਹਾਂ ਰਚਨਾਂ ਵਿਚ ਦਾਰਸ਼ਨਿਕ ਭਾਵ ਪ੍ਰਧਾਨ ਹੋਣ ਉਨ੍ਹਾਂ ਨੂੰ ਆਪ ਨੇ ਬੜੀ ਸੁਹਿਰਦਤਾ ਸਹਿਤ ਪ੍ਰੇਮ ਭਾਵਨਾ ਦੁਆਰਾ ਅਤੇ ਕਾਵਿ ਮਈ ਵਰਨਾਂ ਵਿਚ ਬੰਨ੍ਹ ਕੇ ਇਕ ਚਮਤਕਾਰ ਰਾਂਗ ਪੇਸ਼ ਕੀਤਾ ਹੈ । ਜਿਸ ਪ੍ਰਕਾਰ,:

> " ਜੋ ਕੁਝ ਪਸਾਰਾ ਬਾਹਰ ਦੁਵੇਰੇ ਸਾਡੇ ਨੈਣ ਵੇਖਦੇ ਹਨ, ਉਹ ਇਤਨਾ ਹੀ ਨਹੀਂ ਤੇ ਨਾ ਇਹ ਏਵੇਂ ਹੀ ਬਸ ਹੈ । ਇਸ ਦੇ ਅੰਦਰ ਕੁਝ ਕੁਝ ਹੋਰ ਹੈ, ਜਿਨ੍ਹਾਂ ਕੁ ਸਾਨੂੰ ਦਿਸਦਾ ਹੈ, ' ਇਨਾਂ ਹੀ ਏਦਾਂ ਦਾ ਹੈ ਜਿਦਾਂ ਦਾ ਅਸੀਂ ਵੇਖਦੇ ਹਾਂ ਕਿ ਹੋਰਵੇ ਹੈ ? ਇਸ ਦਾ ਵੀ ਪਤਾ ਨਹੀਂ । ਸਾਡਾ ਅੰਦਰਲਾ ਜੋ ਸਾਨੂੰ ਇਸ ਦਾ ਰੂਪ ਦਿਖਾਉਂਦਾ ਹੈ, ਉਸ ਵਿਚ ਸਾਡੀ ਬੁੱਧ ਦਾ, ਮਨ ਦਾ ਕੁਝ ਮਿਲਿਆ ਹੈ, ਤਾਂ ਤੇ ਇਸ ਨੂੰ ਇਹ ਸਮਝਣਾ ਕਿ ਜਿਵੇਂ ਅਸੀਂ ਵੇਖਦੇ ਹਾਂ ਤਿਵੇਂ ਹੀ ਹੈ ਤੇ ਇਵੇਂ ਹੀ ਬਸ ਹੈ, ਇਹ ਭੁੱਲ ਹੈ । ਹੋਰ ਤੇ ਹੋਰ ਭੀ ਹੈ ਤੇ ਅੰਤ ਕਿਤੇ ਨਹੀਂ । ਇਹ ਜੋ ਅਸੀਂ ਅੱਖਾਂ ਨਾਲ ਵੇਖਦੇ ਹਾਂ ਜਗਤ, ਇਨ੍ਹਾਂ ਹੀ ਹੈ ਜਾਂ ਇਸ ਤੋਂ ਅੱਗੇ ਹੋਰ ਵੀ ਹੈ । ਇਸ ਦੀ ਪੜਤਾਲ ਚਾਹੀਏ ਕਰਨੀ । ਐਵੇਂ ਨਾਹ ਨਾਹ ਕੀਤਿਆਂ, ਸਿਰ ਫੇਰਿਆਂ ਇਹ ਨਾਹ ਨਹੀਂ ਹੋ ਜਾਂਦਾ ਹੈ ।"[1]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦਾਰਸ਼ਨਿਕ ਰਚਨਾਵਾਂ ਉਤੇ ਆਪ ਦੀ ਵਿਦਵਤਾ ਦੀ ਮੋਹਰ ਛਾਪ ਹੈ । ਇਹ ਹੀ ਕਾਰਨ ਹੈ ਕਿ ਕਈ ਵਾਰੀ ਤਾਂ ਆਪ ਦੀਆਂ ਰਚਨਾਵਾਂ ਨੂੰ ਪੜ੍ਹਦਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਨਸਰ ਵਿਚ ਕਵਿਤਾ ਰਸੀਆ ਆਪਣੇ ਭਾਵਾਂ ਦਾ ਉਛਾਲ ਪ੍ਰਗਟਾ ਰਿਹਾ ਹੈ ।

ਆਪ ਦੀ ਸ਼ੈਲੀ ਵਿਚ ਵਰਨਣੀ ਢੰਗ ਦੀ ਸ਼ੈਲੀ ਦੀਆਂ ਵੀ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ । ਕੁਦਰਤ ਦੇ ਪਿਆਰੇ ਹੋਣ ਕਰਕੇ ਵਾਰਤਕ ਰਚਨਾਵਾਂ ਵਿਚ ਵੀ ਕੁਦਰਤ ਦੇ ਸੁਹਿਰਦੇ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 106

ਦਾ ਵਰਣਨ ਸੁੰਦਰ ਤੇ ਕਲਾਮਈ ਢੰਗ ਨਾਲ ਕਰਦੇ ਹਨ । ਆਪ ਦੁਆਰਾ ਕੀਤਾ ਗਿਆ ਚਿਤ੍ਰ ਏਨਾ ਵਿਸਥਾਰ ਪੂਰਵਕ ਅਤੇ ਸੂਖਮ ਹੁੰਦਾ ਹੈ ਕਿ ਸਾਰੀ ਤਸਵੀਰ ਇਕ ਮਨਮੋਹਣੇ ਰੂਪ ਵਿਚ ਅੱਖਾਂ ਸਾਹਮਣੇ ਆ ਜਾਂਦੀ ਹੈ । ਇਸ ਤਰ੍ਹਾਂ ਦੇ ਮੌਕੇ ਤੇ ਆਪ ਦੀ ਸ਼ੈਲੀ ਵਿਚ ਸਪਸ਼ਟਤਾ ਤੇ ਵਿਸਥਾਰ ਹੋਣ ਕਰਕੇ ਸ਼ਬਦ ਚਿੱਤਰ ਅੱਖਾਂ ਅੱਗੇ ਸਾਕਾਰ ਹੁੰਦਾ ਦਿਸਦਾ ਹੈ । 'ਕਲਗੀਧਰ ਚਮਤਕਾਰ' ਵਿਚ ਹੇਮਕੁੰਟ ਪਰਬਤ ਦਾ ਵਰਣਨ ਕਰਦੇ ਹੋਏ ਆਪ ਲਿਖਦੇ ਹਨ :

> "ਇਕ ਹਿਮਾਲਾ ਪਾਰ ਤੇ ਨਾਲ ਲੱਗਦੀ ਤਿੱਬਤ ਦੇ ਹਿਮਈ ਪਹਾੜਾਂ ਦੇ ਵਿਚ ਇਕ ਹੇਮਕੁੰਟ ਨਾਮੇ ਟਿਕਾਣਾ ਹੈ । ਸੱਤ ਚੋਟੀਆਂ ਸੋਭ ਰਹੀਆਂ ਹਨ, ਅੰਮ੍ਰਿਤ ਵੇਲੇ ਦਾ ਚਾਨਣਾ ਲੋਪ ਹੋ ਗਿਆ ਹੈ, ਚੋਖੇ ਇਨ੍ਹਾਂ ਦਾ ਰੰਗ ਫਿੱਕੇ ਹੋ ਗਿਆ, ਸੂਰਜ ਦੀ ਟਿੱਕੀ ਬਾਹਰ ਨਿਕਲ ਆਈ ਜੇ, ਹੁਣ ਤੱਕ ਸੱਤੇ ਚੋਟੀਆਂ ਸੋਨੇ ਵਾਂਗ ਚਮਕ ਪਈਆਂ । ਉਧਰੋਂ ਸੂਰਜ ਦੇ ਸੂਆ, ਇਧਰੋਂ ਇਨ੍ਹਾਂ ਪਰ ਪਏ ਦਾ ਇਕ ਦੂਜੇ ਤੋਂ ਆਪਸ ਦੇ ਵਿਚ ਪਰਤਵਾਂ, ਸੁਰਤਵਾਂ ਸੁਆਵਾਂ ਦਾ ਪੈਣਾ, ਇਹ ਦਰਸ਼ਨ ਸੋਨੇ ਦੀ ਚਮਕ ਦਾ ਨਜ਼ਾਰਾ ਅੱਖਾਂ ਅੱਗੇ ਬੰਨ੍ਹ ਦਿੰਦਾ ਹੈ । ਇਹ ਹੇਮਕੁੰਟ ਪਰਬਤ ਹੈ ।"[1]

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਆ ਚੁੱਕਾ ਹੈ ਕਿ ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਬਹੁ - ਪੱਖੀ ਹੈ । ਸ਼ੈਲੀ ਵਿਸ਼ੇ ਨਾਲ ਬਦਲਦੀ ਹੈ, ਅਰਥਾਤ ਸ਼ੈਲੀ ਵਿਚਾਰਾਂ ਦੀ ਪੁਸ਼ਾਕ ਹੈ । ਆਪ ਦੁਆਰਾ ਰਚੀਆਂ ਕਈਆਂ ਖੋਜ ਅਤੇ ਸੰਪਾਦਿਤ ਪੁਸਤਕਾਂ ਵਿਚ ਵਾਰਤਕ ਸੰਕੇਤਮਈ ਅਤੇ ਵਿਆਖਿਆਮਈ ਹੈ । ਜਿਥੇ ਭਾਵਾਂ ਦਾ ਪੈਂਡਾ ਔਕੜੇ ਨਿਰੋਲ ਦਲੀਲ ਅਤੇ ਵਿਆਖਿਆ ਰਾਹੀਂ ਆਪ ਨੇ ਵਿਚਾਰ ਸਪਸ਼ਟ ਰੂਪ ਵਿਚ ਪ੍ਰਗਟ ਕੀਤੇ ਹਨ, ਉਥੇ ਸ਼ੈਲੀ ਖੋਜਭਰੀ, ਗੰਭੀਰ ਅਤੇ ਨਿਆਇਸ਼ੀਲ ਹੋ ਗਈ ਹੈ । ਸ੍ਰੀ ਭਾਈ ਵੀਰ ਸਿੰਘ ਦੁਆਰਾ ਰਚੀ ਗਈ ਨਿਰੋਲ ਦਲੀਲ ਅਤੇ ਵਿਆਖਿਆਮਈ ਵਾਰਤਕ ਦਾ ਨਮੂਨਾ ਦੇਖੋ।

> "ਬੰਦਾ ਜੀ ਦੀ ਸ਼ਹਾਦਤ ਤੋਂ ਲੈ ਕੇ 1810 ਦੇ ਵਿਚ ਵਿਚ ਜੋ ਘਟਨਾਵਾਂ ਹੋਈਆਂ, ਉਨ੍ਹਾਂ ਵਿਚ ਪਤਾ ਨਹੀਂ ਕਿੰਨਾ ਕੁਝ ਸਿੱਖਾਂ ਦਾ ਲਿਖਿਆ ਸਾਹਿਤਕ ਤਬਾਹ ਹੋਇਆ । ਲਖਪਤਰਾਏ ਦੀ ਕਤਲਾਮ ਤਾਂ ਸਿੱਖਾਂ ਦੀਆਂ ਪੋਥੀਆਂ ਸਾੜਨੀਆਂ ਇਕ ਖਾਸ ਧਰਮ ਸੀ, ਜੋ ਜਿਦ ਨਾਲ ਪੂਰਾ ਕੀਤਾ ਜਾਂਦਾ ਸੀ ।

---

1. ਭਾਈ ਵੀਰ ਸਿੰਘ : ਕਲਗੀਧਰ ਚਮਤਕਾਰ : ਪੰਨਾ 486

> ਪਤਾ ਨਹੀਂ ਕਿੰਨਾ ਕੁਝ ਇਸ ਵੇਲੇ ਜਾਇਆ ਹੋ ਗਿਆ, ਜੋ ਸਾਨੂੰ ਲੱਭ ਨਹੀਂ ਸਕਦਾ । ਇਹ ਇਕ ਕਾਰਣ ਹੈ ਜਿਸ ਕਰਕੇ ਸੁਵਿਸਥਾਰਿਤ ਇਤਿਹਾਸ ਦੀ ਥੁੜ੍ਹ ਹੈ । ਇਹ ਵੀ ਹੋ ਸਕਦਾ ਹੈ ਕਿ ਬਾਕੀ ਸਤਿਗੁਰਾਂ ਦੀਆਂ ਸਾਖੀਆਂ ਇਸ ਤਰਜ਼ੇ ਵਿਚ ਕਿਸੇ ਨਾ ਲਿਖੀਆਂ ਹੋਣ, ਪਰ ਸੰਭਵ ਨਹੀਂ ਜਾਪਦਾ ਕਿ ਜਦ ਆਦਿ ਗੁਰਾਂ ਦੀ ਜਨਮਸਾਖੀ ਲਿਖੀ ਗਈ, ਜਿਵੇਂ ਸਤਿਗੁਰਾਂ ਵੇਲੇ, ਪੈੜੇ ਨੇ ਜਨਮਸਾਖੀ ਲਿਖੀ ਤਾਂ ਇਹ ਮਿਸਾਲ ਸਾਰੇ ਸਿੱਖਾਂ ਨੂੰ ਹੋਰ ਸਤਿਗੁਰਾਂ ਦੀਆਂ ਸਾਖੀਆਂ ਲਿਖਣ ਵਲੋਂ ਚੁੱਪ ਕਰ ਗਈ ਹੋਵੇ । ਪੰਜ ਸੌ ਸਾਖੀ ਦਾ ਹਾਲ ਸੁਣਦੇ ਹਾਂ ਕਿ ਉਸ ਵਿਚ ਦਸਾਂ ਹੀ ਗੁਰਾਂ ਦੇ ਹਾਲਾਤ ਸਨ । ਉਹ ਉਸ ਵੇਲੇ ਲੱਭ ਨਹੀਂ ਸਕੀ । ਇਸ ਵਿਚੋਂ ਜੋ ਸਾਖੀ ਕੋਈ ਕੋਈ ਤਾਂ ਮਿਲਦੀ ਹੈ । ਸਾਨੂੰ ਇਕ ਹੋਰ ਸਾਖੀ ਨਾਵੇਂ ਤੇ ਦਸਵੇਂ ਸਤਿਗੁਰਾਂ ਦੇ ਸਮਿਆਂ ਦੀ ਮਿਲੀ ਹੈ, ਜਿਸ ਵਿਚ 120 ਦੇ ਕਰੀਬ ਸਾਖੀਆਂ ਹਨ । ਇਨ੍ਹਾਂ ਗੱਲਾਂ ਤੋਂ ਐਸੀਆਂ ਸਾਖੀਆਂ ਦਸਾਂ ਗੁਰਾਂ ਦੀਆਂ ਹੋਣੀਆਂ ਸੰਭਵ ਸਨ ।"[1]

ਇਸ ਤਰ੍ਹਾਂ ਭਾਈ ਵੀਰ ਸਿੰਘ ਜੀ ਨਿਰੋਲ ਦਲੀਲ ਮਈ ਵਾਰਤਕ ਦੀ ਰਚਨਾ ਕਰਨ ਵਿਚ ਵੀ ਪੂਰੇ ਸਫਲ ਮੰਨੇ ਗਏ ਹਨ ।

ਭਾਈ ਵੀਰ ਸਿੰਘ ਨੇ ਬਹੁਤ ਸਾਰੇ ਟ੍ਰੈਕਟ ਅਤੇ ਚਮਤਕਾਰ ਵੀ ਲਿਖੇ ਹਨ ਜੋ ਵਧੇਰੇ ਕਰਕੇ ਸਾਖੀ ਜਾਂ ਕਥਾ ਰੂਪ ਹਨ । ਇਨ੍ਹਾਂ ਵਿਚ ਆਪ ਨੇ ਬ੍ਰਿਤਾਂਤਿਕ ਲਿਖਣ ਢੰਗ ਦੀ ਸ਼ੈਲੀ ਦੀ ਵਧੇਰੇ ਵਰਤੋਂ ਕੀਤੀ ਹੈ । ਭਾਈ ਵੀਰ ਸਿੰਘ ਦੇ ਬਿਆਨ ਵਿਚ ਸਰਲਤਾ ਦੇ ਨਾਲ ਨਾਲ ਰੌਲਾ ਅਤੇ ਵਿਸਥਾਰ ਹੈ । ਬਿਆਨ ਵਿਚ ਸੰਜਮ, ਸੋਧ ਤੇ ਸਜੀਵਤਾ ਜ਼ਰੂਰੀ ਗੁਣ ਮੰਨੇ ਗਏ ਹਨ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਬਹੁਤ ਵਾਰੀ ਵਿਸਥਾਰ ਹੱਦ ਬੰਨੇ ਹੀ ਟੱਪ ਜਾਂਦਾ ਹੈ । ਇਸ ਤਰ੍ਹਾਂ ਭਾਈ ਸਾਹਿਬ ਨੇ ਵਾਰਤਕ ਜ਼ਿਆਦਾਤਰ ਆਮ ਪਾਠਕਾਂ ਲਈ ਲਿਖੀ ਹੈ । ਇਸ ਕਰਕੇ ਰਚਨਾਂ ਨੂੰ ਸਵਾਦਲਾ ਤੇ ਸਰਲ ਬਣਾਉਣ ਲਈ ਕਹਾਣੀ ਅੰਸ਼ ਦੀ ਵਰਤੋਂ ਕੀਤੀ ਗਈ ਹੈ । ਕਲਪਨਾ ਦੀ ਪਾਣ ਚਾੜ੍ਹ ਕੇ ਸਧਾਰਨ ਪਾਠਕ ਲਈ ਸ਼ਰਧਾਮਈ ਤੇ ਰਹੱਸਮਈ ਵਾਯੂ ਮੰਡਲ ਪੈਦਾ ਕਰਨ ਦਾ ਯਤਨ ਕੀਤਾ ਹੈ ।

---

1. ਭਾਈ ਵੀਰ ਸਿੰਘ : ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ :

ਭਾਈ ਵੀਰ ਸਿੰਘ ਦੀਆਂ ਵਾਰਤਕ ਰਚਨਾਵਾਂ ਵਿਚ ਵਿਆਖਿਆ-ਮਈ ਵਾਰਤਕ ਸ਼ੈਲੀ ਦੀ ਵਰਤੋਂ ਵੀ ਸਫਲਤਾ ਪੂਰਵਕ ਪਾਈ ਜਾਂਦੀ ਹੈ । ਭਾਈ ਸਾਹਿਬ ਗੁਰਬਾਣੀ ਦੇ ਸ਼ਬਦਾਂ ਦੇ ਟੀਕੇ ਤੇ ਵਿਆਖਿਆ ਰਚੀ ਦਿੱਤੀ ਹੈ । ਜਿਸ ਤਰ੍ਹਾਂ ਵਿਆਖਿਆਮਈ ਸ਼ੈਲੀ ਦੀ ਵਰਤੋਂ ਆਪ ਇਸ ਤਰ੍ਹਾਂ ਕਰਦੇ ਹਨ । ਆਪ

" ....... ਗੁਰੂ ਜੀ ਫੁਰਮਾਉਂਦੇ ਹਨ : —
ਤੇ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ।

ਇਸ ਦੀ ਵਿਆਖਿਆ ਕਰਦੇ ਹੋਏ ਆਪ ਲਿਖਦੇ ਹਨ । " ਤੇ ਸਾਹਿਬ " ਨਾਲ ਹੈ ਨੇੜ੍ਹੀ, ਇਹ ਹੈ ਸਾਡਾ ਮਨੋਰਥ । ਉਹ ਸਾਹਿਬ ਸਾਨੂੰ ਹੋ ਰਿਹਾ ਹੈ ਉਪਰਾ, ਸਾਡੇ ਤੇ ਉਸ ਵਿਚ ਪੈ ਰਿਹਾ ਹੈ ਕੋਈ ਵਿਛੋੜਾ, ਹੁਣ ਸਾਡੀ ਮੁਰਾਦ ਹੈ ਕਿ ਉਹ ਸਾਨੂੰ ਮਿਲੇ । ਇਹ ਗੱਲ ਹੋ ਰਹੀ ਨਾ ਲੋਕੀਂ ਗੱਲ, ਪੜ੍ਹੇ ਹੋਏ ਜਿਨ੍ਹੂੰ ਕਹਿੰਦੇ ਹਨ " ਮੁੱਖ ਗੱਲ " ਹੁਣ ਉਸ ਸਾਹਿਬ ਦੀ ਸਾਨੂੰ ਕੋਈ ਵਾਰਤਾ ਗੱਲ, ਮਹਿਮਾ ਆ ਕੇ ਸੁਣਾਉਂਦਾ ਹੈ । ਕਹਿੰਦੇ ਹਨ ਕਿ ਜੇ ਕੋਈ ਏਤਨਾ ਉਪਕਾਰ ਵੀ ਕਰੇ, ਕਿ ਉਸ ਦਾ ਕੋਈ ਗੁਣ ਕੋਈ ਕਥਾ ਆ ਕੇ ਸੁਣਾਵੇ ਤਾਂ ਉਸ ਦਾ ਬੈਠਾ ਸ਼ੁਕਰ ਮੰਨੀਏ ਕਿ ਆਪਣਾ ਸਿਰ ਵੱਢ ਕੇ ਤਾਂ ਉਸ ਨੂੰ ਬੈਠਣ ਲਈ ਦੇਈਏ ਤੇ ਬਾਕੀ ਧੜ ਨਾਲ ਉਸ ਦੀ ਸੇਵਾ ਕਰੀਏ । ਮਤਲਬ ਕੀ ਹੈ ਕਿ ਉਸ ਦੇ ਕਦੋਂ ਹੁਣ ਜਾਈਏ । ਸੋਚੋ, ਜੇ ਕੋਈ ਬਾਤ ਹੀ ਸੁਣਾਵੇ ਤਾਂ ਬੈਠਾ ਆਦਰ ਦੇ ਯੋਗ ਹੈ ਤੇ ਜੇ ਕੋਈ ਮਿਲਾਪ ਹੀ ਕਰਵਾ ਦੇਵੇ ਤਾਂ ਖਸੀ ਇਸ ਯੋਗ ਹੋ ਜਾਈਏ ਕਿ ਸਾਡਾ ਮਨ ਆਪ ਅਨੁਭਵ ਦੇ ਦਰਜੇ ਤੇ ਪੁੱਜ ਜਾਣ ਤਦ ਦੱਸੋ ਕਿ ਉਸ ਨਾਲ ' ਨਿਜ ਦਾ ਪਿਆਰ ' ਨਾ ਪਵੇ ਤਾਂ ਕਿਸ ਨਾਲ ਪਵੇ ? ਇਹ ਹੈ ਸਾਡਾ ਸਾਡੇ ਸਤਿਗੁਰਾਂ ਨਾਲ ਨਿਜ ਦਾ ਸਬੰਧ, ਇਸ ਨੂੰ ਤੁਸੀਂ ਕੀ ਆਖਸੋ ? "[1] ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਕਿੰਨੀ ਵਿਆਖਿਆ ਅਤੇ ਵਿਸਥਾਰ ਪਾਇਆ ਜਾਂਦਾ ਹੈ । ਕਿਸੇ ਵੀ ਚੀਜ਼ ਦੀ ਵਿਆਖਿਆ ਕਰਨ ਨਾਲ ਉਸ ਵਿਚ ਵਿਸਥਾਰ ਵੀ ਆ ਵਿਸ਼ਟੀਰੋਚਰ ਹੁੰਦਾ ਹੈ ।

ਵਿਆਖਿਆਮਈ ਅਤੇ ਵਿਸਥਾਰਮਈ ਸ਼ੈਲੀ ਦੇ ਨਾਲ ਆਪ ਦੀ ਸ਼ੈਲੀ ਵਿਚ ਸਿੱਖਿਆਮਈ ਅਤੇ ਰੋਚਕਮਈ ਸ਼ੈਲੀ ਹੋਣ ਦਾ ਗੁਣ ਵੀ ਪਾਇਆ ਜਾਂਦਾ ਹੈ । ਇਹ ਹੀ ਕਾਰਨ ਕਿ ਆਪ ਆਪਣੀ

---

1. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 185

ਸ਼ੈਲੀ ਲਈ ਬਹੁਤ ਥਾਵਾਂ ਤੇ ਵਿਸ਼ੇਸ਼ਣਾਂ ਦੀ ਵਰਤੋਂ ਵੀ ਕਰਦੇ ਹਨ । ਆਪ ਦੁਆਰਾ ਵਰਤੇ ਗਏ ਵਿਸ਼ੇਸ਼ਣ ਭਾਵ ਪੂਰਤ ਵੀ ਹਨ ਅਤੇ ਸੁਹਜਾਤਮਕ ਜਾਂ ਪ੍ਰਸ਼ੰਸਾਤਮਕ ਵੀ । ਵਿਸ਼ੇਸ਼ਣ ਵਾਂਗ ਅਲੰਕਾਰ ਵੀ ਸਿੰਗਾਰਮਈ ਨਿਸ਼ਾਨੀ ਹੁੰਦੇ ਹਨ । ਇਸ ਤਰ੍ਹਾਂ ਆਪ ਨੇ ਆਪਣੀਆਂ ਰਚਨਾਵਾਂ ਵਿਚ ਬਹੁਤ ਥਾਵਾਂ ਤੇ ਅਲੰਕਾਰਾਂ ਦੀ ਵਰਤੋਂ ਵੀ ਕੀਤੀ ਹੈ ।

ਭਾਈ ਵੀਰ ਸਿੰਘ ਨੇ ਬਹੁਤ ਥਾਈਂ ਵਾਰਤਾਲਾਪ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ । ਬਹੁਤ ਥਾਈਂ ਆਪ ਦੀ ਵਾਰਤਾਲਾਪ ਸ਼ੈਲੀ ਲੰਮੀ ਲੰਮੀ ਲੈਕਚਰਾਂ ਦੇ ਰੂਪ ਵਿਚ ਬਦਲ ਜਾਂਦੀ ਹੈ । ਆਪ ਦੀ ਗੱਲ ਬਾਤ ਵਾਰਤਕ ਵਿਚ ਚਮਤਕਾਰੀ ਰੰਗ ਭਰਨ ਅਤੇ ਨਾਟਕੀ ਅੰਸ਼ ਪੈਦਾ ਕਰਨ ਲਈ ਵੀ ਸਫਲ ਸਿੱਧੀ ਹੋਈ ਹੈ । ਪਰ ਜਿਥੇ ਆਪ ਦੁਆਰਾ ਵਰਤੀ ਗਈ ਵਾਰਤਾਲਾਪ ਸ਼ੈਲੀ ਲੰਮੀ ਲੈਕਚਰਾਂ ਦਾ ਰੂਪ ਧਾਰਨ ਕਰ ਲੈਂਦੀ ਹੈ, ਉਥੇ ਇਹ ਨਾਟਕੀ ਅੰਸ਼ ਅਲੋਪ ਹੋ ਜਾਂਦਾ ਹੈ ।

ਭਾਈ ਵੀਰ ਸਿੰਘ ਦੁਆਰਾ ਕੀਤੀ ਗਈ ਵਾਰਤਕ ਸ਼ੈਲੀ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਆਪਣੇ ਭਾਵੇਂ ਕਿਸੇ ਵੀ ਤਰ੍ਹਾਂ ਜਿਵੇਂ - ਸਿੰਗਾਰਮਈ, ਵਿਆਖਿਆਮਈ, ਚਿਤ੍ਰਾਤਮਕ, ਚਮਤਕਾਰੀ ਆਦਿ ਕਿਸੇ ਵੀ ਤਰ੍ਹਾਂ ਦੀ ਸ਼ੈਲੀ ਦੀ ਵਰਤੋਂ ਕਰਨ ਉਸ ਵਿਚ ਆਪ ਸਫਲ ਹੋਏ ਹਨ ।

## ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ।

ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਵਿਚ ਵਰਤੀ ਗਈ ਵਾਰਤਕ ਸ਼ੈਲੀ ਬਾਰੇ ਕਿਹਾ ਜਾ ਸਕਦਾ ਹੈ ਕਿ ਆਪ ਤੋਂ ਪਹਿਲਾਂ ਪੰਜਾਬੀ ਵਾਰਤਕ ਸ਼ੈਲੀ ਸਿਰਫ ਧਾਰਮਿਕਤਾ ਦੀ ਜਕੜ ਵਿਚ ਜਕੜੀ ਹੋਈ ਸੀ । ਆਪ ਨੇ ਪਹਿਲੀ ਵਾਰ ਵਾਰਤਕ ਸ਼ੈਲੀ ਨੂੰ ਧਾਰਮਿਕਤਾ ਦੀ ਪਕੜ ਵਿਚੋਂ ਬਾਹਰ ਕੱਢਿਆ । ਇਸ ਤੋਂ ਪਹਿਲਾਂ ਪੰਜਾਬੀ ਵਾਰਤਕ ਸਿਰਫ ਧਾਰਮਿਕ ਵਿਸ਼ਿਆਂ ਨੂੰ ਪ੍ਰਗਟਾਉਣ ਦਾ ਹੀ ਸਾਧਨ ਮਾਤਰ ਬਣੀ ਹੋਈ ਸੀ । ਆਪ ਦੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਪੰਜਾਬੀ ਵਾਰਤਕ ਜਾਤੀ ਅਨੁਭਵ ਤੇ ਨਿੱਜੀ ਵਿਅਕਤਿਤਵਾਂ ਨੂੰ ਅਨੁਭਵ ਕਰਨ ਦੇ ਯੋਗ ਹੋਈ ਹੈ ।

ਕੋਈ ਲੇਖਕ ਕਿਨ੍ਹਾਂ ਹੀ ਆਪਣੀ ਸ਼ਖਸ਼ੀਅਤ ਤੋਂ ਅਣਵਾਕਿਫ ਹੋਵੇ ਜਾਂ ਕਿੰਨਾ ਹੀ ਉਹ ਆਪਣੇ ਆਪ ਨੂੰ ਲੁਕਾਣਾ ਚਾਹੇ, ਫਿਰ ਵੀ ਉਹ ਆਪਣੀ ਬੋਲੀ ਤੇ ਸ਼ੈਲੀ ਪੂਰੀ ਤਰ੍ਹਾਂ ਛੁਪਾ ਨਹੀਂ ਸਕਦਾ । ਸ਼ੈਲੀ ਵਿਚ ਲੇਖਕ ਦੀ ਸਮੁੱਚੀ ਸ਼ਖਸ਼ੀਅਤ ਲੁਕੀ ਹੁੰਦੀ ਹੈ । ਇਸ ਗੱਲ ਤੋਂ ਹੀ ਇਹ

ਗੱਲ ਸਪਸ਼ਟ ਹੋਈ ਹੈ ਕਿ ਸ਼ੈਲੀ ਹੀ ਮਨੁੱਖ ਹੈ । ਇਹ ਗੱਲ ਪੂਰਨ ਸਿੰਘ ਤੇ ਇੰਨ ਬਿੰਨ ਲਾਗੂ ਹੁੰਦੀ ਹੈ । ਇਸ ਦਾ ਕਾਰਨ ਇਹ ਹੈ ਕਿ ਪੂਰਨ ਸਿੰਘ ਦੀ ਬੋਲ ਚਾਲ ਦਾ ਰੰਗ ਢੰਗ ਹੂ-ਬ-ਹੂ ਉਸ ਦੀ ਲਿਖਤ ਵਰਗਾ ਹੁੰਦਾ ਹੁੰਦਾ ਸੀ ।

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਕਾਵਿਮਈ ਹੈ । ਇਸ ਦਾ ਕਾਰਨ ਇਹ ਹੈ ਕਿ ਆਪ ਦੀ ਹਰ ਸਤਰ ਵਿਚ ਵਲਵਲਾ ਹੈ, ਜਜ਼ਬਾ ਹੈ, ਰਸ ਹੈ । ਸ਼ਾਇਦ ਪੂਰਨ ਸਿੰਘ ਦੇ ਸਾਹਿਤਿਕ ਵਿਚਾਰਾਂ ਵਿਚ " ਦਿਲ ਪ੍ਰਧਾਨ " ਹੈ " ਬੁੱਧੀ ਨਹੀਂ "। ਦਿਲ ਦੀਆਂ ਗੱਲਾਂ ਵਧੇਰੇ ਕਵਿਤਾ ਵਿਚ ਹੀ ਲਿਖੀਆਂ ਜਾਂਦੀਆਂ । ਇਹ ਹੀ ਕਾਰਨ ਹੈ ਕਿ ਕਵਿਤਾ ਦੇ ਬਹੁਤ ਸਾਰੇ ਲੱਛਣ ਉਸ ਦੀ ਵਾਰਤਕ ਵਿਚ ਵੀ ਆ ਗਏ ਹਨ । ਉਸ ਦੀਆਂ ਵਾਰਤਕ ਰਚਨਾਵਾਂ ਦੀ ਪ੍ਰਕ੍ਰਿਤੀ ਕਵਿਤਾ ਨਾਲ ਮਿਲਦੀ ਜੁਲਦੀ ਹੈ । " ਕਵਿਤਾ " ਨਿਬੰਧ ਵਿਚੋਂ ਨਿਬੰਧਕਾਰ ਦੀ ਵਾਰਤਕ ਸ਼ੈਲੀ ਦੀ ਕਾਵਿਮਈ ਨੁਹਾਰ ਸਹਿਜੇ ਹੀ ਵੇਖੀ ਜਾ ਸਕਦੀ ਹੈ । ਜਦੋਂ ਆਪ ਲਿਖਦੇ ਹਨ, " ਕਵਿਤਾ ਪਿਆਰ ਦਾ ਗੰਵਾਰਾਪਣ ਹੈ । ਅੰਦਰਲੀ ਸੱਚੀ ਪ੍ਰੀਤ ਦਾ ਇਕ ਸੁਹਣਾ ਸੁਫਨਾ ਹੈ, ਤੇ ਜੀਵਨ ਦੀ ਕਲੀ ਦਾ ਟਟਕਣਾ ਹੈ । ਕਵਿਤਾ ਰੱਬੀ ਦਰਬਾਰ ਦਾ ਪ੍ਰਕਾਸ਼ ਹੈ । ਕਵਿਤਾ ਦੇ ਪਿੱਛੇ ਅਨੰਤ ਜੀਵਨ ਦਾ ਸਮੁੰਦਰ ਹੈ ਤੇ ਇਸ ਕਵਿਤਾ ਦੀ ਗੋਦ ਵਿਚ ਇਸ ਵਿਸਮਾਦੀ ਜੀਵਨ ਦੀ ਲਹਿਰ ਹੈ, ਜਿਹੜੀ ਚੰਨ ਸੂਰਜ ਨੂੰ ਆਪਣੀਆਂ ਬਾਹਾਂ ਵਿਚ ਪਕੜ ਕੇ ਉਨ੍ਹਾਂ ਨੂੰ ਆਪਣੇ ਖੇਡਣ ਦੀ ਗੇਂਦ ਬਣਾ ਉਛਾਲਦੀ ਹੈ । ਮੌਤ ਨੂੰ ਇਕ ਤਾਰ ਦੀ ਪੀਂਘ ਵਿਚ ਬੰਨ ਕੇ ਇਸ ਤਰ੍ਹਾਂ ਚੱਕਰ ਪੰਨਦੀ ਹੈ, ਜਿਸ ਚੱਕਰ ਦੇ ਸਦਾ ਤ੍ਰਿਖ ਚੱਲਣ ਨਾਲ ਮੌਤ ਦੀਆਂ ਨਕੀਰਾਂ ਮਿਟ ਕੇ ਅਮਿਟ ਪ੍ਰਕਾਸ਼ ਵਿਚ ਸਦਾ ਝੂਲਦੀਆਂ ਜਾਂਦੀਆਂ ਦਿਸਦੀਆਂ ਲੋਪ ਹੁੰਦੀਆਂ ਹਨ ।"[1]

ਉਪਰਲੀਆਂ ਸਤਰਾਂ ਤੋਂ ਸਪਸ਼ਟ ਤੌਰ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਕਿਵੇਂ ਆਪ ਵਾਰਤਕ ਸ਼ੈਲੀ ਨੂੰ ਕਾਵਿਮਈ ਰੰਗ ਵਿਚ ਰੰਗਣ ਵਿਚ ਸਫਲ ਹੋਏ ਹਨ ।

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਵਿਚ ਸੁਭਾਵਿਕਤਾ ਦਾ ਗੁਣ ਵੀ ਪਾਇਆ ਜਾਂਦਾ ਹੈ । ਵਿਚਾਰ ਆਪ ਮੁਹਾਰੇ ਟੁਰੇ ਚਲੇ ਆਉਂਦੇ ਹਨ, ਕਿਤੇ ਕੋਈ ਉਚੇਚ ਨਹੀਂ ਜਿਸ ਤਰ੍ਹਾਂ ਉਸ ਨੇ ਲਿਖਿਆ ਹੈ ।

" ਖਿਆਲ ਸੋਚੇ ਨਹੀਂ ਜਾਂਦੇ ਆਪ ਮੁਹਾਰੇ ਚਿੱਟੇ ਬਗਾਂ ਵਾਂਗ ਉਤਰਦੇ
ਮਨ ਨੀਲੇ ਗਗਨਾਂ ਵਿਚ ਆਪਣੇ ਸੁਹਣੇ ਖੰਭਾਂ ਦੀ ਫੜਫੜਾਹਟ ਵਿਚ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 32

ਵਿਚ ਰੂਪਮਾਨ ਹੁੰਦੇ ਹਨ ।"[1]

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਦਾ ਇਕ ਹੋਰ ਗੁਣ ਸਪਸ਼ਟਤਾ ਹੈ । ਆਪ ਨੂੰ ਜਿਥੇ ਵੀ ਜਿਹੜੀ ਗੱਲ ਚੰਗੀ ਲੱਗਦੀ ਹੈ ਉਹ ਬਿਨ੍ਹਾਂ ਕਿਸੇ ਦੀ ਪ੍ਰਵਾਹ ਕੀਤਿਆਂ ਬੇਖੌਫ ਹੋ ਕੇ ਕਹਿ ਦਿੰਦੇ ਹਨ । ਪ੍ਰੋ. ਪੂਰਨ ਸਿੰਘ ਕਿਸੇ ਦੇ ਰਖ ਰਖਾ ਵਿਚ ਵਿਸ਼ਵਾਸ਼ ਨਹੀਂ ਸੀ ਰਖਦਾ । ਜੇਕਰ ਉਸਨੂੰ ਸ਼ੈਕਸ਼ਪੀਅਰ, ਕਾਲੀਦਾਸ, ਬਿਹਾਰੀ ਦੀਆਂ ਰਚਨਾਵਾਂ ਪਸੰਦ ਨਹੀਂ ਆਈਆਂ ਤਾਂ ਉਸ ਨੇ ਇਕ ਦਮ ਬਿਨਾਂ ਕਿਸੇ ਦੇ ਡਰ ਤੋਂ ਪ੍ਰਗਟ ਕਰ ਦਿੱਤਾ । ਇਸੇ ਤਰ੍ਹਾਂ ਜੇਕਰ ਉਹ ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਨਾਲ ਸਾਂਝ ਨਹੀਂ ਪਾ ਸਕਿਆ ਤਾਂ ਉਸ ਨੇ ਇਹ ਵੀ ਝੱਟ ਹੀ ਕਹਿ ਦਿੱਤਾ । ਆਪ ਬਿਨ੍ਹਾਂ ਕਿਸੇ ਡਰ ਅਤੇ ਭੈ ਤੋਂ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ ।

> " ਪਰ ਇਹ ਕਹਿਣਾ ਜਿਸ ਤਰ੍ਹਾਂ ਮਹਾਤਮਾ ਗਾਂਧੀ ਨੇ ਕਿਹਾ ਸੀ, ਕਿ ਜੇ ਕਿਸੇ ਨੇ ਮੁਲਕੀ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ ਤਾਂ ਉਸ ਪੱਖ ਵਿਚ ਉਨ੍ਹਾਂ ਹੀ ਘੱਟ ਮਹਾਤਮਾ ਸੀ । ਅਰਥਾਤ ਜਿਹੜਾ ਕੰਮ ਮੈਂ ਮਹਾਤਮਾ ਗਾਂਧੀ ਕਰ ਰਿਹਾ ਹਾਂ, ਉਹੋ ਜਿਹਾ ਕੰਮ ਪੈਗੰਬਰ ਨਹੀਂ ਕੀਤਾ ਤੇ ਉਸ ਹੱਦ ਤੱਕ ਪੈਗੰਬਰ ਹੀ ਨਹੀਂ ਸਨ । ਇਹ ਕਹਿਣਾ ਉਸ ਤੁਲ ਹੀ ਹੈ ਜਿਹੜਾ ਹੈ ਘਰ ਵਾਲਾ ਝੋਲੀ ਵਿਚ ਆਟਾ ਪਾ ਕੇ ਆਪਣੇ ਬਾਲ ਬੱਚੇ ਨੂੰ ਲਿਆ ਕੇ ਨਹੀਂ ਦਿੰਦਾ ਉਹ ਪਸ਼ੂ ਬੰਦਾ ਹੀ ਨਹੀਂ ਸੋ ਇਹ ਕਥਨ ਮਹਾਤਮਾ ਗਾਂਧੀ ਦਾ ਸੱਚ ਨਹੀਂ ।"[2]

ਕਿੰਨੇ ਜ਼ੋਰਦਾਰ ਅਤੇ ਸਿੱਧੇ ਸਾਦੇ ਵਿਚਾਰਾਂ ਵਿਚ ਗਾਂਧੀ ਜੀ ਦੇ ਵਿਚਾਰਾਂ ਦੀ ਨਿਡਰਤਾ ਨਾਲ, ਬਿਨਾਂ ਕਿਸੇ ਪਖਸ਼ਪਾਤ ਦੇ ਪੜਚੋਲ ਕੀਤੀ ਹੈ ।

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਵਿਚ ਸੰਬੋਧਨਾਤਮਕ ਅਤੇ ਕਲਾਤਮਕ ਸ਼ੈਲੀ ਦੇ ਦਰਸ਼ਨ ਵੀ ਧਾਰਮਿਕ ਲੇਖਾਂ ਵਿਚ ਵੇਖਣ ਨੂੰ ਮਿਲਦੇ ਹਨ । ਪ੍ਰੋ. ਪੂਰਨ ਸਿੰਘ ਲੋਕਾਂ ਨੂੰ ਸੰਬੋਧਨ ਕਰ ਕਰ ਕੇ ਆਪਣੇ ਦਿਲ ਦੀ ਗੱਲ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ । ਸੰਬੋਧਨਾਤਮਕ ਸ਼ੈਲੀ ਦੀ ਉਦਾਹਰਣ ਇਥੇ ਵੀ ਦਿੱਤੀ ਜਾਂਦੀ ਹੈ । ਜਦੋਂ ਆਪ ਲਿਖਦੇ ਹਨ :

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 2

2. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 170

"ਖਾਲਸਾ ਜੀ ! ਤੁਸੀਂ ਇਸ ਅਕਾਲਪੁਰਖ ਦੇ ਜਾਣ ਵਾਲੇ ਹੋ ।' ਹੁਸ਼ਿਆਰ ਹੋ ਜਾਓ, ਫਿਰ ਖਾਣ ਲੱਗੇ ਤੁਸੀਂ ਨਿਰੇ ਖਲੋਤੇ ਕਿਧਰੇ ਅਧਾ ਨਾ ਖਾ ਜਾਵੋ । ਗੁਰੂ ਤੇਗ ਬਹਾਦਰ ਜੀ ਦੇ ਸਨੇਹੇ ਉਤੇ ਕਰਿਆ ਕਰੋ, ਇਹ ਜਨਮ ਬਹੁਤ ਦਿਹਾੜੇ ਨਹੀਂ .......... ਖਾਲਸਾ ਜੀ ਯਾਦ ਰਖਣਾ ਅਕਲ ਦਾ ਫੈਲਾਓ, ਖਾਰਜ, ਫੈਸ਼ਨ ਪੂਜਕ, ਸਿਮਰਨ, ਖੁਦਸੀ ਪੂਜਕ ਖਿਆਲੀ ਨਾਸਤਕ ਬਣਾਉਂਦਾ ਹੈ ।"[1]

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਵਿਚ ਸੰਬੋਧਨਾਤਮਕ ਸ਼ੈਲੀ ਵਾਂਗ ਹੀ ਉਸ ਦੀ ਕਲਪਨਾਤਮਕ ਸ਼ੈਲੀ ਦੇ ਦਰਸ਼ਨ ਵੀ ਕੀਤੇ ਜਾ ਸਕਦੇ ਹਨ । ਕਲਪਨਾਤਮਕ ਸ਼ੈਲੀ ਦੀ ਉਸਾਰੀ ਕਰਦੇ ਹੋਏ ਆਪ ਲਿਖਦੇ ਹਨ :

"ਮੋਰ ਪਿਆਰੇ ਗੁਰ ਗੁਨਾਰੇ ਅਕਾਸ਼ਾਂ ਵਿੱਚ ਗੂੰਜੇ । ਓਹ ਅਕਾਸ਼ ਧੁਨੀ ਦੀ ਗੂੰਜ ਉਠੀ । ਜੈਕਾਰਾ ਹੋ ਆ 'ਸਤਿ ਸ੍ਰੀ ਅਕਾਲ' ਕਲਗੀਆਂ ਵਾਲਾ ਆਯਾ, ਫੌਜਾਂ ਨਿਹਾਲ ਹੋਈਆਂ, ਖੁਸ਼ੀ ਦੇ ਸਾਗਰ ਸਹੌਂਦੀ ਬੇੜਿਆਂ ਵਿਚ ਨਾਨਾ ਮਾਰ ਮਾਰ ਉਛਾਲ ਰਹੇ ਹਨ ।"[2]

ਸਫਲ ਸ਼ੈਲੀਕਾਰ ਦਾ ਇਕ ਹੋਰ ਗੁਣ ਚਿਤ੍ਰ ਚਿਤਰਣ ਹੁੰਦਾ ਹੈ । ਲੇਖਕ ਆਪਣੀਆਂ ਰਚਨਾਵਾਂ ਵਿੱਚ ਚਿਤ੍ਰ ਚਿਤਰਣ ਇਸ ਤਰ੍ਹਾਂ ਪੇਸ਼ ਕਰਨਾ ਚਾਹੁੰਦਾ ਹੈ ਕਿ ਨਕਸ਼ਾ ਅੱਖਾਂ ਅੱਗੇ ਹੂ-ਬ-ਹੂ ਆ ਜਾਵੇ । ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਦਾ ਇਹ ਵੀ ਇਕ ਗੁਣ ਹੀ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦੀ ਨਿਬੰਧ ਸ਼ੈਲੀ ਦਾ ਇਕ ਹੋਰ ਗੁਣ ਚਿਤ੍ਰ ਚਿਤਰਣ ਹੈ। ਜਦੋਂ ਆਪ ਕਿਸੇ ਵੀ ਚੀਜ਼ ਦਾ ਵਰਨਨ ਕਰਦੇ ਹਨ ਤਾਂ ਉਸ ਚੀਜ਼ ਦੀ ਤਸਵੀਰ ਐਨ ਅੱਖਾਂ ਅੱਗੇ ਆ ਜਾਂਦੀ ਹੈ । ਚਿਤ੍ਰ ਚਿਤਰਣ ਕਰਦੇ ਹੋਏ ਆਪ ਲਿਖਦੇ ਹਨ :

"ਹੁਣ ਅਜ ਜਦ ਇਹ ਲਿਖ ਰਿਹਾ ਹਾਂ, ਸ਼ਾਮ ਦਾ ਵੇਲਾ ਹੈ, ਮੀਂਹ ਆਪਣਾ ਤੇਜ਼ ਛਟਾਕਾ ਦੇ ਕੇ ਹਟਿਆ ਹੈ । ਕਾਲੇ ਬੱਦਲ ਅਸਮਾਨ ਵਿਚ ਫਿਰ ਰਹੇ ਹਨ, ਤੇ ਸੂਰਜ ਨੇ ਪੱਛਮ ਵੱਲ ਇਨੀ ਗੂੜ੍ਹੀ ਲਾਲੀ ਦੀ ਛਟਾ ਕੀਤੀ ਹੈ ਕਿ ਅੱਖ ਵੇਖਕੇ ਹੈਰਾਨ ਹੈ ਕਿ ਬੁਲੀਆਂ ਵਿਚ ਕਿਸ ਤਰ੍ਹਾਂ ਖਿੜੇ ਫੁੱਲਾਂ ਦੇ ਹੜ੍ਹ ਆ ਗਏ । ਸੋਹਣੀ ਏਕਾਂਤ ਹੈ, ਨਹੀਂ

---

1. ਪ੍ਰੋ. ਪੂਰਨ ਸਿੰਘ : ਖਾਲਸਾ ਟ੍ਰੈਕਟ, ਟ੍ਰੈਕਟ ਨੰ : 84, 1989
2. ਪ੍ਰੋ. ਪੂਰਨ ਸਿੰਘ : ਖਾਲਸਾ ਟ੍ਰੈਕਟ , ਟ੍ਰੈਕਟ ਨੰ :86

ਏਕਾਂਤ ਨਹੀਂ ਬੈਠਣ ਦੇਣ । ਨਾਲੇ ਖੇਤੇ ਬ੍ਰਿਛ ਕੋਈ ਕੋਈ ਇਉਂ ਖੜੇ ਹਨ ਜਿਵੇਂ ਕਿਸਾਨ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਹਨ । ਅਨੇਕਾਂ ਘਾਹ ਦੇ ਬੂਟੇ ਆਪਣੇ ਪ੍ਰਾਪਤ ਫੁੱਲਾਂ ਨੂੰ ਹਵਾ ਵਿਚ ਉਛਾਲ ਰਹੇ ਹਨ ।"[1]

ਪ੍ਰੋ. ਪੂਰਨ ਸਿੰਘ ਦੀ ਸ਼ਖਸੀਅਤ ਦੇ ਵਾਂਗ ਹੀ ਉਸ ਦੀ ਵਾਰਤਕ ਸ਼ੈਲੀ ਦਾ ਵੀ ਆਪਣਾ ਹੀ ਨਿਵੇਕਲਾ ਰੰਗ ਹੈ । ਜਿਥੇ ਵੀ ਪ੍ਰੋ. ਪੂਰਨ ਨੂੰ ਸ੍ਵੈ-ਪ੍ਰਕਾਸ਼ਨ ਦਾ ਅਵਸਰ ਮਿਲਿਆ, ਉਸ ਨੇ ਸਫਲਤਾ ਪੂਰਵਕ ਪੇਸ਼ ਕੀਤਾ ਹੈ । ਸ੍ਵੈ-ਪ੍ਰਕਾਸ਼ਨ ਮਈ ਸ਼ੈਲੀ ਦੀ ਵਿਆਖਿਆ ਕਰਦੇ ਹੋਏ ਆਪ ਲਿਖਦੇ ਹਨ :

" ਮੈਂ ਨਿਕੰਮਾ ਸੀ ਤੇ ਉਪਦੇਸ਼ ਕੀ ? ਪੈਂਬਰ ਕਿਥੇ ਤੇ ਪੀਰ ਬਾਦਸ਼ਾਹਾਂ ਦੇ ਤਾਜਾਂ ਵਿਚ ਲੱਗਣ ਵਾਲ ਕਿਥੇ ? ਉਹ ਮੈਂ ਜਿਹੜਾ ਕਿਸੀ ਨਾਲ ਮਿਠੀ, ਸਰਲ, ਸਾਦਾ, ਮਿਤ੍ਰਤਾ ਨਾਲ ਨਾ ਨਿਭ ਸਕਿਆ, ਸਦਾ ਆਪਣੇ ਸੁਖ ਲਈ ਦੂਜਿਆਂ ਦੀ ਅਰਾਮੀ ਖੋਂਹਦਾ ਰਿਹਾ । ਮੈਂ ਜੋ ਹੁਣ ਥੀਂ ਥਕ ਕੇ ਰੋਣ ਦੀ ਬਰਸਾਂ ਸਦਾ ਉਹ ਸਭ ਪਾਤਸ਼ਾਹ ਮਾਫ ਕਰ ਦੇਵੇਗਾ, ਉਥੇ ਤਾਂ ਦ ਸਭ ਮਿਹਰਾਂ ਬਖ਼ਸ਼ਸ਼ਾਂ ਹੀ ਹਨ ...... ।"[2]

ਪ੍ਰੋ. ਪੂਰਨ ਸਿੰਘ ਨੇ ਆਪਣੇ ਵਿਚਾਰਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕਰਨ ਲਈ ਦ੍ਰਿਸ਼ਟਾਂਤਮਈ ਸ਼ੈਲੀ ਦੀ ਵੀ ਵਰਤੋਂ ਕੀਤੀ ਹੈ । ਦ੍ਰਿਸ਼ਟਾਂਤਮਈ ਸ਼ੈਲੀ ਦੀ ਵਰਤੋਂ ਕਰਨ ਵਿਚ ਵੀ ਆਪ ਬੇਨ ਸਫਲ ਹਨ । ਦ੍ਰਿਸ਼ਟਾਂਤਮਈ ਸ਼ੈਲੀ ਦੀ ਵਰਤੋਂ ਕਰਦੇ ਹੋਏ ਆਪ ਲਿਖਦੇ ਹਨ:

" ਨਾਖੇਰ ਦੀਆਂ ਕੈਂਚੀਆਂ ਕਲੀਆਂ ਤੇ ਸੁਹਿਰ ਦੀਆਂ ਬਰਫੀਆਂ ਥੀਂ ਨਿਕਲ ਕੇ ਜੇ ਕਿਸੇ ਬੰਦੇ ਨੂੰ ਅਚਾਨਕ ਕਸ਼ਮੀਰ ਦੀਆਂ ਕੇਸਰ ਕਿਆਰੀਆਂ ਵਿਚ ਜਾ ਖੜਾਈਏ, ਉਧਰ ਕੇਸਰ ਖਿੜਿਆ ਹੋਵੇ, ਉਧਰ ਚੰਨ ਤੇ ਕਲੇ ਨਖੇਰ ਦੀ ਪੌਨ ਤੇ ਕੁਹਰੂ, ਖਸ਼ੂ ਤੇ ਠੰਢੇ ਸਮੀਰ, ਤੇ ਉਦਾਸੀ ਤੇ ਥੱਕੇ ਦਾ ਸੂਰਜ ਸੂਰਾ ਉਹੋ ਜਿਹਾ ਫੁੱਲਾਂ ਦੇ ਅਹਿੰਕਾਰ ਵਰਗੀ ਕੋਈ ਨਸ਼ੀਲੀ ਮਟਕ, ਜਿਵੇਂ ਉਸ ਬੰਦੇ ਦਾ ਰਾਂ ਸ਼ੌਕ ਹੁੰਦੇ, ਜਿਵੇਂ ਉਸ ਨੂੰ ਨਸ਼ਾ ਚੜੇ, ਤਿਵੇਂ ਹੀ ਪਿਆਰ ਜਿਥੇ ਆਉਂਦਾ ਹੈ ਉਥੇ ਉਸ ਕਿੰਨਾਂ ਚਿਰ ਸਦਾ ਰਹਿਣ ਵਾਲਾ ਨਸ਼ਾ ਜਿਹਿਆ ਚੜ੍ਹਿਆ ਰਹਿੰਦਾ ਹੈ ।"[3]

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 108
2. - ਉਹੀ -
3. - ਉਹੀ - : ਪੰਨਾ 11

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਵਿਚ ਭਾਵਾਂ ਦਾ ਹੜ੍ਹ ਤੇ ਸੁਹਿਰਦ ਜੋਸ਼ ਹਨ । ਸਾਨੂੰ ਉਹਦੀ ਰੂਹ ਦੀ ਨੰਗੀ ਤਸਵੀਰ ਵੇਖਣ ਨੂੰ ਮਿਲਦੀ ਹੈ —— ਮਨ ਪਿਛੇ ਤੁਰਦੇ ਜਾਣਾ, ਜਿਧਰ ਜਜ਼ਬੇ ਜਾਣ ਉਧਰ ਹੀ ਵਿਚਾਰਾਂ ਨੂੰ ਲੈ ਜਾਣਾ ਆਦਿ ਸਭ ਕੁਝ ਆਪ ਦੀ ਵਾਰਤਕ ਸ਼ੈਲੀ ਵਿਚ ਮਿਲਦਾ ਹੈ ।

ਸਾਹਿਤਕ ਤੌਰ ਤੇ ਸੁਚੱਜੀ ਤੇ ਸੁਨੱਖੀ ਕੌਰ ਸ਼ੈਲੀ ਦੋ ਪੱਖਾਂ ਤੋਂ ਵਾਚੀ ਜਾਂਦੀ ਹੈ । ਪਹਿਲਾ ਪੱਖ ਹੈ ਭਾਸ਼ਾ ਦੀ ਸੁਚੱਜਤਾ ਅਤੇ ਦੂਜਾ ਪੱਖ ਹੈ ਵਿਸ਼ੇ ਦਾ ਸਪਸ਼ਟ ਅਖਵਾ ਲੋੜੀਂਦਾ ਹੋਣਾ । ਭਾਸ਼ਾ ਦੀ ਸੁਚੱਜਤਾ ਨਾਲ ਤੇ ਵਿਸ਼ੇ ਦੀ ਚੋਣ ਨਾਲ ਇਕ ਕੌਰ ਸ਼ੈਲੀਕਾਰ ਪਾਠਕ ਨੂੰ ਆਪਣੇ ਵਿਸ਼ਵਾਸ਼ ਵਿਚ ਲੈ ਲੈਂਦਾ ਹੈ ਤੇ ਪਾਠਕ ਉਸ ਦੇ ਵਿਚਾਰਾਂ ਨੂੰ ਪੜ੍ਹਨ ਜਾਂ ਸੁਣਨ ਲਈ ਪ੍ਰੇਰਿਆ ਜਾਂਦਾ ਹੈ । ਪ੍ਰੋ. ਪੂਰਨ ਸਿੰਘ ਦੀ ਸ਼ੈਲੀ ਵਿਚ ਨਜ਼ਰ ਇਹ ਗੁਣ ਪਾਏ ਜਾਂਦੇ ਹਨ ।

<u>ਭਾਸ਼ਾ :-</u>

ਲੇਖਕ ਦੇ ਵਿਚਾਰਾਂ ਤੇ ਸ਼ੈਲੀ ਦੀ ਉਤਕ੍ਰਿਸ਼ਟਤਾ ਉਸ ਦੀ ਭਾਸ਼ਾ ਉਤੇ ਨਿਰਭਰ ਹੁੰਦੀ ਹੈ । ਕਿਸੇ ਵੀ ਲੇਖਕ ਦੀ ਸ਼ੈਲੀ ਦੀ ਸੁੰਦਰਤਾ, ਸਰਲਤਾ, ਸਪਸ਼ਟਤਾ ਤੇ ਸੰਜਮ ਆਧਾਰ ਉਸ ਦੀ ਭਾਸ਼ਾ ਦੀ ਸ਼ਬਦ ਚੋਣ ਹੀ ਹੁੰਦੀ ਹੈ । ਲੇਖਕ ਦੁਆਰਾ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਪੇਸ਼ ਕਰਨ ਲਈ ਵਰਤੀ ਗਈ ਭਾਸ਼ਾ ਤੇ ਸ਼ਬਦਾਵਲੀ ਅਜਿਹੀ ਹੋਣੀ ਚਾਹੀਦੀ ਹੈ, ਜਿਸ ਨੂੰ ਪੜ੍ਹਨ ਉਪਰੰਤ ਪਾਠਕ ਇਸ ਤਰ੍ਹਾਂ ਮਹਿਸੂਸ ਕਰੇ ਕਿ ਉਸ ਦੇ ਆਪਣੇ ਭਾਵ, ਆਪਣੀ ਭਾਸ਼ਾ ਵਿਚ ਪ੍ਰਗਟਾਏ ਗਏ ਹੋਣ । ਇਸ ਤਰ੍ਹਾਂ ਨਾਲ ਪਾਠਕ ਨੂੰ ਆਪਣੇ ਭਾਸ਼ਾ ਦਰਪਣ ਵਿਚੋਂ ਆਪਣਾ ਮੂੰਹ ਹੀ ਦਿੱਸ ਪੈਣ ਦਾ ਭੁਲੇਖਾ ਪ੍ਰਗਟ ਹੋਣਾ ਚਾਹੀਦਾ ਹੈ । ਕਿਸੇ ਵੀ ਲੇਖਕ ਦੁਆਰਾ ਆਪਣੀ ਭਾਸ਼ਾ ਲਈ ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰਨੀ ਹੀ ਯੋਗ ਸਮਝੀ ਜਾਵੇਗੀ । ਇਸ ਲੋੜ ਨੂੰ ਪੂਰਾ ਕਰਨ ਲਈ ਲੇਖਕ ਨੂੰ ਆਪਣੀ ਭਾਸ਼ਾ ਨੂੰ ਇਲਾਕਾਈ ਪ੍ਰਭਾਵ ਤੋਂ ਮੁਕਤ ਕਰਕੇ ਠੇਠ ਤੇ ਟਕਸਾਲੀ ਰੂਪ ਵਿਚ ਵਰਤਣਾ ਜ਼ਰੂਰੀ ਹੈ । ਪ੍ਰਿ. ਤੇਜਾ ਸਿੰਘ ਦੀ ਰਚਨਾਵਾਂ ਰਚਣ ਲਈ ਉਪਭਾਖ

ਜਾਂ ਸਥਾਨਿਕ ਰੰਗ ਦੇ ਅਸਰ ਤੋਂ ਮੁਕਤ ਰੱਖਣ ਲਈ ਆਪਣੇ ਵਿਚਾਰ ਪ੍ਰਗਟ ਕਰਦਾ ਹੈ । ਆਪ ਇਸ ਬਾਰੇ ਵਿਚ ਲਿਖਦੇ ਹਨ :

> " ਪੰਜਾਬੀ ਉਹੀ ਠੀਕ ਹੈ ਜੋ ਟਕਸਾਲੀ ਹੈ, ਜਿਸ ਵਿਚ ਉਪਭਾਖਾ ਦਾ ਰਲਾ ਨਹੀਂ ।"[1]

ਭਾਈ ਵੀਰ ਸਿੰਘ ਤੋਂ ਪਹਿਲਾਂ ਦੇ ਬਹੁਤ ਸਾਰੇ ਲੇਖਕਾਂ ਜਿਵੇਂ ਭਾਈ ਕਾਨ੍ਹ ਸਿੰਘ ਹਜਾਰਾ ਸਿੰਘ ਅਤੇ ਡਾ. ਚਰਨ ਸਿੰਘ ਜਿਹੇ ਲੇਖਕਾਂ ਨੇ ਇਸ ਤਰ੍ਹਾਂ ਦੀ ਠੇਠ ਪੰਜਾਬੀ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਨਹੀਂ ਕੀਤੀ ਸੀ, ਸਗੋਂ ਇਹ ਲੇਖਕ ਤਾਂ ਬ੍ਰਜ ਭਾਸ਼ਾ ਵਿਚ ਆਪਣੀ ਰਚਨਾ ਕਰਨੀ ਬਿਹਤਰ ਸਮਝਦੇ ਸਨ । ਇਥੋਂ ਹੀ ਨਹੀਂ ਉਹ ਤੇ ਉਨ੍ਹਾਂ ਦੇ ਸਮਕਾਲੀ ਵਿਦਵਾਨ ਆਪਣੀ ਮਾਤ ਬੋਲੀ ਪੰਜਾਬੀ ਨੂੰ ਇਕ " ਗੰਵਾਰ ਭਾਸ਼ਾ " ਜਾਣਕੇ ਇਸ ਨੂੰ ਸਾਹਿਤ ਰਚਨਾ ਦੇ ਅਸਮਰਥ ਜਾਣਦੇ ਸਨ । ਇਸ ਤਰ੍ਹਾਂ ਦੇ ਮਾਹੌਲ ਵਿਚ ਆਪ ਨੇ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਰਚਨਾ ਕਰਨੀ ਸ਼ੁਰੂ ਕੀਤੀ । ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਹੀ ਆਪਣੇ ਆਪਣੇ ਵਿਚਾਰਾਂ ਤੇ ਉਦਗਾਰਾਂ ਨੂੰ ਬਿਆਨਣ ਦਾ ਸਾਧਨ ਬਣਾਇਆ । ਜਿਸ ਬਾਰੇ ਕਰਨਲ ਜਗਜੀਤ ਸਿੰਘ ਕੁਲੇਰੀਆਂ ਨੇ ਦੱਸਿਆ ਕਿ ਭਾਈ ਸਾਹਿਬ ਨੇ ਆਪਣੀ ਸਾਹਿਤ ਰਚਨਾ ਦਾ ਮਾਧਿਅਮ ਕਿਸੇ ਹੋਰ ਭਾਸ਼ਾ ਨੂੰ ਬਣਾਉਣ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਕ ਵੇਰਾਂ ਫੁਰਮਾਇਆ ਸੀ :

> " ਇਹ ਮਾਂਗਵੇਂ ਖੰਭ ਮੇਰੀਆਂ ਕਲਪਨਾ ਦੀਆਂ ਉਡਾਰੀਆਂ ਲਈ ਰਾਸ ਨਹੀਂ ਆਉਂਦੇ । ਇਹ ਖੰਭ ਮੈਨੂੰ ਮੇਰੇ ਆਦਰਸ਼ਕ ਗਗਨ ਤੇ ਨਹੀਂ ਪਹੁੰਚਾ ਸਕਦੇ । ਮੈਂ ਆਪਣੀ ਮਾਤ ਬੋਲੀ ਪੰਜਾਬੀ ਵਿਚ ਹੀ ਲਿਖਾਂਗਾ ।"[2]

ਪਰ ਭਾਈ ਵੀਰ ਸਿੰਘ ਦੁਆਰਾ ਆਪਣੀਆਂ ਰਚਨਾਵਾਂ ਲਈ ਵਰਤੀ ਗਈ ਭਾਸ਼ਾ ਬਾਰੇ ਕਿਹਾ ਜਾ ਸਕਦਾ ਹੈ ਕਿ ਆਪਣੇ ਆਪਣੀਆਂ ਰਚਨਾਵਾਂ ਲਈ ਠੇਠ ਅਤੇ ਟਕਸਾਲੀ ਭਾਸ਼ਾ ਵਰਤਣ ਦਾ ਭਰਪੂਰ ਯਤਨ ਕੀਤਾ ਹੈ । ਸਰਲ ਅਤੇ ਠੇਠ ਪੰਜਾਬੀ ਦੀ ਰਚਨਾ ਕਰਦੇ ਹੋਏ ਆਪ ਲਿਖਦੇ ਹਨ :

> " ਮੈਂ ਕਿਨ੍ਹਾਂ ਦੁਖਾਂ ਨੂੰ ਰੋਵੀ ਰਹੀ ? ਆਪ ਵਿਹਾਜੇ ਮਾਮਲੇ ਆਪੇ ਹੀ ਭੌਰ ਪਏ । ਹੇ ਦਇਆ ! ਤੂੰ ਕਸਾਇਣ ਹੋ ਗਈ । ਮੈਂ ਦਇਆ ਹੀ

---

1. ਪ੍ਰਿੰ. ਤੇਜਾ ਸਿੰਘ : ਪੰਜਾਬੀ ਕਿਵੇਂ ਲਿਖੀਏ : ਪੰਨਾ 77
2. ਡਾ. ਜਗਜੀਤ ਸਿੰਘ ਕੁਲੇਰੀਆ : ਭਾਈ ਵੀਰ ਸਿੰਘ ਜੀਵਨ ਤੇ ਰਚਨਾ ( ਸਿਮ੍ਰਤੀ ਗ੍ਰੰਥ ) ਪੰਨਾ 18

> ਕੀਤੀ ਤਾਂ ਮੈਂ ਹਸੀ । ਹੁਣ ਕੋਈ ਰਸਤਾ ਨਹੀਂ ਹੈ । ............
> ਆਪ ਜਿਵੇਂ ਤੂੰ ਹੋ ਪਿੰਜਰੇ ਨੂੰ ਛੋੜ ਨਿਕਲ । ਉਹ ਫੇਰ ਭੇਖ ਆਇਆ,
> ਮੈ ਗਈ । ........"[1]

ਇਨ੍ਹਾਂ ਸਤਰਾਂ ਵਿਚ ਭਾਈ ਸਾਹਿਬ ਨੇ ਕਿੰਨੀ ਸਰਲ ਅਤੇ ਸਾਦਾ ਪੰਜਾਬੀ ਦੀ ਵਰਤੋਂ ਕੀਤੀ ਹੈ । ਕੋਈ ਵੀ ਅਜਿਹਾ ਸ਼ਬਦ ਨਹੀਂ ਜੋ ਸਧਾਰਣ ਪਾਠਕ ਦੀ ਸਮਝ ਤੋਂ ਬਾਹਰ ਹੋਵੇ । ਦੂਸਰਾ ਭਾਈ ਵੀਰ ਸਿੰਘ ਨੇ ਬੋਲੀ ਵੀ ਉਹ ਹੀ ਵਰਤੀ ਹੈ ਜਿਹੜੀ ਕਿ ਕਿਸੇ ਆਮ ਸਧਾਰਣ ਪਾਠਕ ਦੀ ਸਮਝ ਤੋਂ ਵੀ ਪਰੇ ਨਾ ਹੋਵੇ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਵਰਤੀ ਬੋਲੀ ਨੂੰ ਭਾਈ ਗੁਰਦਾਸ ਦੀ ਵਾਰਾਂ ਦੀ ਕੇਂਦਰੀ ਪੰਜਾਬੀ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ ।

ਭਾਈ ਵੀਰ ਸਿੰਘ ਪੰਜਾਬੀ ਸ਼ਬਦਾਂ ਤੇ ਬੋਲੀ ਵਾਂਗ ਪੰਜਾਬੀ ਮੁਹਾਵਰੇ ਨੂੰ ਵੀ ਸਾਫ਼ ਰੱਖਣਾ ਚਾਹੁੰਦਾ ਸੀ । ਸਫ਼ਲ ਪੰਜਾਬੀ ਰਚਨਾਵਾਂ ਰਚਣ ਲਈ ਜਿਥੇ ਪੰਜਾਬੀ ਸ਼ਬਦਾਵਲੀ ਬੋਲੀ ਨੂੰ ਠੇਠ ਤੇ ਟਕਸਾਲੀ ਰੱਖਣਾ ਜ਼ਰੂਰੀ ਹੈ ਉਥੇ ਮੁਹਾਵਰਾ ਵੀ ਆਪਣੇ ਟਕਸਾਲੀ ਰੂਪ ਵਿਚ ਹੀ ਹੋਣਾ ਚਾਹੀਦਾ ਹੈ । ਪ੍ਰਿੰ. ਤੇਜਾ ਸਿੰਘ ਇਸ ਬਾਰੇ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ :

> " ਪੰਜਾਬੀ ਦੇ ਮੁਹਾਵਰੇ ਨੂੰ ਸਾਫ਼ ਰੱਖਣਾ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਲੋਕਾਂ ਦੀ ਬੋਲੀ ਹੈ । ਇਸ ਨੂੰ ਆਮ ਜਨਤਾ ਤੋਂ ਦੂਰ ਨਹੀਂ ਜਾਣਾ ਚਾਹੀਦਾ ।"[2]

ਭਾਈ ਵੀਰ ਸਿੰਘ ਨੇ ਵੀ ਆਪਣੀਆਂ ਰਚਨਾਵਾਂ ਵਿਚ ਸਭ ਤੋਂ ਵੱਧ ਯਤਨ ਪੰਜਾਬੀ ਦਾ ਠੇਠ ਮੁਹਾਵਰਾ ਸਿਰਜਨ ਲਈ ਹੀ ਕੀਤਾ ਹੈ । ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਸਧਾਰਣ ਲੋਕਾਂ ਲਈ ਹੀ ਰਚੀਆਂ । ਇਹ ਭਾਈ ਵੀਰ ਸਿੰਘ ਨੇ ਰਚਨਾਵਾਂ ਠੇਠ ਪੰਜਾਬੀ ਵਿਚ ਇਸ ਮਨੋਰਥ ਨਾਲ ਰਚੀਆਂ ਕਿ ਇਹ ਸਧਾਰਣ ਤੋਂ ਸਧਾਰਣ ਲੋਕਾਂ ਦੀ ਸਮਝ ਵਿਚ ਆ ਸਕਣ । ਇਸ ਲਈ ਆਪ ਆਪਣੀਆਂ ਰਚਨਾਵਾਂ ਵਿਚ ਵੱਧ ਤੋਂ ਵੱਧ ਜ਼ੋਰ ਪੰਜਾਬੀ ਦਾ ਠੇਠ ਮੁਹਾਵਰਾ ਵਰਤਣ ਤੇ ਹੀ ਲਗਾਉਂਦੇ ਹਨ ।

ਇਸ ਦਾ ਇਕ ਕਾਰਣ ਇਹ ਵੀ ਹੈ ਕਿ ਭਾਈ ਵੀਰ ਸਿੰਘ ਦੇ ਸਮੇਂ ਸ਼ਹਿਰਾਂ ਵਿਚ ਵਰਤੀ ਜਾਂਦੀ ਬੋਲੀ ਵਿਚ ਅੰਗਰੇਜ਼ੀ, ਫਾਰਸੀ, ਉਰਦੂ ਆਦਿ ਸ਼ਬਦਾਂ ਦੀ ਭਰਮਾਰ ਸੀ । ਪੇਂਡੂ ਵਾਤਾਵਰਣ ਵਿਚ ਤਾਂ ਭਾਵੇਂ ਠੇਠ ਪੰਜਾਬੀ ਬੋਲੀ ਹੀ ਪ੍ਰਚਲਿਤ ਸੀ, ਪਰ ਫਿਰ ਵੀ ਇਸ ਵਿਚ ਕਿਤੇ ਨਾ ਕਿਤੇ ਉਰਦੂ, ਫਾਰਸੀ ਭਾਸ਼ਾਵਾਂ ਦੀ ਤਦਭਵ ਸ਼ਬਦਾਵਲੀ ਕਿਤੇ ਨਾ ਕਿਤੇ ਆ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 2
2. ਪ੍ਰਿੰ. ਤੇਜਾ ਸਿੰਘ : ਪੰਜਾਬੀ ਕਿਵੇਂ ਲਿਖੀਏ : ਪੰਨਾ 86

ਮਿਲਦੀ ਸੀ । ਭਾਈ ਵੀਰ ਸਿੰਘ ਨੇ ਸਭ ਪਾਸਿਆਂ ਤੋਂ ਚੇਤੰਨ ਲੇਖਕ ਵਾਂਗ ਇਸ ਪੇਂਡੂ ਮੁਹਾਵਰੇ ਨੂੰ ਨਿਖਾਰਨ ਦਾ ਸੁਚੇਤ ਤੌਰ ਤੇ ਯਤਨ ਕੀਤਾ । ਜਿਵੇਂ:

> " ਕੁਲਟਾ ! ਨਿਜ ਜੋਗ ਦੇ, ਮੌਤ ਮਰ ਜਾਂਦੀ ਤੇਰੀ ਮਾਂ ਜਾਂ ਤੇਰੇ ਹੋਣ ਤੋਂ ਪਹਿਲੋਂ ਮਰ ਜਾਂਦਾ ਮੈਂ, ਬੈਸ ਉਮਰਾਂ ਵਿਚ ਮੈਨੂੰ ਇਹ ਦਿਨ ਦਿਖਾਇਆ । ਹਈ ! ਤੇਰਾ ਸੱਤਯਨਾਸ ।"[1]

ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਭਾਈ ਵੀਰ ਸਿੰਘ ਨੇ ਮੁੱਖ ਤੌਰ ਤੇ ਪੰਜਾਬੀ ਠੇਠ ਮੁਹਾਵਰੇ ਨੂੰ ਆਪਣੇ ਸਾਹਮਣੇ ਰੱਖਿਆ ਹੈ । ਇਨ੍ਹਾਂ ਸਤਰਾਂ ਵਿਚ ਕਿਤੇ ਵੀ ਕਿਸੇ ਹੋਰ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ । ਇਥੇ ਲੇਖਕ ਜਿਸ ਗੱਲ ਵੱਲ ਬੜਾ ਚੇਤੰਨ ਦਿਸਦਾ ਹੈ ਉਹ ਇਹ ਹੈ ਕਿ ਆਪ ਨੇ ਕਿਤੇ ਵੀ ਸ਼ਹਿਰੀ ਮੁਹਾਵਰੇ ਦੇ ਸੁਆਦ ਨੂੰ ਵੀ ਨਾ ਨਿਖਾਰਨ ਦੀ ਖੁਲ੍ਹ ਨਹੀਂ ਦਿੱਤੀ । ਪੰਜਾਬੀ ਸੋਚਣ ਲਈ ਪੰਜਾਬੀ ਮੁਹਾਵਰਾ ਹੀ ਠੀਕ ਢੁਕਦਾ ਹੋਣ ਕਰਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪ੍ਰਚਲਿਤ ਅਤੇ ਪੇਂਡੂ ਮੁਹਾਵਰੇ ਨੂੰ ਹੀ ਸਾਹਿਤਕ ਮੁਹਾਵਰਾ ਬਣਾ ਕੇ ਇਸ ਦੀ ਵਰਤੋਂ ਕੀਤੀ ਹੈ । ਜਿਵੇਂ :

> " ਮੈਂ ਸਮਝਾ ਰਹੀ ਕੁਝ ਨਾ ਪੋਹਿਆ, ਹਾਇ ਪਿਆਰੇ ਪੁਤ੍ਰ ! ਇਹ ਉਚੀਆਂ ਘਾਟੀਆਂ ਬਿਖੜੇ ਰਸਤੇ ਨਾ ਫੜ, ਆਪਣੇ ਮੰਦਰ ਵੜ ਕੇ ਸਤਿਗੁਰਾਂ ਨੂੰ ਧਿਆ ਲੈ । ਨਿੱਕੀ ਜਿਹੀ ਤੇਰੀ ਜਿੰਦ ਹੈ, ਇਕ ਭਾਰੀ ਪਰਬਤ ਸਿਰ ਤੇ ਪੈਣ ਦਾ ਡਰ ਹੈ, ਮੇਰੇ ਲਾਲ ! ਕਹਿਰ ਬਖੇੜਾ !"[2]

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਜਿਹੜਾ ਦੂਸਰਾ ਗੁਣ ਵੇਖਣ ਨੂੰ ਮਿਲਦਾ ਹੈ, ਉਹ ਹੈ ਲੇਖਕ ਦੇ ਸ਼ਬਦ ਭੰਡਾਰ ਦੀ ਵਿਸ਼ਾਲਤਾ । ਭਾਈ ਵੀਰ ਸਿੰਘ ਕੋਲ ਸ਼ਬਦ ਭੰਡਾਰ ਦਾ ਅਥਾਹ ਖਜ਼ਾਨਾ ਮਿਲਦਾ ਹੈ । ਲੇਖਕ ਨੂੰ ਆਪਣੇ ਪ੍ਰਭਾਵ ਪ੍ਰਗਟਾਉਣ ਲਈ ਇਕ ਸ਼ਬਦ ਨਹੀਂ ਪਰ ਇਕ ਭਾਵ ਨੂੰ ਪ੍ਰਗਟਾਉਣ ਲਈ ਇਕੋ ਅਰਥਾਂ ਵਾਲੇ ਕਈ ਸ਼ਬਦ ਮਿਲ ਜਾਂਦੇ ਹਨ । ਜਿਵੇਂ ਭਾਈ ਵੀਰ ਸਿੰਘ ਜੀ ਚਿਤ ਦੀ ਅਵਸਥਾ ਨੂੰ ਪ੍ਰਗਟ ਕਰਦੇ ਹੋਏ ਲਿਖਦੇ ਹਨ :

---

1. ਭਾਈ ਵੀਰ ਸਿੰਘ : ਬਿਜੈ ਸਿੰਘ : ਪੰਨਾ 7
2. ਭਾਈ ਵੀਰ ਸਿੰਘ : ਬਿਜੈ ਸਿੰਘ : ਪੰਨਾ 14

> " ਬੀਬੀ ਰਾਣਾਂ ਜਿਸ ਵੇਲੇ ਘਰ ਦੇ ਪੀੜ੍ਹ ਵਿਚਲੀ ਕੋਈ ਬਹੁ ਸਤਵੰਤ ਕੌਰ ਵੇਖ ਗਈ, ਤਦ ਮੰਦਰ ਖਲੀ ਪਾਇਆ ਪੰਛੀ ਉਡ ਗਿਆ, ਪਿੰਜਰਾ ਸੱਖਣਾ । ਕੀ ਕਰਦੀ ? ਪਹਿਲੇ ਤਾਂ ਕੁਝ ਸੁੰਨ ਹੋਇਆ, ਪਰ ਜਦ ਸਰਦਾਰ ਨਕਦੇ ਨਾ ਦਿੱਠੇ ਤਦ ਦਿਲ ਨੂੰ ਘਾਟ ਪਈ । ਅੱਖਾਂ ਅੱਗੇ ਹਨੇਰਾ ਆ ਗਿਆ, ਹੋਸ਼ ਉਡੇ ਵਾਂਗ ਉਡ ਖਲੋਤੀ ਅਰੁ ਦਿਮਾਗ ਨੂੰ ਚੱਕਰ ਦੇ ਕੇ ਧੜਾਂ ਕਰਕੇ ਡੇਗਿਆ ।"[1]

ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਭਾਈ ਵੀਰ ਸਿੰਘ ਨੂੰ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਸ਼ਬਦਾਂ ਦੀ ਕੋਈ ਘਾਟ ਮਹਿਸੂਸ ਨਹੀਂ ਹੁੰਦੀ । ਸਗੋਂ ਸ਼ਬਦ ਤਾਂ ਉਨ੍ਹਾਂ ਅੱਗੇ ਪਾਣੀ ਦੇ ਵਹਿਣ ਵਾਂਗ ਵਗਦੇ ਦਿਖਾਈ ਦਿੰਦੇ ਹਨ । ਭਾਈ ਵੀਰ ਸਿੰਘ ਕੋਲ ਅਜਿਹਾ ਸ਼ਬਦ ਭੰਡਾਰ ਹੋਣ ਕਰਕੇ ਹੀ ਆਪ ਦੀ ਰਚਨਾ ਦੁਹਰਾਉ ਵਰਗੇ ਦੋਸ਼ ਤੋਂ ਬਚੀ ਹੋਈ ਦਿਸਦੀ ਹੈ ।

ਭਾਈ ਵੀਰ ਸਿੰਘ ਨੇ ਜਿਥੇ ਪੰਜਾਬੀ ਮੁਹਾਵਰੇ ਨੂੰ ਠੇਠ ਤੇ ਸ਼ੁੱਧ ਰੱਖਣ ਦਾ ਯਤਨ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ, ਉਥੇ ਉਨ੍ਹਾਂ ਨੇ ਪੰਜਾਬੀ ਮੁਹਾਵਰੇ ਦੀ ਵਰਤੋਂ ਵੀ ਸੁਚੱਜੇ ਢੰਗ ਨਾਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਭਾਈ ਵੀਰ ਸਿੰਘ ਨੇ ਪੰਜਾਬੀ ਮੁਹਾਵਰੇ ਦੀ ਵਰਤੋਂ ਬੜੀ ਢੁਕਵੀਂ ਅਤੇ ਥਾਂ ਸਿਰ ਕੀਤੀ ਹੈ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ' ਬਹੁਤੇ ਨੂੰ ਥੋੜ੍ਹੇ ਵਿਚ ਕਹਿਣ ਵਾਲਾ 'ਸੰਜਮਤਾ' ਵਾਲਾ ਗੁਣ ਪਾਇਆ ਜਾਂਦਾ ਹੈ । ਮੁਹਾਵਰਿਆਂ ਦੀ ਵਰਤੋਂ ਕਰਦੇ ਸਮੇਂ ਭਾਈ ਵੀਰ ਸਿੰਘ ਕੋਈ ਖਾਸ ਉਚੇਚ ਕਰਦਾ ਨਜ਼ਰ ਨਹੀਂ ਆਉਂਦਾ, ਸਗੋਂ ਇਹ ਤਾਂ ਸਹਿਜ ਸੁਭਾ ਹੀ ਲੇਖਕ ਦਾ ਆਪਣੀ ਰਚਨਾ ਨੂੰ ਪੇਸ਼ ਕਰਦੇ ਸਮੇਂ ਬਚਨਾਂ ਦੇ ਪ੍ਰਭਾਵ ਨੂੰ ਤਿੱਖਾ ਤੇ ਸਪਸ਼ਟ ਕਰਨ ਹਿਤ ਆਪਣੇ ਆਪ ਲੇਖਕ ਦੇ ਸਾਹਮਣੇ ਆ ਮੂਰਤੀਮਾਨ ਹੁੰਦੇ ਜਾਪਦੇ ਹਨ ।

ਠੇਠ ਮੁਹਾਵਰਿਆਂ ਦੇ ਨਾਲ ਨਾਲ ਪੰਜਾਬੀ ਅਖਾਉਤਾਂ ਦੀ ਵਰਤੋਂ ਵੀ ਵੇਖਣ ਨੂੰ ਮਿਲਦੀ ਹੈ । ਇਨ੍ਹਾਂ ਦੀ ਕੀਤੀ ਵਰਤੋਂ ਵੀ ਲੇਖਕ ਦੀ ਵਿਦਵਤਾ ਦਾ ਪ੍ਰਗਟਾ ਕਰਦੀ ਹੈ । ਜਿਸ ਪ੍ਰਕਾਰ ਮੁਹਾਵਰਿਆਂ ਦੀ ਵਰਤੋਂ ਕਰਦੇ ਹੋਏ ਆਪ ਲਿਖਦੇ ਹਨ :

> " ਨੱਚਣ ਲੱਗੀ ਤਾਂ ਘੁੰਡ ਕੇਹਾ ? ਮਾਤਾ ਜੀ ! (ਲੰਮਾ ਹਉਕਾ ਲੈ ਕੇ ) ਮੇਰੇ ਹਿਰਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਕਲਗੀਆਂ ਵਾਲੇ ਦੀ ਪ੍ਰੀਤ ਅਰ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 49

ਰਚ ਗਈ ਹੈ । ਰੋਮ ਰੋਮ ਵਿਚ ਪ੍ਰੇਮ ਸਮਾ ਗਿਆ ਹੈ ਤੇ ਹਰ ਪਾਸੇ ਮੈਨੂੰ ਉਨ੍ਹਾਂ ਦਾ ਸ਼ਬਦ ਸੁਣਾਈ ਦੇਂਦਾ ਹੈ । ਉਹ ਪਿਆਰਾ ਸੁੰਦਰ ਤੇਜੱਸ੍ਵੀ ਚਿਹਰਾ ਹਰ ਪੱਤੇ, ਹਰ ਫੁੱਲ, ਹਰ ਕੰਡੇ ਵਿਚੋਂ ਚਮਕਦਾ ਦਿਸਦਾ ਹੈ ਤੇ ਮੈਨੂੰ ਆਪਣੀ ਵੱਲ ਖਿਚਦਾ ਹੈ ।"[1]

ਅਜਿਹੇ ਠੇਠ ਪੰਜਾਬੀ ਮੁਹਾਵਰੇ, ਸ਼ਬਦ, ਅਖੌਤਾਂ ਦੀਆਂ ਅਨੇਕਾਂ ਹੋਰ ਉਦਾਹਰਣਾਂ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਵੇਖਣ ਨੂੰ ਮਿਲਦੀਆਂ ਹਨ । ਭਾਈ ਵੀਰ ਸਿੰਘ ਦੁਆਰਾ ਇਨ੍ਹਾਂ ਦੀ ਕੀਤੀ ਸੁਚੱਜੀ ਵਰਤੋਂ ਦੀ ਸਫਲਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

ਭਾਈ ਵੀਰ ਸਿੰਘ ਦੀ ਭਾਸ਼ਾ ਦਾ ਅਗਲਾ ਗੁਣ ਉਸ ਦੀ ਕੀਤੀ ਸ਼ਬਦ ਚੋਣ, ਸ਼ਬਦਾਂ ਦੀ ਸਿਰਜਣਾ ਅਤੇ ਉਨ੍ਹਾਂ ਦੀ ਵਰਤੋਂ ਹੈ । ਵਾਰਤਕ ਲੇਖਕ ਲੋਕ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਦੀ ਸਭ ਤੋਂ ਛੋਟੀ ਇਕਾਈ ਸ਼ਬਦ ਹੀ ਹੁੰਦੇ ਹਨ । ਇਸ ਬਾਰੇ ਪ੍ਰਿੰ. ਤੇਜਾ ਸਿੰਘ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ :

"ਸ਼ਬਦ ਦੀ ਰਚਨਾ ਦਾ ਸਾਰ, ਧੁਨਾਂ ਤੇ ਮੂਲ ਤੱਤ ਹੁੰਦਾ ਹੈ, ਇਸ ਦੇ ਆਧਾਰ ਤੇ ਹੀ ਸ਼ੈਲੀ ਦਾ ਭਾਸ਼ਾ ਦਾ ਮਹੱਲ ਉਸਰਦਾ ਹੈ ।"[2]

ਇਸੇ ਤਰ੍ਹਾਂ ਇਸ ਬਾਰੇ ਵਿਚ ਪਰਮਿੰਦਰ ਸਿੰਘ ਤੇ ਕਸੇਲ ਲਿਖਦਾ ਹੈ :

"ਸ਼ਬਦ ਤਾਂ ਉਹ ਇੱਟਾਂ ਹਨ ਜਿਹਨਾਂ ਦੁਆਰਾ ਲਿਖਤ ਦਾ ਕਲਾ ਮੰਦਰ ਉਸਾਰਿਆ ਜਾ ਸਕਦਾ ਹੈ । ਇਕ ਕਲਾਕਾਰ ਲੇਖਕ ਦੀ ਪਹਿਚਾਣ ਦੀ ਪਰਖ ਵੀ ਸ਼ਬਦਾਂ ਦੀ ਢੁਕਵੀਂ ਵਰਤੋਂ ਤੋਂ ਹੁੰਦੀ ਹੈ । ਜਿਵੇਂ ਉਹ ਥੋੜ੍ਹੀ ਸਮਗਰੀ ਨਾਲ ਸੋਹਣਾ ਤੇ ਭਾਵ ਪੂਰਤ ਮੰਦਰ ਉਸਾਰਦਾ ਹੈ ਤੇ ਆਪਣੀ ਕਲਾ ਨੂੰ ਉਜਾਗਰ ਕਰਦਾ ਹੈ ।"[3]

ਭਾਈ ਵੀਰ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਵੱਧ ਤੋਂ ਵੱਧ ਲੋਕ ਭਾਸ਼ਾ ਦੀ ਵਰਤੋਂ ਕੀਤੀ ਹੈ । ਜਿੰਨੀਆਂ ਲੋਕ ਕਥਾਵਾਂ, ਰਵਾਇਤਾਂ, ਅਖੌਤਾਂ ਤੇ ਅਖਾਣ ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਮਿਲਦੇ ਹਨ, ਸ਼ਾਇਦ ਹੀ ਕਿਸੇ ਹੋਰ ਲੇਖਕ ਦੀ ਰਚਨਾ ਵਿਚ ਮਿਲਦੇ ਹੋਣ ।

---

1. ਭਾਈ ਵੀਰ ਸਿੰਘ : ਬਿਜੈ ਸਿੰਘ : ਪੰਨਾ 10
2. ਪ੍ਰਿੰ. ਤੇਜਾ ਸਿੰਘ : ਅਭਿਨੰਦਨ ਗ੍ਰੰਥ : ਪੰਨਾ 92
3. ਪਰਮਿੰਦਰ ਸਿੰਘ ਤੇ ਕਸੇਲ : ਸਾਹਿਤ ਦੇ ਰੂਪ : ਪੰਨਾ 225

ਆਪ ਜਦੋਂ ਵੀ ਕਿਸੇ ਦੇ ਦਿਲੀ ਭਾਵਾਂ ਦਾ ਬਿਆਨ ਕਰਦੇ ਹਨ ਕਿਤੇ ਹੈਰਾਨੀ, ਕਿਤੇ ਕਰੁਣਾ ਅਤੇ ਕਿਤੇ ਹਾਸ ਰਸ ਅਵਸਥਾਵਾਂ ਨੂੰ ਵਰਨਣ ਵਿਚ ਕਮਾਲ ਕਰ ਦਿੰਦੇ ਹਨ । ਇਸ ਤਰ੍ਹਾਂ ਜਾਪਦਾ ਹੈ ਜਿਵੇਂ ਚਲਦੇ ਜੀਵਨ ਦੇ ਪ੍ਰਵਾਹ ਦਾ ਇਕ ਟੋਟਾ ਤਰਾਸ਼ ਕੇ ਪੇਸ਼ ਕਰ ਰਹੇ ਹੋਣ । ਇਕ ਜੁਆਰੀਏ ਦੀ ਮਾਂ ਜਦੋਂ ਦੁਖੀ ਹੋਈ ਆਪਣੇ ਪੁੱਤਰ ਉਤੇ ਕ੍ਰੋਧ ਵਿਚ ਵਰ੍ਹ ਰਹੀ ਹੈ, ਤਾਂ ਭਾਈ ਵੀਰ ਸਿੰਘ ਇਸ ਨੂੰ ਕਿਸ ਤਰ੍ਹਾਂ ਠੇਠ ਭਾਸ਼ਾ ਵਿਚ ਸਫਲਤਾ ਪੂਰਵਕ ਪੇਸ਼ ਕਰਦੇ ਹਨ :

> " ਔਤਰਿਆ, ਏਵੇਂ ਜਾਣਿਆ, ਕਿਸ ਨਾ ਹੋਇਆ ਨਾ ਮੁਰਾਦਾ, ਆਪਣੀ ਉਮਰ ਵੱਲ ਤਾਂ ਵੇਖ, ਪਿਉ ਦਾਦੇ ਦੀ ਪੱਤ ਪ੍ਰਤੀਤ ਤਾਂ ਸੋਚ । ਜੰਮਦਿਆਂ ਜੰਮਦਿਆਂ ਹੀ ਇਹ ਕਰਤੂਤਾਂ ਸੋਚਣ ਲੱਗਾ ਤਾਂ ਬਸ ਸਾਰਾ ਟੱਬਰ ਤਰ ਗਿਆ ਤੇ ਨਾਵਾਂ ਥੇਹ ਵੀਰਾਨ ਹੋ ਗਿਆ । ( ਬੜੇ ਗੁੱਸੇ ਵਿਚ ਜੋਸ਼ ਨਾਲ ) ਕੰਜਰ ਸੈਣਾਂ ਭਰਿਆਂ ਦੀ ਔਲਾਦ ਏਹ ਕਰਤੂਤਾਂ ਕਰਦੀ ਹੈ । ਤੂੰ ਕੇਹਾ ਕੁਲਹੀਣ ਪੈਦਾ ਹੋਇਆ ਹੈਂ, ਸਾਡੇ ਤਾਂ ਨਸੀਬ ਸੜ ਗਏ, ਅਸੀਂ ਸਾਕਾਂ ਅੰਗਾਂ ਵਿਚ ਨੱਕ ਕਿਸ ਤਰ੍ਹਾਂ ਰੱਖਾਂਗੇ, ਹਾਏ ਵੇ ਤੇਰੀ ਸਤਿਆ ਮਾਰੀ ਜਾਵੇ । ਇਹ ਕਹਿੰਦੇ ਨੇ ਦੋ ਤਿਨ ਧੱਪੇ ਵੀ ਪਟਾਕ ਲਾ ਦਿੱਤੇ ਤੇ ਉਪਰੋਂ ਇਹ ਵੀ ਕਹਿ ਦਿੱਤਾ —— ਤੇਰਾ ਤਾਂ ਨਾ ਹੋਣਾ ਇਸ ਹੋਣ ਨਾਲੋਂ ਚੰਗਾ ਪਰ ਮੈਂ ਔਂਤਰੀ ਘਰ ਔਲਾਦ ਨਹੀਂ ਵੇਖਣੀ, ਨਹੀਂ ਤਾਂ ਪਰਮੇਸ਼ਰ ਮੈਨੂੰ ਸਮੇਟ ਲਵੇ । ਇਸ ਚਟਾਕ ਪਟਾਕ ਦੀ ਅਵਾਜ਼ ਨਾਲ ਜੋ ਕੁਛ ਰੋਣ ਦੀ ਸੁਰ ਉਠੀ ਹੋਈ ਤਾਂ ਸਾਹਮਣੇ ਵਾਲੇ ਚੁਬਾਰੇ ਵਿਚੋਂ ਇਕ ਬਾਬੂ ਜਿਹੇ ਦੀ ਸ਼ਕਲ, ਪਰ ਸਿਰ ਤੇ ਕੁਹਰੀ ਦਸਤਾਰ, ਦਾੜ੍ਹੀ ਸਿੱਧੀ, ਤੇੜ ਕਛਹਿਰਾ ਪਹਿਨੇ ਹੋਏ ਨੱਪ ਨੱਪ ਕਰਦੇ ਹੋਏ ਪੌੜਾਂ ਉਤਰੇ ਤੇ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਮੁੰਡੇ ਨੂੰ ਬਾਹੋਂ ਫੜ ਕੇ ਛੁਡਾ ਲਿਆ ਤੇ ਪੁੱਛਿਆ, ਤੂੰ ਤੇ ਬੜੀ ਸਮਝ ਤੇ ਅਕਲ ਵਾਲੀ ਸਾਡੇ ਭਰਾ ਧੀਰਜ ਕਰ, ਗੱਲ ਤਾਂ ਦੱਸ ਭਾਈ ਕੀ ਹੋਇਆ ਕਿ ਏਵੇਂ ਹੀ ਬਾਲਕ ਛੋਹਾਂ ਲੱਤਾਂ ਚੰਡ ਘੱਤੀਆਂ ? ਬੱਚੇ ਮਾਰਿਆਂ ਨਹੀਂ ਸਿਖਦੇ, ਸਗੋਂ ਜਿਦੇ ਪੈ ਜਾਂਦੇ ਹਨ । ਅੱਗੋਂ ਉਸ ਤ੍ਰੀਮਤ, ਬੜੀ ਗੁੱਸੇ ਨਾਲ ਲਾਲ ਹੋਈ ਨੇ ਆਖਿਆ, ' ਗੱਲ ਕੀ ਦੱਸਾਂ ? ਮਿੱਟੀ ਕਿ ਖੇਹ ? ਇਸ ਕੋੜ੍ਹੇ ਨੂੰ ਤਾਂ ਰੱਬ ਦੀ ਮਾਰ ਵੱਗ ਗਈ ਹੈ, ਵੱਡੇ ਦੇ ਮੂੰਹ ਵੱਲ ਤਾਂ ਵੇਖੋ, ਲੋਰ

ਦੇ ਨੈਣਾਂ ਵਿਚੋਂ ਵਹਿੰਦੇ ਹੁੰਦੇ ਜਾਂਦੇ ਹਨ, ਖਬਰ ਨਹੀਂ ਕਿਹੜੀ ਵੈਰਾਗੀ ਸੰਗਤ ਵਿਚ ਬੈਠਣ ਸਿਖਿਆ ਹੈ, ਉਹੋ ਡਲੇ ਨੂੰ ਇਨੋਂ ਇਕ ਰੂਪ ਵੈਰਾਗ ਲੱਗ ਪਈ ਹੈ। ਇਹ ਕਹਿੰਦੀ ਹੋਈ ਦੇ ਅੱਖਾਂ ਵਿਚ ਹੰਝੂ ਭਰ ਗਏ ਤੇ ਕਹਿੰਦੀ ਕੂਕ ਗਈ।"[1]

ਇਸ ਤਰ੍ਹਾਂ ਉਪਰਲੀ ਉਦਾਹਰਣ ਤੋਂ ਅਸੀਂ ਵੇਖਦੇ ਹਾਂ ਕਿ ਆਪ ਦੀ ਭਾਸ਼ਾ ਕਿੰਨੀ ਲੋਕ ਭਾਸ਼ਾ ਦੇ ਨੇੜੇ ਹੈ। ਆਪ ਦੁਆਰਾ ਰਚੀ ਗਈ ਹਰ ਇਕ ਰਚਨਾ ਸਿੱਧੇ ਸਾਦੇ ਬੋਲੀ ਵਿਚ ਅੰਕਿਤ ਹੈ।

ਭਾਈ ਵੀਰ ਸਿੰਘ ਦੁਆਰਾ ਰਚੀਆਂ ਗਈਆਂ ਰਚਨਾਵਾਂ ਦੀ ਮਹਾਨਤਾ ਇਸ ਵਿਚ ਵੀ ਹੈ ਕਿ ਆਪਣੀਆਂ ਰਚਨਾਵਾਂ ਵਿਚ ਜਿੰਨੀਆਂ ਲੋਕ ਕਥਾਵਾਂ, ਕਹਾਵਤਾਂ, ਅਖਾਉਤਾਂ, ਅਖਾਣ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਹਨ, ਸ਼ਾਇਦ ਹੀ ਕਿਸੇ ਹੋਰ ਲੇਖਕ ਦੀਆਂ ਰਚਨਾਵਾਂ ਵਿਚ ਹੋਣ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਆਪ ਦੁਆਰਾ ਰਚੀ ਗਈ ਹਰ ਇਕ ਰਚਨਾ ਸਿੱਧੇ-ਸਾਦੇ ਬੋਲੀ ਵਿਚ ਅੰਕਿਤ ਹੈ। ਭਾਈ ਵੀਰ ਸਿੰਘ ਨੇ ਸ਼ਬਦਾਂ ਨਾਲ ਜੁੜਣ ਦੀ ਜਿੰਨੀ ਕੋਸ਼ਿਸ਼ ਕੀਤੀ ਹੈ। ਸ਼ਾਇਦ ਹੀ ਉਸ ਤੋਂ ਪਹਿਲਾਂ ਦੇ ਲੇਖਕਾਂ ਨੇ ਕੀਤੀ ਹੋਵੇ।

ਇਸ ਤੋਂ ਇਲਾਵਾ ਲੇਖਕ ਦੁਆਰਾ ਆਪਣੇ ਵਿਚਾਰਾਂ ਦੇ ਅਨੁਕੂਲ ਕੀਤੀ ਗਈ ਸ਼ਬਦ ਚੋਣ ਵੀ ਉਸ ਦੀ ਰਚਨਾ ਵਿਚ ਬਹੁਤ ਮਹੱਤਵ ਰੱਖਦੀ ਹੈ। ਜੇ ਕਿਸੇ ਰਚਨਾ ਵਿਚ ਕੀਤੀ ਗਈ ਸ਼ਬਦ ਚੋਣ ਲੇਖਕ ਦੇ ਆਪਣੇ ਵਿਚਾਰਾਂ ਦੇ ਅਨੁਕੂਲ ਨਾ ਹੋਵੇ ਤਾਂ ਉਸ ਰਚਨਾ ਦਾ ਸਰੂਪ ਕੁਢੱਬਾ, ਕਰੂਪ ਅਤੇ ਉਕਾਊ ਜਿਹਾ ਬਣ ਕੇ ਰਹਿ ਜਾਂਦਾ ਹੈ। ਸਧਾਰਣ ਸ਼ੈਲੀ ਵਿਚ ਸ੍ਰੇਸ਼ਟਤਾ ਲਿਆਉਣ ਦਾ ਲੇਖਕ ਕੋਲ ਸਭ ਤੋਂ ਵੱਡਾ ਸਾਧਨ ਉਸ ਦੀ ਸ਼ਬਦ ਚੋਣ ਹੀ ਹੁੰਦੀ ਹੈ। ਸ਼ਬਦ ਚੋਣ ਵੀ ਇਕ ਕਰਾਮਾਤ ਹੈ ਜਿਹੜੀ ਕਿ ਹਰ ਇਕ ਲੇਖਕ ਵਿਚ ਨਹੀਂ ਆ ਸਕਦੀ।

ਭਾਈ ਵੀਰ ਸਿੰਘ ਦੀ ਭਾਸ਼ਾ ਵਿਚੋਂ ਇਹ ਕਰਾਮਾਤ ਪ੍ਰਤੱਖ ਵੇਖੀ ਜਾ ਸਕਦੀ ਹੈ। ਉਸ ਦੁਆਰਾ ਕੀਤੀ ਗਈ ਆਪਣੇ ਵਿਸ਼ੇ ਅਨੁਕੂਲ ਸ਼ਬਦਾਂ ਦੀ ਚੋਣ ਅਤੇ ਨਵੇਂ ਸ਼ਬਦਾਂ ਦੀ ਸਿਰਜਣਾ ਸ਼ਲਾਘਾਯੋਗ ਹੈ। ਇਹ ਕੋਈ ਆਸਾਨ ਕੰਮ ਨਹੀਂ ਸਗੋਂ ਇਹ ਤਾਂ ਬੜੀ ਸਖਤ ਮਿਹਨਤ ਅਤੇ ਕਠਿਨ ਤਪੱਸਿਆ ਦੀ ਮੰਗ ਕਰਦਾ ਹੈ। ਇਸ ਬਾਰੇ ਡਾ. ਨਰਿੰਦਰ ਵੀ ਆਪਣੇ ਵਿਚਾਰ ਪ੍ਰਗਟਾਉਂਦਿਆਂ

---

1. ਭਾਈ ਵੀਰ ਸਿੰਘ : ਟ੍ਰੈਕਟ ਨੰ. 85, 1898

ਹੋਇਆ ਲਿਖਦਾ ਹੈ :

" ਲੇਖਕ ਲਈ ਆਪਣੇ ਵਿਸ਼ੇ ਅਨੁਕੂਲ ਸ਼ਬਦਾਂ ਦੀ ਚੋਣ ਜਾਂ ਉਹਨਾਂ ਦੀ ਸਿਰਜਣਾ ਕਰਨਾ ਬੜਾ ਕਠਿਨ ਹੈ। ਕਿਉਂਕਿ ਅਣਗਿਣਤ ਸ਼ਬਦਾਂ ਵਿਚੋਂ ਇਕ ਵਸਤ ਨੂੰ ਇਕ ਵਿਚਾਰ ਨੂੰ ਪ੍ਰਗਟ ਕਰਨ ਲਈ ਇਕੋ ਸ਼ਬਦ ਹੁੰਦਾ ਹੈ। ਹੋਰ ਸ਼ਬਦਾਂ ਨਾਲ ਕੰਮ ਚਲ ਸਕਦਾ ਹੈ, ਪਰ ਢੁਕਵਾਂ ਸ਼ਬਦ ਇਕੋ ਹੁੰਦਾ ਹੈ।"[1]

ਭਾਈ ਵੀਰ ਸਿੰਘ ਦੀ. ਸ਼ਬਦ ਦੀ ਕਰਾਮਾਤ ਉਸ ਦੀਆਂ ਹੇਠ ਲਿਖੀਆਂ ਟੂਕਾਂ ਤੋਂ ਭਲੀ - ਭਾਂਤ ਸਪਸ਼ਟ ਹੋ ਜਾਂਦੀ ਹੈ। ਜਦੋਂ ਆਪ ਸੰਸਾਰ ਦੇ ਰੰਗਾਂ ਦਾ ਵਰਨਣ ਕਰਦੇ ਹਨ ਤਾਂ ਆਪ ਨੂੰ ਸ਼ਬਦਾਂ ਦੀ ਕੋਈ ਥੁੜ ਪ੍ਰਤੀਤ ਨਹੀਂ ਹੁੰਦੀ। ਆਪ ਅਨੁਸਾਰ :

" ਸਾਈਂ ਦੇ ਰੰਗ ਬੇਅੰਤ ਅਤੇ ਕੁਦਰਤਾਂ ਅਨੰਤ ਹਨ। ਸੰਸਾਰ ਦੀ ਬਾਜ਼ੀ ਐਸੀ ਖਿਲਰੀ ਹੈ ਕਿ ਉਸ ਦਾ ਵੀ ਅੰਤ ਪਾਉਣਾ ਸੌਖਾ ਨਹੀਂ। ਕਿਤੇ ਰੰਗ ਕਿਤੇ ਤਮਾਸ਼ੇ, ਕਿਤੇ ਖੁਸ਼ੀਆਂ ਕਿਤੇ ਹਾਸੇ, ਕਿਤੇ ਰੋਣ ਕਿਤੇ ਵੈਣ। ਇਕ ਪਾਸੇ ਸ਼ਾਦੀਆਨੇ ਵਜ ਰਹੇ ਹਨ ਤਾਂ ਦੂਜੇ ਪਾਸੇ ਮਾਤਮ ਹੋ ਰਿਹਾ ਹੈ। ਇਕ ਸੁੰਦਰ ਜੋੜਾ ਹੰਸਾਂ ਦਾ ਕਿਧਰੇ ਵਿਚ ਤੁਰਿਆ ਹੋਇਆ ਹੈ ਤਾਂ ਦੂਜੇ ਪਾਸੇ ਉਹੋ ਜਿਹਾ ਜੋੜਾ ਭਰੀ ਪਿਟ ਰਿਹਾ ਹੈ।"[2]

ਇਸ ਤਰ੍ਹਾਂ ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਸ਼ਬਦ ਚਿਤ੍ਰਾਂ ਦੀ ਵਰਤੋਂ ਵੀ ਕਰਦਾ ਹੈ।

ਪੰਜਾਬੀ ਨੂੰ ਠੇਠ ਰੱਖਣ ਦਾ ਦੂਜਾ ਢੰਗ ਇਹ ਹੈ ਕਿ ਇਸ ਨੂੰ ਦੂਜੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਤੋਂ ਬਚਾ ਕੇ ਰੱਖਿਆ ਜਾਵੇ। ਪੰਜਾਬੀ ਨੂੰ ਠੇਠ ਰੱਖਣ ਲਈ ਪ੍ਰਿੰ. ਤੇਜਾ ਸਿੰਘ ਵੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦਾ ਹੈ :

" ਪੰਜਾਬੀ ਨੂੰ ਠੇਠ ਰੱਖਣ ਦਾ ਦੂਜਾ ਸਾਧਨ ਇਹ ਹੈ ਕਿ ਇਸ ਨੂੰ ਅੰਗਰੇਜ਼ੀ, ਫ਼ਾਰਸੀ, ਸੰਸਕ੍ਰਿਤ, ਹਿੰਦੀ, ਉਰਦੂ ਆਦਿ ਸਾਹਿਤ ਦੇ ਸ੍ਰੋਤਾਂ ਤੋਂ ਲਾਭ ਲੈਂਦਿਆਂ ਹੋਇਆਂ ਇਹਨਾਂ ਦੇ ਅਣਪਚਵੇਂ ਅਸਰਾਂ ਤੋਂ ਬਚਾ ਕੇ ਰੱਖਿਆ ਜਾਵੇ।"[3]

---

1. ਡਾ. ਨਰਿੰਦਰ : ਪਸ਼ਚਾਤਯ ਕਾਵਿ ਸ਼ਾਸਤਰ ਦੀ ਪਰੰਪਰਾ : ਪੰਨਾ 228
2. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 1
3. ਪ੍ਰਿੰ. ਤੇਜਾ ਸਿੰਘ : ਸਾਹਿਤ ਦਰਸ਼ਨ : ਪੰਨਾ 33 - 34

ਇਸ ਕਥਨ ਦੀਆਂ ਉਦਾਹਰਣਾਂ ਲੇਖਕ ਦੀਆਂ ਰਚਨਾਵਾਂ ਵਿਚ ਅਨੇਕਾਂ ਹੀ ਵੇਖਣ ਨੂੰ ਮਿਲਦੀਆਂ ਹਨ । ਭਾਈ ਵੀਰ ਸਿੰਘ ਨੇ ਦੂਸਰੀਆਂ ਭਾਸ਼ਾਵਾਂ ਦੀ ਵਰਤੋਂ ਤਾਂ ਕੀਤੀ ਹੈ, ਪਰ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦੇ ਸਮੇਂ ਲੇਖਕ ਨੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਹੈ ਕਿ ਉਸ ਨੇ ਦੂਸਰੀਆਂ ਭਾਸ਼ਾਵਾਂ ਦੇ ਉਨ੍ਹਾਂ ਸ਼ਬਦਾਂ ਨੂੰ ਹੀ ਆਪਣੀਆਂ ਰਚਨਾਵਾਂ ਵਿਚ ਅਪਣਾਇਆ ਹੈ ਜਿਹੜੇ ਕਿ ਪੰਜਾਬੀ ਪੇਂਡੂ ਜੀਵਨ ਵਿਚ ਆਮ ਵਰਤੇ ਜਾਂਦੇ ਸਨ, ਅਤੇ ਉਨ੍ਹਾਂ ਦੇ ਰੂਪ ਇਕ ਤਰ੍ਹਾਂ ਨਾਲ ਪੰਜਾਬੀ ਦਾ ਹੀ ਰੂਪ ਧਾਰ ਲਿਆ ਹੈ ।

ਭਾਈ ਵੀਰ ਸਿੰਘ ਉਰਦੂ ਫਾਰਸੀ ਦੇ ਮਰਦਾਊ ਪੁਣੇ ਤੋਂ ਵੀ ਚੰਗੀ ਤਰ੍ਹਾਂ ਜਾਣੂ ਸੀ, ਜਿਹੜੀ ਕਿ ਪੰਜਾਬੀ ਤਹਿਜ਼ੀਬ ਦੀ ਇਕ ਸੌ ਸਾਲ ਪੁਰਾਣੀ ਬੋਲੀ ਸੀ । ਇਹ ਹੀ ਕਾਰਨ ਹੈ ਕਿ ਕਈ ਥਾਵਾਂ ਤੇ ਭਾਈ ਵੀਰ ਸਿੰਘ ਉਰਦੂ ਸ਼ਬਦਾਵਲੀ ਦੇ ਪ੍ਰਭਾਵ ਨੂੰ ਵੀ ਉਜਾਗਰ ਕਰਦਾ ਹੈ ।

ਭਾਈ ਵੀਰ ਸਿੰਘ ਪੰਜਾਬੀ ਅਤੇ ਗੁਰਬਾਣੀ ਦੇ ਵਿਦਵਾਨ ਲੇਖਕ ਸਨ । ਇਸ ਕਰਕੇ ਅਨੇਕਾਂ ਸ਼ਬਦ ਆਪਣੇ ਪੁਰਾਣੇ ਪੰਜਾਬੀ ਅਤੇ ਪੰਜਾਬੀ-ਉਪਭਾਸ਼ਾਵਾਂ ਤੋਂ ਲਏ ਹਨ । ਸ਼ਬਦ ਅਨੇਕਾਂ ਰੂਪਾਂ ਵਿਚ ਵਰਤੇ ਮਿਲਦੇ ਹਨ । ਸ਼ਬਦ ਵਿਸਮਾਦੀ, ਭਾਵੁਕ ਅਤੇ ਸੁਝਾਊ ਹਨ ।

ਭਾਈ ਵੀਰ ਸਿੰਘ ਜੀ ਗੁਰਬਾਣੀ ਦੇ ਵਿਦਵਾਨ ਹੋਣ ਕਰਕੇ ਆਪ ਦੀ ਵਾਰਤਕ ਵਿਚ ਗੁਰਬਾਣੀ ਵਿਚੋਂ ਵੀ ਅਨੇਕਾਂ ਸ਼ਬਦ ਜਾਂ ਸ਼ਬਦ-ਜੁਟ ਆ ਜਾਂਦੇ ਹਨ ।

**ਗੁਰਬਾਣੀ ਦੀ ਸ਼ਬਦਾਵਲੀ :-**

ਜਿਵੇਂ :- ਭਉ, ਭਰਤਾ, ਅਗੰਮ, ਅਰੂਪ, ਰੰਗ ਰਤੜੇ, ਅੰਤਰ ਰੁਤ ਆਦਿ ।

ਭਾਈ ਵੀਰ ਸਿੰਘ ਬਾਰੇ ਜੇ ਇਸ ਤਰ੍ਹਾਂ ਕਹਿ ਦਿੱਤਾ ਜਾਵੇ ਕਿ ਅਪਣੇ ਤਾਂ ਆਪਣੀ ਸਾਰੀ ਰਚਨਾ ਹੀ ਧਾਰਮਿਕ ਪ੍ਰਭਾਵ ਹੇਠ ਲਿਖੀ ਤਾਂ ਇਸ ਵਿਚ ਵੀ ਕੋਈ ਅਤਿ ਕਥਨੀ ਨਹੀਂ ਹੋਵੇਗੀ ।

ਹਿੰਦੀ ਸ਼ਬਦਾਵਲੀ ਦੇ ਵੀ ਕਈ ਤਤਸਮ ਅਤੇ ਤਦਭਵ ਰੂਪ ਅਪਣੇ ਵਰਤੇ ਹਨ ।

**ਹਿੰਦੀ ਦੇ ਸ਼ਬਦ : -**

ਤਤਸਮ : ਪੁਰਤੋਮਾਨ, ਸਤਿਸਰੂਪ, ਪ੍ਰਕਾਸ਼ਵਾਨ, ਸਤਿਕਾਰ, ਪਰਵਾਨ, ਬਿਨਸਿਆ ।

ਤਦਭਵ : ਸੂਰਜਾ, ਪਰਮੇਸ਼ਰ, ਸਤਯਤਾ, ਉਪਾਵ

ਅਰਬੀ ਜਾਂ ਫ਼ਾਰਸੀ ਵਿਚੋਂ ਵੀ ਆਪਣੇ ਤਤਸਮ ਅਤੇ ਤਦਭਵ ਦੋਹਾਂ ਤਰ੍ਹਾਂ ਦੇ ਸ਼ਬਦ ਲਏ ਹਨ । ਜਿਵੇਂ :- ਅਕ਼ਲ, ਇਲਾਹੀ, ਸਰਸ਼ਾਰ, ਅਜ਼ੂਬਾ, ਸ਼ੁਮਾਰ, ਜਨਾਬ, ਅਰਸ਼ ਇਲਾਹੀ, ਕੁਦਰਤ ਆਦਿ ।

ਭਾਈ ਵੀਰ ਸਿੰਘ ਨੇ ਗੁਰੂ ਨਾਨਕ ਚਮਤਕਾਰ ਵਿਚ ਪੁਰਾਤਨ ਜਨਮਸਾਖੀ ਵਾਂਗੀ ਲਹਿੰਦੀ ਦੇ ਸ਼ਬਦਾਂ ਦੀ ਵੀ ਥਾਂ ਥਾਂ ਵਰਤੋਂ ਕੀਤੀ ਹੈ । ਭਾਈ ਵੀਰ ਸਿੰਘ ਇਸ ਤਰ੍ਹਾਂ ਦੀ ਸ਼ਬਦਾਵਲੀ ਦੀ ਵਰਤੋਂ ਉਥੇ ਹੀ ਕਰਦੇ ਹਨ ਜਿਥੇ ਆਪ ਸੋਚਦੇ ਹਨ ਕਿ ਆਪ ਦੇ ਵਿਸ਼ੇ ਨੂੰ ਸਪਸ਼ਟ ਕਰਨ ਲਈ ਇਹ ਸ਼ਬਦਾਵਲੀ ਜ਼ਿਆਦਾ ਜ਼ਰੂਰੀ ਹੈ ।

ਲਹਿੰਦੀ ਦੀ ਸ਼ਬਦਾਵਲੀ :

ਵਰਹੇ ਦਿਹੁੰ ਕਿਵ ਗੁਜ਼ਾਰਸਾਂ, ਹਾਣੇ ਕਿਥੋਂ ਭਾਲਸਾਂ, ਟੱਬਰ ਕਿਥੋਂ ਖਾਸੀ ।

ਭਾਈ ਵੀਰ ਸਿੰਘ ਨੇ ਹੋਰ ਭਾਸ਼ਾਵਾਂ ਦੇ ਸ਼ਬਦਾਂ ਵਾਂਗ ਉਰਦੂ ਦੇ ਸ਼ਬਦਾਂ ਦੀ ਵਰਤੋਂ ਵੀ ਬਹੁਤ ਥਾਈਂ ਕੀਤੀ ਹੈ । ਮਿਸਾਲ ਲਈ ਵੇਖੋ :- ਮਲਾਊਨ, ਨਾਅਲਤੇ, ਖੁਦਾ ਆਦਿ ।

ਸ਼ਬਦਾਂ ਦੇ ਸਮਾਸ ਬਣਾਉਣੇ ਵੀ ਭਾਸ਼ਾ ਦੀ ਸਮਰਥਾ ਦੇ ਲਖਾਇਕ ਹੁੰਦੇ ਹਨ । ਸਮਾਸ ਘੜਨ ਸਮੇਂ ਲੇਖਕ ਦੇ ਧਿਆਨ ਵਿਚ ਰੱਖਣ ਵਾਲੀਆਂ ਗੱਲਾਂ ਇਹ ਹਨ ਕਿ ਉਸ ਦੁਆਰਾ ਘੜੇ ਗਏ ਸਮਾਸ ਨਾ ਤਾਂ ਦੋ ਤੋਂ ਵੱਧ ਸ਼ਬਦਾਂ ਦੇ ਹੋਣ, ਨਾ ਹੀ ਔਖੇ ਅਰਥਹੀਣ ਅਤੇ ਅਸਪਸ਼ਟ ਸ਼ਬਦਾਂ ਦੇ ਹੋਣ ਅਤੇ ਨਾ ਹੀ ਦੇਸੀ ਅਤੇ ਬਦੇਸ਼ੀ ਸ਼ਬਦਾਂ ਦੇ ਇਕੱਠੇ ਸਮਾਸ ਬਣਾਏ ਜਾਣ । ਉਸ ਦੀਆਂ ਰਚਨਾਵਾਂ ਵਿਚ ਆਪਣੀਆਂ ਸਮਾਸਾਂ ਦੀਆਂ ਉਦਾਹਰਣਾਂ ਵੀ ਉਸ ਦੀ ਉੱਤਮ ਕਲਾਕਾਰੀ ਦਾ ਨਮੂਨਾ ਦਿਸਦੀਆਂ ਹਨ । ਜਿਵੇਂ :- ਸ਼ਬਦ ਭੇਦ, ਪੂਜਾ ; ਅਸਥਾਨ ਅਤੇ ਸ਼ਕਲ - ਅਪਸ਼ਕਲ ਆਦਿ । ਭਾਈ ਵੀਰ ਸਿੰਘ ਨੇ ਜਿਥੇ ਨਵੇਂ ਅਰਥ ਅਤੇ ਸਮਾਸ ਘੜੇ ਹਨ ਕਈ ਦਫ਼ਾ ਸ਼ਬਦ ਗਲਤ ਵੀ ਘੜਿਆ ਗਿਆ ਹੈ । ਜਿਵੇਂ " ਹਰਧਾਨ " ।

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਵਿਆਕਰਣ ਦੇ ਪੱਖ ਤੋਂ ਵੀ ਕੋਈ ਉਣਤਾਈ ਨਜ਼ਰ ਨਹੀਂ ਆਉਂਦੀ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਕੀਤੀ ਗਈ ਵਾਕ ਬਣਤਰ, ਪੈਰ੍ਹਾ ਵੰਡ, ਸ਼ਬਦ ਜੋੜ ਅਤੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਦੀ ਕਮਾਲਤਾ ਆਪਣੀਆਂ ਸਿਖਰਾਂ ਛੂਹਦੀ ਪਈ ਹੈ ।

ਭਾਈ ਵੀਰ ਸਿੰਘ ਦੀ ਵਾਰਤਕ ਰਚਨਾ ਦਾ ਇਕ ਹੋਰ ਗੁਣ ਉਨ੍ਹਾਂ ਦੀ ਵਾਕ ਬਣਤਰ ਹੈ । ਉਂਜ ਵੀ, ਸਰਲ ਤੇ ਸਪਸ਼ਟ ਵਾਰਤਕ ਦਾ ਇਹ ਇਕ ਗੁਣ ਵੀ ਮੰਨਿਆ ਗਿਆ ਹੈ ਕਿ ਉਸ ਰਚਨਾ ਦੇ ਵਾਕ ਵੀ ਸਾਦੇ ਅਤੇ ਸਰਲ ਹੋਣ ਤਾਂ ਜੋ ਇਕ ਤਾਂ ਉਹ ਲੇਖਕ ਦੇ ਭਾਵਾਂ ਨੂੰ ਸੌਖੇ ਤੇ ਸੁਖੈਨ ਢੰਗ ਨਾਲ ਪੇਸ਼ ਕਰ ਸਕਣ, ਦੂਜਾ ਪਾਠਕ ਨੂੰ ਛੇਤੀ ਸਮਝ ਆ ਸਕਣ । ਡਾ. ਜੀਤ ਸਿੰਘ ਸੀਤਲ ਵੀ ਇਸ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

> " ਨਿੱਕੇ ਨਿੱਕੇ ਵਾਕ ਵਾਰਤਕ ਵਿਚ ਗਤੀ ਲਿਆਉਂਦੇ ਹਨ । ਇਸ ਲਈ ਉਨ੍ਹਾਂ ਦਾ ਪ੍ਰਯੋਗ ਕਾਰਜ ਦਰਸਾਉਣ ਜਾਂ ਇਤਿਹਾਸਕ ਘਟਨਾਵਾਂ ਦੇ ਵਰਣਨ ਲਈ ਬਹੁਤ ਹੱਦ ਤੱਕ ਉਚਿਤ ਤੇ ਜ਼ਰੂਰੀ ਹੁੰਦਾ ਹੈ, ਜਦ ਕਿ ਲੰਮੇ ਵਾਕ ਲਿਖਤ ਵਿਚ ਗੰਭੀਰਤਾ ਤੇ ਸੋਚ ਵਿਚਾਰ ਦੇ ਭਾਵ ਲਿਆਉਂਦੇ ਹਨ ।"[1]

ਇਸ ਬਾਰੇ ਵਿਚ ਹਰਬਰਟ ਰੀਡ ਵੀ ਆਪਣੇ ਵਿਚਾਰ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

> " ਵਾਕ ਰਚਨਾ ਵਿਚ ਲੰਮੇ ਵਾਕ ਦਾਰਸ਼ਨਿਕਤਾ ਅਤੇ ਗੂੜ੍ਹ ਗਿਆਨ ਦਾ ਪ੍ਰਭਾਵ ਪਾਉਂਦੇ ਹਨ । ਉਂਜ ਛੋਟੇ ਵਾਕ ਕਿਸੇ ਰਚਨਾ ਵਿਚ ਵਹਾਉ, ਰਵਾਨੀ ਅਤੇ ਸਪਸ਼ਟਤਾ ਵਰਗੇ ਗੁਣ ਪੈਦਾ ਕਰਦੇ ਹਨ ।' ਲੰਮੇ ਵਾਕਾਂ ਦੀ ਵਰਤੋਂ ਵਿਚ ਸੰਤੁਲਨ ਕਾਇਮ ਨਹੀਂ ਰਹਿੰਦਾ ।"[2]

ਕਹਿਣ ਦਾ ਭਾਵ ਇਹ ਹੈ ਕਿ ਵਾਰਤਕ ਰਚਨਾ ਵਿਚ ਆਮ ਕਰਕੇ ਵਾਕ ਛੋਟੇ, ਸਾਰਥਕ ਅਤੇ ਕੰਨਾਂ ਨੂੰ ਮਿੱਠੇ ਲੱਗਣ ਵਾਲੇ ਹੀ ਹੋਣੇ ਚਾਹੀਦੇ ਹਨ । ਲੇਖਕ ਦੁਆਰਾ ਲਿਖਿਆ ਹੋਇਆ ਵਾਕ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਪੜ੍ਹਦਿਆਂ ਸਾਰ ਹੀ ਪਾਠਕ ਦੇ ਸਾਰੀ ਗੱਲ ਸਮਝ ਆ ਸਕੇ,

---

1. ਡਾ. ਜੀਤ ਸਿੰਘ ਸੀਤਲ : ਵਾਰਤਕ ਤੇ ਵਾਰਤਕ ਸ਼ੈਲੀ : ਪੰਨਾ 40

" Other things being equal, a series of short sentences will convey of an impression speed and are therefore suited to the narration of action or historical events whilest longer sentence give an air of solemy and deliberation to writters."

2. Herbert Read : English Prose style : P-35

ਅਤੇ ਨਾਲ ਹੀ ਉਸ ਵਿਚੋਂ ਸੁਹਜ ਸੁਆਦ ਵੀ ਪ੍ਰਾਪਤ ਹੋਵੇ । ਲੰਬੇ ਵਾਕ ਸ਼ੁਰੂ ਕਰਕੇ ਉਹ ਵੀ ਸਾਂਭ ਔਖੇ ਹੋ ਜਾਂਦੇ ਹਨ । ਇਸ ਕਰਕੇ ਲੰਬੇ ਵਾਕ ਅਕਸਰ ਅਸਪਸ਼ਟ ਹੋ ਜਾਂਦੇ ਹਨ । ਸਧਾਰਣ ਲੇਖਕ ਤਾਂ ਲੰਬੇ ਵਾਕਾਂ ਨੂੰ ਬਿਲਕੁਲ ਸਾਂਭ ਹੀ ਨਹੀਂ ਸਕਦਾ, ਕਿਉਂਕਿ ਲੰਬੇ ਵਾਕਾਂ ਵਿਚ ਉਸ ਦਾ ਭਾਵ ਬਿਖਰ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਪਾਠਕ ਤੇ ਲੋੜੀਂਦਾ ਪ੍ਰਭਾਵ ਨਹੀਂ ਪੈਂਦਾ । ਛੋਟੇ ਵਾਕ ਲਿਖਣੇ ਬਹੁਤ ਕਠਿਨ ਹੁੰਦੇ ਹਨ ਕਿਉਂਕਿ ਲੇਖਕ ਲਈ ਆਪਣੇ ਵਿਚਾਰਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਪੇਸ਼ ਕਰਨ ਲਈ ਬਹੁਤ ਜ਼ਿਆਦਾ ਮਿਹਨਤ ਅਤੇ ਘਾਲਣਾਂ ਦੀ ਲੋੜ ਹੁੰਦੀ ਹੈ । ਲਿਖਤ ਵਿਚਲੇ ਇਕ ਸੁਚੱਜੇ ਵਾਕ ਦੀ ਪਛਾਣ ਇਹ ਹੀ ਹੈ ਕਿ ਉਸ ਵਿਚ ਇਕ ਸ਼ਬਦ ਵੀ ਇਧਰ ਉਧਰ ਜਾਂ ਘੱਟ ਵੱਧ ਕਰ ਦੇਣ ਨਾਲ ਉਸ ਦਾ ਆਸ਼ਾ ਹੀ ਖਤਮ ਹੋ ਜਾਂਦਾ ਹੈ ।"[1]

ਭਾਈ ਵੀਰ ਸਿੰਘ ਨੂੰ ਇਸ ਪੱਖੋਂ ਵੀ ਸਫਲ ਸਮਝਿਆ ਜਾਂਦਾ ਹੈ । ਆਪ ਨੇ ਆਮ ਕਰਕੇ ਛੋਟੇ ਅਤੇ ਭਾਵ ਪੂਰਤ ਵਾਕਾਂ ਦੀ ਵਰਤੋਂ ਕੀਤੀ ਹੈ ।

ਕੋਈ ਵੀ ਲਿਖਤ ਲਗਾਤਾਰ ਨਹੀਂ ਲਿਖੀ ਜਾ ਸਕਦੀ । ਸਗੋਂ ਛੋਟੇ ਛੋਟੇ ਪੈਰ੍ਹਿਆਂ ਵਿਚ ਵੰਡ ਕੇ ਲਿਖੀ ਜਾ ਸਕਦੀ ਹੈ । ਪੈਰ੍ਹਾ ਵੰਡ ਵਾਰਤਕ ਰਚਨਾ ਦੀ ਪਹਿਲੀ ਪੂਰਣ ਇਕਾਈ ਹੈ ।* ਇਸ ਬਾਰੇ ਵਿਚ ਮੰਨੇ ਹਰਬਰਟ ਰੀਡ ਲਿਖਦਾ ਹੈ," ਹਰ ਇਕ ਪੈਰ੍ਹੇ ਵਿਚ ਕਿਸੇ ਇਕ ਵਿਚਾਰ ਦਾ ਪੂਰਣ ਵਿਕਾਸ ਹੋਣਾ ਚਾਹੀਦਾ ਹੈ ।"[2] ਡਾ. ਸਿੰਗਲ ਇਸ ਬਾਰੇ ਵਿਚ ਵਿਚਾਰ ਵਖਰੇ ਰੂਪ ਵਿਚ ਪੇਸ਼ ਕਰਦਾ ਹੈ । ਉਹ ਕਹਿੰਦਾ ਹੈ," ਜੇ ਭਾਵ ਲੰਬਾ ਹੋਵੇ ਤਾਂ ਇਸ ਨੂੰ ਇਕ ਤੋਂ ਵਧੀਕ ਛੋਟੇ ਛੋਟੇ ਪੈਰ੍ਹਿਆਂ ਵਿਚ ਵੀ ਵੰਡਿਆ ਜਾ ਸਕਦਾ ਹੈ ।"[3]

ਜਿਥੋਂ ਤੱਕ ਭਾਈ ਵੀਰ ਸਿੰਘ ਦੀ ਆਪਣੇ ਨਿਬੰਧਾਂ ਵਿਚ ਕੀਤੀ ਪੈਰ੍ਹਾ ਵੰਡ ਦਾ ਸੰਬੰਧ ਹੈ ਉਸ ਨੂੰ ਵੇਖਦੇ ਹੋਏ ਇਹ ਆਪ ਦੀ ਵਾਰਤਕ ਰਚਨਾ ਦਾ ਸਿੰਗਾਰ ਕਿਹਾ ਜਾ ਸਕਦਾ ਹੈ । ਭਾਈ ਵੀਰ ਸਿੰਘ ਦਾ ਨਵਾਂ ਖਿਆਲ ਸ਼ੁਰੂ ਹੋਣ ਵੇਲੇ ਉਸ ਦਾ ਪੈਰ੍ਹਾ ਵੀ ਨਵਾਂ ਰੂਪ ਧਾਰਨ ਕਰ ਲੈਂਦਾ ਹੈ । ਭਾਈ ਵੀਰ ਸਿੰਘ ਨੇ ਪ੍ਰੋ. ਪੂਰਨ ਸਿੰਘ ਵਾਂਗ ਨਾ ਤਾਂ ਲੰਬੇ ਲੰਬੇ ਪੈਰ੍ਹੇ ਬਣਾਏ ਹਨ ਅਤੇ

* The paragraph is indeed the first complete and independent unit of phrase rhythm. The sentence has rhythm, but as we perfectly rhythmical is not perfect phrase."

1. Herbert Read : English Prose Style : P-59
2. -do- : P-52
3. ਡਾ. ਧਰਮਪਾਲ ਸਿੰਗਲ : ਵਾਰਤਕ ਸ਼ੈਲੀ : ਪੰਨਾ 98

ਨਾ ਹੀ ਉਸ ਵਾਂਗ ਇਕ ਵਿਚਾਰ ਨੂੰ ਇਕ ਤੋਂ ਵੱਧ ਪੈਰ੍ਹਿਆਂ ਵਿਚ ਆਉਣ ਦਿੱਤਾ ਹੈ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੀ ਤਰਤੀਬ ਤੇ ਪੈਰ੍ਹਾ ਬੰਦ ਦੀ ਇਹ ਹੀ ਵਿਸ਼ੇਸ਼ਤਾ ਹੈ ।

ਪੈਰ੍ਹਾ ਬੰਦ ਵਾਂਗ ਲਿਖਤ ਵਿਚ ਵਿਸ਼ਰਾਮ ਚਿੰਨ੍ਹ ਵੀ ਬਹੁਤ ਮਹੱਤਤਾ ਰੱਖਦੇ ਹਨ । ਅਸੀਂ ਜੋ ਕੁਝ ਵੀ ਬੋਲਦੇ ਹਾਂ, ਉਸ ਨੂੰ ਜਦੋਂ ਲਿਖਤੀ ਰੂਪ ਦਿੱਤਾ ਜਾਂਦਾ ਹੈ ਤਾਂ ਉਸ ਦਾ ਅਰਥ ਉਨੀ ਦੇਰ ਸਪਸ਼ਟ ਨਹੀਂ ਹੋ ਸਕਦਾ ਜਿੰਨ੍ਹਾਂ ਚਿਰ ਇਨ੍ਹਾਂ ਵਿਚ ਢੁਕਵੇਂ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਨਾ ਹੋਵੇ। ਹਰਬਰਟ ਰੀਡ ਨੇ ਵੀ ਵਿਸ਼ਰਾਮ ਚਿੰਨ੍ਹ ਦੇ ਤਿੰਨ ਅਰਥ ਮੰਨੇ ਹਨ । ਇਸ ਸੰਬੰਧੀ ਉਹ ਲਿਖਦਾ ਹੈ :

> " ਜਿਵੇਂ ਜਿਵੇਂ ਵਾਕ ਵਿਚ ਜਟਿਲਤਾ ਆਉਂਦੀ ਹੈ, ਤਿਵੇਂ ਤਿਵੇਂ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਵਧੇਰੇ ਉਲਝੇਵੇਂ ਭਰੀ ਹੋ ਜਾਂਦੀ ਹੈ ਤੇ ਵਧੇਰੇ ਧਿਆਨ ਦੀ ਮੰਗ ਕਰਦੀ ਹੈ । ਘੱਟ ਤੋਂ ਘੱਟ ਅੰਗਰੇਜ਼ੀ ਵਾਰਤਕ ਲਿਖਤਾਂ ਵਿਚ ਵਿਸ਼ਰਾਮ ਚਿੰਨ੍ਹਾਂ ਦੀਆਂ ਤਿੰਨ ਵਿਧੀਆਂ ਵਰਤੀਆਂ ਗਈਆਂ ਹਨ ।"[1]

ਭਾਈ ਵੀਰ ਸਿੰਘ ਦੁਆਰਾ ਅਪਣੀਆਂ ਰਚਨਾਵਾਂ ਵਿਚ ਵਾਕਾਂ ਤੇ ਪੈਰ੍ਹਿਆਂ ਵਿਚ ਕੀਤੀ ਗਈ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਪੂਰੀ ਢੁਕਵੀਂ, ਲੋੜੀਂਦੀ ਤੇ ਠੀਕ ਹੈ । ਇਸ ਦਾ ਨਮੂਨਾ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚੋਂ ਵੇਖਿਆ ਜਾ ਸਕਦਾ ਹੈ । ਜਿਵੇਂ :

> " ਮੈਂ ਵੱਡੀ ਔਗਣਹਾਰੀ ਹਾਂ, ਮੇਰੇ ਪਿੱਛੇ ਤੁਹਾਨੂੰ ਅਤੇ ਸਾਰੇ ਸਿੰਘਾਂ ਨੂੰ ਵੱਡੇ ਕਸ਼ਟ ਝੱਲਣੇ ਪਏ ਹਨ । ਮੇਰੀ ਮੁਰਾਦ ਇਹ ਸੀ ਕਿ ਮੈਂ ਭੁੱਖਿਆਂ ਨੂੰ ਸੁੱਖ ਦਿਵਾਂ, ਉਲਟਾ ਸਭੋ ਮੈਂ ਦੁੱਖਾਂ ਦਾ ਕਾਰਨ ਹੋਈ ਰਹੀ ਹਾਂ । ਮੈਂ ਗੁਰੂ ਗੋਬਿੰਦ ਸਿੰਘ ਅੱਗੇ ਕੀ ਮੂੰਹ ਵਿਖਾਵਾਂਗੀ ਕਿ ਅੰਮ੍ਰਿਤ ਛਕ ਕੇ ਮੈਂ ਕਿੰਨੀ ਕੁ ਪੰਥ ਦੀ ਸੇਵਾ ਕੀਤੀ ਹੈ ? ਕਲਗੀਆਂ ਵਾਲਾ ਸੁੰਦਰ ਪਿਆਰਾ ਜਦ ਪੁੱਛੇਗਾ ਪੁੱਤ੍ਰੀ ! ਕੀ ਭਾਣਾ ਕਰਕੇ ਆਈ ਹੈ ? ਉਸ ਵੇਲੇ ਸ਼ਰਮਿੰਦਾ ਮਨ ਕੀ ਉੱਤਰ ਦੇਵੇਗਾ ? "[2]

---

" The sentence increase in complexity the use of punctionation at least there mention of punctionation on have been use in English prose structure respiration and rhythm."

1. Herbert Read : English prose style : P-45

2. ਭਾਈ ਵੀਰ ਸਿੰਘ : ਸੁੰਦਰੀ : ਪੰਨਾ 120

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਭਾਸ਼ਾ, ਮੁਹਾਵਰੇ, ਅਖਾਣ, ਬੋਲੀ, ਪੈਰ੍ਹਾ ਵੰਡ ਅਤੇ ਵਿਸ਼ਰਾਮ ਚਿੰਨ੍ਹਾਂ ਨੂੰ ਵੇਖਦੇ ਹੋਏ ਕਹਿ ਸਕਦੇ ਹਾਂ ਕਿ ਇਨ੍ਹਾਂ ਸਭ ਪੱਖੋਂ ਆਪ ਦੀਆਂ ਵਾਰਤਕ ਰਚਨਾਵਾਂ ਵਿਚ ਵਰਤੀ ਗਈ ਭਾਸ਼ਾ ਸਰਲ ਮੰਨੀ ਗਈ ਹੈ। ਜੋ ਕਿ ਲੋਕ ਬੋਲੀ ਦੇ ਵੀ ਬਹੁਤ ਜ਼ਿਆਦਾ ਨੇੜੇ ਹੈ।

ਪ੍ਰੋ. ਪੂਰਨ ਸਿੰਘ ਦੁਆਰਾ ਵਰਤੀ ਗਈ ਭਾਸ਼ਾ ਬਾਰੇ ਕਿਹਾ ਜਾ ਸਕਦਾ ਹੈ ਕਿ ਆਪ ਦੁਆਰਾ ਵਰਤੀ ਗਈ ਭਾਸ਼ਾ ਪ੍ਰਵਾਹਿਤ ਰੁਕ ਵਾਲੀ ਨਹੀਂ। ਇਸ ਵਿਚ ਠਹਿਰ ਵੀ ਵਿਸ਼ੇ ਦੀ ਥਾਂ ਜਜ਼ਬੇ ਦੁਆਰਾ ਪੈਦਾ ਹੁੰਦੀ ਹੈ। ਪਰ ਫਿਰ ਵੀ ਪੂਰਨ ਸਿੰਘ ਦੁਆਰਾ ਵਰਤੀ ਗਈ ਭਾਸ਼ਾ ਵਿਚ ਇਕ ਸ਼ਕਤੀ ਜਾਂ ਉਚ ਪ੍ਰਭਾਵ ਜ਼ਰੂਰ ਹੈ, ਜੋ ਵਿਸ਼ੇ ਦੇ ਸੱਚ ਨੂੰ ਪਾਠਕਾਂ ਉਤੇ ਸਿੱਧ ਕਰਾਉਣ ਦੇ ਸਮਰਥ ਹੈ।

ਪ੍ਰੋ. ਪੂਰਨ ਸਿੰਘ ਨੇ ਜਦੋਂ ਲਿਖਣਾ ਸ਼ੁਰੂ ਕੀਤਾ ਸੀ ਉਦੋਂ ਪੰਜਾਬੀ ਭਾਸ਼ਾ ਵਾਰਤਕ ਲਿਖਣ ਲਈ ਅਜੇ ਨਵੀਂ ਨਵੀਂ ਵਰਤਣੀ ਸ਼ੁਰੂ ਹੋਈ ਸੀ। ਭਾਈ ਵੀਰ ਸਿੰਘ ਤੋਂ ਪਹਿਲਾ ਪੰਜਾਬੀ ਵਾਰਤਕ ਅਜੇ ਬਹੁਤ ਘੱਟ ਲਿਖੀ ਗਈ ਸੀ। ਭਾਵੇਂ ਆਪ ਤੋਂ ਪਹਿਲਾਂ ਵੀ ਭਾਈ ਵੀਰ ਸਿੰਘ ਨੇ ਪੰਜਾਬੀ ਵਾਰਤਕ ਦੀਆਂ ਸੰਭਾਵਨਾਵਾਂ ਬਹੁਤ ਵਧਾਈਆਂ, ਪਰ ਫਿਰ ਵੀ ਅਜੇ ਤੱਕ ਪੰਜਾਬੀ ਵਾਰਤਕ ਧਰਮ ਦੀ ਵਲਗਣ ਤੋਂ ਬਾਹਰ ਨਹੀਂ ਨਿਕਲੀ ਸੀ। ਪੰਜਾਬੀ ਭਾਸ਼ਾ ਦਾ ਪੂਰਨ ਸਿੰਘ ਪਹਿਲਾ ਲੇਖਕ ਹੈ ਜੋ ਪੰਜਾਬੀ ਭਾਸ਼ਾ ਵਿਚ ਇਹ ਨਵਾਂ ਪ੍ਰਯੋਗ ਕਰਦਾ ਹੈ। ਪੰਜਾਬੀ ਭਾਸ਼ਾ ਦੀ ਸਮਰੱਥਾ ਦਾ ਇਹ ਇਕ ਨਵਾਂ ਪ੍ਰਯੋਗ ਸੀ। ਪੰਜਾਬੀ ਭਾਸ਼ਾ ਦੀ ਸਮਰੱਥਾ ਦਾ ਇਹ ਇਕ ਨਵਾਂ ਇਮਤਿਹਾਨ ਸੀ। ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਭਾਸ਼ਾ ਜੋ ਇਸ ਪ੍ਰਯੋਗ ਵਿਚੋਂ ਸਫਲ ਹੋਈ ਹੈ ਤਾਂ ਇਸ ਦਾ ਮਾਣ ਪ੍ਰੋ. ਪੂਰਨ ਸਿੰਘ ਨੂੰ ਹੀ ਜਾਂਦਾ ਹੈ।

ਪ੍ਰੋ. ਪੂਰਨ ਸਿੰਘ ਅਤੇ ਭਾਈ ਵੀਰ ਸਿੰਘ ਦਾ ਭਾਸ਼ਾ ਦੇ ਪੱਖ ਤੋਂ ਮੁੱਖ ਫਰਕ ਇਹ ਹੈ ਕਿ ਭਾਈ ਵੀਰ ਸਿੰਘ ਨੇ ਆਪਣੀ ਸਾਰੀ ਰਚਨਾ ਧਾਰਮਿਕ ਭਾਸ਼ਾ ਦੇ ਘੇਰੇ ਵਿਚ ਰਹਿ ਕੇ ਲਿਖੀ ਹੈ। ਪਰ ਪੂਰਨ ਸਿੰਘ ਨੇ ਇਸ ਪਈ ਲੀਹ ਨੂੰ ਟੱਪ ਕੇ ਨਵੀਆਂ ਲੀਹਾਂ ਸਥਾਪਿਤ ਕੀਤੀਆਂ ਹਨ।

ਪ੍ਰੋ. ਪੂਰਨ ਸਿੰਘ ਦੀ ਭਾਸ਼ਾ ਦੀ ਬਣਤਰ ਪੱਖ ਤੋਂ ਬਹੁਤ ਸਾਰੀਆਂ ਊਣਤਾਈਆਂ ਵੀ ਹਨ। ਪ੍ਰੋ. ਪੂਰਨ ਸਿੰਘ ਇਸ ਗੱਲ ਨੂੰ ਆਪ ਵੀ ਸਵੀਕਾਰ ਕਰਦਾ ਹੋਇਆ ਲਿਖਦਾ ਹੈ ਕਿ ਉਸ ਨੂੰ ਪੰਜਾਬੀ ਚੰਗੀ ਤਰ੍ਹਾਂ ਨਹੀਂ ਆਉਂਦੀ। ਆਪ ਇਸ ਬਾਰੇ ਲਿਖਦੇ ਹਨ :

> "ਪੰਜਾਬੀ ਬੋਲੀ ਮੈਂ ਮਾਂ ਦੇ ਦੁੱਧ ਨਾਲ ਇੰਨੀ ਨਹੀਂ ਸਿੱਖੀ । ਹੁਣ ਵੀ ਪੈਂਤੀ ਦੇ ਕਈ ਅੱਖਰ ਮੈਨੂੰ ਲਿਖਣੇ ਨਹੀਂ ਔਂਦੇ ।"[1]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੂਰਨ ਸਿੰਘ ਆਪ ਵੀ ਸਵੀਕਾਰ ਕਰਦਾ ਸੀ ਕਿ ਉਸ ਨੂੰ ਪੰਜਾਬੀ ਭਾਸ਼ਾ ਤੇ ਪੂਰਾ ਪੂਰਾ ਕਾਬੂ ਨਹੀਂ ਹੈ ।

ਸ਼ਬਦਾਵਲੀ ਦੇ ਪੱਖ ਤੋਂ ਪ੍ਰੋ. ਪੂਰਨ ਸਿੰਘ ਨਾ ਤਾਂ ਵਾਰਤਕ ਅਤੇ ਨਾ ਹੀ ਵਿਆਕਰਣਕ ਨੇਮਾਂ ਦੀ ਅਨੁਸਾਰਤਾ ਕਬੂਲਦਾ ਹੈ, ਸਗੋਂ ਬੜੇ ਮਾਣ ਤੇ ਦਲੇਰੀ ਨਾਲ ਨਵਾਬੀ ਠੇਰ ਕਹਿਕੇ ਲੰਘਦਾ ਹੈ । ਇਸ ਤਰ੍ਹਾਂ ਬੋਲੀ ਦੀ ਭਾਸ਼ਾ ਤਾਂ ਇਕ ਪਾਸੇ ਰਹੀ ਉਸ ਨੇ ਬੋਲੀ ਦੀ ਰੋਸਤਾ ਨੂੰ ਵੀ ਤਿਆਗ ਦਿੱਤਾ ਹੈ । ਇਸ ਪ੍ਰਕਾਰ ਨਾ ਉਹ ਕੇਂਦਰੀ ਬੋਲੀ ਬਣ ਸਕੀ ਹੈ ਅਤੇ ਨਾ ਉਪਭਾਖਾ ਹੀ, ਸਗੋਂ ਆਪ ਦੀ ਬੋਲੀ ਨੂੰ ਕਈ ਬੋਲੀਆਂ ਦਾ ਮਿਲਗੋਭਾ ਜਿਹਾ ਇਕ ਮਿਸ਼ਰਤ ਰੂਪ ਕਿਹਾ ਜਾ ਸਕਦਾ ਹੈ ।

ਪ੍ਰੋ. ਪੂਰਨ ਸਿੰਘ ਦੁਆਰਾ ਹੋਰ ਭਾਸ਼ਾਵਾਂ ਦੀ ਵਰਤੀ ਗਈ ਸ਼ਬਦਾਵਲੀ ਬਾਰੇ ਕਿਹਾ ਜਾ ਸਕਦਾ ਹੈ ਕਿ ਜਦੋਂ ਆਪ ਵੇਖਦੇ ਹਨ ਕਿ ਆਪ ਨੂੰ ਆਪਣੇ ਸ਼ਬਦਾਂ ਨੂੰ ਪ੍ਰਗਟਾਉਣ ਲਈ ਠੀਕ ਸ਼ਬਦਾਵਲੀ ਨਹੀਂ ਮਿਲ ਰਹੀ ਤਾਂ ਆਪ ਹੋਰ ਭਾਸ਼ਾਵਾਂ ਦੀ ਸ਼ਬਦਾਵਲੀ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੇ । ਆਪ ਦੀਆਂ ਰਚਨਾਵਾਂ ਵਿਚ ਹੋਰ ਭਾਸ਼ਾਵਾਂ ਦੇ ਵਰਤੇ ਗਏ ਸ਼ਬਦ ਬਹੁਤ ਭਾਸ਼ਾਵਾਂ ਵਿਚ ਮਿਲਦੇ ਹਨ । ਇਸ ਦਾ ਕਾਰਨ ਹੈ ਕਿ ਆਪ ਵਿਦੇਸ਼ਾਂ ਵਿਚ ਬਹੁਤ ਜ਼ਿਆਦਾ ਘੁੰਮੇ ਸਨ । ਦੂਸਰਾ ਆਪ ਨੂੰ ਪੰਜਾਬੀ ਵੀ ਚੰਗੀ ਤਰ੍ਹਾਂ ਨਹੀਂ ਆਉਂਦੀ ਸੀ । ਹੇਠਾਂ ਆਪ ਦੁਆਰਾ ਵਰਤੇ ਗਏ ਗੈਰ ਪੰਜਾਬੀ ਅਤੇ ਅਣਟਕਸਾਲੀ ਸ਼ਬਦਾਂ ਦੀ ਸੂਚੀ ਦਿੱਤੀ ਗਈ ਹੈ ।

<u>ਅੰਗਰੇਜ਼ੀ ਦੇ ਸ਼ਬਦ :-</u>

ਸੋਸਾਇਟੀ, ਸਰਕਲ, ਜਿਓਲੋਜੀਕਲ, ਡਾਇਨੈਮਿਕ, ਪੋਲੀਟੀਕਲ, ਜੀਨੀਅਸ, ਸਪੇਸ, ਕਾਸਮਿਕ, ਐਬਸੋਲਿਊਟ, ਡਾਇਮੈਨਸ਼ਨ? ਰੋਮਾਂਟਿਕ, ਪੋਇਟਰੀ, ਮੋਰਲ, ਫਿਲਾਸਫੀ, ਪੇਂਟਰ, ਲਿਟਰੇਚਰ, ਬਿਊਟੀ, ਆਦਿ ।

ਇਹ ਆਪਣੇ ਆਪਣੀਆਂ ਰਚਨਾਵਾਂ ਵਿਚ ਨਿਰੋਲ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜੋ ਪੰਜਾਬੀ ਵਿਚ ਉਪਰੇ ਵੀ ਲਗਦੇ ਹਨ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 6

ਇਸੇ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਉਰਦੂ, ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ ।

ਉਰਦੂ ਫ਼ਾਰਸੀ ਦੇ ਸ਼ਬਦ :-

ਮਖ਼ਲੂਕ, ਖ਼ਿਲਕਾ, ਆਬਾਦਾਬ, ਹੈਰਾਨੀ, ਫ਼ਿਤਰਤ, ਫ਼ਾਇਦੇ, ਇਖ਼ਲਾਕ,
ਖ਼ਲਕਤ, ਸ਼ਿਸ਼ਟੀ ਪਿਠੋਰਾ ਆਦਿ।

ਉਰਦੂ ਫ਼ਾਰਸੀ ਸ਼ਬਦਾਂ ਦੀ ਵਰਤੋਂ ਵਾਂਗ ਆਪ ਦੀ ਭਾਸ਼ਾ ਵਿਚ ਪੋਠੋਹਾਰੀ ਰੰਗ ਵੀ ਚੜ੍ਹਿਆ ਮਿਲਦਾ ਹੈ ।

ਪੋਠੋਹਾਰੀ ਸ਼ਬਦ :-

ਮੈਥੋਂ ਦੀ ਥਾਂ ਮੈਥੀਂ
ਕਿਵੇਂ ਦੀ ਥਾਂ ਕਿੰਞ
ਠੰਡ ਦੀ ਥਾਂ ਠੰਢ
ਢੰਡ ਦੀ ਥਾਂ ਡੰਗ
ਤੋਂ ਦੀ ਥਾਂ ਥੀਂ
ਉਸ ਨੂੰ ਧੋਖਾ ਦਿੱਤਾ ਦੀ ਥਾਂ ਉਸ ਥੀਂ ਧੋਖਾ ਦਿੱਤਾ ।
ਕਰੇਗਾ ਦੀ ਥਾਂ ਕਰੇਸੀ ਆਦਿ ।

ਪ੍ਰੋ. ਪੂਰਨ ਸਿੰਘ ਨੇ ਕਈ ਨਵੇਂ ਸ਼ਬਦ ਵੀ ਘੜੇ ਹਨ ਜੋ ਸ਼ਬਦ ਸਿਰਜਣ ਦੀ ਸਮਰਥਾ ਦੇ ਲਖਾਇਕ ਹਨ । ਇਹ ਆਪ ਦੇ ਇਹ ਨਿਜੀ ਸ਼ਬਦ ਹਨ ਜਿਵੇਂ :-

ਰੰਗਤਾ, ਉਜੇਲਤਾ, ਮਧਾਵੀ, ਅਟਨਾਧਾ ਆਦਿ ।

ਇਸੇ ਤਰ੍ਹਾਂ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਤੋਂ ਛੁੱਟ ਹੋਰ ਵੱਖ ਵੱਖ ਭਾਸ਼ਾਵਾਂ ਦੇ ਸ਼ਬਦ ਵੀ ਆਪਣੀਆਂ ਰਚਨਾਵਾਂ ਵਿਚ ਵਰਤੇ ਸਪਸ਼ਟ ਵਿਖਾਈ ਦਿੰਦੇ ਹਨ ।

**ਵਾਕ ਬਣਤਰ :-**

ਚੰਗੀ, ਸਰਲ ਤੇ ਸਪਸ਼ਟ ਵਾਰਤਕ ਦਾ ਇਕ ਗੁਣ ਇਹ ਵੀ ਹੈ ਕਿ ਉਸ ਰਚਨਾ ਦੇ ਵਾਕ ਵੀ ਸਾਫ਼ ਅਤੇ ਸਰਲ ਹੋਣ ਤਾਂ ਜੋ ਇਕ ਤਾਂ ਉਹ ਲੇਖਕ ਦੇ ਭਾਵਾਂ ਨੂੰ ਸੌਖੇ ਤੇ ਸੁਖੈਨ ਢੰਗ ਨਾਲ ਪੇਸ਼ ਕਰ ਸਕਣ, ਦੂਜਾ ਪਾਠਕ ਨੂੰ ਛੇਤੀ ਸਮਝ ਆ ਸਕਣ। ਪਰ ਪ੍ਰੋ. ਪੂਰਨ ਸਿੰਘ ਦੀ ਵਾਕ ਰਚਨਾ ਬਾਰੇ ਕਿਹਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਉਸ ਨੇ ਛੰਦਾਂ ਬੰਦੀ ਨੂੰ ਕਵਿਤਾ ਲਈ ਨਵਾਬੀ ਕੈਦ ਕਿਹਾ ਹੈ, ਉਸੇ ਤਰ੍ਹਾਂ ਉਸ ਦੀ ਗੱਦ ਰਚਨਾ ਵੀ ਕਈ ਬੱਝਵੇਂ ਵਿਆਕਰਣਕ ਨਿਯਮਾਂ ਤੋਂ ਕੋਰੀ ਜਾਪਦੀ ਹੈ। ਪ੍ਰੋ. ਪੂਰਨ ਸਿੰਘ ਨੇ ਬੜੇ ਲੰਮੇ ਲੰਮੇ ਅਤੇ ਗੁੰਝਲਦਾਰ ਵਾਕਾਂ ਦੀ ਵਰਤੋਂ ਕੀਤੀ ਹੈ। ਇਸ ਵਾਰਤਕ ਦਾ ਇਕ ਹੋਰ ਉਘਾ ਲੱਛਣ ਲੰਮੇ ਲੰਮੇ ਵਾਕ ਵੀ ਹਨ। ਇਸ ਤਰ੍ਹਾਂ ਆਪ ਦੁਆਰਾ ਵਰਤੇ ਜਾਂਦੇ ਲੰਮੇ ਲੰਮੇ ਵਾਕਾਂ ਦੀ ਇਕ ਉਦਾਹਰਣ ਇਥੇ ਵੀ ਦਿੱਤੀ ਜਾਂਦੀ ਹੈ। ਆਪ ਅਨੁਸਾਰ :

> "ਜੇਹੜੇ ਜੀਵਨ ਦੀਆਂ ਡੂੰਘੀਆਂ ਤੈਹਾਂ ਦੇ ਦੁੱਖਾਂ ਥੀਂ ਕਤਰਾਉਂਦੇ ਹਨ ਤੇ ਡਰ ਦੀ "ਖਾ ਤੇ ਖੁਸ਼ ਰਹਿ" ਦੀ ਖੁਦਗਰਜ਼ੀ ਵਿਚ ਰਹਿੰਦੇ ਹਨ ਤੇ ਕਿਸੀ ਜੀਵਨ ਦੀ ਮੁਸ਼ਕਲ ਨੂੰ ਹੱਲ ਕਰਨ ਵਿਚ ਨਹੀਂ ਲੈਂਦੇ, ਪਹਿਨਣ ਤੇ ਖਾਣ ਤੇ ਕਿਸੇ ਲੋਕਾਂ ਦਿਆਂ ਗੁਨਹਗਾਰੀਆਂ ਵਿਚ ਦਿਨ ਤੇ ਰਾਤ ਬਤੀਤ ਕਰਦੇ ਹਨ ਤੇ ਦੁੱਖ, ਸਾਧਨ, ਪੀੜਾਂ, ਮੁਸ਼ਕਲ ਨੂੰ ਵੇਖ ਆਪਣੀ ਜਾਨ ਬਚਾਣ ਦੀ ਕਰਦੇ ਹਨ, ਨਾਂ ਉਨ੍ਹਾਂ ਨੂੰ ਮਾਂ ਨਾਲ, ਨਾ ਭੈਣ ਨਾਲ ਤੇ ਨਾ ਇਸਤ੍ਰੀ ਨਾਲ ਸੁੱਚਾ ਪਿਆਰ ਹੋ ਸਕਦਾ ਹੈ ਤੇ ਨਾ ਜੀਵਨ ਦੀ ਕਮਾਲ ਸਾਦਗੀ — ਜਿਹੜੀ ਸਚੇ ਪਿਆਰ ਨਾਲ ਜਿੰਦ ਜਾਨ ਪ੍ਰਾਣ ਹੋ ਕੇ ਰਹਿੰਦੀ ਹੈ — ਦਾ ਕੁਝ ਪਤਾ ਲੱਗ ਸਕਦਾ ਹੈ, ਉਹ ਨੇਕੀ ਨੇਕੀ ਦੇ ਆਚਰਣ ਤੇ ਬਦੀ ਦੇ ਆਚਰਣ ਦੋਹਾਂ ਥੀਂ ਖਾਲੀ ਲੋਥਾਂ ਹੁੰਦੀਆਂ ਹਨ।"[1]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪ੍ਰੋ. ਪੂਰਨ ਸਿੰਘ ਨੇ ਕਿੰਨੇ ਲੰਮੇ ਲੰਮੇ ਵਾਕ ਵਰਤੇ ਹਨ। ਪੰਜਾਬੀ ਤਾਂ ਕੀ ਕੋਈ ਭਾਸ਼ਾ ਵੀ ਏਨੇ ਲੰਮੇ ਵਾਕ ਦਾ ਭਾਰ ਨਹੀਂ ਸਹਾਰ ਸਕਦੀ। ਪਾਠਕ ਤਾਂ ਕੀ ਖੁਦ ਲੇਖਕ ਨੂੰ ਆਪ ਵੀ ਪਤਾ ਨਹੀਂ ਰਹਿੰਦਾ ਕਿ ਉਸ ਨੂੰ ਵਾਕ ਕਿਥੋਂ ਸ਼ੁਰੂ ਕੀਤਾ ਅਤੇ ਕਿਥੇ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 92 - 93

ਖ਼ਤਮ ਕਰਨਾ ਹੈ । ਸਾਰੀ ਵਾਕ - ਬਣਤਰ ਦੀ ਤਾਨ - ਜੁਗਤ ਇਕ ਰੂਪੀ ਹੈ, ਪਰ ਪ੍ਰੋ. ਪੂਰਨ ਸਿੰਘ ਦੇ ਕਈ ਵਾਕਾਂ ਦੀ ਤਾਨ - ਜੁਗਤ ਕਈ ਥਾਵਾਂ ਤੇ ਬਦਲਦੀ ਹੈ ।

ਪ੍ਰੋ. ਪੂਰਨ ਸਿੰਘ ਦੀ ਵਾਕ ਰਚਨਾ ਵਿਚ ਵੀ ਇਕ ਵਿਚਾਰ ਸਥਿਰ ਨਹੀਂ ਰਹਿੰਦਾ । ਵਿਚਾਰਾਂ ਦੀ ਲੜੀ ਟੁੱਟ ਜਾਂਦੀ ਹੈ । ਵਿਚਾਰਧਾਰਾ ਨਿਯਮਤ ਹੋ ਕੇ ਚਲਣ ਦੀ ਥਾਂ ਹੜ੍ਹ ਦੇ ਪਾਣੀ ਵਾਂਗ ਆਪ ਮੁਹਾਰੀ ਹੋ ਕੇ ਖਿੰਡ ਪੁੰਡ ਜਾਂਦੀ ਹੈ । ਜਿਸ ਤਰ੍ਹਾਂ ਜਦੋਂ ਆਪ ਲਿਖਦੇ ਹਨ :

" ਕੁਦਰਤ ਦੇ ਉਹ ਨਾਜ਼ਕ ਟੁਕੜੇ ਜਿਥੇ ਉਹ ਗੋਲਾਂ ਦੇ ਜੋਬਨ ਦੀ ਅਣਵਾਹੀ ਧੁੱਪ, ਤਲਵਾਰ ਦੀ ਉਹਨਾਂ ਨੂੰ ਲੋਪਾਯਮਾਨ, ਸਤੋਗੁਣਤਾ, ਕਾਲੇ ਪਏ ਪਾਣੀਆਂ ਵਿਚ ਉਸਦੇ ਕੰਵਲ ਫੁੱਲ ਦੀ ਧੁੱਧ ਪ੍ਰਕਾਸ਼ ਪਵਿੱਤਰਤਾ, ਉਹ ਪਸ਼ਮ ਦੇ ਫੁੱਲਾਂ ਦਾ ਤਾਰਿਆਂ ਵਾਲਾ ਸਵਾਸ, ਕੰਵਾਰੀ ਕੰਨਿਆਂ ਦੇ ਕਵਾਰੀ ਪੁਸ਼ਾਕਾਂ ਉਹ ਪ੍ਰਣਯ ਪਿਛੇ ਜਾਣ ਦੇਣ ਵਾਲ ਬਹਾਦਰੀ ਤੇ ਬੇਗੁਨਾਹ ਖ਼ੂਨ ਦੇ ਦਾਗ, ਵੀਰ ਵਰਿਆਮ ਪੁਰਸ਼ ਦੇ ਆਪਣੀ ਜ਼ੁੰਦੀ ਉਮਰ ਵਿਚ ਕੇਰੇ ਅਥਰੂ, ਜੀਵ ਦੇ ਮਿਠਵੇਂ ਦਰਦ ਦੇ ਡਰ, ਮਿਸ਼ੀ ਵਰਗੀ ਜਾਨ ਦੀ ਚਹਿਣ ਵੇਲੇ ਦੀ ਫਿੱਕੀ ਪੀਲੀ ਰੋਸ਼ਨੀ, ਇਹ ਸਭ ਆਰਟਿਸਟ ਦੀ ਸੁਰਤ ਦੇ ਚਿੰਨ੍ਹ ਤੇ ਪੈਂਡਾਰ ਹਨ, ਜਿਨ੍ਹਾਂ ਵਿਚ ਰਸਿਕ ਕਰਤਾਰ ਦੀ ਸੁਰਤ ਪਹਿਲਾਂ ਝਾਤੀ ਮਾਰ ਕੇ ਫਿਰ ਉਪਰ ਆਉਂਦੀ ਹੈ ਤੇ ਆਪਣੇ ਦਰਸ਼ਨ ਕਰਾਣ ਵਾਲੇ ਹੰਝੂਆਂ ਨਾਲ ਉਸ ਪਰ ਨੂੰ ਪਾਰ ਕਰਦੀ ਹੈ, ਜਿਸ ਪਰਦੇ ਵਿਚ ਜਗਤ ਦਾ ਰੂਪ ਛੁਪਿਆ ਹੋਇਆ ਹੈ ।"[1]

ਪ੍ਰੋ. ਪੂਰਨ ਸਿੰਘ ਦੀ ਰਚਨਾ ਦੇ ਬਹੁਤੇ ਵਾਕ ਜੀਵਨ ਦੀਆਂ ਅਸਲੀਅਤਾਂ ਨੂੰ ਪ੍ਰਗਟ ਕਰਦੇ ਜਾਪਦੇ ਹਨ । ਆਪਣੇ ਖਿਆਲ ਨੂੰ ਸ਼ਕਤੀ-ਸ਼ਾਲੀ ਅਤੇ ਆਕਰਸ਼ਕ ਬਣਾਉਣ ਲਈ ਪੂਰਨ ਸਿੰਘ ਨੇ ਕਈ ਸਾਧਨ ਵਰਤੇ ਹਨ । ਇਸ ਤਰ੍ਹਾਂ ਜਿਥੇ ਆਪ ਦੀ ਵਾਰਤਕ ਰਚਨਾਵਾਂ ਵਿਚ ਕਈ ਪੱਖਾਂ ਤੋਂ ਉਣਤਾਈਆਂ ਹਨ ਉਥੇ ਕਈ ਖੂਬੀਆਂ ਵੀ ਹਨ । ਅਜਿਹੇ ਵਾਕਾਂ ਉਤੇ ਕੁਲੀਆਂ ਦੀ ਕੋਈ ਵੀ ਭਾਸ਼ਾ ਅਤੇ ਸਾਹਿਤ ਮਾਣ ਕਰ ਸਕਦਾ ਹੈ । ਜਿਸ ਤਰ੍ਹਾਂ, " ਬਿਨ੍ਹਾਂ ਮਿਤ੍ਰਤਾ ਜੀਵਨ ਇਕ ਤਰ੍ਹਾਂ ਦੀ ਆਪ ਘਾਤੀ ਕਿਰਤ ਹੈ ।"[2] " ਮਿਤ੍ਰਤੀ ਇਕ ਕੁਦਰਤ -- ਮਾਂ ਦੇ ਦਿਲ ਵਿਚ ਛੁਪੀ ਸ਼ਾਨ ਦਾ ਆਮਨ ਹੈ"[3] " ਇਉਂ ਜਾਣ ਦੇ ਦੇਣਾ ਜਾਣ ਦੀ ਸਭ ਥਾਂ ਵੱਡੀ ਵੰਡਾ ਹੈ ।"[4]

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 64
2. - ਉਹੀ - : ਪੰਨਾ 146
3. - ਉਹੀ - : ਪੰਨਾ 156
4. - ਉਹੀ - : ਪੰਨਾ 91

ਆਪਣੀ ਵਾਰਤਕ ਰਚਨਾ ਵਿਚ ਕਈ ਥਾਂਈਂ ਪ੍ਰੋ. ਪੂਰਨ ਸਿੰਘ ਨੇ ਸਵਾਲੀਆ ਵਾਕਾਂ ਦੀ ਵਰਤੋਂ ਨਾਲ ਬਿਆਨ ਵਿਚ ਚੁਸਤੀ ਲਿਆਉਣ ਦਾ ਯਤਨ ਕੀਤਾ ਹੈ । ਇਸ ਤਰ੍ਹਾਂ ਦੇ ਵਾਕਾਂ ਦੀ ਵਰਤੋਂ ਕਰਦੇ ਹੋਏ ਆਪ ਲਿਖਦੇ ਹਨ :

> " ਬਾਹਰ ਅੰਦਰ ਕੀ ? ਅੰਦਰ ਕੁਝ ਵੀ ਨਹੀਂ, ਸਭ ਬਾਹਰ ਆ ਗਿਆ ਹੈ, ਤੇ ਬਾਹਰ ਹੈ ਕਿਥੇ ? ਮਾਨੋ ਟੁੱਟੀ ਵਰਖਾ ਕਿਵੇਂ ਬਣੇ ? ਮਹਿਬੂਬ ਬਿਨ੍ਹਾਂ ਪਿਆਰ ਸੰਸਾਰ ਵਿਚ ਕਦ ਆ ਸਕਦਾ ਹੈ ? — ਸਾਡਾ ਮਹਿਬੂਬ ਕੀ ਤੇ ਬਹਿਸ਼ਤ ਇੱਥੇ ਉਹੋ ਮਜ਼ਮੂਨ ਤੇ ਕੀ ? "[1]

ਇਸੇ ਸਰਲ ਵਾਰਤਕ ਰਚਨਾ ਨਾਲ ਛੋਟੇ ਛੋਟੇ ਵਾਕ ਬਹੁਤ ਮਹੱਤਤਾ ਰੱਖਦੇ ਹਨ । ਲੰਮੇ ਲੰਮੇ ਵਾਕਾਂ ਵਿਚ ਲੇਖਕ ਆਪ ਉਲਝ ਕੇ ਰਹਿ ਜਾਂਦਾ ਹੈ । ਪ੍ਰੋ. ਪੂਰਨ ਸਿੰਘ ਦੀ ਵਾਰਤਕ ਦਾ ਸਿੰਗਾਰ ਵੀ ਉਸ ਦੇ ਛੋਟੇ ਛੋਟੇ ਵਾਕ ਜਾਂ ਉਪਵਾਕ ਹਨ । ਇਨ੍ਹਾਂ ਰਾਹੀਂ ਹੀ ਆਪਣੇ ਸੰਖੇਪ ਤੇ ਸਾਦਾ ਜਿਹੀ ਭਾਸ਼ਾ ਵਿਚ ਜੀਵਨ ਦੀਆਂ ਕੁਝ ਸਚਾਈਆਂ ਬਿਆਨ ਕੀਤੀਆਂ ਗਈਆਂ ਹਨ । ਅਜਿਹੇ ਵਾਕਾਂ ਦੇ ਕੁਝ ਉਦਾਹਰਣ ਇਹ ਹਨ । ਜਿਵੇਂ :

> " ਪਿਆਰ ਬਿਨ੍ਹਾਂ ਸੇਵਾ ਸਿਰ ਦਰਦੀ ਤੇ ਬਨਾਵਟ ਹੈ ।"[2]
>
> " ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹਨ ।"[3]
>
> " ਕਵਿਤਾ ਤਾਂ ਕੁਝ ਪਹੁੰਚੀ ਰੱਬ ਦੀ ਕਰਾਮਾਤ ਹੈ ।"[4]

ਪ੍ਰੋ. ਪੂਰਨ ਸਿੰਘ ਦੀ ਵਾਰਤਕ ਰਚਨਾ ਵਿਚ ਵਿਆਕਰਣਿਕ ਪੱਖ ਤੋਂ ਵੀ ਬਹੁਤ ਸਾਰੀਆਂ ਅਸ਼ੁੱਧੀਆਂ ਵੇਖਣ ਨੂੰ ਮਿਲਦੀਆਂ ਹਨ । ਵਿਆਕਰਣਿਕ ਪੱਖ ਤੋਂ ਵੀ ਅਸ਼ੁੱਧ ਵਾਕਾਂ ਦੀ ਉਦਾਹਰਣ ਇਥੇ ਦਿੱਤੀ ਜਾ ਸਕਦੀ ਹੈ । ਜਿਸ ਤਰ੍ਹਾਂ :

> " ਜੋ ਉਸ ਰੌਂਦ ਤੇ ਸਾਧ ਅਕ੍ਰਿ ਹੋ ਕੇ ਕਿਰਤੀ ਹੈ ਤੇ ਉਹਦੀ ਕਿਰਤ ਸਦਾ ਰਸਿਕ ਕਿਰਤ ਹੈ, ਜਿਹਦਾ ਦਿਸਣ ਵਾਲਾ ਰੂਪ ਕੇਵਲ ਬਸ ਜੀਵਨ ਦੇ ਚਲਾਣ ਵਾਲਾ ਵਰਤਣ ਹੈ, ਤੇ ਕਲਾ ਕੌਸ਼ਲ ਆਰਟ, ਕਵਿਤਾ ਆਦਿ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 70
2. - ਉਹੀ - : ਪੰਨਾ 15
3. - ਉਹੀ - : ਪੰਨਾ 18
4. - ਉਹੀ - : ਪੰਨਾ 22

ਉਸ ਦਰਸ਼ਨ ਦੇ ਚਾਨਣਾਂ ਰੂਪ ਹਨ, ਉਹ ਸਾਧ ਹੈ, ਤੇ ਇਧਰ ਇਕ ਅਡੋਲ ਸੁੱਚਾ ਕਿਰਤੀ ਸਦਾ ਕਸਬ ਕਰਨ ਵਾਲਾ ਬੰਦਾ ਹੈ, ਜਿਸ ਵਿਚ ਸਾਧ ਦੇ ਜੀਵਨ ਦਾ ਪ੍ਰਤੀਬਿੰਬ ਆਪ ਮੁਹਾਰਾ ਪੈਂਦਾ ਹੈ ।"[1]

ਪ੍ਰੋ. ਪੂਰਨ ਸਿੰਘ ਦੀ ਵਾਰਤਕ ਵਿਚਲੇ ਪੈਰ੍ਹੇ ਬੰਧ ਬਾਰੇ ਕਿਹਾ ਜਾ ਸਕਦਾ ਹੈ ਕਿ ਆਪ ਦੀ ਵਾਰਤਕ ਦੇ ਪੈਰ੍ਹੇ ਵੀ ਕਈ ਕਈ ਪੰਗਤੀਆਂ ਦਾ ਵਿਸਥਾਰ ਰਖਦੇ ਹਨ । ਇਹ ਪੈਰ੍ਹੇ ਕਈ ਵਾਰ ਤਾਂ ਆਪ ਦੀ ਵਾਰਤਕ ਰਚਨਾ ਵਿਚ ਕਈ ਕਈ ਪੰਗਤੀਆਂ ਤੱਕ ਫੈਲੇ ਹੋਏ ਹਨ । ਜਿਸ ਤਰ੍ਹਾਂ :

" ( ਕਵੀ ਚਿਤ ) ਇਕ ਪਾਰਦਰਸ਼ੀ ਅਨੋਖਾ ਜਿਹਾ ਸ਼ੀਸ਼ਾ ਹੈ, ਸਕੰਦਰ ਦੇ ( ਜਾਮੇ-ਜਮ ) ਥੀਂ ਹੋਰ ਅਦਭੁਤ ਤੇ ਕਰਾਮਾਤੀ ਹੈ, ਜਿਸ ਵਿਚ ਇਕ ਵਕਤ ਦੋ ਤਿੰਨ ਕੰਮ ਹੁੰਦੇ ਹਨ, ਇਕ ਤਾਂ ਜੋ ਅਕਸ ਉਸ ਤੇ ਪੈਂਦੇ ਹਨ, ਉਹ ਜਿਉਂਦੇ ਚਿਤ੍ਰ ਹੋ ਨਿਬੜਦੇ ਹਨ । ਉਸ ਵਿਚ ਹੋਰ ਕਰਾਮਾਤ ਕੋਈ ਖਾਸ ਹੈ, ਸੁਹੱਪਣ ਦੇ ਬੀਜ ਦੇ ਬੀਜ ਮਾਨੋਂ ਜਦ ਉਸ ਚਿਤ-ਸ਼ੀਸ਼ਾ ਤੇ ਤੇ ਪੈਂਦੇ ਹਨ, ਤਦ ਉਹ ਬ੍ਰਿਖ ਬਨ ਬਨ ਉਥੋਂ ਆਪਣੇ ਵਕਤ ਸਿਰ ਨਿਕਲਦੇ ਹਨ ਤੇ ਅਕਸ ਵੀ ਜਿਵੇਂ ਅਸੀਂ ਤੱਕ ਆਏ ਹਾਂ, ਬਾਹਰ ਦੀ ਸੁੰਨੀ ਸੁਹੱਪਣ ਦੇ ਚਮਤਕਾਰਿਆਂ ਵਾਂਗ ਬੈਠੇ ਹਨ ਤੇ ਤੀਜਾ ਇਸ ਚਿੱਤ ਵਿਚ ਇਕ ਅਜੀਬ ਤਰ੍ਹਾਂ ਦੀ ਸੁਹੱਪਣਿਆਂ ਦੀ ਚੋਣ ਤੇ ਤਾਕਤ ਹੈ, ਜਿਹੜੀ ਉਸ ਤਰ੍ਹਾਂ ਆਪ ਮੁਹਾਰੀ ਨਿਖਾਰਦੀ ਤੇ ਚੁਣਦੀ ਹੈ, ਜਿਸ ਤਰ੍ਹਾਂ ਫੁੱਲਾਂ ਤੇ ਪੱਤੀਆਂ ਦੇ ਪ੍ਰਮਾਣੂਆਂ ਵਿਚ ਸੂਰਜ ਦੀ ਚਿਟੀ ਰੌਸ਼ਨੀ ਨੂੰ ਸੱਤ ਰੰਗਾਂ ਵਿਚ ਪਾੜਨ ਦੀ ਸਹਿਜ ਸੁਭਾ ਸ਼ਕਤੀ ਹੈ । ਸਾਵਾ ਪੱਤਾ ਹੋਰ ਸਾਰੇ ਰੰਗ ਆਪਣੇ ਅੰਦਰ ਜਜ਼ਬ ਕਰ ਲੈਂਦਾ ਹੈ ਤੇ ਸਾਵੇ ਰੰਗ ਦੀ ਕਿਰਨ ਨੂੰ ਆਪਣੇ ਥੀਂ ਬਾਹਰ ਕੱਢ ਕੇ ਸੁੱਟਦਾ ਹੈ, ਇਉਂ ਹੀ ਲਾਲ, ਊਦਾ, ਗੁਲਾਬੀ ਤੇ ਹੋਰ ਰੰਗਾਂ ਦੀ ਸਾਰੀ ਸੁਹੱਪਣ ਪੱਤੀਆਂ ਤੇ ਹੋਰ ਰੰਗੀਲੀਆਂ ਚੀਜ਼ਾਂ ਦੇ ਸਫੇਦ ਨੂਰ ਨੂੰ ਪਾੜਨ ਲਈ ਅੰਦਰਲੇ ਕ੍ਰਿਸ਼ਮੇ ਤੇ ਖੜੀ ਹੈ । ਠੀਕ ! ਇਸੀ ਤਰ੍ਹਾਂ ਕਵੀ ਚਿੱਤ ਵਿਚ ਸੁਹੱਪਣਿਆਂ ਦੀ ਚੋਣ ਦੀ ਤਾਕਤ ਹੈ ਤੇ ਨਿਖਰਨ ਦੀ ਸ਼ਕਤੀ ਹੈ । ਜਦ ਕੋਈ ਸੋਹਣੀ ਚੀਜ਼ ਕਵੀ ਚਿਤ ਦਾ ਸਾਹਮਣੇ ਆਈ, ਉਹ ਉਹਨੂੰ ਪ੍ਰਮਾਣੂ ਪ੍ਰਮਾਣੂ ਕਰ ਸਿੱਟਦਾ ਹੈ । ਇਹ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 144

> ਹੰਸ ਵਿਵੇਕ ਵਰਗਾ ਕੋਈ ਰੂਪ ਹੈ ਤੇ ਮੁੜ ਜੋ ਅੰਦਰ ਲਟਕਦੀਆਂ, ਅਣਦਿਸਦੀਆਂ, ਆਪ ਮੁਹਾਰੀ ਬਣ ਰਹੀਆਂ ਤਸਵੀਰਾਂ ਦੀ ਪਲ ਪਲ ਦੀਆਂ ਲੇਕਾਂ ਹਨ ——— ।"[1]

ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਕਈ ਥਾਵਾਂ ਤੇ ਨਵੇਂ ਸਮਾਸੀ ਰੂਪ ਵੀ ਘੜੇ ਹਨ, ਜਿਨ੍ਹਾਂ ਵਿਚੋਂ ਕਈ ਪੰਜਾਬੀ ਲਈ ਉਪਰੇ ਵੀ ਲਗਦੇ ਹਨ । ਵਾਕ ਰਚਨਾ ਵਿਚ ਵੀ ਕੁਝ ਨ ਅਜਿਹੇ ਲੱਛਣ ਕਿਤੇ ਕਿਤੇ ਨਜ਼ਰ ਆਉਂਦੇ ਹਨ । ਜਿਸ ਤਰ੍ਹਾਂ :

> " ਜਦੀ ਜਿਸਮਾਨੀ ਜਿਸ ਨੂੰ ਅਸੀਂ ਮਾਰ ਕੇ ਕਹਿੰਦੇ ਹਾਂ, " ਰੋਗੀ ਲੱਭ ਪਈ ਹੈ ।"[2]

ਇਸ ਵਾਕ ਦੇ ਸਿਰਫ ਅਰਥ ਹੀ ਸਮਝੇ ਜਾ ਸਕਦੇ ਹਨ । ਪਰ ਅੱਜ ਤੱਕ ਕਿਸੇ ਪੰਜਾਬੀ ਨੇ ਇਸ ਤਰ੍ਹਾਂ ਨਹੀਂ ਕਿਹਾ :

> " ਜਦੀ ਜਿਸਮਾਨੀ ਜਿਸ ਨੂੰ ਅਸੀਂ ਮਾਰ ਕੇ ਕਹਿੰਦੇ ਹਾਂ ——— ।"

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਲਈ ਵਰਤੀ ਗਈ ਭਾਸ਼ਾ ਬਾਰੇ ਕਿਹਾ ਜਾ ਸਕਦਾ ਹੈ ਕਿ ਜਿਥੇ ਆਪ ਦੀ ਭਾਸ਼ਾ ਵਿਚ ਊਣਤਾਈਆਂ ਹਨ ਉਥੇ ਬਹੁਤ ਖੂਬੀਆਂ ਵੀ ਹਨ ਜਿਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

## ਦੋਹਾਂ ਲੇਖਕਾਂ ਦੀ ਸ਼ੈਲੀ ਦਾ ਪਾਠਕ ਤੇ ਪ੍ਰਭਾਵ :-

ਸਾਹਿਤਕ ਰਚਨਾਵਾਂ ਨੂੰ ਅਸੀਂ ਕਈ ਉਦੇਸ਼ਾਂ ਨਾਲ ਪੜ੍ਹਦੇ ਹਾਂ । ਕਈ ਵਾਰ ਕੁਝ ਮਹਿਸੂਸ ਕਰਨ ਲਈ ਪੜ੍ਹਦੇ ਹਾਂ, ਕਈ ਵਾਰ ਆਪਣਾ ਆਪ ਭੁਲਾਣ ਲਈ ਪੜ੍ਹਦੇ ਹਾਂ, ਪਰ ਇਕ ਗੱਲ ਹਰ ਹਾਲਤ ਵਿਚ ਸਾਂਝੀ ਹੁੰਦੀ ਹੈ, ਉਹ ਇਹ ਹੈ ਕਿ ਅਚੇਤ ਜਾਂ ਸੁਚੇਤ ਲੇਖਕ ਦੀ ਸ਼ਖਸੀਅਤ ਨਾਲ ਸੰਬੰਧਿਤ ਹੁੰਦੇ ਹਨ ।

ਇਸੇ ਤਰ੍ਹਾਂ ਕਈ ਸਾਹਿਤਕ ਰਚਨਾਵਾਂ ਨੂੰ ਅਸੀਂ ਲੇਖਕ ਦੇ ਵਿਚਾਰ ਜਾਣਨ ਲਈ ਪੜ੍ਹਦੇ ਹਾਂ । ਕਈ ਵਾਰ ਅਸੀਂ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦੇ ਤਾਂ ਵੀ ਅਸੀਂ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 35
2. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 16

ਲੇਖਕ ਨੂੰ ਪੜ੍ਹਦੇ ਹਾਂ, ਕਿਉਂਕਿ ਅਸੀਂ ਉਸਦੀ ਸ਼ੈਲੀ ਦਾ ਰਸ ਮਾਣਦੇ ਹਾਂ । ਇਹ ਲਿਖਤ ਸਾਡੇ ਮਨ ਤੇ ਦਿਲ ਨੂੰ ਵਧੇਰੇ ਟੁੰਬਦੀ ਹੈ, ਜਿਹੜੀ ਲੇਖਕ ਦੇ ਆਪੇ ਤੇ ਸ਼ਖ਼ਸੀਅਤ ਰਾਹੀਂ ਪ੍ਰਗਟ ਹੁੰਦੀ ਹੈ । ਇਸ ਦਾ ਮਤਲਬ ਇਹ ਨਹੀਂ ਕਿ ਹਰ ਸਾਹਿਤਕਾਰ ਆਪਣੀ ਰਚਨਾ ਵਿਚ ਕੇਵਲ ਆਪਣੀ ਸ਼ਖ਼ਸੀਅਤ ਪ੍ਰਗਟਾਉਣ ਵਿਚ ਲੱਗਾ ਰਹਿੰਦਾ ਹੈ, ਸਗੋਂ ਅਸਲੀਅਤ ਤਾਂ ਇਹ ਹੈ ਕਿ ਜਿੰਨਾ ਘੱਟ ਕੋਈ ਮਹਾਨ ਲੇਖਕ ਹੋਵੇਗਾ ਉਨ੍ਹਾਂ ਘੱਟ ਉਹ ਉਸ ਵੱਲ ਸੋਚੇਗਾ, ਅਤੇ ਉਨ੍ਹਾਂ ਹੀ ਵਧੇਰੇ ਉਹ ਸਹਿਜ ਸੁਭਾਵਕਤਾ ਨਾਲ ਲਿਖੇਗਾ । ਕੋਈ ਲੇਖਕ ਕਿੰਨਾ ਹੀ ਆਪਣੀ ਸ਼ਖ਼ਸੀਅਤ ਤੋਂ ਅਣਚਾਹਿਤ ਹੋਏ, ਜਿੰਨ੍ਹਾਂ ਵੀ ਉਹ ਆਪਣੇ ਆਪ ਨੂੰ ਲੁਕਾਣਾ ਚਾਹੇ, ਫਿਰ ਵੀ ਉਹ ਆਪਣਾ ਮੰਤ੍ਰੀਵ ਬੋਲ ਅਤੇ ਸ਼ੈਲੀ ਪੂਰੀ ਤਰ੍ਹਾਂ ਲੁਕਾ ਨਹੀਂ ਸਕਦਾ । ਜਿਵੇਂ ਪ੍ਰੋ. ਪੂਰਨ ਸਿੰਘ ਆਪਣੀ ਸ਼ੈਲੀ ਦੁਆਰਾ ਸੈਂਕੜਿਆਂ ਵਿਚੋਂ ਪਛਾਣਿਆ ਜਾ ਸਕਦਾ ਹੈ ।

ਇਕ ਚੰਗਾ ਲੇਖਕ ਉਹ ਮੰਨਿਆ ਜਾਂਦਾ ਹੈ, ਜਿਸ ਦੀ ਲਿਖਤ ਵਿਚ ਉਸ ਦਾ ਆਪਾ, ਉਸਦੀ ਨਿਜੀ ਸ਼ਖ਼ਸੀਅਤ ਝਲਕਾਰੇ ਲੈਂਦੀ ਨਜ਼ਰ ਆਵੇ । ਪਾਠਕ ਪੜ੍ਹ ਤਾਂ ਉਸ ਦੀ ਰਚਿਤ ਰਚਨਾ ਰਿਹਾ ਹੋਵੇ, ਪਰ ਨਾਲ ਹੀ ਨਾਲ ਉਸ ਦੀ ਰਸਿਕ ਕਿਰਤ ਦੇ ਰਸ ਵਿਚ ਗੜੁੱਚ ਹੋਇਆ, ਉਸ ਦੀ ਵਡਮੁੱਲੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੁੰਦਾ ਵੀ ਜਾਪੇ । ਉਹ ਕਿਰਤ ਇਕ ਚੰਗੀ ਕਿਰਤ ਨਹੀਂ ਜੋ ਆਪਣੇ ਕਰਤਾ ਸੰਬੰਧੀ ਪਾਠਕ ਦੇ ਮਨ ਉਤੇ ਕੋਈ ਡੂੰਘਾ ਤੇ ਵਡਮੁੱਲਾ ਅਸਰ ਨਹੀਂ ਪਾਉਂਦੀ ।

ਇਕ ਚੰਗੀ ਗੱਦ ਰਚਨਾ ਨੂੰ ਪੜ੍ਹਨ ਤੋਂ ਬਾਅਦ ਕੋਈ ਪਾਠਕ ਫੇਰ ਚਿਰ ਪਿਛੋਂ ਵੀ ਉਸ ਦਾ ਸੁਆਦ ਅਤੇ ਆਨੰਦ ਮਾਣਦਾ ਹੈ ਅਤੇ ਇਕ ਅਨੋਖੇ ਜਿਹੇ ਵਾਤਾਵਰਣ ਵਿਚ ਵਿਚਰ ਰਿਹਾ ਮਹਿਸੂਸ ਕਰਦਾ ਹੈ । ਇਸ ਵੇਲੇ ਉਸ ਲਿਖਾਰੀ ਦਾ ਅਤੇ ਉਸਦੇ ਪਾਠਕ ਦਾ ਨਿਜੀ ਸਰੂਪ ਇਕ ਹੁੰਦਾ ਹੈ । ਕਈ ਵੇਰਾਂ ਜਦੋਂ ਅਸੀਂ, ਕਿਸੇ ਪ੍ਰੇਮੀ ਪਾਠਕ ਨੂੰ ਉਸ ਦੀ ਮਨ ਪਸੰਦ ਰਚਨਾ ਨੂੰ ਪੜ੍ਹਦਿਆਂ ਜਾਂ ਸੁਣਦਿਆਂ ਵੇਖਦੇ ਹਾਂ, ਤਾਂ ਸਾਨੂੰ ਇੰਜ ਪ੍ਰਗਟ ਹੁੰਦਾ ਹੈ ਕਿ ਉਹ ਅੱਖਾਂ, ਤੇ ਹੋਰ ਕਈ ਕੁਝ ਤਰੀਕਿਆਂ ਨਾਲ ਇਸ਼ਾਰੇ ਵੀ ਕਰ ਰਿਹਾ ਹੁੰਦਾ ਹੈ । ਇਹ ਇਸ਼ਾਰੇ ਹੀ ਹੁੰਦੇ ਹਨ, ਜੋ ਪਾਠਕ ਦੁਆਰਾ ਮਾਣੇ ਜਾ ਰਹੇ ਰਸ ਨੂੰ ਪ੍ਰਗਟਾਉਂਦੇ ਹਨ । ਇਹ ਸਭ ਕੁਝ ਕਿਉਂ ਹੁੰਦਾ ਹੈ ਇਸ ਲਈ ਕਿ ਮਨ ਦਾ ਸੁਭਾਅ ਹੈ, ਇਕ ਰਸ ਭਰਿਆਂ ਭਰਪੂਰ ਚੰਗੀ ਗੱਦ ਰਚਨਾ ਨੂੰ ਪੜ੍ਹ ਸੁਣ ਕੇ ਉਛਾਲ ਵਿਚ ਆਉਣਾ ।

ਭਾਈ ਵੀਰ ਸਿੰਘ ਦੁਆਰਾ ਰਚੀ ਗਈ ਵਾਰਤਕ ਰਚਨਾਵਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਆਪ ਦਾ ਲਿਖਣ ਢੰਗ ਨਵੀਨ ਤੇ ਸੁੰਦਰ ਹੈ । ਭਾਈ ਵੀਰ ਸਿੰਘ ਦੁਆਰਾ ਰਚੀ ਗੱਦ

ਰਚਨਾ ਨੂੰ ਪੜ੍ਹਦਿਆਂ ਪਾਠਕ ਦਾ ਦਿਲ ਅੱਕਦਾ ਜਾਂ ਥੱਕਦਾ ਨਹੀਂ । ਵਾਸਤਵ ਨੂੰ ਆਮ ਤੌਰ ਤੇ ਨੀਰਸ ਕਿਹਾ ਮੰਨਿਆ ਗਿਆ ਹੈ । ਭਾਈ ਵੀਰ ਸਿੰਘ ਜੀ ਇਸ ਬਾਰੇ ਵੀ ਪੂਰੇ ਸੁਚੇਤ ਸਨ । ਉਹ ਜਾਣਦੇ ਸਨ ਕਿ ਕਿਸ ਤਰ੍ਹਾਂ ਨੀਰਸ ਚੀਜ਼ ਨੂੰ ਦਿਲਚਸਪ ਬਣਾਇਆ ਜਾ ਸਕਦਾ ਹੈ । ਇਸ ਬਾਰੇ ਸੁਚੇਤ ਹੋ ਕੇ ਉਨ੍ਹਾਂ ਨੇ ਆਪਣੀਆਂ ਲਿਖਤਾਂ ਦੀ ਰਚਨਾ ਕੀਤੀ । ਅਸਮਾਨ ਉਤੇ ਉਡ ਰਹੀ ਇਕ ਕਾਗਜ਼ੀ ਗੁੱਡੀ ਨੂੰ ਜਿਵੇਂ ਉਸ ਦੇ ਉਡਾਣ ਵਾਲਾ ਵੇਖ ਜਾਣਦਾ ਹੈ ਕਿ ਡੋਰ ਦੇ ਤੁਣਕੇ ਦੇ ਕੇ ਹੀ ਇਸ ਨੂੰ ਹੋਰ ਉਚੇਰਾ ਲਿਜਾਇਆ ਜਾ ਸਕਦਾ ਹੈ ਇਸੇ ਤਰ੍ਹਾਂ ਪਾਠਕ ਜਦੋਂ ਭਾਈ ਵੀਰ ਸਿੰਘ ਦੀਆਂ ਲਿਖਤਾਂ ਨੂੰ ਪੜ੍ਹਦਾ ਹੈ ਤਾਂ ਆਪ ਦੀ ਰਚਨਾ ਪਾਠਕਾਂ ਨੂੰ ਹੋਰ ਉਚੇਰੀ ਉਡਾਰੀ ਦਾ ਸੁਆਦ ਦੇਂਦੀ ਜਾਪਦੀ ਹੈ । ਜਦੋਂ ਭਾਈ ਵੀਰ ਸਿੰਘ ਜੀ ਲਿਖਦੇ ਹਨ :

> " ਕਲੇਜੇ ਨੂੰ ਲਹੂ ਫਿਰਦਾ ਹੈ, ਢਿੱਡ ਨੂੰ ਭੁੱਖੀ ਵਜਦੀ ਹੈ, ਜੀ ਕਹਿੰਦਾ ਹੈ ਖਾ — ਲੈ । ਖਾ ਲਵਾਂ, ਸਹੀ ਖਾ ਲਵਾਂ ? ਹਾਇ ! ਕਿਕਰ ਖਾਵਾਂ ? ਇਹ ਜੂਠਾ ਹੈ । ਮੈਂ ਸਿੱਖਾਂ ਦੀ ਪੁੱਤਰੀ ਹਾਂ ਮੈਂ ਸਿਖਣੀ ਹਾਂ, ਮੈਂ ਕਿਕਰ ਖਾ — ਲਵਾਂ ।" [1]

ਇਹ ਮਨਕੜੇ ( ਖਾ - ਲਵਾਂ ) ਤੇ ਕਿਕਰ ਖਾ – ਲਵਾਂ ) ਦੀ ਖਿੱਚ ਧੂਹ ਰਚਨਾ ਨੂੰ ਬੇਸੁਆਦਾ ਨਹੀਂ ਹੋਣ ਦਿੰਦੀ, ਸਗੋਂ ਉਸ ਵਿਚ ਹੋਰ ਸੁਆਦ ਭਰਦੀ ਹੈ । ਪਾਠਕ ਦਾ ਮਨ ਹੋਰ ਉਤਾਵਲਾ ਹੁੰਦਾ ਹੈ, ਨਾਵਲ ਦਾ ਕਾਂਡ ਸਮਾਪਤ ਕਰਨ ਲਈ ਅਤੇ ਪਾਠਕਾਂ ਦੇ ਨਾਲ ਹੋ ਰਹੇ ਇਸ ਘੋਲ ਦਾ ਨਤੀਜਾ ਪੜ੍ਹਨ ਲਈ ।

ਭਾਈ ਵੀਰ ਸਿੰਘ ਦੀ ਤੋਰ ਰਚਨਾ ਪਾਠਕ ਨੂੰ ਇਕ ਤਰ੍ਹਾਂ ਦਾ ਅਨੋਖਾ ਸੁਆਦ ਦਿੰਦੀ ਵੀ ਨਜ਼ਰ ਆਉਂਦੀ ਹੈ । ਉਨ੍ਹਾਂ ਦੀ ਰਚਨਾ ਨੂੰ ਪੜ੍ਹਦੇ ਹੋਏ ਪਾਠਕ ਇਸ ਤਰ੍ਹਾਂ ਦੀ ਮਹਿਸੂਸ ਕਰਨ ਲੱਗ ਪੈਂਦਾ ਹੈ ਜਿਵੇਂ ਕਿ ਉਹ ਇਸ ਦੁਨੀਆਂ ਵਿਚ ਨਹੀਂ ਸਗੋਂ ਕਿਸੇ ਹੋਰ ਅਲੋਕਿਕ ਦੁਨੀਆਂ ਵਿਚ ਵਿਚਰ ਰਿਹਾ ਹੋਵੇ ।

ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਲਿਖਾਰੀ ਆਪਣੀਆਂ ਲੰਮੇਰੀਆਂ ਰਚਨਾਵਾਂ ਵਿਚ ਛੋਟੇਰੀਆਂ ਨਾਲੋਂ, ਪਾਠਕ ਦੀ ਮਨ ਬਿਰਤੀ ਨੂੰ ਵਧੇਰੇ ਚਿਰ ਲਈ ਇਕਾਗਰ ਰੱਖਣ ਵਿਚ ਨਿਸਫਲ ਰਹਿੰਦੇ ਹਨ । ਇਸ ਦਾ ਮੁੱਖ ਕਾਰਣ ਇਹ ਹੈ ਕਿ ਪਾਠਕ ਦੇ ਲੰਮੇਰੇ ਹੋਣ ਤੇ ਉਸ ਦੇ ਪਾਠਕ ਨੂੰ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 3

ਕਿਤੇ ਕਿਤੇ ਕਹਾਣੀ ਘਟੋਤੀ ਜਿਹੀ ਜਾਪਣ ਲੱਗ ਪੈਂਦੀ ਹੈ, ਜੋ ਉਸ ਦੇ ਪਿਛਲੇ ਮਾਣੇ ਰਸ ਦਾ ਵੀ ਨਾਸ ਕਰ ਦਿੰਦੀ ਹੈ । ਕਹਾਣੀ ਦੀ ਤੋਰ ਨੂੰ ਅਚੇਤਨੇ ਹੀ ਖੜਾ ਕਰ ਛੋਡਣਾ ਲਿਖਾਰੀ ਦੀ ਨਿੱਜੀ ਕਮਜ਼ੋਰੀ ਹੈ ਅਤੇ ਇਉਂ ਉਸ ਦਾ ਪਾਠਕ ਦੇ ਮਨ ਨੂੰ ਬੇਲੋੜੀ ਸਿਰ ਖਪਾਈ ਲਈ ਤਿਆਰ ਕਰਨਾ, ਇਕ ਕਿਸਮ ਦਾ ਉਸ ਨਾਲ ਧੋਖਾ ਕਰਨਾ ਹੈ । ਪਾਠਕ ਜਦੋਂ ਭਾਈ ਵੀਰ ਸਿੰਘ ਦੀ ਗੱਦ ਰਚਨਾ ਪੜ੍ਹ ਰਿਹਾ ਹੁੰਦਾ ਹੈ, ਤਾਂ ਉਸ ਨੂੰ ਵੀ ਭਾਈ ਸਾਹਿਬ ਦੀ ਰਚਿਤ ਗੱਦ ਵਿਚੋਂ ਇਸ ਪ੍ਰਕਾਰ ਦੀ ਕਿਤੇ ਕਿਤੇ ਕਮਜ਼ੋਰੀ ਨਜ਼ਰ ਆਉਂਦੀ ਹੈ । ਜਿਸ ਤਰ੍ਹਾਂ ਨਾਵਲ ਸਤਵੰਤ ਕੌਰ ਦੇ ਪੰਦਰਵੇਂ ਕਾਂਡ ਵਿਚ, ਪਾਠਕ ਨਾਵਲ ਦੀ ਅਸਲੀ ਕਹਾਣੀ ਨਾਲੋਂ ਟੁੱਟ ਜਾਂਦਾ ਹੈ । ਇਸ ਤੋਂ ਅੱਗੇ ਭਾਈ ਵੀਰ ਸਿੰਘ ਪਾਠਕ ਨੂੰ ਵਾਧੂ ਵਿਸਥਾਰ ਵਿਚ ਪਾ ਦਿੰਦਾ ਹੈ । ਇਸ ਨਾਲ ਪਾਠਕ ਉਕਤਾ ਜਿਹਾ ਜਾਂਦਾ ਹੈ । ਇਹ ਵਾਧੂ ਵਿਸਥਾਰ ਹੀ ਹੈ ਜੋ ਆਪ ਦੀ ਰਚਨਾ ਵਿਚ ਪਾਠਕ ਦੀ ਉਕਸਾਹਟ ਨੂੰ ਵਧਾਉਂਦਾ ਹੈ ।

ਇਸੇ ਤਰ੍ਹਾਂ ਬਹੁਤ ਥਾਵਾਂ ਤੇ ਪਾਠਕ ਆਪ ਦੀ ਗੱਦ ਰਚਨਾ ਨੂੰ ਪੜ੍ਹਦੇ ਹੋਏ ਅਤਿ ਕਥਨੀ ਦਾ ਪ੍ਰਭਾਵ ਵੀ ਮਹਿਸੂਸ ਕਰਦਾ ਹੈ । ਪਾਠਕ ਇਸ ਤਰ੍ਹਾਂ ਦੇ ਪ੍ਰਭਾਵ ਇਸ ਲਈ ਗ੍ਰਹਿਣ ਕਰਦਾ ਹੈ ਕਿ ਮੁਸਲਮਾਨਾਂ ਅਤੇ ਸਿੱਖਾਂ ਦੇ ਸੁਭਾਉ ਵਿਚ ਭਾਈ ਵੀਰ ਸਿੰਘ ਨੇ ਬਹੁਤ ਅੰਤਰ ਉਲੀਕਿਆ ਹੈ । ਪਰ ਅਸਲ ਵਿਚ ਇਹ ਗੱਲ ਨਹੀਂ । ਅਸਲ ਵਿਚ ਜਦ ਕੋਈ ਕੌਮ ਡਿੱਗਦੀ ਹੈ ਤਾਂ ਉਸ ਦੇ ਕਰਮ-ਚਾਰੀਆਂ ਵਿਚ ਛੱਟ ਪੱਟ ਹੀ ਇਸ ਤਰ੍ਹਾਂ ਦੀਆਂ ਬੁਰਾਈਆਂ ਆ ਜਾਂਦੀਆਂ ਹਨ । ਮੁਸਲਮਾਨ ਢਹਿੰਦੀਆਂ ਕਲਾਂ ਵਿਚ ਸਨ, ਸਿੱਖ ਚੜ੍ਹਦੀ ਕਲਾ ਵਿਚ ਸਨ । ਉਨ੍ਹਾਂ ਦੀ ਅਣਖ ਨੂੰ ਵੰਗਾਰਿਆ ਜਾ ਰਿਹਾ ਸੀ । ਇਸ ਲਈ ਉਨ੍ਹਾਂ ਵਿਚ ਨਵੇਂ ਫੁਟਦੇ ਬੂਟੇ ਵਾਂਗ ਰੰਗ, ਰਸ ਅਤੇ ਜੋਬਨ ਆ ਰਿਹਾ ਸੀ, ਵਿਗਾੜੀਆਂ ਆ ਰਹੀਆਂ ਸਨ । ਇਹ ਹੀ ਕਾਰਨ ਹੈ ਕਿ ਭਾਈ ਵੀਰ ਸਿੰਘ ਨੇ ਸਿੱਖਾਂ ਦੀ ਸੂਰਮਤਾਈ ਅਤੇ ਪਵਿੱਤਰਤਾਈ ਦੇ ਗੀਤ ਗਾਏ ਸਨ । ਇਸ ਕਰਕੇ ਆਪ ਦੀ ਰਚਨਾ ਅਤਿ ਕਥਨੀ ਦਾ ਪ੍ਰਭਾਵ ਪਾਉਂਦੀ ਹੈ, ਜੋ ਕਿ ਇਕ ਅਸਲੀਅਤ ਵੀ ਹੈ ।

ਮੁੱਖ ਰੂਪ ਵਿਚ ਕਹਿ ਸਕਦੇ ਹਾਂ ਕਿ ਜਿਥੇ ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਪਾਠਕ ਨੂੰ ਵਾਧੂ ਵਿਸਥਾਰ ਵਿਚ ਪਾ ਕੇ ਨੀਰਸਤਾ ਵਧਾਉਂਦੀ ਹੈ, ਅਤੇ ਅਤਿ ਕਥਨੀ ਪੈਦਾ ਕਰਦੀ ਹੈ, ਉਥੇ ਪਾਠਕ ਆਪ ਦੀ ਗੱਦ ਰਚਨਾ ਨੂੰ ਪੜ੍ਹ ਕੇ ਸਰਲ, ਸਪਸ਼ਟ ਮਹਿਸੂਸ ਕਰਦਾ ਹੈ ਅਤੇ ਅਨੋਖਾ ਸੁਆਦ, ਰਸ ਲੈਂਦਾ ਮਹਿਸੂਸ ਹੁੰਦਾ ਹੈ ।

ਭਾਈ ਸਾਹਿਬ ਦੀ ਵਾਰਤਕ ਵਿਚ ਕੋਈ ਵੀ ਚੀਜ਼ ਇਸ ਤਰ੍ਹਾਂ ਦੀ ਨਹੀਂ ਜੋ ਪਾਠਕ ਦੀ ਸਮਝ ਵਿਚ ਨਹੀਂ ਆਉਂਦੀ । ਅਸਲ ਵਿਚ ਲੇਖਕ ਨੂੰ ਆਪਣੇ ਪਾਠਕਾਂ ਨੂੰ ਸਾਹਮਣੇ ਰੱਖ ਕੇ ਹੀ

ਵਰਨਾ ਰਹੀ ।

ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਦਾ ਪਾਠਕ ਤੇ ਪ੍ਰਭਾਵ ਬਾਰੇ ਕਿਹਾ ਜਾ ਸਕਦਾ ਹੈ ਕਿ ਪੂਰਨ ਸਿੰਘ ਦੀ ਸ਼ੈਲੀ ਬਹੁਤ ਭਾਰੀ ਉਲਝੀ ਹੈ ।ਇਹ ਹੀ ਕਾਰਨ ਹੈ ਕਿ ਪਾਠਕ ਆਪ ਦੀਆਂ ਰਚਨਾਵਾਂ ਨੂੰ ਪੜ੍ਹਕੇ ਇਸ ਤਰ੍ਹਾਂ ਅਨੁਭਵ ਕਰਦਾ ਹੈ ਕਿ ਲੇਖਕ ਆਪ ਵੀ ਕਹੀ ਜਾ ਰਹੀ ਗੱਲ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੈ । ਸੋ ਜਿਹੜਾ ਲੇਖਕ ਆਪ ਹੀ ਨਾ ਸਪਸ਼ਟ ਹੋਵੇ, ਉਹ ਦੂਜਿਆਂ ਤੱਕ ਆਪਣੀ ਗੱਲ ਕਿਸ ਤਰ੍ਹਾਂ ਸਪਸ਼ਟ ਕਰ ਸਕਦਾ ਹੈ । ਇਸ ਦਾ ਕਾਰਨ ਇਹ ਹੈ ਕਿ ਪੂਰਨ ਸਿੰਘ ਕਿਸੇ ਵਲਵਲੇ ਦੇ ਅਧੀਨ ਹੋ ਕੇ ਲਿਖਦਾ ਸੀ । ਜਿਧਰ ਉਸ ਦਾ ਉਹ ਵਲਵਲਾ ਵਹਿੰਦਾ ਹੈ, ਉਸ ਤਰ੍ਹਾਂ ਤੇ ਉਸ ਵੱਲ ਹੀ ਉਸ ਦੀ ਲਿਖਤ ਚਲਦੀ ਹੈ । ਪਰ ਇਸ ਦੇ ਬਾਵਜੂਦ ਵੀ ਇਸ ਤਰ੍ਹਾਂ ਲੱਗਦਾ ਹੈ ਕਿ ਵਲਵਲੇ ਦੇ ਵੇਗ ਦੀ ਰਫ਼ਤਾਰ ਕਲਮ ਦੀ ਲਿਖਣ ਰਫ਼ਤਾਰ ਤੋਂ ਵੀ ਬਹੁਤ ਤੇਜ਼ ਹੋ ਜਾਂਦੀ ਹੈ । ਇਸ ਬਾਰੇ ਆਪਣੀ ਅਸਮਰਥਾ ਸਪਸ਼ਟ ਕਰਦਿਆਂ ਹੋਇਆਂ ਪ੍ਰੋ. ਪੂਰਨ ਸਿੰਘ ਆਪ ਵੀ ਸਵੀਕਾਰ ਕਰਦਾ ਹੈ :

" ਅੱਖਰਾਂ ਦੇ ਅੰਦਰ ਮੇਰੇ ਨਿੱਕੇ ਨਿੱਕੇ ਹੰਝੂ ਵਿਚੋਂ ਕਿਰ ਕਿਰ ਪੈਂਦੇ । ਮੇਰੇ ਨਿੱਕੇ ਨਿੱਕੇ ਹੱਥ ਦਾਤਾਂ ਵੰਡੀਆਂ, ਝਨਾਂ ਦੇ ਝਨਾਂ ਦੇ ਪਏ ਵਗਦੇ, ਸਾਰੇ ਗੁੰਮ ਗੁੰਮ ਜਾਂਦੇ ਮੇਲੇ ।"[1]

ਇਹ ਹੀ ਕਾਰਨ ਹੈ ਕਿ ਪਾਠਕ ਨੂੰ ਆਪ ਦੀ ਸ਼ੈਲੀ ਸਪਸ਼ਟ ਅਤੇ ਉਲਝੀ ਹੋਈ ਜਾਪਦੀ ਹੈ । ਜਿਸ ਵਿਚੋਂ ਕਈ ਵਾਰਾਂ ਤੇ ਪਾਠਕ ਦੇ ਪੱਲੇ ਕੁਝ ਵੀ ਨਹੀਂ ਪੈਂਦਾ । ਇਸ ਬਾਰੇ ਡਾ. ਭੁਪਿੰਦਰ ਸਿੰਘ ਕਰੋਵਰ ਵੀ ਇਸ ਤਰ੍ਹਾਂ ਲਿਖਦਾ ਹੈ :

" ਉਸ ਨੂੰ ਪੜ੍ਹਨ ਪੜ੍ਹਾਉਣਾ ਜਾਂ ਸਮਝਣਾ ਇਕ ਔਖਾ ਕੰਮ ਸਮਝਿਆ ਜਾਂਦਾ ਹੈ । ਉਸ ਦੀ ਲਿਖਤ ਕਈ ਵਾਰੀਂ ਅਸਪਸ਼ਟ ਹੋ ਜਾਂਦੀ ਹੈ ਕਿਉਂਕਿ ਇਕ ਤਾਂ ਉਹ ਆਪ ਭਾਵਨਾਵਾਂ ਦੇ ਵੇਗ ਜਾਂ ਆਵੇਸ਼ ਨੂੰ ਪੂਰਨ ਭਾਂਤ ਸ਼ਬਦ ਬੱਧ ਨਹੀਂ ਕਰ ਸਕਦਾ, ਦੂਜੇ ਪਾਠਕ ਵੀ ਆਮ ਤੌਰ ਤੇ ਆਪਣੇ ਆਵੇਸ਼ ਨਾਲ ਨਹੀਂ ਤੁਰ ਸਕਦੇ । ਅਸਪਸ਼ਟਤਾ ਦਾ ਇਕ ਹੋਰ ਕਾਰਣ ਬਹੁਤੀਆਂ ਗੱਲਾਂ ਨੂੰ ਇਕੋ ਵਾਰ ਕਹਿਣ ਦਾ ਯਤਨ ਵੀ ਹੈ ।"[2]

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਘੁੰਡ : ਪੰਨਾ-੩੦

2. ਡਾ. ਭੁਪਿੰਦਰ ਸਿੰਘ ਕਰੋਵਰ : ਸਾਹਿਤ ਸਮਾਚਾਰ ਦਾ ਪੂਰਨ ਸਿੰਘ ਅੰਕ : ਪੰਨਾ 251

ਪਾਠਕ ਜੋ ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਤੋਂ ਅਸਪਸ਼ਟਤਾ ਦਾ ਪ੍ਰਭਾਵ ਕਬੂਲਦਾ ਹੈ, ਅਸਲ ਵਿਚ ਇਹ ਗੱਲ ਨਹੀਂ । ਮੁੱਖ ਕਾਰਨ ਤਾਂ ਇਹ ਹੈ ਕਿ ਅਸਪਸ਼ਟਤਾ ਲੇਖਕ ਵਿਚ ਨਹੀਂ ਸਗੋਂ ਪਾਠਕ ਵਿਚ ਹੁੰਦੀ ਹੈ । ਇਸ ਲਈ ਕਿ ਪ੍ਰੋ. ਪੂਰਨ ਸਿੰਘ ਨੇ ਜੋ ਵਿਚਾਰ ਪ੍ਰਗਟਾਏ ਹਨ, ਉਹ ਨਵੇਂ ਸਨ । ਜੋ ਪਹਿਲੇ ਕਦੇ ਵੀ ਇਸ ਤਰ੍ਹਾਂ ਦੇ ਵਿਚਾਰ ਪੰਜਾਬੀ ਪਾਠਕਾਂ ਦੇ ਸਾਹਮਣੇ ਨਹੀਂ ਆਏ । ਇਹ ਹੀ ਕਾਰਨ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਜਲਦੀ ਜਲਦੀ ਹਜ਼ਮ ਕਰਨਾ ਕੁਝ ਪਾਠਕਾਂ ਨੂੰ ਔਖਾ ਲੱਗਿਆ ।

ਦੂਜਾ ਇਨ੍ਹਾਂ ਵਿਚਾਰਾਂ ਦੀ ਸੂਖਮਤਾ ਵੀ ਹੈ । ਆਰਟ ਤੇ ਕਾਵਿ ਸੰਬੰਧੀ ਕੀ ਸੂਝ ਵੀ ਕਦੀ ਸਾਨੂੰ ਕਿਸੇ ਨੇ ਏਨੀ ਡੂੰਘਾਈ ਤੱਕ ਲੈ ਜਾਣ ਤੇ ਫੇਰ ਏਨੀਆਂ ਨਿੱਗਰ ਵਰਤੋਂ ਦੀਆਂ ਮਿਸਾਲਾਂ ਨਾਲ ਸੁਝਾਉਣ ਦਾ ਯਤਨ ਕੀਤਾ ਹੈ ।

ਅਸਲ ਵਿਚ ਪ੍ਰੋ. ਪੂਰਨ ਸਿੰਘ ਦੀ ਵਾਰਤਕ ਨਾਲ ਅਨਿਆਂ ਹੋਵੇਗਾ ਜੇ ਅਸੀਂ ਉਸ ਨੂੰ ਇਹ ਮਾਣ ਨਾ ਦੇਈਏ ਕਿ ਉਸ ਨੇ ਬਹੁਤ ਕੁਝ ਪੰਜਾਬੀ ਵਾਰਤਕ ਵਿਚ ਲਿਆਂਦਾ, ਜਾਣਕਾਰੀ ਵਿਚ ਸਗੋਂ ਆਪਣੀ ਭਾਸ਼ਾ ਵਿਚ ਵੀ ਅਤੇ ਸ਼ੈਲੀ ਵਿਚ ਵੀ ਨਵਾਂ ਲਿਆਂਦਾ ।

ਸਮੁੱਚੇ ਰੂਪ ਵਿਚ ਅਸੀਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਵਾਰਤਕ ਸ਼ੈਲੀ ਬਾਰੇ ਆਖ ਸਕਦੇ ਹਾਂ ਕਿ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਪੰਜਾਬੀ ਵਾਰਤਕ ਸ਼ੈਲੀ ਵਿਚ ਨਵੀਨ ਸ਼ੈਲੀ ਲਈ ਨੀਂਹ ਪੱਥਰ ਹੋ ਨਿਬੜੀਆਂ ਹਨ, ਜਿਨ੍ਹਾਂ ਨੇ ਆਉਣ ਵਾਲੇ ਸ਼ੈਲੀਕਾਰਾਂ ਲਈ ਵੀ ਆਪਣੀ ਮਹਾਨਤਾ ਦੇ ਸਦਕੇ ਪਥ-ਪ੍ਰਦਰਸ਼ਨ ਕੀਤਾ ।

## ਨਿਸ਼ਕਰਸ਼

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਦੀ ਆਧੁਨਿਕ ਪੰਜਾਬੀ ਵਾਰਤਕ ਵਿਚ ਬੜੀ ਮਹਾਨ ਦੇਣ ਹੈ । ਇਹ ਦੋਵੇਂ ਲੇਖਕ ਸਾਹਿਤ ਦੇ ਖੇਤਰ ਵਿਚ ਯੁੱਗ ਪਰਵਰਤਕ ਲੇਖਕ ਹਨ । ਦੋਵੇਂ ਹੀ ਉਨੀਵੀਂ ਸਦੀ ਦੇ ਅਖੀਰਲੇ ਦਹਾਕੇ ਅਤੇ ਵੀਹਵੀਂ ਸਦੀ ਦੇ ਮੁੱਢਲੇ ਅੱਧ ਵਿਚ ਪੰਜਾਬੀ ਸਾਹਿਤ ਵਿੱਚ ਸਤਿਕਾਰਤ ਸਥਾਨ ਪ੍ਰਾਪਤ ਕਰ ਚੁੱਕੇ ਸਨ । ਭਾਈ ਵੀਰ ਸਿੰਘ ਅਤੇ ਪ੍ਰੋ ਪੂਰਨ ਆਧੁਨਿਕ ਪੰਜਾਬੀ ਕਾਵਿ ਵਾਂਗ ਆਧੁਨਿਕ ਪੰਜਾਬੀ ਵਾਰਤਕ ਦੇ ਵੀ ਮੋਢੀ ਲੇਖਕ ਹਨ । ਇਸ ਖੋਜ - ਪ੍ਰਬੰਧ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਵਾਰਤਕ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ, ਜਿਸ ਦਾ ਨਿਸ਼ਕਰਸ਼ ਜਾਂ ਸਾਰ ਰੂਪ ਇਸ ਪ੍ਰਕਾਰ ਹੈ ।

### ਪਿਛੋਕੜ :-

ਕਿਸੇ ਵੀ ਲੇਖਕ ਦੀ ਰਚਨਾ ਦੇ ਨਿਰਮਾਣ ਵਿਚ ਪਿਛੋਕੜ ਅਤੇ ਪਰੰਪਰਾ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ । ਕਿਸੇ ਵੀ ਸਾਹਿਤਕਾਰ ਦੀ ਸ਼ਖਸੀਅਤ ਅਤੇ ਰਚਨਾ ਦੇ ਲਈ ਪਰੰਪਰਾ ਅਤੇ ਦੇਸ਼ ਕਾਲ ਦੀਆਂ ਪ੍ਰਸਥਿਤੀਆਂ ਇਕ ਤਰ੍ਹਾਂ ਨਾਲ ਪ੍ਰੇਰਨਾ-ਸਰੋਤ ਦਾ ਕੰਮ ਕਰਦੀਆਂ ਹਨ । ਜਿਨ੍ਹਾਂ ਤੋਂ ਪ੍ਰੇਰਨਾ ਗ੍ਰਹਿਣ ਕਰਕੇ ਲੇਖਕ ਆਪਣੀਆਂ ਰਚਨਾਵਾਂ ਦੀ ਸਿਰਜਨਾ ਕਰਨੀ ਸ਼ੁਰੂ ਕਰਦਾ ਹੈ । ਇਸ ਤਰ੍ਹਾਂ ਇਹ ਪਰੰਪਰਾਤਮਕ ਵਿਰਸਾ ਅਤੇ ਉਸ ਸਮੇਂ ਦੇ ਦੇਸ਼ ਦਾ ਵਾਤਾਵਰਨ ਚੇਤੰਨ ਜਾਂ ਅਚੇਤੰਨ ਰੂਪ ਵਿਚ ਲੇਖਕ ਦੀ ਸ਼ਖਸੀਅਤ ਅਤੇ ਰਚਨਾ ਤੇ ਪ੍ਰਭਾਵ ਪਾਉਂਦੇ ਹਨ । ਅਸਲ ਵਿਚ ਲੇਖਕ ਦੀ ਸ਼ਖਸੀਅਤ ਹੀ ਹੁੰਦੀ ਹੈ ਜੋ ਉਸ ਦੀਆਂ ਰਚਨਾਵਾਂ ਵਿਚ ਪ੍ਰਤੀਬਿੰਬਤ ਹੁੰਦੀ ਹੈ । ਇਸ ਲਈ ਜੋ ਕੁਝ ਲੇਖਕ ਦੀ ਸ਼ਖਸੀਅਤ ਨੂੰ ਪ੍ਰਭਾਵਿਤ ਕਰਦਾ ਹੈ, ਉਹੋ ਸਭ ਕੁਝ ਉਸ ਦੀਆਂ ਰਚਨਾਵਾਂ ਦੀ ਪਿਠ - ਭੂਮੀ ਬਣਦਾ ਹੈ ।

ਇਸ ਤੱਥ ਨੂੰ ਮੁੱਖ ਰੱਖਕੇ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਵੱਖ ਵੱਖ ਪਹਿਲੂਆਂ, ਇਰਾਦੇ ਦੀ ਦ੍ਰਿੜ੍ਹਤਾ, ਜੀਵਨ ਪ੍ਰਤੀ ਅਸੂਲਾਂ ਦੀ ਪੂਰਤੀ, ਕੰਮ ਕਰਨ ਦੀ ਲਗਨ ਅਤੇ ਅਣਥੱਕ ਮਿਹਨਤ ਆਦਿ ਗੁਣਾਂ ਨੂੰ ਵੇਖਿਆ ਜਾ ਸਕਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਜੀਵਨੀ ਵਿਚ ਅਨੇਕ ਪਰਿਵਾਰਕ ਸਮਾਨਤਾਵਾਂ ਅਤੇ ਵਖਰੇਵੇਂ ਹਨ । ਜਿਥੋਂ ਤੱਕ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਜੀਵਨ ਦਾ ਸੰਬੰਧ ਹੈ ਭਾਈ ਵੀਰ ਸਿੰਘ ਅਮੀਰੀ ਵਿਰਸੇ ਵਿਚ ਪਲਦਾ ਹੈ, ਭੇਰਵਾਕੂਨ ਵਿਖੇ ਸ਼ਾਹੀ ਕੋਠੀਆਂ ਵਿਚ ਜੀਵਨ ਬਤੀਤ ਕਰਦਾ ਹੈ, ਜਦੋਂ ਕਿ ਪ੍ਰੋ. ਪੂਰਨ ਸਿੰਘ ਨੂੰ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਦਾ ਮੌਕਾ ਨਹੀਂ ਮਿਲਦਾ । ਪ੍ਰੋ. ਪੂਰਨ ਸਿੰਘ ਦੇ ਆਪਣੇ ਸ਼ਬਦਾਂ ਵਿਚ ਹੀ :-

> " ਮੇਰਾ ਪਿਤਾ ਸਧਾਰਣ ਪਟਵਾਰੀ ਸੀ, ਘਰ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ ।"[1]

ਇਸ ਤਰ੍ਹਾਂ ਦੋਵੇਂ ਲੇਖਕਾਂ ਦਾ ਵਿਅਕਤਿਤਵ ਅਜਿਹੇ ਵਾਤਾਵਰਣ ਵਿਚ ਪਲਿਆ ਜਿਥੇ ਇਕ ਪਾਸੇ ਅਮੀਰੀ ਅਤੇ ਦੂਜੇ ਪਾਸੇ ਗਰੀਬੀ ਸੀ ।

ਇਸੇ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਸ਼ਖਸੀਅਤ ਅਤੇ ਸਿਰਜਣਾ ਨੂੰ ਵਿਕਾਸਾਤਮਿਕ ਪਰੰਪਰਾ ਵਾਂਗ ਉਸ ਵਕਤ ਦੀਆਂ ਕੁੱਝ ਪ੍ਰਸਥਿਤੀਆਂ ਨੇ ਵੀ ਪ੍ਰਭਾਵਿਤ ਕੀਤਾ । ਜਿਥੋਂ ਤੱਕ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਸਮੇਂ ਵਿਚ ਚੱਲੀਆਂ ਲਹਿਰਾਂ ਦਾ ਸੰਬੰਧ ਹੈ, ਉਸ ਸਮੇਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਕਈ ਪ੍ਰਕਾਰ ਦੀਆਂ ਲਹਿਰਾਂ ਚੱਲ ਰਹੀਆਂ ਸਨ । ਜਿਸ ਤਰ੍ਹਾਂ ਈਸਾਈ ਮਿਸ਼ਨਰੀ ਲਹਿਰ, ਕੂਕਾ ਲਹਿਰ, ਸਿੰਘ ਸਭਾ ਤੇ ਚੀਫ਼ ਖਾਲਸਾ ਦੀਵਾਨ, ਅਕਾਲੀ ਤੇ ਬੱਬਰ ਲਹਿਰ, ਗਦਰ ਪਾਰਟੀ ਲਹਿਰ, ਆਰੀਆ ਸਮਾਜ ਲਹਿਰ । ਭਾਈ ਵੀਰ ਸਿੰਘ ਇਨ੍ਹਾਂ ਵਿਚੋਂ ਸਭ ਤੋਂ ਵੱਧ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੁੰਦਾ ਹੈ, ਜੋ ਕਿ ਨਿਰੋਲ ਸਿੱਖਾਂ ਦੀ ਇਕ ਲਹਿਰ ਸੀ । ਜਦੋਂ ਕਿ ਪ੍ਰੋ. ਪੂਰਨ ਸਿੰਘ ਨਿਰੋਲ ਸਿੱਖਾਂ ਨਾਲ ਸੰਬੰਧਿਤ ਲਹਿਰਾਂ ਨਾਲੋਂ ਆਜ਼ਾਦੀ ਲਈ ਚੱਲੀਆਂ ਲਹਿਰਾਂ ਤੋਂ ਵਧੇਰੇ ਪ੍ਰਭਾਵਿਤ ਹੁੰਦਾ ਹੈ ।

ਇਨ੍ਹਾਂ ਲਹਿਰਾਂ ਦਾ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਤੇ ਇਹ ਪ੍ਰਭਾਵ ਪਿਆ ਕਿ ਇਨ੍ਹਾਂ ਨੇ ਵੀ ਆਪਣੇ ਧਰਮ ਦੇ ਪ੍ਰਚਾਰ ਲਈ ਅਖਬਾਰਾਂ ਆਦਿ ਦਾ ਨਿਰਮਾਣ ਕਰਨਾ ਸ਼ੁਰੂ ਕੀਤਾ । ਜਿਵੇਂ ਭਾਈ ਵੀਰ ਸਿੰਘ ਨੇ " ਖਾਲਸਾ ਸਮਾਚਾਰ" ਅਤੇ ਪ੍ਰੋ. ਪੂਰਨ ਸਿੰਘ ਨੇ " ਥੰਡਰਿੰਗ ਡਾਨ " ਜਿਹੀਆਂ ਅਖਬਾਰਾਂ ਕੱਢੀਆਂ । ਇਸੇ ਤਰ੍ਹਾਂ ਸਿੱਖ ਧਰਮ ਵਿਚ ਪ੍ਰਵੇਸ਼ ਹੋ ਚੁੱਕੇ ਵਹਿਮਾਂ, ਭਰਮਾਂ ਤੇ ਪਾਖੰਡਾਂ ਦੀ ਨਿਖੇਧੀ ਕੀਤੀ । ਇਸ ਤਰ੍ਹਾਂ ਇਹ ਪਿਠ - ਭੂਮੀ ਸੀ ਜਿਸ ਤੋਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰਭਾਵ ਗ੍ਰਹਿਣ ਕਰਕੇ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਸਾਹਿਤਕ ਰਚਨਾਵਾਂ ਲਈ ਉਦੇਸ਼ ਦਾ ਨਿਰਧਾਰਨ ਕੀਤਾ ਤੇ ਆਪਣੀ ਪ੍ਰਤਿਭਾ ਲਈ ਰਾਹ ਨਿਸ਼ਚਤ ਕੀਤਾ ।

---

1. ਪ੍ਰੋ: ਪੂਰਨ ਸਿੰਘ : ਜ਼ਿੰਦਗੀ ਦੇ ਰਾਹਾਂ ਤੇ : ਪੰਨਾ - 19.

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੂੰ ਮੁੱਢਲਾ ਇਲਮ ਪ੍ਰਦਾਨ ਕਰਨ ਵਾਲੀ ਸਿੱਖਿਆ ਪ੍ਰਣਾਲੀ, ਸਿਆਸੀ ਰੁਚੀਆਂ, ਜਵਾਨੀ ਦੇ ਜ਼ੋਰ ਅਤੇ ਮੌਤ ਦੇ ਆਖਰੀ ਪਲ, ਵਿਚ ਅਨੇਕ ਸਮਾਨਤਾਵਾਂ ਹੁੰਦਿਆਂ ਵੀ, ਉਨ੍ਹਾਂ ਦੀ ਵਖਰੀ ਵਖਰੀ ਸ਼ਖਸ਼ੀਅਤ ਨੂੰ ਵਖਰੇ ਵਖਰੇ ਦ੍ਰਿਸ਼ਟੀਕੋਨ ਤੋਂ ਉਜਾਗਰ ਕਰਦੇ ਹਨ ।

ਮੁੱਖ ਰੂਪ ਵਿਚ ਇਹ ਪਰਿਵਾਰਾਤਮਕ ਵਿਰਸਾ ਅਤੇ ਪ੍ਰੇਰਨਾ - ਸਰੋਤ ਹੀ ਹਨ ਜਿਨ੍ਹਾਂ ਦੇ ਕਾਰਨ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵਿਭਿੰਨ ਪ੍ਰਕਾਰ ਦੀਆਂ ਪ੍ਰਵਿਰਤੀਆਂ ਨੇ ਪ੍ਰਵੇਸ਼ ਕੀਤਾ । ਇਹ ਪ੍ਰਵਿਰਤੀਆਂ ਕ੍ਰਮਵਾਰ ਇਸ ਪ੍ਰਕਾਰ ਹਨ ।

ਪ੍ਰਵਿਰਤੀਆਂ :-

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਪੇਸ਼ ਹੋਈਆਂ ਪ੍ਰਵਿਰਤੀਆਂ ਵੀ ਉਨ੍ਹਾਂ ਦੇ ਮੁੱਢ ਤੋਂ ਲੈ ਕੇ ਆਖਰੀ ਸਮੇਂ ਤੱਕ ਦੇ ਜੀਵਨ ਪ੍ਰਵਾਹ ਵਿਚੋਂ ਉਪਜਣ ਵਾਲੀਆਂ ਅਜਿਹੀਆਂ ਪ੍ਰਵਿਰਤੀਆਂ ਹੀ ਹਨ ਜਿਨ੍ਹਾਂ ਨੂੰ ਆਪਣੇ ਆਪਣੇ ਜੀਵਨ ਖੇਤਰ ਅਨੁਸਾਰ ਅਤੇ ਆਪਣੀਆਂ ਆਪਣੀਆਂ ਵਿਅਕਤੀਗਤ ਰੁਚੀਆਂ ਅਨੁਸਾਰ ਉਨ੍ਹਾਂ ਨੇ ਵੱਖਰਾ ਦ੍ਰਿਸ਼ਟੀਕੋਨ ਪ੍ਰਦਾਨ ਕੀਤਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਵਾਰਤਕ ਰਚਨਾਵਾਂ ਵਿਚ ਵਿਆਪਕ ਜੀਵਨ ਦੀ ਚੇਤਨਾ ਨੂੰ ਪ੍ਰਗਟਾਉਂਦਿਆਂ ਜਿਨ੍ਹਾਂ ਆਦਰਸ਼ਾਂ ਦਾ ਨਿਰਮਾਣ ਕੀਤਾ ਹੈ, ਉਸ ਵਿਚ ਸੰਪੂਰਣ ਜੀਵਨ ਦੇ ਸੰਕੇਤ ਮਿਲਦੇ ਹਨ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਅਧਿਆਤਮਕਵਾਦ, ਰਹੱਸਵਾਦ ਸਮਾਜਵਾਦ, ਆਦਰਸ਼ਵਾਦ ਅਤੇ ਮਾਨਵਤਾਵਾਦ ਦੀਆਂ ਪ੍ਰਵਿਰਤੀਆਂ ਦਾ ਵਰਨਣ ਹੋਇਆ ਮਿਲਦਾ ਹੈ ।

ਅਧਿਆਤਮਵਾਦ ਦੀ ਪ੍ਰਵਿਰਤੀ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਉਜਾਗਰ ਹੋਈ ਮਿਲਦੀ ਹੈ । ਅਧਿਆਤਮਵਾਦੀ ਪ੍ਰਵਿਰਤੀਆਂ ਦੀਆਂ ਜਿਹੜੀਆਂ ਪ੍ਰਵਿਰਤੀਆਂ ਮੁਖੀਆਂ ਹਨ ਉਹ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਵਿਰਾਜਮਾਨ ਹਨ ।

ਅਧਿਆਤਮਵਾਦ ਇਕ ਅਜਿਹੀ ਪ੍ਰਵਿਰਤੀ ਹੈ ਜਿਸ ਵਿਚ ਅਗਿਆਤ ਅਤੇ ਸੂਖਮ ਵਿਸ਼ਿਆਂ ਦੀ ਭਾਵਕ ਵਿਆਖਿਆ ਕੀਤੀ ਜਾਂਦੀ ਹੈ ।

ਦੀ ਪ੍ਰੇਰਨਾ ਪਿਛੇ ਸਿੱਖ ਧਰਮ ਦੀ ਕੁਰਬਾਨੀ ਭਾਈ ਸਾਹਿਬ ਦੀ ਕਵਿਤਾ ਦੀ ਪ੍ਰਤਿਭਾ ਰਮੀ ਹੋਈ ਹੈ। ਸਿੱਖ ਧਰਮ ਦੀ ਸਮਾਜਿਕਤਾ ਬੜੀ ਮਹਾਨ ਹੈ। ਇਸ ਦਾ 'ਸੰਗਤ ਸਿਧਾਂਤ' ਭਾਈ ਸਾਹਿਬ ਦੀ ਮਾਨਵਵਾਦੀ ਦ੍ਰਿਸ਼ਟੀ ਨੂੰ ਉਤਪੰਨ ਕਰਨ ਵਿਚ ਪਰਮ ਸਹਾਇਕ ਹੋਇਆ ਹੈ। ਮਜ਼ਲੂਮਾਂ ਪ੍ਰਤੀ ਸੁਹਿਰਦਤਾ, ਨਤਾਣਿਆਂ ਲਈ ਹਮਦਰਦੀ, ਜ਼ੁਲਮਾਂ ਲਈ ਉਤਸ਼ਾਹ, ਆਜ਼ਾਦੀ ਲਈ ਕ੍ਰਾਂਤੀ ਅਤੇ ਸ੍ਵੈ-ਰੱਖਿਆ ਲਈ ਆਤਮਬਲ ਇਹ ਸਾਰੇ ਤੱਤ ਭਾਈ ਸਾਹਿਬ ਨੂੰ ਗੁਰਮਤਿ ਚਿੰਤਨ ਵਿਚੋਂ ਮਿਲੇ ਹਨ। ਭਾਈ ਵੀਰ ਸਿੰਘ ਨੇ ਸੁਚੇਤ ਤੌਰ ਤੇ ਆਪਣੀਆਂ ਰਚਨਾਵਾਂ ਵਿਚ ਇਸ ਵਿਰਸੇ ਦਾ ਨਿਭਾ ਸਫਲਤਾ ਨਾਲ ਕੀਤਾ।

ਭਾਈ ਵੀਰ ਸਿੰਘ ਮੁੱਖ ਤੌਰ ਤੇ ਮਨੁੱਖਤਾ ਦੇ ਲੇਖਕ ਹਨ। ਇਨਸਾਨੀਅਤ, ਮਨੁੱਖੀ ਭਲਾਈ, ਮਾਨਵਤਾ ਉਨ੍ਹਾਂ ਦੀਆਂ ਰਚਨਾਵਾਂ ਦਾ ਸੋਮਾ ਹੈ। ਮਾਨਵਤਾ ਦੇ ਪ੍ਰਤਿ ਸੁਹਿਰਦਤਾ ਦਾ ਜਜ਼ਬਾ ਉਨ੍ਹਾਂ ਦੀਆਂ ਰਚਨਾਵਾਂ ਵਿਚ ਵਿਆਪਕ ਤੌਰ ਤੇ ਰਚਿਆ ਹੋਇਆ ਹੈ। ਭਾਈ ਸਾਹਿਬ ਆਪਣੀ ਅਭਿਆਸ ਕਾਲ ਦੀ ਰਚਨਾ ਤੋਂ ਲੈ ਕੇ 'ਉਤਰਾਰਧ ਕਾਲ' ਦੀ ਰਚਨਾ ਤੱਕ ਮਨੁੱਖ ਨੂੰ ਇਕ ਆਜ਼ਾਦ ਹਸਤੀ ਦੇ ਪ੍ਰਸੰਗ ਵਿਚ ਅਤੇ ਇਕ ਸਮਾਜਿਕ ਅੰਗ ਹੋਣ ਵਜੋਂ ਭਲੀ ਭਾਂਤ ਚਿਤਰਦੇ ਆਏ ਹਨ। ਭਾਈ ਸਾਹਿਬ ਦੀ ਲੇਖਣੀ ਉਤੇ ਅਧਿਆਤਮਕਤਾ ਦਾ ਪੂਰਾ ਰੰਗ ਹੈ। ਪਰ ਫਿਰ ਵੀ ਭਾਈ ਸਾਹਿਬ ਮਨੁੱਖੀ ਹਸਤੀ ਨੂੰ ਵੀਹਵੀਂ ਸਦੀ ਦੇ ਬੌਧਿਕ ਵਾਤਾਵਰਣ ਵਿਚ ਰੱਖ ਕੇ ਦੇਖਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਏ ਹਨ।

ਇਸ ਸਦੀ ਵਿੱਚ ਵਿਗਿਆਨਕ ਅਤੇ ਉਦਯੋਗਿਕ ਤੱਤਾਂ ਨੇ ਮਨੁੱਖ ਦੇ ਗਿਆਨ ਵਿੱਚ ਜਿਹੜਾ ਵਾਧਾ ਕੀਤਾ ਹੈ, ਇਸ ਨੇ ਵੀ ਲੇਖਕ ਦੀ ਸੋਚਧਾਰਾ ਨੂੰ ਟੁੰਬਿਆ ਹੈ। ਇਸ ਨਾਲ ਸਾਹਿਤ ਦੀਆਂ ਪਰੰਪਰਾਵਾਂ ਵਿਚ ਵਾਧਾ ਹੁੰਦਾ ਹੈ। ਸਭਿਆਚਾਰਕ ਅਤੇ ਸੰਸਕ੍ਰਿਤਕ ਕੀਮਤਾਂ ਦੇ ਸੰਬੰਧਾਂ ਦੀ ਪਰਖ ਹੋਰ ਵਧਦੀ ਹੈ। ਮਾਨਸਿਕ ਗੁੰਝਲਾਂ ਨੂੰ ਸਮਝਣ ਦੀ ਬੂਝ ਹੋਰ ਵਧਦੀ ਹੈ। ਇਸ ਤਰ੍ਹਾਂ ਆਪ ਹੋਰ ਵਿਸ਼ਿਆਂ ਵਾਂਗ ਇਸ ਬਾਰੇ ਵੀ ਪੂਰੇ ਜਾਗਰੂਕ ਸਨ।

ਭਾਈ ਸਾਹਿਬ ਦੀ ਮਾਨਵਵਾਦੀ ਭਾਵਨਾ ਨੂੰ ਆਜ਼ਾਦੀ ਦੇ ਸੰਗਰਾਮ ਨੇ ਵੀ ਕਾਫੀ ਮਹੱਤਤਾ ਦਿੱਤੀ ਹੈ। ਆਜ਼ਾਦੀ ਲਈ ਗੁਲਾਮ ਦੇਸ਼ ਦੀ ਜੋ ਬਹਿਬਲਤਾ ਹੁੰਦੀ ਹੈ, ਭਾਈ ਸਾਹਿਬ ਨੇ ਖੁਦ ਉਸ ਦੀ ਟੀਸ ਨੂੰ ਅਨੁਭਵ ਕੀਤਾ। ਭਾਰਤ ਦੀ ਧਰਤੀ ਦਾ ਹਰ ਕਣ ਉਨ੍ਹਾਂ ਨੂੰ ਪਿਆਰਾ ਲੱਗਾ। ਅਤੇ ਭਾਰਤ ਦੀ ਆਜ਼ਾਦੀ ਦੇ ਸੁਪਨੇ ਉਨ੍ਹਾਂ ਦੀਆਂ ਅੱਖਾਂ ਅੱਗੇ ਨਚਦੇ, ਇਸ ਨਾਲ ਉਨ੍ਹਾਂ ਦੀ ਹਮਦਰਦੀ ਉਸ ਸਾਰੀ ਖ਼ਲਕਤ ਨਾਲ ਸਹਿਜ ਸੁਭਾ ਹੋ ਗਈ ਜਿਹੜੇ ਵਿਦੇਸ਼ੀ ਜੂਲੇ ਹੇਠ ਲਿਤਾੜੇ ਜਾਂਦੇ ਹਨ।

ਇਸ ਤੋਂ ਵੀ ਵੱਧ ਭਾਈ ਸਾਹਿਬ ਦਾ ਆਪਣਾ ਸੁਹਿਰਦ ਭਾਵੀ ਆਪਾ ਹੈ ਜਿਸ ਦੇ ਸਾਰੇ ਵਿਚ ਵਸ ਕੇ ਹਰ ਕਥਨੀ ਤੇ ਕਰਨੀ, ਮਾਨਵਵਾਦੀ ਭਾਵਾਂ ਦੇ ਰੰਗ ਵਿਚ ਰੰਗੀ ਗਈ ਹੈ। ਭਾਈ ਸਾਹਿਬ ਸੁਭਾਵਿਕ ਤੌਰ ਤੇ ਪ੍ਰਗਟ ਜਾਂ ਅਪ੍ਰਗਟ ਰੂਪ ਵਿਚ ਪ੍ਰੇਮ ਦੇ ਰਹੱਸ ਲੇਖਕ ਹਨ। ਵੈਸੇ ਵੀ ਪਿਆਰ ਜਦੋਂ ਦੇਹ ਸੁਖ ਦੇ ਦੁਆਲੇ ਸੀਮਿਤ ਹੁੰਦਾ ਹੈ ਤਾਂ ਵਾਸ਼ਨਾਵਾਦ ਪਨਪਦਾ ਹੈ, ਪਿਆਰ ਵਿੱਚ ਜਦੋਂ ਆਦਰਸ਼ ਦਾ ਮੇਲ ਹੁੰਦਾ ਹੈ ਤਾਂ ਆਦਰਸ਼ਵਾਦ ਜਨਮਦਾ ਹੈ, ਇਸ ਪਿਆਰ ਵਿਚ ਜਦੋਂ ਰੱਬੀ ਪ੍ਰੇਮ ਦਾ ਮੇਲ ਆ ਜਾਂਦਾ ਹੈ ਤਾਂ ਰਹੱਸਵਾਦ ਪ੍ਰਗਟਦਾ ਹੈ, ਪਰ ਇਸ ਪ੍ਰੇਮ ਵਿਚ ਜਦੋਂ ਸਮਾਜਿਕ ਸੁਹਿਰਦਤਾ ਆ ਮਿਲਦੀ ਹੈ ਤਾਂ ਮਾਨਵਤਾਵਾਦ ਜਾਗਦਾ ਹੈ। ਭਾਈ ਵੀਰ ਸਿੰਘ ਵਿਚ ਵੀ ਪ੍ਰੇਮ ਦੀ ਇਕ ਸਦੀਵੀ ਲੋਅ ਜਗਮਗਦੀ ਰਹਿੰਦੀ ਹੈ। ਉਨ੍ਹਾਂ ਦੀ ਬੌਧਿਕਤਾ ਮਨੁੱਖੀ ਸਦਭਾਵਨਾ ਪਿਆਰ ਦੇ ਜਜ਼ਬਿਆਂ ਨਾਲ ਓਤ-ਪ੍ਰੋਤ ਰਹਿੰਦੀ ਹੈ। ਮਨੁੱਖਤਾ ਦੀ ਭਲਾਈ ਲਈ ਆਪ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ।

(ੳ) ਸੁਤੰਤਰ ਸਮਾਜ ਦੀ ਉਸਾਰੀ :

ਭਾਈ ਵੀਰ ਸਿੰਘ ਮਾਨਵਵਾਦੀ ਦ੍ਰਿਸ਼ਟੀ ਤੋਂ ਹੀ ਵਰਤਮਾਨ ਸਮਾਜ ਦਾ ਅੰਦਾਜ਼ਾ ਲਾਉਂਦੇ ਹਨ। ਸਮਾਜ ਦੀ ਬਣਤਰ, ਆਕਾਰ, ਨਿਰਮਾਣ, ਗਠਨ ਤੇ ਵਿਧਾਨ ਦੇ ਜਾਇਜ਼ਾ ਲੈਂਦੇ ਹਨ। ਭਾਈ ਸਾਹਿਬ ਵੇਖਦੇ ਹਨ ਕਿ ਮਨੁੱਖ ਆਪੋ ਵਿਚ ਪਾਟੇ ਪਏ ਹਨ। ਜਿਸ ਕਾਰਣ ਅਸੀਂ ਗੁਲਾਮ ਹੋ ਗਏ ਹਾਂ। ਸਾਡੀ ਗੁਲਾਮੀ ਦਾ ਇਹ ਹੀ ਅਸਲੀ ਕਾਰਨ ਹੈ। ਆਪ ਲਿਖਦੇ ਹਨ :

> "ਨਿਖੇੜਿਆਂ ਰਹਿਣਾ ਸਾਡੇ ਦੇਸ਼ ਦੀ ਕਮਜ਼ੋਰੀ ਦਾ ਕਾਰਣ ਹੈ, ਸਾਡਾ ਆਪੋ ਵਿਚ ਪਾਟੇ ਰਹਿਣਾ ਇਕ ਮੰਦ ਕਰਮ ਹੈ, ਜਿਸ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ।"[1]

ਦੁਨੀਆਂ ਵਿਚ ਤਾਕਤਵਰ ਦਾ ਰਾਜ ਹੈ। ਜਿਸ ਪ੍ਰਕਾਰ ਇਕ ਕਹਾਵਤ ਵੀ ਹੈ "ਜਿਸ ਦੀ ਲਾਠੀ ਉਸ ਦੀ ਭੈਂਸ"। ਅਨੁਸਾਰ ਮਜ਼ਲੂਮ ਕਿੰਨ੍ਹਾਂ ਹੀ ਬਚਨ ਦਾ ਯਤਨ ਕਰਨ ਪਰ ਫਿਰ ਵੀ ਉਨ੍ਹਾਂ ਨੂੰ ਬਲ ਵਾਲੇ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਹੈ।

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 35

ਭਾਈ ਵੀਰ ਸਿੰਘ ਵੀ ਆਪਣੀਆਂ ਰਚਨਾਵਾਂ ਵਿਚ ਮਾਨਵਵਾਦੀ ਵਿਚਾਰ ਪੱਖ ਨੂੰ ਇਸੇ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ । ਉਹ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਦਾ ਦੁੱਖ ਦੂਰ ਕਰਨਾ ਚਾਹੁੰਦੇ ਹਨ । ਇਸ ਤਰ੍ਹਾਂ ਦਾ ਸਮਾਜ ਪੈਦਾ ਕਰਨਾ ਚਾਹੁੰਦੇ ਹਨ, ਜਿਸ ਵਿਚ ਮਨੁੱਖ ਪੂਰੀ ਉੱਨਤੀ, ਖੁਸ਼ੀ ਅਤੇ ਖੁਸ਼ਹਾਲੀ ਨਾਲ ਰਹਿ ਸਕੇ । ਭਾਈ ਵੀਰ ਸਿੰਘ ਦੇ ਨਾਵਲਾਂ ਦੇ ਪਾਤਰਾਂ ਅਨੁਸਾਰ ਵੀ :

> " ਅਸੀਂ ਆਪਣੇ ਸੁੱਖ, ਮੌਜ, ਬਹਾਰ ਲਈ ਸਿੱਖ ਨਹੀਂ ਬਣੇ, ਜੋ ਬੈਠੀ ਨੇ ਕੇ ਦੇਸ਼ ਦੇ ਹੁਕਮ ਨੂੰ ਜਾਰੀ ਰਹਿਣ ਦੇਈਏ, ਅਸਾਂ ਤਾਂ ਦੇਸ਼ ਦਾ ਦੁੱਖ ਦੂਰ ਕਰਨਾ ਹੈ ......... ਉਹ ਦੇਸ਼ ਦੀ ਉੱਨਤੀ, ਖੁਸ਼ੀ ਤੇ ਖੁਸ਼ਹਾਲੀ ਮੰਗਦੇ ਹਨ ਅਤੇ ਆਪਣੇ ਲਈ ਐਸ਼ ਨਹੀਂ ਮੰਗਦੇ ।"[1]

ਭਾਈ ਸਾਹਿਬ ਅਨੁਸਾਰ ਉਚਾਣਾਂ ਨਿਵਾਣਾਂ ਖੁਦ ਮਨੁੱਖ ਨੇ ਆਪ ਹੀ ਘੜੀਆਂ ਹਨ । ਲੋਕਤਾ ਦਾ ਖੂਨ ਪੀ ਕੇ " ਖੂਨ ਦੇ ਦਾਸ " ਮਨੁੱਖਤਾ ਦੇ ਵਿਕਾਸ ਵਿਚ ਰੋੜੇ ਅਟਕਾਉਂਦੇ ਹਨ । ਵਿਸ਼ੇਸ਼ ਅਧਿਕਾਰਾਂ ਦੇ ਸੁਆਮੀ ਕੁਝ ਲੋਕ ਲੋਕਤਾ ਤੇ ਭਾਰੂ ਹਨ । ਇਸ ਨਵ - ਜਾਗ੍ਰਿਤੀ ਲਈ ਭਾਈ ਸਾਹਿਬ ਇਨਸਾਫ, ਮਿਹਨਤ ਤੇ ਮੁਸ਼ੱਕਤ ਨੂੰ ਸਤਿਕਾਰਦੇ ਹਨ ਤੇ ਮਿਹਨਤ ਦੇ ਗੀਤ ਗਾਉਂਦੇ ਹਨ । ਬਾਬਾ ਨੌਧ ਸਿੰਘ ਦਾ ਪਾਤਰ ਤਾਂ ਥਾਂ ਥਾਂ ਮਿਹਨਤ ਅਤੇ ਕਿਰਤ ਕਰਨ ਤੇ ਜ਼ੋਰ ਦਿੰਦਾ ਹੈ ।

ਭਾਈ ਵੀਰ ਸਿੰਘ ਮਨੁੱਖਤਾ ਦੀ ਮਹੱਤਤਾ ਅਤੇ ਜਨ - ਸ਼ਕਤੀ ਦੇ ਲਲਕਾਰੇ ਨਾਲ ਆਸ਼ਾਵਾਦੀ ਹੋ ਜਾਂਦੇ ਹਨ । ਉਨ੍ਹਾਂ ਨੂੰ ਪੂਰਨ ਯਕੀਨ ਹੈ ਕਿ ਜੇ ਮਨੁੱਖ ਦ੍ਰਿੜਤਾ ਨਾਲ ਭਰੋਸਾ ਰਖਦੇ ਵਿਚਰੇ ਤਾਂ ਉਨ੍ਹਾਂ ਦੇ ਰਸਤੇ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ । ਆਪਣੇ ਆਸ਼ਾਵਾਦੀ ਦ੍ਰਿਸ਼ਟੀਕੋਣ ਤੇ ਹੀ ਲਿਖਦੇ ਹਨ ਕਿ ਉਨ੍ਹਾਂ ਨੇ ਇਕ ਨਾ ਇਕ ਦਿਨ ਅਜ਼ਾਦੀ ਮੁਗਲਾਂ ਤੋਂ ਵਾਪਿਸ ਲੈ ਲੈਣੀ ਹੈ । ਜਿਸ ਤਰ੍ਹਾਂ ਆਪ ਅਨੁਸਾਰ :

> " ਪੰਜਾਬ ਸਾਡਾ ਘਰ ਹੈ, ਦੇਸ਼ ਹੈ, ਕੁਰਾਹਾ ਕੋਈ ਹੱਕ ਨਹੀਂ ਕਿ ਸਾਡੇ ਘਰ ਨੂੰ ਲੁੱਟੇ ਤੇ ਉਸ ਤੇ ਰਾਜ ਕਰੇ । ਆਪਣਾ ਘਰ ਸੰਭਾਲਣ ਵਾਸਤੇ ਸਿੱਖਾਂ ਦਾ ਕੁਰਾਹੇ ਨਾਲ ਲੜ ਪੈਣਾ ਅਪਰਾਧ ਨਹੀਂ ।"[2]

ਭਾਈ ਵੀਰ ਸਿੰਘ ਮਾਨਵਵਾਦੀ ਆਦਰਸ਼ ਤੋਂ ਪ੍ਰੇਰੇ ਹੀ ਇਹ ਮੰਗ ਕਰਦੇ ਹਨ ਕਿ ਜਦੋਂ ਪਰਮਾਤਮਾ ਨੇ ਸਭ ਨੂੰ ਅਜ਼ਾਦੀ ਬਖਸ਼ੀ ਹੈ, ਫਿਰ ਇਨਸਾਫ ਲਈ ਇਹ ਯੋਗ ਨਹੀਂ ਕਿ ਉਹ

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 191
2. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 17

ਦੁਨੀਆਂ ਦੀ ਅਗਵਾਈ ਦੇ ਜੋਹਣ ਦਾ ਯਤਨ ਕਰਨ ।

ਭਾਈ ਵੀਰ ਸਿੰਘ ਸਾਮਰਾਜੀ ਬਿਰਤੀ ਦੀ ਨਿਖੇਧੀ ਕਰਦਿਆਂ ਲਿਖਦੇ ਹਨ ਕਿ ਦੁਨੀਆਂ ਨੂੰ ਸ਼ਕਤੀ ਨਾਲ ਗੁਲਾਮ ਬਣਾਉਣਾ ਅਤੇ ਉਨ੍ਹਾਂ ਤੇ ਜ਼ੁਲਮ ਕਰਨ ਦੀ ਰੁਚੀ ਇਨਸਾਨ ਤੋਂ ਦੂਰ ਰਹਿਣੀ ਚਾਹੀਦੀ ਹੈ ।

ਭਾਈ ਵੀਰ ਸਿੰਘ ਆਪਣੀ ਮਾਨਵਵਾਦੀ ਦ੍ਰਿਸ਼ਟੀ ਤੋਂ ਹੀ ਅੰਤਰ ਰਾਸ਼ਟਰੀ ਪੱਧਰ ਅਤੇ ਕੌਮਾਂਤਰੀ ਦ੍ਰਿਸ਼ਟੀ ਤੋਂ ਸੋਚਦਾ ਹੈ । ਇਸ ਉਦੇਸ਼ ਦੀ ਧੁਰ ਗੁਰੂ ਘਰ ਦੇ ਇਸ ਆਦਰਸ਼ " ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ " ਵਿਚ ਵੀ ਸਮਾਈ ਮਿਲਦੀ ਹੈ । ਸਰਬ-ਸਾਂਝੀਵਾਲਤਾ, ਪਰਸਪਰ ਸਮਾਨਤਾ ਅਤੇ ਮਨੁੱਖੀ ਏਕਤਾ ਦਾ ਅਹਿਸਾਸ ਅਨੇਕ ਥਾਈਂ ਭਾਈ ਸਾਹਿਬ ਦੇ ਬੋਲਾਂ ਵਿਚੋਂ ਫੁੱਟ ਨਿਕਲਦਾ ਹੈ । ਮਨੁੱਖੀ ਏਕਤਾ ਦੇ ਇਸ ਜਜ਼ਬੇ ਹੇਠ ਭਾਈ ਸਾਹਿਬ ਦੀ ਪ੍ਰਬਲ ਕਾਮਨਾ ਹੈ ਕਿ ਅੰਤਰ-ਰਾਸ਼ਟਰੀ ਪੱਧਰ ਤੇ ਹਰ ਦੀਪ, ਮਹਾਂਦੀਪ ਵਿਚ ਮਨੁੱਖੀ ਭ੍ਰਾਤਰੀਭਾਵ ਤੇ ਏਕਤਾ ਦੇ ਸਦਕਾ ਹਰ ਵਿਅਕਤੀ ਨੂੰ ਬਰਾਬਰ ਸਮਝਿਆ ਜਾਵੇ । ਇਸੇ ਦ੍ਰਿਸ਼ਟੀ ਤੋਂ ਆਪ ਦੇਸ਼ ਨੂੰ ਸੁੱਖੀ ਤੇ ਸੁਤੰਤਰ ਵੇਖਣਾ ਚਾਹੁੰਦੇ ਹਨ । ਜਿਸ ਤਰ੍ਹਾਂ

> " ਦੇਸ਼ ਨੂੰ ਸੁਖੀ ਤੇ ਸੁਤੰਤਰ ਕਰਨਾ ਹੈ ਅਤੇ ਰਾਜ ਸਾਜਣਾ ਹੈ, ਇਹ ਮਦ ਸਿੱਖਾਂ ਦੇ ਦਿਲਾਂ ਵਿਚ ਨਾਲਾਂ ਮਾਰਦਾ ਰਹਿੰਦਾ ਸੀ ।" [1]

ਭਾਈ ਵੀਰ ਸਿੰਘ ਇਸ ਤਰ੍ਹਾਂ ਦਾ ਰਾਜ ਪੈਦਾ ਕਰਨਾ ਚਾਹੁੰਦਾ ਹੈ ਜਿਸ ਵਿੱਚ ਸਭ ਬਰਾਬਰ ਹੋ ਜਾਣ । ਇਸ ਰਾਜ ਦੀ ਪੈਦਾ ਲਈ ਹੀ ਸਿੱਖ ਕੁਰਬਾਨੀਆਂ ਕਰਦੇ ਦਿਖਾਏ ਗਏ ਹਨ ।

(ਅ) ਸਰਬ ਸਾਂਝੀਵਾਲਤਾ :

ਭਾਈ ਵੀਰ ਸਿੰਘ ਦੀ ਅਨੁਭੂਤੀ ਤੇ ਅਭਿਵਿਅਕਤੀ ਵਿਚ ਮਾਨਵਵਾਦੀ ਰੰਗ ਦੀ ਗੂੜ੍ਹੀ ਭਾਹ ਉਘੜਦੀ ਹੈ, ਭਾਈ ਵੀਰ ਸਿੰਘ ਦੇ ਰਹੱਸਵਾਦ ਵਿਚ ਬੌਧਿਕਤਾ, ਅਧਿਆਤਮਕਤਾ ਅਤੇ ਆਦਰਸ਼ ਦੇ ਮਿਠੇ ਜੁਠੇ ਅੰਸ਼ ਮਿਲਦੇ ਹਨ, ਜਿਹੜੇ ਮਿਸ਼ੇ ਸੰਤਵਾਦ ਦੇ ਘੇਰੇ ਤੋਂ ਉਪਰ ਹਨ, ਅਤੇ ਜਿਨ੍ਹਾਂ ਦਾ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 292

ਜਿਵੇਂ ਇਕ ਉਦੇਸ਼ ਮਾਨਵ ਮਾਤਰ ਨੂੰ ਵਿਸ਼ਵ ਵਿਆਪੀ ਸਰਬ ਸਾਂਝੀਵਾਲਤਾ ਦੀ ਭਾਵਨਾ ਪ੍ਰਦਾਨ ਕਰਕੇ ਇਕ ਅਜਿਹੇ ਸਮਾਜ ਦੀ ਉਸਾਰੀ ਕਰਨਾ ਹੈ, ਜਿਸ ਵਿਚ ਹਰ ਵਿਅਕਤੀ ਬਰਾਬਰੀ, ਕਲਿਆਣ, ਭਲਾਈ, ਖੁਸ਼ੀ, ਖੇੜਾ ਤੇ ਆਤਮ ਗੌਰਵ ਪ੍ਰਾਪਤ ਕਰ ਸਕੇ । ਭਾਈ ਸਾਹਿਬ ਯਥਾਰਥ ਤੋਂ ਚੇਤੰਨ ਹਨ । ਇਸ ਲਈ ਉਹ ਪੂੰਜੀ, ਲੋਭ, ਹਿੰਸਾ, ਦਮਨ ਤੇ ਪੈਂਤੜ ਨੂੰ ਥਾਂ ਥਾਂ ਭੰਡਦੇ ਹਨ। ਆਪ ਵਹਿੰਦੀਆਂ ਗਲਾਂ ਵਿਚ ਜਾਣ ਵਾਲੇ ਲੇਖਕ ਨਹੀਂ, ਸਗੋਂ ਧਰਤੀ ਗਲਾਂ ਦੇ ਸੰਘਰਸ਼ਮਈ ਚਿਤੇਰੇ ਹਨ । ਉਹ ਯਥਾਰਥ ਦੀ ਭੂਮੀ ਤੇ ਖੜੇ ਹੋ ਕੇ ਆਦਰਸ਼ ਦੇ ਸੁਪਨੇ ਉਲੀਕਣ ਲੱਗ ਪੈਂਦੇ ਹਨ । ਨਵੀਆਂ ਦੁਨੀਆਂ, ਨਵੇਂ ਸਮਾਜ, ਅਤੇ ਨਵੇਂ ਵਿਅਕਤੀ ਦੀ ਕਲਪਨਾ ਕਰਦੇ ਹੋਏ ਆਪਣੀਆਂ ਰਚਨਾਵਾਂ ਵਿੱਚ ਆਦਰਸ਼ ਦੇ ਚਿੱਤਰ ਪੇਸ਼ ਕਰ ਜਾਂਦੇ ਹਨ ।

ਜਦੋਂ ਭਾਈ ਸਾਹਿਬ ਸਿੱਖਾਂ ਨੂੰ ਮਨੁੱਖਤਾ ਦੀ ਭਲਾਈ ਲਈ ਜ਼ੁਲਮ ਦੇ ਵਿਰੁੱਧ ਲੜਦਾ ਚਿਤਰਦਾ ਹੈ ਤਾਂ ਇਸ ਦਾ ਕਾਰਣ ਇਹ ਹੈ ਕਿ ਜੋਧੇ ਸੂਰੇ ਹਨ । ਇਸ ਲਈ ਆਪ ਕਿਸੇ ਤੇ ਜ਼ੁਲਮ ਹੁੰਦਾ ਵੀ ਸਹਿਨ ਨਹੀਂ ਕਰ ਸਕਦੇ ।

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵੀ ਮਾਨਵਵਾਦੀ ਭਾਵਨਾਵਾਂ ਦਾ ਵਿਸ਼ਾ ਪ੍ਰਬਲ ਰੂਪ ਵਿਚ ਪੇਸ਼ ਹੋਇਆ ਮਿਲਦਾ ਹੈ । ਇਹ ਮਾਨਵਵਾਦੀ ਕੀਮਤਾਂ ਹਨ – ਮਿਹਨਤ ਕਰਨ ਵਾਲੇ ਲੋਕਾਂ ਨੂੰ ਵਡਿਆਉਣਾ, ਅਖਾਉਤੀ ਨੀਚ ਸ੍ਰੇਣੀਆਂ ਨੂੰ ਮਾਨਤਾ ਦੇਣਾ, ਉਨ੍ਹਾਂ ਦੀ ਕਿਰਤ ਦਾ ਮੁੱਲ ਪਾਉਣਾ ਅਤੇ ਇਨਸਾਨ ਨੂੰ ਬਤੌਰ ਇਨਸਾਨ ਆਪਣਾ ਮੁੱਲ ਪਾਉਣ ਲਈ ਪ੍ਰੇਰਿਤ ਕਰਨਾ ।

ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵੀ ਮਾਨਵਵਾਦੀ ਵਿਚਾਰਾਂ ਦੇ ਜੋ ਬੀਜ ਮਿਲਦੇ ਹਨ, ਉਹ ਦਰਅਸਲ ਵਿਚ ਸਿੱਖ ਜੀਵਨ ਜਾਚ ਤੇ ਸਿੱਖ ਫਲਸਫੇ ਦੀ ਉਪਜ ਹੀ ਹਨ ਅਤੇ ਉਨ੍ਹਾਂ ਦਾ ਆਧਾਰ ਅਧਿਆਤਮਕ ਚੇਤਨਾ ਦਾ ਆਦਰਸ਼ਵਾਦ ਹੈ ।

ਆਪ ਅਨੁਸਾਰ ਜਦੋਂ ਕੋਈ ਕਿਸੇ ਤੇ ਜ਼ੁਲਮ ਕਰਦਾ ਹੈ ਅਤੇ ਉਹ ਪੈਰੋਂ ਦੁੱਖ ਸਹਿੰਦਾ ਹੈ ਇਹ ਕੋਈ ਮਾਨਵੀ ਭਾਵ ਨਹੀਂ, ਸਗੋਂ ਇਸ ਨੂੰ ਆਪ ਕਾਇਰਤਾ ਕਹਿੰਦੇ ਹਨ । ਜ਼ੁਲਮ ਕਰਨ ਤੇ ਜ਼ੁਲਮ ਦਾ ਜਵਾਬ ਦੇਣਾ ਚਾਹੀਦਾ ਹੈ । ਜਿਸ ਤਰ੍ਹਾਂ ਆਪ ਅਨੁਸਾਰ :

> " ਜੋ ਬਚਿਆਂ ਦੇ ਸਾਹਮਣੇ ਨਿਰਧਨ ਮਾਂ, ਭੈਣ ਇਸਤਰੀ, ਬੱਚੇ
> ਘਰੇ ਵਿਚ ਹੋਣ ਤੇ ਉਸ ਵੇਲੇ ਦੇਵਤੇ ਦੀਆਂ ਕਿਰਪਾਨ ਮੀਆਂ ਖੋਲਨ
> ਉਦੋਂ ਖਿਆਲ ਦੀ ਜਾਨ ਦੀ ਖਲ ਲਾਹ ਕੇ ਰਹਿਣਾ ਭਾਈ ਠੀਕ ਨਹੀਂ
> ਉਠਾਣਾ ਆਪ ਮਰ ਜਾਉ ਇਨ੍ਹਾਂ ਮਾਸੂਮ ਜਿੰਦੜੀਆਂ ਨੂੰ ਮਰ ਕਿਉਂ ਪਰ

ਬਘਿਆੜਾਂ ਦੇ ਲੋਕ ਉਪਰ ਹੱਥ ਨਹੀਂ ਉਠਾਣਾ, ਇਹ ਨਿਰੋਲ ਤੇ ਸੋਲਾਂ ਆਨੇ ਕਾਇਰਤਾ ਹੈ ।"[1]

(ੲ) ਮਿਹਨਤ ਕਰਨ ਤੇ ਜ਼ੋਰ ।

ਪ੍ਰੋ. ਪੂਰਨ ਸਿੰਘ ਕਿਰਸਾਨ ਜ਼ਿਮੀਂਦਾਰ ਨੂੰ ਉਨ੍ਹਾਂ ਦੇ ਮਿਹਨਤ ਕਰਨ ਦੇ ਪੱਖੋਂ ਨੂੰ ਸਲਾਹੁੰਦੇ ਹਨ । ਇਹ ਕਿਸਾਨ ਦਿਨ ਰਾਤ ਮਿਹਨਤ ਕਰਕੇ ਮਨੁੱਖਤਾ ਦਾ ਪੇਟ ਪਾਲਦਾ ਹੈ । ਆਪਣੀ ਮਿਹਨਤ ਕਰਨ ਕਾਰਣ ਇਸ ਵਿਚ ਕਈ ਗੁਣ ਆ ਜਾਂਦੇ ਹਨ । ਆਪ ਅਨੁਸਾਰ :

" ਕਿਸਾਨ ਜ਼ਿਮੀਂਦਾਰ ਜਿਹੜੇ ਹੱਲ ਵਾਹੁੰਦੇ ਤੇ ਮਜ਼ੂਰੀਆਂ ਕਰਦੇ ਹਨ, ਉਨ੍ਹਾਂ ਵਿਚ ਸਹਿਜ ਸੁਭਾ, ਦਯਾ, ਉਦਾਰਤਾ, ਤਿਆਗ, ਰਜ਼ਾ ਆਦਿ ਮਹਾਨ ਗੁਣਾਂ ਦੀ ਛਾਯਾ ਹੁੰਦੀ ਹੈ ।"[2]

ਆਪ ਅਨੁਸਾਰ ਜਿਹੜੇ ਮਿਹਨਤ ਵਿਚ ਲੱਗੇ ਰਹਿੰਦੇ ਹਨ, ਉਹ ਕਦੇ ਕਿਸੇ ਦਾ ਬੁਰਾ ਨਹੀਂ ਕਰਦੇ ਕਿਉਂਕਿ ਉਨ੍ਹਾਂ ਕੋਲ ਇੰਨ੍ਹਾਂ ਵਕਤ ਹੀ ਨਹੀਂ ਹੁੰਦਾ ।

ਹਲ ਵਾਹ ਕੇ ਕਿਰਤ ਕਮਾਈ ਕਰਨ ਵਾਲਿਆਂ ਨੂੰ ਦਿੱਤਾ ਇਹ ਮਾਣ ਬੜਾ ਪਵਿੱਤਰ ਹੈ ਅਤੇ ਇਹ ਜਨ ਸਧਾਰਣ ਲਈ ਪੂਰਨ ਸਿੰਘ ਦੇ ਪਿਆਰ ਨੂੰ ਦਰਸਾਉਂਦਾ ਹੈ । ਕਿਰਤੀ ਲੋਕੀ ਵੀ ਜੋ ਚਿਤ੍ਰ ਕਰਦਾ ਹੈ ਬਹੁਤ ਘੱਟ ਲੇਖਕਾਂ ਨੇ ਕਿਰਤੀ ਕਾਮਿਆਂ ਦੀ ਖੂਬੀ ਬਾਰੇ ਇੰਨਾ ਰਸ-ਮਗਨ ਹੋ ਕੇ ਲਿਖਿਆ ਹੈ, ਜਿੰਨ੍ਹਾਂ ਪੂਰਨ ਸਿੰਘ ਨੇ । ਇਹ ਹੀ ਪੱਖ ਪੂਰਨ ਸਿੰਘ ਨੂੰ ਮਾਨਵਵਾਦੀ ਲੇਖਕ ਬਣਾਉਂਦਾ ਹੈ ।

ਪੂਰਨ ਸਿੰਘ ਦੇ ਇਸ ਤਰ੍ਹਾਂ ਦੇ ਮਾਨਵਵਾਦੀ ਭਾਵ ਵੀ ਸਿੱਖੀ ਜੀਵਨ ਦਾ ਫਲਸਫੇ ਵਿਚ ਗੂੜ੍ਹ ਹੋਣ ਕਾਰਣ ਮਿਲਦੇ ਹਨ । ਸਿੱਖੀ ਦਾ ਰਸਤਾ ਪਿਆਰ ਦਾ ਹੈ ਜੋ ਹਰੇਕ ਨੂੰ ਪਿਆਰ ਕਰਨਾ ਸਿਖਾਉਂਦਾ ਹੈ । ਦੂਸਰਾ ਸਿਧਾਂਤ ਪੱਧਰ ਉਤੇ ਸਿੱਖ ਇਕ ਅਕਾਲ ਪੁਰਖ/ਪਰਮਾਤਮਾ ਦਾ ਉਪਾਸ਼ਕ ਹੈ, ਜੋ ਸਭ ਸ੍ਰਿਸ਼ਟੀ ਦਾ ਕਰਤਾ ਹੈ । ਜਦੋਂ ਸਭ ਲੋਕੀ ਉਸੇ ਦਾ ਪੈਦਾ ਕੀਤਾ ਹੋਇਆ ਹੈ ਤਾਂ ਫਰਕ ਕਿਹਾ ? ਸਭ ਪ੍ਰਾਣੀ ਬਰਾਬਰ ਹਨ ਅਤੇ ਇਸ ਕਾਰਨ ਇਕੋ ਜਿਹੇ ਸਤਿਕਾਰ, ਇਕੋ ਜਿਹੀ ਮਾਨਤਾ ਦੇ ਹੱਕਦਾਰ ਹਨ । " ਮਜ਼ੂਰ " ਨਾਂ ਦੇ ਲੇਖ ਵਿਚ ਮਜ਼ੂਰ ਸੰਬੰਧੀ ਲਿਖਦਿਆਂ ਪੂਰਨ ਸਿੰਘ ਲਿਖਦਾ ਹੈ :

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 70

" ਜਦ ਭਰਾ ਭਰਾ ਨਾਲ ਨਫ਼ਰਤ ਕਰਦੇ ਹਨ ਤੇ ਲੋਕੀਂ ਆਪਣੇ ਨੌਕਰਾਂ ਤੇ ਕਮੀਨੇ ਜਾਤੀਆਂ ਨੂੰ ਉਠਾਂਦਾ ਨਹੀਂ ਫਿਰੇ, ਮਜ਼ਹਬ ਨੂੰ ਕੋਸਦੇ ਹਨ । ਮਜ਼ਹਬ ਤਾਂ ਕਦੀ ਅਦਲ-ਬਦਲ ਹੋ ਹੀ ਨਹੀਂ ਸਕਦਾ, ਮਜ਼ਹਬ ਤਾਂ ਸਦਾ ਇਕ ਹੈ । "[1]

ਪੂਰਨ ਸਿੰਘ ਦਾ ਮਾਨਵਵਾਦ ਇਥੇ ਸਮੂਹ ਰੂਪ ਵਿਚ ਝਲਕਦਾ ਹੈ । ਮਾਨਵਵਾਦ ਵੰਡੀਆਂ ਪਾ ਕੇ ਨਹੀਂ ਸੋਚਦਾ, ਵਿਤਕਰਿਆਂ ਨੂੰ ਮੇਟਦਾ ਹੈ, ਸਮੂਹ ਲੁਕਾਈ ਦੇ ਹੱਕ ਵਿਚ ਸੋਚਦਾ ਹੈ ।

(ਅ) <u>ਨਾਰੀ ਦਾ ਸਥਾਨ :</u>

ਦੁਨੀਆਂ ਵਿਚ ਸ਼ੁਰੂ ਤੋਂ ਹੀ ਇਸਤ੍ਰੀ ਨੂੰ ਪੁਰਖ ਨਾਲੋਂ ਨੀਵਾਂ ਸਥਾਨ ਦਿਤਾ ਜਾਂਦਾ ਹੈ । ਪੂਰਨ ਸਿੰਘ ਦਾ ਮਾਨਵਵਾਦ ਉਸ ਦੇ ਹੱਕ ਵਿਚ ਸੋਚਣ ਨਹੀਂ ਉਕਦਾ । ਉਸ ਨੇ " ਵੋਟ ਤੇ ਪਾਲੇਟਿਕਸ " ਵਿਚ ਇਸਤਰੀ ਦੇ ਹੱਕ ਵਿਚ ਖੜੇ ਹੋਣ ਦਾ ਪਤਾ ਦਿਤਾ ਹੈ । ਇਸ ਲੇਖ ਵਿਚ ਉਹ ਕਿਸੇ ਦਇਆ ਭਾਵ ਦੇ ਵਸ ਨਹੀਂ, ਤਰਕ ਤੇ ਯੁਕਤੀ ਨਾਲ ਸਿੱਧ ਕਰਦਾ ਹੈ ਕਿ ਇਸਤਰੀ ਘਰੇਲੂ ਸੇਵਾ ਰਾਹੀਂ ਟੱਬਰ ਦੀ ਕਮਾਈ ਵਿਚ ਉਨ੍ਹਾਂ ਹੀ ਮਹੱਤਵ ਪੂਰਨ ਹਿੱਸਾ ਪਾਉਂਦੀ ਹੈ ਜਿਨ੍ਹਾਂ ਇਕ ਕਿਰਤੀ ਜਾਂ ਹਲ-ਵਾਹਕ ਪੁਰਖ ਮਿਹਨਤ ਕਰਕੇ ਪਾਉਂਦਾ ਹੈ । ਇਸ ਲਈ ਇਸਤਰੀ ਨੂੰ ਵੋਟ ਦੇ ਅਧਿਕਾਰ ਤੋਂ ਵੰਚਿਤ ਰਖਣਾ ਅਨਿਆਂਇ ਹੈ ।

ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਦਾ ਖਿਆਲ ਹੈ ਕਿ ਆਦਰਸ਼ ਸਮਾਜ ਵਿਚ ਇਸਤਰੀਆਂ ਨੂੰ ਪੁਰਸ਼ਾਂ ਦੇ ਸਮਾਨ ਸਮਝਿਆ ਜਾਣਾ ਚਾਹੀਦਾ ਹੈ ।

ਪ੍ਰੋ. ਪੂਰਨ ਸਿੰਘ ਆਪਣੀ ਮਾਨਵਵਾਦੀ ਦ੍ਰਿਸ਼ਟੀ ਤੋਂ ਸਭ ਨੂੰ ਦੇਵਤਿਆਂ ਵਰਗੇ ਮਨੁੱਖ ਬਣਨ ਲਈ ਕਹਿੰਦਾ ਹੈ । ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਕਹਿੰਦਾ ਹੈ ਕਿ ਇਨਸਾਨ ਇਨਸਾਨ ਨਾਲ ਵਿਤਕਰਾ ਨਾ ਕਰੇ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 55

ਪ੍ਰੋ. ਪੂਰਨ ਸਿੰਘ ਵਿਚਾਰ ਅਤੇ ਜੀਵਨੀ ਵਿਚ ਪੂਰੀ ਤਰ੍ਹਾਂ ਮਾਨਵਵਾਦੀ ਹੈ, ਭਾਵੇਂ ਉਸ ਦੇ ਮਾਨਵਵਾਦ ਦਾ ਆਧਾਰ ਉਸ ਅੰਦਰ ਵਸਿਆ ਧਰਮ ਅਤੇ ਆਦਰਸ਼ਵਾਦ ਹੀ ਹੈ । ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਮਾਨਵਵਾਦੀ ਆਦਰਸ਼ ਵਿਚ ਪ੍ਰਭੂ ਦੀ ਮਿਹਰ ਮੰਗਦਾ ਹੈ, ਪਰ ਕਿਸੇ ਇਕ ਵਿਅਕਤੀ ਲਈ ਨਹੀਂ, ਸਗੋਂ ਸਮੁੱਚੀ ਲੁਕਾਈ ਲਈ ।

ਪ੍ਰੋ. ਪੂਰਨ ਸਿੰਘ ਅਨੁਸਾਰ ਮਨੁੱਖਤਾ ਲਈ ਪਿਆਰ ਤੋਂ ਬਿਨਾ ਕੋਈ ਵੀ ਨਹੀਂ, ਕੇਵਲ ਇਹੋ ਹੀ ਸਰਬੰਧ ਹੈ । ਇਸ ਦੀ ਪੁਸ਼ਟੀ ਕਰਦਿਆਂ ਹੋਇਆਂ ਪੂਰਨ ਸਿੰਘ ਲਿਖਦਾ ਹੈ :

> "ਪਿਆਰ ਉਹੀ ਵਿਸ਼ਵ ਮਨੁੱਖਤਾ ਦੀ ਸਹਿਜ ਸੁਭਾ ਪ੍ਰਾਪਤੀ ਹੈ ।
> ਲੋਕ ਸੰਸਾਰ ਮੇਰੇ ਜੀਵਨ ਨੂੰ ਉਹ ਕਿਰਨਾਂ ਦੇਣ ਲਈ ਹੈ, ਜਿਨ੍ਹਾਂ
> ਕਿਰਨਾਂ ਨੂੰ ਮੈਂ ਖਾ ਖਾ ਆਤਮੀ ਬਣ ਸਕਾਂ ।"[1]

(ਹ) <u>ਸਾਂਝੀਵਾਲਤਾ ਦੀ ਭਾਵਨਾ :</u>

ਪ੍ਰੋ. ਪੂਰਨ ਸਿੰਘ ਦੇ ਮਾਨਵਵਾਦੀ ਵਿਚਾਰਾਂ ਬਾਰੇ ਆਖ ਸਕਦੇ ਹਾਂ ਕਿ ਪੂਰਨ ਸਿੰਘ ਪੂਰਬੀ, ਅਨੰਦਮਈ, ਪਿਆਰ-ਪ੍ਰੀਤੀ, ਰੱਬ ਮੇਲ ਦੁਨੀਆਂ ਦੀ ਉਸਾਰੀ ਦਾ ਵਰਾਟ ਸੰਗਮ ਸੀ । ਇਹ ਵਰਾਟ ਸੰਗਮ ਹੀ ਪੂਰਨ ਸਿੰਘ ਦੀ ਚਿੱਤ ਵਿਚ ਭਰੇ ਜੋਰਦਾਰ ਮਨੁੱਖੀ ਸਾਂਝੀਵਾਲਤਾ ਦੀ ਭਾਵਨਾ ਨੂੰ ਅੰਕਿਤ ਕਰਦਾ ਹੈ । ਪੂਰਨ ਸਿੰਘ ਅਨੁਸਾਰ ਸਾਰੇ ਮਨੁੱਖ ਇਕ ਪਰਮਾਤਮਾ ਦੁਆਰਾ ਪੈਦਾ ਕੀਤੇ ਹੋਏ ਹਨ, ਜਦੋਂ ਸਭ ਕੋਈ ਉਸੇ ਦਾ ਪੈਦਾ ਕੀਤਾ ਹੋਇਆ ਹੈ ਤਾਂ ਫਰਕ ਕਿਹਾ ? ਉਸ ਅਨੁਸਾਰ ਸਭ ਪ੍ਰਾਣੀ ਬਰਾਬਰ ਹਨ ਤੇ ਇਸ ਕਾਰਣ ਇਕੋ ਜਿਹੇ ਅਧਿਕਾਰ, ਸਤਿਕਾਰ ਅਤੇ ਇਕੋ ਜਿਹੀ ਮਹਾਨਤਾ ਦੇ ਹੱਕਦਾਰ ਹਨ ।

ਅਸਲ ਵਿਚ ਪੂਰਨ ਸਿੰਘ ਦੀ ਸੁਆਮੀ ਰਾਮ ਤੀਰਥ ਨਾਲ ਮਿਲਾਪ ਦੀ ਕਹਾਣੀ ਉਸ ਦੇ ਮਨ ਦੀ ਸ਼ੁਰੂ ਤੋਂ ਬਣੀ ਮਾਨਵਵਾਦੀ ਬਣਤਰ ਦਾ ਪਤਾ ਦਿੰਦੀ ਹੈ । ਕਹਿੰਦੇ ਹਨ ਕਿ ਇਕ ਵਾਰ ਜਦੋਂ ਸਵਾਮੀ ਜੀ ਨੇ ਪੂਰਨ ਸਿੰਘ ਨੂੰ ਪੁੱਛਿਆ, "ਤੁਹਾਡਾ ਵਤਨ ਕਿਹੜਾ ਹੈ ? ਪੂਰਨ ਸਿੰਘ ਨੇ ਅੱਖਾਂ ਭਰ ਲਈਆਂ ਅਤੇ ਬਿਨ੍ਹਾਂ ਕਿਸੇ ਲੰਮੀ ਸੋਚ ਦੇ ਬੋਲ ਉਠਿਆ, "ਸਾਰੀ ਦੁਨੀਆਂ ਹੀ ਮੇਰਾ ਵਤਨ ਹੈ ।" ਇਸ ਤਰ੍ਹਾਂ ਸਾਰੀ ਦੁਨੀਆਂ ਨੂੰ ਆਪਣਾ ਮੰਨਣਾ, ਵਿਤਕਰਿਆਂ ਤੋਂ ਉਪਰ ਉਠ ਕੁਲ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 10

ਨੁਕਰਦੀ ਨੂੰ ਅਪਣਾ ਜਾਣਨਾ, ਪੂਰਨ ਸਿੰਘ ਦੇ ਸੁਭਾਅ ਦਾ ਖਾਸਾ ਸੀ ਤੇ ਇਹ ਸਭ ਉਸ ਨੂੰ ਵਿਰਸੇ ਵਿਚ ਸਿੱਖੀ ਪਾਸੋਂ ਮਿਲਿਆ ਸੀ ।

ਇਸ ਤਰ੍ਹਾਂ ਇਹ ਮਾਨਵਵਾਦੀ ਭਾਵ ਆਪ ਦੀਆਂ ਰਚਨਾਵਾਂ ਦੇ ਵਿਸ਼ੇ ਪੱਖ ਵਿਚ ਪੂਰੀ ਸਫਲਤਾ ਨਾਲ ਉਜਾਗਰ ਹੁੰਦੇ ਹਨ । ਬਰਾਬਰਤਾ, ਨਾਰੀ ਦਾ ਸਥਾਨ, ਰਾਜਨੀਤਕ ਢਾਂਚਾ ਕਿਹੋ ਜਿਹਾ ਹੋਵੇ ਆਦਿ ਗੱਲਾਂ ਨੂੰ ਆਪ ਮਾਨਵਵਾਦੀ ਰੂਪ ਦਿੰਦੇ ਹੋਏ ਹੀ ਪੇਸ਼ ਕਰਦੇ ਹਨ ।

<u>ਸਮਾਜਿਕ ਵਿਸ਼ੇ :</u>

ਸਮਾਜਿਕ ਵਿਸ਼ੇ ਦੇ ਅੰਤਰਗਤ ਅਸੀਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚਲੇ ਸਮਾਜ ਸੁਧਾਰ ਜਿਹੇ ਵਿਸ਼ਿਆਂ ਨੂੰ ਵਿਚਾਰਿਆ ਹੈ । ਇਹ ਸਮਾਜ ਸੁਧਾਰ ਦੇ ਵਿਸ਼ੇ ਹੀ ਹਨ ਜੋ ਆਪ ਦੀਆਂ ਰਚਨਾਵਾਂ ਵਿਚ ਬੜੀ ਸਫਲਤਾ ਨਾਲ ਪੇਸ਼ ਹੋਏ ।

<u>ਸਮਾਜ - ਸੁਧਾਰ ਪੱਖ :</u>

ਸਾਹਿਤ ਵਿਚ ਕੀ ਅਤੇ ਕਿਵੇਂ ਦੀ ਸਮੱਸਿਆ ਬਹੁਤ ਹੀ ਮਹੱਤਵਪੂਰਨ ਹੈ । ਕੀ ਅਰਥਾਤ ਵਿਸ਼ਾ ਕਿੰਨ੍ਹਾਂ ਹੀ ਮਹੱਤਵਪੂਰਨ ਕਿਉਂ ਨਾ ਹੋਵੇ, ਜੇ ਉਸ ਦਾ ਢੰਗ ਠੀਕ ਨਹੀਂ ਤਾਂ ਉਹ ਉੱਤਮ ਸਾਹਿਤ ਜਾਂ ਕਲਾ ਨਹੀਂ ਅਖਵਾ ਸਕਦੀ । ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦੇ ਵਿਸ਼ੇ ਪੱਖ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ । ਆਪ ਦੀਆਂ ਰਚਨਾਵਾਂ ਦੇ ਵਿਸ਼ੇ ਇਤਿਹਾਸਕ ਹੀ ਨਹੀਂ ਸਮਾਜਿਕ ਮਹੱਤਤਾ ਵਾਲੇ ਵੀ ਹਨ । ਸ਼ਾਇਦ ਆਪ ਸੋਚਦੇ ਸਨ ਕਿ ਅਠਾਰਵੀਂ ਸਦੀ ਦੇ ਜੀਵਨ ਨੂੰ ਚਿਤਰਕੇ ਹੀ ਵੀਹਵੀਂ ਸਦੀ ਵਿਚ ਹੋ ਰਹੇ ਧਰਮ ਪਤਨ ਨੂੰ ਰੋਕਿਆ ਜਾ ਸਕਦਾ ਹੈ । ਔਰਤਾਂ ਦਾ ਚੁੱਕੇ ਜਾਣਾ, ਔਰਤਾਂ ਨਾਲ ਬਦ ਫੈਲੀ ਕਰਨ ਦੀ ਕੋਸ਼ਿਸ਼ ਕਰਨੀ, ਔਰਤਾਂ ਦਾ ਵਿਧਵਾ ਹੋਣਾ, ਅੱਜ ਵੀ ਸਾਡੇ ਸਮਾਜ ਦੀਆਂ ਭਿਆਨਕ ਸਮੱਸਿਆਵਾਂ ਹਨ । ਇਹ ਸਮੱਸਿਆਵਾਂ ਉਸ ਵੇਲੇ ਅੱਜ ਨਾਲੋਂ ਵੀ ਜ਼ਿਆਦਾ ਅਤੇ ਭਿਆਨਕ ਰੂਪ ਵਿਚ ਸਨ । ਭਾਈ ਸਾਹਿਬ ਇਨ੍ਹਾਂ ਨੂੰ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦਾ ਰੂਪ ਦੇ ਕੇ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੰਦੇ ਹਨ ।

ਸਮਾਜ ਸੁਧਾਰ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਸਮੇਂ ਦੀਆਂ ਸਥਿਤੀਆਂ ਦੇ ਅਨੁਸਾਰ ਲੋਕ ਜੀਵਨ ਦਾ ਸੁਧਾਰ ਅਤੇ ਸਮੇਂ ਦੀ ਸਮੁੱਚੀ ਸਭਿਅਤਾ ਦੀ ਕਹਾਣੀ ਇਸ ਤਰ੍ਹਾਂ ਪੇਸ਼ ਕੀਤੀ ਜਾਵੇ ਕਿ ਪਾਠਕ ਆਪ ਸਮੇਂ ਦੀ ਵਿੱਥ ਨੂੰ ਪਾਰ ਕਰਕੇ ਉਸ ਵਿਚ ਰਹਿ ਰਿਹਾ ਪ੍ਰਤੀਤ ਕਰਨ ਲੱਗ ਪਵੇ । ਲੋਕਾਂ ਦਾ ਰਹਿਣ-ਸਹਿਣ, ਰਸਮੋ ਰਿਵਾਜ, ਬੋਲਚਾਲ, ਪਹਿਰਾਵਾ ਅਤੇ ਸਥਿਤੀ ਨਾਲ ਲੇਖਕ ਦੀ ਪੂਰੀ ਜਾਣਕਾਰੀ ਹੋਵੇ ।

(3) ਇਸਤਰੀ ਸੁਧਾਰ ਤੇ ਜ਼ੋਰ :

ਜਿਸ ਸਮੇਂ ਭਾਈ ਵੀਰ ਸਿੰਘ ਨੇ ਰਚਨਾ ਕਰਨੀ ਸ਼ੁਰੂ ਕੀਤੀ ਆਪ ਨੇ ਵੇਖਿਆ ਕਿ ਸਾਡੇ ਸਮਾਜ ਵਿੱਚ ਇਸਤਰੀ ਦੀ ਹਾਲਤ ਬਹੁਤ ਗਿਰਾਵਟ ਵਾਲੀ ਹੈ । ਇਸ ਲਈ ਆਪ ਆਪਣੀਆਂ ਰਚਨਾਵਾਂ ਵਿਚ ਇਸਤਰੀ ਦੀ ਦੁਰਦਸ਼ਾ ਸੁਧਾਰਨ ਤੇ ਜ਼ੋਰ ਦਿੰਦੇ ਹਨ । ਜੋ ਕਿ ਗੁਰਬਾਣੀ ਦੇ ਅਨੁਸਾਰ ਵੀ ਹੈ । ਗੁਰਬਾਣੀ ਵਿਚ ਵੀ ਇਸਤਰੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ । ਇਸੇ ਦ੍ਰਿਸ਼ਟੀਕੋਣ ਤੋਂ ਜਦ ਆਪ ਆਪਣੇ ਨਾਵਲਾਂ ਦੀ ਰਚਨਾ ਕਰਦੇ ਹਨ ਤਾਂ ਮੁੱਖ ਤੌਰ ਤੇ ਆਪਣੇ ਨਾਵਲਾਂ ਦੇ ਨਾਮ ਵੀ ਇਸਤਰੀ ਪਾਤਰਾਂ ਦੇ ਨਾਮ ਤੇ ਹੀ ਰਖਦੇ ਹਨ । ਜਿਵੇਂ — " ਸੁੰਦਰੀ ", " ਸਤਵੰਤ ਕੌਰ " ਇਸੇ ਤਰ੍ਹਾਂ ਬਿਜੈ ਸਿੰਘ ਵਿਚ ਵੀ ਸ਼ੀਲ ਕੌਰ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ।

ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲ ਸਿੱਖ ਇਸਤਰੀ ਪਾਤਰਾਂ ਨੂੰ ਸੁਤੰਤਰਤਾ ਅਤੇ ਬਰਾਬਰੀ ਦਾ ਹੱਕ ਦੁਆਉਂਦੇ ਹਨ । ਇਹ ਸੁਤੰਤਰਤਾ ਅਤੇ ਬਰਾਬਰੀ ਦਾ ਹੱਕ ਹੋਰ ਵੀ ਵਧ ਜਾਂਦਾ ਹੈ ਜਦੋਂ ਇਹ ਵਿਅਕਤੀਆਂ ਦੇ ਨਿਜੀ ਮਸਲਿਆਂ ਤੋਂ ਅੱਗੇ ਇਤਿਹਾਸ ਨੂੰ ਬਦਲਣ ਵਿਚ ਉਨ੍ਹਾਂ ਦੀ ਭੂਮਿਕਾ ਦੇ ਰੂਪ ਵਿਚ ਪ੍ਰਗਟ ਕਰਦਾ ਹੈ । " ਸੁੰਦਰੀ " ਦੀ ਸੁਰੱਸਤੀ ਨਾਲੋਂ " ਬਿਜੈ ਸਿੰਘ " ਦੀ ਸ਼ੀਲ ਕੌਰ ਮੁਗਲ ਹਾਕਮ ਧਿਰਾਂ ਦੇ ਜਬਰ ਜ਼ੁਲਮ ਤੇ ਅਨਿਆਂ ਦੇ ਖ਼ਿਲਾਫ਼ ਹਥਿਆਰ ਬੰਦ ਸੰਘਰਸ਼ ਕਰ ਰਹੇ ਸਿੱਖ ਜਥਿਆਂ ਵਿਚ ਬਰਾਬਰੀ ਦੀ ਪੱਧਰ ਤੇ ਹਿੱਸਾ ਲੈਂਦੀਆਂ ਦਿਖਾਕੇ ਭਾਈ ਵੀਰ ਸਿੰਘ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸਤਰੀਆਂ ਮਰਦਾਂ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ । ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਇਸਤਰੀਆਂ ਨੂੰ ਹਰੇਕ ਪੱਖੋਂ ਭਾਵ ਮਾਨਸਿਕ ਅਤੇ ਸਰੀਰਕ ਪੱਖੋਂ ਮਰਦਾਂ ਦੇ ਬਰਾਬਰ ਪੇਸ਼ ਕੀਤਾ ਹੈ । ਇਸਤਰੀ ਦੀ ਵਡਿਆਈ ਗੁਰਮਤਿ ਅਨੁਕੂਲ ਦੱਸਦਾ ਹੋਇਆ ਵੀ ਭਾਈ ਵੀਰ ਸਿੰਘ ਲਿਖਦਾ ਹੈ :

> " ਸ਼ਾਸਤ੍ਰਾਂ ਵਿਚ ਇਸਤਰੀ ਸ਼ੂਦਰ ਲਿਖੀ ਹੈ, ਸਾਡੇ ਦਸਾਂ ਹੀ ਗੁਰੂਆਂ ਨੇ ਸਲਾਹੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਉਪਮਾ ਲਿਖੀ ਹੈ, ਤੇ ਨਾਮ ਬਾਣੀ ਦਾ ਅਧਿਕਾਰ ਇਸਤਰੀ ਨੂੰ ਪੂਰਾ ਦਿੱਤਾ ਹੈ । ਤਿਵੇਂ ਦਸਵੇਂ ਗੁਰੂ ਜੀ ਨੇ ਅੰਮ੍ਰਿਤ ਮਾਈਆਂ ਨੂੰ ਵੀ ਬਖ਼ਸ਼ਿਆ ਹੈ ਅਤੇ ਮਾਤਾ ਸਾਹਿਬਾਂ ਜੀ ਨੇ ਅੰਮ੍ਰਿਤ ਵਿਚ ਪਤਾਸੇ ਪਾਏ ਸਨ ।" [1]

ਇਸ ਤਰ੍ਹਾਂ ਇਸਤਰੀ ਨੂੰ ਹਰ ਪੱਧਰ ਤੇ ਮਹਾਨ ਪੇਸ਼ ਕਰਕੇ ਅੱਜ ਦੇ ਸਮਾਜ ਵਿਚ ਵੀ ਇਸਤਰੀ ਨੂੰ ਮਹਾਨ ਸਥਾਨ ਦਿਵਾਉਂਦੇ ਹਨ ।

ਜਿਸ ਲਹਿਰ ਭਾਵ ( ਸਿੰਘ ਸਭਾ ਲਹਿਰ ) ਦਾ ਉਹ ਪ੍ਰਤੀਨਿਧ ਮੰਨਿਆ ਜਾਂਦਾ ਹੈ ਉਸ ਦਾ ਨਿਸ਼ਾਨਾ ਵੀ ਫਿਰ ਧਾਰਮਿਕ ਅਤੇ ਸਮਾਜਿਕ ਸੁਧਾਰ ਹੀ ਸੀ । ਆਪਣੇ ਸਮਾਜ - ਸੁਧਾਰ ਲਈ ਜਿਹੜਾ ਹਥਿਆਰ ਵਰਤਿਆ ਉਹ ਮੱਧਕਾਲ ਦਾ ਆਦਰਸ਼ਵਾਦ ਹੀ ਹੈ । ਭਾਈ ਵੀਰ ਸਿੰਘ ਆਪਣੇ ਪ੍ਰਮੁੱਖ ਪਾਤਰਾਂ ਨੂੰ ਆਦਰਸ਼ਕ ਬਣਾ ਦਿੰਦਾ ਹੈ, ਤਾਂਕਿ ਪਾਠਕਾਂ ਦੇ ਮਨ ਉਤੇ ਨਿਸ਼ਚਿਤ ਸੁਧਾਰ ਲਈ ਪ੍ਰੇਰਨਾ ਅਤੇ ਭੈੜ ਲਈ ਨਫ਼ਰਤ ਉਪਜ ਸਕੇ । ਜਿਸ ਪ੍ਰਕਾਰ ' ਸੁੰਦਰੀ ' ਨਾਵਲ ਵਿਚ ਜਦੋਂ ਸੁੰਦਰੀ ਇਕ ਮੁਸਲਮਾਨ ਨੂੰ ਫੱਟੜ ਹੋਇਆ ਤੇ ਤੜਫਦਾ ਹੋਇਆ ਵੇਖਦੀ ਹੈ ਤਾਂ ਉਸ ਦੇ ਮਨ ਵਿਚ ਇਹ ਨਹੀਂ ਆਉਂਦਾ ਕਿ ਇਹ ਉਸ ਦਾ ਦੁਸ਼ਮਨ ਹੈ ਪਰ ਸੁੰਦਰੀ ਉਸ ਦੀ ਇਕ ਇਨਸਾਨ ਸਮਝਕੇ ਸੇਵਾ ਕਰਦੀ ਹੈ, ਪਰ ਉਹੀ ਮੁਸਲਮਾਨ ਜਦੋਂ ਉਸ ਨੂੰ ਸੁਰਤ ਆਉਂਦੀ ਹੈ ਤੇ ਉਹ ਵੇਖਦਾ ਹੈ ਕਿ ਉਹ ਇਕ ਸਿਖਣੀ ਹੈ ਤਾਂ ਉਹ ਸੁੰਦਰੀ ਨੂੰ ਤਲਵਾਰ ਮਾਰ ਕੇ ਫੱਟੜ ਕਰਨ ਦੀ ਕੋਸ਼ਿਸ਼ ਕਰਦਾ ਹੈ । ਇਸ ਪ੍ਰਕਾਰ ਸੁਭਾਵਿਕ ਹੀ ਪਾਠਕ ਦੇ ਮਨ ਵਿਚ ਉਸ ਮੁਸਲਮਾਨ ਦੀ ਭੈੜ ਬਾਰੇ ਨਫ਼ਰਤ ਪੈਦਾ ਹੁੰਦੀ ਹੈ । ਇਸ ਤਰ੍ਹਾਂ ਲੇਖਕ ਸੁਧਾਰ ਲਈ ਪ੍ਰੇਰਨਾ ਅਤੇ ਭੈੜ ਲਈ ਨਫ਼ਰਤ ਉਪਜਾਉਣ ਵਿਚ ਸਫ਼ਲ ਹੋਇਆ ਹੈ ।

## (ਅ) ਵਹਿਮਾਂ ਭਰਮਾਂ ਦਾ ਵਿਰੋਧ :

ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਆਪਣੇ ਮੰਤਵ ਸਿੱਧੀ ਲਈ ਅਠਾਰਵੀਂ ਸਦੀ ਦੇ ਸਮਾਜ ਦੀ ਇਸੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰਦਾ ਹੈ । " ਬਾਬਾ ਨੌਧ ਸਿੰਘ " ਵਿਚ

---

1. ਭਾਈ ਵੀਰ ਸਿੰਘ : ਸੁੰਦਰੀ : ਪੰਨਾ 122

ਆਪ ਨੇ ਉਸ ਇਤਿਹਾਸਕ ਖੇਤਰ ਨੂੰ ਛੋੜ ਕੇ ਵਰਤਮਾਨ ਸਮੇਂ ਵਿਚ ਪ੍ਰਚਲਿਤ ਵਹਿਮ, ਜਿਵੇਂ ਕਿ ਛੂਤ ਛਾਤ, ਵਹਿਮ - ਭਰਮ, ਜਾਤੀ ਵਿਤਕਰਿਆਂ ਨੂੰ ਦੂਰ ਕਰਨਾ ਨੂੰ ਸਮਾਜ ਸੁਧਾਰ ਦੇ ਪੱਖ ਤੋਂ ਵਰਨਣ ਕਰਦਾ ਹੈ । ਇਸੇ ਤਰ੍ਹਾਂ " ਬਾਬਾ ਨੌਧ ਸਿੰਘ " ਵਿਚ ਖਾਬਾ ਇਨ੍ਹਾਂ ਸੁਧਾਰ " ਸੁਭਾਗ ਜੀ " ਦਾ ਨਹੀਂ ਕਰਦਾ, ਜਿਨ੍ਹਾਂ ਆਸ ਪਾਸ ਦੇ ਮਨੁੱਖਾਂ ਅਤੇ ਤੇਖੀ ਧਰਮਾਂ ਦਾ ਕਰਦਾ ਹੈ ।

ਭਾਈ ਵੀਰ ਸਿੰਘ ਸਮਾਜ ਵਿਚ ਸੱਭੇ ਖੇਤਰਾਂ ਵਿਚ ਸੁਧਾਰ ਲਿਆਉਣਾ ਚਾਹੁੰਦਾ ਹੈ । ' ਬਾਬਾ ਨੌਧ ਸਿੰਘ ' ਵਿਚ ਜਦੋਂ ਕਿ ਆਰੀਆ ਪਿੰਡ ਵਿਚ ਜਾ ਕੇ ਕਹਿੰਦਾ ਹੈ ਕਿ ਉਹ ਉਨ੍ਹਾਂ ਨੂੰ ਆਰੀਆ ਬਣਾਉਣ ਆਇਆ ਹੈ ਤਾਂ ਅੱਗੋਂ ਬਾਬਾ ਕਹਿੰਦਾ ਹੈ "ਜੇ ਪਸ਼ੂਆਂ ਨੂੰ ਆਦਮੀ ਨਹੀਂ ਬਣਾਉਣਾ ਤਾਂ ਆਰੀਆ ਬਣਾ ਕੇ ਕੀ ਬਣਾਉਣਾ ਜੇ ? ਜੇ ਅਸਾਂ ਐਠੇ ਖੋਹ ਕੇ ਹੀ ਖਾਣੇ ਹਨ ਅਤੇ ਆਪਣਿਆਂ ਤੇ ਸੰਤੋਖ ਨਹੀਂ ਕਰਨਾ, ਜੇ ਅਸਾਂ ਹੱਕ ਨਹੀਂ ਪਛਾਨਣਾ ਤੇ ਪਰਾਏ ਨੂੰ ਗਊ ਸੂਰ ਨਹੀਂ ਸਮਝਣਾ, ਜੇ ਅਸਾਂ ਵਰਤਣ ਦਇਆ ਵਾਲੀ ਨਹੀਂ ਕਰਨੀ ਤਾਂ ਅਸਾਂ ਆਰੀਆ ਬਣ ਗਿਆਂ ਤਦ ਕੀ, ਜੇ ਹਿੰਦੂ ਮੁਸਲਮਾਨ ਬਣ ਗਿਆਂ ਤਦ ਕੀ, ਰਹੇ ਤਾਂ ਪਸ਼ੂ ਦੇ ਪਸ਼ੂ । "[1]

(ੲ) ਚੰਗੇ ਕਰਮ :

ਭਾਈ ਵੀਰ ਸਿੰਘ ਅਨੁਸਾਰ ਸਿਰਫ ਬਾਹਰੀ ਰੂਪ ਬਦਲਣ ਨਾਲ ਹੀ ਸਮਾਜ ਵਿਚ ਸੁਧਾਰ ਨਹੀਂ ਕੀਤਾ ਜਾ ਸਕਦਾ । ਸਮਾਜ ਵਿਚ ਸੁਧਾਰ ਕਰਨ ਲਈ ਸਾਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ । ਕਿਸੇ ਦਾ ਹੱਕ ਨਹੀਂ ਮਾਰਨਾ ਚਾਹੀਦਾ । ਸਾਨੂੰ ਦੂਸਰਿਆਂ ਤੇ ਤਰਸ ਤੇ ਦਇਆ ਨਾਲ ਵਰਤਣਾ ਚਾਹੀਦਾ ਹੈ, ਆਪਣੇ ਕੋਲ ਜਿਨ੍ਹਾਂ ਕੁਝ ਹੈ ਉਸ ਨਾਲ ਹੀ ਸਬਰ ਕਰਨਾ ਚਾਹੀਦਾ ਹੈ ।

ਭਾਈ ਵੀਰ ਸਿੰਘ ਕਿਸੇ ਵੀ ਮਨੁੱਖ ਨੂੰ ਆਪਣੇ ਵਰਗਾ ਸਮਝਕੇ ਉਸ ਨਾਲ ਵਰਤਾਉ ਕਰਨ ਲਈ ਕਹਿੰਦੇ ਹਨ । ਇਸ ਤਰ੍ਹਾਂ ਦਾ ਵਰਤਾਉ ਕਰਕੇ ਹੀ ਉਹ ਸਾਰੇ ਸਮਾਜ ਵਿਚ ਸੁਧਾਰ ਲਿਆਉਣਾ ਚਾਹੁੰਦੇ ਹਨ । ਆਪ ਅਨੁਸਾਰ ਜਿਸ ਤਰ੍ਹਾਂ ਸੱਜੇ ਹੱਥ ਤੇ ਚੋਟ ਲੱਗਣ ਨਾਲ ਜੋ ਖੱਬਾ ਹੱਥ ਸੱਜੇ ਨਾਲ ਵਰਤਾਉ ਕਰਦਾ ਹੈ । ਉਸ ਤਰ੍ਹਾਂ ਦਾ ਹੀ ਵਰਤਾਉ ਇਕ ਮਨੁੱਖ ਨੂੰ ਦੂਜੇ

---

1. ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ : ਪੰਨਾ 25

ਨਾਲ ਕਰਨਾ ਚਾਹੀਦਾ ਹੈ । ਆਪ ਇਸ ਬਾਰੇ ਇਸ ਤਰ੍ਹਾਂ ਲਿਖਦੇ ਹਨ :

> " ਮੈਂ ਸਮਝਣਾ ਚਾਹੁੰਦਾ ਹਾਂ ਕਿ ਆਪਣੇ ਹਮਸਾਏ ਨੂੰ ਆਪਣੇ ਵਰਗਾ ਪਿਆਰ ਇਸ ਤਰ੍ਹਾਂ ਹੀ ਕਰਨਾ ਹੈ ਕਿ ਜਿਸ ਤਰ੍ਹਾਂ ਸੱਜੇ ਹੱਥ ਪਾਸੋਂ ਖੱਬੇ ਹੱਥ ਨੂੰ ਸੱਟ ਲੱਗ ਜਾਵੇ ਤਾਂ ਖੱਬਾ ਹੱਥ ਸੱਜੇ ਨਾਲ ਲੜਾਈ ਨਹੀਂ ਕਰਦਾ, ਆਪਣਾ ਅੰਗ ਤੇ ਆਪਣਾ ਆਪ ਸਮਝ ਕੇ ਬਦਲਾ ਨਹੀਂ ਚੇਤੇ ਕਰਦਾ ।"[1]

(ਅ) <u>ਬੁਰੀ ਭਾਵਨਾ ਤੋਂ ਬਚਾਉ :</u>

ਭਾਈ ਵੀਰ ਸਿੰਘ ਅਨੁਸਾਰ ਸਾਨੂੰ ਸਮਾਜ ਵਿੱਚ ਸੁਧਾਰ ਲਿਆਉਣ ਲਈ ਇਕ ਦੂਜੇ ਨਾਲ ਪਿਆਰ ਨਾਲ ਵਰਤਣਾ ਚਾਹੀਦਾ ਹੈ ਤਾਂ ਹੀ ਸਮਾਜ ਵਿਚੋਂ ਈਰਖਾ, ਦੁੱਖ ਅਤੇ ਸਾੜਾ ਦੂਰ ਹੋ ਸਕਦਾ ਹੈ ।

ਇਸਤਰੀ ਸਮਾਜ ਵਿੱਚ ਆਈ ਜਾਗ੍ਰਤੀ ਜਿਸ ਨੂੰ ਭਾਈ ਵੀਰ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਵੱਧ ਤੋਂ ਵੱਧ ਮਹਾਨਤਾ ਦਿੱਤੀ ਹੈ । ਇਸ ਬਾਰੇ ਸੁਰਿੰਦਰ ਸਿੰਘ ਭਾਈ ਵੀਰ ਸਿੰਘ ਦੀ ਮਹਾਨਤਾ ਨੂੰ ਸਵੀਕਾਰ ਕਰਦਾ ਹੋਇਆ ਇਸ ਤਰ੍ਹਾਂ ਲਿਖਦਾ ਹੈ :

> " ਇਸਤਰੀ ਸਮਾਜ ਦਾ ਰੂਪ ਦਾ ਭਾਰੀ ਪਰੀਵਰਤਨ ਸੁੰਦਰੀ ਨਾਵਲ ਕਰਕੇ ਨਾਵਲਕਾਰ ਦੇ ਸਫਲ ਯਤਨ ਦਾ ਹੀ ਸਿੱਟਾ ਜਾਪਦਾ ਹੈ । ਨਾਰੀ ਜਗਤ ਵਿਚ ਆਈ ਜਾਗ੍ਰਤਿ ਉਸ ਨੂੰ ਮੁੜ ਆਪਣੇ ਪੈਰਾਂ ਤੇ ਹੀ ਖੜਾ ਹੋਣ ਦੀ ਪ੍ਰੇਰਨਾ ਦੇ ਰਹੀ ਹੈ । ਇਹ ਨਹੀਂ ਹੋ ਸਕਦਾ ਕਿ ਸਮਾਂ ਆਉਣ ਤੇ ਇਹ ਸਿੱਖ ਸਮਾਜ ਅੱਖਾਂ ਬੰਦ ਕਰ, ਆਪਣੀ ਬੇਬਸੀ, ਆਪਣੇ ਅਪਨਾਪਨ ਅਤੇ ਆਪਣੀ ਕਮਜ਼ੋਰੀ ਦੇ ਉਹੀ ਪੁਰਾਤਨ ਰਾਗ ਰੋਂਦਾ ਨਜ਼ਰ ਆਵੇ । ਪੂਰਨ ਸੰਭਾਵਨਾ ਹੈ ਕਿ ਨਾਰੀ ਸੰਸਾਰ, ਆਪਣੀਆਂ ਅੰਣ ਕੀਮਤਾਂ ਵੱਟੇ ਉਠਾਏ ਹਾਣ ਨੂੰ ਵਰਤਮਾਨ ਨਵੀਨ ਆਸ ਕੀਮਤਾਂ ਦੇ ਰੂਪ ਵਿਚ ਨਾਸ਼ ਕਰਕੇ ਜਾਏਗਾ ਅਤੇ ਭਾਈ ਵੀਰ ਸਿੰਘ ਦੀ ਦੇਣ ਦਾ ਸਦਾ ਰਿਣੀ ਰਹੇਗੀ ।"[2]

---

1. ਭਾਈ ਵੀਰ ਸਿੰਘ, : ਸਤਵੰਤ ਕੌਰ : ਪੰਨਾ 37
2. ਸੁਰਿੰਦਰ ਸਿੰਘ 'ਕੋਮਲ', : ਸਾਹਿਤ ਸਮਾਚਾਰ ਦਾ ਪੂਰਨ ਸਿੰਘ ਅੰਕ : ਪੰਨਾ 214

ਸੁਰਿੰਦਰ ਸਿੰਘ ਭਾਈ ਵੀਰ ਸਿੰਘ ਦੀ ਦੇਣ ਦੀ ਮਹਾਨਤਾ ਇਸੇ ਪੱਖ ਤੋਂ ਮੰਨਦਾ ਹੈ ਕਿ ਇਸ ਨੇ ਇਸਤਰੀ ਦੀ ਦੁਰਦਸ਼ਾ ਸੰਵਾਰਨ ਵਿਚ ਕ੍ਰਾਂਤੀਕਾਰੀ ਕੰਮ ਕੀਤਾ ।

ਇਸੇ ਤਰ੍ਹਾਂ 'ਬਾਬਾ ਨੌਧ ਸਿੰਘ' ਨਾਵਲ ਵੀ ਹੋਰ ਪੱਖਾਂ ਜਿਵੇਂ ਛੂਤ-ਛਾਤ, ਵਿਤਕਰਿਆਂ ਆਦਿ ਦਾ ਅਨੇਕ ਪੱਖਾਂ ਤੋਂ ਸੁਧਾਰ ਕਰਦਾ ਨਜ਼ਰੀ ਆਉਂਦਾ ਹੈ ।

ਭਾਈ ਵੀਰ ਸਿੰਘ ਦੁਆਰਾ ਅਪਣਾਏ ਗਏ ਵਿਸ਼ਾ ਪੱਖ ਨੂੰ ਵੇਖਦਿਆਂ ਹੋਇਆਂ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਦੀ ਸਥਿਤੀ ਅਨੁਸਾਰ ਪੰਜਾਬੀਆਂ ਅਤੇ ਵਿਸ਼ੇਸ਼ ਤੌਰ ਤੇ ਸਿੱਖਾਂ ਉਤੇ ਪਏ ਪੱਛਮੀ ਜੀਵਨ ਅਤੇ ਸਭਿਆਚਾਰ ਦੇ ਵਧਦੇ ਪ੍ਰਭਾਵ ਨੂੰ ਵੇਖਦਿਆਂ ਹੋਇਆਂ ਇਹ ਜ਼ਰੂਰੀ ਸਮਝਿਆ ਗਿਆ ਕਿ ਸਿੱਖ ਜੀਵਨ ਨੂੰ ਪੱਛਮੀ ਜੀਵਨ ਨਾਲੋਂ ਉਚਿਆਂ ਵਿਖਾਇਆ ਜਾਵੇ । ਇਸੇ ਪੱਖ ਤੋਂ ਆਪਣੇ ਵਿਸ਼ੇ ਪੱਖ ਲਈ ਸਮਾਜ - ਸੁਧਾਰ ਦੇ ਵਿਸ਼ੇ ਨੂੰ ਜ਼ਰੂਰੀ ਸਮਝਿਆ ਅਤੇ ਆਪਣੀਆਂ ਰਚਨਾਵਾਂ ਵਿਚ ਸੁਚੇਤ ਤੌਰ ਤੇ ਅਪਣਾਇਆ ।

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵੀ ਸਮਾਜ ਸੁਧਾਰ ਦਾ ਵਿਸ਼ਾ ਪੇਸ਼ ਹੋਇਆ ਮਿਲਦਾ ਹੈ । ਪ੍ਰੋ. ਪੂਰਨ ਸਿੰਘ ਚਾਹੁੰਦਾ ਹੈ ਕਿ ਮਨੁੱਖ ਸਮਾਜ ਵਿਚ ਰਹਿੰਦਾ ਹੋਇਆ ਸਮਾਜ ਅਤੇ ਮਨੁੱਖਤਾ ਦੇ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਵੇ । ਉਹ ਅਜਿਹੇ ਕੰਮ ਕਰੇ ਜਿਸ ਨਾਲ ਉਸ ਦਾ ਸਮਾਜ ਅਤੇ ਦੇਸ਼ ਉੱਨਤ ਹੋਵੇ । ਅਰਸ਼ੀ ਗੱਲਾਂ ਕਰਦੇ ਹੋਏ ਵੀ ਪੂਰਨ ਸਿੰਘ ਦੇ ਪੈਰ ਧਰਤੀ ਤੇ ਹੀ ਸਨ । ਉਹ ਮਨੁੱਖ ਤੇ ਸਮਾਜ ਦੇ ਅਟੁੱਟ ਰਿਸ਼ਤੇ ਨੂੰ ਪਛਾਣਦਾ ਸੀ । ਇਸ ਲਈ ਉਸ ਨੇ ਸਮਾਜ ਬਾਰੇ ਜੋ ਵਿਚਾਰ ਪ੍ਰਗਟਾਏ ਉਹ ਉਸ ਦੇ ਆਪਣੇ ਸਮਾਜਿਕ ਨਿਬੰਧਾਂ ਤੋਂ ਭਲੀ ਭਾਂਤ ਉਜਾਗਰ ਹੋ ਜਾਂਦੇ ਹਨ

(ੲ) **ਕਲਾ ਦੀ ਮਹੱਤਤਾ :**

ਪ੍ਰੋ. ਪੂਰਨ ਸਿੰਘ ਸਮਾਜ ਦੀ ਉੱਨਤੀ ਲਈ 'ਕਲਾ' ਦਾ ਹੋਣਾ ਜ਼ਰੂਰੀ ਸਮਝਦਾ ਹੈ । ਪ੍ਰੋ. ਪੂਰਨ ਸਿੰਘ ਨੂੰ ਕੁਝ ਵਰ੍ਹੇ ਜਪਾਨ ਵਿਚ ਰਹਿਣ ਦਾ ਮੌਕਾ ਮਿਲਿਆ । ਉਹ ਉਥੋਂ ਦੇ ਲੋਕਾਂ ਦੀ ਸਾਦਗੀ, ਸੁੰਦਰਤਾ, ਸਫਾਈ, ਸਚਾਈ, ਈਮਾਨਦਾਰੀ ਤੇ ਹੁਨਰ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ । ਇਸ ਦੇ ਮੁਕਾਬਲੇ ਤੇ ਉਸ ਨੂੰ ਆਪਣਾ ਦੇਸ਼ ਕੂੜ ਅਤੇ ਗੰਦ ਨਾਲ ਭਰਿਆ ਦਿਖਾਈ ਦਿੰਦਾ ਹੈ । ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਲਿਖਦਾ ਹੈ :

"ਸਾਡੀ ਜਾਤੀ ਦੇ ਗੌਰਵ ਲੱਖੇ ਉਹ ਹੀਰੇ, ਰਹਿਣ ਰਹਿਣ ਚੋਰਾਂਠਾ ਵਾਲਾ ਤੇ ਉਥੇ ਕਨਾ ਕਿਸ ਤਰ੍ਹਾਂ ਆ ਸਕਦੀ ਹੈ ।"[1]

## (੨) ਕਿਰਤ ਕਰਨ ਤੇ ਜ਼ੋਰ :

ਪ੍ਰੋ. ਪੂਰਨ ਸਿੰਘ ਜਿਥੇ ਸਮਾਜ ਸੁਧਾਰ ਲਈ ' ਆਰਟ ' ਨੂੰ ਜ਼ਰੂਰੀ ਸਮਝਦਾ ਹੈ ਉਥੇ ਉਹ ' ਕਿਰਤ ' ਨੂੰ ਵੀ ਉਨ੍ਹਾਂ ਹੀ ਮਹੱਤਵ ਦਿੰਦਾ ਹੈ । ਉਸ ਦਾ ਖਿਆਲ ਹੈ ਕਿ ਮਿਹਨਤ ਤੇ ਮਜ਼ੂਰੀ ਕਰਨ ਵਾਲਿਆਂ ਵਿਚ ਕਈ ਗੁਣ ਆਪ ਮੁਹਾਰੇ ਆ ਜਾਂਦੇ ਹਨ, ਜਿਨ੍ਹਾਂ ਦੀ ਸਾਰੇ ਸਮਾਜ ਵਿਚ ਬੜੀ ਲੋੜ ਹੈ । ਕਿਰਤ ਕਰਨ ਤੇ ਕਈ ਗੁਣਾਂ ਤੇ ਜ਼ੋਰ ਦਿੰਦੇ ਹੋਏ ਆਪ ਲਿਖਦੇ ਹਨ :

> "ਉਹ ਬੰਦੇ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿਚ ਅੱਠ ਪਹਿਰ ਲੰਘਾ ਦੇ ਉਸ ਨੂੰ ਮਾੜੇ ਵਿਤਰਨ ਤੇ ਕੈਗਨਤਾ ਦੇ ਪਸਾਰ ਕਰਮ ਕਰਨ ਦੀ ਵਿਹਲ ਹੀ ਨਹੀਂ ਲੱਭਦੀ ।"[2]

ਇਨ੍ਹਾਂ ਗੁਣਾਂ ਨੂੰ ਦੇਖਦੇ ਹੋਏ ਹੀ ਆਪ ਕਿਰਤ ਕਰਨ ਤੇ ਜ਼ੋਰ ਦਿੰਦੇ ਹਨ, ਜੋ ਸਮਾਜ ਦੇ ਕਲਿਆਣ ਵਿਚ ਵੀ ਬਹੁਤ ਸਹਾਈ ਹੁੰਦੀ ਹੈ ।

## (21) ਮਿੱਠਾ ਬੋਲਣ ਦੀ ਮਹੱਤਤਾ :

ਸਮਾਜ ਸੁਧਾਰ ਲਈ ਇਕ ਹੋਰ ਪੱਖ ਜਿਸ ਤੇ ਆਪ ਜ਼ੋਰ ਦਿੰਦੇ ਹਨ, ਉਹ ਇਹ ਹੈ ਕਿ ਆਪ ਕਬਿਤੀ ਦਾ ਪਖਾਣ ਤੇ ਮਿੱਠਾ ਬੋਲਣ ਤੇ ਜ਼ੋਰ ਦਿੰਦੇ ਹਨ । ' ਕਿਰਤ ਤੇ ਮਿੱਠਾ ਬੋਲਣ ' ਵਿਚ ਆਪ ਇਸੇ ਪੱਖ ਤੋਂ ਸੁਚੇਤ ਹੋ ਕੇ ਰਚਨਾ ਕਰਦੇ ਹਨ । ਇਸ ਬਾਰੇ ਆਪ ਇਸ ਤਰ੍ਹਾਂ ਲਿਖਦੇ ਹਨ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 66
2. - ਉਹੀ - : ਪੰਨਾ 105

" ਸਿਫਤ ਸਲਾਹ ਕਰਨਾ, ਇਕ ਕਿਸੇ ਤੇਰੀ ਆਪ ਦੀ ਜਿਹੜੀ ਹਵਾ ਦੇ ਲੈਅ ਤੇ ਝੂਮਦੀ ਹੈ, ਸੂਰਜ ਤੱਕ, ਹੋਵਨ ਤੱਕ, ਬੰਦੇ ਤੱਕ, ਇਕ ਜੀਵਨ ਨੂੰ ਬਣਾਉਣਾ ਹੈ, ਜਿਵੇਂ ਕਰਨਾ ਹੈ ।"[1]

ਆਪ ਕਿਰਾਂ ਬੋਲਣ ਅਤੇ ਦੁਨਿਆਂ ਦੀ ਨੁਕਤਾਚੀਨੀ ਕਰਨ ਦੀ ਜਗ੍ਹਾ ਤੇ ਮਨੁੱਖ ਅਤੇ ਚੀਜਾਂ ਦੀ ਸਿਫਤ ਸਲਾਹ ਕਰਨ ਤੇ ਜ਼ੋਰ ਦਿੰਦੇ ਹਨ । ਪ੍ਰੋ. ਪੂਰਨ ਸਿੰਘ ਕੁਦਰਤੀ ਤੌਰ ਤੇ ਜਾਗਰੂਕ ਸਾਹਿਤਕਾਰ ਸੀ । ਇਸ ਲਈ ਉਸ ਨੇ ਚੰਗੇ ਸਮਾਜ ਲਈ ਚੰਗੀਆਂ ਗੱਲਾਂ ਦਾ ਹੋਣਾ ਜ਼ਰੂਰੀ ਸਮਝਿਆ ।

ਇਸੇ ਤਰ੍ਹਾਂ ਇਸ ਕਾਲ ਵਿਚ ਬਹੁਤੇ ਸੁਧਾਰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਇਸਤਰੀ ਦੀ ਸਮਾਜਿਕ ਸਥਿਤੀ ਨਾਲ ਸੰਬੰਧਿਤ ਸਨ । ਉਨ੍ਹਾਂ ਦਾ ਪ੍ਰਮੁੱਖ ਮਨੋਰਥ ਇਸਤਰੀ ਨੂੰ ਉਸ ਦੀ ਨਿਘਾਉਣੀ ਅਵਸਥਾ ਤੋਂ ਮੁਕਤੀ ਦੁਆ ਕੇ ਇਕ ਉੱਜਲ ਭਵਿੱਖ ਵੱਲ ਲੈ ਜਾਣਾ ਸੀ । ਇਸ ਲਈ ਪ੍ਰੋ. ਪੂਰਨ ਸਿੰਘ ਇਸਤਰੀ ਦੇ ਸਮਾਜ ਸੁਧਾਰ ਪੱਖੋਂ ਵੀ ਆਪਣੀਆਂ ਰਚਨਾਵਾਂ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਵੋਟ ਆਦਿ ਦਾ ਹੱਕ ਦੇਣਾ ਆਦਿ ਗੱਲਾਂ ਦੀ ਚਰਚਾ ਕਰਦਾ ਹੈ ।

ਆਪ ਆਪਣੀਆਂ ਰਚਨਾਵਾਂ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਸਤਰੀ ਕਿਸੇ ਪੱਖ ਤੋਂ ਵੀ ਮਰਦ ਤੋਂ ਘੱਟ ਨਹੀਂ । ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਦੇ ਸਿਰਲੇਖ ਸਮਾਜਿਕ ਹਨ । ਜਿਨ੍ਹਾਂ ਵਿਚ ਆਪ ਕਿਸੇ ਨਾ ਕਿਸੇ ਰੂਪ ਵਿਚ ਸਮਾਜ ਸੁਧਾਰ ਦੇ ਵਿਚਾਰ ਨੂੰ ਪੇਸ਼ ਕਰਦੇ ਹਨ । ਸਮਾਜ - ਸੁਧਾਰ ਕਿਸ ਤਰ੍ਹਾਂ ਹੋ ਸਕਦਾ ਹੈ, ਉਸ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ, ਉਹ ਕਿਹੜੇ ਕਿਹੜੇ ਗੁਣ ਹਨ ਜਿਨ੍ਹਾਂ ਨਾਲ ਸਮਾਜ ਸੁਧਾਰ ਆ ਸਕਦਾ ਹੈ, ਇਨ੍ਹਾਂ ਗੱਲਾਂ ਦੀ ਚਰਚਾ ਸਮਾਜ - ਸੁਧਾਰ ਲਿਆਉਣ ਲਈ ਹੀ ਕਰਦੇ ਹਨ ।

ਆਦਰਸ਼ ਪੁਰਸ਼ ਦਾ ਸੰਕਲਪ :

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚਲੇ ਹੋਰ ਵਿਸ਼ੇ ਪੱਖਾਂ ਵਾਂਗ ਮਹਾਂ ਪੁਰਖਾਂ ਦੀਆਂ ਜੀਵਨੀਆਂ ਨੂੰ ਵੀ ਸੁਚੇਤ ਤੌਰ ਤੇ ਪੇਸ਼ ਕੀਤਾ ਹੈ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 105

ਭਾਈ ਵੀਰ ਸਿੰਘ ਨੇ ਦੇਖਿਆ ਕਿ ਈਸਾਈ ਜਨਤਾ ਨੂੰ ਪ੍ਰਭਾਵਿਤ ਕਰਨ ਲਈ ਆਪਣੇ ਗੁਰੂ ਈਸਾ ਦੀਆਂ ਜੀਵਨੀਆਂ ਕਰਾਮਾਤਾਂ ਦੇ ਰੰਗ ਵਿਚ ਰੰਗ ਕੇ ਵੱਧ ਤੋਂ ਵੱਧ ਛਪਵਾ ਰਹੇ ਹਨ । ਈਸਾਈਆਂ ਦਾ ਇਹ ਜੀਵਨੀਆਂ ਛਪਵਾ ਕੇ ਵੰਡਣ ਦਾ ਮਨੋਰਥ ਇਹ ਸੀ ਕਿ ਉਹ ਆਪਣੇ ਗੁਰੂ ਈਸਾ ਦੇ ਜੀਵਨ ਦੁਆਰਾ ਲੋਕਾਂ ਨੂੰ ਪ੍ਰਭਾਵਿਤ ਕਰ ਸਕਣ। ਇਸ ਤਰ੍ਹਾਂ ਲੋਕ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਈਸਾਈ ਮੱਤ ਵਿਚ ਵਿਸ਼ਵਾਸ਼ ਰੱਖਣ ਲੱਗ ਪੈਣ । ਇਸ ਸਭ ਕੁਝ ਨੂੰ ਦੇਖਦੇ ਹੋਏ ਭਾਈ ਵੀਰ ਸਿੰਘ ਨੇ ਆਪਣੇ ਗੁਰੂਆਂ ਦੀਆਂ ਜੀਵਨੀਆਂ ਪ੍ਰਕਾਸ਼ਿਤ ਕਰਨ ਦੀ ਲੋੜ ਮਹਿਸੂਸ ਕੀਤੀ ।

ਈਸਾਈ ਆਪਣੇ ਗੁਰੂ ਈਸਾ ਦੀਆਂ ਜੀਵਨੀਆਂ ਪ੍ਰਕਾਸ਼ਿਤ ਕਰਕੇ ਲੋਕਾਂ ਨੂੰ ਇਹ ਯਕੀਨ ਦੁਆਣਾ ਚਾਹੁੰਦੇ ਸਨ ਕਿ ਸਿਰਫ ਈਸਾ ਹੀ ਉਨ੍ਹਾਂ ਦੇ ਜੀਵਨ ਦਾ ਸੁਧਾਰ ਕਰ ਸਕਦਾ ਹੈ, ਭਲਿਆਈ ਕਰ ਸਕਦਾ ਹੈ । ਉਸ ਤੋਂ ਪ੍ਰੇਰਨਾ ਲੈ ਕੇ ਉਹ ਮਹਾਨ ਕੰਮ ਕਰ ਸਕਦੇ ਹਨ, ਉਨ੍ਹਾਂ ਤੋਂ ਹੀ ਉਨ੍ਹਾਂ ਨੂੰ ਆਤਮਿਕ ਸੁੱਖ ਮਿਲ ਸਕਦਾ ਹੈ ।

ਜਦੋਂ ਆਮ ਜਨਤਾ ਨੇ ਈਸਾ ਦੀਆਂ ਜੀਵਨੀਆਂ ਪੜ੍ਹੀਆਂ ਤਾਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਪ੍ਰਭਾਵ ਅਧੀਨ ਆ ਗਏ । ਇਨ੍ਹਾਂ ਕਾਰਨਾਂ ਤੋਂ ਹੀ ਚੇਤੰਨ ਹੋ ਕੇ ਭਾਈ ਵੀਰ ਸਿੰਘ ਨੇ ਆਪਣੇ ਗੁਰੂਆਂ ਦੀਆਂ ਜੀਵਨੀਆਂ ' ਚਮਤਕਾਰਾਂ ' ਦੇ ਨਾਂ ਹੇਠ ਛਪਾਈਆਂ, ਜੋ ਇਸ ਪ੍ਰਕਾਰ ਹਨ, " ਗੁਰੂ ਨਾਨਕ ਚਮਤਕਾਰ', ' ਅਸ਼ਟ ਗੁਰ ਚਮਤਕਾਰ', ' ਕਲਗੀਧਰ ਚਮਤਕਾਰ '।

ਭਾਈ ਵੀਰ ਸਿੰਘ ਕਿਉਂਕਿ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਇਸ ਲਈ ਵੀ ਉਨ੍ਹਾਂ ਨੂੰ ਆਪਣੇ ਵਿਸ਼ੇ ਦਾ ਪ੍ਰਚਾਰ ਕਰਨ ਲਈ ਵੀ ਇਹ ਜੀਵਨੀਆਂ ਕਾਰਗਰ ਸਿੱਧ ਹੋਈਆਂ । ਇਸੇ ਪੱਖ ਤੋਂ ਆਪਣੇ ਵਿਸ਼ੇ ਨੂੰ ਪ੍ਰਚਾਰਨ ਲਈ ਉਹ ਜੀਵਨੀ ਦੀ ਮਾਧਿਅਮ ਨੂੰ ਅਪਣਾਉਂਦੇ ਹਨ ।

ਜੀਵਨੀ ਕਿਸੇ ਵੀ ਵਿਅਕਤੀ ਦੀ ਲਿਖੀ ਜਾ ਸਕਦੀ ਹੈ ਪਰ ਜਿੰਨ੍ਹਾਂ ਜੀਵਨੀ ਦਾ ਨਾਇਕ ਮਹਾਨ ਹੋਵੇਗਾ, ਉਨੀ ਹੀ ਉਹ ਜੀਵਨੀ ਅਧਿਕ ਪ੍ਰੇਰਨਾ ਦਾਇਕ ਅਤੇ ਉਤਸ਼ਾਹ ਵਰਧਕ ਹੋਵੇਗੀ । ਅਜਿਹੀ ਜੀਵਨੀ ਮਨੁੱਖ ਦੀਆਂ ਸਿਰਜਨਾਤਮਿਕ ਪ੍ਰਵਿਰਤੀਆਂ ਨੂੰ ਉਤੇਜਿਤ ਕਰਕੇ ਲੋਕ ਕਲਿਆਣ ਨੂੰ ਵਿਕਾਸਸ਼ੀਲ ਬਣਾਉਂਦੀ ਹੈ । ਅਧਿਕ ਪ੍ਰਭਾਵ ਪਾਉਣ ਲਈ ਹੀ ਭਾਈ ਵੀਰ ਸਿੰਘ ਆਪਣੇ ਗੁਰੂਆਂ ਨੂੰ ਮੁੱਖ ਨਾਇਕ ਬਣਾਉਂਦੇ ਹਨ । ਇਸ ਲਈ ਕਿ ਲੋਕ ਇਨ੍ਹਾਂ ਗੁਰੂਆਂ ਦੀ ਮਹਾਨਤਾ ਤੋਂ ਪ੍ਰੇਰਨਾ ਲੈ ਸਕਣ ।

ਭਾਈ ਵੀਰ ਸਿੰਘ ਨੇ ਸਿੱਖ ਗੁਰੂਆਂ ਵਰਗੇ ਮਹਾਨ ਅਧਿਆਤਮਕ ਪੁਰਸ਼ਾਂ ਨੂੰ ਆਪਣੀਆਂ ਜੀਵਨੀਆਂ ਦੇ ਨਾਇਕ ਚੁਣਿਆ । ਇਨ੍ਹਾਂ ਜੀਵਨੀਆਂ ਦੀ ਰਚਨਾ ਕਰਨ ਦੇ ਉਦੇਸ਼ਾਂ ਨੂੰ ਪ੍ਰਗਟ ਕਰਦੇ ਹੋਏ ਆਪ ਲਿਖਦੇ ਹਨ :

> ਗੁਰ - ਸਿਖੀ ਦੀ ਰਹੁ ਰੀਤੀ, ਅਤੇ ਉਚੀ ਹਿੰਮਤ, ਉਚੇ ਆਸ਼ੇ, ਉਚੇ ਦਿਲ ਟਿਕਾਣੇ, ਸਾਈਆਂ ਜੀ ਨਾਲ ਮੇਲ ਤੇ ਇਨ੍ਹਾਂ ਦੇ ਸਾਧਨ ਬਾਣੀ ਦਾ ਪਾਠ ਤੇ ਕੀਰਤਨ, ਨਾਮ ਦਾ ਅਭਿਆਸ, ਵਾਹਿਗੁਰੂ ਵਜੂਦ ਨਾਲ ਪ੍ਰੇਮ, ਸਤਿਸੰਗ, ਸਿਦਕ ਤੇ ਭਰੋਸਾ, ਅੰਮ੍ਰਿਤ ਵਹਿਣੀ ਬਹਿਣੀ, ਕਹਿਣੀ ਦੀ ਸਵੱਛਤਾ, ਆਚਰਣ ਦੀ ਸੁੱਧੀ, ਇਹ ਉਚ ਜੀਵਨ ਹੈ, ਜੋ ਸਤਿਗੁਰ ਸਾਹਿਬ ਨੇ ਜਗਤ ਨੂੰ ਦਿੱਤਾ, ਨਿਰਾ ਸਿਖਾਇਆ ਨਹੀਂ ਇਹ ਆਮ ਕਰਕੇ ਵਰਤ ਕੇ ਦੱਸਿਆ ਅਤੇ ਦੁਨੀਆਂ ਨੂੰ ਇਸ ਵਿਚ ਪਲਟਾ ਦੇ ਕੇ ਉਹੋ ਜਿਹਾ ਬਣਾ ਕੇ ਦਿਖਾਇਆ । ਇਸ ਤੋਂ ਵਧ ਕੇ ਜਿਨ੍ਹਾਂ ਦੇ ਜੀਵਨ ਐਸੇ ਬਣਾਏ, ਉਨ੍ਹਾਂ ਵਿਚ ਔਰੋਂ ਐਸੇ ਜੀਵਨ ਬਣਾ ਲੈਣ ਦੀ ਸਮਰੱਥਾ ਤੇ ਪ੍ਰਬੀਨਤਾ ਪਾਈ," —— " ਪਰ ਸਮੇਂ ਦੇ ਫੇਰਾਂ ਰਾਜਸੀ ਮੁਸ਼ਕਲਾਂ ਵਿਚ ਤੇ ਉਸ ਵਿਚ ਕੁਸੰਗ ਦੇ ਪ੍ਰਵੇਸ਼ ਨੇ ਤੇ ਫੇਰ ਐਸ਼ਵਰਜ ਨਿਵਾਸ ਨੇ ਐਸੀ ਨੀਂਦਰੇ ਸੁਆਇਆ ਕਿ ਅੱਜ ਤੋਂ ਕੁਝ ਚਾਲੀ ਵਰ੍ਹੇ ਪਹਿਲੇ ਮੇਲਿਆਂ ਪਰ ਗੁਰਧਾਮਾਂ ਤੇ ਕਿਥਾਂ ਸਿਖੀ ਦੇ ਗਿਰਾਉ ਦੀ ਤਸਵੀਰ ਅੱਖਾਂ ਅੱਗੇ ਆਪੇ ਆ ਜਾਂਦੀ ਹੁੰਦੀ ਸੀ । ਸੱਚੇ ਜੀਵਨ ਘੱਟ ਗਏ ਸਨ ਅਤੇ ਪ੍ਰਚਾਰ ਉਕਾ ਬੰਦ ਹੋ ਗਿਆ ਸੀ ।"[1]

ਇਸ ਤਰ੍ਹਾਂ ਭਾਈ ਵੀਰ ਸਿੰਘ ਅਨੁਸਾਰ ਉਨ੍ਹਾਂ ਨੇ ਇਹ ਜੀਵਨੀਆਂ ਇਸ ਲਈ ਲਿਖੀਆਂ ਕਿ ਸਿੱਖੀ ਦਾ ਉਚ ਰਹਿਣੀ ਬਹਿਣੀ ਵਾਲਾ ਜੀਵਨ, ਸਿਦਕ ਤੇ ਭਰੋਸਾ, ਸੁੱਧ ਆਚਰਣ ਤੇ ਉਚ ਆਚਰਣ ਜੋ ਗੁਰੂਆਂ ਨੇ ਉਨ੍ਹਾਂ ਨੂੰ ਸਿਖਾਇਆ ਸੀ, ਉਸ ਨੂੰ ਲੋਕ ਭੁੱਲ ਕੇ ਅਣੋ ਭੁਆਨੇ ਭਟਕ ਰਹੇ ਸਨ । ਇਸੇ ਤਰ੍ਹਾਂ ਹਰ ਪਾਸੇ ਦੇਖਿਆਂ ਸਿਖੀ ਦੀ ਗਿਰਾਵਟ ਦੀ ਤਸਵੀਰ ਹੀ ਨਜ਼ਰ ਆਉਂਦੀ ਸੀ । ਸੱਚੇ ਜੀਵਨ ਘੱਟ ਗਏ ਸਨ ਅਤੇ ਪ੍ਰਚਾਰ ਬਿਲਕੁਲ ਹੀ ਅਲੋਪ ਹੋ ਗਿਆ ਸੀ ।

ਇਸ ਤਰ੍ਹਾਂ ਆਪ ਗੁਰੂਆਂ ਦੀਆਂ ਜੀਵਨੀਆਂ ਕਰਨ ਦੀ ਰਚਨਾ ਨੂੰ ਵੀ ਸੁਚੇਤ ਤੌਰ ਤੇ ਆਪਣੇ ਵਿਸ਼ੇ ਪੱਖ ਲਈ ਅਪਣਾਉਂਦੇ ਹਨ । ਭਾਈ ਵੀਰ ਸਿੰਘ ਸਾਨੂੰ ਇਨ੍ਹਾਂ ਜੀਵਨੀਆਂ ਤੋਂ ਸਿਖਿਆ ਲੈਣ ਲਈ ਕਹਿੰਦੇ ਹਨ ।

---

1. ਭਾਈ ਵੀਰ ਸਿੰਘ : ਗੁਰੂ ਨਾਨਕ ਚਮਤਕਾਰ: ਪੰਨਾ ਅ

ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਵਾਰਤਕ ਵਿਚ ਗੁਰੂਆਂ ਦੀਆਂ ਜੀਵਨੀਆਂ ਨੂੰ ਹੋਰ ਰਚਨਾਵਾਂ ਵਾਂਗ ਰਚਣ ਦਾ ਚੇਤੰਨ ਤੌਰ ਤੇ ਕੋਈ ਯਤਨ ਨਹੀਂ ਕੀਤਾ ।

ਪ੍ਰੋ. ਪੂਰਨ ਸਿੰਘ ਨੇ ਹੋਰ ਭਾਸ਼ਾਵਾਂ ਜਿਵੇਂ ਅੰਗਰੇਜ਼ੀ ਵਿਚ ਜ਼ਰੂਰ ਮਹਾਂ ਪੁਰਖਾਂ ਦੀਆਂ ਜੀਵਨੀਆਂ ਰਚੀਆਂ, ਜਿਨ੍ਹਾਂ ਤੋਂ ਆਪ ਪ੍ਰਭਾਵਿਤ ਹੋਏ । ਜਿਵੇਂ ' The Story of Rama ' ਅਤੇ ' The Book of Ten Masters ' ਇਨ੍ਹਾਂ ਜੀਵਨੀਆਂ ਦਾ ਅਨੁਵਾਦ ਰੂਪ ' ਰਾਮ ਦੀ ਕਹਾਣੀ ' ਅਤੇ ' ਦਸ ਗੁਰ ਰਤਨਾਕਰ ' ਸਿਰਲੇਖ ਹੇਠ ਹੋ ਚੁੱਕਾ ਹੈ ।

ਪ੍ਰੋ. ਪੂਰਨ ਸਿੰਘ ਨੇ ਇਹ ਜੀਵਨੀਆਂ ਇਸ ਲਈ ਰਚੀਆਂ ਕਿ ਉਹ ਇਨ੍ਹਾਂ ਤੋਂ ਭਾਵਨਾਤਮਕ ਤੌਰ ਤੇ ਪ੍ਰਭਾਵਿਤ ਹੋਏ ਸਨ । ਪ੍ਰੋ. ਪੂਰਨ ਸਿੰਘ ਵੀ ਇਨ੍ਹਾਂ ਮਹਾਂ-ਪੁਰਸ਼ਾਂ ਦੇ ਉੱਚੇ, ਸੁੱਚੇ, ਉੱਚ ਆਚਰਣ ਤੋਂ ਸਿੱਖਿਆ ਲੈਣ ਲਈ ਹੀ ਇਨ੍ਹਾਂ ਜੀਵਨੀਆਂ ਦੀ ਰਚਨਾ ਕੀਤੀ । ' ਦਸ ਗੁਰ ਰਤਨਾਕਰ ' ਵਿਚ ਦਸਾਂ ਗੁਰੂਆਂ ਦੇ ਜੀਵਨ ਬਿਰਤਾਂਤ ਦਿੱਤੇ ਗਏ ਹਨ । ਪ੍ਰੋ. ਪੂਰਨ ਸਿੰਘ ਕਿਉਂਕਿ ਇਨ੍ਹਾਂ ਮਹਾਂ ਪੁਰਖਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ, ਇਸ ਲਈ ਉਸ ਪ੍ਰਭਾਵ ਨੂੰ ਸੁਰਜੀਤ ਰੱਖਣ ਲਈ ਹੀ ਆਪ ਨੇ ਜੀਵਨੀਆਂ ਰਚੀਆਂ । ਕੁਝ ਵੀ ਹੋਵੇ ਪ੍ਰੋ. ਪੂਰਨ ਸਿੰਘ ਦਾ ਮਨੋਰਥ ਮੁੱਖ ਰੂਪ ਵਿਚ ਇਨ੍ਹਾਂ ਮਹਾਂਪੁਰਖਾਂ ਦੇ ਜੀਵਨ ਤੋਂ ਸਿੱਖਿਆ ਲੈਣ ਲਈ ਇਨ੍ਹਾਂ ਦੀਆਂ ਰਚਨਾਵਾਂ ਕਰਨਾ ਸੀ ।

ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਲੇਖਕਾਂ ਨੇ ਆਪਣੀਆਂ ਵਾਰਤਕ ਰਚਨਾਵਾਂ ਲਈ ਚੁਣੇ ਵਿਸ਼ਿਆਂ ਨੂੰ ਪੂਰੀ ਸਫਲਤਾ ਨਾਲ ਨਿਭਾਇਆ । ਇਹ ਵੇਖਣ ਵਿਚ ਭਾਵੇਂ ਅਲੱਗ ਅਲੱਗ ਹੀ ਜਾਪਦੇ ਹਨ ਪਰ ਇਨ੍ਹਾਂ ਦੀ ਮੂਲ ਸੁਰ ਇਕ ਹੀ ਹੈ ਅਤੇ ਇਹ ਇਕ ਹੀ ਮੰਜ਼ਿਲ ਵੱਲ ਵਧਦੇ ਹਨ । ਇਨ੍ਹਾਂ ਦੋਹਾਂ ਲੇਖਕਾਂ ਦੇ ਵਿਸ਼ੇ ਮੂਲ ਸੁਰ ਵਿਚ ' ਪਿਆਰ ' ਦੁਆਲੇ ਹੀ ਘੁੰਮਦੇ ਹਨ । ਭਾਵੇਂ ਉਹ ਧਾਰਮਿਕ, ਰਾਜਨੀਤਕ, ਸਮਾਜਿਕ ਆਦਿ ਕਿਸੇ ਵੀ ਹੋਰ ਪੱਖੋਂ ਹੋਣ । ਇਨ੍ਹਾਂ ਸਾਰਿਆਂ ਦਾ ਨਿਭਾਅ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਬੜੀ ਸਫਲਤਾ ਨਾਲ ਹੋਇਆ । ਜਿਸ ਮਨੋਰਥ ਨੂੰ ਪ੍ਰਗਟ ਕਰਨ ਲਈ ਉਨ੍ਹਾਂ ਨੇ ਇਹ ਵਿਸ਼ੇ ਅਪਣਾਏ, ਉਸ ਵਿਚ ਪੂਰੇ ਉਤਰੇ ।

## ਅਧਿਆਇ ਛੇਵਾਂ :

### ਜੀਵਨ ਦਰਸ਼ਨ

1. ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਆਚਾਰ ਮਨੁੱਖ ਤੇ ਆਦਰਸ਼ ਮਨੁੱਖ ਦਾ ਸੰਕਲਪ ।
2. ਦੋਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਸ੍ਰਿਸ਼ਟੀ, ਪਰਮਾਤਮਾ ਤੇ ਜੀਵ ਦਾ ਸੰਕਲਪ ।
3. ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਆਤਮਾ - ਪਰਮਾਤਮਾ ਤੇ ਜੀਵ - ਜਗਤ ਦਾ ਸੰਕਲਪ ।
4. ਦੋਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਜੀਵਨ ਤੇ ਮੌਤ ਦਾ ਸੰਕਲਪ ।

## ਜੀਵਨ - ਦਰਸ਼ਨ :

## ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਪੇਸ਼ ਹੋਇਆ ਉਨ੍ਹਾਂ ਦਾ ਜੀਵਨ - ਦਰਸ਼ਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚੋਂ ਉਨ੍ਹਾਂ ਦੇ ਜੀਵਨ - ਦਰਸ਼ਨ ਨੂੰ ਸਮਝਣ ਲਈ ਉਨ੍ਹਾਂ ਦੀ ਫਿਲਾਸਫੀ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ ।

ਦਰਸ਼ਨ ਸ਼ਬਦ ਦੇ ਸੰਸਕ੍ਰਿਤ ਵਿਚ ਅਰਥ ਹਨ — " ਦ੍ਰਿਸ਼ਯਤੇ ਅਨੇਨ ਇਤੀ ਦਰਸ਼ਨਮ੍ "।[1] ਭਾਵ ਜਿਸ ਦੀ ਸਹਾਇਤਾ ਨਾਲ ਦੇਖਿਆ ਜਾਵੇ । ਪੱਛਮ ਵਿਚ ਦਰਸ਼ਨ ਸ਼ਬਦ ਲਈ ਸਮਾਨ - ਅਰਥੀ ਸ਼ਬਦ ਫਿਲਾਸਫੀ ਸ਼ਬਦ ਮਿਲਦਾ ਹੈ । ਫਿਲਾਸਫੀ ਸ਼ਬਦ ਗ੍ਰੀਕ ਸ਼ਬਦਾਂ ਵਿਚ ' ਫਿਲਸ ' — ਪ੍ਰੇਮ ਜਾਂ ਅਨੁਰਾਗ ਅਤੇ ' ਸੋਫੀਆ ' ਵਿਦਿਆ ਦੇ ਸੁਮਿਸ਼ਰਣ ਤੋਂ ਬਣਿਆ ਹੈ, ਜਿਸ ਦਾ ਅਰਥ ਹੈ — ਵਿਦਿਆ ਅਨੁਰਾਗ ।"[2]

ਜਿਹੜੇ ਬੁੱਧੀਮਾਨ ਵਿਅਕਤੀ ਜੀਵ, ਜਗਤ, ਈਸ਼ਵਰ ਅਤੇ ਹੋਰ ਤੱਤਾਂ ਦੀ ਛਾਣਬੀਣ ਕਰਨ ਵਿਚ ਪ੍ਰਯਤਨਸ਼ੀਲ ਹੁੰਦੇ ਹਨ, ਉਨ੍ਹਾਂ ਨੂੰ ਫਿਲਾਸਫਰ ਜਾਂ ਦਾਰਸ਼ਨਿਕ ਕਿਹਾ ਜਾਂਦਾ ਹੈ ।

ਮਨੁੱਖ ਵਿਚ ਦਿਸ ਰਹੇ ਜਗਤ ਅਤੇ ਪ੍ਰਕ੍ਰਿਤੀ ਬਾਰੇ ਜਾਣਨ ਦੀ ਧਾਰਨਾ ਸ਼ੁਰੂ ਤੋਂ ਹੀ ਹੈ । ਜਦ ਮਨੁੱਖ ਦੀ ਬੌਧਿਕ ਧਾਰਨਾ ਉਕਤ ਇੱਛਾ ਤੇ ਪ੍ਰਭਾਵਿਤ ਹੋ ਕੇ ਇਸ ਵਿਚ ਕਿਸੇ ਸੱਚ ਦੀ ਖੋਜ ਅਤੇ ਦਿਸ ਰਹੇ ਜਗਤ ਨਾਲ ਉਸ ਦਾ ਸੰਬੰਧ ਜਾਣਨ ਦੀ ਕੋਸ਼ਿਸ਼ ਕਰਦੀ ਹੈ, ਉਦੋਂ ਦਰਸ਼ਨ ਦਾ ਜਨਮ ਹੁੰਦਾ ਹੈ ।

---

1 * ਅਮਰ ਕੋਸ਼ : ਚੌਥਾ ਸੰਸਕਰਣ : ਪੰਨਾ 395

" Philo-Sephia ---- a love er pursuit of wisdom, a search for the underlying causes and principle of reality."

2. Wepstill's third new Dictionary: P-1698

ਦਰਸ਼ਨ ਨੂੰ ਸਾਰੇ ਵਿਗਿਆਨਾਂ, ਕਾਰਜਾਂ ਅਤੇ ਜ਼ਿੰਮੇਵਾਰੀਆਂ ਦੀ ਜੋਤੀ ਕਿਹਾ ਜਾਂਦਾ ਹੈ । ਇਸ ਦਾ ਕਾਰਨ ਇਹ ਹੈ ਕਿ ਇਹ ਇਨ੍ਹਾਂ ਸਭ ਕਾਰਜਾਂ ਲਈ ਪਥ - ਪ੍ਰਦਰਸ਼ਨ ਕਰਦਾ ਹੈ, ਰੋਸ਼ਨੀ ਦਿਖਾਉਂਦਾ ਹੈ । ਦਰਸ਼ਨ ਦੀ ਮਹੱਤਤਾ ਨੂੰ ਸਵੀਕਾਰ ਕਰਦਿਆਂ ਰਾਧਾ ਕ੍ਰਿਸ਼ਨਨ ਇਸ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

" ਦਰਸ਼ਨ ਨੂੰ ਸਾਰੇ ਵਿਗਿਆਨਾਂ ਦੀ ਜੋਤ, ਸਾਰੇ ਕਾਰਜਾਂ ਦੇ ਨਿਭਾ ਦਾ ਸਾਧਨ ਅਤੇ ਸਾਰੀਆਂ ਜ਼ਿੰਮੇਵਾਰੀਆਂ ਦੇ ਨਿਭਾ ਦਾ ਆਧਾਰ ਕਿਹਾ ਹੈ ।"[1]

ਅਸਲ ਵਿਚ ਧਰਮ ਦੀ ਹਰੇਕ ਸਾਧਨਾ ਦਰਸ਼ਨ ਦੇ ਅੰਤਰਗਤ ਆਪਣਾ ਨਿੱਜੀ ਸਥਾਨ ਰੱਖਦੀ ਹੈ । ਹੀਗਲ ਦਾ ਵਿਚਾਰ ਹੈ ਕਿ :

ਪਰਮਤੱਤ ਦੇ ਆਕਾਰ ਦੀ ਬੌਧਿਕ ਅਤੇ ਸਿਧਾਂਤਕ ਸਾਧਨਾ ਤੋਂ ਦਰਸ਼ਨ ਅਤੇ ਇਸ ਨੂੰ ਜੀਵਨ ਦੇ ਰੋਜ਼ਾਨਾ ਵਿਵਹਾਰ ਅਤੇ ਮਾਨਸਿਕ ਜੀਵਨ ਵਿਚ ਘਟਾ ਲੈਣ ਨਾਲ ਧਰਮ ਦਾ ਉਦੈ ਹੁੰਦਾ ਹੈ ।"[2]

ਭਾਰਤੀ ਧਰਮ ਵਿਚ ਪਰਮ ਸੱਤ ਦੀ ਸੱਤਾ ਅਵਿਵਾਦ ਰੂਪ ਵਿਚ ਸਵੀਕਾਰ ਕੀਤੀ ਜਾਂਦੀ ਹੈ । ਦਰਸ਼ਨ ਉਸ ਸੱਤਾ ਦੇ ਅਨੁਵਾਦ ਦਾ ਬੌਧਿਕ ਸਰੂਪ ਪੇਸ਼ ਕਰਦਾ ਹੈ, ਪਰ ਪਰਮ ਸੱਤਾ ਅਨੁਭਵ ਦੀ ਵਸਤੂ ਹੋਣ ਦੇ ਕਾਰਣ ਬੌਧਿਕ ਪਹੁੰਚ ਤੋਂ ਬਾਹਰ ਰਹਿੰਦੀ ਹੈ । ਦਾਰਸ਼ਨਿਕ ਨੂੰ ਲਕਸ਼ ਸਿੱਧੀ ਲਈ ਸ਼ਰਧਾ ਤੇ ਆਧਾਰਿਤ ਸਾਧਨਾ ਦਾ ਆਸਰਾ ਲੈਣਾ ਪੈਂਦਾ ਹੈ । ਇਹ ਸਾਧਨਾ ਹੀ ਧਰਮ ਹੈ । ਬੌਧਿਕ ਪੂਰਣਤਾ ਅਰਥਾਤ ਦਰਸ਼ਨ ਦੀ ਪ੍ਰਾਪਤੀ ਲਈ ਜਦ ਧਰਮ ਦੀ ਸਾਧਨਾ ਦਾ ਆਸਰਾ ਲਿਆ ਜਾਂਦਾ ਹੈ । ਦਰਸ਼ਨ ਆਪ ਧਰਮ ਉੱਤੇ ਆਧਾਰਿਤ ਹੋ ਜਾਂਦਾ ਹੈ । ਇਸ ਤਰ੍ਹਾਂ ਜਿਹੜੀ ਚੇਸ਼ਟਾ ਕਾਰਨ ਦਰਸ਼ਨ ਦਾ ਉਦੈ ਹੁੰਦਾ ਹੈ, ਉਹ ਹੀ ਧਰਮ ਦੀ ਜਨਮਦਾਤੀ ਬਣ ਜਾਂਦੀ ਹੈ । ਇਸ ਬਾਰੇ ਡਾ. ਰਾਧਾ ਕ੍ਰਿਸ਼ਨਨ ਦਾ ਵਿਚਾਰ ਹੈ ਕਿ :

" ਭਾਰਤ ਵਿਚ ਧਰਮ ਕੇਵਲ ਕਿਸੇ ਸਿਧਾਂਤ ਤੇ ਹੀ ਕੇਂਦਰਿਤ ਨਹੀਂ । ਇਸ ਵਿਚ ਜੀਵਨ ਵਿਕਾਸ ਦੀ ਹਰੇਕ ਪ੍ਰਕ੍ਰਿਤੀ ਨਾਲ ਕਦਮ ਮਿਲਾ ਕੇ ਤੁਰਨ ਦੀ ਰੁਚੀ ਮਿਲਦੀ ਹੈ ।"[3]

---

" Philosophy is the lamp of all the sciences, the means of performing of the works and the support of all the duties."

1.Dr.Radhakrishna : Indian Philosophy :Vol-I,P-24

2. Hegal : Philosophy of Religion : Vol-I, P-19

3. Dr.Radhakrishanan : Indian Philosophy : Vol-1, P-26

ਇਨਸਾਈਕਲੋਪੀਡੀਆ ਆਫ਼ ਦੀ ਸੋਸ਼ਲ ਸਾਇੰਸ ਅਨੁਸਾਰ :

> " ਜਿਵੇਂ ਧਰਮ ਸੱਤ ਦੀ ਜਾਣਕਾਰੀ ਦੇ ਲਈ ਮਨੁੱਖ ਦੇ ਸ਼ਰਧਾ ਯੁਕਤ ਪ੍ਰਯਤਨ ਅਤੇ ਇਸ ਦੇ ਸਾਰੇ ਵਿਚ ਢਲਿਆ ਜੀਵਨ ਧਰਮ ਦਾ ਜਨਕ ਹੈ, ਇਵੇਂ ਧਰਮ ਵੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨਾਲ ਸੰਬੰਧਿਤ ਹੋ ਜਾਂਦਾ ਹੈ ।"[1]

ਇਸ ਤਰ੍ਹਾਂ ਧਰਮ ਨੂੰ ਵੀ ਇਕ ਪ੍ਰਕਾਰ ਨਾਲ ਦਰਸ਼ਨ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ । ਧਰਮ ਤੋਂ ਬਿਨ੍ਹਾਂ ਕਿਸੇ ਵੀ ਦਾਰਸ਼ਨਿਕ ਕਿਰਿਆ ਦਾ ਉਦੇ ਨਹੀਂ ਹੋ ਸਕਦਾ । ਡਾ. ਰਾਧਾ ਕ੍ਰਿਸ਼ਨਨ ਇਸ ਬਾਰੇ ਲਿਖਦਾ ਹੈ :

> " ਆਪਣੀ ਫਿਲਾਸਫੀ ਵਾਲੇ ਤੱਤ ਤੋਂ ਬਿਨ੍ਹਾਂ ਕੋਈ ਧਰਮ ਵੀ ਹੋਂਦ ਵਿਚ ਨਹੀਂ ਆ ਸਕਦਾ ।"[2]

ਇਸੇ ਤਰ੍ਹਾਂ ਗਲੋਵੀ ਅਨੁਸਾਰ:

> " ਧਰਮ ਮਨੁੱਖ ਦੀ ਸ਼ਕਤੀ ਤੋਂ ਪਰੇ ਦੀ ਕੋਈ ਚੀਜ਼ ਹੈ ਜਿਥੇ ਉਹ ਆਪਣੀਆਂ ਭਾਵਨਾਵਾਂ ਨੂੰ ਸੰਤੁਸ਼ਟ ਕਰਕੇ, ਜਿੰਦਗੀ ਵਿਚ ਸਥਿਰਤਾ ਦੀ ਭਾਲ ਕਰਦਾ ਹੈ । ਜਿਸ ਨੂੰ ਫਿਰ ਉਹ ਪਾਠ, ਪੂਜਾ ਅਤੇ ਕਿਰਿਆ ਦੇ ਰੂਪ ਵਿਚ ਪ੍ਰਗਟ ਕਰਦਾ ਹੈ ।" [3]

---

" Religion however can be shown to be interinsically although indirectly connected with man's fundamental that is biological needs."

1. Encyclopeadia of the social science : Vol-IV,1948 : P-641

" No religion movement has came into existence without developing as its support a philosophic content."

2. Dr.Radhakrishanan : Indian Philosophy : P-25

" Religion in man's faith in a power beyound himself whereby he seeks to satisfy emotions needs and gain stablity of life which expresses in acts of worship and science."

3.C.Gallawia : The Philosophy of Religion : P-84

ਡਾ. ਰਾਧਾ ਕ੍ਰਿਸ਼ਨਨ ਇਸ ਬਹਿਸ ਨੂੰ ਇਸ ਤਰ੍ਹਾਂ ਸਮੇਟਦਾ ਹੈ ਕਿ ਭਾਰਤ ਵਿਚ ਧਰਮ ਅਤੇ ਦਰਸ਼ਨ ਇਕ ਹੀ ਚੀਜ਼ ਹੈ । ਇਨ੍ਹਾਂ ਦੋਵਾਂ ਨੂੰ ਇਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ ।" [1]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਧਰਮ ਨੂੰ ਹੀ ਇਕ ਤਰ੍ਹਾਂ ਦਰਸ਼ਨ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ । ਇਸ ਦਰਸ਼ਨ ਦੇ ਆਮ ਤੌਰ ਤੇ ਤਿੰਨ ਵਿਸ਼ੇ ਹੁੰਦੇ ਹਨ । ਮਨੁੱਖ ਦਾ ਆਪਣੇ ਕਰਤਾ ਨਾਲ ਸੰਬੰਧ, ਮਨੁੱਖ ਦਾ ਮਨੁੱਖ ਨਾਲ ਸੰਬੰਧ, ਉਸ ਦਾ ਸ੍ਰਿਸ਼ਟੀ ਨਾਲ ਸੰਬੰਧ। ਇਨ੍ਹਾਂ ਤਿੰਨ੍ਹਾਂ ਵਿਸ਼ਿਆਂ ਨੂੰ ਆਮਤੌਰ ਤੇ ਧਾਰਮਿਕ ਫਿਲਾਸਫੀ ਜਾਂ ਦਰਸ਼ਨ ਦਾ ਨਾਮ ਦਿੱਤਾ ਜਾਂਦਾ ਹੈ । ਇਹ ਵਿਚਾਰ ਅਨੁਭਵ ਅਤੇ ਅਨੁਮਾਨ ਦੇ ਆਧਾਰ ਤੇ ਕੀਤੇ ਜਾਂਦੇ ਹਨ । ਇਨ੍ਹਾਂ ਨੂੰ ਸਦੀਵੀ ਸੱਚ ਮੰਨਿਆ ਜਾਂਦਾ ਹੈ । ਇਨ੍ਹਾਂ ਵਿਚ ਏਕਤਮਤਾ, ਸਦੀਵਤਾ ਅਤੇ ਸੰਪੂਰਣਤਾ ਵਰਗੇ ਤੱਤ ਪਾਏ ਜਾਂਦੇ ਹਨ । ਇਨ੍ਹਾਂ ਵਿਚ ਭਾਵੁਕ ਵਿਸ਼ੁੱਧਤਾ ਵੀ ਪਾਈ ਜਾਂਦੀ ਹੈ ਇਨ੍ਹਾਂ ਵਿਚਾਰਾਂ ਨੂੰ ਪਵਿੱਤਰ ਅਤੇ ਜੀਵਨ ਤੋਂ ਪਿਆਰਾ ਵੀ ਮੰਨਿਆ ਜਾਂਦਾ ਹੈ । ਇਹ ਨਿਯਮ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਉਤੇ ਵੀ ਲਾਗੂ ਹੁੰਦਾ ਹੈ । ਇਸ ਲਈ ਇਨ੍ਹਾਂ ਲੇਖਕਾਂ ਦੇ ਦਰਸ਼ਨ ਨੂੰ ਧਾਰਮਿਕ ਵਿਚਾਰਾਂ ਤੇ ਆਧਾਰਿਤ ਮੰਨਕੇ ਹੀ ਵਿਚਾਰਿਆ ਜਾਂਦਾ ਹੈ ।

ਜਦੋਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਰਚਨਾ ਕਰਨੀ ਸ਼ੁਰੂ ਕੀਤੀ ਉਸ ਵਕਤ ਸਮਾਜ ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ । ਭਾਰਤੀ ਸਮਾਜ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜ਼ਾਂ ਦੀ ਗੁਲਾਮੀ ਵਿਚ ਜਕੜਿਆ ਗਿਆ ਸੀ । ਇਸ ਤਰ੍ਹਾਂ ਦੇ ਮੌਕੇ ਤੇ ਹਰ ਪਾਸੇ ਨੈਤਿਕ ਗਿਰਾਵਟ ਦਾ ਬੋਲ ਬਾਲਾ ਸੀ ਅਤੇ ਹਨੇਰਾ ਹੀ ਹਨੇਰਾ ਵਿਖਾਈ ਦਿੰਦਾ ਸੀ । ਅਜਿਹੀ ਹਾਲਤ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਲੇਖਕਾਂ ਨੇ ਆਪਣੀਆਂ ਵਾਰਤਕ ਰਚਨਾਵਾਂ ਰਾਹੀਂ ਲੋਕਾਂ ਨੂੰ ਇਕ ਵਿਸ਼ੇਸ਼ ਜੀਵਨ ਮਾਰਗ ਦਿਖਾਉਣ ਦਾ ਯਤਨ ਅਤੇ ਉਪਰਾਲਾ ਕੀਤਾ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੂੰ ਗੁਰਮਤਿ ਵਿਚਾਰਧਾਰਾ ਤਾਂ ਵਿਰਸੇ ਵਿਚੋਂ ਹੀ ਮਿਲੀ ਸੀ । ਇਸ ਦੇ ਨਾਲ ਹੀ ਪ੍ਰੋ. ਪੂਰਨ ਸਿੰਘ ਹੋਰ ਮੱਤਾਂ ਦੀਆਂ ਵਿਚਾਰਧਾਰਾਵਾਂ ਜਿਵੇਂ – ਬੋਧੀ, ਵੇਦਾਂਤੀ, ਜੈਨੀ, ਇਸਲਾਮੀ ਅਤੇ ਈਸਾਈ ਮੱਤਾਂ ਦੇ ਅਨੁਭਵ ਤੋਂ ਵੀ ਜਾਣੂ ਸੀ ।

---

" In India religion is hardly a doma, but a working phyphothes of human conduct adapted to diffrent stages of spirthal development and diffrent condition of life."

1. Dr.Radhakrishanan : Indian Philosophy : P-26

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਗੁਰਮਤਿ ਦੀ ਵਿਚਾਰਧਾਰਾ ਨੂੰ ਸਵੀਕਾਰ ਕਰਦਿਆਂ ਇਸ ਨੂੰ ਆਪਣੀ ਜੀਵਨ ਦ੍ਰਿਸ਼ਟੀ ਬਣਾਇਆ । ਇਹ ਦੋਵੇਂ ਲੇਖਕ ਇਹ ਸਮਝਦੇ ਸਨ ਕਿ ਗੁਰਮਤਿ ਦੀ ਵਿਚਾਰਧਾਰਾ ਦੇ ਤਾਣੇ ਪੇਟੇ ਵਿੱਚ ਸਾਰੇ ਭਾਰਤੀ ਦਰਸ਼ਨ ਅਤੇ ਵਿਸ਼ਵ ਦੇ ਹੋਰ ਦਰਸ਼ਨਾਂ ਵਿਚੋਂ ਜੀਵਨ ਲਈ ਮਹੱਤਤਾ ਰੱਖਣ ਵਾਲੇ ਸਾਰੇ ਗੁਣਾਂ ਦਾ ਵਿਰਾਟ ਸੰਗਮ ਹੋਇਆ ਮਿਲਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਨੇ ਗੁਰਮਤਿ ਦੇ ਆਧਾਰ ਤੇ ਹੀ ਆਪਣਾ ਜੀਵਨ ਦਰਸ਼ਨ ਪੇਸ਼ ਕੀਤਾ । ਇਨ੍ਹਾਂ ਦੋਵੇਂ ਲੇਖਕਾਂ ਲਈ ਜੀਵਨ ਦਾ ਅਰਥ ਸਿਰਫ ਆਰਥਿਕ ਅਤੇ ਰਾਜਨੀਤਿਕ ਜੀਵਨ ਨਹੀਂ, ਸਗੋਂ ਇਸ ਦੇ ਨਾਲ ਹੀ ਭੀਤਰ ਪਰਿਤਮ ਤੇ ਜਗਿਆਸਾ ਦਾ ਜੀਵਨ ਹੈ । ਇਸ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਨੇ ਪਰਮਾਤਮਾ, ਜਗਤ, ਜੀਵਾਤਮਾ ਅਤੇ ਮੌਤ ਆਦਿ ਸੰਬੰਧੀ ਵਿਚਾਰ ਭਾਰਤੀ ਅਧਿਆਤਮ ਦੀ ਬਹੁ-ਪ੍ਰਾਚੀਨ ਧਾਰਾ ਤੋਂ ਹੀ ਪ੍ਰਾਪਤ ਕੀਤੇ ਸਨ ਜਿਸ ਦੇ ਲਈ ਉਹਨਾਂ ਦਾ ਮੁੱਖ ਪ੍ਰੇਰਣਾਸ੍ਰੋਤ ਗੁਰਬਾਣੀ ਸੀ ।

## ਸ੍ਰਿਸ਼ਟੀ :

ਸ੍ਰਿਸ਼ਟੀ ਪ੍ਰਕ੍ਰਿਆ ਦਾ ਸੰਕਲਪ ਆਦਿ ਕਾਲ ਤੋਂ ਹੀ ਮਨੁੱਖ ਦੀ ਜਗਿਆਸਾ ਦਾ ਇਕ ਪ੍ਰਮੁੱਖ ਵਿਸ਼ਾ ਬਣਿਆ ਰਿਹਾ ਹੈ । ਬੱਦਲਾਂ ਤੋਂ ਮੀਂਹ ਦੇ ਵਰ੍ਹਣ ਨੂੰ ਦੇਖਕੇ, ਬ੍ਰਿਛ ਦੀ ਲੱਕੜੀ ਤੋਂ ਧਨੁੱਖ ਬਾਣ ਬਣਦਾ ਦੇਖਕੇ, ਫਸਲਾਂ ਨੂੰ ਖੇਤਾਂ ਵਿਚ ਉਗਦਾ ਦੇਖਕੇ, ਅਤੇ ਗਰਭ ਤੋਂ ਮਨੁੱਖ ਅਤੇ ਪਸ਼ੂ ਦੀ ਉਤਪੱਤੀ ਹੁੰਦੀ ਦੇਖਕੇ ਰਿਸ਼ੀਆਂ ਨੂੰ ਸ੍ਰਿਸ਼ਟੀ ਦੇ ਕਾਰਜ ਕਰਣ ਦੇ ਸੰਬੰਧ ਵਿੱਚ ਸੋਚਣ ਲਈ ਮਜਬੂਰ ਹੋਣਾ ਪਿਆ । ਗੁਰਮਤਿ ਅਨੁਸਾਰ ਜਗਤ ਅਥਵਾ ਸ੍ਰਿਸ਼ਟੀ ਦੀ ਉਤਪੱਤੀ ਦਾ ਕਾਰਣ ਬ੍ਰਹਮ ਹੀ ਹੈ । ਇਹ ਬ੍ਰਹਮ ਅਥਵਾ ਪਰਮਾਤਮਾ ਹੀ ਹੈ ਜਿਹੜਾ ਨਮਿੱਤ ਕਾਰਣ ਵੀ ਹੈ ਅਤੇ ਉਤਪਾਦਕ ਕਾਰਣ ਵੀ ।

ਸ੍ਰਿਸ਼ਟੀ ਬਾਰੇ ਸ੍ਰੀਮਦ ਭਾਗਵਤ ਵਿੱਚ ਆਖਿਆ ਗਿਆ ਹੈ ਕਿ :

> " ਜਗਤ ਦਾ ਨਮਿੱਤ ਅਤੇ ਉਤਪਾਦਕ ਕਾਰਨ ਬ੍ਰਹਮ ਹੀ ਹੈ । ਬ੍ਰਹਮ ਤੋਂ ਛੁੱਟ ਹੋਰ ਕਿਸੇ ਵਸਤੂ ਦੀ ਸਤਾ ਨਹੀਂ ਹੈ । ਜਗਤ ਵਿੱਚ ਭਿੰਨ ਭਿੰਨ ਉਤਪਾਦਕ ਕਾਰਣ ਦੇ ਰੂਪ ਵਿੱਚ ਦ੍ਰਵ, ਕ੍ਰਮ, ਕਾਲ, ਸੁਭਾ ਜੀਵ ਆਦਿ ਜੋ ਤੱਤ ਮੰਨੇ ਹਨ, ਉਹ ਬ੍ਰਹਮ ਤੋਂ ਭਿੰਨ ਨਹੀਂ ਹਨ । ਜਦ ਸਗੁਣ ਬ੍ਰਹਮ

ਅਨੇਕ ਰੂਪ ਹੋਣ ਦੀ ਇੱਛਾ ਕਰਦਾ ਹੈ ਤਾਂ ਉਹ ਆਪਣੀ ਮਾਇਆ ਸ਼ਕਤੀ ਦੁਆਰਾ ਸਤੁ ਰਜ ਅਤੇ ਤਮ ਆਦਿ ਗੁਣਾਂ ਨੂੰ ਕ੍ਰਮਵਾਰ ਜਗਤ ਦੀ ਉਤਪੱਤੀ, ਪਾਲਨ ਅਤੇ ਸੰਘਾਰ ਲਈ ਸਵੀਕਾਰ ਕਰਦਾ ਹੈ ।"[1]

ਸ਼੍ਰਿਸ਼ਟੀ ਅਥਵਾ ਜਗਤ ਦੀ ਉਤਪੱਤੀ ਬਾਰੇ ਡਾ. ਮਨਮੋਹਨ ਸਿੰਘ ਦੱਖਣ ਦੇ ਵੈਸ਼ਨਵਾਂ ਦਾ ਮੱਤ ਵਿਚਾਰਦੇ ਹੋਏ ਲਿਖਦੇ ਹਨ :

> ਉਨ੍ਹਾਂ ਨੇ ਜਗਤ ਨੂੰ ਪਾਰਬ੍ਰਹਮ ਦਾ ਅੰਸ਼ ਮੰਨਿਆ ਹੈ । ਉਹ ਇਸ ਦਾ ਸਿਰਜਕ, ਪਾਲਕ ਅਤੇ ਸੰਘਾਰ ਕਰਦਾ ਹੈ । ਸਭ ਤੋਂ ਪਹਿਲਾਂ ਅਤੇ ਪ੍ਰਾਚੀਨ ਕਾਲ ਵਿੱਚ ਕੋਈ ਜਗਤ ਨਹੀਂ ਸੀ, ਨਾ ਕਿਤੇ ਕੋਈ ਜੀਵ ਹੀ ਸੀ ਕੇਵਲ ਬ੍ਰਹਮ ਹੀ ਬ੍ਰਹਮ ਸੀ । ਬ੍ਰਹਮ ਨੂੰ ਆਪਣੇ ਲੋਕਾਂ ਦੇ ਵਿਸਥਾਰ ਦੀ ਇੱਛਾ ਹੋਈ । ਉਸ ਨੇ ਬ੍ਰਹਮ ਦੀ ਉਤਪੱਤੀ ਕੀਤੀ । ਤਿਰੁਮਲਿਸੈ ਆਲਵਾਰ ਨੇ ਵੀ ਇਹੀ ਕਿਹਾ ਹੈ ਕਿ ਬ੍ਰਹਮ ਨੇ ਸ਼੍ਰਿਸ਼ਟੀ ਵਿਕਾਸ ਦੀ ਇੱਛਾ ਤੋਂ ਬ੍ਰਹਮ ਦੀ ਉਤਪੱਤੀ ਕੀਤੀ । ਜਿਸ ਨੇ ਪਿੱਛੋਂ ਬ੍ਰਹਮ ਦੇ ਆਦੇਸ਼ ਅਨੁਸਾਰ ਹੀ ਸਮਸਤ ਜਗਤ ਦੀ ਸਿਰਜਨਾ ਕੀਤੀ । ਆਲਵਾਰਾਂ ਅਨੁਸਾਰ ਕਿਉਂਕਿ ਬ੍ਰਹਮ ਸੱਤ ਅਤੇ ਨਿੱਤ ਬ੍ਰਹਮ ਦਾ ਅੰਸ਼ ਹੈ, ਇਸ ਲਈ ਇਹ ਸੱਤ ਹੈ । ਆਲਵਾਰਾਂ ਨੇ ਜਿਥੇ ਕਿਤੇ ਵੀ ਜੀਵਨ ਨੂੰ ਨਿੱਤ ਅਤੇ ਮਾਇਆ ਯੁਕਤ ਕਿਹਾ ਹੈ, ਉਥੇ ਉਨ੍ਹਾਂ ਦਾ ਭਾਵ ਸੰਸਾਰ ਤੋਂ ਹੈ ।
>
> ਮਾ । ਉਨ੍ਹਾਂ ਨੇ ਸ਼ਾਸਤਰੀ ਢੰਗ ਨਾਲ ਭਾਵੇਂ ਜਗਤ ਅਤੇ ਸੰਸਾਰ ਦਾ ਭੇਦ ਨਹੀਂ ਦਰਸਾਇਆ ਪਰ ਉਨ੍ਹਾਂ ਦੇ ਵਿਚਾਰ ਤੋਂ ਇਹ ਭੇਦ ਸਪਸ਼ਟ ਭਾਂਤ ਉਜਾਗਰ ਹੁੰਦਾ ਹੈ । ਜਿਥੇ ਉਹ ਜਗਤ ਨੂੰ ਬ੍ਰਹਮ ਦਾ ਅੰਸ਼ ਮੰਨਦੇ ਹਨ ਉਥੇ ਉਨ੍ਹਾਂ ਦਾ ਭਾਵ ਨਿੱਤ ਅਤੇ ਸੱਤ ਜਗਤ ਤੋਂ ਹੈ ਅਤੇ ਜਿਥੇ ਅਨਿੱਤ, ਮਾਇਆ ਗ੍ਰਸਤ ਜਗਤ ਦਾ ਵਰਨਨ ਕਰਦੇ ਹਨ, ਉਥੇ ਉਨ੍ਹਾਂ ਦਾ ਭਾਵ ਸੰਸਾਰ ਤੋਂ ਹੈ ਉਨ੍ਹਾਂ ਨੇ ਸ਼ਾਸਤਰੀ ਢੰਗ ਨਾਲ ਭਾਵੇਂ ਜਗਤ ਅਤੇ ਸੰਸਾਰ ਦਾ ਭੇਦ ਨਹੀਂ ਦਰਸਾਇਆ ਪਰ ਉਨ੍ਹਾਂ ਦੇ ਵਿਚਾਰ ਤੋਂ ਇਹ ਭੇਦ ਸਪਸ਼ਟ ਭਾਂਤ ਉਜਾਗਰ ਹੁੰਦਾ ਹੈ । ਜਿਥੇ ਉਹ ਜਗਤ ਨੂੰ ਬ੍ਰਹਮ ਦਾ ਅੰਸ਼ ਮੰਨਦੇ ਹਨ ਉਥੇ ਉਨ੍ਹਾਂ ਦਾ

1. ਸ੍ਰੀ ਮਦਭਾਗਵਤ ਗੀਤਾ : ਪੰਨਾ 14

ਭਾਵ ਨਿੱਤ ਅਤੇ ਸੱਤ ਜਗਤ ਤੋਂ ਹੈ ਅਤੇ ਜਿਥੇ ਅਨਿੱਤ, ਮਾਇਆ ਕੂੜ ਦਾ ਵਰਣਨ ਕਰਦੇ ਹਨ ਉਥੇ ਉਨ੍ਹਾਂ ਦਾ ਭਾਵ ਸੰਸਾਰ ਤੋਂ ਹੈ।"[1]

ਇਸੇ ਤਰ੍ਹਾਂ ਨਾਥ ਸੰਪ੍ਰਦਾਇ ਵਿੱਚ ਵੀ ਜਗਤ-ਪ੍ਰਪੰਚ ਜਗਤ ਦਾ ਮੂਲ ਕਾਰਣ ਉਸ ਸ਼ਕਤੀ ਨੂੰ ਹੀ ਦੱਸਿਆ ਗਿਆ ਹੈ। ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਦਾ ਵਿਚਾਰ ਹੈ ਕਿ :

> "ਨਾਥ ਸੰਪ੍ਰਦਾਇ ਵਿੱਚ ਜਗਤ - ਪ੍ਰਪੰਚ ਕਾਰਜ ਦਾ ਮੂਲ ਕਾਰਣ 'ਸ਼ਕਤੀ' ਨੂੰ ਦੱਸਿਆ ਗਿਆ ਹੈ। ਸ਼ਕਤੀ ਪਰਮ ਸ਼ਿਵ ਤੋਂ ਉਤਪੰਨ ਹੋ ਕੇ, ਆਪ ਹੀ ਸ੍ਰਿਸ਼ਟੀ ਦਾ ਵਿਧਾਨ ਕਰਦੀ ਹੈ।"[1]

ਇਸ ਬਾਰੇ ਅੱਗੇ ਚਲਕੇ ਆਪ ਇਸ ਬਾਰੇ ਹੋਰ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :

> "ਸ਼ਕਤੀ ਨੂੰ ਨਾਥ ਸੰਪ੍ਰਦਾਇ ਵਿੱਚ ਪਰਮ ਸ਼ਿਵ ਦੀ 'ਸ੍ਰਿਸ਼ਟੀ ਦੀ ਇੱਛਾ' ਮੰਨਿਆ ਜਾਂਦਾ ਹੈ। ਪਰ ਕਿਉਂਕਿ ਇਹ ਚੇਤੰਨ ਪਾਰਬ੍ਰਹਮ ਤੋਂ ਉਤਪੰਨ ਹੁੰਦੀ ਹੈ, ਇਸ ਲਈ ਇਹ ਭਾਵ ਵੀ ਚੇਤੰਨ ਹੈ। ਸ਼ਕਤੀ ਨੇ ਹੀ ਸ੍ਰਿਸ਼ਟੀ ਵਿਧਾਨ ਦੁਆਰਾ ਜਗਤ ਨੂੰ ਗਿਆਤਾ, ਗਿਆਨ ਅਤੇ ਗੇਯ ਰੂਪ ਵਿੱਚ ਕਲਪਿਤ ਕੀਤਾ ਹੈ। ਇਸ ਲਈ ਸ਼ਕਤੀ ਜਗਤ ਦਾ ਆਦਿ ਤੱਤ ਹੈ।"[2]

ਗੁਰਮਤਿ ਵਿੱਚ ਵੀ ਜਗਤ ਅਥਵਾ ਸ੍ਰਿਸ਼ਟੀ ਦੀ ਉਤਪੱਤੀ ਦਾ ਕਾਰਣ ਬ੍ਰਹਮ ਨੂੰ ਹੀ ਮੰਨਿਆ ਗਿਆ ਹੈ। ਇਹ ਬ੍ਰਹਮ ਨਮਿੱਤ ਕਾਰਣ ਵੀ ਹੈ ਅਤੇ ਉਪਾਦਾਨ ਕਾਰਣ ਵੀ। ਬ੍ਰਹਮ ਦੀ ਉਤਪੱਤੀ ਤੋਂ ਹੀ ਜਗਤ ਦੀ ਉਤਪੱਤੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ :

> "ਜਾ ਤਿਸੁ ਭਾਵੈ ਤਾ ਸ੍ਰਿਸ਼ਟਿ ਉਪਾਇ, ਆਪਨੈ ਭਾਣੈ ਲਏ ਸਮਾਇ।"[3]

ਭਾਵ ਜਦੋਂ ਪਰਮਾਤਮਾ ਦੀ ਰਜ਼ਾ ਹੋਈ ਉਸਨੇ ਸ੍ਰਿਸ਼ਟੀ ਅਥਵਾ ਜੂਨੀਆਂ ਨੂੰ ਪੈਦਾ ਕਰ ਦਿੱਤਾ, ਫਿਰ ਇਸ ਤੋਂ ਬਾਅਦ ਉਹ ਆਪ ਹੀ ਇਸ ਸ੍ਰਿਸ਼ਟੀ ਵਿੱਚ ਸਮਾ ਗਿਆ। ਇਸੇ ਤਰ੍ਹਾਂ ਇਕ ਹੋਰ ਥਾਂ ਪਰਮਾਤਮਾ ਦੁਆਰਾ ਸ੍ਰਿਸ਼ਟੀ ਨੂੰ ਪੈਦਾ ਕਰਨ ਬਾਰੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਗਏ ਹਨ :

> "ਇਕਸੁ ਤੇ ਹੋਇਉ ਅਨੰਤਾ, ਨਾਨਕ ਏਕਸੁ ਮਾਹਿ ਸਮਾਇ ਜੀਉ।"[4]

---

1. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ : ਨਾਥ ਸੰਪ੍ਰਦਾਇ : ਪੰਨਾ 65
2. - ਉਹੀ - : ਪੰਨਾ 65
3. ਗੁਰੂ ਗ੍ਰੰਥ ਸਾਹਿਬ : ਸੁਖਮਨੀ : ਮ. 5
4. ਗੁਰੂ ਗ੍ਰੰਥ ਸਾਹਿਬ : ਆਸਾ ਦੀ ਵਾਰ : ਮ. 1

ਗੁਰਮਤਿ ਵਿਚ ਵੀ ਸ੍ਰਿਸ਼ਟੀ ਰਚਨਾ ਦੇ ਆਦਿ ਨੂੰ ਸੁੰਨ ਦਾ ਨਾਮ ਦਿੱਤਾ ਗਿਆ ਹੈ । ਅਪਰੰਪਾਰ ਅਤੇ ਨਿਰਾਕਾਰ ਆਤਮਾ ਸੁੰਨ ਤੋਂ ਹੀ ਸਮਸਤ ਸ੍ਰਿਸ਼ਟੀ ਦੀ ਉਤਪੱਤੀ ਕਰਦਾ ਹੈ, ਪੌਣ ਅਤੇ ਜਲ ਆਦਿ ਦੀ ਰਚਨਾ ਵੀ ਉਸ ਨੇ ਸੁੰਨ ਤੋਂ ਹੀ ਕੀਤੀ ਹੈ । ਸੁੰਨ ਤੋਂ ਹੀ ਚੰਦ੍ਰਮਾ, ਅਕਾਸ਼ ਸੂਰਜ ਆਦਿ ਦੀ ਉਤਪੱਤੀ ਹੋਈ । ਸੁੰਨ ਤੋਂ ਅੰਡਜ, ਜੇਰਜ, ਸੇਤਜ ਖਾਣੀਆਂ ਪੈਦਾ ਹੋਈਆਂ ।

ਭਾਈ ਵੀਰ ਸਿੰਘ ਨੇ ਵੀ ਸਪਸ਼ਟ ਰੂਪ ਵਿੱਚ ਪ੍ਰਗਟ ਕੀਤਾ ਹੈ ਕਿ ਅਕਾਲ ਪੁਰਖ ਪਰਮਾਤਮਾ ਆਪਣੀ ਇੱਛਾ ਅਨੁਸਾਰ ਨਿਰਗੁਣ ਅਵਸਥਾ ਤੋਂ ਸਰਗੁਣ ਅਵਸਥਾ ਵਿਚ ਆਉਂਦਾ ਹੈ, ਅਤੇ ਇਸ ਸਿਲਸਿਲੇ ਵਿਚ ਜਿਹੜੀ ਸ਼ਕਤੀ ਕੰਮ ਕਰ ਰਹੀ ਹੈ ਉਸ ਨੂੰ ਉਨ੍ਹਾਂ ਨੇ ਪ੍ਰੇਮ ਕਿਹਾ ਹੈ । ਭਾਈ ਵੀਰ ਸਿੰਘ ਵੀ ਪ੍ਰੇਮ ਨੂੰ ਪਰਮਾਤਮਾ ਦਾ ਹੀ ਸਰੂਪ ਲੱਛਣ ਮੰਨਦਾ ਹੈ । ਦੂਜੇ ਸ਼ਬਦਾਂ ਵਿਚ ਪ੍ਰੇਮ ਦਾ ਅਨੰਦਮਈ ਜਾਂ ਸਰੂਪਮਈ ਲੱਛਣ ਹੀ ਸ੍ਰਿਸ਼ਟੀ ਦਾ ਇਕ ਮਾਤਰ ਆਧਾਰ ਭੂਤ ਕਾਰਣ ਹੈ । ਪਰਮਾਤਮਾ ਦੇ ਪ੍ਰੇਮ ਮਈ ਪ੍ਰਕਾਸ਼ ਸਦਕਾ ਹੀ ਭਾਂਤੇ ਭਾਂਤ ਦੀ ਸ੍ਰਿਸ਼ਟੀ ਰਚਨਾ ਦ੍ਰਿਸ਼ਟੀਗੋਚਰ ਹੋ ਰਹੀ ਹੈ । ਆਪ ਅਨੁਸਾਰ ਸ੍ਰਿਸ਼ਟੀ ਪਰਮਾਤਮਾ ਦੇ ਪ੍ਰੇਮ ਸਰੂਪ ਦਾ ਪ੍ਰਕਾਸ਼ ਹੋਣ ਕਾਰਣ ਪ੍ਰੇਮ ਬੰਧ ਹੈ । ਉਸ ਦੀ ਹਰ ਵਸਤੂ ਰੂਪ ਵਿਚ ਬੱਧੀ ਹੋਈ ਹੈ । ਇਸ ਲਈ ਸਾਨੂੰ ਹਮੇਸ਼ਾਂ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ ਨੂੰ ਯਾਦ ਰੱਖਣਾ ਅਤੇ ਪ੍ਰੇਮ ਕਰਨਾ ਚਾਹੀਦਾ ਹੈ । ਭਾਈ ਵੀਰ ਅਨੁਸਾਰ :

> " ਪਰਮੇਸ਼ਰ ਦੀ ਯਾਦ ਵਿਚ ਰਹਿਣਾ, ਉਸ ਨਾਲ ਪ੍ਰੇਮ ਕਰਨਾ ਕਿ ਉਹ ਹੈ, ਅੰਗ ਸੰਗ ਹੈ, ਅਰੁ ਪਿਆਰ ਕਰਦਾ ਹੈ, ਐਉਂ ਉਸ ਨੂੰ ਯਾਦ ਰੱਖਣਾ ਚਿੱਤ ਵਿਚ ਪ੍ਰੇਮ ਨੂੰ ਵਸਾਉਣਾ ਹੈ ।"[1]

ਸ਼ਾਇਦ ਭਾਈ ਵੀਰ ਸਿੰਘ ਨੇ ਇਹ ਸੰਕਲਪ :

> " ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਉ ਅਨੁਰਾਗ ।"[2]

ਤੋਂ ਲਿਆ ਹੈ ।

ਗੁਰਮਤਿ ਵਿਚ ਸ੍ਰਿਸ਼ਟੀ ਨੂੰ ਪਰਮਤੱਤ ਦੀ ਸ਼ਕਤੀ ਮੰਨਿਆ ਗਿਆ ਹੈ ਅਤੇ ਇਸ ਦਾ ਨਿਸ਼ਚਿਤ ਅਤੇ ਆਕਰਸ਼ਿਤ ਸਵੀਕਾਰ ਕੀਤਾ ਗਿਆ ਹੈ । ਜਿਸ ਤਰ੍ਹਾਂ :

> " ਆਪਿ ਸਤਿ ਕੀਆ ਸਭੁ ਸਤਿ, ਤਿਸੁ ਪ੍ਰਭ ਤੇ ਸਗਲੀ ਉਤਪਤਿ,
> ਤਿਸੁ ਭਾਵੈ ਤਾ ਕਰੇ ਬਿਸਥਾਰ, ਤਿਸੁ ਭਾਵੈ ਤਾ ਏਕੰਕਾਰ ।"[3]

---

1. ਭਾਈ ਵੀਰ ਸਿੰਘ : ਸਤਵੰਤ ਕੌਰ, ਪੰਨਾ 41
2. ਗੁਰੂ ਗ੍ਰੰਥ ਸਾਹਿਬ, : ਪਾਤਸ਼ਾਹੀ : 10
3. ਗੁਰੂ ਗ੍ਰੰਥ ਸਾਹਿਬ : ਗਉੜੀ :

ਸ੍ਰਿਸ਼ਟੀ ਬਾਰੇ ਆਪ ਦਾ ਵਿਚਾਰ ਹੈ ਕਿ ਇਸ ਨੂੰ ਰਚਣ ਵਾਲਾ ਪਰਮਾਤਮਾ ਇਸ ਦੀ ਰਚਨਾ ਕਰਕੇ ਇਸ ਦੇ ਅੰਗ ਅੰਗ ਵਿਚ ਸਮਾ ਜਾਂਦਾ ਹੈ । ਸ੍ਰਿਸ਼ਟੀ ਨੂੰ ਆਪ ਉਸ ਪਰਮਾਤਮਾ ਦਾ ਹੀ ਪ੍ਰਤੀਬਿੰਬ ਮੰਨਦੇ ਹਨ । ਇਸ ਤਰ੍ਹਾਂ ਸ੍ਰਿਸ਼ਟੀ ਵਿਚੋਂ ਪਰਮਾਤਮਾ ਦੀ ਹੋਂਦ ਨੂੰ ਭਾਈ ਵੀਰ ਸਿੰਘ ਸਵੀਕਾਰ ਕਰਦਾ ਹੈ ।

ਭਾਈ ਵੀਰ ਸਿੰਘ ਅਨੁਸਾਰ ਮਨੁੱਖ ਜਦੋਂ ਇਸ ਸ੍ਰਿਸ਼ਟੀ ਦੇ ਲੋਭ ਲਾਲਚ ਵਿਚ ਫਸ ਕੇ ਪਰਮਾਤਮਾ ਨੂੰ, ਭਾਵ ਇਸ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੇ ਨੂੰ ਭੁੱਲ ਜਾਂਦਾ ਹੈ ਤਾਂ ਉਹ ਸਿੱਧੀ ਰਾਹ ਤੋਂ ਭਟਕ ਜਾਂਦਾ ਹੈ । ਮਾਇਆ ਦੇ ਪ੍ਰਭਾਵ ਹੇਠ ਜੀਵ ਅਸਤ ਨੂੰ ਸਤ ਸਮਝਣ ਦਾ ਯਤਨ ਕਰਦਾ ਹੈ ਤਾਂ ਉਹ ਵਿਸ਼ੇ ਵਿਕਾਰਾਂ ਵਿਚ ਡੁੱਬ ਜਾਂਦਾ ਹੈ । ਭਾਈ ਵੀਰ ਸਿੰਘ ਸਮਝਾਉਂਦਾ ਹੈ ਕਿ ਮਨੁੱਖ ਜਿਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨ ਲਈ ਜੀਵਨ ਦਾ ਸਾਰਾ ਦਾਅ ਲਾ ਦਿੰਦਾ ਹੈ, ਅੰਤ ਵਿਚ ਉਹ ਉਸ ਦਾ ਸਾਥ ਨਹੀਂ ਦਿੰਦੀਆਂ । ਗੁਰੂ ਗ੍ਰੰਥ ਸਾਹਿਬ ਵਿਚ ਵੀ ਦਿੱਸਦੀ ਦੁਨੀਆਂ ਦੇ ਮੋਹ ਭਾਵ ਮਾਇਆ ਬਾਰੇ ਇਸ ਤਰ੍ਹਾਂ ਫੁਰਮਾਇਆ ਗਿਆ ਹੈ :

" ਏਹ ਮਾਇਆ ਜਿਤ ਹਰ ਵਿਸਰੈ,
ਮੋਹ ਉਪਜੈ ਭਉ ਦੂਜਾ ਲਾਇਆ ।"[1]

ਭਾਈ ਵੀਰ ਸਿੰਘ ਵੀ ਗੁਰਮਤਿ ਵਾਂਗ ਹੀ ਦਿੱਸਣ ਵਾਲੇ ਜਗਤ ਨੂੰ ਸਭ ਕੁਝ ਨਾ ਜਾਣਨ ਬਾਰੇ ਕਹਿੰਦਾ ਹੈ :

" ਦਿੱਸਣ ਵਾਲੇ ਸੰਸਾਰ ਨੂੰ ਸਭ ਕੁਝ ਨਾ ਜਾਣ, ' ਨਾ ਦਿੱਸਣ ਵਾਲਾ ' ' ਦਿੱਸਣ ਵਾਲੇ ਤੋਂ ਵਿਸ਼ਾਲ ਹੈ । ਉਸ ਦੇ ਤਰੀਕੇ ਤੇ ਤਾਕਤਾਂ ਸੂਖਮ ਹਨ, ਪਰ ਬਲਵਾਨ । ਤੁਹਾਡੇ ਸੰਕਲਪ ਨਾ ਦਿੱਸਣ ਵਾਲੇ ਜਗਤ ਵਿਚ ਕੋਈ ਸਥਿਅਤਾ ਤੇ ਸਰੂਪ ਰੱਖਦੇ ਤੇ ਨਿਸ਼ਾਨੇ ਤੇ ਅਪੜਦੇ ਹਨ, ਪਹੁੰਚੇ, ਪਹੁੜੇ ਤੇ ਆਪਣਾ ਪ੍ਰਭਾਵ ਪਾਉਂਦੇ ਹਨ ।"[2]

ਭਾਈ ਵੀਰ ਸਿੰਘ ਦੁਨੀਆਂ ਨੂੰ ਬਿਨਸਨਹਾਰ ਕਹਿੰਦਾ ਹੈ ਕਿ ਇਹ ਸੰਸਾਰ ਸਦਾ ਰਹਿੰਦਾ ਨਹੀਂ । ਇਸ ਵਿਚ ਜੋ ਕੁਝ ਵੀ ਦਿਸ ਰਿਹਾ ਹੈ ਇਹ ਸਭ ਕੁਝ ਉਸ ਪਰਮਾਤਮਾ ਦੇ ਹੀ ਰੰਗ ਹਨ । ਉਹ ਪਰਮਾਤਮਾ ਜੋ ਕੁਝ ਕਰਦਾ ਹੈ ਚੰਗਾ ਹੀ ਕਰਦਾ ਹੈ । ਇਹ ਸੰਸਾਰ ਜੋ ਕਿ ਬਿਨਸਣਹਾਰ ਹੈ ਸਾਨੂੰ ਉਸ ਦੇ ਮੋਹ ਵਿਚ ਨਹੀਂ ਪੈਣਾ ਚਾਹੀਦਾ । ਇਸ ਗੁਣ ਨੂੰ ਪਛਾਨਣ ਵਾਲੇ

---

1. ਗੁਰੂ ਗ੍ਰੰਥ ਸਾਹਿਬ : ਅਨੰਦ . 1
2. ਭਾਈ ਵੀਰ ਸਿੰਘ : ਸਤਵੀਰ ਕੌਰ : ਪੰਨਾ 95

ਮਾਇਆ ਤੋਂ ਨਿਰਲੇਪ ਰਹਿੰਦੇ ਹਨ । ਉਹ ਦੁਨਿਆਵੀ ਚਿੰਤਾਂ ਤੋਂ ਅਭਿੱਜ ਹੁੰਦੇ ਹਨ । ਮਨ ਨੂੰ ਸੰਜਮ ਵਾਲੀ ਅਵਸਥਾ ਵਿੱਚ ਲੈ ਆਉਣਾ ਹੀ ਜਗਤ ਅਤੇ ਮਾਇਆ ਤੋਂ ਨਿਸਤਾਰੇ ਦਾ ਅਸਲੀ ਰੂਪ ਹੁੰਦਾ ਹੈ । ਇਸ ਤਰ੍ਹਾਂ ਭਾਈ ਵੀਰ ਸਿੰਘ ਦੁਨੀਆਂ ਜੋ ਕਿ ਨਾਸ਼ਵਾਨ ਹੈ ਨੂੰ ਸਮਝ ਕੇ, ਇਸ ਦੁਨੀਆਂ ਦੀ ਹੋਂਦ ਨੂੰ ਰਚਣ ਵਾਲੇ ਨਾਲ ਪਿਆਰ ਕਰਨ ਲਈ ਕਹਿੰਦਾ ਹੈ । ਭਾਈ ਵੀਰ ਸਿੰਘ ਇਸ ਸੰਕਲਪ ਨੂੰ ਚਿਤਰਦਾ ਹੋਇਆ ਲਿਖਦਾ ਹੈ :

> " ਜੇ ਅਸੀਂ ਸੰਸਾਰ ਦੇ ਮੋਹ ਵਿਚ ਨਾ ਹੋਈਏ, ਤਦੀ ਇਹ ਸੰਸਾਰ ਸਦਾ ਲਈ ਅਪਣਾ ਨਹੀਂ ਤੇ ਇਸ ਵਿਚ ਜੋ ਕੁਝ ਵੀ ਹੋ ਰਿਹਾ ਹੈ ਸਾਡੇ ਪਿਆਰੇ ਦਾ ਖੇਡ ਹੈ ਤਾਂ ਤੇ ਪਿਆਰਾ ਜੋ ਕੁਝ ਕਰਦਾ ਹੈ ਚੰਗਾ ਕਰਦਾ ਹੈ, ਐਉਂ ਅਸੀਂ ਪਿਆਰੇ ਨਾਲ ਜੁੜ ਜਾਂਦੇ ਹਾਂ ।" [1]

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਪਰਮਾਤਮਾ ਕ੍ਰਿਤ ਜਗਤ ਅਤੇ ਮਾਨਵ ਕ੍ਰਿਤ ਸੰਸਾਰ ਦਾ ਅੰਤਰ ਸਪਸ਼ਟ ਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ । ਮਾਨਵ ਨੇ ਸ੍ਵੈ-ਰਚਿਤ ਸੰਸਾਰ ਵਿਚ ਰੱਬ ਦੀ ਦਿੱਤੀ ਹੋਈ ਖੁੱਲ੍ਹ ਅਤੇ ਸੰਸਾਰ ਦੀ ਭਾਵਨਾ ਨੂੰ ਤੰਗ ਦਿਲੀ ਅਤੇ ਕਾਲੀ ਕੈਦ ਵਿਚ ਕੈਦ ਕਰ ਕੇ ਰੱਖ ਦਿੱਤਾ ਹੈ । ਇਹੋ ਕਾਰਨ ਹੈ ਕਿ ਸੰਸਾਰ ਆਪੋ ਧਾਪੀ ਅਤੇ ਪਸ਼ੂ ਬਿਰਤੀਆਂ ਨਾਲ ਭਰਪੂਰ ਹੈ । ਅਸਲ ਵਿਚ ਜੋ ਮਾਨਵ ਦੁਨੀਆਂ ਵਿਚ ਦਰਦ ਪਿਆਰ ਨੂੰ ਕਾਇਮ ਰੱਖ ਕੇ ਪ੍ਰਾਪਤੀ ਦੇ ਆਦਰਸ਼ ਨੂੰ ਸਨਮੁੱਖ ਰਖਦੇ ਹਨ ਉਹਨਾਂ ਦਾ ਜੀਵਨ ਹੀ ਅਸਲੀ ਜੀਵਨ ਹੁੰਦਾ ਹੈ । ਉਹ ਦੁਨੀਆਂ ਤੋਂ ਕੁਝ ਪ੍ਰਾਪਤ ਹੀ ਨਹੀਂ ਕਰਦੇ ਇਸ ਨੂੰ ਕੁਝ ਦਿੰਦੇ ਵੀ ਹਨ ।

ਪ੍ਰੋ. ਪੂਰਨ ਸਿੰਘ ਦੇ ਸ੍ਰਿਸ਼ਟੀ ਬਾਰੇ ਵਿਚਾਰ ਵੀ ਇਸੇ ਪਰੰਪਰਾ ਦੇ ਜਾਮੀਂ ਹਨ । ਪ੍ਰੋ. ਪੂਰਨ ਸਿੰਘ ਵੀ ਜਗਤ ਭਾਵ ਸ੍ਰਿਸ਼ਟੀ ਨੂੰ ਪਰਮਾਤਮਾ ਦੀ ਪੈਦਾ ਕੀਤੀ ਹੋਈ ਮੰਨਦਾ ਹੈ ।

ਜਗਤ ਜਿਸ ਨੂੰ ਜਲ ਦਾ ਬੁਲਬੁਲਾ, ਬਿਨਸਨਹਾਰ, ਝੂਠਾ ਅਥਵਾ ਨਾਸ਼ਵਾਨ ਤਮਾਸ਼ਾ, ਮ੍ਰਿਗ ਤ੍ਰਿਸ਼ਨਾ, ਮਿਥਿਆ ਅਤੇ ਧੂੰਏ ਦਾ ਪਹਾੜ ਆਦਿ ਸ਼ਬਦਾਂ ਦੁਆਰਾ ਪ੍ਰਤਿਪਾਦਿਤ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਦੇ ਟਾਕਰੇ ਤੇ ਪਰਮਾਤਮਾ ਨੂੰ ਸਦ - ਸਥਿਰ ਦਰਸਾਇਆ ਜਾਂਦਾ ਰਿਹਾ ਹੈ । ਪ੍ਰੋ. ਪੂਰਨ ਸਿੰਘ ਵੀ ਇਸ ਸ੍ਰਿਸ਼ਟੀ ਭਾਵ ਜਗਤ ਵਿਚੋਂ ਪਰਮਾਤਮਾ ਦੇ ਦਰਸ਼ਨ ਕਰਦਾ ਹੈ । ਉਸ ਨੂੰ ਇਸ ਦੁਨੀਆਂ ਵਿਚ ਕੋਈ ਚੀਜ਼ ਭੈੜੀ ਨਹੀਂ ਦਿਸਦੀ । ਇਸ ਦਾ ਕਾਰਣ ਇਹ ਹੈ ਕਿ ਪ੍ਰੋ. ਪੂਰਨ

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 117

ਸਿੱਖ ਗੁਰੂਆਂ ਦੇ ਕਣ ਕਣ ਵਿਚੋਂ ਪਰਮਾਤਮਾ ਦੇ ਦਰਸ਼ਨ ਕਰਦਾ ਹੈ । ਇਸ ਤਰ੍ਹਾਂ ਗੁਰਮਤਿ ਦਾ ਵੀ ਮੱਤ ਹੈ ਕਿ ਪਰਮਾਤਮਾ ਇਸ ਸ੍ਰਿਸ਼ਟੀ ਦੀ ਰਚਨਾ ਕਰਕੇ ਆਪ ਵੀ ਇਸ ਦੇ ਕਣ ਕਣ ਵਿਚ ਸਮਾ ਜਾਂਦਾ ਹੈ । ਇਹੋ ਕਾਰਨ ਹੈ ਕਿ ਉਹ ਇਸ ਸ੍ਰਿਸ਼ਟੀ ਅਤੇ ਇਸ ਦੀ ਰਚਨਾ ਕਰਨ ਵਾਲੇ ਨਾਲ ਪਿਆਰ ਕਰਦਾ ਹੈ । ਆਪ ਅਨੁਸਾਰ :

> " ਜਦ ਪਿਆਰ ਕੁਦਰਤ ਸੁਭਾਈ ਭਾਵ ਹੋ ਜਾਵੇ ਤਦ ਇਕ ਨਿਸ਼ਾਨ ਇਹ ਵੀ ਹੈ ਕਿ ਉਸ ਬੰਦੇ ਨੂੰ ਉਸ ਪਿਆਰ ਕਰਨ ਵਾਲੇ ਨੂੰ ਕੋਈ ਚੀਜ਼ ਇਸ ਜਗਤ ਵਿਚ ਭੈੜੀ ਤੇ ਕਰੂਪ ਨਹੀਂ ਦਿਸਦੀ । ਉਹ ਦੇ ਨੈਣਾਂ ਵਿਚ ਸੁਹੱਪਣ ਦਾ ਛਿੱਕਾ ਨਿੱਕਾ ਮੀਂਹ ਪੈਂਦਾ ਰਹਿੰਦਾ ਹੈ ।"[1]

ਸ੍ਰਿਸ਼ਟੀ ਦੇ ਰਚਣਹਾਰੇ ਦੇ ਦਰਸ਼ਨ ਕਰਦੇ ਹੋਏ ਵੀ ਉਹ ਮਨੁੱਖ ਗੁਣਾਂ ਨੂੰ ਚੰਗਾ ਮਾੜਾ ਕਹਿਣ ਨਾਲੋਂ ਸ੍ਰਿਸ਼ਟੀ ਵਿਚੋਂ ਸੁਹੱਪਣ ਦਾ ਰਸ ਮਾਣਨਾ ਜ਼ਰੂਰੀ ਆਖਦਾ ਹੈ ।

ਗੁਰਮਤਿ ਦੇ ਇਕ ਹੋਰ ਸਿਧਾਂਤ " ਏਕ ਨੂਰ ਤੇ ਸਭ ਜਗ ਉਪਜਿਆ, ਕੌਣ ਭਲੇ ਕੌਣ ਮੰਦੇ " ਦੇ ਅਨੁਸਾਰ ਵੀ ਪ੍ਰੋ. ਪੂਰਨ ਸਿੰਘ ਸ੍ਰਿਸ਼ਟੀ ਦੇ ਸਮੂਹ ਜੀਵਾਂ ਵਿਚ ਕੋਈ ਭੇਦ ਨਹੀਂ ਸਮਝਦਾ । ਪ੍ਰੋ. ਪੂਰਨ ਸਿੰਘ ਇਸ ਬਾਰੇ ਲਿਖਦਾ ਹੈ :

> " ਅਕਲ ਨੇ ਇਹ ਜਾਣ ਲੀਤਾ ਕਿ ਸਭ ਬੰਦੇ ਨੂਰ ਦੇ ਹਨ, ਕੌਣ ਭਲੇ ਕੌਣ ਮੰਦੇ । ਪ੍ਰਤੀਤ ਕਰ ਲੀਤਾ, ' ਪਰ ਜਦ ਤੱਕ ਸੁਰਤਿ ਸਹਿਜ ਸੁਭਾ ਉਸ ਮਾਣ ਵਿਚ ਨਹੀਂ ਜੀਵੀ ਰਹਿੰਦੀ ਥੀਂਦੀ ਰਸ ਪੈਂਦੀ, ਜਦ ਤੱਕ ਅੱਖ ਵਿਚ ਕੋਈ ਰਸਦਾ ਸੋਹਣਾ ਨਹੀਂ ਬੈਠਾ, ਇਹ ਵਾਕ ਸਹਿਜ ਸੁਭਾ ਨਹੀਂ ਹੋਇਆ, ਤਦ ਤੱਕ ਭਾਵੇਂ ਪੁੱਠੇ ਲਟਕੀਏ ਤੇ ਧੂੰਆਂ ਤਪਾਈਏ ਇਉਂ ਦਿਸਣ ਦੇ ਨਹੀਂ ਲੱਗਾ ।"[2]

ਇਹ ਸ੍ਰਿਸ਼ਟੀ ਵੀ ਪ੍ਰੋ. ਪੂਰਨ ਸਿੰਘ ਨੂੰ ਕਰਾਮਾਤ ਹੀ ਦਿਖਾਈ ਦਿੰਦੀ ਹੈ । ਇਸ ਦਾ ਕਾਰਣ ਹੈ ਕਿ ਉਸ ਨੂੰ ਇਸ ਜਗਤ ਦੇ ਕਣ ਕਣ ਵਿਚੋਂ ਰੂਹਾਨੀ ਜਲਵੇ ਝਲਕ ਮਾਰਦੇ ਦਿਸਦੇ ਹਨ :

> " ਇਹ ਜਗਤ ਕਰਾਮਾਤ ਹੀ ਜਿਸ ਦਾ ਇਕ ਇਕ ਕਣ ਅਨੇਕ ਰੂਹਾਨੀ ਜਲਵਿਆਂ ਨਾਲ ਭਰਿਆ ਹੈ, ਉਹ ਨਿਰੀ ਕਾਲੀ ਤੇ ਭੂਰੀ ਤੇ ਚਿੱਟੀ ਰੇਤ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 10
2. - ਉਹੀ - : ਪੰਨਾ 17

> ਦੇ ਰੇਗਸਤਾਨ ਵਿੱਚ ਦਿੱਸਣ ਲੱਗ ਜਾਂਦੀ ਹੈ । ਅੰਦਰ ਹਨੇਰਾ, ਬਾਹਰ ਹਨੇਰਾ, ਇਹੋ ਜਿਹੇ ਸਮੇਂ ਆਦਮੀ ਅੰਧੇ ਦੀ ਇਕ ਆਏ ਕਿਸੀ ਮਹਾਂਪੁਰਖ ਦੀ ਉਡੀਕ ਕਰਦਾ ਹੈ । ਹਾਏ ਕੋਈ ਆਏ ਤੇ ਦਸੇ ਇਸ ਰੇਗਸਤਾਨ ਵਿਚ ਬਹਿਸ਼ਤਾਂ ਦੇ ਬਹਿਸ਼ਤ ਹਨ ।"[1]

ਪ੍ਰੋ. ਪੂਰਨ ਸਿੰਘ ਸ੍ਰਿਸ਼ਟੀ ਵਿੱਚ ਪਰਮਾਤਮਾ ਦਾ ਵਾਸਾ ਵੇਖਦੇ ਹੋਏ ਹੀ ਸਾਨੂੰ ਮਿੱਠਾ ਬੋਲਣ ਲਈ ਕਹਿੰਦਾ ਹੈ । ਜਗਤ ਵਿੱਚ ਹਰੇਕ ਮਨੁੱਖ ਵਿੱਚ ਪਰਮਾਤਮਾ ਦਾ ਵਾਸਾ ਹੈ । ਇਸ ਤਰ੍ਹਾਂ ਕਿਸੇ ਦਾ ਦਿਲ ਦੁਖੀ ਕਰਨ ਨਾਲ ਉਸ ਪਰਮਾਤਮਾ ਨੂੰ ਦੁੱਖ ਪਹੁੰਚਦਾ ਹੈ । ਇਹ ਹੀ ਕਾਰਨ ਹੈ ਕਿ ਪ੍ਰੋ. ਪੂਰਨ ਸਿੰਘ ਸਾਨੂੰ ਹਰੇਕ ਨਾਲ ਮਿੱਠਾ ਬੋਲਣ ਲਈ ਕਹਿੰਦਾ ਹੈ । ਆਪ ਅਨੁਸਾਰ :

> " ਜੇ ਅੰਦਰ ਉਹ ਖੁਸ਼ੀ ਹੋਵੇ ਤੇ ਸੁੱਚਾ ਆਚਰਣ ਮਿੱਠਾ ਬੋਲੇ ਤਦ ਸਾਰੀ ਦੁਨੀਆਂ ਦੇ ਅਰੇਬੀਆ ਸੁੱਕੇ ਹਰੇ ਹੋ ਜਾਣਗੇ ।"[2]

ਗੁਰਬਾਣੀ ਤੋਂ ਪ੍ਰਭਾਵ ਗ੍ਰਹਿਣ ਕਰਦੇ ਹੀ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਰੱਬ ਨੂੰ ਹੀ ਜਗਤ ਦਾ ' ਮਾਲਕ ਸਾਈਂ ' ਕਿਹਾ ਹੈ । ਪ੍ਰੋ. ਪੂਰਨ ਸਿੰਘ ਸਾਰੀ ਸ੍ਰਿਸ਼ਟੀ ਦਾ ਮਾਲਕ ਉਸ ਪਰਮਾਤਮਾ ਨੂੰ ਹੀ ਮੰਨਦਾ ਹੈ ।

ਪ੍ਰੋ. ਪੂਰਨ ਸਿੰਘ ਦੁਨੀਆਂ ਨੂੰ ਨਾਸ਼ਵਾਨ ਮੰਨਦਾ ਹੋਇਆ ਸੁਚੇਤ ਕਰਦਾ ਹੈ ਕਿ ਮਾਇਆ ਸਭ ਪ੍ਰਾਣੀਆਂ ਨੂੰ ਆਪਣੇ ਹੀ ਸਮਿਆਂ ਅੰਦਰ ਜਕੜ ਲੈਂਦੀ ਹੈ । ਇਸ ਲਈ ਇਸ ਵਿੱਚ ਪੈ ਕੇ ਸਾਨੂੰ ਸਦ - ਸਥਿਰ ਰਹਿਣ ਵਾਲੇ ਪਰਮਾਤਮਾ ਨੂੰ ਨਹੀਂ ਭੁੱਲਣਾ ਚਾਹੀਦਾ ।

## ਪਰਮਾਤਮਾ :

ਸ੍ਰਿਸ਼ਟੀ ਵਾਂਗ ਪਰਮਾਤਮਾ, ਪਰਮਤੱਤ, ਬ੍ਰਹਮ ਜਾਂ ਅਣਦਿਸਦੀ ਜੀਵਨ ਸ਼ਕਤੀ ਨੇ ਵੀ ਹਮੇਸ਼ਾਂ ਹੀ ਮਨੁੱਖੀ ਸੋਚ ਅਤੇ ਚਿੰਤਨ ਨੂੰ ਟੁੰਬਿਆ ਹੈ । ਉਸ ਪਰਮਾਤਮਾ ਨੂੰ ਦੋ ਰੂਪਾਂ ਵਿੱਚ ਵਰਣਨ ਕੀਤਾ ਜਾ ਸਕਦਾ ਹੈ — ਸਾਕਾਰ ਤੇ ਨਿਰਾਕਾਰ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 133
2. - ਉਹੀ - : ਪੰਨਾ 134

ਹਿੰਦੀ ਸਾਹਿਤ ਕੋਸ਼ ਦੇ ਅਨੁਸਾਰ, ਸ਼ੰਕਰ ਰਾਮਾਨੁਜ ਆਦਿ ਬ੍ਰਹਮਵਾਦੀਆਂ ਨੇ ਆਪਣੀ ਭਾਸ਼ਾ ਵਿਚ ਬ੍ਰਹਮ ਦੀ ਇਹੋ ਵਿਉਤਪਤੀ ਦੱਸੀ ਹੈ । ਸ਼ੰਕਰ ਦੇ ਅਨੁਯਾਈਆਂ ਨੇ ਬ੍ਰਹਮ ਜਾਂ ਪਰਮਤੱਤ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਇਨ੍ਹਾਂ ਦੀ ਵਿਆਖਿਆ ਕਰਦਿਆਂ ਹੋਇਆਂ ਇਨ੍ਹਾਂ ਦਾ ਸਰੂਪ ਚਿਤਰਣ ਕੀਤਾ ਹੈ । ਜੋ ਦੇਸ਼ ਕਾਲ ਅਤੇ ਵਸਤੂਆਂ ਦੁਆਰਾ ਸੀਮਿਤ ਹੋਵੇ ਜੋ ਅਨਿੱਤ ਅਤੇ ਪਰਿਵਰਤਨਸ਼ੀਲ ਹੋਵੇ, ਜੋ ਗੁਣਹੀਣ ਅਤੇ ਦੋਸ਼ਪੂਰਣ ਹੋਵੇ, ਜੋ ਕੂੜ ਅਤੇ ਅਗਿਆਨੀ ਹੋਵੇ, ਜੋ ਪਰਤੰਤਰ ਅਤੇ ਬੰਧ ਹੋਵੇ, ਉਸ ਨੂੰ ਮਹੱਤਮ ਜਾਂ ਬ੍ਰਹਮ ਨਹੀਂ ਕਿਹਾ ਜਾ ਸਕਦਾ, ਉਹ ਤਾਂ 'ਅਲਪ' ਹੈ । ਇਜ ਬ੍ਰਹਮ ਅਨੰਤ, ਨਿਰਬੰਧ, ਸ਼ੁੱਧ ਅਤੇ ਮੁਕਤ ਹੈ ।"[1] ਇਸੇ ਤਰ੍ਹਾਂ ਸੰਕੇ ਰਨ ਨੇ ਬ੍ਰਹਮ-ਵਾਦੀਆਂ ਨੇ ਪਰਮਾਤਮਾ ਬਾਰੇ ਇਸ ਤਰ੍ਹਾਂ ਲਿਖਿਆ ਹੈ," ਭੂਮਾ " ਸ਼ਬਦ ਵੀ ਬ੍ਰਹਮ ਦੇ ਪ੍ਰਥਾਇ ਵਰਤਿਆ ਜਾਂਦਾ ਹੈ । ਇਸ ਦਾ ਵਿਪਰੀਤਾਰਥ " ਅਲਪ " ਹੈ । ਜੋ " ਭੂਮਾ " ਹੈ ਉਹੀ ਅਮਿੱਤ ਜਾਂ ਅਮਰ ਹੈ ਅਤੇ ਜੋ " ਅਲਪ " ਹੈ ਉਹ ਮ੍ਰਿਤ ਜਾਂ ਮਰਣਹਾਰ ਹੈ ।"[2]

ਬਾਲ ਗੰਗਾਧਰ ਤਿਲਕ ਅਨੁਸਾਰ :

> " ਗੀਤਾ ਵਿੱਚ ਵੀ ਬ੍ਰਹਮ ਦੇ ਦੋ ਰੂਪ ਮਿਲਦੇ ਹਨ । ਆਪ ਅਨੁਸਾਰ ਭਾਗਵਤ ਗੀਤਾ ਵਿਚ ਬ੍ਰਹਮ ਦੇ ਵਿਅਕਤ ਅਤੇ ਅਵਿਅਕਤ ਦੋਵਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ ।"[3]

ਸ੍ਰੀ ਭਾਗਵਤ ਗੀਤਾ ਅਨੁਸਾਰ :

> " ਭਗਵਾਨ ਸ੍ਰੀ ਕ੍ਰਿਸ਼ਣ ਆਪ ਵਿਅਕਤ ਬ੍ਰਹਮ ਹਨ । ਉਹ ਪਰਮੇਸ਼ਰ ਦੇ ਸਾਖਿਆਤ ਮੂਰਤੀਮਾਨ ਅਵਤਾਰ ਹਨ ਅਨੇਕਾਂ ਸਥਾਨਾਂ ਤੇ ਉਨ੍ਹਾਂ ਨੇ ਆਪਣੇ ਸੰਬੰਧ ਵਿਚ ਆਪ ਕਿਹਾ ਹੈ ਕਿ ਪ੍ਰਕ੍ਰਿਤੀ ਮੇਰਾ ਸਰੂਪ ਹੈ ।"[4]

ਡਾ. ਮਨਮੋਹਨ ਸਿੰਘ ਦਾ ਵਿਚਾਰ ਹੈ ਕਿ "ਪਰਮਾਤਮਾ " ਸਰਬ ਸ਼ਕਤੀਮਾਨ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਉਸ ਦਾ ਪਾਲਕ ਅਤੇ ਸੰਘਾਰਕ ਵੀ ਹੈ ।"[5]

---

1. ਹਿੰਦੀ ਸਾਹਿਤ ਕੋਸ਼ : ਦੂਜਾ ਸੰਸਕਰਣ : ਪੰਨਾ 565
2. - ਉਹੀ -
3. ਬਾਲ ਗੰਗਾਧਰ ਤਿਲਕ : ਗੀਤਾ ਰਹੱਸ : ਪੰਨਾ 211
4. ਸ੍ਰੀ ਭਾਗਵਤ ਗੀਤਾ : ਪੰਨਾ 9/8
5. ਡਾ. ਮਨਮੋਹਨ ਸਿੰਘ : ਗੁਰੂ ਨਾਨਕ ਅਤੇ ਭਗਤੀ ਅੰਦੋਲਨ : ਪੰਨਾ 49

ਨਾਥ ਸੰਪ੍ਰਦਾਇ ਵਿੱਚ ਪਰਮਾਤਮਾ ਨੂੰ ਬ੍ਰਹਮ ਭਾਵਨਾ ਦੁਆਰਾ ਵਿਅਕਤ ਕੀਤਾ ਗਿਆ ਹੈ । ਗੋਰਖ ਨਾਥ ਅਨੁਸਾਰ," ਮਾਤਾ ਪਿਤਾ ਜੀਵ ਦਾ ਮੂਲ ਕਾਰਣ ਹੈ ।"[1]

ਗੁਰਮਤਿ ਅਨੁਸਾਰ ਵੀ ਇਹ ਪਰਮਤੱਤ ਆਪਣੀ ਇੱਛਾ ਅਨੁਸਾਰ ਅਰੂਪ ਜਾਂ ਨਿਰਗੁਣ ਅਵਸਥਾ ਤੋਂ ਸਰਗੁਣ ਅਵਸਥਾ ਵਿੱਚ ਆਉਂਦਾ ਹੈ । ਜਿਵੇਂ ," ਇਕਸੁ ਤੇ ਹੋਇਓ ਅਨੰਤਾ, ਨਾਨਕ ਏਕਸੁ ਮਹਿ ਸਮਾਏ ਜੀਉ ।"[2]

ਬ੍ਰਹਮ ਭਾਵ ਪਰਮਾਤਮਾ ਨੂੰ ਕਿਸੇ ਸੀਮਾ ਦੇ ਅੰਤਰਗਤ ਨਹੀ ਬੰਨ੍ਹਿਆ ਜਾ ਸਕਦਾ । ਇਸ ਤੋਂ ਭਾਵ ਹੈ ਕਿ ਅਸਲ ਵਿੱਚ ਸਾਰੇ ਗੁਣ ਤੇ ਸਮੁੱਚਾ ਆਕਾਰ ਉਸ ਦਾ ਪ੍ਰਕਾਸ਼ ਹੈ । ਵੇਦਾਂ ਵਿੱਚ ਵੀ ਇਹੋ ਦ੍ਰਿਸ਼ਟੀਕੋਣ ਮਿਲਦਾ ਹੈ ਕਿ ' ਏਕਮ ਸਤ ' ਦਾ ਸਰੂਪ ਸਾਰੇ ਵਜੂਦ ਦੀ ਭਿੰਨਤਾ ਵਿੱਚ ਵਿਦਮਾਨ ਹੈ । ਪਰਮਾਤਮਾ ਦੀ ਪਰਿਭਾਸ਼ਾ ਦਿੰਦਾ ਹੋਇਆ ਇਕ ਹੋਰ ਵਿਦਵਾਨ ਲਿਖਦਾ ਹੈ :

> " ਪਰਮਾਤਮਾ ਉਹ ਹੈ ਕਿ ਜੋ ਆਪਣੇ ਆਪ ਵਿੱਚ ਸੰਪੂਰਣ ਹੈ ਅਤੇ ਆਪਣੇ ਤੋਂ ਬਾਹਰੀ ਕਿਸੇ ਹੋਰ ਵਸਤੂ ਦਾ ਅਵਲੰਬ ਨਹੀਂ ।"[3]

ਭਾਈ ਵੀਰ ਸਿੰਘ ਪਰਮਾਤਮਾ ਨੂੰ ਸਰਬ ਸਰੂਪ ਸ਼ਕਤੀ ਮੰਨਦਾ ਹੈ । ਇਹ ਉਹ ਸ਼ਕਤੀ ਹੈ ਜਿਹੜੀ ਸਭ ਸਥਾਨਾਂ ਤੇ ਸੰਤ ਰਹਿੰਦੀ ਹੈ । ਉਸ ਵਿੱਚ ਸਮੇਂ ਦੇ ਫੇਰ ਨਾਲ ਕੋਈ ਤਬਦੀਲੀ ਨਹੀਂ ਆਉਂਦੀ । ਪਰਮਾਤਮਾ ਨੂੰ ਆਪ ਸਮਸਤ ਸ੍ਰਿਸ਼ਟੀ ਜਗਤ ਦੀ ਅਸਲੀਅਤ ਮੰਨਦੇ ਹਨ । ਇਸ ਸ੍ਰਿਸ਼ਟੀ ਜਾਂ ਕਾਇਨਾਤ ਦਾ ਉਹ ਉਤਪਾਦਕ ਹੈ,,ਪਾਲਕ ਅਤੇ ਸੰਘਾਰਕ ਹੈ । ਭਾਈ ਵੀਰ ਸਿੰਘ ਆਪਣੇ ਜੀਵਨ ਦਰਸ਼ਨ ਵਿੱਚ ਪਰਮਾਤਮਾ ਨੂੰ ਸਭ ਤੋਂ ਉਚਾ ਗਿਣਦਾ ਹੈ ਅਤੇ ਇਸ ਤਰ੍ਹਾਂ ਲਿਖਦਾ ਹੈ :

> " ਸਾਰਿਆਂ ਤੋਂ ਉੱਚਾ ਅਤੇ ਸਭ ਗੁਣਾਂ ਤੋਂ ਪਰ੍ਹੇ ਤੋਂ ਵੀ ਪਰ੍ਹੇ ਪਰਮਾਤਮਾ ਹੈ । ਉਹ ਵਾਹਿਗੁਰੂ ਸਾਡਾ ਪਿਆਰਾ ਪਿਤਾ ਹੈ, ਸੋ ਉਸ ਨੂੰ ਸਦਾ ਮਿਹਰ ਕਰਨ ਵਾਲਾ, ਸਦਾ ਪ੍ਰੇਮ ਕਰਨ ਵਾਲਾ, ਪਤਿਤ ਪਾਵਨ ਜਾਣ ਕੇ ਉਸ ਨਾਲ ਪਿਆਰ ਕਰਨਾ, ਇਹ ਆਪਣੇ ਜੀਵਨ ਦਾ ਨਾਹਾ ਜੀਵਨ ਦਾ ਪਰੋਜਨ ਸਮਝਣਾ, ਇਹ ਪਹਿਲਾ ਕਦਮ ਹੈ ।"[4]

---

1. ਪੀਤਾਂਬਰ ਦੱਤ ਬੜਥਵਾਲ : ਗੋਰਖਬਾਣੀ : ਪੰਨਾ 73
2. ਗੁਰੂ ਨਾਨਕ ਸਾਹਿਬ : ਜਪਜੀ
3. Edgar's Brightman & An introduction of Philosophy : P-358
4. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 110
5. ਗੁਰੂ ਰੈਬ ਸਾਹਿਬ / ਜਪੁਜੀ

ਪਰਮਾਤਮਾ ਪ੍ਰਕ੍ਰਿਤੀ ਦੇ ਹਰ ਜ਼ੱਰੇ ਵਿਚ ਵਿਦਮਾਨ ਹੈ । ਇਹ ਸਾਡਾ ਦੁਰਭਾਗ ਹੈ ਕਿ ਅਸੀਂ ਉਸ ਨੂੰ ਪਛਾਣ ਨਹੀਂ ਸਕਦੇ । ਗੁਰਮਤਿ ਵਿਚ ਵੀ ਪਰਮਾਤਮਾ ਨੂੰ ਸਰਬ - ਵਿਆਪਕ ਅਤੇ ਚੇਤੰਨ ਹਸਤੀ ਸਵੀਕਾਰ ਕੀਤਾ ਗਿਆ ਹੈ । ਜਿਸ ਤਰ੍ਹਾਂ " ਸਰਬ ਜੀਆ ਜਗਿ ਜੋਤਿ ਤੁਮਾਰੀ, ਜੇਤੀ ਪਰ ਫੁਰਮਾਈ ਹੈ ।"[1] ਭਾਈ ਵੀਰ ਸਿੰਘ ਵੀ ਪਰਮਾਤਮਾ ਨੂੰ ਸਰਬ ਵਿਆਪਕ ਸਵੀਕਾਰ ਕਰਦਾ ਹੈ । ਭਾਈ ਵੀਰ ਸਿੰਘ ਪਰਮਾਤਮਾ ਨੂੰ ਬ੍ਰਹਮ ਆਤਮ ਸਰੂਪ ਕਹਿੰਦਾ ਹੈ । ਉਹ ਸੰਪੂਰਣ ਆਤਮਾ ਹੈ । ਚੇਤੰਨ ਪੁਰਖ ਅਤੇ ਜਾਗ੍ਰਤ ਦ੍ਰਿਸ਼ਟਤਾ ਹੈ । ਭਾਈ ਵੀਰ ਸਿੰਘ ਪਰਮੇਸ਼ਰ ਨੂੰ ਵਿਆਪਕ ਅਤੇ ਚੇਤੰਨ ਹਸਤੀ ਸਵੀਕਾਰ ਕਰਦਾ ਹੈ । ਉਸ ਨੂੰ ਹੀ ਸੁਖੀ ਅਤੇ ਪਿਆਰ ਕਰਨ ਵਾਲਾ ਕਹਿੰਦਾ ਹੈ ।

ਪਰਮੇਸ਼ਰ ਨੂੰ ਯਾਦ ਰੱਖਣ ਲਈ ਕਹਿੰਦਾ ਹੈ । ਪਰਮਾਤਮਾ ਦਾ ਨਾਮ ਜਪਣ ਨਾਲ ਮਨ ਏਕਾਗਰਤਾ ਵਿਚ ਰਹਿੰਦਾ ਹੈ । ਇਸ ਤਰ੍ਹਾਂ ਉਸ ਪਰਮਾਤਮਾ ਦੀ ਯਾਦ ਹਿਰਦੇ ਵਿਚ ਰਹਿੰਦੀ ਹੈ । ਆਪ ਅਨੁਸਾਰ :

> " ਉਸ ਨਾਲ ਪ੍ਰੇਮ ਵਿਚ ਰਹਿਣਾ ਮਾਨੋਂ ਮਿਲੇ ਰਹਿਣਾ ਹੈ, ਪਰ ' ਯਾਦ ਰੱਖਣਾ ' ਇਕ ਸੂਖਮ ਗਤੀ ਹੈ, ਨਾਮ ਵਿਚ ਤੋਂ ਉਪਜਿਆ ਸਹਿਜੇ ਮਨ ਨੂੰ ਏਕਾਗਰਤਾ ਵਿਚ ਲਿਜਾਂਦਾ ਹੈ । ਇਸ ਤਰ੍ਹਾਂ ਜਪਿਆ ਨਾਮ ਆਪੇ ਪ੍ਰਾਣਾਂ ਵਿਚ ਪ੍ਰਵੇਸ਼ ਕਰਦਾ ਹੈ । — ਫਿਰ ਰਿਲ ਜਾ ਕੇ ਸਦਾ ' ਯਾਦ ' ਦਾ ਰੂਪ ਧਾਰ ਲੈਂਦਾ ਹੈ । ਫਿਰ ਐਉਂ ਜਾਪਦਾ ਹੈ ਕਿ ਰੂੰ ਰੂੰ ਵਿਚ ਸਿਮਰਨ ਹੈ ।"[2]

ਗੁਰਮਤਿ ਵਿਚ ਵੀ ਪਰਮਾਤਮਾ ਦਾ ਨਾਮ ਜਪਣ ਦੀ ਮਹੱਤਤਾ ਪ੍ਰਗਟ ਕੀਤੀ ਗਈ ਹੈ । ਜਿਵੇਂ :

> " ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ,
> ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।"[3]

ਭਾਈ ਵੀਰ ਸਿੰਘ ਪਰਮਾਤਮਾ ਦੇ ਨਾਮ ਤੋਂ ਜੀਵਨ ਵਿਚ ਸ਼ਕਤੀ ਦਾ ਆਉਣਾ ਮੰਨਦਾ ਹੈ । ਜਿਸ ਤਰ੍ਹਾਂ ਕਿਸੇ ਦਰਖ਼ਤ ਦੇ ਢਹਣਾਂ ਵਿਚ ਕਮਜ਼ੋਰ ਵੇਲ ਉਗਦੀ ਹੈ ਜਿਹੜੀ ਆਪਣੇ ਸਹਾਰੇ

---

1. ਗੁਰੂ ਗ੍ਰੰਥ ਸਾਹਿਬ : ਜਪੁਜੀ
2. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 77
3. ਗੁਰੂ ਗ੍ਰੰਥ ਸਾਹਿਬ : ਜਪੁਜੀ

ਤੇ ਖਲੋ ਨਹੀਂ ਸਕਦੀ ਪਰ ਉਸ ਦਰਖਤ ਦਾ ਆਸਰਾ ਲੈ ਉਸ ਦੇ ਜੀਵਨ ਵਿਚ ਸ਼ਕਤੀ ਆ ਜਾਂਦੀ ਹੈ । ਇਸ ਤਰ੍ਹਾਂ ਨਿਰਮਲ ਜਗਿਆਸੂ ਜੋ ਕਿ ਇਕੱਲਾ ਪੂਰਾ ਨਹੀਂ ਹੋ ਸਕਦਾ ਪਰ ਆਪਣੇ ਸਤਿਸੰਗੀ ਦੇ ਨਾਲ ਲੱਗ ਕੇ ਉਸ ਦਾ ਜੀਵਨ ਵੀ ਪੂਰਾ ਹੋ ਜਾਂਦਾ ਹੈ ।

ਭਾਈ ਵੀਰ ਸਿੰਘ ਅਨੁਸਾਰ ਪਰਮਾਤਮਾ ਨਾਲ ਪਿਆਰ ਕਰਨ ਨਾਲ ਸੁਰਤ ਉੱਚੀ ਰਹਿਣ ਲੱਗ ਪੈਂਦੀ ਹੈ । ਜੋਗੀ ਜਿਹੜੇ ਜੋਗ ਸਾਧਦੇ ਹਨ, ਉਹ ਪਰਮਾਤਮਾ ਨਾਲ ਪਿਆਰ ਕਰਨ ਲਈ ਇਸ ਕ੍ਰਿਆਵਾਂ ਨੂੰ ਕਰਨ ਲਈ ਕਹਿੰਦੇ ਹਨ । ਪਰ ਭਾਈ ਵੀਰ ਸਿੰਘ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ, ਸਗੋਂ ਪਰਮਾਤਮਾ ਦੀ ਪ੍ਰਾਪਤੀ ਤਾਂ ਉਸ ਪਰਮਾਤਮਾ ਨਾਲ ਜੁੜੇ ਰਹਿਣ ਅਤੇ ਹਮੇਸ਼ਾਂ ਉਸ ਨਾਲ ਪਿਆਰ ਕਰਦੇ ਰਹਿਣ ਵਿਚ ਹੈ । ਭਾਈ ਵੀਰ ਸਿੰਘ ਅਨੁਸਾਰ "ਪਰਮੇਸ਼ਰ ਨਾਲ ਪ੍ਰੀਤ ਦਾ ਇਹ ਹੀ ਗੁਣ ਹੈ ਜੋ ਸੁਰਤ ਉੱਚੀ ਰਹਿਣ ਲੱਗ ਪੈਂਦੀ ਹੈ, ਮਨ ਖੇੜੇ ਵਿਚ ਵਸਦਾ ਹੈ । ਅਸਲ ਵਿਚ ਜੋਗੀ ਜਨ ਜੋਗ ਨੂੰ ਟੋਲਦੇ ਹਨ, ਉਹ ਜੋਗ ਗ੍ਰਹਿਸਤ ਤੋਂ ਨਿਰਜੋਗ ਹੋਣ ਅਰਥਾਤ ਟੁੱਟ ਜਾਣ ਵਿਚ ਨਹੀਂ ਸਗੋਂ ' ਸਾਈਂ - ਸੰਜੋਗ ' ਵਿਚ ਹੈ, ਅਰਥਾਤ ਪ੍ਰੀਤ ਦੀ ਇਕ ਤਾਰ ਵਿਚ ਹੈ ।"[1]

ਭਾਈ ਵੀਰ ਸਿੰਘ ਪਰਮਾਤਮਾ ਨੂੰ ਅਸੀਮ ਕਹਿੰਦਾ ਹੈ । ਗੁਰਮਤਿ ਅਨੁਸਾਰ ਵੀ ਪਰਮਾਤਮਾ ਸਰਬ - ਵਿਆਪਕ ਹੈ । ਉਸ ਦਾ ਸਿਰਜਿਆ ਮਨੁੱਖ ਸਿਤ ਦੇ ਅੰਦਰ ਰਹਿੰਦਾ ਹੈ । ਪਰ ਬਖਸ਼ਿਸ਼ ਪ੍ਰਾਪਤੀ ਲਈ ਹਉਮੈਂ ਤੋਂ ਰਹਿਤ ਹੋਣਾ ਪੈਂਦਾ ਹੈ । ਹਉ ਦੇ ਆਸਰੇ ਕੀਤੇ ਕੰਮ ਸਭ ਨਿਰਾਰਥਕ ਹਨ । ਨਿਮ੍ਰਤਾ ਕਰਿਆ ਗੁਣਵਾਨ ਮਨੁੱਖ ਅਸਲ ਵਿਚ ਬਹੁਤ ਉੱਚਾ ਅਤੇ ਗੁਣਹੀਨ ਅਭਿਮਾਨੀ ਬਹੁਤ ਨੀਵਾਂ ਹੁੰਦਾ ਹੈ ।

ਮਨੁੱਖ ਦੀ ਹੋਂਦ ਨੂੰ ਵੀ ਭਾਈ ਵੀਰ ਸਿੰਘ ਉਸ ਪਰਮਾਤਮਾ ਦਾ ਹੀ ਚੇਤੰਨ ਸਰੂਪ ਕਹਿੰਦਾ ਹੈ । ਮਨੁੱਖ ਦਾ ਪਰਮਾਤਮਾ ਨਾਲੋਂ ਵਿਛੋੜਾ ਇਸ ਗੱਲ ਵਿਚ ਲੱਗਦਾ ਹੈ ਕਿ ਇਹ ਪਰਮਾਤਮਾ ਦਾ ਜੋ ਅੰਸ਼ ਸੀ, ਉਹ ਮਾਇਆ ਦੇ ਪ੍ਰੇਮ ਵਿਚ ਫਸ ਗਿਆ ਹੈ । ਇਸ ਕਾਰਨ ਆਪਣੇ ਮਾਲਕ ਤੋਂ ਵਿਛੜਿਆ ਹੋਇਆ ਹੈ । ਭਾਈ ਵੀਰ ਸਿੰਘ ਇਸ ਵਿਛੜੇ ਹੋਏ ਅੰਸ਼ ਨੂੰ ਪਰਮਾਤਮਾ ਨਾਲ ਮੁੜ ਜੋੜਨਾ ਚਾਹੁੰਦਾ ਹੈ । ਗੁਰਮਤਿ ਅਨੁਸਾਰ ਵੀ ਪਰਮਾਤਮਾ ਪਹਿਲਾਂ ਏਕ ਸੀ ਫੇਰ ਏਕ ਤੋਂ ਹੀ ਅਨੇਕ ਭਾਵ ਜਗਤ ਦੀ ਉਤਪੱਤੀ ਹੋਈ । ਇਹ ਹੀ ਕਾਰਨ ਹੈ ਕਿ ਇਸ ਸਾਰੇ ਜਗਤ ਨੂੰ ਉਸ ਪਰਮਾਤਮਾ ਦਾ ਅੰਸ਼ ਸਵੀਕਾਰ ਕੀਤਾ ਗਿਆ ਹੈ ।

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 100

ਭਾਈ ਵੀਰ ਸਿੰਘ ਵੀ ਮਨੁੱਖ ਨੂੰ ਉਸ ਪਰਮਾਤਮਾ ਦੀ ਅੰਸ਼ ਦੱਸਦਾ ਹੋਇਆ ਲਿਖਦਾ ਹੈ :

" ਇਹ ਸਾਡਾ ਆਪਾ ਅੰਸ਼ ਹੈ ਉਸ ਚੇਤੰਨ ਦੀ, ਜਿਸ ਨੂੰ ਪਰਮੇਸ਼ਰ ਆਖਦੇ ਹਨ । ਉਸ ਚੇਤੰਨ ਦਾ ਸਰੂਪ ' ਪ੍ਰੇਮ ' ਹੈ । ਇੰਜ ' ਅੰਸ਼ ' ਦਾ ਸਰੂਪ ਵੀ ' ਪ੍ਰੇਮ ' ਹੈ । ਵਿਛੋੜਾ ਇਸ ਗੱਲ ਵਿਚ ਹੈ ਕਿ ਇਹ ਅੰਸ਼ ( ਦ੍ਰਿਸ਼ਟਮਾਨ ) ਦਿਸ ਰਹੇ ਜਗਤ ਦੇ ਪ੍ਰੇਮ ਵਿਚ ਫਸ ਗਈ ਹੈ, ਇਸ ਕਰਕੇ ਆਪਣੇ ਕਾਰਨ ਆਪਣੇ ਮਾਲਕ ਸਰੂਪ ਦ੍ਰਿਸ਼ਟੇ ਤੋਂ ਵਿਛੜ ਗਈ ਹੈ । ਹੁਣ ਮੁਕਦੇ ਸਾਧਨ ' ਪ੍ਰੇਮ ਦੀ ਸ਼ਕਤੀ ' ਪ੍ਰੇਮ ਦੇ ਰੂਹ ਰੁਾਣ ਵਾਲਿਆਂ ਨੂੰ ਕਿਵੇਂ ਮਿਲਾ ਸਕਦੇ ਹਨ । ਅਸੀਂ ਚਾਹੁੰਦੇ ਹਾਂ ਕਿ ਆਪਣੇ ਕਾਰਣ ਪਰਮੇਸ਼ਰ ਨੂੰ ਪ੍ਰਾਪਤ ਹੋਈਏ । ਤਦ ਸਾਰ ਗੱਲ ਇਹ ਹੈ ਕਿ ਸਾਡੇ ਪ੍ਰੇਮ ਦੇ ਵੇਗ, ਜੋ ਦ੍ਰਿਸ਼ਟਮਾਨ ਵੱਲ ਹੋ ਗਿਆ ਹੈ, ਉਸ ਨੂੰ ਵਾਹਿਗੁਰੂ ਵੱਲ ਲਾ ਦੇਈਏ । ਦੁਹਾਂ ਵਿਚ ਪ੍ਰੇਮ ਦਾ ਗੁਣ ਹੈ, ਯਾ ਦੋਹਾਂ ਦਾ ਅਸਲ ਸਰੂਪ ' ਪ੍ਰੇਮ ' ਹੈ । ਜਦ ਸਜਾਤੀ ਤੇ ਸਜਾਤਾਂ ਵਸਤਾਂ, ਜਿਨ੍ਹਾਂ ਦਾ ਸਰੂਪ ਇਕ ' ਪ੍ਰੇਮ ' ਹੈ, ਆਹਮੋ ਸਾਹਮਣੇ ਆਉਂਦੀਆਂ ਹਨ ਤਦ ਉਹੋ ਇਕ ਉਨ੍ਹਾਂ ਨੂੰ ਮੇਲ ਦੇਂਦੀ ਹੈ, ਤਾਂ ਤੇ ਪਰਮ ਉੱਤਮ ਕੰਮ ਇਹ ਹੈ ਕਿ ਆਪਣੇ ਪ੍ਰੇਮ ਦੇ ਪ੍ਰਵਾਹ ਨੂੰ ਜੋ ਜਗਤ ( ਦ੍ਰਿਸ਼ਟਮਾਨ ) ਵੱਲ ਪਰਿਤ ਹੋ ਕੇ ਪਰਮੇਸ਼ਰ ਦ੍ਰਿਸ਼ਟਤਾ ਤੋਂ ਵਿਛੜ ਗਿਆ ਹੈ, ਮੋੜ ਕੇ ਪਰਮੇਸ਼ਰ ਦ੍ਰਿਸ਼ਟਾ ਵੱਲ ਲਾ ਦਈਏ ।"[1]

ਭਾਈ ਵੀਰ ਸਿੰਘ ਅਨੁਸਾਰ ਪਰਮਾਤਮਾ ਸਾਡੇ ਨਾਲ ਜੋ ਕੁਝ ਵੀ ਕਰਦਾ ਹੈ, ਇਸ ਨੂੰ ਪਰਮਾਤਮਾ ਦੀ ਰਜ਼ਾ ਕਹਿਣਾ ਚਾਹੀਦਾ ਹੈ । ਆਪ ਅਨੁਸਾਰ ਪਰਮਾਤਮਾ ਜੋ ਕੁਝ ਵੀ ਕਰਦਾ ਹੈ ਚੰਗਾ ਕਰਦਾ ਹੈ । ਪਰਮਾਤਮਾ ਦੇ ਸਿਮਰਨ ਬਾਰੇ ਭਾਈ ਵੀਰ ਸਿੰਘ ਇਸ ਤਰ੍ਹਾਂ ਵੀ ਕਹਿੰਦਾ ਹੈ ਇਨਸਾਨ ਉਸ ਪਰਮੇਸ਼ਰ ਨੂੰ ਯਾਦ ਕਰਦੇ ਹਨ , ਜਦ ਉਨ੍ਹਾਂ ਦੀ ਸੁਰਤ ਕਿਸੇ ਦੁੱਖ ਵਿਚ ਜਾਂਦੀ ਤਾਂ ਉਸ ਦੁੱਖ ਨੂੰ ਸਹਿਣ ਲਈ ਪਰਮਾਤਮਾ ਆਪ ਤਾਕਤ ਬਖਸ਼ਦਾ ਹੈ । ਇਸ ਤਰ੍ਹਾਂ ਉਸ ਦੀ ਸੁਰਤ ਨੂੰ ਪੂਰਾ ਕਰਦਾ ਹੈ । ਭਾਈ ਵੀਰ ਸਿੰਘ ਲਿਖਦਾ ਹੈ ।

---

1. ਗੁਰੂ ਗ੍ਰੰਥ ਸਾਹਿਬ : ਅਕਾਲ ਉਸਤਤਿ :

" ਪਰਮੇਸ਼ਰ ਨੂੰ ਯਾਦ ਰੱਖਣ ਵਾਲੇ ਪਿਆਰੇ ਜਦ ਬਿਪਤਾ ਵਿਚ ਜਾਂਦੇ ਹਨ
ਤਦ ਉਨ੍ਹਾਂ ਦੀ ਸੁਰਤ ਨੂੰ ਵਾਹਿਗੁਰੂ ਆਪ ਬਲ ਦੇ ਕੇ ਖਿੱਚਦਾ ਹੈ ਅਰੁ
ਸੁਰਤ ਵਿਚ ਟਾਕਰਾ ਕਰਨੇ ਦਾ ਮਾਦਾ ਵਧੀਕ ਪੈਦਾ ਹੋ ਜਾਂਦਾ ਹੈ ।
ਉੱਚਨਾਂ ਦੀ ਸੁਰਤ ਟਾਕਰਿਆਂ ਵਿਚ ਆ ਕੇ ਕੱਸੀ ਜਾਂਦੀ ਹੈ ਤੇ ਉਚੀ ਹੋ ਕੇ
ਹੋਰ ਚੜ੍ਹਦੀ ਹੈ । ਮਰਨ ਵਾਲੇ ਜਾਉਣ ਕਾਂਪ ਨਹੀਂ ਖਾਂਦੇ ।"[1]

ਭਾਈ ਵੀਰ ਸਿੰਘ ਨੇ ਆਪਣੇ ਜੀਵਨ ਦਰਸ਼ਨ ਵਿੱਚ ਸ੍ਰਿਸ਼ਟੀ ਅਤੇ ਪਰਮਾਤਮਾ ਨੂੰ ਜਿਸ ਦ੍ਰਿਸ਼ਟੀਕੋਣ ਤੋਂ ਵਰਣਿਤ ਕੀਤਾ ਹੈ, ਉਹ ਠੀਕ ਗੁਰਮਤਿ ਦੇ ਆਸ਼ਿਆਂ ਦੇ ਅਨੁਕੂਲ ਹੈ । ਅਸਲ ਵਿੱਚ ਭਾਈ ਵੀਰ ਸਿੰਘ ਤਾਂ ਆਪਣੇ ਜੀਵਨ ਦਰਸ਼ਨ ਵਿੱਚ ਅਰਦਾਈ ਹੀ ਗੁਰਮਤਿ ਦੀ ਲੈ ਕੇ ਚਲਦਾ ਹੈ । ਭਾਈ ਵੀਰ ਸਿੰਘ ਦੇ ਜੀਵਨ ਦਰਸ਼ਨ ਨੂੰ ਗੁਰਮਤਿ ਦੇ ਘੇਰੇ ਤੋਂ ਕਿਸੇ ਤਰ੍ਹਾਂ ਵੀ ਅਲੱਗ ਨਹੀਂ ਕੀਤਾ ਜਾ ਸਕਦਾ ।

ਦੂਜੇ ਪਾਸੇ ਪ੍ਰੋ. ਪੂਰਨ ਸਿੰਘ ਦੀ ਭਾਰਤੀ ਅਧਿਆਤਮ ਚਿੰਤਨ ਅਤੇ ਗੁਰਮਤਿ ਤੋਂ ਪਰਮਾਤਮਾ ਦੇ ਸੰਪੂਰਣ ਇਕਾਈ ਹੋਣ ਦਾ ਸੰਕਲਪ ਲੈਂਦਾ ਹੈ । ਪਰਮਾਤਮਾ ਕਿਉਂਕਿ ਇਕ ਹੈ, ਕੋਈ ਉਸ ਤੋਂ ਵੱਡਾ ਤਾਂ ਕੀ, ਕੋਈ ਉਸ ਦੇ ਬਰਾਬਰ ਵੀ ਨਹੀਂ ਹੋ ਸਕਦਾ । ਗੁਰਬਾਣੀ ਵਿਚ ਵੀ ਪਰਮਾਤਮਾ ਦੀ ਮਹਾਨਤਾ ਨੂੰ ਇਸੇ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ । ਜਿਸ ਤਰ੍ਹਾਂ :

" ਸਭ ਕੋ ਕਾਲ ਸਭਨ ਕੋ ਕਰਤਾ,
ਰੋਗ ਸੋਗ ਦੋਖਨ ਤੇ ਰਹਤਾ "।[2]

ਪ੍ਰੋ. ਪੂਰਨ ਸਿੰਘ ਪਰਮਾਤਮਾ ਨੂੰ ਮਹਾਨ ਕਹਿੰਦਾ ਹੈ। ਇਹ ਹੀ ਕਾਰਨ ਹੈ ਕਿ ਪ੍ਰੋ. ਪੂਰਨ ਸਿੰਘ ਕਹਿੰਦਾ ਹੈ ਕਿ ਦੁਨੀਆਂ ਭਾਵੇਂ ਰੁੱਠ ਜਾਵੇ ਪਰ ਉਸ ਤੋਂ ਉਸ ਦਾ ਪਰਮਾਤਮਾ ਨਹੀਂ ਰੁੱਠਣਾ ਚਾਹੀਦਾ । ਪਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਦੇ ਰੁੱਠਣ ਦੀ ਪ੍ਰੋ. ਪੂਰਨ ਸਿੰਘ ਕੋਈ ਪ੍ਰਵਾਹ ਨਹੀਂ ਕਰਦਾ ਇਸ ਬਾਰੇ ਪ੍ਰੋ. ਪੂਰਨ ਸਿੰਘ ਇਸ ਤਰ੍ਹਾਂ ਲਿਖਦਾ ਹੈ :

" ਬਾਦਸ਼ਾਹ ਦੇਸ਼ ਨਿਕਾਲਾ ਦਿੰਦਾ ਹੈ, ਜੇ ਰੱਬ ਨਾ ਰੁੱਠੇ ਤਾਂ ਦੁਨੀਆਂ ਦੇ
ਬਾਦਸ਼ਾਹਾਂ ਦੀ ਕੀ ਪ੍ਰਵਾਹ ।"[3]

---

1. ਭਾਈ ਵੀਰ ਸਿੰਘ ; ਸਤਵੰਤ ਕੌਰ ; ਪੰਨਾ 24
2. ਗੁਰੂ ਗ੍ਰੰਥ ਸਾਹਿਬ ; ਅਕਾਲ ਉਸਤਤਿ ।
3. ਪ੍ਰੋ. ਪੂਰਨ ਸਿੰਘ ; ਖੁੱਲ੍ਹੇ ਲੇਖ ; ਪੰਨਾ 23

ਗੁਰਮਤਿ ਦੇ ਸਿਧਾਂਤ ਵਾਂਗ ਹੀ ਪ੍ਰੋ. ਪੂਰਨ ਸਿੰਘ ਵੀ ਪਰਮਾਤਮਾ ਨੂੰ ਇਕ ਹੀ ਮੰਨਦਾ ਹੈ । ਜਪੁਜੀ ਸਾਹਿਬ ਵਿਚ ਵੀ ਪਰਮਾਤਮਾ ਨੂੰ ਇਕ ਸਿਰਫ ਇਕ ਹੀ ਸਵੀਕਾਰ ਕੀਤਾ ਗਿਆ ਹੈ ।"[1] ਪ੍ਰੋ. ਪੂਰਨ ਸਿੰਘ ਵੀ ਪਰਮਾਤਮਾ ਨੂੰ ਇਕ ਮੰਨਦਾ ਹੋਇਆ ਕਹਿੰਦਾ ਹੈ ਕਿ ਪਰਮਾਤਮਾ ਤਾਂ ਕਦੇ ਵਧ - ਘਟਨ ਹੋ ਹੀ ਨਹੀਂ ਸਕਦਾ । ਪ੍ਰੋ. ਪੂਰਨ ਸਿੰਘ ਲਿਖਦਾ ਹੈ :

> " ਮਹਬੂਬ ਤਾਂ ਕਦੇ ਵਧ - ਘਟਨ ਹੋ ਹੀ ਨਹੀਂ ਸਕਦਾ, ਮਹਬੂਬ ਤਾਂ ਸਦਾ ਇਕ ਹੈ ।"[2]

ਪ੍ਰੋ. ਪੂਰਨ ਸਿੰਘ ਪਰਮਾਤਮਾ ਨੂੰ ਬਹੁਤ ਮਹਾਨ ਕਹਿੰਦਾ ਹੈ । ਇਸ ਦਾ ਕਾਰਨ ਹੈ ਕਿ ਇਹ ਪਰਮਾਤਮਾ ਹੀ ਹੈ ਜਿਹੜਾ ਸਭ ਨੂੰ ਵੰਡ ਬਖਸ਼ਦਾ ਹੈ, ਸਾਰਿਆਂ ਨੂੰ ਸਿਰਜਦਾ ਹੈ । ਇਸ ਤੋਂ ਵੱਡਾ ਦਾਤਾ ਹੋਰ ਕੋਈ ਵੀ ਨਹੀਂ ਹੋ ਸਕਦਾ । ਵਜੂਦ ਹੀ ਸਭ ਤੋਂ ਵੱਡੀ ਦਾਤ ਹੈ ਜਿਹੜੀ ਪਰਮਾਤਮਾ ਬਿਨ੍ਹਾਂ ਮੰਗੇ ਸਭ ਨੂੰ ਪ੍ਰਦਾਨ ਕਰਦਾ ਹੈ ਆਪ ਅਨੁਸਾਰ :

> " ਜਿਹੜੀ ਦਾਤ ਹੈ, ਜਿਹੜੀ ਕਿਸੇ ਦੀ ਮਿਹਰ ਨੇ ਸਾਡੀ ਝੋਲੀ ਪਾਈ ਹੈ, ਪਰ ਉਹ ਟੋਲ, ਸਾਧਕ, ਆਪਣੀਆਂ ਛਾਲਾਂ ਮਾਰਨ ਨਾਲ ਕਿਸ ਤਰ੍ਹਾਂ, ਸਾਨੂੰ ਮਿਲ ਸਕਦੀ ਹੈ ।"[3]

ਇਹ ਸਤਰਾਂ ਗੁਰਮਤਿ ਦੇ ਇਕ ਹੋਰ ਸਿਧਾਂਤ ਨੂੰ ਵੀ ਪ੍ਰਗਟ ਕਰਦੀਆਂ ਹਨ ਕਿ ਪਰਮਾਤਮਾ ਦੀ ਦਾਤ ਉਤੇ ਸਿੱਧ ਹੀ ਪ੍ਰਾਪਤ ਹੁੰਦੀ ਹੈ । ਇਹ ਦਾਤ ਉਸ ਨੂੰ ਪ੍ਰਾਪਤ ਨਹੀਂ ਹੁੰਦੀ, ਜਿਸ ਉਤੇ ਉਸ ਪਰਮਾਤਮਾ ਦੀ ਕ੍ਰਿਪਾ ਨਹੀਂ ਹੁੰਦੀ ।

ਪ੍ਰੋ. ਪੂਰਨ ਸਿੰਘ ਪਰਮਾਤਮਾ ਦੇ ਦਰਸ਼ਨ ਹਰ ਜੀਵ, ਵਸਤੂ ਵਿਚ ਕਿਸੇ ਨਾ ਕਿਸੇ ਰੂਪ ਵਿਚ ਕਰਦਾ ਹੈ । ਪ੍ਰੋ. ਪੂਰਨ ਸਿੰਘ ਵੀ ਇਸ ਧਰਤੀ ਦੇ ਦਰਸ਼ਨ ਇਸ ਰੂਪਾਂ ਵਿਚੋਂ ਹੀ ਕਰਦਾ ਹੈ । ਪਰਮਾਤਮਾ ਦੇ ਦਰਸ਼ਨ ਕਰਨ ਦੀ ਤਾਂਘ ਪ੍ਰੋ. ਪੂਰਨ ਸਿੰਘ ਦੇ ਦਿਲ ਵਿਚ ਹਮੇਸ਼ਾਂ ਲੱਗੀ ਰਹਿੰਦੀ ਹੈ । ਆਪ ਅਨੁਸਾਰ ਇਕ ਘੜੀ ਕੀਮਤੀ, ਮੰਦਰ ਆਏ ਰੱਬ ਦੀ ਹਜ਼ੂਰੀ ਦੇ ਦਰਸ਼ਨ ਦੀ

> ਸਿੱਕ, ਸਿਕਮਣ, ਸਿਦਕ, ਨਾਮ ਹੈ, ਕਿ ਆਦਮੀ ਦਾ ਨਾ ਕੇਵਲ ਜੀਵਨ

---

1. ਗੁਰੂ ਗ੍ਰੰਥ ਸਾਹਿਬ : ਜਪੁਜੀ :
2. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 54
3. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 54

ਬਲਕਿ ਕੁੱਲ ਦਿਸਦਾ ਪਿਸਦਾ ਜਗਤ ਇਕ ਪਿਆਰੇ ਦਾ ਪਿਆਰ ਮੰਦਿਰ ਹਰਿਮੰਦਰ ਹੋ ਜਾਂਦਾ ਹੈ ।"[1]

ਪ੍ਰੋ. ਪੂਰਨ ਸਿੰਘ ਪਰਮਾਤਮਾ ਨੂੰ ਅੰਦਰ ਵਸਿਆ ਮਹਿਸੂਸ ਕਰਦਾ ਹੈ । ਇਹੋ ਕਾਰਨ ਹੈ ਕਿ ਪ੍ਰੋ. ਪੂਰਨ ਸਿੰਘ ਆਪਣੀਆਂ ਅੱਖਾਂ ਬੰਦ ਕਰਕੇ ਉਸ ਦਾ ਆਨੰਦ ਮਾਣਦਾ ਹੈ । ਇਹ ਜੋ ਪਰਮਾਤਮਾ ਹੈ ਆਪ ਨੂੰ ਸਮਝ ਤਾਂ ਨਹੀਂ ਆਉਂਦਾ ਪਰ ਪ੍ਰੋ. ਪੂਰਨ ਸਿੰਘ ਉਸ ਪਰਮਾਤਮਾ ਨੂੰ ਮਹਿਸੂਸ ਕਰਦਾ ਹੈ । ਪ੍ਰੋ. ਪੂਰਨ ਸਿੰਘ ਲਿਖਦਾ ਹੈ :

" ਮਹਬੂਬ ਮੇਰੀ ਹਸਤੀ ਦਾ ਕੋਈ ਮਰਮੀ ਭੇਤ ਹੈ ਜਿਹੜਾ ਸਮਝ ਨਹੀਂ ਆਉਂਦਾ, ਪਰ ਜਿਸ ਨੂੰ ਆਪਣੇ ਅੰਦਰ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਬਚਨਾਂ ਨੂੰ ਸੁਰਤ ਨਾਲ ਜੋੜ ਸਕਦਾ ਹੈ । ਦੇਖ ਨਹੀਂ ਸਕਦਾ, ਪਰ ਨੈਣਾਂ ਦੇ ਉੱਪਰ ਹੇਠ ਉਸ ਨੂਰਧ ਤੇਵਲ ਨੂੰ ਛੋਹ ਸਕਦਾ ਹੈ, ਤੇ ਕਪਟ ਖੁੱਲ੍ਹ ਜਾਂਦੇ ਹਨ, ਜੋ ਟੁੱਟ ਜਾਂਦੇ ਹਨ ਤੇ ਉਸ ਪਿਆਰ ਦੇ ਦਰਸ਼ਨ ਖਿਨ ਦੇਖੇ ਇਕ ਜੁਗ ਜਿਹੀ ਨਾਲ ਹੋ ਸਕਦੇ ਹਨ । ਸਪਰਸ਼ ਨਹੀਂ ਹੋ ਸਕਦਾ । ਪਰ ਰੋਮ ਰੋਮ ਵਿਚ ਕਿਸੀ ਅਲੰਗਿਨ ਦੇ ਅਲਿੰਗਨ ਨਾਲ ਮੇਰਾ ਮਨ ਤੇ ਸਰੀਰ ਅੰਮ੍ਰਿਤ ਨਾਲ ਭਰ ਜਾਂਦੇ ਹਨ ।"[2]

ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ ਵੀ ਪਰਮਾਤਮਾ ਬਾਰੇ ਜੋ ਵਿਚਾਰ ਪੇਸ਼ ਕੀਤੇ ਹਨ ਉਹ ਐਨ ਗੁਰਮਤਿ ਦੇ ਅਨੁਕੂਲ ਹੀ ਹਨ ।

ਜੀਵ :-

ਸ੍ਰਿਸ਼ਟੀ ਜਾਂ ਪਰਮਾਤਮਾ ਵਾਂਗ ਹੀ ਜੀਵ ਜਾਂ ਜੀਵਾਤਮਾ ਬਾਰੇ ਵੀ ਵੱਖ ਵੱਖ ਵਿਦਵਾਨਾਂ ਦੁਆਰਾ ਵਿਚਾਰ ਪੇਸ਼ ਕੀਤੇ ਗਏ ਹਨ । ਗੀਤਾ ਵਿਚ ਜੀਵਾਤਮਾ ਬਾਰੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਗਏ ਹਨ :

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 53
2. - ਉਹੀ - : ਪੰਨਾ 57

" ਪ੍ਰਕ੍ਰਿਤੀ ਜਾਂ ਮਾਇਆ ਤੋਂ ਉਤਪੰਨ ਸਤ ਰਜ ਅਤੇ ਸਤੋਗੁਣ ਇਸ ਅਬਿਨਾਸੀ ਆਤਮਾ ਨੂੰ ਸਰੀਰ ਵਿਚ ਬੰਨਦੇ ਹਨ ।"[1]

ਐਂਗੇ ਚਲਕੇ ਹੋਰ ਇਸ ਬਾਰੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਮਿਲਦੇ ਹਨ :

" ਪ੍ਰਕ੍ਰਿਤੀ ਵਿਚ ਸਥਿਤੀ ਪ੍ਰਕ੍ਰਿਤੀ ਤੋਂ ਉਤਪੰਨ ਗੁਣਾਤਮਕ ਪਦਾਰਥਾਂ ਨੂੰ ਭੋਗਦਾ ਹੈ ਅਤੇ ਇਨ੍ਹਾਂ ਗੁਣਾਂ ਦਾ ਸੰਗ ਹੀ ਜੀਵਾਤਮਾ ਦੀ ਚੰਗੀ ਜਾਂ ਮਾੜੀ ਜੂਨ ਦਾ ਕਾਰਣ ਹੈ ।"[2]

ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਜੀਵਾਤਮਾ ਦੇ ਬੰਧਨ ਦਾ ਕਾਰਣ ਮਾਇਆ ਨੂੰ ਹੀ ਮੰਨਿਆ ਜਾਂਦਾ ਹੈ । ਇਸੇ ਤਰ੍ਹਾਂ ਗੀਤਾ ਅਨੁਸਾਰ :

" ਗਿਆਨ ਦੁਆਰਾ ਜਦੋਂ ਮਾਇਆ, ਅਵਿਦਿਆ ਜਾਂ ਅਗਿਆਨ ਦਾ ਵਿਨਾਸ਼ ਹੁੰਦਾ ਹੈ ਤਾਂ ਜੀਵ ਬੰਧਨ ਮੁਕਤ ਹੋ ਜਾਂਦਾ ਹੈ । ਜੀਵਾਤਮਾ ਦੀ ਇਹ ਬੰਧਨ ਮੁਕਤ ਅਵਸਥਾ ਹੀ ਉਸ ਦੇ ਆਤਮ ਸਰੂਪ ਦੀ ਪ੍ਰਤਿਸ਼ਠਾ ਹੈ ।"[3]

ਤਿਰੁਮਲਿਸ਼ੈ ਅਲਵਾਰ ਨੇ ਜੀਵ ਬਾਰੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ :

" ਜਿਸ ਤਰ੍ਹਾਂ ਸਮੁੰਦਰ ਵਿਚ ਤਰੰਗਾਂ ਉਠਦੀਆਂ ਹਨ ਅਤੇ ਉਸੇ ਵਿਚ ਸਮਾ ਜਾਂਦੀਆਂ ਹਨ, ਤਰੰਗਾਂ ਦੀ ਸਮੁੰਦਰ ਤੋਂ ਵੱਖਰੀ ਕੋਈ ਹਸਤੀ ਨਹੀਂ । ਇਸੇ ਤਰ੍ਹਾਂ ਜੀਵ ਭਗਵਾਨ ਤੋਂ ਜਨਮ ਲੈਂਦੇ ਹਨ ਅਤੇ ਉਸੇ ਵਿਚ ਹੀ ਲੀਨ ਹੋ ਜਾਂਦੇ ਹਨ । ਉਨ੍ਹਾਂ ਦੀ ਵੀ ਵੱਖਰੀ ਕੋਈ ਹਸਤੀ ਨਹੀਂ । ਜੀਵ ਤਾਂ ਭਗਵਾਨ ਦਾ ਅੰਸ਼ ਰੂਪ ਹਨ।'

ਡਾ. ਮਨਮੋਹਨ ਸਿੰਘ ਨੇ ' ਗੁਰੂ ਨਾਨਕ ਅਤੇ ਭਗਤੀ ਅੰਦੋਲਨ' ਵਿਚ ਦਵੈਤਵਾਦ ਨਿੰਬਾਰਕ ਦੇ ਸਿਧਾਂਤ ਅਨੁਸਾਰ ਜੀਵਾਂ ਵਿਚਲਾ ਫਰਕ ਵੀ ਇਸ ਤਰ੍ਹਾਂ ਪੇਸ਼ ਕੀਤਾ ਹੈ :

" ਬਧ ਜੀਵ ਦੋ ਪ੍ਰਕਾਰ ਦੇ ਹੁੰਦੇ ਹਨ — ਮੁਮੁਕਸ਼ੂ ਅਤੇ ਬੁਭੁਕਸ਼ੂ । ਮੁਕਤੀ ਦੇ ਮੁਮੁਕਸ਼ੂ ਕਲੇਸ਼ਾਂ ਅਤੇ ਦੁੱਖਾਂ ਨਾਲ ਪੀੜਿਤ ਰਹਿੰਦੇ ਹਨ । ਬੁਭੁਕਸ਼ੂ ਵਿਸ਼ਯ - ਆਨੰਦ ਦੇ ਇਛੁਕ ਹੁੰਦੇ ਹਨ । ਮੁਕਤ ਜੀਵ ਵੀ ਦੋ ਪ੍ਰਕਾਰ ਦੇ ਹੁੰਦੇ ਹਨ — ਨਿਤਮੁਕਤ ਅਤੇ ਮੁਕਤ । ਨਿਤਮੁਕਤਾਂ ਨੂੰ ਪ੍ਰਕ੍ਰਿਤੀ ਦੁੱਖਾਂ ਦਾ ਅਨੁਭਵ

---

1. ਗੀਤਾ : 14/5
2. ਗੀਤਾ : 13/23
3. ਗੀਤਾ : 13/23
4. ਤਿਰੁਮਲਿਸ਼ੈ ਅਲਵਾਰ : ਤਿਰਵਿੰਤ ਵਿਰੁਤਮ : ਪੰਨਾ 10

ਹੀ ਨਹੀਂ ਹੁੰਦਾ । ਉਹ ਈਸ਼ਵਰ ਦਾ ਸਰੂਪ ਦਰਸ਼ਨ ਕਰਦੇ ਹਨ ਅਤੇ ਸਦਾ ਭਜਨ ਵਿਚ ਮਗਨ ਰਹਿੰਦੇ ਹਨ । ਬੁਧ ਅਤੇ ਮੁਕਤ ਦੋਹਾਂ ਅਵਸਥਾਵਾਂ ਵਿਚ ਜੀਵ ਬ੍ਰਹਮ ਤੋਂ ਭਿੰਨ ਰਹਿੰਦਾ ਹੈ ਅਤੇ ਅਭਿੰਨ ਵੀ । ਇੰਜ ਦੋਹਾਂ ਦਾ ਭੇਦ ਅਭੇਦ ਸੁਭਾਵਿਕ ਹੈ ।"[1]

ਨਾਥ ਸੰਪ੍ਰਦਾਇ ਨੇ ਵੀ ਜੀਵਾਂ ਬਾਰੇ ਵਿਚਾਰ ਉਪਨਿਸ਼ਦਾਂ ਅਤੇ ਗੀਤਾ ਦੀ ਨਿਆਈਂ ਪੇਸ਼ ਕੀਤੇ ਹਨ । ਨਾਥ ਸੰਪ੍ਰਦਾਇ ਅਨੁਸਾਰ :

"ਇਹ ਸ਼ਿਵ ਤੱਕ ਮਾਇਆ, ਅਵਿਦਿਆ ਜਾਂ ਅਗਿਆਨ ਦੇ ਲਗਾਉ ਕਾਰਣ 'ਜੀਵ' ਰੂਪ ਵਿਚ ਵਿਅਕਤ ਹੁੰਦਾ ਹੈ ।"[2]

ਇਸ ਤਰ੍ਹਾਂ ਜੀਵ ਬਾਰੇ ਉਪਰ ਵਿਅਕਤ ਕੀਤੇ ਗਏ ਵਿਚਾਰਾਂ ਨੂੰ ਵੇਖਦੇ ਹੋਏ ਕਹਿ ਸਕਦੇ ਹਾਂ ਕਿ ਜੀਵ ਅਤੇ ਬ੍ਰਹਮ ਦਾ ਸੰਬੰਧ ਆਪਸ ਵਿਚ ਅੰਸ਼ ਅਤੇ ਅੰਸ਼ੀ ਦਾ ਹੈ । ਇਹ ਹੀ ਕਾਰਣ ਹੈ ਕਿ ਜੀਵ ਅਤੇ ਬ੍ਰਹਮ ਵਿਚ ਅਭੇਦਤਾ ਹੈ । ਪਰ ਇਸ ਦੇ ਨਾਲ ਹੀ ਜੀਵ ਅਤੇ ਬ੍ਰਹਮ ਵਿਚ ਅਭੇਦ ਉਦੋਂ ਉਤਪੰਨ ਹੁੰਦਾ ਹੈ ਜਦੋਂ ਜੀਵ ਬ੍ਰਹਮ ਦੀ ਹੋਂਦ ਨੂੰ ਭੁੱਲ ਕੇ ਵਿਸ਼ਵ ਦੇ ਲੋਭ ਲਾਲਚਾਂ ਵਿਚ ਫਸ ਕੇ ਭਟਕਦਾ ਹੈ ।

ਇਸੇ ਤਰ੍ਹਾਂ ਗੁਰਮਤਿ ਅਨੁਸਾਰ ਵੀ ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਅਤੇ ਅੰਸ਼ੀ ਦਾ ਸਵੀਕਾਰ ਕੀਤਾ ਗਿਆ ਹੈ । ਜਿਸ ਤਰ੍ਹਾਂ :

"ਤੂੰ ਪੂਰਾ ਹਮ ਊਰੇ ਹੋਛੇ ਤੂੰ ਗਊਰਾ ਹਮ ਹਊਰੇ ।"[3]

ਇਸੇ ਤਰ੍ਹਾਂ ਜੀਵ ਨੂੰ ਪਰਮਾਤਮਾ ਦਾ ਮੰਦਿਰ ਵੀ ਸਵੀਕਾਰ ਕੀਤਾ ਗਿਆ ਹੈ । ਜਿਸ ਤਰ੍ਹਾਂ :

"ਕਾਇਆ ਮਹਲ ਮੰਦਿਰ ਘਰੁ ਹਰਿ ਕਾ, ਤਿਸ ਮਹਿ ਰਾਖੀ ਜੋਤ ਅਪਾਰ ।"[4]

ਭਾਈ ਵੀਰ ਸਿੰਘ ਜੀਵ ਨੂੰ ਬ੍ਰਹਮ ਦਾ ਅੰਸ਼ ਮੰਨਦਾ ਹੈ । ਆਪ ਅਨੁਸਾਰ ਬ੍ਰਹਮ ਸੱਤ ਹੈ ਇਸ ਲਈ ਜੀਵ ਵੀ ਸੱਤ ਹੈ । ਬ੍ਰਹਮ ਚੇਤੰਨ ਹੈ ਇਸ ਲਈ ਉਸ ਦੁਆਰਾ ਸਿਰਜਿਆ

---

1. ਡਾ. ਮਨਮੋਹਨ ਸਿੰਘ : ਗੁਰੂ ਨਾਨਕ ਅਤੇ ਭਗਤੀ ਅੰਦੋਲਨ : ਪੰਨਾ 65
2. ਹਜਾਰੀ ਪ੍ਰਸਾਦ ਦ੍ਵਿਵੇਦੀ : ਨਾਥ ਸੰਪ੍ਰਦਾਇ : ਪੰਨਾ 67
3. ਗੁਰੂ ਗ੍ਰੰਥ ਸਾਹਿਬ : ਸੋਰਠਿ ਮ.1
4. ਗੁਰੂ ਗ੍ਰੰਥ ਸਾਹਿਬ : ਮਲਾਰ ਮ.1

ਮਨੁੱਖ ਵੀ ਚੇਤੰਨ ਹੀ ਹੈ । ਸਰੀਰ ਨੂੰ ਦੀਪਤ ਕਰਨ ਲਈ ਆਤਮਾ ਦੀ ਜੋਤ ਪ੍ਰਭੂ ਵੱਲੋਂ ਰੱਖੀ ਗਈ ਹੈ । ਗੁਰਮਤਿ ਵਿਚ ਵੀ ਇਸ ਗੱਲ ਨੂੰ ਸਵੀਕਾਰ ਕੀਤਾ ਗਿਆ ਹੈ :

" ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ।"[1]

ਇਹ ਜੋਤ ਸਰੀਰ ਦੇ ਨਾਸ਼ ਹੋਣ ਤੇ ਵੀ ਸਥਿਰ ਰਹਿੰਦੀ ਹੈ ।ਸਰੀਰ ਵਿਚ ਚੇਤੰਨ ਅਤੇ ਗੁਣ ਕਰਨ ਦਾ ਨਿਰਨਾ ਨਹੀਂ, ਇਹ ਆਤਮਾ ਦਾ ਗੁਣ ਹੈ । ਇਹ ਹੀ ਕਾਰਨ ਹੈ ਕਿ ਕਈ ਵਿਚਾਰਕਾਂ ਨੇ ਆਤਮਾ ਨੂੰ ਬ੍ਰਹਮ ਹੀ ਕਿਹਾ ਹੈ । ਇਸ ਲਈ ਭਾਈ ਸਾਹਿਬ ਵੀ ਜੀਵ ਨੂੰ ਪਰਮਾਤਮਾ ਦਾ ਅੰਸ਼ ਸਵੀਕਾਰ ਕਰਦਾ ਹੈ । ਉਹ ਜੀਵ ਨੂੰ ਬ੍ਰਹਮ ਦਾ ਹੀ ਰੂਪ ਮੰਨਦਾ ਹੈ । ਜੀਵ ਉਸ ਪਰਮਾਤਮਾ ਵਿਚੋਂ ਹੀ ਜਨਮ ਲੈਂਦਾ ਅਤੇ ਉਸੇ ਵਿਚ ਅਲੋਪ ਹੋ ਜਾਂਦਾ ਹੈ । ਜੀਵ ਬਾਰੇ ਆਪ ਦੇ ਵਿਚਾਰ ਵੀ ਗੁਰਮਤਿ ਦੇ ਅਨੁਕੂਲ ਹੀ ਹਨ । ਗੁਰਮਤਿ ਵਿਚ ਵੀ ਇਹ ਮੰਨਿਆ ਜਾਂਦਾ ਹੈ ਕਿ ਪਰਮਾਤਮਾ ਦੇ ਹੁਕਮ ਤੋਂ ਜੀਵ ਸ੍ਰਿਸ਼ਟੀ ਹੋਈ । ਹੁਕਮ ਦੁਆਰਾ ਹੀ ਜੀਵ ਬ੍ਰਹਮ ਵਿਚ ਮੁੜ ਸਮਾ ਜਾਂਦਾ ਹੈ ।

ਭਾਈ ਸਾਹਿਬ ਅਨੁਸਾਰ ਚੇਤੰਨਤਾ ਦੀ ਜਿਸ ਪੂਰਣਤਾ ਤੱਕ ਮਨੁੱਖ ਨੇ ਵਿਕਾਸ ਕੀਤਾ ਹੈ ਹਰ ਕੋਈ ਪ੍ਰਾਣੀ ਨਹੀਂ ਕਰ ਸਕਿਆ। ਪਰ ਉਸ ਦੇ ਜੀਵਨ ਦਾ ਦੁਖਾਂਤ ਹੈ ਕਿ ਇਹ ਸਭ ਕੁਝ ਹੁੰਦਿਆਂ ਵੀ ਉਹ ਜੀਵਨ ਦੇ ਅਸਲੇ ਨੂੰ ਭੁੱਲ ਜਾਂਦਾ ਹੈ । ਇਸ ਭੁਲੇਖੇ ਦੇ ਕਾਰਨ ਹੀ ਮਨੁੱਖ ਸਰਬ ਚੇਤੰਨਤਾ ਤੋਂ ਵੱਖ ਹੈ । ਇਹ ਹੀ ਉਨ੍ਹਾਂ ਵਿਚ ਪਰਦੇ ਦਾ ਕਾਰਣ ਹੈ । ਪਰਮਾਤਮਾ ਮਾਇਆ ਦੇ ਪ੍ਰਭਾਉ ਤੋਂ ਸੁਤੰਤਰ ਹੈ ਪਰ ਜੀਵ ਉਸ ਦੇ ਪ੍ਰਭਾਉ ਵਿਚ ਆ ਜਾਂਦਾ ਹੈ । ਮਛਲੀ ਜਿਸ ਤਰ੍ਹਾਂ ਜਲ ਵਿਚ ਫਸ ਜਾਂਦੀ ਹੈ, ਤਿਵੇਂ ਜੀਵ ਵੀ ਮਾਇਆ ਜਾਲ ਵਿਚ ਜਕੜਿਆ ਜਾਂਦਾ ਹੈ ।

ਗੁਰਮਤਿ ਵਿਚ ਭਾਵੇਂ ਜੀਵਾਂ ਦੇ ਬਹੁਤ ਭੇਦ ਨਹੀਂ ਕੀਤੇ ਗਏ ਫਿਰ ਵੀ ਉਨ੍ਹਾਂ ਨੂੰ ਦੋ ਸ੍ਰੇਣੀਆਂ ਵਿਚ ਵੰਡਿਆ ਗਿਆ ਹੈ — ਅਰਥਾਤ ਭਗਤ ਅਤੇ ਸੰਸਾਰੀ । ਇਹ ਦੋਵੇਂ ਹੀ ਵਿਰੋਧੀ ਪ੍ਰਵਿਰਤੀਆਂ ਦੇ ਧਾਰਨੀ ਹਨ । ਇਸੇ ਲਈ ਦੋਹਾਂ ਵਿਚ ਜੋੜ ਹੋਣਾ ਅਸੰਭਵ ਹੈ ।

ਗੁਰਮਤਿ ਵਾਂਗ ਹੀ ਭਾਈ ਵੀਰ ਸਿੰਘ ਵੀ ਜੀਵ ਨੂੰ ਉਸ ਪਰਮਾਤਮਾ ਦੀ ਅੰਸ਼ ਹੀ ਸਮਝਦਾ ਹੈ । ਸੱਤ ਬ੍ਰਹਮ ਦੀ ਅੰਸ਼ ਹੋਣ ਕਾਰਣ ਜੀਵ ਵੀ ਸੱਤ ਹੀ ਹੈ । ਜੀਵ ਜਗਤ ਦੇ ਪ੍ਰੇਮ ਵਿਚ ਫਸ ਕੇ ਆਪਣੇ ਸੁਆਮੀ ਤੋਂ ਵਿਛੜ ਗਿਆ ਹੈ । ਭਾਈ ਵੀਰ ਸਿੰਘ ਅਨੁਸਾਰ :

" ਸਾਡਾ ਆਪਾ ' ਅੰਸ਼ ' ਹੈ ਉਹ ਚੇਤੰਨ ਦੀ ਜਿਸ ਨੂੰ ਪਰਮੇਸ਼ਰ ਆਖਦੇ ਹਨ । ਜਿਸ ' ਅੰਸ਼ ' ਦਾ ਸਰੂਪ ਵੀ ' ਪ੍ਰੇਮ ' ਹੈ । ਵਿਛੋੜਾ ਇਸ

---

1. ਗੁਰੂ ਗ੍ਰੰਥ ਸਾਹਿਬ : ਅਨੰਦ, ਰਾਮਕਲੀ ਮ . 3

ਗੱਲ ਵਿਚ ਹੈ ਕਿ ਇਹ ਜੀਵ ਦ੍ਰਿਸ਼ਟਮਾਨ ਦੇ ਪ੍ਰੇਮ ਵਿਚ ਫਸ ਗਈ ਹੈ । ਇਸ ਕਾਰਨ ਆਪਣੇ ਮਾਲਕ ' ਪ੍ਰੇਮ ਸਰੂਪ ਦ੍ਰਿਸ਼ਟੇ ' ਤੋਂ ਵਿਛੜ ਗਈ ਹੈ ।"[1]

ਭਾਈ ਵੀਰ ਸਿੰਘ ਅਨੁਸਾਰ ਜੀਵ ਵਿਨਾਸ਼ ਹੀਣ ਹੈ । ਇਸ ਲਈ ਜੀਵ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ । ਜੇ ਇਹ ਜੀਵ ਆਪਣੇ ਜੀਵਨ ਵਿਚ ਚੰਗੇ ਜਿਸ ਨੂੰ ਵੀਰ ਸਿੰਘ ਧਰਮੀ ਕੰਮ ਕਹਿੰਦਾ ਹੈ ਕਰੇਗਾ, ਤਾਂ ਹੀ ਉਹ ਕੋਈ ਫਲ ਪ੍ਰਾਪਤ ਕਰੇਗਾ । ਆਪ ਅਨੁਸਾਰ :

" ਇਹ ਦੇਹੀ ਬਿਨਸਨਹਾਰ ਹੈ ਅੰਤ ਬਿਨਸਣੀ ਹੈ, ਫੇਰ ਜੇ ਪੰਥ ਦੀ ਸੇਵਾ ਲਈ ਬਿਨਸੇ ਤਾਂ ਇਸ ਤੋਂ ਵੱਧ ਕੀ ਲਾਭ ? "[2]

ਭਾਈ ਵੀਰ ਸਿੰਘ ਜੀਵ ਦਾ ਪਰਮਾਤਮਾ ਨਾਲੋਂ ਫਰਕ ਇਸ ਗੱਲ ਵਿਚ ਮੰਨਦਾ ਹੈ ਕਿ ਜੀਵ ਲੋਭ ਲਾਲਚ ਵਿਚ ਫਸ ਜਾਂਦਾ ਹੈ । ਸ਼ੰਕਰਾਚਾਰੀਆਂ ਦਾ ਵੀ ਇਹ ਹੀ ਮੱਤ ਹੈ ਕਿ ਅਵਿੱਦਿਆ ਦੇ ਕਾਰਨ ਹੀ ਜੀਵ ਪ੍ਰਭੂ ਤੋਂ ਭਿੰਨ ਦਿਖਾਈ ਦਿੰਦਾ ਹੈ ਅਤੇ ਪ੍ਰਭੂ ਦੇ ਸਾਰੇ ਗੁਣਾਂ ਦੀ ਪ੍ਰਾਪਤੀ ਜੀਵ ਵਿਚ ਸੰਭਵ ਹੋਣ ਤੇ ਵੀ ਅਵਿੱਦਿਆ ਦੇ ਕਾਰਨ ਜੀਵਨ ਕਾਲ ਵਿਚ ਇਨ੍ਹਾਂ ਦਾ ਪ੍ਰਗਟਾ ਉਸ ਵਿਚ ਨਹੀਂ ਹੁੰਦਾ ।"[3]

ਭਾਈ ਵੀਰ ਸਿੰਘ ਜੀਵ ਨੂੰ ਧਰਮ ਦੇ ਨਾਲ ਨਿਭਣ ਲਈ ਕਹਿੰਦਾ ਹੈ । ਭਾਈ ਵੀਰ ਸਿੰਘ ਇਸ ਬਾਰੇ ਲਿਖਦਾ ਹੈ :

" ਜਾਨ ਬਚਾਉਣ ਦੀ ਖਾਤਰ ਜਿਸ ਨਿਕਾਰੀ ਨੇ ਨਾਲ ਨਿਭਣਾ ਹੀ ਨਹੀਂ ਤੇ ਇਸ ਨੇ ਇਕ ਦਿਨ ਜ਼ਰੂਰ ਦਗਾ ਦੇ ਜਾਣਾ ਹੈ । ਪਰ ਧਰਮ ਪਧਾਰਾ ਧਰਮ ਉਸ ਵੇਲੇ ਵੀ ਅੰਗ ਸੰਗ ਹੀ ਰਹੇਗਾ । ਜਦੋਂ ਸਭ ਤਿਆਗ ਦੇਣਗੇ । ਇਹ ਨਾਲ ਹੀ ਹੋਵੇਗਾ ।"[4]

ਇਸ ਤਰ੍ਹਾਂ ਭਾਈ ਵੀਰ ਸਿੰਘ ਵੱਧ ਤੋਂ ਵੱਧ ਇਸੇ ਗੱਲ ਤੇ ਜ਼ੋਰ ਦਿੰਦਾ ਹੈ ਕਿ ਜਦੋਂ ਤੱਕ ਮਨੁੱਖ ਦੀ ਦੇਹ ਹੈ, ਉਦੋਂ ਤੱਕ ਉਸ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ ਅਤੇ ਉਸ ਪਰਮਾਤਮਾ ਨਾਲ ਪਿਆਰ ਕਰਦੇ ਰਹਿਣਾ ਚਾਹੀਦਾ ਹੈ ।

---

1. ਭਾਈ ਵੀਰ ਸਿੰਘ : ਸਤਵੰਤ ਕੌਰ : ਪੰਨਾ 111
2. ਭਾਈ ਵੀਰ ਸਿੰਘ: ਸੁੰਦਰੀ : ਪੰਨਾ 26
3. Indian Philosophy, Vol-II : P-82
4. ਭਾਈ ਵੀਰ ਸਿੰਘ : ਸੁੰਦਰੀ : ਪੰਨਾ 63

ਭਾਈ ਵੀਰ ਸਿੰਘ ਅਨੁਸਾਰ ਬ੍ਰਹਮ ਅਤੇ ਜੀਵ ਵਿਚਲੀ ਵਿੱਥ ਉਦੋਂ ਤੱਕ ਨਹੀਂ ਮਿਟ ਸਕਦੀ ਜਦ ਤੀਕ 'ਅਨੁਭਵ ਦੀ ਅੱਖ' ਨਹੀਂ ਖੁਲ੍ਹਦੀ, ਭਾਵ ਅਨੁਭਵ ਅਤੇ ਗਿਆਨ ਦਾ ਚਾਨਣ ਨਾ ਹੋ ਜਾਵੇ। ਇਸੇ ਲਈ ਵਿਸ਼ੇਸ਼ ਅਨੁਭਵ ਅਤੇ ਸਾਧਨ ਮਾਰਗ ਅਪਣਾਉਣ ਦੀ ਲੋੜ ਹੈ। ਪਰ ਵਿੱਥ ਦੇ ਮੂਲ ਕਾਰਨ 'ਭੁੱਲ' ਦਾ ਦਾਰੂ ਪਿਆਰ ਹੈ, ਜੋ ਪਰਮਾਤਮਾ ਦਾ ਹੀ ਰੂਪ ਹੈ। ਪਿਆਰ ਆਪਣੀ ਪ੍ਰਪੱਕ ਅਵਸਥਾ ਵਿਚ ਪੁੱਜ ਕੇ ਪ੍ਰੇਮ - ਰੂਪ ਹੋ ਨਿਬੜਦੀ ਹੈ। ਪ੍ਰਭੂ ਦੀ ਕ੍ਰਿਪਾ ਸਦਕਾ ਹੀ ਜੀਵ ਅਤੇ ਪਰਮਾਤਮਾ ਦਾ ਮੇਲ ਹੋ ਸਕਦਾ ਹੈ। ਗੱਲ ਕੀ, ਬ੍ਰਹਮ ਅਤੇ ਜੀਵ ਦੋਹਾਂ ਦੇ ਮੇਲ ਦਾ ਇਕ ਮਾਤਰ ਸਾਧਨ ਪ੍ਰੇਮ ਹੈ। ਆਪ ਭਿੰਨ ਅਥਵਾ ਅਰਦਾਸ ਨੂੰ ਹੀ ਬ੍ਰਹਮ ਅਥਵਾ ਜੀਵ ਵਿਚਲੀ ਵਿੱਥ ਨੂੰ ਮਿਟਾਉਣ ਦਾ ਇਕ ਸ਼ਕਤੀ ਸ਼ਾਲੀ ਸਾਧਨ ਮੰਨਦਾ ਹੈ।

ਉਧਰ, ਪ੍ਰੋ. ਪੂਰਨ ਸਿੰਘ ਜੀਵ ਦੀ ਉਤਪੱਤੀ ਦਾ ਕਾਰਣ 'ਬ੍ਰਹਮ' ਸਵੀਕਾਰਦਾ ਹੈ। ਜੀਵ ਦੇ ਕਰਮਾਂ ਦਾ ਕਰਣਹਾਰ ਵੀ ਉਹ ਜੀਵ ਦੇ ਸਿਰਜਣਹਾਰ ਨੂੰ ਹੀ ਮੰਨਦਾ ਹੈ।

ਪ੍ਰੋ. ਪੂਰਨ ਸਿੰਘ ਅਨੁਸਾਰ ਜੀਵ ਦਾ ਇਹ ਸਰੀਰ ਢਹਿ ਢੇਰੀ ਹੋ ਜਾਣ ਤੇ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦਾ ਹੈ, ਅਤੇ ਆਪਣੇ ਅਸਲੇ ਨਾਲ ਜਾ ਮਿਲਦਾ ਹੈ ਜਿਸ ਨੂੰ ਪਰਮਾਤਮਾ ਕਿਹਾ ਜਾਂਦਾ ਹੈ।

ਪ੍ਰੋ. ਪੂਰਨ ਸਿੰਘ ਸਭ ਜੀਵਾਂ ਨੂੰ ਬਰਾਬਰ ਸਮਝਣ ਲਈ ਕਹਿੰਦਾ ਹੈ। ਇਸ ਦਾ ਕਾਰਣ ਹੈ ਕਿ ਸਭ ਜੀਵਾਂ ਨੂੰ ਉਹ ਉਸ ਪਰਮਾਤਮਾ ਦੀ ਉਪਜ ਸਮਝਦਾ ਹੈ, ਉਸ ਅਨੁਸਾਰ ਸਾਨੂੰ ਜੀਵਾਂ ਜੀਵਾਂ ਵਿਚਕਾਰ ਫਰਕ ਨਹੀਂ ਕਰਨਾ ਚਾਹੀਦਾ। ਇਸ ਦਾ ਕਾਰਣ ਹੈ ਕਿ ਆਪ ਸਭ ਜੀਵਾਂ ਨੂੰ ਉਸ ਪਰਮਾਤਮਾ ਦੀ ਪੈਦਾਇਸ਼ ਸਮਝਦੇ ਸਨ। ਆਪ ਅਨੁਸਾਰ :

> "ਰੱਬ ਦੀਆਂ ਬਣਾਈਆਂ ਵਸਤਾਂ ਹਨ, ਜੋ ਸੰਜੋਗਾਂ ਸੇਤੀ ਮਿਲ ਗਿਆਂ ਰੱਬ ਨੇ ਮਿਲਾਇਆਂ ਹੈ, ਤੇ ਸਾਥੀ ਕੰਮ ਖੁਸ਼ੀ ਦਾ ਨਾ ਹੋਵੇ, ਸਾਥੀ ਇਕ ਦੂਜੇ ਦੇ ਦੁੱਖ ਦਰਦ ਦਾ ਹੋਵੇ।"[1]

ਪ੍ਰੋ. ਪੂਰਨ ਸਿੰਘ ਅਨੁਸਾਰ ਸਭ ਜੀਵ ਉਸ ਪਰਮਾਤਮਾ ਦੀ ਹੀ ਉਪਜ ਸਨ। ਜਦ ਇਨਸਾਨ ਨੂੰ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਤਾਂ ਉਹ ਇਕ ਦੂਜੇ ਨਾਲ ਸੈਤ ਭੇਦ ਨਹੀਂ ਕਰਦਾ। ਪ੍ਰੋ. ਪੂਰਨ ਸਿੰਘ ਜੀਵਾਂ ਨੂੰ ਆਪਸ ਵਿਚ ਬਰਾਬਰ ਸਮਝਦਾ ਹੋਇਆ ਲਿਖਦਾ ਹੈ ਕਿ ਜਦੋਂ ਸਾਡੀ ਚੇਤੰਨਤਾ ਨੂੰ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਸਭ ਬੰਦੇ ਉਸ ਨੂਰ ਦੀ ਪੈਦਾਇਸ਼ ਹਨ ਤਾਂ ਫਰਕ

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 172

ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ । ਆਪ ਅਨੁਸਾਰ :

> " ਅਰਜਨ ਨੇ ਇਹ ਜਾਣ ਲੀਤਾ ਕਿ ਸਭ ਬੰਦੇ ਕੂਰ ਦੇ ਹਨ, ਕੌਣ ਭਲੇ ਕੌਣ ਮੰਦੇ । ਪ੍ਰਤੀਤ ਕਰ ਲੀਤਾ, ਪਰ ਜਦ ਤੱਕ ਸੁਰਤ ਸਹਿਜ ਸੁਭਾ ਇਸ ਮਾਣ ਵਿਚ ਨਹੀਂ ਜਾਂਦੀ ਰਹਿੰਦੀ ਬਾਂਦੀ ਰਸ ਲੈਂਦੀ, ਜਦ ਤੱਕ ਅੱਖ ਵਿਚ ਉਹ ਕੋਈ ਜਲ ਥਲ ਵਿਚ ਭਾਸਦਾ ਸੋਹਣਾ ਨਹੀਂ ਬੈਠਾ ।"[1]

**ਮੌਤ :**

ਜਦ ਤੋਂ ਸ੍ਰਿਸ਼ਟੀ ਹੋਂਦ ਵਿਚ ਆਈ ਹੈ, ਮਨੁੱਖੀ ਜੀਵਨ ਨੂੰ ਮੌਤ ਡਰਾਉਂਦੀ ਹੀ ਰਹੀ ਹੈ । ਇਹ ਡਰ ਕਿਸੇ ਵੀ ਯੁੱਗ ਵਿਚ ਖਤਮ ਨਹੀਂ ਹੋ ਸਕਿਆ । ਸੁਚੇਤ ਜਾਂ ਅਚੇਤ ਅਵਸਥਾ ਵਿਚ ਭਾਵੇਂ ਬਦਲਵਾਂ ਜ਼ਰੂਰ ਰਹਿੰਦਾ ਹੈ । ਡਾ. ਬਲਬੀਰ ਸਿੰਘ ਵੀ ਇਸ ਬਾਰੇ ਕਹਿੰਦਾ ਹੈ ਕਿ ਸਾਇੰਸ ਦੇ ਇਤਨਾ ਜ਼ਿਆਦਾ ਉੱਨਤ ਹੋਣ ਤੇ ਵੀ ਇਹ ਡਰ ਘਟ ਨਹੀਂ ਸਕਿਆ । ਡਾ. ਬਲਬੀਰ ਸਿੰਘ ਅਨੁਸਾਰ :

> " ਅਜੋਕੇ ਯੁੱਗ ਵਿਚ ਸਾਇੰਸ ਦੀ ਉੱਨਤੀ ਵੀ ਮੌਤ ਦੇ ਭੈਅ ਨੂੰ ਘਟਾ ਨਹੀਂ ਸਕੀ ।"[2]

ਇਸ ਤਰ੍ਹਾਂ ਜੀਵ, ਸ੍ਰਿਸ਼ਟੀ ਅਤੇ ਪਰਮਾਤਮਾ ਦੀ ਪ੍ਰਕ੍ਰਿਆ ਵਾਂਗ ਮੌਤ ਨੇ ਵੀ ਹਮੇਸ਼ਾਂ ਮਨੁੱਖੀ ਸੋਚ ਨੂੰ ਟੁੰਬੀ ਰੱਖਿਆ ਹੈ । ਇਹੋ ਕਾਰਨ ਹੈ ਕਿ ਵੱਡੇ ਵੱਡੇ ਦਾਰਸ਼ਨਿਕ ਅਤੇ ਵਿਦਵਾਨਾਂ ਨੇ ਵੀ ਇਸ ਬਾਰੇ ਆਪਣੇ ਵਿਚਾਰ ਪ੍ਰਗਟਾਏ ।

ਸਵਾਲ ਪੈਦਾ ਹੁੰਦਾ ਹੈ ਕਿ ਮੌਤ ਕੀ ਚੀਜ਼ ਹੈ ? ਇਸ ਨੇ ਮਨੁੱਖਤਾ ਤੇ ਕੁਝ ਪਾਬੰਦੀਆਂ ਕਿਉਂ ਲਾ ਦਿੱਤੀਆਂ ਹਨ ? ਇਸ ਤੋਂ ਲੋਕ ਭੈਅ ਕਿਉਂ ਅਨੁਭਵ ਕਰਦੇ ਹਨ ? ਇਥੋਂ ਤੱਕ ਕਿ ਇਸ ਦਾ ਮੂੰਹ ਤੱਕ ਨਹੀਂ ਵੇਖਣਾ ਚਾਹੁੰਦੇ । ਇਸ ਬਾਰੇ ਵਿਭਿੰਨ ਧਰਮਾਂ, ਵੱਖ ਵੱਖ ਫਿਲਾਸਫਰਾਂ ਅਤੇ ਅਨੇਕ ਹੀ ਲੇਖਕਾਂ ਦੇ ਆਪੋ ਆਪਣੇ ਵਿਚਾਰ ਹਨ ।

---

1. ਪ੍ਰੋ. ਪੂਰਨ ਸਿੰਘ : ਖੁੱਲ੍ਹੇ ਲੇਖ : ਪੰਨਾ 117
2. ਡਾ. ਬਲਬੀਰ ਸਿੰਘ : ਆਲੋਚਨਾ, ਫਰਵਰੀ 1961 : ਪੰਨਾ 30

ਗੀਤਾ ਵਿਚ ਤਾਂ ਮੌਤ ਦੀ ਤੁਲਨਾ ਮਨੁੱਖ ਦੇ ਕਪੜੇ ਬਦਲਣ ਨਾਲ ਕੀਤੀ ਗਈ ਹੈ । ਕਪੜੇ ਬਦਲਣ ਉਪਰੰਤ ਉਹ ਆਪਣੇ ਆਪ ਨੂੰ ਪਹਿਲੇ ਤਰ੍ਹਾਂ ਹੀ ਮਹਿਸੂਸ ਕਰਦਾ ਹੈ । ਆਪਣੇ ਆਪ ਵਿਚ ਕੋਈ ਫਰਕ ਨਹੀਂ ਸਮਝਦਾ । ਇਸੇ ਤਰ੍ਹਾਂ ਸਰੀਰਕ ਮੌਤ ਹੋਣ ਨਾਲ ਆਤਮਾ ਵਿਚ ਕੋਈ ਫਰਕ ਨਹੀਂ ਆਉਂਦਾ । ਇਸ ਬਾਰੇ ਗੀਤਾ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ :

> " ਮਨੁੱਖ ਦੇ ਕਪੜੇ ਬਦਲਣ ਨਾਲ ਨਵੇਂ ਕਪੜਿਆਂ ਰਾਹੀਂ ਉਸ ਦੇ ਸਰੀਰ ਵਿਚ ਕੋਈ ਫਰਕ ਨਹੀਂ ਆਉਂਦਾ । ਇਸ ਤਰ੍ਹਾਂ ਮਨੁੱਖ ਦੀ ਮੌਤ ਨਾਲ ਸਿਰਫ ਉਸ ਦਾ ਸਰੀਰ ਹੀ ਨਸ਼ਟ ਹੁੰਦਾ ਹੈ ਆਤਮਾ ਉਸ ਤਰ੍ਹਾਂ ਹੀ ਰਹਿੰਦੀ ਹੈ ।"[1]

ਪਲੈਟੋ ਆਪਣੇ ਵਿਚਾਰ ਮੌਤ ਬਾਰੇ ਇਸ ਤਰ੍ਹਾਂ ਪ੍ਰਗਟ ਕਰਦਾ ਹੈ ਕਿ ਜਦੋਂ ਮਨੁੱਖ ਦੀ ਆਤਮਾ ਉਸ ਦੇ ਸਰੀਰ ਨਾਲੋਂ ਅਲੱਗ ਹੋ ਜਾਂਦੀ ਹੈ ਤਾਂ ਸਰੀਰ ਨਸ਼ਟ ਹੋ ਜਾਂਦਾ ਹੈ ਨੂੰ ਮੌਤ ਕਹਿੰਦੇ ਹਨ ।"[2] ਇਸੇ ਤਰ੍ਹਾਂ ਹੀਗਲ ਵੀ ਮੌਤ ਦਾ ਸੰਬੰਧ ਸਿਰਫ ਸਰੀਰ ਨਾਲ ਜੋੜਦਾ ਹੈ । ਮੌਤ ਸਿਰਫ ਸਰੀਰ ਦੀ ਹੁੰਦੀ ਹੈ ਨਾ ਕਿ ਆਤਮਾ ਦੀ ।"[3]

ਮੌਤ ਸੰਬੰਧੀ ਪਦਾਰਥਵਾਦੀਆਂ ਅਤੇ ਅਪਦਾਰਥਵਾਦੀਆਂ ਦੀਆਂ ਵੀ ਵੱਖ ਵੱਖ ਧਾਰਨਾਵਾਂ ਮਿਲਦੀਆਂ ਹਨ । ਪਦਾਰਥਵਾਦੀ ਇਹ ਮੰਨਦੇ ਹਨ ਕਿ ਵਿਅਕਤੀ ਦੇ ਭੌਤਿਕ ਸਰੀਰ ਦੇ ਅੰਤ ਨਾਲ ਹੀ ਉਸ ਦੇ ਵਿਅਕਤਿਤਵ ਦਾ ਅੰਤ ਹੋ ਜਾਂਦਾ ਹੈ । ਉਨ੍ਹਾਂ ਦੇ ਵਿਚਾਰ ਵਿਚ ਵਿਅਕਤੀ ਇਕ ਅਜਿਹਾ ਸਅੰਤ ਜੀਵ ਹੈ, ਜਿਸ ਦਾ ਹੋਂਦ ਇਕ ਵਿਸ਼ੇਸ਼ ਸਮੇਂ ਅਤੇ ਸਥਾਨ ਵਿਚ ਹੁੰਦੀ ਹੈ । ਜਰਮਨੀ ਦੇ ਪ੍ਰਸਿੱਧ ਪਦਾਰਥਵਾਦੀ ਫਿਉਰਬਾਖ ਦਾ ਇਹੀ ਵਿਚਾਰ ਸੀ ।"[4] ਇਸੇ ਤਰ੍ਹਾਂ ਯੂਨਾਨ ਦੇ ਪੁਰਾਣੇ ਪਦਾਰਥਵਾਦੀ ਐਪੀਕੁਰਸ ਦਾ ਵੀ ਇਹੋ ਖਿਆਲ ਸੀ ਕਿ ਮੌਤ ਦਾ ਕੋਈ ਖਤਰਾ ਨਹੀਂ ਹੋਣਾ ਚਾਹੀਦਾ ਕਿਉਂਕਿ ਜਦੋਂ ਇਹ ਆਉਂਦੀ ਹੈ ਤਾਂ ਉਸ ਵੇਲੇ ਵਿਅਕਤੀ ਖਤਮ ਹੋ ਜਾਂਦਾ ਹੈ ।"[5]

---

1. ਵੇਦ ਵਿਆਸ : ਗੀਤਾ : ਪੰਨਾ 22
2. Jacques Chérorn : Death and western thought : P-151

" Death is the reconsiliation of the spirit of itself."

3. Jacques Chrorn : Death and western thought : P-151

"..The individual is thus a definites being in time and space, it is an individual is only in the concrete bodily form, and there is nothing beyound the concrete body-- "the end of body is your concrete end."

4. Jacques Chrorn : Death and western throught : P-188

"so death, the most terrifying of all its, is nothing to us since so long as we exist death is not with us, but when death comes the we do not exist."

5. Jacques Chrorn : Death and western thought : P-60

ਮੌਤ ਬਾਰੇ ਈਸਾਈ ਵਿਦਵਾਨਾਂ ਦੇ ਵਿਚਾਰ ਵੀ ਪ੍ਰਗਟ ਕੀਤੇ ਮਿਲਦੇ ਹਨ । ਈਸਾਈ ਵਿਦਵਾਨਾਂ ਨੇ ਮੌਤ ਨੂੰ ਤਿੰਨ ਅਰਥਾਂ ਵਿੱਚ ਸਮਝਿਆ ਹੈ । ਸਭ ਤੋਂ ਪਹਿਲਾਂ ਭੌਤਿਕ ਮੌਤ, ਜਿਹੜੀ ਭੌਤਿਕ ਜੀਵਨ ਨੂੰ ਖਤਮ ਕਰ ਦਿੰਦੀ ਹੈ । ਇਕ ਦੂਜੀ ਹੈ ਆਤਮਿਕ ਮੌਤ, ਜਿਸ ਦਾ ਅਰਥ ਹੈ ਈਸਾਈ ਵਿਸ਼ਵਾਸ਼ ਤੋਂ ਬਾਹਰ ਰਹਿ ਜਾਣਾ ਅਤੇ ਇਕ ਤੀਜੀ ਹੈ ਰਹੱਸਮਈ ਮੌਤ, ਜਿਸ ਦਾ ਅਰਥ ਹੈ ਮਰ ਕੇ ਵੀ ਇਸ ਸੰਸਾਰ ਵਿੱਚ ਜਿਉਂਦੇ ਰਹਿਣਾ, ਰਹੱਸਮਈ ਮੌਤ ਭੌਤਿਕ ਮੌਤ ਉਤੇ ਜਿੱਤ ਪ੍ਰਾਪਤ ਕਰਨ ਦਾ ਤਰੀਕਾ ਹੈ ।"[1]

ਵਿਅਕਤੀ ਦੇ ਭੌਤਿਕ ਅੰਤ ਸੰਬੰਧੀ ਗੁਰਬਾਣੀ ਵਿੱਚ ਵੀ ਵਿਚਾਰ ਪ੍ਰਗਟਾਏ ਗਏ ਹਨ । ਮੌਤ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਵਿਚਾਰ ਇਹ ਹੈ ਕਿ ਕੋਈ ਵੀ ਭੌਤਿਕ ਰੂਪ ਵਿੱਚ ਅਮਰ ਨਹੀਂ ਹੋ ਸਕਦਾ । ਉਸ ਦਾ ਅੰਤ ਅਵੱਸ਼ ਹੁੰਦਾ ਹੈ । ਭਾਵੇਂ ਉਸ ਦੀ ਇਸ ਸੰਸਾਰ ਵਿੱਚ ਕਿੰਨੀ ਵੱਡੀ ਮਹਾਨਤਾ ਅਤੇ ਪ੍ਰਸਿੱਧੀ ਕਿਉਂ ਨਾ ਹੋਵੇ । ਜਿਸ ਤਰ੍ਹਾਂ ਗੁਰੂ ਸਾਹਿਬ ਅਨੁਸਾਰ :

" ਜੋ ਆਇਆ ਸੋ ਚਲਸੀ ਅਮਰ ਸੁ ਗੁਰ ਕਰਤਾਰ,
ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰ,
ਦਰ ਘਰ ਮਹਲ ਸੋਹਣੇ ਪਕੇ ਕੋਟ ਹਜਾਰ,
ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ,
ਕਿਸ ਹੀ ਨਾਲਿ ਨਾ ਚਲਿਆ ਖਪਿ ਖਪਿ ਮੁਏ ਅਸਾਰ ।"[2]

---

" According the Christian theologianr, we speaking of death give it a three fold meaning, there is first of all, the physical thought, which is the end of the biological life,then there is spiritual death, which is the condition of humanity out side of the christian faith, finally there is mystical death which is the participate in the divine life mode accesibl by Christ--- the mystical death is but another phase of this physical death which is at the same time eternal life."

1. Jacques Chrorn : Death and western thought : P-86

2. ਸ੍ਰੀ ਗੁਰੂ ਨਾਨਕ ਦੇਵ : ਸ਼ਬਦਾਰਥ ਬਾਣੀ : ਪੰਨਾ 66

ਇਸ ਭੌਤਿਕ ਮੌਤ ਪਿਛੋਂ ਸਰੀਰ ਕੁਝ ਪਲਾਂ ਲਈ ਜਾਂ ਕੁਝ ਦਿਨ੍ਹਾਂ ਲਈ ਬਾਕੀ ਰਹਿੰਦਾ ਹੈ । ਪਰ ਇਸ ਵਿਚ ਕੋਈ ਜਾਨ ਜਾਂ ਹਰਕਤ ਨਾ ਹੋਣ ਕਰਕੇ ਇਹ ਨਿਰੀ ਮਿੱਟੀ ਹੁੰਦਾ ਹੈ । ਇਸ ਸੰਬੰਧੀ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :

" ਨਾਨਕ ਢੇਰੀ ਢਹਿ ਪਈ, ਮਿਟੀ ਸੰਦਾ ਕੋਟੁ,
ਭੀਤਰਿ ਚੋਰ ਬਹਾਲਿਆ ਖੋਟੁ ਵੇ ਜੀਆ ਖੋਟੁ ।"[1]

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਗੁਰਮਤਿ ਵਿਚ ਵੀ ਕਾਲ ਦੀ ਵਾਸਤਵਿਕਤਾ ਨੂੰ ਸਮਝਣ ਉਤੇ ਜ਼ੋਰ ਦਿੱਤਾ ਗਿਆ ਹੈ ਜਿਵੇਂ :

" ਸਭ ਜਗ ਬਾਧੋ ਕਾਲ ਕੋ ਬਿਨੁ ਗੁਰ ਕਾਲ ਅਫਾਰੁ,
ਸਚੇ ਰਤੇ ਉਬਰੇ ਦੁਬਿਧਾ ਛੋਡਿ ਵਿਕਾਰ ।"[2]

ਭਾਈ ਵੀਰ ਸਿੰਘ ਅਨੁਸਾਰ ਦੁਨੀਆਂ ਵਿਚ ਵਸਤਾਂ ਜਨਮ ਲੈਂਦੀਆਂ ਹਨ, ਪਰ ਸਮੇਂ ਦੇ ਗੇੜ ਨਾਲ ਸਭ ਅਲੋਪ ਹੋ ਜਾਂਦੀਆਂ ਹਨ । ਭਾਈ ਵੀਰ ਸਿੰਘ ਸਵੀਕਾਰ ਕਰਦਾ ਹੈ ਕਿ ਪਰਿਵਰਤਨ ਸ੍ਰਿਸ਼ਟੀ ਦਾ ਨਿਯਮ ਹੈ । ਮੇਲ ਵਿਛੋੜੇ ਅਤੇ ਸੰਯੋਗ ਦੀ ਚਾਲ ਧੁਰ ਤੋਂ ਚਲੀ ਆ ਰਹੀ ਹੈ, ਚਾਲ ਵਿਚ ਰਹਿਣਾ ਜੀਵਨ ਹੈ, ਚਾਲ ਦਾ ਅਟਕਣਾ ਮੌਤ ਹੈ ।

ਭਾਈ ਵੀਰ ਸਿੰਘ ਮੌਤ ਨੂੰ ਇਕ ਪ੍ਰਕਾਰ ਨਾਲ ਜੀਵ ਦੀ ਬ੍ਰਹਮ ਵਿਚ ਲਿਵਲੀਨਤਾ ਅਥਵਾ ਬ੍ਰਹਮ ਪ੍ਰਾਪਤੀ ਹੀ ਮੰਨਦਾ ਹੈ । ਇਹ ਹੀ ਕਾਰਨ ਹੈ ਕਿ ਭਾਈ ਸਾਹਿਬ ਮੌਤ ਨੂੰ ਬੁਰੀ ਨਹੀਂ ਕਹਿੰਦਾ । ਭਾਈ ਸਾਹਿਬ ਤਾਂ ਮੌਤ ਨੂੰ ਚੰਗੀ ਕਹਿੰਦਾ ਹੈ । ਮੌਤ ਨੂੰ ਤਾਂ ਆਪ ਪਰਮਾਤਮਾ ਤੱਕ ਪਹੁੰਚਣ ਦਾ ਤਰੀਕਾ ਹੀ ਸਵੀਕਾਰ ਕਰਦਾ ਹੈ । ਮੌਤ ਕਿਉਂਕਿ ਪਰਮਾਤਮਾ ਤੱਕ ਮਿਲਾਉਂਦੀ ਹੈ, ਇਸ ਲਈ ਭਾਈ ਸਾਹਿਬ ਮੌਤ ਬਾਰੇ ਕਹਿੰਦਾ ਹੈ ਕਿ ਇਹ ਪਰਮਾਤਮਾ ਤੋਂ ਵਿਛੜਿਆਂ ਹੋਇਆਂ ਲਈ ਤਾਂ ਚੰਗੀ ਚੀਜ਼ ਹੈ । 'ਸੁੰਦਰੀ' ਵਿਚ ਮੌਤ ਨੂੰ ਜਦੋਂ ਲੱਖ ਪੱਤ ਰਾਏ ਬੁਰੀ ਕਹਿੰਦਾ ਹੈ ਤਾਂ ਅੱਗੋਂ ਭਾਈ ਸਾਹਿਬ ਲਿਖਦਾ ਹੈ :

" ਪਰਮੇਸ਼ਰ ਤੋਂ ਵਿਛੜਿਆਂ ਹੋਇਆਂ ਲਈ ਗੁਰੂ ਦੇ ਸੇਵਕਾਂ ਲਈ ਤਾਂ ਪਿਆਰੀ ਚੀਜ਼ ਹੈ ।"[3]

---

1. ਗੁਰੂ ਗ੍ਰੰਥ ਸਾਹਿਬ : ਸਿਰੀ ਰਾਗ ਮ. 1
2. ਗੁਰੂ ਗ੍ਰੰਥ ਸਾਹਿਬ : ਸਿਰੀ ਰਾਗ
3. ਭਾਈ ਵੀਰ ਸਿੰਘ : ਸੁੰਦਰੀ : ਪੰਨਾ 57

ਜਿਸ ਤਰ੍ਹਾਂ ਅਸੀਂ ਉਪਰ ਕਿਹਾ ਹੈ ਕਿ ਭਾਈ ਸਾਹਿਬ ਅਨੁਸਾਰ ਪਰਿਵਰਤਨਸ਼ੀਲਤਾ ਸ੍ਰਿਸ਼ਟੀ ਦਾ ਨਿਯਮ ਹੈ । ਆਪ ਅਨੁਸਾਰ ਪੁਰਾਣੀਆਂ ਸ਼ਕਲਾਂ ਦਾ ਨਵੀਆਂ ਵਿੱਚ ਬਦਲਣਾ ਹੀ ਮੌਤ ਅਖਵਾਉਂਦਾ ਹੈ ਅਤੇ ਇਸ ਤੋਂ ਅਸੀਂ ਕਿਸੇ ਵੀ ਵਿਨਾਸ਼ਕਤਾ ਦਾ ਅੰਦਾਜ਼ਾ ਲਾ ਸਕਦੇ ਹਾਂ ।

ਇਸ ਦੇ ਨਾਲ ਹੀ ਭਾਈ ਸਾਹਿਬ ਦੱਸਦਾ ਹੈ ਕਿ ਕਾਲ ਸਮੇਂ ਦਾ ਪ੍ਰਤੀਕ ਹੈ । ਇਸ ਨੇ ਸ੍ਰਿਸ਼ਟੀ ਨੂੰ ਨਿਸ਼ਚਿਤ ਨਿਯਮਾਂ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹੈ । ਸਮੇਂ ਦੇ ਬੰਧਨ ਵਿੱਚ ਕਾਲ ਨੇ ਜੀਵਾਂ ਨੂੰ ਐਸਾ ਜਕੜ ਰੱਖਿਆ ਹੈ ਕਿ ਉਹ ' ਅਕਾਲ ' ਨੂੰ ਭੁੱਲ ਜਾਂਦੇ ਹਨ । ਇਸ ਦੇ ਪ੍ਰਭਾਵ ਹੇਠ ਹਰੇਕ ਅਸਤਿਤਵ ਇਸ ਨਿਸ਼ਚਤ ਸਮੇਂ ਤੋਂ ਬਾਅਦ ਅਨਿਸ਼ਚਤ ਵਿੱਚ ਪ੍ਰਵੇਸ਼ ਕਰ ਜਾਂਦਾ ਹੈ । ਇਸ ਤਰ੍ਹਾਂ ਜਨਮ ਤੇ ਮੌਤ ਵਿਚਕਾਰ ਦਾ ਜੋ ਸਮਾਂ ਹੈ ਤੋਂ ਭਾਈ ਸਾਹਿਬ ਸਾਨੂੰ ਪੂਰਾ ਪੂਰਾ ਲਾਭ ਉਠਾਉਣ ਤੇ ਪਰਮਾਤਮਾ ਦਾ ਨਾਮ ਜਪਣ ਲਈ ਕਹਿੰਦਾ ਹੈ ।

ਭਾਈ ਵੀਰ ਸਿੰਘ ਇਕ ਤਰ੍ਹਾਂ ਨਾਲ ਜੀਵਨ ਅਤੇ ਮੌਤ ਨੂੰ ਦੋ ਦਿਸ਼ਾਵਾਂ ਨਹੀਂ ਸਗੋਂ ਇਕ ਹੀ ਦਿਸ਼ਾ ਮੰਨਦਾ ਹੈ । ਇਨ੍ਹਾਂ ਦੋਵੇਂ ਦਿਸ਼ਾਵਾਂ ਵਿੱਚ ਜੇ ਪ੍ਰਭੂ ਦਾ ਪ੍ਰੇਮ ਹੈ ਤਾਂ ਭਾਵੇਂ ਜ਼ਿੰਦਗੀ ਨਾਲ ਮਿਲ ਜਾਵੇ । ਪਰ ਜਦ ਦੋਹਾਂ ਹਾਲਤਾਂ ਵਿੱਚ ਪ੍ਰੀਤ ਹੈ ਤਾਂ ਕੋਈ ਦੁੱਖ ਨਹੀਂ ਹੁੰਦਾ ।

ਮੌਤ ਨੂੰ ਤਾਂ ਭਾਈ ਸਾਹਿਬ ਪ੍ਰਭੂ ਦਾ ਸਰੂਪ ਹੀ ਗਿਣਦਾ ਹੈ । ਇਹ ਹੀ ਕਾਰਨ ਹੈ ਕਿ ਮੌਤ ਨੂੰ ਆਪ ਪ੍ਰੇਮ ਅਤੇ ਪ੍ਰਭੂ ਦਾ ਅਭੇਦ ਰੂਪ ਹੋਣਾ ਹੀ ਸਮਝਦਾ ਹੈ । ਇਸ ਤਰ੍ਹਾਂ ਭਾਈ ਸਾਹਿਬ ਦੀ ਰਚਨਾ ਵਿੱਚ ਪ੍ਰੇਮ ( ਪ੍ਰਭੂ ) ਅਤੇ ਪ੍ਰੇਮ ( ਆਤਮਾ ) ਅਭੇਦ ਪ੍ਰਤਿਪਾਦਨ ਵਿੱਚ ਹੀ ਮੁਕਤੀ ਅਵਸਥਾ ਦੀ ਅਭਿਵਿਅਕਤੀ ਦੇ ਸੰਕੇਤ ਮਿਲਦੇ ਹਨ । ਭਾਈ ਸਾਹਿਬ ਦਾ ਵਿਚਾਰ ਹੈ ਕਿ ਜੀਵ ਉਪਰ ਜਦ ਤੱਕ ਪ੍ਰਭੂ ਦੀ ਕ੍ਰਿਪਾ ਨਹੀਂ ਹੁੰਦੀ ਉਦੋਂ ਤੱਕ ਉਹ ਆਪਣੇ ਉਦੇਸ਼ ਵਿੱਚ ਅਸਮਰਥ ਰਹਿੰਦਾ ਹੈ ।

ਦੂਜੇ ਪਾਸੇ ਪ੍ਰੋ. ਪੂਰਨ ਸਿੰਘ ਵੀ ਮੌਤ ਨੂੰ ਇਕ ਭਰਮ ਹੀ ਕਹਿੰਦਾ ਹੈ । ਆਪ ਅਨੁਸਾਰ ਜਦ ਪਰਮਾਤਮਾ ਦਾ ਪਿਆਰ ਅੰਦਰ ਵਸ ਜਾਂਦਾ ਹੈ ਤਾਂ ਮੌਤ ਤੋਂ ਡਰ ਨਹੀਂ ਲੱਗਦਾ ਅੰਦਰ ਪਿਆਰ ਵਸਣ ਨਾਲ ਮੌਤ ਵੀ ਪਿਆਰੀ ਲੱਗਣ ਲੱਗ ਜਾਂਦੀ ਹੈ । ਆਪ ਦਾ ਵਿਚਾਰ ਹੈ ਕਿ ਪ੍ਰਭੂ ਕ੍ਰਿਪਾ ਨਾਲ ਜੇ ਅਗਿਆਨਤਾ ਦੂਰ ਹੋ ਜਾਵੇ ਤਾਂ ਵਾਸਤਵਿਕਤਾ ਦੀਆਂ ਕਿਰਨਾਂ ਦਾ ਪ੍ਰਕਾਸ਼ਨ ਹੁੰਦਾ ਹੈ । ਅਜਿਹੀ ਅਵਸਥਾ ਵਿੱਚ ਮੌਤ ਬੁਰੀ ਮੂਨਾ ਨਹੀਂ ਲੱਗਦੀ । ਸਗੋਂ ਇਹ ਤਾਂ ਅਸਨੰਅਤ ਨਾਲ ਮਿਲਾਪ ਕਰਾਉਣ ਦਾ ਕਾਰਨ ਬਣ ਜਾਂਦੀ ਹੈ । ਇਸ ਬਾਰੇ ਪ੍ਰੋ. ਪੂਰਨ ਸਿੰਘ ਲਿਖਦਾ ਹੈ ।

" ਪਿਆਰ ਨੂੰ ਪਾ ਕੇ ਜੀਵਨ ਕਟੀ ਅਤੇ ਮੌਤ ਇਕ ਭਰਮ ਜਿਹਾ ਲੱਗਦੀ ਹੈ ।" [1]

ਮੌਤ ਬਾਰੇ ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਕਿ ਜਦ ਇਹ ਆਉਂਦੀ ਹੈ ਤਾਂ ਸਾਡੀਆਂ ਸਾਰੀਆਂ ਚੀਜ਼ਾਂ ਇਥੇ ਹੀ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ । ਪ੍ਰੋ. ਪੂਰਨ ਸਿੰਘ ਸਿਰਫ਼ ਪਰਮਾਤਮਾ ਨੂੰ ਹੀ ਸੱਚ ਮੰਨਦਾ ਹੈ । ਪ੍ਰੋ. ਪੂਰਨ ਸਿੰਘ ਮੌਤ ਤੋਂ ਨਾ ਡਰਨ ਲਈ ਇਸ ਲਈ ਕਹਿੰਦਾ ਹੈ ਕਿ ਇਸ ਤੋਂ ਡਰਨਾ ਕਿਉਂ ਹੈ ਜਦੋਂ ਅੰਤ ਨੂੰ ਇਸ ਕੋਲ ਹੀ ਪਹੁੰਚ ਜਾਣਾ ਹੈ ।

ਆਜ਼ਾਦ ਮਨੁੱਖ :-

ਅੱਜ ਸਾਰਾ ਸੰਸਾਰ ਹੀ ਈਰਖਾ ਅਤੇ ਵੈਰ ਭਾਵਨਾ ਦੀ ਅੱਗ ਵਿਚ ਸੜ ਰਿਹਾ ਹੈ, ਤਾਂ ਮਨੁੱਖਤਾ ਦਾ ਨਅਰਾ ਹੀ ਇਸ ਨੂੰ ਸ਼ਾਂਤ ਕਰ ਸਕਦਾ ਹੈ । ਮਨੁੱਖ ਦੀਆਂ ਕਦਰਾਂ ਕੀਮਤਾਂ ਦੀ ਉਨਤੀ ਅਤੇ ਮਨੁੱਖ ਦੀ ਭਲਾਈ ਦਾ ਆਦਰਸ਼ ਹੀ ਇਸ ਸਮੇਂ ਮਨੁੱਖ ਦਾ ਆਦੇਸ਼ ਹੋਣਾ ਚਾਹੀਦਾ ਹੈ । ਮਨੁੱਖਤਾ ਦੀ ਭਾਵਨਾ [illegible] ਜਿਸ ਮਨੁੱਖ ਵਿਚ ਜਾਗ ਪੈਂਦੀ ਹੈ, ਉਹ ਬੁੱਧੀ ਦਾ ਸਾਥ ਦੇ ਕੇ ਅਤੇ ਸੰਵੇਗ ਤੇ ਕਾਬੂ ਪਾ ਕੇ ਮਨੁੱਖ ਦੀ ਹਮਦਰਦੀ ਅਤੇ ਭਲਾਈ ਲਈ ਹਮੇਸ਼ਾਂ ਪ੍ਰਯਤਨਸ਼ੀਲ ਹੋਵੇਗਾ । ਸਮਾਜ ਵਿਚ ਥੇਹੂ ਥੇਹੂ ਹੋਈ ਮਨੁੱਖਤਾ ਨੂੰ ਆਪਣੇ ਪੈਰਾਂ ਉਤੇ ਖੜਾ ਕਰਨ ਲਈ ਮਨੁੱਖ ਦਾ ਮਨੁੱਖੀਕਰਨ ਕਰਨਾ ਜ਼ਰੂਰੀ ਹੈ । ਜਿਸ ਦੀ ਹੋਂਦ ਬਗੈਰ ਉਸ ਦਾ ਵਿਕਾਸ ਰੁਕ ਜਾਵੇਗਾ । ਮਨੁੱਖ ਨੂੰ ਨੀਵੇਂ ਪੱਧਰ ਤੋਂ ਉਪਰ ਚੁੱਕ ਕੇ ਉਚੇ ਪੱਧਰ ਉਪਰ ਲਿਆ ਕੇ ਅਸਲੀ ਮਨੁੱਖ ਬਣਾਇਆ ਜਾ ਸਕਦਾ ਹੈ ।

ਸਮਾਜ ਵਿਚ ਕਮਜ਼ੋਰ ਵਿਅਕਤੀ ਦੀ ਤਾਕਤਵਰ ਵੱਲੋਂ ਹਮੇਸ਼ਾਂ ਹੀ ਲੁੱਟ ਖਸੁੱਟ ਕੀਤੀ ਜਾਂਦੀ ਰਹੀ ਹੈ । ਇਹ ਭਾਵੇਂ ਪ੍ਰਾਚੀਨ, ਮੱਧਕਾਲੀਨ ਜਾਂ ਆਧੁਨਿਕ ਕਾਲ ਦੀ ਗੱਲ ਕਿਉਂ ਨਾ ਹੋਵੇ ਇਕ ਮਨੁੱਖ ਦੂਸਰੇ ਮਨੁੱਖ ਨੂੰ, ਇਕ ਦੇਸ਼ ਦੂਸਰੇ ਦੇਸ਼ ਨੂੰ ਗੁਲਾਮ ਬਣਾਉਣ ਦੀ ਰੁਚੀ ਹਮੇਸ਼ਾਂ ਤੋਂ ਰਹੀ ਹੈ । ਇਹ ਹੀ ਕਾਰਨ ਹੈ ਕਿ ਆਜ਼ਾਦ ਮਨੁੱਖ ਦੇ ਰੂਪ ਵਿਚ ਇਨਸਾਨ ਨੂੰ ਵੇਖਣ ਲਈ ਬਹੁਤ ਸਾਰੇ ਵਿਚਾਰਕਾਂ ਨੇ ਆਪੋ ਆਪਣੇ ਵਿਚਾਰ ਪ੍ਰਗਟਾਏ ਹਨ । ਮਨੁੱਖ ਲੋਭ ਲਾਲਚਾਂ ਵਿਚ ਫਸ ਕੇ ਹੀ ਇਕ ਦੂਜੇ ਨੂੰ ਆਪਣਾ ਗੁਲਾਮ ਬਣਾਉਂਦੇ ਹਨ । ਭਾਰਤੀ ਦਰਸ਼ਨ ਵਿਚ ਵੀ ਇਸ ਬਾਰੇ ਗੀਤਾ ਗਿਆ ਵਰਣਨ ਮਿਲਦਾ ਹੈ । ਜਿਵੇਂ – ਤਿਆਗ ਵਿਚ ਖੁਸ਼ੀ ਹਾਸਲ ਕਰੋ ਅਤੇ ਉਸ ਦਾ ਲਾਲਚ ਨਾ ਕਰੋ, ਜੋ

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵੀ ਸੂਖਮ ਵਿਚਾਰਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ । ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਅਧਿਆਤਮਵਾਦ ਪ੍ਰਵਿਰਤੀ ਦੀਆਂ ਰਚਨਾਵਾਂ ਵਿਚ ਅਧਿਆਤਮਵਾਦ ਦੀ ਪ੍ਰਵਿਰਤੀ ਸਪਸ਼ਟ ਰੂਪ ਉਜਾਗਰ ਹੋਈ ਮਿਲਦੀ ਹੈ । ਇਨ੍ਹਾਂ ਦੋਵੇਂ ਲੇਖਕਾਂ ਦਾ ਰੱਬੀ ਹਸਤੀ ਵਿਚ ਪੂਰਨ ਵਿਸ਼ਵਾਸ਼ ਹੈ । ਇਸੇ ਲਈ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਰੱਬ ਵਿਚ ਲਿਵ ਲਾਉਣ, ਉਸ ਦੀ ਰਜ਼ਾ ਵਿਚ ਰਹਿਣ, ਉਸ ਅਨੁਸਾਰ ਚੰਗੇ ਕੰਮ ਕਰਨ ਆਦਿ ਗੁਣਾਂ ਤੇ ਜ਼ੋਰ ਦਿੰਦੇ ਹਨ ।

ਭਾਈ ਵੀਰ ਸਿੰਘ ਦਾ ਅਧਿਆਤਮਵਾਦ ਵਧੇਰੇ ਗੁਰਮਤਿ ਸਿਧਾਂਤ ਤੇ ਹੀ ਆਧਾਰਿਤ ਹੈ । ਇਕ ਤਰ੍ਹਾਂ ਗੁਰਮਤਿ ਵਿਚ ਜਿਹੜੇ ਅਸੂਲਾਂ ਨੂੰ ਹੀ ਆਪ ਆਪਣੇ ਅਧਿਆਤਮਵਾਦੀ ਪੱਖ ਵਿਚ ਪੇਸ਼ ਕਰਦੇ ਹਨ । ਗੁਰਮਤਿ ਦੇ ਮੋਟੇ ਮੋਟੇ ਅਸੂਲਾਂ ਦੀ ਹੀ ਆਪ ਵਿਆਖਿਆ ਕਰਦੇ ਹਨ । ਆਪ ਦੀਆਂ ਰਚਨਾਵਾਂ ਦਾ ਅਧਿਆਤਮਵਾਦੀ ਪੱਖ ਮੁੱਖ ਰੂਪ ਵਿਚ ਗੁਰਮਤਿ ਅਧਿਆਤਮਵਾਦ ਹੀ ਹੋ ਨਿੱਬੜਿਆ ਹੈ ।

ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਵੀ ਅਧਿਆਤਮਵਾਦੀ ਪ੍ਰਵਿਰਤੀ ਪਾਈ ਜਾਂਦੀ ਹੈ । ਪ੍ਰੋ. ਪੂਰਨ ਸਿੰਘ ਦੀ ਅਧਿਆਤਮਵਾਦੀ ਪ੍ਰਵਿਰਤੀ ਵਿਚ ਬੋਧੀ, ਵੇਦਾਂਤੀ, ਗੁਰਮਤ ਆਦਿ ਸਭਾਂ ਦੇ ਅਧਿਆਤਮਵਾਦ ਦਾ ਮਿਸ਼ਰਤ ਰੂਪ ਉਜਾਗਰ ਹੁੰਦਾ ਹੈ । ਇਸ ਦਾ ਕਾਰਨ ਹੈ ਕਿ ਆਪ ਨੇ ਪੂਰਬੀ ਤੇ ਪੱਛਮੀ ਅਧਿਆਤਮਵਾਦ ਦਾ ਅਧਿਐਨ ਵੀ ਕੀਤਾ ਸੀ ਅਤੇ ਬਹੁਤ ਸਮਾਂ ਵਿਦੇਸ਼ਾਂ ਵਿਚ ਘੁੰਮ ਫਿਰਦੇ ਰਹੇ ਸਨ ।

ਰਹੱਸਵਾਦੀ ਖੇਤਰ ਵਿਚ ਵੀ ਦੋਵੇਂ ਲੇਖਕ ਭਾਵ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਿਚਰਦੇ ਪ੍ਰਤੀਤ ਹੁੰਦੇ ਹਨ । ਰਹੱਸਵਾਦੀ ਸਾਹਿਤ ਦੀਆਂ ਜਿਹੜੀਆਂ ਖੂਬੀਆਂ ਹਨ, ਉਹ ਦੋਵਾਂ ਵਿਚ ਬਿਰਾਜਮਾਨ ਹਨ । ਇਨ੍ਹਾਂ ਦੋਵੇਂ ਲੇਖਕਾਂ ਵਿਚ ਜਿਹੜੀ ਰਹੱਸਵਾਦ ਦੀ ਪ੍ਰਵਿਰਤੀ ਪਾਈ ਜਾਂਦੀ ਹੈ ਇਸ ਦਾ ਆਧਾਰ ਵੀ ਗੁਰਬਾਣੀ ਹੀ ਹੈ । ਕਿਉਂਕਿ ਭਾਈ ਵੀਰ ਸਿੰਘ ਦੀ ਗੁਰਬਾਣੀ ਅਤੇ ਗੁਰੂ ਘਰ ਨਾਲ ਵਿਸ਼ੇਸ਼ ਲਗਨ ਰਹੀ ਹੈ । ਇਹ ਹੀ ਕਾਰਨ ਹੈ ਕਿ ਇਨ੍ਹਾਂ ਦੀ ਰਹੱਸਵਾਦ ਦੀ ਪ੍ਰਵਿਰਤੀ ਦਾ ਦ੍ਰਿਸ਼ਟੀਕੋਣ ਵੀ ਗੁਰਮਤਿ ਹੀ ਹੈ ।

ਰਹੱਸਵਾਦੀ ਪ੍ਰਵਿਰਤੀ ਵਿਚ ਜਿਥੇ ਭਾਈ ਸਾਹਿਬ ਦੀ ਵਾਰਤਕ ਰਚਨਾ ਵਿਚ ਪ੍ਰਮੁੱਖ ਅੰਗ ' ਖੇੜਾ ' ' ਲਿਵ', ' ਰਮਣਤਾ', ਅਤੇ ' ਕੁਦਰਤ ' ਹੈ ਉਥੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ' ਪ੍ਰੇਮ ', ' ਸੌਂਦਰਯ ', ਅਤੇ ' ਅਨੰਦ ' ਹੈ ।

ਦੋਹਾਂ ਦੇ ਰਹੱਸਵਾਦ ਦਾ ਅੰਤਰ ਇਹ ਹੈ ਕਿ ਭਾਈ ਵੀਰ ਸਿੰਘ ਦਾ ਰਹੱਸਵਾਦ ਅਨੁਭਵੀ ਰਹੱਸਵਾਦ ਹੈ । ਇਸ ਦਾ ਕਾਰਣ ਹੈ ਕਿ ਭਾਈ ਸਾਹਿਬ ਨੇ ਪ੍ਰਕ੍ਰਿਤੀ ਦੇ ਕਣ ਕਣ ਵਿਚੋਂ ਪ੍ਰਭੂ ਨੂੰ ਮਹਿਸੂਸ ਕਰ ਲਿਆ ਸੀ । ਪਰ ਪ੍ਰੋ. ਪੂਰਨ ਸਿੰਘ ਦਾ ਰਹੱਸਵਾਦ ਲੌਕਿਕ ਤੋਂ ਅਲੌਕਿਕ ਵੱਲ ਵੱਧਦਾ ਹੈ । ਭਾਈ ਸਾਹਿਬ ਵਾਂਗ ਸਪਸ਼ਟ ਨਹੀਂ ਹੋ ਸਕਿਆ । ਇਸ ਤਰ੍ਹਾਂ ਲੱਗਦਾ ਹੈ ਕਿ ਉਹ ਆਪ ਵੀ ਕਿਸੇ ਉਲਝਣ ਵਿਚ ਪਏ ਰਹੇ ਹਨ । ਇਹ ਹੀ ਕਾਰਨ ਹੈ ਕਿ ਸਪਸ਼ਟਤਾ ਦਾ ਅੰਗ ਜਿਹੜਾ ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਹੈ ਉਹ ਪ੍ਰੋ. ਪੂਰਨ ਸਿੰਘ ਵਿਚ ਨਹੀਂ । ਦੋਵਾਂ ਦਾ ਆਪਣੇ ਇਸ਼ਟ ਪ੍ਰਤੀ ਵੀ ਅਥਾਹ ਪਿਆਰ ਰਿਹਾ ਹੈ । ਜਿਥੇ ਭਾਈ ਸਾਹਿਬ ਸਿਰਫ ਸਿੱਖ ਗੁਰੂਆਂ ਤੋਂ ਪ੍ਰਭਾਵਿਤ ਹੁੰਦਾ ਹੈ, ਉਥੇ ਪ੍ਰੋ. ਪੂਰਨ ਸਿੰਘ ਸਿੱਖ ਅਤੇ ਇਸ ਦੇ ਨਾਲ ਹੋਰ ਧਰਮਾਂ ਤੋਂ ਵੀ ਉਨ੍ਹਾਂ ਹੀ ਪ੍ਰਭਾਵਿਤ ਹੁੰਦਾ ਹੈ ।

ਰੋਮਾਂਸਵਾਦੀ ਖੇਤਰ ਵਿਚ ਵੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਲੇਖਕ ਵਿਚਰਦੇ ਪ੍ਰਤੀਤ ਹੁੰਦੇ ਹਨ । ਰੋਮਾਂਸਵਾਦੀ ਪ੍ਰਵਿਰਤੀਆਂ ਦੀਆਂ ਜਿਹੜੀਆਂ ਵਿਸ਼ੇਸ਼ਤਾਵਾਂ ਹਨ ,ਉਹ ਵੀ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਪਾਈਆਂ ਜਾਂਦੀਆਂ ਹਨ । ਜਿਥੇ ਭਾਈ ਸਾਹਿਬ ਦਾ ਰੋਮਾਂਸ ਉਸਾਰੂ ਭਾਂਤ ਦਾ ਹੈ । ਇਸ ਦਾ ਕਾਰਨ ਹੈ ਕਿ ਭਾਈ ਵੀਰ ਸਿੰਘ ਕੇਵਲ ਅਸਮਾਨੀ ਗਗਨਾਂ ਤੇ ਉਡਦੇ ਰਹਿੰਦੇ ਹਨ । ਧਰਤੀ ਤੇ ਉਨ੍ਹਾਂ ਦੇ ਪੈਰ ਨਹੀਂ ਲੱਗਦੇ । ਜਦ ਕਿ ਪ੍ਰੋ. ਪੂਰਨ ਸਿੰਘ ਭਾਵੇਂ ਗਗਨਾਂ ਤੇ ਉਡਦਾ ਹੈ ਪਰ ਧਰਤੀ ਨਹੀਂ ਛੱਡਦਾ ।

ਸਮਾਜਵਾਦੀ ਪ੍ਰਵਿਰਤੀ ਵੀ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਪਾਈ ਜਾਂਦੀ ਹੈ । ਸਮਾਜਵਾਦੀ ਦ੍ਰਿਸ਼ਟੀ ਤੋਂ ਵੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਰਾਸ਼ਟਰੀ ਪੂੰਜੀ ਤੇ ਉਪਜ ਨੂੰ ਹਰੇਕ ਨਾਗਰਿਕ ਵਿਚ ਬਿਨ੍ਹਾਂ ਵਿਤਕਰੇ ਤੋਂ ਵੰਡਣ ਦੀ ਮੰਗ ਕਰਦੇ ਹਨ । ਪੂਰਨ ਸਿੰਘ ਵੈਰ ਵਿਰੋਧ ਦੀ ਭਾਵਨਾ ਨੂੰ ਖਤਮ ਕਰਨਾ ਲੋੜਦੇ ਹਨ । ਆਪਣੀਆਂ ਰਚਨਾਵਾਂ ਵਿਚ ਸਾਰੀ ਸ੍ਰਿਸ਼ਟੀ ਨੂੰ ਇਕ ਸਮਝਦੇ ਹੋਏ ਸਭ ਦਾ ਭਲਾ ਮੰਗਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਸਮਾਜ ਵਿਚ ਰੋਜ਼ਗਾਰ ਦੇ ਧੰਦੇ ਅਤੇ ਮਨੁੱਖਾਂ ਦਾ ਸਵਾਰਥ ਵੱਸ ਹੋ ਕੇ ਜਾਤਾਂ, ਨਸਲਾਂ ਅਤੇ ਕੌਮਾਂ ਦੀਆਂ ਵੰਡੀਆਂ ਜੋ ਮਨੁੱਖਾਂ ਦੇ ਆਪਸੀ ਝਗੜੇ ਦਾ ਕਾਰਨ ਹਨ ਉਤੇ ਦੁੱਖੀ ਹੁੰਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਮਨੁੱਖ ਨੂੰ ਸਮਾਜ ਦੀ ਇਸ ਕਠੋਰ ਧਰਾਤਲ ਤੇ ਵਿਚਰਨ ਕਰਦੇ ਸਦੈ - ਪ੍ਰਸੰਨਚਿਤ ਅਤੇ ਸਦੈ - ਸੁਤੰਤ੍ਰ ਬਣਨ ਦੀ ਲੋੜ ਉਤੇ ਜ਼ੋਰ ਦਿੰਦਿਆਂ ਨੇਕੀ, ਨਿਮਰਤਾ ਅਤੇ ਪਰਉਪਕਾਰ ਦੇ ਗੁਣਾਂ ਭਰਪੂਰ ਬਣਨ ਲਈ ਪ੍ਰੇਰਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਆਦਰਸ਼ਵਾਦੀ ਪ੍ਰਵਿਰਤੀ ਦੇ ਅੰਤਰਗਤ ਸਦਾਚਾਰਕ ਆਦਰਸ਼ਕ ਵਿਚ ਵਿਅਕਤੀ ਦੀ ਪੂਰਨਤਾ ਵੀ ਆਦਰਸ਼ ਸਮਾਜ ਲਈ ਜ਼ਰੂਰੀ ਮੰਨਦੇ ਹਨ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਦਰਸ਼ਵਾਦੀ ਪ੍ਰਵਿਰਤੀ ਦੇ ਰਹਿਤ ਸਮਾਜ ਵਿਚੋਂ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਖਤਮ ਕਰਕੇ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਕੀਮਤਾਂ ਸਥਾਪਿਤ ਕਰਨੀਆਂ ਚਾਹੁੰਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਸਮਾਜ ਵਿਚੋਂ ਇਸ ਤਰ੍ਹਾਂ ਦੀਆਂ ਕਦਰਾਂ ਕੀਮਤਾਂ ਦੀਆਂ ਜੜ੍ਹਾਂ ਪੁੱਟ ਦੇਣੀਆਂ ਚਾਹੁੰਦੇ ਹਨ ਜੋ ਸਮਾਜ ਵਿਚ ਭੁੱਖ, ਬੇਰੁਜ਼ਗਾਰੀ, ਗਰੀਬੀ ਆਦਿ ਨੂੰ ਵਧਾਉਂਦੀਆਂ ਹਨ । ਇਸ ਦੇ ਨਾਲ ਹੀ ਇਹ ਦੋਵੇਂ ਲੇਖਕ ਆਚਰਣ ਦੀ ਸ਼ੁੱਧਤਾ, ਕਿਰਤ ਕਰਨੀ, ਵੰਡ ਛਕਣਾ ਆਦਿ ਆਦਰਸ਼ਾਂ ਤੇ ਜ਼ੋਰ ਦਿੰਦੇ ਹਨ ।

ਇਸੇ ਤਰ੍ਹਾਂ ਮਾਨਵਵਾਦੀ ਪ੍ਰਵਿਰਤੀ ਦੇ ਅੰਤਰਗਤ ਵੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਮਨੁੱਖਤਾ ਦੀ ਸਾਂਝ, ਅੰਤਰ ਰਾਸ਼ਟਰੀ ਅਤੇ ਸਮਾਜਿਕ ਸਾਂਝ ਦੇ ਉਥਾਨ ਲਈ ਜੋ ਵਿਚਾਰ ਤੇ ਭਾਵ ਪ੍ਰਗਟ ਕੀਤੇ ਹਨ, ਉਹ ਵੀ ਬਹੁਤ ਉਚੇਰੇ ਹਨ । ਮਨੁੱਖਤਾਵਾਦ ਦੇ ਬੀਜ ਦੋਵੇਂ ਲੇਖਕਾਂ ਅਨੁਸਾਰ ਮਾਨਵ ਪੁਰ ਅੰਦਰ ਤੱਕ ਹੋਣੇ ਚਾਹੀਦੇ ਹਨ । ਇਸ ਦੀ ਪ੍ਰਾਪਤੀ ਲਈ ਵੀ ਇਨ੍ਹਾਂ ਲੇਖਕਾਂ ਨੇ ਰਾਸ਼ਟਰੀ ਵਿਸ਼ਵਾਸਾਂ ਤੇ ਤੱਤਾਂ ਦੀ ਭਾਲ ਕੀਤੀ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵੇਂ ਲੇਖਕਾਂ ਅਨੁਸਾਰ ਵੀ ਇਸ ਦੇ ਬੀਜ ਮਾਨਵ ਹਿਰਦੇ ਅਤੇ ਮਾਨਵ ਬੁੱਧੀ ਵਿਚ ਹੋਣੇ ਜ਼ਰੂਰੀ ਦਸਦੇ ਹਨ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਵਿਚ ਮਾਨਵਵਾਦੀ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾ ਕੇ ਉਸ ਦੇ ਕਲਿਆਣ ਨੂੰ ਵਧਾਉਣ ਤੇ ਜ਼ੋਰ ਦਿੰਦੇ ਹਨ ।

ਮਾਨਵਵਾਦੀ ਪ੍ਰਵਿਰਤੀ ਦੇ ਅੰਤਰਗਤ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਮਨੁੱਖੀ ਖੁਸ਼ਹਾਲੀ, ਉਚਤਾ, ਵਿਕਾਸ ਅਤੇ ਨਵ - ਨਿਮਾਣ ਦੇ ਨਜ਼ਰੀਏ ਨੂੰ ਪੇਸ਼ ਕਰਦੇ ਹਨ, ਜੋ ਇਨ੍ਹਾਂ ਮਾਨਵਵਾਦੀ ਭਾਵਾਂ ਦਾ ਮੂਲ ਆਧਾਰ ਹੈ ।

ਇਸ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਮਾਨਵਵਾਦੀ ਕੀਮਤਾਂ ਦਾ ਸ਼ਕਤੀਸ਼ਾਲੀ ਪ੍ਰਗਟਾਉ ਹੋਇਆ ਮਿਲਦਾ ਹੈ । ਇਹ ਕੀਮਤਾਂ ਹਨ ਮਿਹਨਤ ਕਰਨ ਵਾਲੇ ਲੋਕਾਂ ਨੂੰ ਵਡਿਆਉਣਾ, ਅਖਾਉਤੀ ਨੀਚ ਸ਼੍ਰੇਣੀਆਂ ਨੂੰ ਮਾਣ ਦੇਣਾ, ਉਨ੍ਹਾਂ ਦੀ ਕਿਰਤ ਦਾ ਮੁੱਲ ਪਾਉਣਾ, ਇਨ੍ਹਾਂ ਨੂੰ ਆਪਣਾ ਮੁੱਲ ਪਾਉਣ ਲਈ ਪ੍ਰੇਰਿਤ ਕਰਨਾ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਮਾਨਵਵਾਦੀ ਸੰਦੇਸ਼ ਦੀ ਮਹੱਤਤਾ ਸਾਰੀ ਮਨੁਖਤਾ ਲਈ ਹੈ । ਉਨ੍ਹਾਂ ਦਾ ਮਨੋਰਥ ਕਿਸੇ ਸੰਪ੍ਰਦਾਇਕ ਵਾਤਾਵਰਣ ਦਾ ਨਿਰਮਾਣ ਨਹੀਂ । ਉਨ੍ਹਾਂ ਦੀ ਦ੍ਰਿਸ਼ਟੀ ਪਹਿਲੇ ਭਾਰਤੀ ਅਤੇ ਫਿਰ ਅੰਤਰ ਰਾਸ਼ਟਰੀ ਹੈ । ਦੇਸ਼ ਅਤੇ ਜਾਤੀ ਦਾ ਮੁਤਾਬਿਕ ਕਰਤ ਹੁੰਦਿਆਂ ਵੀ ਉਨ੍ਹਾਂ ਵਿਚ ਸਹਿਨਸ਼ੀਲਤਾ ਅਤੇ ਵਿਆਪਕਤਾ ਦੀ ਭਾਵਨਾ ਜੋ ਉਨ੍ਹਾਂ ਨੂੰ ਮਾਨਵਤਾ ਦੇ ਵਿਸਤ੍ਰਿਤ ਧਰਾਤਲ ਤੇ ਲੈ ਜਾਂਦੀ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਉਪਰੋਕਤ ਪ੍ਰਵਿਰਤੀਆਂ ਬੜੀ ਸਫਲਤਾ ਨਾਲ ਪੇਸ਼ ਹੋਈਆਂ ਮਿਲਦੀਆਂ ਹਨ । ਪਰ ਫਿਰ ਵੀ ਦੋਵਾਂ ਲੇਖਕਾਂ ਦੇ ਆਪਣੇ ਆਪਣੇ ਨਜ਼ਰੀਏ ਅਨੁਸਾਰ ਇਨ੍ਹਾਂ ਵਿਚ ਕੁਝ ਸਮਾਨਤਾਵਾਂ ਤੇ ਵੱਖਰਤਾਵਾਂ ਪਾਈਆਂ ਜਾਂਦੀਆਂ ਹਨ, ਜੋ ਕ੍ਰਮਵਾਰ ਇਸ ਪ੍ਰਕਾਰ ਹਨ ।

## ਸਮਾਨਤਾਵਾਂ ਤੇ ਵੱਖਰਤਾਵਾਂ :-

### (ੳ) ਸਮਾਨਤਾਵਾਂ :-

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਅਧਿਆਤਮਵਾਦੀ ਪ੍ਰਵਿਰਤੀ ਪਾਈ ਜਾਂਦੀ ਹੈ । ਦੋਵਾਂ ਲੇਖਕਾਂ ਦਾ ਰੱਬੀ ਹਸਤੀ ਵਿਚ ਪੂਰਨ ਯਕੀਨ ਹੈ । ਅਧਿਆਤਮਵਾਦੀ ਪ੍ਰਵਿਰਤੀ ਇਨ੍ਹਾਂ ਦੋਵੇਂ ਲੇਖਕਾਂ ਦੀਆਂ ਰਚਨਾਵਾਂ ਵਿਚ ਪ੍ਰਵੇਸ਼ ਹੋਈ ਮਿਲਦੀ ਹੈ ਅਧਿਆਤਮਵਾਦੀ ਰਚਨਾਵਾਂ ਦੀ ਸਿਰਜਣਾ ਕਰਨ ਲਈ ਦੋਵੇਂ ਲੇਖਕਾਂ ਦੇ ਪ੍ਰੇਰਨਾ-ਸਰੋਤ ਵੀ ਸਾਂਝੇ ਹਨ ।

(ਅ) ਆਦਰਸ਼ਵਾਦੀ ਪ੍ਰਵਿਰਤੀ ਵਜੋਂ ਦੋਵੇਂ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਆਦਰਸ਼ਵਾਦੀ ਸਮਾਜ ਬਣਿਆ ਵੇਖਣ ਦੇ ਚਾਹਵਾਨ ਹਨ । ਆਦਰਸ਼ਵਾਦੀ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਹਨ । ਅਤੇ ਸਮਾਜ ਵਿਚ ਪੁਰਾਣੀਆਂ ਅਤੇ ਖੋਖਲੀਆਂ ਹੋ ਚੁੱਕੀਆਂ ਕੀਮਤਾਂ ਨੂੰ ਖਤਮ ਕਰਕੇ ਉਨ੍ਹਾਂ ਦੀ ਥਾਂ ਤੇ ਨਵੀਆਂ ਕੀਮਤਾਂ ਸਥਾਪਿਤ ਕਰਨੀਆਂ ਚਾਹੁੰਦੇ ਹਨ ।

(ੲ) ਅਧਿਆਤਮਵਾਦੀ ਅਤੇ ਆਦਰਸ਼ਵਾਦੀ ਪ੍ਰਵਿਰਤੀਆਂ ਵਾਂਗ ਹੀ ਮਾਨਵਤਾਵਾਦ ਦੀ ਪ੍ਰਵ੍ਰਿ ਵੀ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਦ੍ਰਿਸ਼ਟੀਗੋਚਰ ਹੋਈ ਮਿਲਦੀ ਹੈ । ਮਾਨਵਵਾਦ ਦੀ

ਪ੍ਰਕ੍ਰਿਤੀ ਅਧੀਨ ਹੀ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨਵ-ਨਿਰਮਾਣ ਦੇ ਨਜ਼ਰੀਏ ਤੋਂ ਮਨੁੱਖੀ ਖ਼ੁਸ਼ਹਾਲੀ, ਉੱਨਤੀ ਤੇ ਵਿਕਾਸ ਦੇ ਨਜ਼ਰੀਏ ਨੂੰ ਪੇਸ਼ ਕਰਦੇ ਹਨ । ਦੋਵੇਂ ਲੇਖਕ ਮਾਨਵਵਾਦੀ ਪ੍ਰਕ੍ਰਿਤੀ ਅਧੀਨ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾ ਕੇ, ਮਨੁੱਖਤਾ ਦੇ ਕਲਿਆਣ ਨੂੰ ਵਧਾਉਣ ਤੇ ਜ਼ੋਰ ਦਿੰਦੇ ਹਨ ।

ਜਿਸ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਉਪਰੋਕਤ ਪੱਖਾਂ ਵਿਚ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ, ਉਥੇ ਕੁਝ ਪੱਖ ਅਜਿਹੇ ਵੀ ਹਨ ਜਿਥੇ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਭਿੰਨਤਾਵਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਜੋ ਇਸ ਪ੍ਰਕਾਰ ਹਨ ।

<u>ਵੱਖਰਤਾਵਾਂ :-</u>

(ੳ) ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੀ ਮੁੱਖ ਭਿੰਨਤਾ ਇਹ ਹੈ ਕਿ ਭਾਈ ਵੀਰ ਸਿੰਘ ਦੀਆਂ ਸਮੁੱਚੀਆਂ ਰਚਨਾਵਾਂ ਧਾਰਮਿਕਤਾ ਦੇ ਬਿੰਦੂ ਦੁਆਲੇ ਕੇਂਦਰਿਤ ਹਨ ਪਰ ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਵਾਰਤਕ ਨੂੰ ਉਸ ਦੇ ਧਾਰਮਿਕ ਪ੍ਰਯੋਜਨ ਤੋਂ ਅਜ਼ਾਦ ਕੀਤਾ । ਇਕ ਹੋਰ ਪੱਖ ਜੋ ਭਾਈ ਵੀਰ ਸਿੰਘ ਦੀ ਰਚਨਾ ਤੋਂ ਭਿੰਨ ਹੈ ਕਿ ਭਾਈ ਵੀਰ ਸਿੰਘ ਦੀ ਰਚਨਾ ਇਕ ਵਿਸ਼ੇਸ਼ ਜਾਤੀ ਅਤੇ ਸਮੂਹ ਨੂੰ ਸੰਬੋਧਿਤ ਹੈ, ਜਦ ਕਿ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਸਮੁੱਚੀ ਲੋਕਾਈ ਨਾਲ ਹੀ ਸੰਬੰਧਿਤ ਹਨ ।

(ਅ) ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਧਾਰਮਿਕਤਾ ਵਾਲੇ ਪੱਖ ਤੋਂ ਵੀ ਵੱਖਰਤਾ ਪਾਈ ਜਾਂਦੀ ਹੈ । ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚਲੇ ਸਾਰੇ ਪੱਖਾਂ ਨੂੰ ਧਰਮ ਆਧਾਰਿਤ ਅਤੇ ਧਰਮ ਅਧੀਨ ਸਮਝਦਾ ਹੈ ਪਰ ਪ੍ਰੋ. ਪੂਰਨ ਸਿੰਘ ਲਈ ਧਰਮ ਮਨੁੱਖ ਦੀ ਸਮੂਹਿਕਤਾ ਦਾ ਹੀ ਪੱਖ ਹੈ ਪਰ ਬਾਕੀ ਪੱਖ ਪ੍ਰਮੁੱਖਤਾਵਾਂ ਹਨ ।

(ੲ) ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਤੁਲਨਾਤਮਕ ਦ੍ਰਿਸ਼ਟੀ ਤੋਂ ਵੀ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ । ਭਾਈ ਵੀਰ ਸਿੰਘ ਧਾਰਮਿਕ ਦ੍ਰਿਸ਼ਟੀ ਇਸ ਲਈ ਅਪਣਾਉਂਦਾ ਹੈ ਕਿ ਉਹ ਪਾਠਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰ ਸਕੇ । ਪਰ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੀ ਕੋਈ ਰੁਚੀ ਨਹੀਂ । ਪ੍ਰੋ. ਪੂਰਨ ਸਿੰਘ ਧਰਮ ਦੀ ਗੱਲ ਕਰਦਾ ਹੋਇਆ, ਸਾਰੇ ਧਰਮਾਂ ਨੂੰ ਇਕੋ ਦ੍ਰਿਸ਼ਟੀ ਤੋਂ ਲੈਂਦਾ ਹੈ ।

(ਸ) ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਿਖ ਰਾਜ ਦੇ ਸੋਹਲੇ ਗਾਉਂਦਾ ਹੈ ਤੇ ਮੁੜ ਉਸ ਨੂੰ ਹੀ ਸਥਾਪਿਤ ਕਰਨਾ ਚਾਹੁੰਦਾ ਹੈ । ਪਰ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੀ ਕੋਈ ਪ੍ਰਵਿਰਤੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ । ਸਗੋਂ ਉਹ ਤਾਂ ਮੁੜ ਸਮੁੱਚੀ ਸਭਿਅਤਾ ਦੀ ਰਾਖੀ ਕਰਦਾ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਹ ਸਮਾਨਤਾਵਾਂ ਤੇ ਵੱਖਰਤਾਵਾਂ ਆਪਣੀ ਆਪਣੀ ਸ਼ਖਸ਼ੀਅਤ ਮੁਤਾਬਿਕ ਪੇਸ਼ ਹੋਈਆਂ ਮਿਲਦੀਆਂ ਹਨ ।

ਇਨ੍ਹਾਂ ਦੋਵੇਂ ਲੇਖਕਾਂ ਦੀਆਂ ਪ੍ਰਵਿਰਤੀਆਂ ਕਾਰਨ ਵਿਸ਼ਾ ਪੱਖ ਵੀ ਮਹੱਤਵ ਪੂਰਨ ਹੈ, ਜੋ ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਪੇਸ਼ ਹੋਇਆ ਹੈ ।

<u>ਵਿਸ਼ਾ - ਪੱਖ :-</u>

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦਾ ਵਿਸ਼ੈਗਤ ਅਧਿਐਨ ਵਿਚ ਇਨ੍ਹਾਂ ਲੇਖਕਾਂ ਦੇ ਅਧਿਆਤਮਕ, ਆਦਰਸ਼ਵਾਦੀ ਵਿਚਾਰ, ਮਾਨਵਵਾਦ, ਸਮਾਜ - ਸੁਧਾਰ ਅਤੇ ਮਹਾਂ - ਪੁਰਖਾਂ ਦੀਆਂ ਜੀਵਨੀਆਂ ਆਦਿ ਦੀ ਪ੍ਰਮੁਖਤਾ ਹੈ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਵਿਸ਼ੇ ਬਾਹਰੋਂ ਵੇਖਣ ਵਿਚ ਤਾਂ ਧਾਰਮਿਕਤਾ ਦੁਆਲੇ ਹੀ ਘੁੰਮਦੇ ਹਨ, ਪਰ ਫਿਰ ਵੀ ਇਨ੍ਹਾਂ ਦੀ ਸਮਾਜਿਕ ਤੇ ਰਾਜਨੀਤਕ ਪੱਖ ਦੀ ਮਹਾਨਤਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਭਾਈ ਵੀਰ ਸਿੰਘ ਆਪਣੀਆਂ ਰਚਨਾਵਾਂ ਵਿਚ ਰਾਜਨੀਤਕ ਪੱਖ ਤੋਂ ਗੱਲ ਕਰਦੇ ਹੋਏ ਦਸਦੇ ਹਨ ਕਿ ਦੇਸ਼ ਵਿਚ ਰਾਜਨੀਤਕ ਢਾਂਚਾ ਇਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ ਜਿਸ ਵਿਚ ਕਿਸੇ ਨਾਲ ਭੇਦ ਭਾਵ ਤੇ ਵਿਤਕਰਾ ਨਾ ਹੋਵੇ, ਕਿਸੇ ਦੀ ਅਜ਼ਾਦੀ ਨੂੰ ਕਿਸੇ ਹੋਰ ਤੋਂ ਕੋਈ ਖਤਰਾ ਨਾ ਹੋਵੇ, ਨਾ ਕੋਈ ਕਿਸੇ ਤੋਂ ਡਰੇ ਤੇ ਨਾ ਕੋਈ ਕਿਸੇ ਨੂੰ ਡਰਾਵੇ । ਹਰ ਕੋਈ ਅਜ਼ਾਦੀ ਨਾਲ ਵਿਚਰ ਸਕਦਾ ਹੋਵੇ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਸਮਾਜਿਕ ਪੱਖੋਂ ਗੱਲ ਕਰਦੇ ਹੋਏ ਸਮਾਜ ਵਿਚੋਂ ਕੂੜ - ਕਪਟ, ਊਚ ਨੀਚਤਾ ਨੂੰ ਦੂਰ ਕਰਕੇ ਆਦਰਸ਼ਕ ਸਾਂਝ ਪੇਸ਼ ਕਰਨਾ ਚਾਹੁੰਦੇ ਹਨ

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਵਿਸ਼ਿਆਂ ਦੀ ਇਹ ਹੀ ਮਹਾਨਤਾ ਹੈ ਕਿ ਆਪ ਦੀਆਂ ਰਚਨਾਵਾਂ ਦੇ ਵਿਸ਼ੇ ਵੇਖਣ ਵਿਚ ਤਾਂ ਮੁੱਖ ਰੂਪ ਅਧਿਆਤਮਕਤਾ ਦੁਆਲੇ ਹੀ ਘੁੰਮਦੇ

ਜਾਪਦੇ ਹਨ, ਪਰ ਫਿਰ ਵੀ ਉਸ ਵਿਚ ਰਾਜਨੀਤਕ ਤੇ ਸਮਾਜਿਕ ਪੱਖ ਆ ਸ਼ਾਮਿਲ ਹੋਏ ਹਨ ।

ਇਸੇ ਤਰ੍ਹਾਂ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੇ ਵਿਸ਼ਿਆਂ ਦੀ ਮਹਾਨਤਾ ਤਾਂ ਵੈਸੇ ਹੀ ਮਹਾਨ ਸਵੀਕਾਰ ਕੀਤੀ ਜਾਂਦੀ ਹੈ । ਇਸ ਦਾ ਕਾਰਨ ਵੀ ਕਿ ਇਨ੍ਹਾਂ ਨੇ ਆਪਣੀਆਂ ਰਚਨਾਵਾਂ ਦੇ ਵਿਸ਼ਿਆਂ ਦਾ ਘੇਰਾ ਪਹਿਲੀ ਵਾਰ ਵਿਸ਼ਾਲ ਕੀਤਾ ਹੈ । ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਰਾਜਨੀਤਕ, ਸਮਾਜਿਕ, ਸਾਹਿਤਕ ਤੇ ਪਿਆਰ ਵਰਗੇ ਸੂਖਮ ਵਿਸ਼ਿਆਂ ਤੇ ਖੁੱਲ੍ਹ ਦਿਲੀ ਨਾਲ ਲਿਖਿਆ । ਜੋ ਕਿ ਆਉਣ ਵਾਲੀ ਕੌਮ ਦਾ ਵੀ ਰਾਹ ਰੌਸ਼ਨ ਕਰਦੇ ਹਨ ।

ਇਸੇ ਤਰ੍ਹਾਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਇਸਤਰੀ ਬਾਰੇ ਸੰਕਲਪ ਵੀ ਵਧੇਰੇ ਸੰਪੂਰਣ ਅਤੇ ਆਦਰਸ਼ਕ ਹੋ ਨਿਬੜਿਆ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਪਣੀਆਂ ਰਚਨਾਵਾਂ ਦੇ ਕਿਸੇ ਵੀ ਅਧਿਆਤਮਕ, ਆਦਰਸ਼ਵਾਦੀ, ਮਾਨਵਤਾਵਾਦੀ, ਮਹਾਂ-ਪੁਰਖਾਂ ਦੀਆਂ ਜੀਵਨੀਆਂ ਆਦਿ ਕਿਸੇ ਵੀ ਪੱਖ ਨੂੰ ਪੇਸ਼ ਕਰਨ ਮੁੱਖ ਰੂਪ ਵਿਚ ਆਪਣੀਆਂ ਰਚਨਾਵਾਂ ਰਾਹੀਂ ਮਨੁੱਖ ਨੂੰ ਉਚਾ ਤੇ ਸੁੱਚਾ ਵੇਖਣਾ ਚਾਹੁੰਦੇ ਹਨ । ਇਸੇ ਪੱਖ ਦੀ ਮਹਾਨਤਾ ਵਜੋਂ ਹੀ ਇਨ੍ਹਾਂ ਦੋਵੇਂ ਲੇਖਕਾਂ ਦੇ ਜੀਵਨ - ਦਰਸ਼ਨ ਦੀ ਮਹਾਨਤਾ ਨੂੰ ਵੀ ਪੇਸ਼ ਕੀਤਾ ਗਿਆ ਹੈ, ਜੋ ਇਸ ਪ੍ਰਕਾਰ ਹੈ ।

## ਜੀਵਨ - ਦਰਸ਼ਨ :-

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਦਾਰਸ਼ਨਿਕ ਵਿਚਾਰਾਂ ਜਿਨ੍ਹਾਂ ਵਿਚ ਸ੍ਰਿਸ਼ਟੀ, ਪਰਮਾਤਮਾ, ਜੀਵ ਆਤਮਾ, ਜੀਵ - ਜਗਤ, ਅਗਾਧ ਤੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਵਖਰੇ ਦ੍ਰਿਸ਼ਟੀਕੋਨ ਤੋਂ ਚਿਤਰ ਕੇ ਮਨੁੱਖ ਦੀ ਰੂਹ ਦੇ ਸਖਣੇਪਨ ਨੂੰ ਸੰਪੂਰਨਤਾ ਵਿਚ ਤਬਦੀਲ ਕਰਦਿਆਂ ਨਵੇਂ ਆਦਰਸ਼ਕ ਸਮਾਜ ਦਾ ਸੰਕਲਪ ਪੇਸ਼ ਕੀਤਾ ਗਿਆ ਹੈ । ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦੇ ਆਧਾਰ ਤੇ ਵਿਸਤ੍ਰਿਤ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਪ੍ਰਾਪਤ ਹੋਇਆ ਹੈ, ਕਿ ਆਦਰਸ਼ਕ ਮਨੁੱਖ ਤੇ ਸਮਾਜ ਦਾ ਬਿੰਬ ਜੋ ਉਨ੍ਹਾਂ ਦੀ ਪ੍ਰਤਿਭਾ ਵਿਚ ਸਮਾਇਆ ਹੋਇਆ ਹੈ, ਉਸ ਦਾ ਸਫਲ ਪ੍ਰਗਟਾਵਾ ਉਨ੍ਹਾਂ ਦੀਆਂ ਰਚਨਾਵਾਂ ਵਿਚ ਥਾਂ ਥਾਂ ਹੋਇਆ ਮਿਲਦਾ ਹੈ ਤੇ ਉਹ ਬਿੰਬ ਜਮਹੂਰੀ ਸਮਾਜ ਤੇ ਸੁਤੰਤਰ ਮਨੁੱਖ ਦਾ ਬਹੁਤ ਉਚੇਰਾ ਰੂਪ ਹੈ ।

ਮੁੱਖ ਰੂਪ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਗੁਰਮਤਿ ਦੀ ਵਿਚਾਰਧਾਰਾ ਨੂੰ ਸਵੀਕਾਰ ਕਰਦਿਆਂ ਇਸ ਨੂੰ ਆਪਣੀ ਜੀਵਨ - ਦ੍ਰਿਸ਼ਟੀ ਬਣਾਇਆ । ਇਸ ਤਰ੍ਹਾਂ ਇਨ੍ਹਾਂ ਦੋਵੇਂ ਲੇਖਕਾਂ ਦੇ ਜੀਵਨ ਦਰਸ਼ਨ ਦਾ ਆਧਾਰ ਗੁਰਮਤਿ ਦਰਸ਼ਨ ਹੀ ਹੈ । ਇਹ ਭਾਰਤੀ ਦਰਸ਼ਨ ਦਾ ਹੀ ਇਕ ਵਿਕਸਤ ਅਤੇ ਨਵਾਂ ਰੂਪ ਹੈ । ਜਿਸ ਦੇ ਕਲੇਵਰ ਵਿਚ ਵਿਸ਼ਵ ਦੇ ਵਿਭਿੰਨ ਦਰਸ਼ਨਾਂ ਦੇ ਜੀਵਨ ਵਿਕਾਸ ਲਈ ਉਪਯੋਗੀ ਜੀਵਨ ਤੱਤਾਂ ਦਾ ਸੰਯੋਗ ਮਿਲਦਾ ਹੈ ।

ਉਪਰੋਕਤ ਵਿਚਾਰਾਂ ਨੂੰ ਪੇਸ਼ ਕਰਨ ਲਈ ਜਿਸ ਪ੍ਰਕਾਰ ਦੀ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ, ਉਸ ਦਾ ਅਧਿਐਨ ਵੀ ਜ਼ਰੂਰੀ ਹੈ ।

## ਸ਼ੈਲੀ - ਪੱਖ :-

" ਸ਼ੈਲੀ " ਸ਼ਬਦ ਦਾ ਸੰਬੰਧ ਵਿਅਕਤੀ ਦੀਆਂ ਵੱਖ ਵੱਖ ਵਿਸ਼ੇਸ਼ਤਾਵਾਂ ਨਾਲ ਹੈ । ਪਰ ਸ਼ੈਲੀ ਸ਼ਬਦ ਵਿਅਕਤੀ ਦੀਆਂ ਵਿਅਕਤਿਕ ਵਿਸ਼ੇਸ਼ਤਾਵਾਂ ਦੀ ਥਾਂ ਉਸ ਦੇ ਭਾਵ ਵਿਚਾਰ ਅਤੇ ਲਿਖਣ ਢੰਗ ਨਾਲ ਜ਼ਿਆਦਾ ਸੰਬੰਧਿਤ ਹੈ । ਆਧੁਨਿਕ ਸਮੇਂ ਵਿਚ ਸ਼ੈਲੀ ਸ਼ਬਦ ਦਾ ਪ੍ਰਯੋਗ ਅੰਗਰੇਜ਼ੀ ਪਦ ' ਸਟਾਈਲ ' ਦੇ ਸ਼ਬਦਾਂ ਵਿਚ ਕੀਤਾ ਜਾਂਦਾ ਹੈ । ਜਿਹੜਾ ਕਿ ਗ੍ਰੀਕ ਦੇ ' ਸਟਾਈਲ ' ਨਾਲ ਸੰਬੰਧਿਤ ਹੈ । ਸਟਾਈਲ ਦਾ ਮੂਲ ਅਰਥ ਲੋਹ ਲੇਖਣੀ ਜਾਂ ਲੋਹੇ ਦੀ ਨੋਕਦਾਰ ਕਲਮ ਸੀ । ਪਰ ਬਾਅਦ ਵਿਚ ਅਭਿਵਿਅਕਤੀ ਦਾ ਪ੍ਰਤੀਕ ਬਣਕੇ ਸ਼ੈਲੀ ਸ਼ਬਦ ਲਈ ਵਰਤਿਆ ਜਾਣ ਲੱਗ ਪਿਆ " ਸ਼ੈਲੀ " ਦੀ ਵਿਆਖਿਆ ਕਰਦੇ ਹੋਏ ਕੁਝ ਲੇਖਕਾਂ ਨੇ ਵਿਚਾਰਾਂ ਤੇ ਭਾਵਾਂ ਨੂੰ ਮੁੱਖ ਰੱਖਿਆ ਹੈ । ਪਰ ਮੂਲ ਰੂਪ ਵਿਚ ਲੇਖਕ ਦਾ ਵਿਅਕਤਿਤਵ, ਉਸ ਦਾ ਵਿਸ਼ਾ-ਵਸਤੂ, ਭਾਵ ਵਿਚਾਰ ਭਾਸ਼ਾ ਤਥਾ ਸ਼ੈਲੀ ਆਦਿ ਗੁਣ ਇਕ ਦੂਜੇ ਤੇ ਨਿਰਭਰ ਹਨ । ਭਾਵ ਅਤੇ ਵਿਚਾਰ ਸ਼ੈਲੀ ਦੀ ਆਤਮਾ ਸਮਾਨ ਹਨ । ਇਹ ਸ਼ੈਲੀ ਦਾ ਅੰਤਰਮੁਖੀ ਅੰਗ ਹੈ, ਭਾਸ਼ਾ ਸ਼ੈਲੀ ਦਾ ਬਾਹਰਮੁਖੀ ਅੰਗ ਹੈ । ਉਹ ਸਾਰੀਆਂ ਗੱਲਾਂ ਜਿਹੜੀਆਂ ਲੇਖਕ ਦੀ ਕਿਸੇ ਵੀ ਵਿਚਾਰਧਾਰਾ ਨੂੰ ਸਫਲਤਾ ਪ੍ਰਦਾਨ ਕਰਦੀਆਂ ਹਨ ਅਤੇ ਉਸ ਦਾ ਲੋੜੀਂਦਾ ਪ੍ਰਭਾਵ ਪੈਦਾ ਕਰਨ ਵਿਚ ਸਫਲ ਹੁੰਦੀਆਂ ਹਨ ਨੂੰ ਸ਼ੈਲੀ ਮੰਨਿਆ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦਾ ਸ਼ੈਲੀਗਤ ਅਧਿਐਨ ਕਰਨ ਲਈ ਇਨ੍ਹਾਂ ਵਿਚਾਰਾਂ ਨੂੰ ਮੁੱਖ ਰੱਖਿਆ ਗਿਆ ਹੈ ।

ਸ਼ੈਲੀ ਬਾਰੇ ਇਹ ਵੀ ਮਸ਼ਹੂਰ ਹੈ ਕਿ ਸ਼ੈਲੀ ਵਿਚ ਕਿਸੇ ਲੇਖਕ ਦੀ ਸ਼ਖ਼ਸੀਅਤ ਸਮਾਈ ਹੋਈ ਮਿਲਦੀ ਹੈ । ਇਹ ਗੱਲ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਤੇ ਵੀ ਐਨ ਲਾਗੂ ਹੁੰਦੀ ਹੈ ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਬਹੁਤ ਥਾਂ ਤੇ ਕਿਸੇ ਵਿਚਾਰ ਨੂੰ ਕੇਂਦਰ ਕਰਕੇ ਪਾਠਕ ਨੂੰ ਸਿੱਧਾ ਸੰਬੋਧਨ ਵੀ ਕੀਤਾ ਗਿਆ ਹੈ । ਕਿਸੇ ਵਿਚਾਰ ਨੂੰ ਕੇਂਦਰ ਰੱਖਕੇ ਸਾਖੀਆਂ ਦਲੀਲਾਂ ਤੇ ਉਦਾਹਰਣਾਂ ਉਸ ਵਿਚਾਰ ਨੂੰ ਸਿੱਧ ਕਰਨ ਲਈ ਵਰਤੀਆਂ ਹਨ, ਤੇ ਪਾਠਕ ਨੂੰ ਉਸ ਨਾਲ ਸਹਿਮਤ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ । ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਕਈ ਜਗ੍ਹਾ ਤੇ ਆਪਣੀ ਸ਼ੈਲੀ ਰਾਹੀਂ ਸਿੱਧਾ ਸੰਬੋਧਿਤ ਹੋ ਕੇ ਸਾਂਝ ਪਾਉਣ ਦੀ ਥਾਂ ਤੇ ਸਿਰਫ਼ ਇਕ ਪਾਤਰ ਵਾਂਗ ਹੀ ਵਿਦਮਾਨ ਹੁੰਦੇ ਹਨ । ਅਸਲ ਵਿਚ ਇਸ ਤਰ੍ਹਾਂ ਕਰਕੇ ਇਹ ਲੇਖਕ ਪਾਠਕ ਨੂੰ ਚੰਗਾ ਤੇ ਨੇਕ ਮਨੁੱਖ ਬਣਨ ਲਈ ਪ੍ਰੇਰਨਾ ਪ੍ਰੋਖ ਰੂਪ ਵਿਚ ਕਰਦੇ ਹਨ । ਭਾਈ ਵੀਰ ਸਿੰਘ ਦੀ ਭਾਸ਼ਾ ਵਿਚ ਠੇਠ, ਸਰਲਤਾ ਤੇ ਸਪਸ਼ਟਤਾ ਪਾਈ ਜਾਂਦੀ ਹੈ । ਭਾਈ ਵੀਰ ਸਿੰਘ ਨੇ ਭਾਸ਼ਾ ਠੇਠ ਤੇ ਟਕਸਾਲੀ ਵਰਤੀ ਹੈ । ਪੰਜਾਬੀ ਮੁਹਾਵਰੇ ਨੂੰ ਮੁੱਖ ਰੱਖਿਆ ਹੈ । ਮੁਹਾਵਰਿਆਂ ਦੀ ਵਰਤੋਂ ਬਹੁਤੇ ਨੂੰ ਥੋੜ੍ਹੇ ਵਿਚ ਕਹਿਣ ਲਈ ਕੀਤੀ ਹੈ । ਜਿਸ ਵਿਚ ਸੰਜਮਤਾ ਵਾਲਾ ਗੁਣ ਪੈਦਾ ਹੋਇਆ ਹੈ । ਵਰਤੀਆਂ ਅਖਾਉਤਾਂ ਵੀ ਠੇਠ ਪੰਜਾਬੀ ਦੀਆਂ ਹਨ । ਸ਼ਬਦ ਚੋਣ, ਸ਼ਬਦ ਸਿਰਜਣਾ ਅਤੇ ਉਨ੍ਹਾਂ ਦੀ ਵਰਤੋਂ ਬਹੁਤ ਸੁੰਦਰ ਹੈ । ਦੂਸਰੀਆਂ ਭਾਸ਼ਾਵਾਂ ਦੇ ਉਹ ਸ਼ਬਦ ਵੀ ਵੇਖਣ ਨੂੰ ਮਿਲਦੇ ਹਨ, ਜਿਹੜੇ ਕਿ ਪੰਜਾਬੀ ਪੇਂਡੂ ਜੀਵਨ ਵਿਚ ਆਮ ਵਰਤੇ ਜਾਂਦੇ ਹਨ । ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਵਿਆਕਰਣਕ ਪੱਖੋਂ ਵੀ ਵਾਕ ਬਣਤਰ, ਪੈਰ੍ਹਾ ਵੰਡ, ਸ਼ਬਦ ਜੋੜ, ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਲਮਈ ਢੰਗ ਨਾਲ ਕੀਤੀ ਗਈ ਹੈ । ਪਰ ਭਾਈ ਵੀਰ ਸਿੰਘ ਦੇ ਮੁਕਾਬਲੇ ਪ੍ਰੋ. ਪੂਰਨ ਸਿੰਘ ਦੀ ਸ਼ੈਲੀ ਅਸਪਸ਼ਟ ਹੈ ਅਤੇ ਉਸ ਵਿਚ ਠੇਠ ਪੰਜਾਬੀ ਦੀ ਵਰਤੋਂ ਨਹੀਂ ਹੋਈ ਮਿਲਦੀ । ਸਗੋਂ ਆਪ ਦੀ ਭਾਸ਼ਾ ਤਾਂ ਕਈ ਹੋਰ ਭਾਸ਼ਾਵਾਂ ਦਾ ਮਿਸ਼ਰਤ ਜਿਹਾ ਰੂਪ ਹੈ । ਦੋਵਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਅਲੰਕਾਰਾਂ ਦੀ ਵਰਤੋਂ ਵੀ ਕਿਤੇ ਕਿਤੇ ਕੀਤੀ ਗਈ ਹੈ ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਅਸ਼ੋਕ, ਸ. ਸ. — ਭਾਈ ਵੀਰ ਸਿੰਘ ਦਾ ਜੀਵਨ
ਲਿਖਾਰੀ ਬੁੱਕ ਡਿਪੂ, ਅੰਮ੍ਰਿਤਸਰ, 1946

ਸੇਖੋਂ, ਸੰਤ ਸਿੰਘ — ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ
ਲਾਹੌਰ ਬੁੱਕ ਸ਼ਾਪ, ਲੁਧਿਆਣਾ, 1961

ਸਿੰਗਲ, ਧਰਮਪਾਲ — ਵਾਰਤਕ ਸ਼ੈਲੀ
ਭਾਸ਼ਾ ਵਿਭਾਗ, ਪਟਿਆਲਾ, 1975

ਸੀਤਲ, ਜੀਤ ਸਿੰਘ — ਵਾਰਤਕ ਤੇ ਵਾਰਤਕ ਸ਼ੈਲੀ
ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ,
ਮਿਤੀ ਰਹਿਤ ।

ਹਰਚਰਨ ਸਿੰਘ — ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ
ਪੈਪਸੂ ਬੁੱਕ ਡਿਪੂ, ਪਟਿਆਲਾ, 1972

——— — ਭਾਈ ਵੀਰ ਸਿੰਘ ਸਰਬ ਪੱਖੀ ਅਧਿਐਨ
ਪੈਪਸੂ ਬੁੱਕ ਡਿਪੂ, ਪਟਿਆਲਾ, 1975

ਕਸੇਲ, ਕਿਰਪਾਲ ਸਿੰਘ — ***ਆਧੁਨਿਕ ਰੰਗਕਾਵ***
ਕੁਲਦੀਪ ਪ੍ਰੈਸ, ਅੰਮ੍ਰਿਤਸਰ, 1955

ਕਸੇਲ, ਕਿਰਪਾਲ ਸਿੰਘ ਅਤੇ ਪਰਮਿੰਦਰ ਸਿੰਘ — ***ਸਾਹਿਤ ਦੇ ਰੂਪ***
ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957

______ — ***ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ***
ਸਾਹਿਤ ਸੰਗਮ, ਲੁਧਿਆਣਾ, 1969

ਕਸੇਲ, ਕਿਰਪਾਲ ਸਿੰਘ — ***ਪੂਰਨ ਸਿੰਘ***
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਕੋਹਲੀ, ਸੁਰਿੰਦਰ ਸਿੰਘ — ***ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ***
ਲਾਹੌਰ ਬੁੱਕ ਸ਼ਾਪ, ਲੁਧਿਆਣਾ, 1949

ਗੁਰਚਰਨ ਸਿੰਘ — ***ਸਾਹਿਤ ਦੀ ਰੂਪ ਰੇਖਾ***
ਨਿਊ ਬੁੱਕ ਕੰਪਨੀ, ਜਲੰਧਰ, 1971

ਜੱਗੀ, ਰਤਨ ਸਿੰਘ — ***ਸਾਹਿਤ ਸੋਰਭ***
ਮਦਾਨ ਪਬਲਿਸ਼ਰਜ਼, ਪਟਿਆਲਾ, 1966

——————(ਮੁੱਖ ਸੰਪ.) — ***ਖੋਜ - ਪਤ੍ਰਿਕਾ ਅੰਕ***, 17 ਮਾਰਚ 1981
ਪੂਰਨ ਸਿੰਘ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ ।

ਤੇਜਾ ਸਿੰਘ — ਪੰਜਾਬੀ ਕਿਵੇਂ ਲਿਖੀਏ
ਲਿਊ ਬੁੱਕ ਕੰਪਨੀ, ਜਲੰਧਰ, 1971

——— ਸਾਹਿਤ ਦਰਸ਼ਨ
ਪ੍ਰਕਾਸ਼ ਪੁਸਤਕਮਾਲਾ, ਪਟਿਆਲਾ, 1952

ਨਾਭਾ, ਕਾਨ੍ਹ ਸਿੰਘ — ਗੁਰਸ਼ਬਦ ਰਤਨਾਕਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1959

ਨਰੇਸ਼ — ਗ਼ਜ਼ਲ ਦਾ ਰਚਨਾ ਵਿਧਾਨ
ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ
ਚੰਡੀਗੜ੍ਹ , 1983

ਨਰੂਲਾ, ਸੁਰਿੰਦਰ ਸਿੰਘ — ਭਾਈ ਵੀਰ ਸਿੰਘ : ਇਕ ਸਾਹਿਤਕ ਅਧਿਐਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਪੂਰਨ ਸਿੰਘ — ਖੁੱਲ੍ਹੇ ਲੇਖ
ਲਾਹੌਰ ਬੁੱਕ ਸ਼ਾਪ, ਲੁਧਿਆਣਾ, 1977

——— ਜ਼ਿੰਦਗੀ ਦੇ ਰਾਹਾਂ ਤੇ
(ਅਨੁ. ਗੁਰਬਖਸ਼ ਸਿੰਘ ਪ੍ਰੀਤਲੜੀ )
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978

ਪੂਰਨ ਸਿੰਘ — ਖੁੱਲ੍ਹੇ ਘੁੰਡ
ਲਾਹੌਰ ਬੁੱਕ ਸ਼ਾਪ, ਲੁਧਿਆਣਾ, 1972

ਪਿਆਰਾ ਸਿੰਘ — ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

——— ਸਾਹਿਤ ਪਰਿਚਯ
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964

ਪੰਜਾਬੀ ਸਾਹਿਤ ਦਾ ਇਤਿਹਾਸ — ਪਟਿਆਲਾ, ਭਾਸ਼ਾ ਵਿਭਾਗ, 1971

ਬੇਦੀ, ਤਰਲੋਚਨ ਸਿੰਘ — ਪ੍ਰਮੁੱਖ ਵਾਰਤਕ ਲਿਖਾਰੀ
ਪੰਜਾਬ ਪਬਲਿਸ਼ਰਜ਼, ਮਿਤੀ ਰਹਿਤ, ਪਟਿਆਲਾ ।

——— ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ
ਅਰਸ਼ੀ ਪ੍ਰਿੰਟਿੰਗ ਪ੍ਰੈਸ, ਜਲੰਧਰ, 1972

ਭੋਗਲ, ਪਿਆਰਾ ਸਿੰਘ — ਸਾਹਿਤ ਨਿਬੰਧ
ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1970

ਮਨਮੋਹਨ ਸਿੰਘ — ਗੁਰੂ ਨਾਨਕ ਅਤੇ ਭਗਤੀ ਅੰਦੋਲਨ
ਮਨਦੀਪ ਪਬਲਿਸ਼ਰਜ਼, ਦਿੱਲੀ, 1970

ਰੰਧਾਵਾ, ਮਹਿੰਦਰ ਸਿੰਘ (ਸੰਪਾ.) — ਪੂਰਨ ਸਿੰਘ ਦੀ ਵਾਰਤਕ
ਸਾਹਿਤ ਅਕਾਦਮੀ, ਨਵੀਂ ਦਿੱਲੀ, 1967

ਵੀਰ ਸਿੰਘ, ਭਾਈ — ਅਸ਼ਟ ਗੁਰ ਚਮਤਕਾਰ
ਖਾਲਸਾ ਸਮਾਚਾਰ, ਅੰਮ੍ਰਿਤਸਰ, 1967

——— ਗੁਰੂ ਨਾਨਕ ਚਮਤਕਾਰ
ਖਾਲਸਾ ਸਮਾਚਾਰ, ਅੰਮ੍ਰਿਤਸਰ, 1961

——— ਸਤਵੰਤ ਕੌਰ ਦੀ ਜੀਵਨ ਵਿਥਿਆ
ਸੰਤ ਗਾਥਾ, ਖਾਲਸਾ ਸਮਾਚਾਰ, ਅੰਮ੍ਰਿਤਸਰ, 1952

——— ਕਲਗੀਧਰ ਚਮਤਕਾਰ
ਖਾਲਸਾ ਸਮਾਚਾਰ, ਅੰਮ੍ਰਿਤਸਰ, 1958

——— ਸੁੰਦਰੀ
ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1958

——— ਬਿਜੈ ਸਿੰਘ
ਖਾਲਸਾ ਸਮਾਚਾਰ, ਅੰਮ੍ਰਿਤਸਰ, 1957

——— ਬਾਬਾ ਨੌਧ ਸਿੰਘ
ਖਾਲਸਾ ਸਮਾਚਾਰ, ਅੰਮ੍ਰਿਤਸਰ, 1958

## ਮਾਸਿਕ ਪੱਤਰ


ਸਾਹਿਤ ਸਮਾਚਾਰ, ਪੂਰਨ ਸਿੰਘ ਅੰਕ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1981

ਭਾਈ ਵੀਰ ਸਿੰਘ ਅੰਕ, ਭਾਸ਼ਾ ਵਿਭਾਗ, ਪਟਿਆਲਾ, 1972

ਭਾਈ ਵੀਰ ਸਿੰਘ ਅੰਕ, ਸਾਹਿਤ ਸਮਾਚਾਰ, ਲੁਧਿਆਣਾ, 1957

ਪੰਜਾਬੀ ਦੁਨੀਆਂ ਅੰਕ, ਭਾਸ਼ਾ ਵਿਭਾਗ, 1958.


**

**English Books**

Bright Edger — ' An Introduction of Philosophy '
New York, Holt, 1963

Chrasm Jacques — Death and Western thought, Macstin
London, 1946

Daiches David — Critical approach to literature
New York, 1956

Encyclopedia of Religion and Ethics, Vol-III
New York, 1917

Ganda Singh — The Punjab Past and Present
Punjabi University, Patiala, 1967

Guleria, J.S — Bhai Vir Singh : A literary Portrait
National Book Shop, Delhi ,1985

Hegal — Philosophy of Religion, Mcastin
London, 1964

Hudson Willim Eenery — An introduction to the study of Literature.
Kalyani, Ludhiana, 1976

James. R.A.Scoot — Making of Literature
Martin Seeker and Wating Ltd,
London, 1946

Krishna Radha — Indian Philosophy
Vakas, Delhi, 1952

Mukarji Radha Kamal — Theory and Art of Mysticism
Bombay, Asia, 1964

Narang, K.C — Real Hinduism,
Delhi, Kapu, 1969

Scoot R.A. and James — The making of literature
London, 1953

Swammi Vivekanand — Essential of Hinduism
Calcutta, 1963

<u>हिन्दी पुस्तकें</u>

| | | |
|---|---|---|
| चतुर्वेदी, सीता राम | <u>द्विवेदी युग की हिन्दी शैलीओं</u> | |
| | लखनऊ हिन्दी विभाग, विश्व, तिथि रहित । | |
| गंगा, दक्ष सिंह | <u>द्विवेदी युगीन हिन्दी निबन्ध</u> | |
| | लखनऊ, हिन्दी विभाग, 1965 | |
| श्याम, सुन्दर दास | <u>गद्य कुसमावलन</u> | |
| | आगरा, साहित्य रत्न भंडार, 1955 | |
| जार्ज, जकेर पी | <u>आधुनिक गद्य और गद्यकार</u> | |
| | कानपुर, प्रधन, 1966 | |
| वेद व्यास | <u>गीता</u> | |
| | कानपुर, राम कृष्ण आश्रम, 1946 | |
| टंडन, प्रेम नारायण | <u>साहित्य रहस्य और समस्यें</u> | |
| | लखनऊ, हिन्दी साहित्य भंडार, 1963 | |
| तिलक, बालगंगाधर | <u>गीता रहस्य</u> | |
| | दिल्ली, आत्मा राम एण्ड सन्स, 1950 | |
| नगेंद्र | <u>पश्चात्य काव्य शर्त की परंपरा</u> | |
| | होशियार पुर, प्रतिमा, 1974 | |